ਸਿੱਖ ਇਤਿਹਾਸ

Vol 1&2



ਮੈਕਸ ਆਰਥਰ ਮੈਕਾਲਿਫ

Lives of Shri Guru Nanak Dev Ji to Guru Arjan Dev Ji

By

Max Arthur Macauliffe

Translated By Ajaib Singh

Revised by Dr. G.S. Aulakh

81-7647-100-3

2010

ਮੁੱਲ : 275/- ਰੁਪਏ

ਪ੍ਰਕਾਸ਼ਕ : ਤੇਜਿੰਦਰ ਬੀਰ ਸਿੰਘ, ਲਾਹੌਰ ਬੁੱਕ ਸ਼ਾਪ
2-ਲਾਜਪਤ ਰਾਏ ਮਾਰਕੀਟ, ਨੇੜੇ ਸੁਸਾਇਟੀ ਸਿਨੇਮਾ,
ਲੁਧਿਆਣਾ। ਫੋਨ—740738

ਲੇਜਰ ਸੈਟਿੰਗ : ਲਿਟਲ ਗ੍ਰਾਫਿਕਸ, ਕੋਟ ਕਿਸ਼ਨ ਚੰਦ, ਜਲੰਧਰ।

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ।

ਤਤਕਰਾ

(ਅ) ਆਦਿਕਾ 17

(ਏ) ਮੈਕਾਲਿਫ਼ ਸਾਹਿਬ ਬਾਰੇ 40

ਜੀਵਨ ਬ੍ਰਿਤਾਂਤ ਸ਼੍ਰੀ ਗੁਰੂ ਨਾਨਕ ਦੇਵ ਜੀ 43–60

ਕਾਂਡ ਪਹਿਲਾ

ਜਨਮ 43

ਬਾਲ ਲੀਲਾ 44

ਪੜ੍ਹਨ ਪਾਉਣਾ 44

ਮੱਝਾਂ ਚਾਰਨੀਆਂ 51

ਜਨੇਊ ਪਾਉਣ ਦੀ ਸਾਖੀ 51

ਬੀਬੀ ਨਾਨਕੀ ਦਾ ਵਿਆਹ 53

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ 53

ਸੱਪ ਤੇ ਬ੍ਰਿੱਛ ਛਾਇਆ ਦੀ ਸਾਖੀ 53

ਮਾਤਾ ਜੀ ਦਾ ਗੁਰੂ ਨਾਨਕ ਦੇਵ ਜੀ ਨੂੰ ਸਮਝਾਉਣਾ 58

ਚਾਚੇ ਲਾਲੂ ਨੇ ਗੁਰੂ ਜੀ ਨੂੰ ਸਮਝਾਉਣਾ 58

ਵੈਦ ਜੀ ਨੂੰ ਬੁਲਾਉਣਾ 59

ਗੁਰੂ ਨਾਨਕ ਦੇਵ ਜੀ ਦਾ ਗ੍ਰਿਹਸਤੀ ਜੀਵਨ 60

ਕਾਂਡ ਦੂਜਾ 61–70

ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਮੁੱਢਲਾ ਜੀਵਨ 61

ਸੱਚੇ ਸੌਦੇ ਦੀ ਸਾਖੀ 61

ਗੁਰੂ ਜੀ ਦਾ ਦਰਖਤ ਦੇ ਥੱਲੇ ਬੈਠੇ ਰਹਿਣਾ 62

ਭੈਣ ਨਾਨਕੀ ਜੀ ਕੋਲ ਸੁਲਤਾਨਪੁਰ ਜਾਣਾ 62

ਮੋਦੀ ਖਾਨੇ ਦੀ ਸਾਖੀ 64

ਮਰਦਾਨੇ ਦਾ ਸੁਲਤਾਨਪੁਰ 'ਚ ਆਉਣਾ 64

ਵੇਈ ਨਦੀ ਵਿੱਚ ਇਸ਼ਨਾਨ ਕਰਨਾ 64

ਤਿਆਗ 66

ਗੁਰੂ ਜੀ ਤੋਂ ਭੂਤਾਂ ਪ੍ਰੇਤਾਂ ਦਾ ਸ਼ੱਕ 66

ਗੁਰੂ ਜੀ ਦਾ ਪਹਿਲਾ ਫੈਸਲਾ ਅਤੇ ਕਾਜੀ ਦੀ ਘਬਰਾਹਟ 67

ਨਾ ਕੋਈ ਹਿੰਦੂ ਨਾ ਮੁਸਲਮਾਨ 67
ਨਵਾਬ ਅਤੇ ਕਾਜ਼ੀ ਦੀ ਨਮਾਜ਼ 69
ਗੁਰੂ ਜੀ ਤੇ ਮੁਸਲਮਾਨਾਂ ਅਤੇ ਫਕੀਰਾਂ ਦੀ ਸ਼ਰਧਾ 69

ਕਾਂਡ ਤੀਜਾ 71-90

ਗੁਰੂ ਜੀ ਦਾ ਏਮਨਾਬਾਦ ਵਿੱਚ ਭਾਈ ਲਾਲੋ ਨੂੰ ਜਾਕੇ ਮਿਲਣਾ 71
ਮਲਕ ਭਾਗੋ ਦਾ ਯੱਗ 71
ਪੂਜਾ ਦਾ ਧਾਨ 72
ਸੱਜਣ ਠੱਗ ਦੀ ਸਾਖੀ 73
ਹਰਦੁਵਾਰ ਦੀ ਸਾਖੀ 76
ਇੱਕ ਪੰਡਤ ਦਾ ਚੌਂਕਾ ਭਿਟਣਾ 77
ਪਾਨੀਪਤ 'ਚ ਸ਼ੇਖ ਸ਼ਰਫ ਦੇ ਮੁਰੀਦ ਨਾਲ 78
ਦਿੱਲੀ 'ਚ ਇਬਰਾਹੀਮ ਲੋਧੀ ਨਾਲ 80
ਬਿੰਦਰਾਬਨ ਵਿੱਚ 81
ਗੋਰਖ ਮਤੇ ਦੀ ਸਾਖੀ 82
ਗਇਆ ਜਾਣ ਦੀ ਸਾਖੀ 85
ਵਣਜਾਰੇ ਦੀ ਸਾਖੀ 86
ਛੋਲਿਆਂ ਦੇ ਰਖਵਾਲੇ ਨੂੰ ਉਪਦੇਸ਼ ਦੇਣਾ 87
ਬੁਰੇ ਭਲੇ ਕਰਮਾਂ ਦਾ ਫਲ 87
ਠੱਗਾਂ ਦਾ ਸੁਧਾਰ 89

ਕਾਂਡ ਚੌਥਾ 91-98

ਕਾਮ ਰੂਪ ਦੇ ਦੇਸ਼ ਦੀ ਯਾਤਰਾ
ਨੂਰ ਸ਼ਾਹ ਨੂੰ ਉਪਦੇਸ਼ ਦੇਣਾ! 91
ਕਲਜੁਗ ਦੀ ਸਾਖੀ 94
ਬੁਰਿਆਰਾਂ ਦੇ ਪਿੰਡ ਵਿੱਚ 96
ਪਿੰਡ ਦੇ ਚੰਗੇ ਵਸਨੀਕਾਂ ਦੀ ਸਾਖੀ 96
ਜਗਨ ਨਾਥ ਪੁਰੀ 'ਚ ਆਰਤੀ 97
ਜਗਨਨਾਥ ਵਿਚ ਗੁਰੂ ਜੀ ਦਾ ਇਕ ਬ੍ਰਾਹਮਣ ਨੂੰ ਉਪਦੇਸ਼ 98

ਕਾਂਡ ਪੰਜਵਾਂ 99-105

ਸ਼ੇਖ ਬ੍ਰਹਮ ਨੂੰ ਮਿਲਣਾ ਅਤੇ ਉਸ ਨਾਲ ਗਿਆਨ ਚਰਚਾ 99
ਝੰਡੇ ਦੀ ਸਾਖੀ 103
ਭਿਆਨਕ ਜੰਗਲ ਦੀ ਸਾਖੀ 104

ਕਾਂਡ ਛੇਵਾਂ 106-110

ਘਰ ਨੂੰ ਪਰਤਨਾ ਅਤੇ ਮਰਦਾਨੇ ਦੀ ਭੁੱਖ ਮਿਟਾਈ 106

ਕਾਂਡ ਸੱਤਵਾਂ 111-125

ਪੱਛਮ ਦੀ ਯਾਤਰਾ 111

ਸ਼ੇਖ ਬ੍ਰਹਮ ਨਾਲ ਦੁਬਾਰਾ ਮੁਲਾਕਾਤ 111

ਚੌਅਲੇ ਸਾਹਿਬ ਦੀ ਸਾਖੀ 114

ਇੱਕ ਕੋਹੜੀ ਦੇ ਘਰ ਰੁਕਣਾ 115

ਸੈਦਪੁਰ ਨੂੰ ਦੁਬਾਰਾ ਜਾਣਾ ਅਤੇ ਬਾਬਰ ਨਾਲ ਮੁਲਾਕਾਤ 117

ਬਾਬਰ ਨੇ ਏਮਨਾਬਾਦ ਨੂੰ ਲੁੱਟਣਾ 118

ਕਾਂਡ ਅੱਠਵਾਂ 126-129

ਸਿਆਲਕੋਟ 'ਚ ਭਾਈ ਮੂਲੇ ਦੀ ਸਾਖੀ 126

ਮੀਆਂ ਮਿੱਠੇ ਦੀ ਸਾਖੀ 126

ਕਾਂਡ ਨੌਵਾਂ 130-143

ਦੂਨੀ ਚੰਦ ਦੇ ਪਿਉ ਦਾ ਸਰਾਧ 130

ਕਰਤਾਰਪੁਰ ਦੀ ਰਚਨਾ ਦੀ ਸਾਖੀ 131

ਸੁਚਮ ਭਿੱਟ ਦੀ ਤੇ ਚੌਂਕੇ ਦੀ ਸਾਖੀ 132

ਬਾਬਾ ਬੁੱਢਾ ਜੀ 134

ਕਰਤਾਰਪੁਰ ਦੀ ਰਹੁ-ਰੀਤ 135

ਸੰਤ ਜਨਾਂ ਦੇ ਸ਼ੁਭ ਗੁਣ 136

ਚੁਰਾਸੀ ਕਿਵੇਂ ਕੱਟੀ ਜਾਵੇ 137

ਸਤਿਨਾਮੁ 138

ਤੁਖਾਰੀ ਛੰਤ ਮ:੧ ਬਾਰਹ ਮਾਹਾ 138

ਸ਼ਿਵਨਾਭ ਰਾਜੇ ਦਾ ਸਿੱਖ ਬਣਾ 141

ਕਾਂਡ ਦੱਸਵਾਂ 144-148

ਦਖਣ ਦੀ ਉਦਾਸੀ 144

ਸਰੇਵੜਿਆਂ ਨੂੰ ਉਪਦੇਸ਼ ਦੇਣਾ 145

ਗੁਰੂ ਜੀ ਇਕ ਰਾਕਸ਼ ਦੇ ਦੇਸ਼ ਵਿੱਚ 147

ਪੀਰ ਮਖਦੂਨ ਬਹਾਉਦੀਨ 148

ਸਿਰੀ ਰਾਗ ਅਸ਼ਟਪਦੀਆਂ 148

ਕਾਂਡ ਗਿਆਰਵਾਂ 149-154

ਸੰਗਲਾਦੀਪ 'ਚ ਗੁਰੂ ਜੀ ਦਾ ਪਹੁੰਚਣਾ 149

ਕਾਂਡ ਬਾਹਰਵਾਂ 155-159

ਉਤਰ-ਖੰਡ ਦਾ ਸਫ਼ਰ 155

ਪੰਡਤ ਬ੍ਰਹਮ ਦਾਸ ਨਾਲ ਮੁਲਾਕਾਤ 155

ਸੁਮੇਰ ਪਰਬਤ ਦੀ ਸਾਖੀ 158

ਕਾਂਡ ਤੇਰ੍ਹਵਾਂ 160-168

ਪੰਜਾ ਸਾਹਿਬ ਦੀ ਸਾਖੀ 160

ਗੋਰਖ ਹਟੜੀ ਦੀ ਸਾਖੀ 161

ਮੱਕੇ ਦਾ ਸਫ਼ਰ 162

ਮਦੀਨੇ 'ਚ ਪਹੁੰਚਣਾ 166

ਦੇਸ਼ ਵੱਲ ਵਾਪਸੀ ਅਤੇ ਮੁਲਤਾਨ ਦੇ ਪੀਰਾਂ ਨਾਲ ਮੁਲਾਕਾਤ 166

ਕਰਤਾਰਪੁਰ ਜਾਣਾ 167

ਮਰਦਾਨੇ ਦਾ ਪ੍ਰਲੋਕ ਸੁਧਾਰਨਾ 167

ਕਾਂਡ ਚੌਦਵਾਂ 169-172

ਭਾਈ ਲਹਿਣਾ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ 169

ਸਿੱਖਾਂ ਦਾ ਇਮਤਿਹਾਨ 169

ਮੁਲਤਾਨੀ ਪੀਰ ਦਾ ਗੁਰੂ ਜੀ ਕੋਲ ਆਉਣਾ 172

ਕਾਂਡ ਪੰਦਰਵਾਂ 173-178

ਅੰਗਦ ਜੀ ਨੂੰ ਗੱਦੀ ਸੌਂਪਣਾ ਅਤੇ ਗੁਰੂ ਜੀ ਦਾ ਜੋਤੀ ਜੋਤ ਸਮਾਉਣਾ 173

ਗੁਰੂ ਜੀ ਦਾ ਜੀਵਨ, ਭਾਈ ਗੁਰਦਾਸ ਦੇ ਲਫਜ਼ਾਂ ਵਿੱਚ। 175

ਜੀਵਨ ਕਥਾ ਦੂਸਰੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ

ਕਾਂਡ ਸੋਲ੍ਹਵਾਂ 179-183

ਜਨਮ ਤੇ ਮਾਤਾ ਪਿਤਾ 179

ਖਡੂਰ ਸਾਹਿਬ ਆ ਕੇ ਵਸਣਾ 179

ਭਾਈ ਜੋਧਾ ਜੀ ਨਾਲ ਮੇਲ 180

ਗੁਰੂ ਨਾਨਕ ਜੀ ਨਾਲ ਮੇਲ ਅਤੇ ਸਿੱਖੀ ਧਾਰਨ ਕਰਨੀ 180

ਭਾਈ ਲਹਿਣਾ ਜੀ ਦੀਆਂ ਸੇਵਾਵਾਂ 182

ਕਾਂਡ ਸਤਾਰਵਾਂ 184-189

ਸਿੱਖਾਂ ਦੀ ਪ੍ਰੀਖਿਆ 184

ਹੋਰ ਪ੍ਰੀਖਿਆ 187

ਕਾਂਡ ਅਠਾਰਵਾਂ 190-196

ਗੁਰੂ ਅੰਗਦ ਦੇਵ ਜੀ ਦੀ ਤਪੱਸਿਆ 190

ਬਾਬਾ ਬੁੱਢਾ ਨਾਮ ਕਿਵੇਂ ਪਿਆ ? 191

ਗੁਰੂ ਜੀ ਦੀ ਨਿੱਤ ਕਿਰਿਆ 192

ਗੁਰੂ ਜੀ ਪਾਸ ਜੋਗੀ ਆਏ 193

ਜੋਗੀ ਹਰੀ ਨਾਥ 195

ਭਾਈ ਜੀਵਾ 195

ਗੁੱਜਰ ਲੁਹਾਰ 195

ਭਾਈ ਧੀਂਗਾ 195

ਭਾਈ ਪਾਰੋ ਜੁਲਕਾ 196

ਮੂਲਾ ਸ਼ਾਹ ਸਿਪਾਹੀ 196

ਭਾਈ ਕਿਦਾਰੂ 196

ਕਾਂਡ ਉਨ੍ਹੀਵਾਂ 197-203

ਬਾਦਸ਼ਾਹ ਹੁਮਾਯੂੰ ਦਾ ਆਉਣਾ 197

ਭਾਈ ਮਾਣਾ 198

ਬਲਵੰਡ ਤੇ ਸੱਤਾ ਰਬਾਬੀ 199

ਕਾਂਡ ਵੀਹਵਾਂ 204-212

ਖਹਿਰਿਆਂ ਦੇ ਚੌਧਰੀ ਦੀ ਈਰਖਾ 204

ਹਰੀਕੇ ਵਿੱਚ ਇੱਕ ਚੌਧਰੀ ਦਾ ਸੁਧਾਰ 205

ਅਮਰਦਾਸ ਜੀ ਗੁਰੂ ਦੀ ਭਾਲ ਵਿੱਚ 206

ਗੁਰੂ ਅੰਗਦ ਦੇਵ ਜੀ ਦੇ ਦਰਸ਼ਨ 208

ਗੁਰੂ ਅੰਗਦ ਦੇਵ ਜੀ ਦਾ ਅਮਰਦਾਸ ਜੀ ਨੂੰ ਉਪਦੇਸ਼ 208

ਅਮਰਦਾਸ ਜੀ ਨੂੰ ਸੇਵਾ ਦੀ ਲਗਨ 210

ਅਮਰਦਾਸ ਜੀ ਦੀ ਨਿੱਤ ਕਿਰਿਆ 212

ਕਾਂਡ ਇੱਕੀਵਾਂ 213-217

ਤਪੇ ਦੀ ਈਰਖਾ 213

ਅਮਰਦਾਸ ਜੀ ਦੀ ਨਿਰਮਾਣਤਾ 217

ਕਾਂਡ ਬਾਈਵਾਂ 218-221

ਸੇਵਾ ਤੋਂ ਮੇਵਾ 218

ਨਿਥਾਵਿਆਂ ਤੇ ਨਿਮਾਣਿਆਂ ਦਾ ਮਾਣ 219

ਗੁਰੂ ਅਮਰਦਾਸ ਜੀ ਦਾ ਗੱਦੀ ਤੇ ਬਿਰਾਜਮਾਨ ਹੋਣਾ 220

ਗੁਰੂ ਅੰਗਦ ਦੇਵ ਜੀ ਦਾ ਜੋਤੀ ਜੋਤ ਸਮਾਉਣਾ 220

ਤੀਸਰੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੀ ਜੀਵਨ ਕਥਾ

ਕਾਂਡ ਬਾਈਵਾਂ 222-226

ਜੀਵਨ ਕਥਾ 222

ਜ਼ਾਤ ਪਾਤ ਦਾ ਭਰਮ ਦੂਰ ਕਰਨਾ 223

ਭਾਈ ਸਾਵਣ ਮੱਲ ਦੀ ਸਾਖੀ 224

ਹਰੀਪੁਰ ਦੇ ਰਾਜੇ ਦਾ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣਾ 225

ਭਾਈ ਸੱਚਨ ਸੱਚ ਦੀ ਸਾਖੀ 226

ਕਾਂਡ ਚੌਵੀਵਾਂ 227-233

ਗੁਰੂ ਅਮਰਦਾਸ ਨੂੰ ਦਾਤੂ ਨੇ ਲੱਤ ਮਾਰ ਕੇ ਸਿੰਘਾਸਨ ਤੋਂ ਹੇਠਾਂ ਡੇਗਣਾ 227

ਗੁਰੂ ਜੀ ਦੀ ਭਾਲ ਵਿੱਚ ਬਾਬਾ ਬੁੱਢਾ ਜੀ ਦੀ ਸਿਆਣਪ 229

ਭਾਈ ਪਾਰੋ ਜੀ ਦੀ ਸਾਖੀ 230

ਭਾਈ ਲਾਲੋ ਦੀ ਉਦਾਰਤਾ 230

ਭਾਈ ਮਹੇਸ਼ੇ ਨੂੰ ਮੁਕਤੀ ਦਾਨ 231

ਗੋਇੰਦਵਾਲ ਵਿੱਚ ਮੁਸਲਮਾਨਾਂ ਦਾ ਧੱਕਾ ਤੇ ਸਿੱਖਾਂ ਦਾ ਸਬਰ 231

ਕਾਂਡ ਪੱਚੀਵਾਂ 234-238

ਉਪਦੇਸ਼ 234

ਕਿੰਗਰੀ ਨਾਥ ਜੋਗੀ ਨੂੰ ਉਪਦੇਸ਼ 235

ਚੰਗਾ ਮਹੂਰਤ ਕਿਹੜਾ ਹੈ ? 237

ਕਾਂਡ ਛੱਬੀਵਾਂ 239-241

ਗੁਰੂ ਜੀ ਕਸੂਰ ਨੂੰ ਗਏ 239

ਤੀਏ ਤਾਪ ਦੀ ਸਾਖੀ 239

ਸੂਤਕ ਦੀ ਨਵਿਰਤੀ 240

ਅਲ੍ਹਾਯਾਰ ਗੁਰੂ ਜੀ ਦਾ ਸਿੱਖ ਬਣਿਆ 240

ਕਾਂਡ ਸਤਾਈਵਾਂ 242-249

ਮਾਈ ਪੋਤਰੇ ਕਿਸ ਤਰ੍ਹਾਂ ਬਣੇ 242
ਗੁਰੂ ਜੀ ਨੇ ਮੇਲੇ ਮੁਕਰਰ ਕੀਤੇ 243
ਭਾਈ ਪਾਰੋ ਦਾ ਚਲਾਣਾ 243
ਭਾਈ ਲਾਲੋ ਦੀ ਸੇਵਾ ਅਤੇ ਚਲਾਣਾ 245
ਇਕ ਵਪਾਰੀ ਸਿੱਖ ਨੂੰ ਉਪਦੇਸ਼ 245
ਸੰਤ ਕੌਣ ਹੈ? 246
ਹੋਰ ਸਿੱਖਾਂ ਸੰਗਤਾਂ ਨੂੰ ਉਪਦੇਸ਼ 247

ਕਾਂਡ ਅਠਾਈਵਾਂ 250-255

ਬਾਉਲੀ ਸਾਹਿਬ ਤਿਆਰ ਕਰਨਾ 250
ਜੇਠਾ ਜੀ ਦਾ ਜਨਮ 250
ਜੇਠਾ ਜੀ ਦਾ ਬਚਪਨ 251
ਜੇਠਾ ਜੀ ਦਾ ਗੋਇੰਦਵਾਲ ਜਾਣਾ ਤੇ ਸੰਗਤਾਂ ਦੀ ਸੇਵਾ 251
ਬੀਬੀ ਭਾਨੀ ਜੀ 252
ਬੀਬੀ ਭਾਨੀ ਦੀ ਕੁੜਮਾਈ ਤੇ ਵਿਆਹ 253

ਕਾਂਡ ਉੱਨਤੀਵਾਂ 256-263

ਮਾਈਆ ਬੈਰਾਗੀ 256
ਤਪੇ ਦਾ ਸਾੜਾ ਤੇ ਉਸਦਾ ਅੰਤ 260

ਕਾਂਡ ਤੀਹਵਾਂ 264-268

ਮੋਤੀਆਂ ਦੀ ਮਾਲਾ 264
ਜਾਤ ਅਭਿਮਾਨੀ ਹਿੰਦੂਆਂ ਦੀ ਵਿਰੋਧਤਾ 265
ਅਕਬਰ ਬਾਦਸ਼ਾਹ ਕੋਲ ਪੁਕਾਰ 266

ਕਾਂਡ ਇਕੱਤੀ 269-273

ਜੇਠਾ ਜੀ ਦਾ ਬਾਦਸ਼ਾਹ ਦੀ ਕਚਹਿਰੀ ਵਿੱਚ ਜਾਣਾ 269
ਗੁਰੂ ਅਮਰਦਾਸ ਜੀ ਦੀ ਤੀਰਥ ਯਾਤਰਾ 271

ਕਾਂਡ ਬੱਤੀ 274-287

ਤੀਰਥ ਯਾਤਰਾ 274
ਗੰਗੂ ਸੌਦਾਗਰ ਦੀ ਸਾਖੀ 276
ਇਕ ਜੋਗੀ ਗੁਰੂ ਜੀ ਦੀ ਸ਼ਰਨ ਵਿੱਚ 278
ਆਨੰਦ 279

ਕਾਂਡ ਤੇਤੀ 288-293
ਮਸਤਾਨਾ ਮੋਹਨਾ 288
ਭਾਈ ਮੁਰਾਰੀ ਦੀ ਸਾਖੀ 288
ਦੁਰਗਾ ਭਗਤ ਖੇਡੇ ਦੀ ਸਾਖੀ 291
ਵੇਦਾਚਾਰਯ ਪੰਡਤ ਬੇਣੀ ਜੀ 291
ਕਾਂਡ ਚੌਂਤੀ 294-298
ਭਾਈ ਪ੍ਰੇਮੇ ਦੀ ਸਾਖੀ 294
ਸਿੱਖ ਧਰਮ ਦੇ ਨਿਯਮ 295
ਬਾਲਕ ਅਰਜਨ ਦੇਵ 296
ਲੰਗਰ ਦਾ ਪ੍ਰਸ਼ਾਦਾ 296
ਭਾਈ ਫਿਰਾਇਆ ਤੇ ਕਿਟਾਰਾ ਸਿੱਖ ਬਣੇ 297
ਕਾਂਡ ਪੈਂਤੀ 299-306
ਅੰਮ੍ਰਿਤਸਰ ਵਸਾਉਣਾ 299
ਜੇਠਾ ਜੀ ਤੇ ਰਾਮਾ ਜੀ ਦੀ ਪ੍ਰੀਖਿਆ 300
ਬੀਬੀ ਭਾਨੀ ਜੀ ਨੂੰ ਵਰ 301
ਜੇਠਾ ਜੀ ਦੇ ਸਬੰਧੀ ਗੋਇੰਵਦਾਲ ਆਏ 302
ਗੁਰੂ ਰਾਮਦਾਸ ਜੀ ਨੂੰ ਗੁਰ ਗੱਦੀ ਬਖਸ਼ਣੀ 303
ਕਾਂਡ ਛੱਤੀ 307-309
ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਸਮਾਉਣਾ ਤੇ ਅੰਤਮ ਉਪਦੇਸ਼ 307
ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦੀ ਜੀਵਨ ਕਥਾ
ਕਾਂਡ ਸੈਂਤੀ 310-314
ਬਾਬਾ ਸਿਰੀ ਚੰਦ ਜੀ ਉਦਾਸੀ 313
ਅੰਮ੍ਰਿਤਸਰ ਤਾਲ ਪੁਟਾਉਣਾ 313
ਗੁਰੂ ਰਾਮਦਾਸ ਜੀ ਲਾਹੌਰ ਗਏ 314
ਕਾਂਡ ਅੱਠਤੀ 315-318
ਜੋਗੀਆਂ ਨੂੰ ਉਪਦੇਸ਼ 315
ਬਾਬਾ ਹਿੰਦਾਲ 318
ਕਾਂਡ ਉਨਤਾਲੀ 319-324
ਭਾਈ ਗੁਰਦਾਸ ਜੀ ਦਾ ਆਗਰੇ ਜਾਣਾ 319
ਸਤਵੰਤੀ ਤੇ ਪਿੰਗਲੇ ਦੀ ਸਾਖੀ ਅਤੇ ਅੰਮ੍ਰਿਤ ਸਰੋਵਰ ਦਾ ਪ੍ਰਗਟ ਹੋਣਾ 319

ਕਾਂਡ ਚਾਲੀ 325-330

ਉਗ੍ਰਾਹੀ ਲਈ ਮਸੰਦ ਬਾਹਰ ਭੇਜਣੇ 325
ਗੁਰੂ ਜੀ ਦੇ ਵਰ ਨਾਲ ਭਾਈ ਭਗਤੂ ਦਾ ਜਨਮ 325
ਜੋਗੀਆਂ ਨੂੰ ਉਪਦੇਸ਼ 326
ਭਾਈ ਤੀਰਥੇ ਨੂੰ ਉਪਦੇਸ਼ 327
ਹੋਰ ਤਿੰਨ ਸਿੱਖਾਂ ਨੂੰ ਉਪਦੇਸ਼ 327
ਹੋਰ ਉਪਦੇਸ਼ 328
ਸੱਤਾਂ ਸਿੱਖਾਂ ਨੂੰ ਉਪਦੇਸ਼ 328
ਰਾਮਦਾਸ ਪੁਰ 329
ਅਰਜਨ ਦੇਵ ਦਾ ਲਾਹੌਰ ਜਾਣਾ 329
ਅਰਜਨ ਦੇਵ ਨੂੰ ਮਾਤਾ ਦੀ ਅਸੀਸ 330

ਕਾਂਡ ਇੱਕਤਾਲੀ 331-336

ਅਰਜਨ ਦੇਵ ਜੀ ਦੀਆਂ ਗੁਰੂ ਰਾਮਦਾਸ ਜੀ ਨੂੰ ਚਿੱਠੀਆਂ 331
ਪਹਿਲੀ ਚਿੱਠੀ 331
ਦੂਜੀ ਚਿੱਠੀ 332
ਤੀਜੀ ਚਿੱਠੀ ਅਤੇ ਪ੍ਰਿਥੀਏ ਦਾ ਪੋਲ ਖੁਲ੍ਹਣਾ 332
ਅਰਜਨ ਦੇਵ ਨੂੰ ਅੰਮ੍ਰਿਤਸਰ ਮੰਗਵਾਉਣਾ 333
ਅਰਜਨ ਦੇਵ ਨੂੰ ਗੁਰਿਆਈ 334
ਪ੍ਰਿਥੀਏ ਦੀ ਕੁੱਟਲਤਾ 334
ਗੁਰੂ ਰਾਮਦਾਸ ਜੀ ਦਾ ਜੋਤੀ ਜੋਤ ਸਮਾਉਣਾ 336

ਜੀਵਨ ਕਥਾ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ

ਪਹਿਲਾ ਬਤਾਲੀ 337-344

ਜਨਮ, ਗੁਰਗੱਦੀ ਤੇ ਵਿਆਹ 337
ਪ੍ਰਿਥੀਏ ਦਾ ਵਿਰੋਧ 338
ਭਾਈ ਕਲਿਆਣੇ ਦਾ ਮੰਡੀ ਵਿੱਚ ਜਾਣਾ ਤੇ ਰਾਜੇ ਦਾ ਸਿੱਖ ਬਣਨਾ 339
ਭਾਈ ਮੰਝ ਦੀ ਸਾਖੀ 343
ਭਾਈ ਬਹਿਲੋ ਜੀ 344

ਕਾਂਡ ਤਰਤਾਲੀ 345-347

ਗੰਗਾ ਰਾਮ ਦੀ ਸ਼ਰਧਾ ਭਗਤੀ 345
ਨਿਮਰਤਾ 345
ਹਰਿਮੰਦਰ ਸਾਹਿਬ ਦੀ ਨੀਂਹ 346

ਕਾਂਡ ਚੁਤਾਲੀ 348-352

ਹਰਿਮੰਦਰ ਸਾਹਿਬ ਦੇ ਸੰਪੂਰਨ ਹੋਣ ਤੋ ਖੁਸ਼ੀਆਂ 348

ਗੁਰੂ ਜੀ ਨਾਲ ਬੀਰਬਲ ਦਾ ਵਿਰੋਧ 349

ਵਜ਼ੀਰ ਖਾਨ ਗੁਰੂ ਜੀ ਦਾ ਸ਼ਰਧਾਲੂ ਕਿਵੇਂ ਬਣਿਆ? 351

ਕਾਂਡ ਪੰਜਤਾਲੀ 353-359

ਸ੍ਰੀ ਅੰਮ੍ਰਿਤਸਰ ਨੂੰ ਵਰ 353

ਪ੍ਰਿਥੀਆ ਦਾ ਵਿਰੋਧ ਅਤੇ ਗੁਰੂ ਅਰਜਨ ਦੇਵ ਜੀ ਦਾ ਅੰਮ੍ਰਿਤਸਰ ਤਿਆਗਣਾ 353

ਭਾਈ ਹੇਮੇ ਦਾ ਪ੍ਰੇਮ 355

ਖਾਨਪੁਰ ਦਾ ਉਜੜਨਾ 356

ਤਰਨਤਾਰਨ ਦੀ ਨੀਂਹ ਰੱਖਣੀ 357

ਗੰਗਾਸਰ ਬਣਨਾ 358

ਨੱਕੇ ਦਾ ਦੌਰਾ 358

ਲਾਹੌਰ ਵਿਚ ਬਾਉਲੀ ਸਾਹਿਬ ਬਣਾਉਣੀ 358

ਡੇਰਾ ਬਾਬਾ ਨਾਨਕ ਜਾਣਾ ਤੇ ਸ੍ਰੀ ਚੰਦ ਦਾ ਮੇਲ 359

ਕਾਂਡ ਛਿਆਲੀ 360-365

ਫਿਰ ਅੰਮ੍ਰਿਤਸਰ ਆਉਣਾ—ਪ੍ਰਿਥੀਏ ਦੀ ਈਰਖਾ 360

ਮਾਤਾ ਗੰਗਾ ਜੀ ਨੇ ਪੁੱਤਰ ਲਈ ਵਰ ਪ੍ਰਾਪਤ ਕਰਨਾ 361

ਪ੍ਰਿਥੀਏ ਦਾ ਸੁਲਹੀ ਖਾਨ ਨੂੰ ਬੁਲਾਣਾ 364

ਛਿਹਰਟਾ ਰਚਨਾ 365

ਕਾਂਡ ਸੰਤਾਲੀ 366-374

ਹਰਿਗੋਬਿੰਦ ਜੀ ਦਾ ਜਨਮ 366

ਕਰਮੋ ਤੇ ਪ੍ਰਿਥੀਏ ਦਾ ਸਾੜਾ 367

ਹਰਿਗੋਬਿੰਦ ਸਾਹਿਬ ਨੂੰ ਜ਼ਹਿਰ ਦਵਾਉਣ ਦਾ ਯਤਨ 367

ਜਾਦੂ ਤੇ ਟੂਣੇ ਫਜੂਲ ਹਨ 369

ਪ੍ਰਿਥੀਏ ਦੀ ਹੋਰ ਸ਼ਰਾਰਤ 369

ਗੁਰੂ ਜੀ ਦਾ ਵਾਪਸ ਅੰਮ੍ਰਿਤਸਰ ਆਉਣਾ 370

ਪ੍ਰਿਥੀਏ ਤੇ ਕਰਮੋਂ ਦੀ ਈਰਖਾ 371

ਹਰਗੋਬਿੰਦ ਜੀ ਨੂੰ ਸੀਤਲਾ ਨਿਕਲੀ 372

ਕਾਂਡ ਅੜਤਾਲੀ 375–382

ਪ੍ਰਿਥੀਏ ਵਲੋਂ ਜ਼ਹਿਰ ਦੇਣ ਦੀ ਹੋਰ ਸਾਜ਼ਸ਼ 375

ਪ੍ਰਿਥੀਏ ਦਾ ਗੁੱਸੇ ਹੋ ਕੇ ਅਕਬਰ ਦੇ ਦਰਬਾਰ ਵਿਚ ਜਾ ਕੇ ਫਰਿਆਦੀ ਹੋਣਾ 376

ਭਾਈ ਪੈੜੇ ਦੀ ਸਾਖੀ—ਸੰਗਲਾਦੀਪ ਤੋਂ ਪ੍ਰਾਣ—ਸੰਗਲੀ ਲਿਆਉਣੀ 378

ਕਾਂਡ ਉਨੰਜਾ 383–392

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਦੀ ਤਿਆਰੀ 383

ਬਾਬਾ ਮੋਹਣ ਜੀ ਤੋਂ ਸੈਂਚੀਆਂ ਲਿਆਉਣੀਆਂ 383

ਖਡੂਰ ਸਾਹਿਬ ਵਿਚ ਦਾਤੂ ਜੀ ਤੇ ਦਾਸੂ ਜੀ ਨਾਲ ਮੁਲਾਕਾਤ 386

ਰਾਮਸਰ ਰਚਨਾ ਤੇ ਉੱਥੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨਾ 387

ਬਾਣੀ ਦੀ ਤਰਤੀਬ 388

ਕਾਂਸ਼ੀ ਦੇ ਦੋ ਵਿਦਵਾਨਾਂ ਨੂੰ ਉਪਦੇਸ਼ 390

ਰਾਗਮਾਲਾ 391

ਹਰਿਮੰਦਰ ਸਾਹਿਬ ਵਿੱਚ ਬੀੜ ਅਸਥਾਪਨ ਕਰਨੀ 391

ਭਾਈ ਬੰਨੋ ਜੀ ਦੀ ਸਾਖੀ 392

ਕਾਂਡ ਪੰਜਾਹ 393–404

ਭਾਈ ਮਾਧੋ ਜੀ ਨੂੰ ਕਸ਼ਮੀਰ ਭੇਜਿਆ 393

ਭਾਈ ਤਿਲੋਕਾ ਜੀ 393

ਭਾਈ ਕਟਾਰੂ 394

ਭਾਈ ਚੂਹੜ ਦੀ ਸਾਖੀ 394

ਤਿੰਨ ਹੋਰ ਸਿੱਖਾਂ ਦਾ ਨਿਸਤਾਰਾ 395

ਇੱਕ ਸਿਪਾਹੀ ਨੂੰ ਉਪਦੇਸ਼ 395

ਦੋ ਹੋਰ ਸਿੱਖਾਂ ਨੂੰ ਉਪਦੇਸ਼ 395

ਨਾਨੂ ਤੇ ਕਾਲੂ ਨੂੰ ਉਪਦੇਸ਼ 396

ਪਿੱਤਰਾਂ ਲਈ ਸਰਾਧਾ 396

ਭਾਈ ਪੈੜਾ ਤੇ ਜੇਠਾ 396

ਚੰਦੂ ਦੀ ਲੜਕੀ ਦਾ ਨਾਤਾ 397

ਵਿਆਹ ਦੀ ਤਿਆਰੀ 403

ਕਾਂਡ ਇਕਵੰਜਾ 405–414

ਚੰਦੂ ਦੀ ਨਾਰਾਜਗੀ ਤੇ ਵੈਰ 404

ਹਰਿਗੋਬਿੰਦ ਜੀ ਦਾ ਵਿਆਹ 406

ਅਕਬਰ ਬਾਦਸ਼ਾਹ ਪਾਸ ਪੰਡਤਾਂ ਤੇ ਕਾਜ਼ੀਆਂ ਦੀ ਸ਼ਿਕਾਇਤ 406
ਬਾਦਸ਼ਾਹ ਦਾ ਸ੍ਰੀ ਅੰਮ੍ਰਿਤਸਰ ਆਉਣਾ 408
ਅਕਬਰ ਦੀ ਮੌਤ ਅਤੇ ਜਹਾਂਗੀਰ ਦੀ ਗੱਦੀ ਨਸ਼ੀਨੀ 409
ਚੰਦੂ ਤੇ ਪ੍ਰਿਥੀਏ ਦੀਆਂ ਗੁਰੂ ਜੀ ਵਿਰੁੱਧ ਗੋਂਦਾਂ 411
ਜਹਾਂਗੀਰ ਬਾਦਸ਼ਾਹ ਦਾ ਪੰਜਾਬ ਵੱਲ ਆਉਣਾ 412
ਸੁਲਬੀ ਦੀ ਮੌਤ ਅਤੇ ਚੰਦੂ ਵਲੋਂ ਗੁਰੂ ਜੀ ਦੇ ਵਿਰੁੱਧ
ਝੂਠੀਆਂ ਸ਼ਿਕਾਇਤਾਂ 413
ਪ੍ਰਿਥੀਏ ਦੀ ਮੌਤ 413
ਮਿਹਰਵਾਨ ਦੀ ਵਿਰੋਧਤਾ 414

ਕਾਂਡ ਬਵੰਜਾ 415-424

ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਦਾ ਤਿਲਕ 415
ਗੁਰੂ ਅਰਜਨ ਦੇਵ ਜੀ ਲਾਹੌਰ ਜਹਾਂਗੀਰ ਬਾਦਸ਼ਾਹ ਪਾਸ ਗਏ 415
ਸਿੱਖਾਂ ਵਲੋਂ ਜੁਰਮਾਨਾ ਭਰਨ ਦਾ ਯਤਨ 416
ਕਾਜ਼ੀਆਂ ਤੇ ਬ੍ਰਾਹਮਣਾਂ ਦੀ ਮੰਗ 417
ਗੁਰੂ ਜੀ ਨੂੰ ਤਸੀਹੇ ਦਿੱਤੇ ਗਏ 417
ਸਾਂਈ ਮੀਆਂ ਮੀਰ ਦੇ ਹੰਝੂ 418
ਹੋਰ ਤਸੀਹੇ 419
ਚੰਦੂ ਦੀ ਨੂੰਹ ਦੀ ਵਿਆਕੁਲਤਾ 420
ਹੋਰ ਤਸੀਹੇ ਤੇ ਰਾਵੀ ਤੇ ਜਾ ਕੇ ਜੋਤੀ ਜੋਤ ਸਮਾਉਣਾ 421
ਗੁਰੂ ਜੀ ਦੇ ਅੰਤਲੇ ਉਪਦੇਸ਼ 422
ਜੋਤੀ ਜੋਤ ਸਮਾਉਣਾ 423

ਫੂਟੋ ਆਂਡਾ ਭਰਮ ਕਾ ਮਨਹਿ ਭਇਉ ਪਰਗਾਸੁ।
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ।

(ਆਦਿ ਗ੍ਰੰਥ, ਪੰਃ ੧੦੦੨)

The Egg of Superstition hath burst;
the mind is illumined :
The Guru hath cut the fetters
off the feet
and
freed The captive.

—Guru Arjan

ਸਿੱਖ ਇਤਿਹਾਸ

Vol 1&2



ਮੈਕਸ ਆਰਥਰ ਮੈਕਾਲਿਫ

ੴ ਸਤਿਗੁਰ ਪ੍ਰਸਾਦਿ॥

ਆਦਿਕਾ

ਪੂਰਬ ਤੋਂ, ਮੈਂ ਉਹ ਮਤਿ ਲੈ ਕੇ ਆਇਆ ਹਾਂ, ਜਿਸ ਬਾਰੇ ਹਾਲੇ ਬਹੁਤ ਘੱਟ ਲੋਕੀ ਜਾਣੂ ਹਨ। ਸਿੱਖ ਕੌਮ ਦੀ ਬਹਾਦਰੀ ਦੀ ਤਾਂ ਦੁਨੀਆਂ ਭਰ ਵਿਚ ਧਾਂਕ ਪਈ ਹੋਈ ਹੈ, ਪਰ ਇਸ ਦੇ ਧਰਮ ਬਾਰੇ, ਖੋਜਾਂ ਕਰ ਰਹੇ, ਪ੍ਰਸਿੱਧ ਵਿਦਵਾਨ ਵੀ ਚੰਗੀ ਜਾਣਕਾਰੀ ਨਹੀਂ ਰੱਖਦੇ। ਮੈਂ ਭਾਰਤ ਵਿਚ ਤੇ ਕਈ ਇੱਕ ਹੋਰ ਦੇਸ਼ਾਂ ਵਿੱਚ ਜਿੱਥੇ ਕਿਤੇ ਵੀ ਗਿਆ ਹਾਂ, ਕਈ ਪੜ੍ਹਿਆਂ ਲਿਖਿਆਂ ਨੇ ਪੁੱਛਿਆ ਹੈ ਕਿ ਸਿੱਖ ਧਰਮ ਹੈ ਕੀ ? ਕੀ ਸਿੱਖ ਹਿੰਦੂ ਹਨ? ਕੀ ਇਹ ਬੁੱਤਾਂ ਦੇ ਪੁਜਾਰੀ ਹਨ ਜਾਂ ਮੁਸਲਮਾਨ ਹਨ? ਇਸ ਅਣਜਾਣਤਾ ਦਾ ਕਾਰਨ ਇਹੋ ਹੈ ਕਿ ਸਿੱਖਾਂ ਦੀ ਪਵਿੱਤਰ ਗੁਰਬਾਣੀ ਜਿਸ ਭਾਰਤੀ ਭਾਸ਼ਾ ਵਿੱਚ ਉਚਾਰੀ ਗਈ ਹੈ, ਉਸਦਾ ਸਮਝਣਾ ਮੁਸ਼ਕਿਲ ਹੈ। ਹਰ ਇੱਕ ਮਤ ਦੀਆਂ ਆਪੋ ਆਪਣੀਆਂ ਧਾਰਮਿਕ ਪੁਸਤਕਾਂ ਹਨ, ਜਿਵੇਂ ਕਿ ਜੂਡਾ-ਮਤਿ ਦੀ ਪ੍ਰਾਚੀਨ ਅੰਜੀਲ ਹੈ, ਮੁਸਲਮਾਨਾਂ ਦਾ ਕੁਰਾਨ ਸ਼ਰੀਫ਼ ਹੈ, ਹਿੰਦੂਆਂ ਦੇ ਵੇਦ, ਪੁਰਾਣ ਤੇ ਸ਼ਾਸਤਰ ਹਨ, ਬੋਧੀਆਂ ਦੀਆਂ ਤ੍ਰਿਪਿਟਕ, ਪਾਰਸੀਆਂ ਦੀ ਜ਼ੈਨਡੇਵੈਸਟਾ, ਕਨਫ਼ਯੂਸ਼ੀਅਨ ਮਤ ਦੇ ਅਨਾਲੈਕਟਸ, ਬਸੰਤ ਅਤੇ ਪਤਝੜ, ਇਸਦੀਆਂ ਪ੍ਰਾਚੀਨ ਕਵਿਤਾ ਦੀਆਂ ਅਤੇ ਪ੍ਰੀਵਰਤਨ ਦੀਆਂ ਰਚਨਾਵਾਂ ਹਨ। ਇਹਨਾਂ ਮਤਾਂ ਦੇ ਪਵਿੱਤਰ ਸੰਦੇਸ਼ ਜਿਨ੍ਹਾਂ ਬੋਲੀਆਂ ਵਿਚ ਲਿਖੇ ਹੋਏ ਹਨ, ਭਾਵੇਂ ਉਹ ਕਠਨ ਹਨ, ਪਰ ਉਹਨਾਂ 'ਚੋਂ ਬਹੁਤੀਆਂ ਇਕਸਾਰ ਹੀ ਹਨ। ਅਧਿਆਪਕਾਂ ਤੋਂ ਕੁਝ ਕੁ ਮੁੱਢਲੀ ਜਾਣਕਾਰੀ ਲੈ ਕੇ ਅਤੇ ਵਿਆਕਰਣਾਂ ਤੇ ਕੋਸ਼ਾਂ ਦੀ ਵਰਤੋਂ ਕਰਨ ਨਾਲ ਇਹਨਾਂ ਬੋਲੀਆਂ ਦੀ ਚੰਗੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ, ਪਰ ਸਿੱਖ ਗੁਰੂਆਂ ਤੇ ਭਗਤਾਂ ਦੀ ਬਾਣੀ ਮੱਧ-ਵਰਤੀ ਕਾਲ ਦੀਆਂ ਉਹਨਾਂ ਬੋਲੀਆਂ ਵਿਚ ਉਚਾਰੀ ਹੋਈ ਹੈ ਜਿਨ੍ਹਾਂ ਦੀ ਜਾਣਕਾਰੀ ਪ੍ਰਾਪਤ ਕਰਨੀ ਏਨੀ ਸੁਖਾਲੀ ਨਹੀਂ ਹੈ। ਇਹਨਾਂ ਦੀ ਬਾਣੀ ਦੀ ਸ਼ਬਦਾਵਲੀ ਫਾਰਸੀ, ਪ੍ਰਾਚੀਨ ਪ੍ਰਾਕ੍ਰਿਤ, ਹਿੰਦੀ, ਮਰਾਠੀ, ਪ੍ਰਾਚੀਨ ਪੰਜਾਬੀ, ਮੁਲਤਾਨੀ ਤੇ ਕਈ ਇੱਕ ਹੋਰ ਸਥਾਨਕ ਬੋਲੀਆਂ ਦਾ ਮਿਲਗੋਭਾ ਹੈ। ਕਿਤੇ ਕਿਤੇ ਤਾਂ ਸ਼ਬਦਾਂ ਵਿਚ ਸੰਸਕ੍ਰਿਤ ਤੇ ਅਰਬੀ ਦੀ ਖੁਲ੍ਹੀ ਵਰਤੋਂ ਕੀਤੀ ਗਈ ਹੈ।

ਜਿਸ ਸਮੇਂ ਕਰਤਾ ਨੇ ਇਹ ਔਖੇਰਾ ਕੰਮ ਅਰੰਭ ਕੀਤਾ ਉਸ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਕੋਈ ਕੋਸ਼ ਨਹੀਂ ਸੀ ਮਿਲਦਾ। ਇਸ ਸਮੇਂ ਤਾਂ ਕੁਝ ਕੋਸ਼ ਪ੍ਰਕਾਸ਼ਿਤ ਹੋ ਗਏ ਹਨ, ਪਰ ਹਰ ਇੱਕ ਕੋਸ਼ਕਾਰ ਨੇ ਆਪੋ ਆਪਣਾ, ਵਖੋ-ਵੱਖਰਾ ਰਾਹ ਅਪਣਾ ਲਿਆ ਹੈ, ਇਸ ਲਈ ਇਹਨਾਂ ਵਿੱਚੋਂ ਲੋੜੀਂਦੇ ਸ਼ਬਦਾਂ ਨੂੰ ਭਾਲ ਸਕਣ ਔਖਾ ਹੈ। ਤੇ ਜੇ ਉਹ ਸ਼ਬਦ ਭਾਲ ਵੀ ਲਏ ਜਾਣ ਤਾਂ ਉਹਨਾਂ ਦੇ ਅਰਥਾਂ ਤੇ ਪੂਰਾ ਯਕੀਨ ਨਹੀਂ

ਬੱਝਦਾ। ਇਨ੍ਹਾਂ ਕਾਰਨਾਂ ਕਰਕੇ ਸਿੱਖਾਂ ਦੀ ਗੁਰਬਾਣੀ ਦੇ ਅਨੁਵਾਦਕ ਲਈ ਬਹੁਤ ਜ਼ਰੂਰੀ ਹੈ ਕਿ ਉਹ ਭਾਰਤ ਵਿਚ ਚੋਖਾ ਸਮਾਂ ਬਿਤਾਵੇ ਅਤੇ ਇਸ ਵੇਲੇ ਸਿੱਖਾਂ ਵਿਚ ਜੋ ਗੁਣੀ ਗਿਆਨੀ ਹਨ ਉਹਨਾਂ ਦੀ ਸਹਾਇਤਾ ਲੈ ਕੇ ਕੰਮ ਕਰੇ।

ਸਿੱਖਾਂ ਵਿੱਚ ਗਿਆਨੀ ਉਹਨਾਂ ਨੂੰ ਆਖਿਆ ਜਾਂਦਾ ਹੈ ਜੋ ਗੁਰਬਾਣੀ ਦੀ ਵਿਆਖਿਆ ਕਰਦੇ ਹਨ। ਇਸ ਸਮੇਂ ਦੇਸ਼ ਵਿਚ ਮਸਾਂ ਦਸ ਗਿਆਨੀ ਹੀ ਹੋਣਗੇ। ਏਨਾ ਕਹਿਣ ਵਿੱਚ ਵੀ ਇੱਕ ਝਿਜਕ ਜਿਹੀ ਮਹਿਸੂਸ ਹੁੰਦੀ ਹੈ ਕਿ ਕਿਤੇ ਇਹ ਗਿਣਤੀ ਵੱਧ ਹੀ ਨਾ ਦੱਸੀ ਗਈ ਹੋਵੇ। ਅੱਜ ਇਹਨਾਂ ਗਿਆਨੀਆਂ ਵਿਚੋਂ ਕੋਈ ਵੀ ਬਾਣੀ ਦੇ ਅਰਥਾਂ ਨੂੰ ਅੰਗਰੇਜ਼ੀ ਵਿਚ ਸਮਝਾ ਸਕਣ ਵਾਲਾ ਨਹੀਂ ਹੈ।

ਇਹ ਗਿਆਨੀ ਆਪੋ ਆਪਣੀਆਂ ਸਥਾਨਿਕ ਬੋਲੀਆਂ ਵਿੱਚ, ਕਠਨ ਤੇ ਅਕਾਊ ਢੰਗ ਨਾਲ ਅਰਥ ਕਰਦੇ ਹਨ। ਏਨਾ ਹੀ ਨਹੀਂ, ਸਗੋਂ ਕੋਈ ਵੀ ਸਿੱਖ ਅਜਿਹਾ ਨਹੀਂ ਮਿਲਦਾ ਜੋ ਇਕੱਲਾ ਹੀ ਇਸ ਪਵਿੱਤਰ ਬਾਣੀ ਦੇ ਅਰਥ ਠੀਕ ਠੀਕ ਕਰ ਸਕੇ। ਜੇ ਕਿਧਰੇ ਕੋਈ ਸੰਸਕ੍ਰਿਤ ਦਾ ਵਿਦਵਾਨ ਮਿਲ ਜਾਵੇ ਤਾਂ ਉਸਨੂੰ ਸੰਸਕ੍ਰਿਤ ਤੋਂ ਬਿਨਾ ਹੋਰ ਸ਼ਬਦਾਂ ਦੇ ਧਾਤੂਆਂ ਦਾ ਪਤਾ ਨਹੀਂ ਲਗਦਾ। ਜੋ ਹਿੰਦੀ ਜਾਣਦਾ ਹੈ ਉਹ ਮਰਾਠੀ ਨਹੀਂ ਸਮਝਦਾ ਤੇ ਜੋ ਮਰਾਠੀ ਪੜ੍ਹਿਆ ਹੁੰਦੈ ਉਸਨੂੰ ਪੰਜਾਬੀ ਤੇ ਮੁਲਤਾਨੀ ਦੀ ਜਾਣਕਾਰੀ ਨਹੀਂ ਹੁੰਦੀ, ਬਾਕੀਆਂ ਦਾ ਵੀ ਕੁਝ ਇਹੋ ਜਿਹਾ ਹੀ ਹਾਲ ਹੈ।

ਏਥੇ ਹੀ ਬੱਸ ਨਹੀਂ ਸਿੱਖਾਂ ਦੀ ਪਵਿੱਤਰ ਬਾਣੀ ਵਿੱਚ ਕਈ ਅਜਿਹੇ ਵੀ ਵਿਸ਼ੇਸ਼ ਸ਼ਬਦ ਆਉਂਦੇ ਹਨ ਜੋ ਕਿਸੇ ਹੋਰ ਬੋਲੀ ਵਿਚ ਮਿਲਦੇ ਹੀ ਨਹੀਂ, ਇਸ ਲਈ ਇਹਨਾਂ ਸ਼ਬਦਾਂ ਦੇ ਅਰਥ ਸੰਪਰਦਾਈ ਹੀ ਠੀਕ ਮੰਨਣੇ ਪੈਂਦੇ ਹਨ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਲਗਭਗ ਸਾਰੀਆਂ ਹੀ ਧਾਰਮਿਕ ਤੇ ਸੰਸਾਰਿਕ ਬਾਣੀਆਂ ਨਾਲੋਂ ਵਧੇਰੇ ਔਖੀ ਪ੍ਰਤੀਤ ਹੁੰਦੀ ਹੈ। ਇਸੇ ਕਰਕੇ ਬਹੁਤ ਸਾਰੇ ਲੋਕੀ ਇਹ ਨਹੀਂ ਜਾਣਦੇ ਕਿ ਗੁਰੂ ਗ੍ਰੰਥ ਸਾਹਿਬ ਵਿਚ ਕੀ ਲਿਖਿਆ ਹੋਇਆ ਹੈ।

ਥੋੜਾ ਚਿਰ ਹੋਇਆ, ਇਕ ਜਰਮਨ ਪਾਦਰੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਕੁਝ ਇਕ ਭਾਗਾਂ ਦਾ ਅਨੁਵਾਦ ਕੀਤਾ ਸੀ। ਇਹ ਕੰਮ ਉਸਨੇ ਇੰਡੀਆ ਆਫਿਸ ਦੇ ਖਰਚ ਤੇ ਉਸੇ ਦੇ ਪ੍ਰਭਾਵ ਹੇਠ ਕੀਤਾ ਸੀ, ਪਰ ਉਹ ਅਨੁਵਾਦ ਮੂਲੋਂ ਹੀ ਗ਼ਲਤ ਸੀ ਤੇ ਉਸਦੀ ਬੋਲੀ ਵੀ ਮੁਹਾਵਰੇ ਵਾਲੀ ਨਹੀਂ ਸੀ। ਨਾਲ ਹੀ ਇਸ ਅਨੁਵਾਦ ਨੇ ਸਿੱਖਾਂ ਦੇ ਮਨਾਂ ਤੇ ਸੱਟ ਮਾਰੀ ਸੀ, ਕਿਉਂਕਿ ਇਸ ਵਿਚ ਦੂਜੇ ਮਤਾਂ ਦੇ ਵਿਰੋਧ ਵਿੱਚ ਘ੍ਰਿਣਾ ਦਾ ਭਾਵ ਰੱਖ ਕੇ ਕੰਮ ਕੀਤਾ ਗਿਆ ਸੀ। ਸਿੱਖ ਗੁਰੂਆਂ ਨੂੰ, ਸਿੱਖਾਂ ਦੇ ਪਵਿੱਤਰ ਗ੍ਰੰਥ ਨੂੰ ਅਤੇ ਸਿੱਖਾਂ ਦੇ ਧਰਮ ਨੂੰ ਪਾਦਰੀ ਨੇ ਜਿਸ ਵੇਲੇ ਵੀ ਉਸਦਾ ਦਾਅ ਲੱਗਾ, ਬਦਨਾਮ ਕੀਤਾ।

ਜਿਹੜੇ ਉੱਦੇਸ਼ਾਂ ਨੂੰ ਸਾਹਮਣੇ ਰੱਖ ਕੇ ਇਹ ਪੁਸਤਕ ਲਿਖੀ ਗਈ ਹੈ, ਉਹਨਾਂ ਵਿਚੋਂ ਇਕ ਇਹ ਵੀ ਹੈ ਕਿ ਉਸ ਜਰਮਨ ਪਾਦਰੀ ਨੇ ਸਿੱਖ ਗੁਰੂਆਂ ਤੇ ਸਿੱਖ ਧਰਮ ਨੂੰ ਜੋ ਠੇਸ ਲਾਈ ਹੈ, ਉਸਦੀ ਨਵਿਰਤੀ ਕਰਕੇ ਸਿੱਖਾਂ ਨੂੰ ਸ਼ਾਂਤੀ ਦਿੱਤੀ ਜਾਵੇ। ਕਈ ਇਕ ਹੋਰ ਲਾਭਾਂ ਨੂੰ ਵੀ ਮੁੱਖ ਰੱਖ ਕੇ ਮੈਂ ਇਹ ਕੰਮ ਸਿਰੇ ਚਾੜ੍ਹਿਆ ਹੈ। ਉਹ ਲਾਭ ਕੀ ਹਨ ਮੇਰਾ ਖ਼ਿਆਲ ਹੈ, ਪਾਠਕ ਆਪ ਹੀ ਸਮਝ ਜਾਣਗੇ।

ਉਹ ਸਾਰੇ ਸ਼ੁਭਵਾਨ ਲੋਕੀਂ ਜੋ ਸਿੱਖਾਂ ਤੋਂ ਜਾਣੂ ਹਨ, ਇਨ੍ਹਾਂ ਦੀ ਪੂਰੀ ਪੂਰੀ ਕਦਰ ਕਰਦੇ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਜੋ ਸਿੱਖ ਧਰਮ ਦੀ ਉੱਚਤਾ ਬਾਰੇ ਦੁਨੀਆਂ ਨੂੰ ਪਤਾ ਲੱਗ ਜਾਵੇ ਤਾਂ ਉਸਦੀਆਂ ਨਜ਼ਰਾਂ ਵਿੱਚ ਸਿੱਖਾਂ ਦਾ ਮਾਣ ਹੋਰ ਵੀ ਵੱਧ ਜਾਵੇਗਾ। ਇਉਂ ਮੇਰੀ ਇਹ ਪੁਸਤਕ ਘੱਟੋ ਘੱਟ ਸਿੱਖਾਂ ਲਈ ਤਾਂ ਰਾਜਨੀਤਕ ਤੌਰ ਤੇ ਫਾਇਦੇਮੰਦ ਸਾਬਿਤ ਹੋਵੇਗੀ।

ਦੂਜੀ ਗੱਲ ਇਹ ਵੀ ਹੈ ਕਿ ਅਜੋਕੇ ਸਮੇਂ ਵਿੱਚ ਚੋਖੀ ਗਿਣਤੀ ਅਜਿਹੇ ਸਿੱਖਾਂ ਦੀ ਹੈ ਜਿਹੜੇ ਅੰਗਰੇਜ਼ੀ ਨੂੰ ਸਮਝ ਸਕਦੇ ਹਨ ਪਰ ਉਹ ਗੁਰੂਆਂ ਦੀ ਬਾਣੀ ਦੇ ਅਭਿਆਸ ਲਈ ਵਿਹਲ ਨਹੀਂ ਕੱਢ ਸਕਦੇ, ਇਸ ਲਈ ਮੈਂ ਸੋਚਿਆ ਕਿ ਜੇ ਮੈਂ ਅੰਗਰੇਜ਼ੀ ਬੋਲੀ ਵਿਚ ਇਸਦਾ ਅਨੁਵਾਦ ਕਰਨ ਦੀ ਕੋਸ਼ਿਸ਼ ਕਰਾਂ ਤਾਂ ਬੋਲੀ ਦੇ ਵਿਚਾਰ ਨਾਲ ਹੀ ਇਸ ਅਨੁਵਾਦ ਦੁਆਰਾ ਬਾਣੀ ਪੜ੍ਹ ਕੇ ਅਜਿਹੇ ਸਿੱਖਾਂ ਨੂੰ ਲਾਭ ਪੁੱਜ ਜਾਵੇਗਾ।

ਇੱਕ ਹੋਰ ਗੱਲ ਜਿਸ ਕਾਰਨ ਕਿ ਇਹ ਪੁਸਤਕ ਲਾਭਕਾਰੀ ਹੋਵੇਗੀ, ਉਹ ਇਹ ਹੈ ਕਿ ਪੁਰਾਣੇ ਰਿਵਾਇਤੀ ਗਿਆਨੀ ਦਿਨੋ ਦਿਨ ਮੁਕਦੇ ਜਾ ਰਹੇ ਹਨ। ਇਕ ਦੋ ਪੀੜ੍ਹੀਆਂ ਤੋਂ ਪਿੱਛੋਂ ਏਨੀਆਂ ਮੁਸ਼ਕਿਲਾਂ ਨਾਲ ਪੜ੍ਹੇ ਹੋਏ ਸਿੱਖ ਵੀ ਬਾਣੀ ਨੂੰ ਸਮਝ ਨਹੀਂ ਸਕਣਗੇ। ਚੌਥੀ ਗੱਲ ਇਹ ਹੈ ਕਿ ਇਸ ਬੋਲੀ ਵਿੱਚ ਬੜੀ ਤੇਜ਼ੀ ਨਾਲ ਤਬਦੀਲੀ ਆ ਰਹੀ ਹੈ ਤੇ ਇਹ ਗੁਰਬਾਣੀ ਦੀ ਆਮ ਬੋਲੀ ਤੋਂ ਉੱਕਾ ਹੀ ਅੱਡਰੀ ਹੁੰਦੀ ਜਾ ਰਹੀ ਹੈ। ਬਾਲਪਨ ਵਿਚ ਮਨੁੱਖ ਜਿਹੜੇ ਸ਼ਬਦ ਵਰਤੋਂ ਵਿੱਚ ਲਿਆਉਂਦੇ ਸਨ, ਹੁਣ ਉਹ ਜੁਆਨ ਹੋ ਕੇ ਉਹ ਸ਼ਬਦ ਨਹੀਂ ਵਰਤਦੇ ਕਿਉਂਕਿ ਉਹਨਾਂ ਨੂੰ ਪੁਰਾਣੇ ਲੱਗਣ ਲੱਗ ਪਏ ਹਨ। ਉਹਨਾਂ ਸ਼ਬਦਾਂ ਦੀ ਥਾਂ ਨਵਿਆਂ ਨੇ ਆ ਕੇ ਸਾਂਭ ਲਈ ਹੈ। ਇਸ ਲਈ ਹਰ ਇੱਕ ਢੰਗ ਨਾਲ ਇਹੋ ਠੀਕ ਪ੍ਰਤੀਤ ਹੁੰਦਾ ਹੈ ਕਿ ਸਿੱਖਾਂ ਦੀ ਧਾਰਮਿਕ ਬਾਣੀ ਦੀਆਂ ਔਖੇਰੀਆਂ ਪੰਗਤੀਆਂ ਦਾ, ਢੁੱਕਵਾਂ ਅਨੁਵਾਦ ਨਿਯਤ ਕਰ ਦਿੱਤਾ ਜਾਵੇ, ਜਿਹੜੀਆਂ ਕਿ ਪਵਿੱਤਰ ਬਾਣੀ ਵਿੱਚ ਕਈ ਥਾਂ ਤੇ ਆਉਂਦੀਆਂ ਹਨ। ਪੰਜਵੇਂ ਇਹ ਵੀ ਹੈ ਕਿ ਹੁਣ ਤਾਂ ਕਈ ਸਾਖੀਆਂ ਵੀ ਸਾਨੂੰ ਮਿਲ ਗਈਆਂ ਹਨ, ਪਰ ਡਰ ਹੈ ਕਿਤੇ ਛੇਤੀ ਹੀ ਇਹ ਸਮੇਂ ਨਾਲ ਅਲੋਪ ਨਾ ਹੋ ਜਾਣ। ਇਹੋ ਜਿਹਾ ਵੀ ਇਕ ਵੇਲਾ ਸੀ ਜਦੋਂ ਸਿੱਖ ਆਪਣੀਆਂ ਧਾਰਮਿਕ ਪੁਸਤਕਾਂ ਨੂੰ ਛਾਪ ਲੈਣ ਦੀ ਵੀ ਇਜਾਜ਼ਤ ਨਹੀਂ ਸਨ ਦਿੰਦੇ। ਪਰ ਜਦ ਪੁਰਾਣੇ ਭਰਮ ਭੁਲੇਖੇ ਦੂਰ ਹੋ ਗਏ ਤਾਂ ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ ਵੱਖ ਵੱਖ ਪੋਥੀਆਂ ਦੇ ਰੂਪ ਵਿਚ ਛਪੀਆਂ ਪਰ ਇਹਨਾਂ ਪੋਥੀਆਂ ਨੂੰ ਇਕ ਗ੍ਰੰਥ ਦੇ ਰੂਪ ਵਿੱਚ ਇਕੱਠਾ ਨਹੀਂ ਸੀ ਕੀਤਾ ਜਾਂਦਾ, ਕਿਉਂਕਿ ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਨਾ ਸਿਰਫ ਗੁਰੂਆਂ ਵਲੋਂ ਗਿਆਨ ਹੀ ਸੀ ਸਗੋਂ ਉਹ ਇਸ ਨੂੰ ਪ੍ਰਤੱਖ ਗੁਰਾਂ ਦੀ ਦੇਹ ਖਿਆਲ ਕਰਦੇ ਸਨ। ਇਸੇ ਲਈ ਉਹ ਸੋਚਦੇ ਸਨ ਕਿ ਕਿਤੇ ਗੁਰਾਂ ਦੀ ਬੇਅਦਬੀ ਨਾ ਹੋ ਜਾਵੇ। ਹੁਣ ਇਹ ਵਹਿਮ ਮੁੱਕ ਗਿਆ ਹੈ ਤੇ ਅੱਜ ਕਲ੍ਹ ਗੁਰੂ ਗ੍ਰੰਥ ਸਾਹਿਬ ਪੁਸਤਕਾਂ ਵੇਚਣ ਵਾਲਿਆਂ ਤੋਂ ਮਿਲ ਸਕਦੇ ਹਨ। ਪ੍ਰਾਚੀਨ ਖਿਆਲਾਂ ਦੇ ਸਿੱਖਾਂ ਦਾ ਇਹ ਵੀ ਵਿਚਾਰ ਸੀ ਕਿ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਨਹੀਂ ਹੋਣਾ ਚਾਹੀਦਾ, ਪਰ ਜਿਹੜੇ ਲੋਕਾਂ ਦਾ ਇਹ ਖਿਆਲ ਸੀ ਉਹ ਗੁਰੂ ਅਰਜਨ ਦੇਵ ਜੀ ਸਾਹਿਬ ਦੇ ਉਸ ਹੁਕਮ ਨੂੰ ਵਿਸਾਰ ਰਹੇ ਸਨ ਜੋ ਕਿ ਉਨ੍ਹਾਂ ਨੇ ਇਸ ਦੇ ਅਨੁਵਾਦ ਨੂੰ ਹਿੰਦੁਸਤਾਨੀ

ਅਤੇ ਹੋਰ ਵਿਦੇਸ਼ੀ ਬੋਲੀਆਂ ਵਿਚ ਤਿਆਰ ਕਰਕੇ ਫੈਲਾਉਣ ਲਈ ਦਿੱਤਾ ਸੀ, ਜਿਵੇਂ ਕਿ ਪਾਣੀ ਉਪਰ ਥਿੰਧਿਆਈ ਫੈਲ ਜਾਂਦੀ ਹੈ :—

ਸੰਸਕ੍ਰਿਤ ਅਰ ਤੁਰਕਨ ਭਾਸ਼ਾ॥
ਇਸ ਮੈਂ ਲਿਖ ਲੇਵਹਿ ਬੁਧਿ ਰਾਸਾ॥
ਸਭ ਊਪਰ ਪਸਰੈ ਇਹ ਧਾਈ॥
ਜਿਮ ਜਲ ਪੁਰ ਸੁ ਚਿਕਨਤਾ ਪਾਈ॥ *(ਸੂਰਜ ਪ੍ਰਕਾਸ਼)*

ਇਸ ਵਿਚ ਜ਼ਰਾ ਜਿੰਨਾ ਵੀ ਸ਼ੱਕ ਨਹੀਂ ਕਿ ਜੇ ਅਜਕਲ ਗੁਰੂ ਸਾਹਿਬਾਨ ਅਤੇ ਭਗਤ ਇਸ ਦੁਨੀਆਂ ਵਿਚ ਰਹਿ ਰਹੇ ਹੁੰਦੇ ਤਾਂ ਉਹ ਆਪਣੀ ਰਚਨਾ ਦਾ ਅਨੁਵਾਦ ਅੰਗਰੇਜ਼ੀ ਵਰਗੀ ਬੋਲੀ ਵਿੱਚ ਹੋਇਆ ਦੇਖ ਕੇ ਬਹੁਤ ਖੁਸ਼ ਹੁੰਦੇ, ਕਿਉਂਕਿ ਇਹ ਬੋਲੀ ਦੁਨੀਆਂ ਭਰ ਦੇ ਵੱਡੇ ਮਹਾਂਦੀਪਾਂ ਤੇ ਸਾਰੇ ਟਾਪੂਆਂ ਵਿੱਚ ਪ੍ਰਚਲਿਤ ਹੈ।

ਬੀਤ ਚੁਕੇ ਸੰਨ 1893 ਈਸਵੀ ਤੱਕ ਮੈਂ ਭਾਰਤ ਵਿਚ ਇੱਕ ਜੱਜ ਦੇ ਤੌਰ ਤੇ ਕੰਮ ਕਰਦਾ ਰਿਹਾ ਹਾਂ। ਇਹ ਜਾਣਕੇ ਕਿ ਮੈਂ ਗੁਰੂ ਦੀ ਬਾਣੀ ਦਾ ਪ੍ਰਸ਼ੰਸਕ ਹਾਂ ਕਈ ਸਿੱਖ ਸੰਸਥਾਵਾਂ ਤੇ ਸਭਾਵਾਂ ਦੇ ਨੁਮਾਇੰਦੇ ਮੇਰੇ ਕੋਲ ਆ ਕੇ ਕਹਿਣ ਲੱਗੇ ਕਿ ਮੈਂ ਨੌਕਰੀ ਤੋਂ ਤਿਆਗ ਪੱਤਰ ਦੇ ਦੇਵਾਂ ਤੇ ਗੁਰੂਆਂ ਦੀ ਬਾਣੀ ਦਾ ਅਨੁਵਾਦ ਕਰਨਾ ਸ਼ੁਰੂ ਕਰ ਦਿਆਂ। ਮੈਂ ਉਹਨਾਂ ਦਾ ਆਖਿਆ ਮੰਨ ਲਿਆ। ਸ਼ੁਰੂ ਵਿੱਚ ਮੇਰਾ ਵਿਚਾਰ ਸੀ ਕਿ ਮੈਂ ਬਾਣੀ ਦਾ ਹੀ ਤਰਜਮਾ ਕਰਾਂ ਤੇ ਇਸ ਕੰਮ ਵਿੱਚ ਮੇਰੇ ਕਈ ਸਾਲ ਲਗ ਗਏ। ਮੈਨੂੰ ਭਰੋਸਾ ਹੈ ਕਿ ਇਹ ਅਨੁਵਾਦ ਵੀ ਇੱਕ ਨਿਰਾਲੇ ਢੰਗ ਨਾਲ ਤਿਆਰ ਹੋਇਆ ਸੀ। ਸਾਰੇ ਅਨੁਵਾਦਕ ਕਿਸੇ ਪੁਸਤਕ ਨੂੰ ਅਨੁਵਾਦ ਕਰਕੇ ਤੱਤ-ਭੜੱਤੀ ਵਿੱਚ ਛਾਪ ਦਿੰਦੇ ਹਨ ਅਤੇ ਲੋਕਾਂ ਦੀ ਟੀਕਾ-ਟਿਪਣੀ ਨੂੰ ਨਹੀਂ ਉਡੀਕਦੇ, ਇਸੇ ਲਈ ਭਾਰਤੀ ਪੁਸਤਕਾਂ ਦੇ ਯੂਰਪ ਵਿਚ ਕੀਤੇ ਗਏ ਅਨੁਵਾਦਾਂ ਵਿਚੋਂ, ਬੇਸ਼ਕ ਉਹ ਮਹਾਨ ਵਿਦਵਾਨਾਂ ਵਲੋਂ ਕਿਉਂ ਨਾ ਕੀਤੇ ਗਏ ਹੋਣ, ਕੋਈ ਇੱਕਾ-ਦੁੱਕਾ ਹੀ ਅਜਿਹਾ ਹੋਵੇਗਾ ਜਿਸ ਨੂੰ ਭਾਰਤੀ ਵਿਦਵਾਨ ਠੀਕ ਅਨੁਵਾਦ ਸਮਝਕੇ ਮਾਨਤਾ ਦਿੰਦੇ ਹੋਣ। ਇਸ ਲਈ ਮੈਂ ਪੱਕੀ ਧਾਰ ਲਈ ਸੀ ਕਿ ਮੈਂ ਉਨ੍ਹਾਂ ਅਨੁਵਾਦਕਾਂ ਵਾਂਗ ਨਹੀਂ ਕਰਾਂਗਾ, ਇਸੇ ਲਈ ਮੈਂ ਆਪਣੀ ਪੁਸਤਕ ਦੀ ਹਰ ਸਤਰ ਵਿਦਵਾਨ ਤੇ ਖੋਜੀ ਸਿੱਖਾਂ ਦੀ ਟੀਕਾ-ਟਿੱਪਣੀ ਲਈ ਉਨ੍ਹਾਂ ਨੂੰ ਘੱਲ ਦਿੱਤੀ। ਇਹ ਸਭ ਕੁਛ ਟਾਈਪ ਹੋਈਆਂ ਨਕਲਾਂ ਜਾਂ ਪ੍ਰੈਸ ਦੇ ਪਰੂਫ ਘੱਲ ਕੇ ਕੀਤਾ ਜਾਂਦਾ ਸੀ, ਇਸ ਤਰ੍ਹਾਂ ਮੇਰੀ ਕਲਮ ਦੀ ਲਿਖੀ ਹੋਈ ਹਰ ਇਕ ਸਤਰ ਪਾਰਖੂ ਵਿਦਵਾਨ ਸਿੱਖਾਂ ਦੇ ਹੱਥ ਵਿੱਚ ਪਹੁੰਚੀ ਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਉਸ ਉੱਤੇ ਟਿੱਪਣੀ ਕਰਨ ਦਾ ਮੌਕਾ ਮਿਲਿਆ। ਨਾਲ ਹੀ ਮੈਂ ਸਿੱਖ ਸਮਾਚਾਰ ਪੱਤਰਾਂ ਵਿਚ ਵੀ ਸੂਚਨਾ ਛਪਵਾ ਦਿੱਤੀ ਕਿ ਜੋ ਵੀ ਪੁਰਸ਼ ਇਸ ਕੰਮ ਨਾਲ ਦਿਲਚਸਪੀ ਰੱਖਦਾ ਹੈ ਉਹ ਬੜੀ ਖੁਸ਼ੀ ਨਾਲ ਮੇਰੇ ਕੋਲ ਆਵੇ, ਮੇਰੇ ਅਨੁਵਾਦ ਨੂੰ ਦੇਖੇ ਤੇ ਜੇ ਕਿਤੇ ਲੋੜ ਪਵੇ ਤਾਂ ਉਸ ਨੂੰ ਸੋਧ ਦੇਵੇ। ਇਸ ਢੰਗ ਨਾਲ ਚਿੱਠੀ ਪੱਤਰ ਦਾ ਕੰਮ ਵਧ ਗਿਆ ਤੇ ਵਕਤ ਵੀ ਵਧੇਰੇ ਖਰਚ ਹੋਇਆ ਤੇ ਮੈਨੂੰ ਭਾਰਤ ਵਿਚ ਚੋਖਾ ਚਿਰ ਹੋਰ ਰਹਿਣਾ ਪਿਆ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਗਿਆਨੀ ਭਾਈ ਸਰਦੂਲ ਸਿੰਘ ਜੀ ਨੇ, ਕਪੂਰਥਲੇ ਦੇ ਪ੍ਰਸਿੱਧ ਸੁਰਗਵਾਸੀ ਵਿਦਵਾਨ ਭਾਈ ਸੰਤ ਸਿੰਘ ਜੀ ਨੇ ਅਤੇ ਅੰਮ੍ਰਿਤਸਰ ਦੇ ਭਾਈ ਪ੍ਰੇਮ ਸਿੰਘ ਜੀ ਨੇ ਮੇਰੇ ਟੀਕੇ ਨੂੰ ਦੇਖਣ ਪਿੱਛੋਂ ਹੇਠ ਲਿਖੀ ਚਿੱਠੀ ਮੈਨੂੰ ਦਿੱਤੀ ਸੀ:

"ਮਿਸਟਰ ਮੈਕਾਲਿਫ਼ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਜੋ ਉਲਥਾ ਕੀਤਾ ਹੈ ਅਸਾਂ ਅੰਗਰੇਜ਼ੀ ਦੇ ਜਾਣੂ ਵਿਦਵਾਨ ਸਿੱਖਾਂ ਦੀ ਸਹਾਇਤਾ ਨਾਲ ਚੰਗੀ ਤਰ੍ਹਾਂ ਪੜ੍ਹਿਆ ਹੈ। ਅਸਾਂ ਦਿਨ ਰਾਤ ਲਗਾਤਾਰ ਲਗਕੇ ਡੂਢ ਮਹੀਨੇ ਵਿੱਚ ਇਸ ਕਠਨ ਕੰਮ ਨੂੰ ਮੁਕਾਇਆ ਹੈ। ਜਿੱਥੇ ਕਿਧਰੇ ਸਾਨੂੰ ਕੋਈ ਗਲਤੀ ਮਲੂਮ ਹੋਈ ਅਸਾਂ ਮਿਲ ਕੇ ਵਿਚਾਰ ਕੀਤੀ ਅਤੇ ਯਾ ਤਾਂ ਠੀਕ ਕਰ ਦਿੱਤੀ ਜਾਂ ਮਿਸਟਰ ਮੈਕਾਲਿਫ਼ ਦੇ ਉਲਥੇ ਨੂੰ ਉਸੇ ਤਰ੍ਹਾਂ ਰਹਿਣ ਦਿੱਤਾ। ਸੋ ਹੁਣ ਅਸੀਂ ਪ੍ਰਗਟ ਕਰਦੇ ਹਾਂ ਕਿ ਮਿਸਟਰ ਮੈਕਾਲਿਫ਼ ਸਾਹਿਬ ਦਾ ਤਰਜਮਾ ਅਸਾਂ ਚੰਗੀ ਤਰ੍ਹਾਂ ਸੋਧਿਆ ਹੈ ਅਤੇ ਹੁਣ ਇਹ ਸਾਰਾ ਠੀਕ ਹੈ। ਵੱਡਾ ਧਿਆਨ ਇਸ ਗੱਲ ਦਾ ਰੱਖਿਆ ਗਿਆ ਹੈ ਕਿ ਉਲਥਾ ਸਿੱਖ ਅਸੂਲਾਂ ਦੇ ਅਨੁਸਾਰ ਹੋਵੇ। ਇਹ ਉਲਥਾ ਅੱਖਰੋ ਅੱਖਰ ਕੀਤਾ ਗਿਆ ਹੈ, ਅਤੇ ਵਿਆਕਰਣ ਅਤੇ ਬੋਲੀ ਦੇ ਨੇਮਾਂ ਅਨੁਸਾਰ ਬਿਲਕੁਲ ਠੀਕ ਹੈ।

ਅਸੀਂ ਹੁਣ ਰਾਜਿਆਂ ਮਹਾਰਾਜਿਆਂ, ਸਰਦਾਰਾਂ ਅਤੇ ਖ਼ਾਲਸਾ ਪੰਥ ਦੇ ਵਿਦਵਾਨਾਂ ਅਤੇ ਮੁਖੀਆਂ ਅੱਗੇ ਬੇਨਤੀ ਕਰਦੇ ਹਾਂ ਕਿ ਇਹ ਸਾਰੇ ਹੀ ਇਸ ਉਲਥੇ ਨੂੰ ਇਕ ਵੇਰ ਜ਼ਰੂਰ ਆਪ ਪੜ੍ਹਨ ਜਾਂ ਦੂਜਿਆਂ ਪਾਸੋਂ ਸੁਣਨ। ਇਹ ਪੜ੍ਹਨ ਤੋਂ ਉਨ੍ਹਾਂ ਨੂੰ ਪਤਾ ਲੱਗ ਜਾਵੇਗਾ ਕਿ ਮੈਕਾਲਿਫ਼ ਸਾਹਿਬ ਨੇ ਕਿੱਡੀ ਮਿਹਨਤ ਕੀਤੀ ਹੈ। ਨਾਲੇ ਇਸਦੇ ਪਾਠਕਾਂ ਨੂੰ ਗੁਰੂ ਜੀ ਦੇ ਅਸਲੀ ਉਪਦੇਸ਼ਾਂ ਦਾ ਵੀ ਗਿਆਨ ਹੋ ਜਾਵੇਗਾ ਤੇ ਉਹ ਇਸ ਤੋਂ ਲਾਭ ਉਠਾਉਣਗੇ। ਉਲਥਕਾਰ ਨੇ ਇਕ ਵੱਡੀ ਸਰਕਾਰੀ ਨੌਕਰੀ ਛੱਡਕੇ ਇਸ ਕੰਮ ਉੱਪਰ ਬਿਅੰਤ ਧਨ ਖ਼ਰਚ ਕੀਤਾ ਹੈ, ਇਸ ਲਈ ਪਾਠਕਾਂ ਨੂੰ ਮੈਕਾਲਿਫ਼ ਸਾਹਿਬ ਦੀ ਹਰ ਤਰ੍ਹਾਂ ਦੀ ਜ਼ਰੂਰੀ ਸਹਾਇਤਾ ਕਰਨੀ ਚਾਹੀਦੀ ਹੈ।"

ਇਸ ਤਰ੍ਹਾਂ ਵਿਦਵਾਨ ਤੇ ਸਿਆਣੇ ਸਿੱਖਾਂ ਵਲੋਂ ਲਿਖੀਆਂ ਗਈਆਂ ਚਿੱਠੀਆਂ ਦੇ ਬੱਬਿਆਂ ਦੇ ਬੱਬੇ ਮੇਰੇ ਕੋਲ ਆਏ। ਸਿੱਖਾਂ ਦੇ ਸਮਾਚਾਰ-ਪੱਤਰਾਂ ਅਤੇ ਅੰਗਰੇਜ਼ੀ ਤੇ ਪਰਦੇਸੀ ਸਮਾਚਾਰ-ਪੱਤਰਾਂ ਵਿਚ ਅਨੇਕਾਂ ਲੇਖ ਪ੍ਰਕਾਸ਼ਤ ਹੋਏ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਸਿੱਖਾਂ ਦੇ ਮਨ ਵਿੱਚ ਅਜਿਹੀ ਪੁਸਤਕ ਦੇ ਛਪ ਜਾਣ ਦੀ ਭਾਰੀ ਖੁਸ਼ੀ ਹੈ। ਇਹਨਾਂ ਸਮਾਚਾਰ ਪੱਤਰਾਂ ਦੇ ਲੇਖਾਂ ਵਿਚੋਂ 'ਖ਼ਾਲਸਾ' ਪੱਤਰ ਦਾ ਲੇਖ ਹੇਠਾਂ ਦੇਣ ਦੀ ਆਗਿਆ ਚਾਹੁੰਦਾ ਹਾਂ :—

"ਇਸ ਗੱਲ ਤੋਂ ਕੋਈ ਨਾਂਹ ਨਹੀਂ ਕਰ ਸਕਦਾ ਕਿ ਮੈਕਾਲਿਫ਼ ਸਾਹਿਬ ਦੀ ਪੁਸਤਕ ਦੇ ਪ੍ਰਕਾਸ਼ਤ ਹੋਣ ਨਾਲ ਸਾਡੇ ਇਤਿਹਾਸ ਵਿੱਚ ਇੱਕ ਨਵਾਂ ਜੁਗ ਆਰੰਭ ਹੋਵੇਗਾ। ਸਾਡੀ ਧਰਮ ਪੁਸਤਕ ਭਾਵੇਂ ਸਾਡੀ ਆਪਣੀ ਬੋਲੀ ਵਿੱਚ ਹੀ ਲਿਖੀ ਹੋਈ ਹੈ, ਪਰ ਫਿਰ ਵੀ ਉਸ ਵਲੋਂ ਲੋਕੀ ਇਡੇ ਬੇਪ੍ਰਵਾਹ ਹਨ ਕਿ ਇਹ ਆਖ ਦੇਣਾ ਵੀ ਕੋਈ ਗੱਪ ਨਹੀਂ ਹੋਵੇਗੀ ਕਿ ਸੌ ਵਿਚੋਂ ਨੱਬੇ ਸਿੱਖ ਆਪਣੇ ਗੁਰੂ ਦੀ ਬਾਣੀ ਨੂੰ ਨਹੀਂ ਸਮਝਦੇ। ਜਿਹੜੇ ਸਾਡੇ ਭਰਾ

ਅੰਗਰੇਜ਼ੀ ਪੜ੍ਹਦੇ ਹਨ ਉਨ੍ਹਾਂ ਨੂੰ ਕੋਈ ਪਤਾ ਹੀ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਕੀ ਕੀ ਸਚਿਆਈਆਂ ਤੇ ਉੱਚੇ ਭਾਵ ਭਰੇ ਪਏ ਹਨ। ਬਾਲਪਨ ਤੋਂ ਹੀ ਇਨ੍ਹਾਂ ਅੰਗਰੇਜ਼ੀ ਪੜ੍ਹੇ ਭਰਾਵਾਂ ਦੇ ਮਨ ਦੀ ਘਾੜਤ ਇਹੋ ਜਿਹੀ ਘੜੀ ਜਾਂਦੀ ਹੈ ਕਿ ਉਹ ਅੰਗਰੇਜ਼ੀ ਦੇ ਬਿਨਾਂ ਕਿਸੇ ਹੋਰ ਬੋਲੀ ਵਿੱਚ ਨਾ ਗੱਲ ਕਰ ਸਕਦੇ ਹਨ ਅਤੇ ਨਾ ਹੀ ਕੁਝ ਲਿਖ ਸਕਦੇ ਹਨ। ਇਹ ਗੱਲ ਵੀ ਸੱਚੀ ਜਾਣਨੀ ਕਿ ਉਨ੍ਹਾਂ ਵਿੱਚੋਂ ਬਹੁਤ ਸਾਰੇ ਤਾਂ ਅਜਿਹੇ ਹਨ ਜਿਹੜੇ ਆਪਣੀ ਮਾਤ ਭਾਸ਼ਾ ਵਿੱਚ ਸੋਚ ਵੀ ਨਹੀਂ ਸਕਦੇ। ਅਜਿਹੀ ਦਸ਼ਾ ਵਿੱਚ ਸਾਰੀ ਪਵਿੱਤਰ ਬਾਣੀ ਦਾ ਤਰਜਮਾ ਓਸ ਵਿਦਵਾਨ ਸ਼੍ਰੇਣੀ ਨੂੰ ਬਹੁਤ ਛੇਤੀ ਖਿੱਚ ਪਾਏਗਾ, ਜਿਹੜੀ ਦਿਨੋ ਦਿਨ ਵੱਧ ਰਹੀ ਹੈ ਅਤੇ ਜਿਸ ਸ਼੍ਰੇਣੀ ਨੇ ਵਿਚਾਰਾਂ ਦੇ ਮੈਦਾਨ ਵਿਚ ਅਗਵਾਈ ਕਰਨੀ ਹੈ, ਇਹ ਗੱਲ ਸਮੇਂ ਦੀ ਦਸ਼ਾ ਤੋਂ ਹੀ ਪ੍ਰਗਟ ਹੈ। ਅੱਗੇ ਹੀ ਪੱਛਮੀ ਸੱਭਿਅਤਾ ਕਰ ਕੇ ਸਵੈਤੰਤ੍ਰਤਾ ਨਾਲ ਵਿਚਾਰ ਕਰਨ ਤੇ ਕੰਮ ਕਰਨ ਦੇ ਸੁਭਾਉ ਵਾਲੇ ਬਣ ਜਾਣ ਕਰਕੇ ਵਿਦਿਆਰਥੀਆਂ ਦੇ ਮਨ ਇਸ ਗੱਲ ਲਈ ਠੀਕ ਯੋਗ ਹੋਣਗੇ ਕਿ ਉਹ ਸਿੱਖ ਅਸੂਲਾਂ ਨੂੰ ਸਮਝ ਸਕਣ ਅਤੇ ਇਨ੍ਹਾਂ ਨੇਮਾਂ ਨੂੰ ਆਪ ਸਮਝਕੇ ਦੇਸਾਂ ਬਦੇਸ਼ਾਂ ਵਿੱਚ ਇਸਦਾ ਪ੍ਰਚਾਰ ਕਰਕੇ ਪ੍ਰਸੰਨ ਹੋਣ। ਇਸ ਤੋਂ ਬਿਨਾਂ ਇਹ ਲਾਭ ਵੀ ਹੋਵੇਗਾ ਕਿ ਗੁਰੂ ਸਾਹਿਬਾਂ ਅਤੇ ਸ਼ਹੀਦਾਂ ਸਬੰਧੀ ਜਿਹੜੀ ਬਹੁਤ ਸਾਰੀ ਗ਼ਲਤ ਫਹਿਮੀ ਪਈ ਹੋਈ ਹੈ, ਉਹ ਦੂਰ ਹੋ ਜਾਵੇਗੀ ਅਤੇ ਵਿਚਾਰਵਾਨ ਲੋਕਾਂ ਨੂੰ ਪਤਾ ਲੱਗ ਜਾਵੇਗਾ ਤੇ ਉਹ ਆਪਣੀ ਅੱਖੀਂ ਵੇਖ ਲੈਣਗੇ ਕਿ ਸਿੱਖ ਧਰਮ ਦੀ ਸਿੱਖਿਆ ਦਾ ਕੀ ਆਸ਼ਾ ਹੈ। ਕਈ ਗ਼ਦਾਰ ਲੇਖਕ ਜਿਹੜੇ ਆਪਣੇ ਧਨਾਢ ਅਤੇ ਰਸੂਖ ਵਾਲੇ ਗੁਆਂਢੀਆਂ ਨੂੰ ਪ੍ਰਸੰਨ ਕਰਨ ਲਈ ਸਾਡੇ ਮਹਾਂਪੁਰਖਾਂ ਦੇ ਨਾਮ ਕਈ ਅਜਿਹੀਆਂ ਝੂਠੀਆਂ ਗੱਲਾਂ ਥੱਪ ਦੇਂਦੇ ਹਨ, ਜਿਹੜੀਆਂ ਉਨ੍ਹਾਂ ਨੇ ਨਾ ਕਦੇ ਕਹੀਆਂ ਤੇ ਨਾ ਹੀ ਕੀਤੀਆਂ ਹਨ, ਇਸ ਅੰਗਰੇਜ਼ੀ ਉਲਥੇ ਨਾਲ ਉਨ੍ਹਾਂ ਦਾ ਅਜਿਹਾ ਵਪਾਰ ਮੰਦਾ ਪੈ ਜਾਵੇਗਾ। ਮਨਮਤ ਦੀ ਮਿਲਾਵਟ ਸਿੱਖਾਂ ਅੰਦਰੋਂ ਦੂਰ ਹੋ ਜਾਵੇਗੀ ਅਤੇ ਤਤ ਖ਼ਾਲਸਾ ਨਵੇਂ ਸਿਰਿਓਂ ਸਿੱਧੇ ਰਾਹ ਤੁਰ ਪਵੇਗਾ।

ਯੂਰਪ ਅਤੇ ਅਮਰੀਕਾ ਦੇ ਧਾਰਮਕ ਹਿਰਦੇ ਉੱਪਰ ਵੀ ਸਿੱਖ ਬਾਣੀ ਦਾ ਕੋਈ ਘਟ ਅਸਰ ਨਹੀਂ ਪਵੇਗਾ। ਬੀਰਤਾ ਵਿਚ ਅੱਗੇ ਹੀ ਖ਼ਾਲਸਾ ਜੀ ਨੇ ਸਾਰੇ ਸੰਸਾਰ ਵਿੱਚ ਪ੍ਰਸਿੱਧਤਾ ਪਾ ਲਈ ਹੋਈ ਹੈ। ਪਰ-ਜਦੋਂ ਸਾਡੇ ਮਹਾਂਪੁਰਸ਼ ਬਜ਼ੁਰਗਾਂ ਦੇ ਸ਼ਾਨਦਾਰ ਕਾਰਨਾਮਿਆਂ ਦਾ ਧਾਰਮਕ, ਭਾਈਚਾਰਕ ਦੁਨੀਆਂ ਵਿੱਚ ਦੂਰ ਦੂਰ ਪਤਾ ਲਗ ਜਾਵੇਗਾ ਤਾਂ ਖ਼ਾਲਸੇ ਦਾ ਨਾਮ ਧਰਮ ਵਿੱਚ ਵੀ ਦੁਨੀਆਂ ਉੱਤੇ ਪ੍ਰਕਾਸ਼ਮਾਨ ਹੋ ਜਾਵੇਗਾ। ਪ੍ਰੋਫੈਸਰ ਮੈਕਸ ਮੂਲਰ, ਵਿਲਸਨ, ਮੋਨੀਅਰ, ਵਿਲੀਅਮਜ਼ ਅਤੇ ਹੋਰ ਕਈ ਪ੍ਰਸਿੱਧ ਪੱਛਮੀ ਲਿਖਾਰੀਆਂ ਦੀ ਕਲਮ ਤੋਂ ਹਿੰਦੂ ਗ੍ਰੰਥਾਂ ਦੇ ਉਲਥੇ ਛਪੇ ਹੋਏ ਵੇਖ ਕੇ ਸਾਰੀ ਸਾਊ (ਸਭਯ) ਦੁਨੀਆਂ ਦਾ ਧਿਆਨ ਪੁਸਤਕਾਂ ਵਲ ਲੱਗ ਗਿਆ ਹੈ। ਇਨ੍ਹਾਂ ਉਲਥਿਆਂ ਨਾਲ ਸੈਂਕੜੇ ਵਿਦਵਾਨਾਂ ਅਤੇ ਧਾਰਮਕ ਤੱਤ ਦੇ ਖੋਜੀਆਂ ਦੀ ਹਮਦਰਦੀ ਹਿੰਦੂਆਂ ਨਾਲ ਹੋ ਗਈ ਹੈ। ਸਾਡੀ ਗੁਰਬਾਣੀ ਦੇ ਉਲਥੇ ਨਾਲ ਵੀ ਕੀ ਇਹ ਘਾਟੇ ਪੂਰੇ ਨਹੀਂ ਹੋਣਗੇ? ਹੋਰਨਾਂ ਮੱਤਾਂ ਦੀਆਂ ਧਾਰਮਕ-ਪੁਸਤਕਾਂ ਵਾਂਗੂੰ ਸਾਡੇ ਧਰਮ ਗ੍ਰੰਥਾਂ ਵਿੱਚ

ਪ੍ਰੇਮ-ਕਹਾਣੀਆਂ ਅਤੇ ਸਵਾਰਥ ਲਈ ਲੜੇ ਗਏ ਯੁੱਧਾਂ ਜੰਗਾਂ ਦੇ ਹਾਲ ਨਹੀਂ ਹਨ। ਗੁਰਬਾਣੀ ਵਿੱਚ ਕੇਵਲ ਉੱਚੀ ਤੋਂ ਉੱਚੀ ਸਚਿਆਈ ਹੈ, ਜਿਸਨੂੰ ਪੜ੍ਹ ਕੇ ਪਾਠਕ ਦੀ ਆਤਮਕ, ਮਾਨਸਕ ਅਤੇ ਭਾਈਚਾਰਕ ਅਵਸਥਾ ਜ਼ਰੂਰ ਉੱਚੀ ਹੁੰਦੀ ਹੈ। ਗੁਰਬਾਣੀ ਵਿਚ ਕਿਸੇ ਇਕ ਮਤਿ ਦੀ ਖਾਸ ਵਡਿਆਈ ਦਾ ਨਿਸ਼ਾਨ ਵੀ ਨਹੀਂ, ਇਸ ਵਿਚ ਉਹ ਸਭ ਤੋਂ ਪਵਿੱਤਰ ਅਤੇ ਉੱਚੇ ਅਸੂਲਾਂ ਦਾ ਉਪਦੇਸ਼ ਹੈ, ਜਿਨ੍ਹਾਂ ਨਾਲ ਮਨੁੱਖ ਇੱਕ ਦੂਜੇ ਨੂੰ ਭਰਾ-ਭਰਾ ਸਮਝਕੇ ਸੇਵਾ ਕਰਨ ਅਤੇ ਭਰੋਸੇ ਵਾਲੇ ਦਿਲਾਂ ਵਿੱਚ ਉਤਸ਼ਾਹ ਪੈਦਾ ਹੋਵੇ ਕਿ ਉਹ ਦੂਜਿਆਂ ਦੀ ਸੇਵਾ ਲਈ ਤੇ ਉਨ੍ਹਾਂ ਦੀ ਖ਼ਾਤਰ ਆਪਣਾ ਤਨ ਮਨ ਧਨ ਵੀ ਵਾਰ ਦੇਣ।"

ਸਵਰਗਵਾਸੀ ਸ੍. ਬਾਬਾ ਖੇਮ ਸਿੰਘ ਜੀ ਕੇ.ਸੀ.ਆਈ. ਈ, ਜਿਹੜੇ ਕਾਨੂੰਨ ਘੜਨ ਵਾਲੀ ਸਭਾ ਦੇ ਮੈਂਬਰ ਵੀ ਹਨ, ਅਤੇ ਸਿੱਖਾਂ ਵਿੱਚ ਜਿਨ੍ਹਾਂ ਦਾ ਚੋਖਾ ਸਤਿਕਾਰ ਤੇ ਮਾਣ ਸੀ, ਉਨ੍ਹਾਂ ਨੇ ਮੈਨੂੰ ਲਿਖਿਆ ਸੀ :

"ਸਿੱਖ ਕੌਮ ਦੇ ਬੜੇ ਚੰਗੇ ਭਾਗ ਹਨ, ਜੋ ਇਸ ਨੂੰ ਤੁਹਾਡੇ ਜਿਹਾ ਕ੍ਰਿਪਾਲੂ ਮਿੱਤਰ ਮਿਲਿਆ ਹੋਇਆ ਹੈ। ਤੁਹਾਡੇ ਖਿਆਲ ਸੁਭਾਵਕ ਹੀ ਸਿੱਖ ਕੌਮ ਦੇ ਲਾਭ ਵੱਲ ਮੁੜੇ ਹੋਏ ਹਨ। ਸਿੱਖਾਂ ਨੂੰ ਹਮੇਸ਼ਾਂ ਲਈ ਆਪਦਾ ਧੰਨਵਾਦੀ ਅਤੇ ਕ੍ਰਿਤਾਰਥ ਹੋਣਾ ਚਾਹੀਦਾ ਹੈ। ਮੈਨੂੰ ਆਪਦੀ ਪੁਸਤਕ ਦੀ ਪ੍ਰਸ਼ੰਸਾ ਕਰਕੇ ਬੜੀ ਖੁਸ਼ੀ ਪ੍ਰਾਪਤ ਹੋ ਰਹੀ ਹੈ। ਆਪ ਨੇ ਇੱਡੇ ਵੱਡੇ ਕੰਮ ਦੇ ਸੰਪੂਰਨ ਕਰਨ ਲਈ ਬਹੁਤ ਕਸ਼ਟ ਆਪਣੇ ਆਪ ਉੱਤੇ ਝੱਲੇ ਹਨ।"

ਬਾਬਾ ਸੁਮੇਰ ਸਿੰਘ ਜੀ, ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਅਸਥਾਨ ਦੇ ਮਹੰਤ ਹਨ, ਨੇ ਮੈਨੂੰ ਚਿੱਠੀ ਲਿਖੀ ਸੀ :

> "ਮੈਂ ਆਪ ਦੇ ਇਸ ਯਤਨ ਦੀ ਪੂਰੀ ਤਰ੍ਹਾਂ ਸ਼ਲਾਘਾ ਕਰਦਾ ਹਾਂ, ਜੋ ਆਪ ਨੇ ਆਪਣੇ ਉਲਥੇ ਵਿਚ ਅੱਖਰੀ ਉਲਥਾ ਕਰਨ ਦੀ ਬਜਾਏ ਅਸਲੀ ਭਾਵ ਨੂੰ ਮੁੱਖ ਰੱਖਿਆ ਹੈ ਅਤੇ ਜਿੱਥੇ ਕਿਤੇ ਇਹ ਡਰ ਸੀ ਕਿ ਸ਼ਬਦਾਂ ਤੋਂ ਅਸਲੀ ਭਾਵ ਦਾ ਪਤਾ ਨਹੀਂ ਲਗਦਾ ਉਥੇ ਆਪ ਨੇ ਹਰ ਜਗ੍ਹਾ ਹੇਠਾਂ ਫੁਟ ਨੋਟ ਦਿੱਤੇ ਹਨ।"

ਭਾਈ ਹਜ਼ਾਰਾ ਸਿੰਘ ਜੀ ਗਿਆਨੀ ਜਿਨ੍ਹਾਂ ਦੀ ਹੁਣ ਮ੍ਰਿਤੂ ਹੋ ਚੁੱਕੀ ਹੈ, ਅਤੇ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਸ਼ ਵੀ ਤਿਆਰ ਕੀਤਾ ਸੀ, ਨੇ ਮੇਰੀ ਪੁਸਤਕ ਨੂੰ ਪੜ੍ਹ ਕੇ ਮੈਨੂੰ ਇਸ ਤਰ੍ਹਾਂ ਲਿਖਿਆ ਹੈ :

> "ਮੈਂ ਮੈਕਾਲਿਫ਼ ਸਾਹਿਬ ਦਾ ਕੀਤਾ ਹੋਇਆ ਜਪੁਜੀ ਦਾ ਸਾਰਾ ਉਲਥਾ ਪੜ੍ਹਿਆ ਹੈ। ਉਲਥਾਕਾਰ ਨੇ ਬਹੁਤ ਯਤਨ ਕੀਤਾ ਹੈ ਕਿ ਉਲਥਾ ਸੰਪਰਦਾਈ ਅਰਥਾਂ ਅਨੁਸਾਰ ਹੀ ਹੋਵੇ। ਮੇਰੀ ਇੱਛਾ ਹੈ ਕਿ ਗੁਰੂ ਇਸ ਕੰਮ ਨੂੰ ਤੋੜ ਚਾੜ੍ਹੇ। ਸਭ ਤੋਂ ਵੱਡੀ ਖੁਸ਼ੀ ਮੈਨੂੰ ਓਸ ਵੇਲੇ ਹੋਵੇਗੀ ਜਿਸ ਵੇਲੇ ਇਹ ਸਾਰਾ ਉਲਥਾ ਛਪ ਜਾਵੇਗਾ।"

ਅੰਮ੍ਰਿਤਸਰ ਤੋਂ ਸਿੰਘ ਸਭਾ ਨੇ ਮੈਨੂੰ ਮਾਨ-ਪੱਤਰ ਦਿੱਤਾ ਹੈ, ਜਿਸਦਾ ਭਾਵ ਇਸ ਤਰ੍ਹਾਂ ਹੈ :

"ਪ੍ਰਸਿੱਧ ਵਿਦਵਾਨਾਂ ਤੇ ਗਿਆਨੀਆਂ ਤੋਂ ਸਾਨੂੰ ਪਤਾ ਲੱਗਾ ਹੈ ਕਿ ਆਪ ਵੀਹ ਵਰ੍ਹਿਆਂ ਤੋਂ ਵੀ ਵੱਧ ਸਮੇਂ ਤੋਂ ਸਾਰੀਆਂ ਧਾਰਮਿਕ ਪੁਸਤਕਾਂ ਦਾ ਅਧਿਐਨ ਕਰ ਰਹੇ ਹੋ।

ਤੁਸੀਂ ਇੱਕ ਵੱਡੀ ਸਰਕਾਰੀ ਨੌਕਰੀ ਤੋਂ ਵੀ ਤਿਆਗ-ਪੱਤਰ ਦੇ ਦਿੱਤਾ ਹੈ ਅਤੇ ਅੱਜਕਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਹੀ ਉਲਥਾ ਕਰਨ ਦੇ ਯਤਨ ਵਿਚ ਲੀਨ ਹੋ। ਤੁਸੀਂ ਇਸ ਅਨੁਵਾਦ ਨੂੰ ਸੱਤ ਕੁ ਵਾਰੀ ਠੀਕ ਸੋਧਿਆ ਹੈ ਤੇ ਹੁਣ ਤੁਹਾਡਾ ਇਹ ਕੰਮ ਨੇਪਰੇ ਚੜ੍ਹ ਗਿਆ ਹੈ। ਇਸ ਨਾਲੋਂ ਵਧੇਰੇ ਸੋਧ ਕਰਨੀ ਮਨੁੱਖੀ ਸ਼ਕਤੀ ਤੋਂ ਬਾਹਰ ਦੀ ਗੱਲ ਹੈ। ਇਹ ਅਨੁਵਾਦ ਕਰਨ ਵਿਚ ਨਾ ਕੇਵਲ ਤੁਸੀਂ ਆਪਣਾ ਕੀਮਤੀ ਸਮਾਂ ਹੀ ਲਾਇਆ, ਸਗੋਂ ਤੁਸਾਂ ਆਪਣਾ ਧਨ ਵੀ ਚੋਖਾ ਖਰਚ ਕੀਤਾ ਹੈ। ਡਾਕਟਰ ਟਰੰਪ ਦਾ ਉਲਥਾ ਨਾ ਸਿਰਫ ਕਾਫੀ ਹੱਦ ਤੱਕ ਗਲਤ ਹੀ ਹੈ ਸਗੋਂ ਸਿੱਖ ਧਰਮ ਲਈ ਹਾਨੀ ਪਹੁੰਚਾਉਣ ਵਾਲਾ ਵੀ ਹੈ। ਬੜੇ ਚਿਰ ਤੋਂ ਇਕ ਅਜਿਹੇ ਅਨੁਵਾਦ ਦੀ ਅਸੀਂ ਲੋੜ ਮਹਿਸੂਸ ਕਰਦੇ ਸੀ, ਆਪਨੂੰ ਸਰਬ ਸ਼ਕਤੀਮਾਨ ਨੇ ਪ੍ਰੇਰਨਾ ਦਿੱਤੀ ਤਾਂ ਕਿ ਇਹ ਲੋੜ ਪੂਰੀ ਹੋ ਸਕੇ। ਚੰਗਾ ਹੁੰਦਾ ਜੇ ਇਹ ਅਨੁਵਾਦ ਅਸੀਂ ਆਪ ਕਰ ਸਕਦੇ, ਪਰ ਪ੍ਰਮਾਤਮਾ ਨੇ ਇਹ ਮਾਨ ਤੁਹਾਨੂੰ ਹੀ ਦੇਣਾ ਸੀ। ਜਿਵੇਂ ਕਿ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਮੁੱਖੋਂ ਉਚਾਰਿਆ ਸੀ ਕਿ ਸਮੁੰਦਰ ਪਾਰ ਤੋਂ ਕੋਈ ਆਦਮੀ ਆਕੇ ਸਿੱਖਾਂ ਦੀ ਸਹਾਇਤਾ ਕਰਨਗੇ, ਸੋ ਤੁਸੀਂ ਠੀਕ ਹੀ ਸਮੁੰਦਰ ਪਾਰੋਂ ਆ ਕੇ ਸਾਡੀ ਮਾਨਸਿਕ ਤੇ ਸਰੀਰਿਕ ਸਹਾਇਤਾ ਕਰ ਰਹੇ ਹੋ।[1] ਸਾਡੇ ਸਿੱਖ ਵੀਰ, ਜਿਹੜੇ ਖਾਂਦੇ ਪੀਂਦੇ ਹਨ, ਅਸੀਂ ਉਨ੍ਹਾਂ ਅੱਗੇ ਬੇਨਤੀ ਕਰਦੇ ਹਾਂ ਕਿ ਉਹ ਇਸ ਅਨੁਵਾਦ ਦੇ ਪ੍ਰਕਾਸ਼ਿਤ ਹੋਣ ਵਿਚ ਪੂਰੀ ਪੂਰੀ ਸਹਾਇਤਾ ਦੇਣ, ਸਾਨੂੰ ਵਿਸ਼ਵਾਸ ਹੈ ਕਿ ਸਾਡੀ ਇਹ ਬੇਨਤੀ ਅਜਾਈਂ ਨਹੀਂ ਜਾਵੇਗੀ। ਹੁਣ ਤੁਸੀਂ ਸਾਡੀਆਂ ਮਰਯਾਦਾਵਾਂ, ਸਾਡੇ ਪਵਿੱਤਰ ਗ੍ਰੰਥਾਂ ਅਤੇ ਧਾਰਮਿਕ ਨਿਯਮਾਂ ਤੋਂ ਚੰਗੀ ਤਰ੍ਹਾਂ ਜਾਣੂ ਹੋ ਗਏ ਹੋ, ਇਸ ਲਈ ਅਸੀਂ ਤੁਹਾਥੋਂ ਇਹ ਆਸ ਰੱਖਦੇ ਹਾਂ, ਜੋ ਤੁਸੀਂ ਉਸ ਇਕਰਾਰ ਨੂੰ ਪੂਰਾ ਕਰੋਗੇ, ਜੋ ਤੁਸਾਂ ਸਿੱਖਾਂ ਨਾਲ ਆਪਣੀ ਚਿੱਠੀ ਵਿਚ ਕੀਤਾ ਸੀ ਕਿ ਤੁਸੀਂ ਕੋਈ ਅਜਿਹੀ ਗੱਲ ਨਹੀਂ ਲਿਖੋਗੇ ਜੋ ਸਿੱਖ ਧਰਮ ਦੇ ਵਿਰੁੱਧ ਹੋਵੇਗੀ। ਤੁਸੀਂ ਹੁਣ ਗੁਰੂ ਸਾਹਿਬਾਨ ਦੇ ਜੀਵਨ ਲਿਖਣ ਵਾਲੇ ਹੋ ਸਾਡੀ ਇੱਛਾ ਹੈ ਕਿ ਤੁਸੀਂ 'ਗੁਰ ਬਿਲਾਸ', 'ਸੂਰਜ ਪ੍ਰਕਾਸ਼' ਅਤੇ ਹੋਰ ਅਜਿਹੀਆਂ ਪੁਸਤਕਾਂ ਪੜ੍ਹ ਲਵੋ ਜਿਹੜੀਆਂ ਪ੍ਰਾਚੀਨ ਗ੍ਰੰਥਾਂ ਤੇ ਆਧਾਰਿਤ ਹਨ, ਪਰ ਜਿਨ੍ਹਾਂ ਪੁਸਤਕਾਂ ਨੂੰ ਹੰਦਾਲੀਆਂ ਤੇ ਕਬੀਰ ਪੰਥੀਆਂ ਨੇ ਵਿਗਾੜ ਨਹੀਂ ਦਿੱਤਾ ਤੇ ਜਿਨ੍ਹਾਂ ਵਿੱਚ ਕਵੀਆਂ ਨੇ ਸਾਡੇ ਧਰਮ ਵਿਚ ਓਪਰੀ ਮਿਲਾਵਟ ਨਹੀਂ ਕੀਤੀ। ਜੇ ਤੁਸੀਂ ਸਾਡੀ ਇਹ ਬੇਨਤੀ ਪਰਵਾਨ ਕਰ ਲਵੋ ਤਾਂ ਖ਼ਾਲਸਾ ਤੇ ਸਾਰੀ ਸਿੱਖ ਕੌਮ ਆਪਦੀ ਧੰਨਵਾਦੀ ਹੋਵੇਗੀ। ਅੰਤ ਵਿੱਚ ਅਸੀਂ ਅਕਾਲ ਪੁਰਖ ਅੱਗੇ ਬੇਨਤੀ ਕਰਦੇ ਹਾਂ ਕਿ ਉਹ ਸਮੁੰਦਰੀ ਸਫਰ ਵਿੱਚ ਹਰ ਤਰ੍ਹਾਂ ਨਾਲ ਆਪ ਦੀ ਰੱਖਿਆ ਕਰੇ ਅਤੇ ਆਪਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰੇ ਅਤੇ ਤੁਸੀਂ ਸਦਾ ਹੀ ਸਾਡੇ ਮਤ ਅਤੇ ਧਰਮ ਦੇ ਸ਼ੁਭਚਿੰਤਕ ਤੇ ਸਹਾਇਕ ਬਣੇ ਰਹੋ। ਅਸੀਂ ਸੱਚੇ ਦਿਲ ਨਾਲ ਆਸ ਰੱਖਦੇ ਹਾਂ ਕਿ ਆਪਦੀ ਪੁਸਤਕ ਬਹੁਤ ਛੇਤੀ ਹਰ ਇੱਕ ਸੱਚੇ ਸਿੱਖ ਦੀ ਲਾਇਬਰੇਰੀ ਵਿੱਚ ਮੌਜੂਦ ਹੋਵੇਗੀ।"

ਭਾਵੇਂ ਅਨੁਵਾਦ ਦੇ ਸਹੀ ਹੋਣ ਬਾਰੇ ਤੇ ਇਸ ਦੇ ਲਾਭਕਾਰੀ ਹੋਣ ਬਾਰੇ ਕਈਆਂ ਨੇ ਪ੍ਰਸ਼ੰਸਾ ਕੀਤੀ ਹੈ ਤੇ ਆਖਿਆ ਹੈ ਕਿ ਮੈਂ ਉਹਨਾਂ ਦੀ ਬਾਣੀ ਦਾ ਉਲਥਾ ਕਰਨ ਲੱਗਿਆਂ

1. ਇੱਥੇ ਸਿੰਘ-ਸਭਾ ਦੇ ਮੈਂਬਰ ਅੰਗਰੇਜ਼-ਭਗਤੀ ਤੇ ਚਾਪਲੂਸੀ ਦੇ ਭਰਮ ਵਿੱਚ ਫਸੇ ਜਾਪਦੇ ਹਨ।

ਨਿਰਪੱਖ ਰਹਿਣ ਦੀ ਕੋਸ਼ਿਸ਼ ਕੀਤੀ ਹੈ, ਪਰ ਸੰਭਵ ਹੈ ਫੇਰ ਵੀ ਕਈ ਅਜਿਹੇ ਵਿਅਕਤੀ ਹੋਣਗੇ ਜੋ ਸੈਂਕੜੇ ਲੇਖਾਂ ਨਾਲ ਸਹਿਮਤ ਨਹੀਂ ਹੋਣਗੇ। ਮੈਂ ਕਈ ਅਜਿਹੇ ਅਖੌਤੀ ਗਿਆਨੀ ਵੀ ਦੇਖੇ ਹਨ, ਜੋ ਬਾਣੀ ਦੇ ਅਰਥ ਕਰਨ ਲੱਗਿਆਂ ਖਿਡਾਰਾਂ ਕਰਦੇ ਹਨ ਅਤੇ ਇੱਕ ਇੱਕ ਤੁਕ ਦੇ ਕਈ ਕਈ ਅੱਡੋ ਅੱਡਰੇ ਅਰਥ ਦੱਸ ਸਕਦੇ ਹਨ। ਮੈਂ ਆਪਣੇ ਸਿੱਖ ਪਾਠਕਾਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਇਸ ਪੁਸਤਕ ਵਿਚ ਸਾਰੇ ਯੋਗ ਤੇ ਸੰਭਵ ਅਰਥਾਂ ਤੇ ਧਿਆਨ ਕਰ ਲਿਆ ਹੈ ਤੇ ਜੋ ਅਰਥ ਮੈਨੂੰ ਸਹੀ ਤੇ ਸਿੱਖ ਧਰਮ ਦੇ ਅਨੁਸਾਰ ਜਾਪੇ ਮੈਂ ਓਹੀਓ ਹੀ ਦਰਜ ਕੀਤੇ ਹਨ। ਜੇ ਕਿਤੇ ਦੋ ਜਾਂ ਤਿੰਨ ਅਰਥ ਵੀ ਜਚਦੇ ਦੇਖੇ ਤਾਂ ਉਹ ਹੇਠਾਂ ਫੁਟ ਨੋਟਾਂ ਵਿੱਚ ਲਿਖ ਦਿੱਤੇ ਹਨ।

ਜਿਸ ਸਮੇਂ ਮੈਂ ਉਲਥੇ ਨੂੰ ਸੰਪੂਰਨ ਕਰਨ ਲਿਆ ਤੇ ਕਈ ਗ੍ਰੰਥੀਆਂ, ਗਿਆਨੀਆਂ ਤੇ ਵਿਦਵਾਨਾਂ ਨੇ ਉਸਨੂੰ ਮਾਨਤਾ ਦੇ ਦਿੱਤੀ,ਤਾਂ ਮੈਂ ਸੋਚਿਆ ਕਿ ਗੁਰੂ ਸਾਹਿਬਾਨ ਭਗਤ ਜਨਾਂ ਤੇ ਹੋਰ ਸਿੱਖ ਲੇਖਕਾਂ ਦਾ ਜੀਵਨ ਲਿਖਣਾ ਵੀ ਅਵੱਸ਼ਕ ਹੈ। ਸੱਚੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਦੇ ਜੀਵਨ-ਬਿਰਤਾਂਤ ਬਾਣੀ ਦੇ ਉਲਥੇ ਨਾਲੋਂ ਕੋਈ ਘੱਟ ਲੋੜੀਂਦੇ ਨਹੀਂ ਹਨ, ਜ਼ਿਆਦਾ ਭਾਵੇਂ ਹੋਣ। ਪ੍ਰਸਿੱਧ ਸੁਰਗਵਾਸੀ ਵਿਦਵਾਨ ਪ੍ਰੋਫੈਸਰ ਮੈਕਸ ਮੂਲਰ ਸਾਹਿਬ ਨੂੰ ਹਿੰਦੂ ਗ੍ਰੰਥਾਂ ਦਾ ਚੋਖਾ ਗਿਆਨ ਸੀ। ਉਸਨੇ ਆਪਣੀ ਸਭ ਤੋਂ ਪਿਛਲੇਰੀ ਰਚਨਾ ਔਲਡ ਲੈਂਗ ਸਾਈਨ (Auld Lang Syne) ਵਿੱਚ ਸ਼ੋਕ ਦਾ ਪ੍ਰਗਟਾਵਾ ਕੀਤਾ ਹੈ ਕਿ ਦੁਨੀਆਂ ਨੂੰ ਸਿੱਖ ਸੁਧਾਰਕਾਂ ਦਾ ਭੋਰਾ ਪਤਾ ਨਹੀਂ। ਮੈਕਸ ਮੂਲਰ ਸਾਹਿਬ ਨੇ ਲਿਖਿਆ ਹੈ:

> "ਸ਼ੋਕ ਦੀ ਗੱਲ ਹੈ ਕਿ ਸਾਨੂੰ ਸਿੱਖਾਂ ਦੇ ਆਰੰਭਕ ਸੁਧਾਰਕ ਆਗੂਆਂ ਬਾਰੇ ਕੋਈ ਜਾਣਕਾਰੀ ਨਹੀਂ। ਸਿੱਖਾਂ ਦੀ ਧਾਰਮਿਕ ਪੁਸਤਕ ਗੁਰੂ ਗ੍ਰੰਥ ਸਾਹਿਬ ਹੈ, ਸੁਰਗਵਾਸੀ ਡਾਕਟਰ ਟਰੰਪ ਸਾਹਿਬ ਨੇ ਇਸ ਨੂੰ ਅੰਗਰੇਜ਼ੀ ਵਿੱਚ ਉਲਥਾ ਵੀ ਦਿੱਤਾ ਹੈ, ਪਰ ਇਹ ਗੱਲ ਹੁਣ ਪ੍ਰਗਟ ਹੁੰਦੀ ਹੈ ਕਿ ਟਰੰਪ ਸਾਹਿਬ ਦੇ ਉਲਥੇ ਉੱਤੇ ਕੋਈ ਯਕੀਨ ਨਹੀਂ ਰੱਖਿਆ ਜਾ ਸਕਦਾ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪ੍ਰਾਚੀਨ ਪੰਜਾਬੀ ਵਿਚ ਰਚੀ ਹੋਈ ਆਖੀ ਜਾਂਦੀ ਹੈ। ਪਹਿਲਾਂ ਅਸੀਂ ਖ਼ਿਆਲ ਕਰਦੇ ਸੀ ਕਿ ਵਰਤਮਾਨ ਪੰਜਾਬੀ ਬੋਲੀ ਤੋਂ ਜਾਣੂ ਹੋ ਕੇ ਇਕ ਵਿਦਵਾਨ ਥੋੜੀ ਜਿਹੀ ਮਿਹਨਤ ਨਾਲ ਉਸ ਪੰਜਾਬੀ ਨੂੰ ਵੀ ਸਮਝਣ ਯੋਗ ਹੋ ਜਾਵੇਗਾ, ਜੋ ਕਿ ਚਾਰ ਸੌ ਵਰ੍ਹੇ ਪਹਿਲਾਂ ਬੋਲੀ ਜਾਂਦੀ ਸੀ, ਪਰ ਇਹ ਗੱਲ ਉੱਕਾ ਠੀਕ ਨਹੀਂ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਖੋ ਵੱਖਰੀਆਂ ਕਈ ਸਥਾਨਕ ਅਤੇ ਵਿਸਰ ਚੁਕੇ ਪ੍ਰਾਚੀਨ ਅਖਾਣਾਂ ਨਾਲ ਭਰਪੂਰ ਹੈ। ਕਈਆਂ ਦਾ ਖ਼ਿਆਲ ਤਾਂ ਏਥੋਂ ਤੱਕ ਵੀ ਹੈ ਕਿ ਇਸ ਵਿਚ ਵਿਆਕਰਣ ਦੇ ਵੀ ਕੋਈ ਵਿਸ਼ੇਸ਼ ਨਿਯਮ ਨਹੀਂ ਹਨ। ਮੈਕਾਲਿਫ਼ ਸਾਹਿਬ ਕਈ ਵਰ੍ਹੇ ਸਿੱਖਾਂ ਵਿੱਚ ਰਿਹਾ ਹੈ ਤੇ ਗਿਆਨੀਆਂ ਦੀ ਸਹਾਇਤਾ ਨਾਲ ਉਸ ਨੇ ਗੁਰੂ ਗ੍ਰੰਥ ਸਾਹਿਬ ਵੱਲ ਚੋਖਾ ਧਿਆਨ ਦਿੱਤਾ ਹੈ ਅਤੇ ਇਸ ਵਿਚੋਂ ਉਸ ਨੇ ਬਹੁਤ ਸੁਹਣੀ ਰਚਨਾ ਦੀਆਂ ਕਈ ਦਿਲਚਸਪ ਵੰਨਗੀਆਂ ਸਾਨੂੰ ਦਿਖਾਈਆਂ ਹਨ।"

ਮੈਨੂੰ ਗੁਰੂ ਸਾਹਿਬ ਦੇ ਪ੍ਰਚਲਿਤ ਜੀਵਨ-ਬਿਰਤਾਂਤ ਤੇ ਇਤਿਹਾਸ ਪੜ੍ਹਨ ਦਾ ਮੌਕਾ ਮਿਲਿਆ ਹੈ, ਪਰ ਇਹ ਇਤਿਹਾਸ ਬੱਚਿਆਂ ਵਰਗੀਆਂ ਕਚੇਰੀਆਂ ਧਰਮ ਵਿਰੁੱਧ ਗੱਲਾਂ

ਨਾਲ ਭਰਪੂਰ ਹਨ। ਭਾਵ ਇਹ ਕਿ ਇਹਨਾਂ ਵਿਚ ਢਾਹੂ ਵਿਸਥਾਰ ਵਧੇਰੇ ਹੈ, ਇਸ ਲਈ ਉਹਨਾਂ ਦੇ ਧਾਰਮਿਕ ਆਗੂਆਂ ਦੇ ਪੂਰੇ ਜੀਵਨ ਲਿਖਣ ਲਈ ਮੈਨੂੰ ਕਈ ਸਾਲ ਵਿਦਵਾਨ ਸਿੱਖਾਂ ਨਾਲ ਰਲ ਕੇ ਵਿਚਾਰ-ਵਟਾਂਦਰਾ ਕਰਨ ਦੀ ਤੇ ਖੋਜ ਕਰਨ ਦੀ ਲੋੜ ਪਈ, ਤਾਂਕਿ ਉਹ ਉਹਨਾਂ ਦੀ ਬਾਣੀ ਦੇ ਵਿਰੁੱਧ ਨਾ ਹੋਣ। ਜਿਹੜੇ ਸਿੱਖੀ ਦੇ ਸ਼ਰਧਾਲੂਆਂ ਨੇ ਹਿੰਦੀ ਬੋਲੀ ਦੇ ਮਹਾਨ ਗ੍ਰੰਥ ਸੂਰਜ ਪ੍ਰਕਾਸ਼ ਅਤੇ ਜੰਨਮ ਸਾਖੀਆਂ ਰਾਹੀਂ ਗੁਰੂ ਜੀ ਦੇ ਚਰਿੱਤ੍ਰ ਪੜ੍ਹੇ ਹਨ, ਉਹ ਭਲੀ ਭਾਂਤੀ ਸਮਝ ਜਾਣਗੇ ਅਤੇ ਸ਼ਾਇਦ ਮੇਰਾ ਧੰਨਵਾਦ ਕਰਨਗੇ, ਕਿਉਂਕਿ ਮੈਂ ਉਨ੍ਹਾਂ ਦੇ ਧਰਮ ਦਾ ਅਜਿਹੇ ਢੰਗ ਨਾਲ ਪ੍ਰਗਟਾ ਕੀਤਾ ਹੈ ਜੋ ਕਿ ਹੂ-ਬ-ਹੂ ਗੁਰੂ ਸਾਹਿਬ ਦੇ ਆਸ਼ੇ ਅਤੇ ਉਹਨਾਂ ਦੀ ਬਾਣੀ ਦੇ ਅਨੁਕੂਲ ਹੈ। ਕਿਸੇ ਕਿਸਮ ਦੇ ਵੀ ਭੁਲੇਖੇ ਤੋਂ ਬਚਣ ਲਈ ਮੈਂ ਇਥੇ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਇਹ ਪੁਸਤਕ ਦੇ ਉਪਦੇਸ਼ਾਂ ਨੂੰ ਤੇ ਹੋਰ ਸਿੱਖਾਂ ਦੀਆਂ ਲਿਖਤਾਂ ਨੂੰ ਜਿਹੜੀਆਂ ਕਿ ਉਹਨਾਂ ਦੇ ਧਾਰਮਿਕ ਗ੍ਰੰਥਾਂ ਵਿੱਚ ਹਨ, ਠੀਕ ਠੀਕ ਤੇ ਅਸਲੀ ਰੂਪ ਵਿੱਚ ਪੇਸ਼ ਕਰਨ ਲਈ ਲਿਖੀ ਹੈ। ਇਸ ਵਿੱਚ ਉਨ੍ਹਾਂ ਨਖਿੱਧ ਵਹਿਮਾਂ ਤੇ ਧਰਮ ਵਿਰੁੱਧ ਰੀਤੀਆਂ ਦਾ ਕੋਈ ਵਰਣਨ ਨਹੀਂ, ਜੋ ਸਿੱਖ ਮਤ ਵਿੱਚ ਦੂਜਿਆਂ ਦੇ ਸੰਪਰਕ ਨਾਲ ਆ ਦਾਖਿਲ ਹੋਈਆਂ ਹਨ, ਅਤੇ ਜੋ ਸਿੱਖਾਂ ਨੂੰ ਆਪਣੇ ਧਰਮ ਤੋਂ ਲਾਂਭੇ ਲੈ ਜਾਂਦੀਆਂ ਹਨ।

ਏਥੇ ਇਹ ਦੱਸ ਦੇਣਾ ਵੀ ਜ਼ਰੂਰੀ ਹੈ ਕਿ ਮੈਂ ਸਿੱਖਾਂ ਨਾਲ ਇਕਰਾਰ ਕੀਤਾ ਸੀ ਕਿ ਮੈਂ ਇਹ ਪੁਸਤਕ ਸਿੱਖ ਧਰਮ ਦੇ ਦ੍ਰਿੜ੍ਹ ਨਿਯਮਾਂ ਅਨੁਸਾਰ ਹੀ ਲਿਖਾਂਗਾ। ਉਸੇ ਇਕਰਾਰ ਨੂੰ ਮੈਂ ਸਿਰੇ ਚਾੜ੍ਹਨ ਲਈ ਆਪਣੇ ਵਲੋਂ ਇੱਕ ਅੱਖਰ ਦਾ ਵਾਧਾ ਵੀ ਨਹੀਂ ਕੀਤਾ ਅਤੇ ਨਾ ਹੀ ਆਪਣੀ ਨਿੱਜੀ ਰਾਏ ਦਿੱਤੀ ਹੈ। ਇਸੇ ਲਈ ਉਹ ਕੌਤਕ ਤੇ ਕਰਾਮਾਤਾਂ ਵੀ ਜਿਨ੍ਹਾਂ ਨੂੰ ਸਿੱਖਾਂ ਵਿੱਚ ਠੀਕ ਮੰਨਿਆ ਜਾਂਦਾ ਹੈ ਸਤਿਕਾਰ ਨਾਲ ਇਸ ਪੁਸਤਕ ਵਿੱਚ ਸ਼ਾਮਿਲ ਕਰ ਦਿੱਤੀਆਂ ਹਨ।

ਸਿੱਖਾਂ ਵਿੱਚ ਹੁਣ ਇਹ ਸਵਾਲ ਪੈਦਾ ਹੋ ਗਿਆ ਹੈ ਕਿ ਗੁਰੂ ਗ੍ਰੰਥ ਦੇ ਇਸ ਉਲਥੇ ਨੂੰ ਉਹ ਕੀ ਪਦਵੀ ਦੇਣ? ਸਿੱਖਾਂ ਦਾ ਵਿਸ਼ਵਾਸ਼ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਜੋਤ ਹੀ ਦੂਜੇ ਗੁਰੂਆਂ ਵਿੱਚ ਪ੍ਰਕਾਸ਼ਮਾਨ ਹੋਈ ਸੀ, ਇਸ ਲਈ ਸਾਰੇ ਗੁਰੂ ਇਕੋ ਰੂਪ ਸਨ ਤੇ ਗੁਰੂ ਗ੍ਰੰਥ ਸਾਹਿਬ ਗੁਰਾਂ ਦੀ ਦੇਹ ਹੈ। ਦਸਵੇਂ ਗੁਰੂ ਤੋਂ ਮਗਰੋਂ ਕੋਈ ਗੁਰੂ ਪ੍ਰਗਟ ਨਹੀਂ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨੇ ਆਗਿਆ ਕੀਤੀ ਹੈ ਕਿ ਅੱਗੋਂ ਲਈ ਗੁਰੂ ਗ੍ਰੰਥ ਸਾਹਿਬ ਹੀ ਉਹਨਾਂ ਦੇ ਪ੍ਰਤੱਖ ਗੁਰੂ ਹੋਣਗੇ।

ਇਸ ਆਗਿਆ ਅਨੁਸਾਰ ਹੀ ਹੁਣ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੇਸ਼ਮੀ ਰੁਮਾਲਾਂ ਵਿੱਚ ਰੱਖਿਆ ਜਾਂਦਾ ਹੈ ਤੇ ਜਦ ਇਸਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਣਾ ਹੋਵੇ ਤਾਂ ਮੰਜੀ ਸਾਹਿਬ ਤੇ ਸੁਸ਼ੋਭਿਤ ਕਰਕੇ ਸ਼ਰਧਾਲੂ ਸਿੱਖ ਲੈ ਜਾਂਦੇ ਹਨ। ਮੇਰੇ ਕਈਆਂ ਪੱਕੇ ਸਿੱਖ ਮਿੱਤਰਾਂ ਨੂੰ ਸ਼ੰਕਾ ਸੀ ਕਿ ਮੈਂ ਮੂਲ ਬਾਣੀ ਦੇ ਕ੍ਰਮ ਅਨੁਸਾਰ ਹੀ ਸਾਰਾ ਉਲਥਾ ਕੀਤਾ ਤਾਂ ਇਸਦਾ ਪ੍ਰਦੇਸਾਂ ਵਿਚ ਉਤਨਾ ਸਤਿਕਾਰ ਨਹੀਂ ਹੋਵੇਗਾ ਜਿਤਨਾ ਕਿ ਭਾਰਤ ਵਿੱਚ ਹੈ। ਇਹੋ ਜਿਹੇ ਮਿੱਤਰਾਂ ਨੇ ਮੈਨੂੰ ਇਹ ਰਾਏ ਦਿੱਤੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਰਚੀ ਬਾਣੀ ਦੇ ਕ੍ਰਮ ਅਨੁਸਾਰ ਉਲਥਾ ਨਾ ਕੀਤਾ ਜਾਵੇ, ਸਗੋਂ ਕਿਸੇ ਹੋਰ ਤਰਤੀਬ ਨਾਲ ਉਲਥਾ

ਪ੍ਰਕਾਸ਼ਤ ਕੀਤਾ ਜਾਏ। ਮਾਨਯੋਗ ਧਾਰਮਿਕ ਸਿੱਖਾਂ ਦੀ ਇਸ ਸਲਾਹ ਨਾਲ ਮੈਨੂੰ ਚੋਖਾ ਲਾਭ ਹੋਇਆ, ਕਿਉਂਕਿ ਮੈਂ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਵਰਣਨ ਵਿੱਚ ਕਈ ਸ਼ਬਦ ਦੇ ਦਿੱਤੇ ਹਨ ਅਤੇ ਇਸ ਤਰ੍ਹਾਂ ਨਾਲ ਇਹ ਉਲਥਾ ਜੀਵਨ ਗਾਥਾ ਦਾ ਰੂਪ ਧਾਰਨ ਕਰ ਗਿਆ ਹੈ। ਇਸ ਤਰ੍ਹਾਂ ਕਰਨ ਨਾਲ ਹੁਣ ਇਹ ਪੁਸਤਕ ਨਾ ਸਿਰਫ ਯੂਰਪ ਦੇ ਵਾਸੀਆਂ ਨੂੰ ਪਸੰਦ ਆਵੇਗੀ, ਸਗੋਂ ਸਿੱਖਾਂ ਨੂੰ ਵੀ ਵਧੇਰੇ ਦਿਲਚਸਪ ਜਾਪੇਗੀ।

ਸਿਆਣੇ ਤੇ ਸੁਯੋਗ ਸਿੱਖਾਂ ਨੇ ਵੀ ਮੈਨੂੰ ਇਹ ਰਾਏ ਦਿੱਤੀ ਕਿ ਜਿੱਥੇ ਕਿਤੇ ਇਕ ਤੋਂ ਵੱਧ ਵਾਰੀ ਗੁਰਬਾਣੀ ਵਿੱਚ ਇਕੋ ਆਸ਼ੇ ਤੇ ਇਕੋ ਹੀ ਭਾਵ ਦਾ ਪ੍ਰਗਟਾ ਹੈ, ਉਸ ਵਿਚੋਂ ਇਕੋ ਦਾ ਉਲਥਾ ਦੇਣਾ ਕਾਫੀ ਹੈ। ਮਿਸਾਲ ਵਜੋਂ ਗੁਰੂ ਗ੍ਰੰਥ ਸਾਹਿਬ ਵਿਚ ਚਾਰ ਅਜਿਹੇ ਸ਼ਬਦ ਹਨ ਜਿਨ੍ਹਾਂ ਦਾ ਅਰੰਭ ਪਹਿਲੀ ਸਤਰ "ਪਹਿਲੈ ਪਹਿਰੈ ਰੈਣ ਕੇ ਵਣਜਾਰਿਆ ਮਿਤ੍ਰਾ ਨਾਲ ਹੁੰਦਾ ਹੈ। ਇਨ੍ਹਾਂ ਵਿਚੋਂ ਦੋ ਸ਼ਬਦ ਗੁਰੂ ਨਾਨਕ ਸਾਹਿਬ ਦੇ ਹਨ ਤੇ ਤੀਜਾ ਗੁਰੂ ਰਾਮਦਾਸ ਜੀ ਦਾ ਅਤੇ ਚੌਥਾ ਸ੍ਰੀ ਗੁਰੂ ਅਰਜਨ ਸਾਹਿਬ ਦਾ ਹੈ। ਚਾਰੇ ਸ਼ਬਦ ਇਕੋ ਤਰ੍ਹਾਂ ਦੇ ਹਨ ਤੇ ਇਕੋ ਆਸ਼ੇ ਦੇ । ਅੱਖਰਾਂ ਦਾ ਵੀ ਬਹੁਤ ਥੋੜ੍ਹਾ ਅੰਤਰ ਹੈ। ਇਹੋ ਜਿਹੀ ਦਸ਼ਾ ਵਿਚ ਚਾਰੇ ਸ਼ਬਦਾਂ ਨੂੰ ਉਲਥਾ ਕਰਨ ਦੀ ਲੋੜ ਮਹਿਸੂਸ ਨਹੀਂ ਹੁੰਦੀ। ਭਾਵੇਂ ਇਹ ਠੀਕ ਹੈ ਕਿ ਕਈ ਧਰਮਾਂ ਵਿੱਚ ਤੇ ਉਹਨਾਂ ਦੀਆਂ ਧਾਰਮਿਕ ਪੁਸਤਕਾਂ ਵਿੱਚ ਇਕੋ ਗੱਲ ਨੂੰ ਬਾਰ ਬਾਰ ਦੁਹਰਾਇਆ ਜਾਂਦਾ ਹੈ। ਇਸਦਾ ਅਸਲੀ ਕਾਰਨ ਇਹ ਹੈ ਕਿ ਇਹਨਾਂ ਧਰਮਾਂ ਦੇ ਮਹਾਂਪੁਰਖਾਂ ਨੇ ਵੱਖ ਵੱਖ, ਥਾਵਾਂ ਤੇ ਇਕੱਤਰ ਹੋਏ ਸਰੋਤਿਆਂ ਨੂੰ ਜ਼ੁਬਾਨੀ ਹੀ ਉਪਦੇਸ਼ ਦਿੱਤੇ ਤੇ ਵਾਰ ਵਾਰ ਇਕੋ ਗੱਲ ਨੂੰ ਉਪਦੇਸ਼ਣ ਦਾ ਇਹ ਫਾਇਦਾ ਵੀ ਹੋਇਆ ਕਿ ਸੁਣਨ ਵਾਲਿਆਂ ਦੇ ਮਨਾਂ ਵਿੱਚ ਉਹਨਾਂ ਦੀ ਸਿੱਖਿਆ ਘਰ ਕਰ ਗਈ, ਪਰ ਇਕ ਪੁਸਤਕ ਜਿਸਨੂੰ ਕਿ ਪਾਠਕਾਂ ਨੇ ਜਿਸ ਵੇਲੇ ਜੀ ਕਰੇ ਪੜ੍ਹਨਾ ਹੈ, ਤਾਂ ਉਸ ਵਿੱਚ ਉਨ੍ਹਾਂ ਉਪਦੇਸ਼ਾਂ ਦੇ ਬਾਰ ਬਾਰ ਦੁਹਰਾਓ ਦੀ ਲੋੜ ਨਹੀਂ ਰਹਿੰਦੀ। ਤੇ ਨਾਲ ਹੀ ਇਹ ਗੱਲ ਵੀ ਹੈ ਕਿ ਇਹ ਪੁਸਤਕ ਯੂਰਪੀਨਾਂ ਤੇ ਸਿੱਖਾਂ ਦੋਨੋਂ ਤਰ੍ਹਾਂ ਦੇ ਪਾਠਕਾਂ ਲਈ ਰਚੀ ਗਈ ਹੈ। ਫੇਰ ਜੇ ਉਲਥਾ ਮੁੜ ਮੁੜ ਦੁਹਰਾ ਦੁਹਰਾ ਕੇ ਕੀਤਾ ਜਾਵੇ ਤਾਂ ਹੋ ਸਕਦੈ, ਪੁਸਤਕ ਉਤਨੀ ਦਿਲਚਸਪ ਨਾ ਰਹੇ ਤੇ ਡਰ ਹੈ ਕਿਤੇ ਕਈ ਸ਼ਰਧਾਲੂ ਪਾਠਕ ਇਸ ਨੂੰ ਬੇਸੁਆਦੀ ਕਾਰਨ ਪੜ੍ਹਨੋਂ ਹੀ ਨਾ ਹਟ ਜਾਣ।

ਮੈਨੂੰ ਇਸ ਗੱਲ ਦਾ ਵੀ ਅਹਿਸਾਸ ਹੈ ਕਿ ਮੇਰੇ ਲਈ ਸਾਰੇ ਧੜਿਆਂ ਦੀ ਇੱਛਾ ਨੂੰ ਪੂਰਾ ਕਰਨਾ ਅਸੰਭਵ ਹੈ। ਹੋ ਸਕਦੈ ਯੂਰਪੀਨ ਲੋਕ ਮੇਰੀ ਕਿਤਾਬ ਨੂੰ ਬਹੁਤ ਵੱਡੀ ਆਖਣ ਤੇ ਸਿੱਖ ਜਨਤਾ ਇਸਨੂੰ ਬਹੁਤ ਛੋਟੀ ਆਖੇ। ਸਿੱਖਾਂ ਨੂੰ ਤਾਂ ਮੈਂ ਕਹਿ ਦਿਆਂਗਾ ਕਿ ਵੱਡੇ ਵੱਡੇ ਸਿੱਖ ਵਿਦਵਾਨਾਂ ਦੀ ਰਾਏ ਅਨੁਸਾਰ ਹੀ ਮੈਂ ਇਸ ਤਰ੍ਹਾਂ ਕੀਤਾ ਹੈ। ਉਹਨਾਂ ਨੇ ਇਹ ਫੈਸਲਾ ਕੀਤਾ ਹੈ ਕਿ ਧਰਮ ਅਤੇ ਚੰਗੇਰੇ ਜੀਵਨ ਲਈ ਜਿਹੜੀ ਵੀ ਸਿੱਖਿਆ ਹੋ ਸਕਦੀ ਹੈ, ਉਹ ਬਾਕੀ ਨਹੀਂ ਛੱਡੀ। ਗੁਰੂ ਗ੍ਰੰਥ ਸਾਹਿਬ ਦਾ ਸਾਰਾ ਨਿਚੋੜ ਇਸ ਪੁਸਤਕ ਵਿੱਚ ਆ ਗਿਆ ਹੈ। ਜੇ ਕੋਈ ਸਿੱਖ ਵਿਅਕਤੀ ਇਸਦੇ ਅਨੁਸਾਰ ਰਹਿ ਕੇ ਆਪਣਾ ਜੀਵਨ ਗੁਜ਼ਾਰੇ ਤਾਂ ਉਹ ਨਿਸ਼ਚੈ ਹੀ ਅਕਾਲ ਪੁਰਖ ਨਾਲ ਅਭੇਦ ਹੋ ਜਾਏਗਾ ਤੇ ਉਸ ਨੂੰ ਸਚਖੰਡ ਵਿੱਚ ਵਾਸ ਮਿਲੇਗਾ।

ਸਰਕਾਰ ਨੂੰ ਸਿੱਖ ਧਰਮ ਤੋਂ ਬਹੁਤ ਫਾਇਦੇ ਹਨ, ਜਿਨ੍ਹਾਂ ਵਿੱਚੋਂ ਮੈਂ ਕੁਝ ਇਕ ਹੇਠਾਂ ਦਰਜ ਕਰਦਾ ਹਾਂ। ਇਕ ਵਾਰੀ ਗੁਰੂ ਤੇਗ ਬਹਾਦਰ ਸਾਹਿਬ ਜੇਲ੍ਹ ਦੀ ਸਭ ਤੋਂ ਉਤਲੀ ਛਤ ਉੱਤੇ ਖੜੇ ਹੋਏ ਸਨ ਤੇ ਔਰੰਗਜ਼ੇਬ ਨੇ ਸਮਝਿਆ ਕਿ ਗੁਰੂ ਜੀ ਦੱਖਣ ਵੱਲ ਮੇਰੇ ਮਹਿਲਾਂ ਨੂੰ ਦੇਖ ਰਹੇ ਹਨ। ਦੂਜੇ ਦਿਨ ਗੁਰੂ ਜੀ ਨੂੰ ਬੁਲਾਇਆ ਗਿਆ ਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਤੁਸੀਂ ਪੂਰਬੀ ਨਿਯਮਾਂ ਤੇ ਸ਼ਿਸਟਾਚਾਰ ਵਿਰੁੱਧ ਇੱਕ ਵੱਡਾ ਦੋਸ਼ ਕੀਤਾ ਹੈ। ਗੁਰੂ ਜੀ ਨੇ ਜਵਾਬ ਦਿੱਤਾ : "ਐ ਸ਼ਾਹ ਔਰੰਗਜ਼ੇਬ ! ਮੈਂ ਜੇਲ੍ਹ ਦੀ ਉਪਰਲੀ ਛੱਤ ਤੇ ਖੜਾ ਜ਼ਰੂਰ ਸੀ ਪਰ ਮੈਂ ਤੇਰੀਆਂ ਬੇਗਮਾਂ ਜਾਂ ਤੇਰੇ ਮਹਿਲਾਂ ਨੂੰ ਨਹੀਂ ਸੀ ਦੇਖ ਰਿਹਾ, ਮੈਂ ਤਾਂ ਉਹਨਾਂ ਯੂਰਪੀਨਾਂ ਨੂੰ ਦੇਖ ਰਿਹਾ ਸੀ, ਜਿਹੜੇ ਕਿ ਸਮੁੰਦਰ ਪਾਰੋਂ ਆ ਰਹੇ ਹਨ ਤੇ ਜੋ ਆ ਕੇ ਤੇਰੇ ਪਰਦੇ ਪਾੜਨਗੇ ਤੇ ਤੇਰੇ ਰਾਜ ਦਾ ਨਾਸ ਕਰਨਗੇ।" ਇਤਿਹਾਸ ਦੇ ਸਿੱਖ ਲੇਖਕਾਂ ਨੇ ਲਿਖਿਆ ਹੈ ਕਿ ਅਠਾਰਾਂ ਸੌ ਸਤਵੰਜਾ ਗ਼ਦਰ ਸਮੇਂ, ਜਰਨੈਲ ਜਾਨ ਨਿਕਲਸਨ ਦੇ ਅਧੀਨ ਤੇ ਬਾਗ਼ੀਆਂ ਵਿਰੁੱਧ ਸਿੱਖ, ਗੁਰੂ ਤੇਗ ਬਹਾਦਰ ਦੇ ਇਨ੍ਹਾਂ ਹੀ ਸ਼ਬਦਾਂ ਦੇ ਨਾਹਰੇ ਲਾ ਰਹੇ ਸਨ। ਅਖੀਰ ਯੂਰਪੀਨਾਂ ਦੀ ਜਿੱਤ ਹੋਈ ਤੇ ਗੁਰੂ ਜੀ ਦੇ ਆਖੇ ਵਾਕ ਪੂਰੇ ਹੋਏ।[2]

ਇੱਕ ਵਾਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਸੇ ਨੇ ਆਖਿਆ ਕਿ ਅੰਤ ਤੁਰਕਾਂ ਦੀ ਫੌਜ ਸਿੱਖਾਂ ਨੂੰ ਆ ਕੇ ਦਬੋਚ ਲਵੇਗੀ ਤਾਂ ਗੁਰੂ ਜੀ ਨੇ ਜਵਾਬ ਦਿੱਤਾ, "ਹੋਣਾ ਓਹੀਓ ਜੋ ਵਾਹਿਗੁਰੂ ਨੂੰ ਮਨਜ਼ੂਰ ! ਪਰ ਜੇ ਤੁਰਕਾਂ ਦੀ ਫੌਜ ਆਵੇਗੀ ਤਾਂ ਆਵੇ, ਸਾਡੇ ਸਿੱਖ ਵੀ ਲੋਹੇ ਨਾਲ ਲੋਹਾ ਖੜਕਾਉਣਗੇ। ਉਸ ਸਮੇਂ ਖ਼ਾਲਸਾ ਜਾਗੇਗਾ ਤੇ ਯੁੱਧ ਦੀ ਖੇਡ ਨੂੰ ਜਾਣ ਜਾਏਗਾ। ਸ਼ਸਤਰ ਖੜਕਾਉਂਦਾ ਹੋਇਆ ਖ਼ਾਲਸਾ ਅਨੰਦ, ਸਿਮਰਨ ਤੇ ਆਤਮਕ ਗਿਆਨ ਦਾ ਸਾਂਝੀਵਾਲ ਹੋਵੇਗਾ। ਉਸੇ ਸਮੇਂ ਅੰਗਰੇਜ਼ ਆ ਜਾਣਗੇ ਤੇ ਖ਼ਾਲਸੇ ਦੇ ਸਹਿਯੋਗ ਨਾਲ ਪੂਰਬ ਤੇ ਪੱਛਮ ਵਿਚ ਰਾਜ ਚਲਾਉਣਗੇ। ਅੰਗਰੇਜ਼ਾਂ ਦੀ ਸ਼ਕਤੀ ਵੱਧ ਜਾਵੇਗੀ ਤੇ ਉਹ ਸੈਨਿਕ ਬਲ ਆਸਰੇ ਬਹੁਤ ਸਾਰੇ ਪ੍ਰਾਂਤਾਂ ਨੂੰ ਕਬਜ਼ੇ ਵਿੱਚ ਲੈ ਲੈਣਗੇ। ਸਿੱਖਾਂ ਤੇ ਅੰਗਰੇਜ਼ਾਂ ਦੇ ਸਹਿਯੋਗ ਨਾਲ ਬਣੀ ਸਾਂਝੀ ਸੈਨਾ ਬਹੁਤ ਸ਼ਕਤੀਸ਼ਾਲੀ ਤੇ ਤੇਜ ਪ੍ਰਤਾਪ ਵਾਲੀ ਹੋਵੇਗੀ। ਜਦ ਤੱਕ ਦੋਵੇਂ ਪ੍ਰਸਪਰ ਸਹਿਯੋਗ ਨਾਲ ਕੰਮ ਕਰਦੇ ਰਹਿਣਗੇ, ਅੰਗਰੇਜ਼ੀ ਰਾਜ ਬਹੁਤ ਦੂਰ ਦੂਰ ਤੱਕ ਫੈਲਦਾ ਜਾਵੇਗਾ ਅਤੇ ਇਹ ਹਰ ਤਰ੍ਹਾਂ ਨਾਲ ਪ੍ਰਫੁੱਲਤ ਹੋਣਗੇ। ਜਿਸ ਜਗ੍ਹਾ ਵੀ ਇਹਨਾਂ ਦੀ ਫੌਜ ਜਾਏਗੀ ਜਿੱਤ ਹੋਵੇਗੀ ਤੇ ਇਹ ਆਪਣੇ ਮਿੱਤਰਾਂ ਨੂੰ ਰਾਜ ਗੱਦੀਆਂ ਦੇਣਗੇ। ਓਦੋਂ ਹਰ ਇੱਕ ਘਰ ਵਿੱਚ ਧਨ, ਧਰਮ, ਵਿਦਿਆ, ਸੁਖ ਤੇ ਪ੍ਰਸੰਨਤਾ ਵਾਸ ਕਰੇਗੀ।[3]

ਅਵਲ ਤਾਂ ਇਹ ਇਸ ਤਰ੍ਹਾਂ ਦੀਆਂ ਸਿੱਖਾਂ ਦੀਆਂ ਪੇਸ਼ੀਨਗੋਈਆਂ ਹਨ। ਦੂਜੇ ਉਨ੍ਹਾਂ ਦਾ ਇਕੋ ਅਕਾਲ ਪੁਰਖ ਤੇ ਭਰੋਸਾ ਹੈ ਅਤੇ ਉਹ ਵਹਿਮਾਂ ਭਰਮਾਂ ਤੋਂ ਮੁਕਤ ਤੇ ਖਾਣ-ਪੀਣ ਵਿੱਚ ਖੁੱਲ੍ਹ-ਦਿਲੇ ਹਨ। ਇਹੋ ਗੱਲਾਂ ਹਨ, ਜਿਨ੍ਹਾਂ ਨੇ ਸਿੱਖਾਂ ਨੂੰ ਸਾਰਿਆਂ ਨਾਲੋਂ ਵੱਧ ਵਫਾਦਾਰ ਤੇ ਸ਼ੁਭ-ਇਛਕ ਰਾਜ-ਭਗਤ ਬਣਾਇਆ ਹੋਇਆ ਹੈ। ਸਿੱਖ ਕਿਤਨੇ ਕੁ ਰਾਜ

2. ਇਸ ਬ੍ਰਿਤਾਂਤ ਦਾ ਕੋਈ ਇਤਿਹਾਸਕ ਆਧਾਰ ਨਹੀਂ ਹੈ।

3. ਇਹ ਵੀ ਸਿੱਖ ਮਾਨਸਿਕਤਾ ਵਿੱਚ ਅੰਗਰੇਜ਼ ਭਗਤੀ ਭਰਨ ਦੀ ਚਾਲ ਹੀ ਹੈ।

ਦੇ ਵਫਾਦਾਰ ਤੇ ਬਹਾਦਰ ਹਨ, ਇਹ ਗੱਲ ਇੱਕ ਸਿੱਖ ਦੀ ਹੇਠ ਦਿੱਤੀ ਲਿਖਤ ਤੋਂ ਚੰਗੀ ਤਰ੍ਹਾਂ ਜਾਣੀ ਜਾ ਸਕਦੀ ਹੈ, ਜੋ ਕਿ ਕੋਈ ਅਤਿ-ਕਥਨੀ ਨਹੀਂ ਆਖੀ ਜਾ ਸਕਦੀ :—

"ਇਹ ਸੋਲਾਂ ਆਨੇ ਸੱਚੀ ਗੱਲ ਹੈ ਕਿ ਬਹਾਦਰੀ ਤੇ ਸੂਰਮਗਤੀ ਵਿਚ ਤੁਰਕ, ਰੂਸੀ ਜਾਂ ਕਾਸਕ ਕੋਈ ਵੀ, ਸਿੱਖਾਂ ਨਾਲ ਮੁਕਾਬਲਾ ਨਹੀਂ ਕਰ ਸਕਦਾ, ਸਿੱਖਾਂ ਵਿੱਚ ਇਹ ਇੱਕ ਐਸਾ ਗੁਣ ਹੈ, ਜਿਸ ਕਰਕੇ ਅੰਗਰੇਜ਼ਾਂ ਦੇ ਵੈਰੀਆਂ ਨੂੰ ਡਰਨਾ ਚਾਹੀਦਾ ਹੈ। ਉਹ ਇਹ ਹੈ ਕਿ ਸਿੱਖਾਂ ਦੀਆਂ ਨਾੜਾਂ ਵਿੱਚ ਹਮੇਸ਼ਾ ਆਪਣੇ ਮਾਲਿਕ ਦੀ ਰਾਜ-ਭਗਤੀ ਤੇ ਵਫਾਦਾਰੀ ਦਾ ਸ਼ੁਧ ਲਹੂ ਹਰ ਵੇਲੇ ਠਾਠਾਂ ਮਾਰਦਾ ਰਹਿੰਦਾ ਹੈ। ਆਪਣੇ ਮਾਲਿਕ ਲਈ ਲੜਦਿਆਂ ਜੇ ਸਰੀਰ ਟੋਟੇ ਟੋਟੇ ਵੀ ਹੋ ਜਾਵੇ ਤਾਂ ਸੱਚਾ ਸਿੱਖ ਪਰਵਾਹ ਨਹੀਂ ਕਰਦਾ। ਇੱਕ ਸਿੱਖ ਯੁੱਧ ਵਿੱਚ ਸ਼ਹੀਦ ਹੋ ਜਾਣ ਨੂੰ ਮੁਕਤੀ ਦੀ ਪ੍ਰਾਪਤੀ ਸਮਝਦਾ ਹੈ। ਭਾਵੇਂ ਵੈਰੀ ਗਿਣਤੀ ਵਿੱਚ ਕਿੰਨੇ ਵੀ ਵੱਧ ਕਿਉਂ ਨਾ ਹੋਣ, ਭਾਵੇਂ ਗੋਲੀ ਬਾਰੂਦ ਵੀ ਉਹਨਾਂ ਕੋਲ ਬਹੁਤ ਹੋਵੇ, ਪਰ ਸਿੱਖ ਦਾ ਹਿਰਦਾ ਇਨ੍ਹਾਂ ਗੱਲਾਂ ਤੋਂ ਕਦੇ ਨਹੀਂ ਡੋਲਿਆ, ਕਿਉਂਕਿ ਗੁਰੂ ਜੀ ਦਾ ਅੰਮ੍ਰਿਤ ਇੱਕ ਇਕੱਲੇ ਸਿੱਖ ਨੂੰ ਲੱਖਾਂ ਨਾਲ ਲੜਨ ਦੀ ਸ਼ਕਤੀ ਬਖਸ਼ਦਾ ਹੈ। ਲੋਕ ਇਹ ਗੱਲ ਪਏ ਕਹਿਣ ਕਿ ਥੋੜੀ ਜਿੰਨੀ ਮਹੀਨੇ ਦੀ ਤਨਖਾਹ ਵੱਟੇ ਫੌਜੀ ਸਿਪਾਹੀ ਆਪਣਾ ਸਿਰ ਵੇਚ ਦਿੰਦਾ ਹੈ, ਪਰ ਸਿੱਖ ਦੀ ਦਸ਼ਾ ਇਹ ਨਹੀਂ। ਸਿੱਖ ਇੱਕ ਵਾਰੀ ਜਿਸ ਨੂੰ ਆਪਣਾ ਮਾਲਿਕ ਮੰਨ ਲਵੇ ਫੇਰ ਉਸ ਦੇ ਪ੍ਰਤਾਪ ਨੂੰ ਕਾਇਮ ਕਰਨ ਲਈ ਆਪਣਾ ਸਿਰ, ਸਰੀਰ ਅਤੇ ਹੋਰ ਹਰ ਇੱਕ ਪਿਆਰੀ ਵਸਤੂ ਨਿਛਾਵਰ ਕਰ ਦਿੰਦਾ ਹੈ। ਜਿਸ ਸਮੇਂ ਸਰਕਾਰ ਕਿਸੇ ਸਿੱਖ ਨੂੰ ਵੈਰੀਆਂ ਨਾਲ ਲੜਨ ਲਈ ਵੰਗਾਰੇ, ਵੈਰੀ ਭਾਵੇਂ ਕਿਤਨੇ ਹੀ ਜ਼ੋਰਾਵਰ ਕਿਉਂ ਨਾ ਹੋਣ, ਜੇ ਕੋਈ ਸਿੱਖ ਮਾਲਕ ਦੀ ਆਗਿਆ ਮੰਨਣ ਵਿੱਚ ਢਿੱਲ ਮੱਠ ਕਰੇਗਾ ਜਾਂ ਕਿਸੇ ਲਾਲਚ ਦੀ ਆਸ ਰੱਖ ਕੇ ਲੜਨ ਜਾਵੇਗਾ ਤਾਂ ਗੁਰੂ ਜੀ ਉਸ ਨੂੰ ਬਹੁਤ ਬੁਰਾ ਕਹਿਣਗੇ।"

ਸਿੱਖਾਂ ਦੀ ਪਵਿੱਤਰ ਗੁਰਬਾਣੀ ਵਿੱਚ ਜੇ ਕਿਸੇ ਵਹਿਮ ਦਾ ਸਭ ਤੋਂ ਵਧੇਰੇ ਤੇ ਜ਼ੋਰਦਾਰ ਖੰਡਨ ਕੀਤਾ ਗਿਆ ਹੈ ਤਾਂ ਉਹ ਹੈ ਹਿੰਦੂਆਂ ਦੀ ਤੀਰਥ ਯਾਤਰਾ। ਸਿੱਖ ਰਿਆਸਤਾਂ ਦੇ ਕਈ ਰਾਜਿਆਂ ਨੇ ਗੁਰ ਸਿੱਖਿਆ ਨੂੰ ਭੁਲਾ ਕੇ ਹਰਦੁਆਰ ਤੇ ਰਿਸ਼ੀਕੇਸ਼ ਵਰਗੇ ਤੀਰਥ ਅਸਥਾਨਾਂ ਉੱਤੇ ਯਾਤਰੀਆਂ ਲਈ ਮੰਦਰ ਬਣਵਾਏ ਹਨ। ਬਾਰ੍ਹਾਂ ਵਰ੍ਹਿਆਂ ਮਗਰੋਂ, ਹਰਦੁਆਰ ਕੁੰਭ ਦਾ ਵੱਡਾ ਮੇਲਾ ਭਰਦਾ ਹੈ। ਅਨੁਮਾਨ ਲਾਇਆ ਗਿਆ ਹੈ ਕਿ ਲੰਘ ਚੁਕੇ ਵੱਡੇ ਕੁੰਭ ਦੇ ਮੇਲੇ ਉੱਤੇ ਘੱਟੋ ਘੱਟ ਇੱਕ ਲੱਖ ਸਿੱਖ ਹਰਦੁਆਰ ਪੁੱਜੇ ਸਨ। ਤੀਰਥ ਤੇ ਆਏ ਸਾਰੇ ਯਾਤਰੀ ਗੰਗਾ ਵਿਚ ਅਸ਼ਨਾਨ ਕਰਦੇ ਹਨ ਤੇ ਉਹਨਾਂ ਵਿਚੋਂ ਕਈ ਇਸ਼ਨਾਨ ਕਰਦਿਆਂ ਬੇਵਸੀ ਵਿੱਚ ਟੱਟੀ ਤੇ ਪੇਸ਼ਾਬ ਵੀ ਕਰ ਦਿੰਦੇ ਹਨ। ਦੂਜੇ ਯਾਤਰੀ ਗੰਗਾ ਜਲ ਨੂੰ ਅੰਮ੍ਰਿਤ ਜਾਣ ਕੇ ਪੀ ਲੈਂਦੇ ਹਨ। ਟੱਟੀ ਪੇਸ਼ਾਬ ਦਾ ਅਸਰ ਵੀ ਪਾਣੀ 'ਚ ਘੁਲ ਕੇ ਅੰਦਰ ਚਲਿਆ ਜਾਂਦਾ ਹੈ। ਇਸ ਤਰ੍ਹਾਂ ਬਹੁਤੇ ਤਾਂ ਹੈਜ਼ਾ ਹੋਣ ਕਾਰਨ ਓਥੇ ਹੀ ਮਰ ਜਾਂਦੇ ਹਨ ਤੇ ਉਹਨਾਂ ਵਿਚੋਂ ਬਹੁਤੇ ਘਰਾਂ ਨੂੰ ਮੁੜਦੇ ਹੋਏ ਰਾਹ ਵਿੱਚ ਮੁੱਕ ਜਾਂਦੇ ਹਨ। ਬੀਤ ਚੁੱਕੇ ਕੁੰਭ ਦੇ ਮੇਲੇ ਪਿਛੋਂ ਹੈਜ਼ੇ ਨਾਲ ਮਰੇ ਸਿੱਖਾਂ ਤੇ ਹਿੰਦੂਆਂ ਦੀਆਂ ਲਾਸ਼ਾਂ ਰੇਲ ਦੇ ਡੱਬਿਆਂ ਵਿੱਚੋਂ ਧੂਹ ਧੂਹ ਕੇ ਕੱਢੀਆਂ ਗਈਆਂ, ਇਹਨਾਂ ਨਾਲ ਬੀਮਾਰੀ ਸਾਰੇ ਦੇਸ਼ ਵਿੱਚ ਫੈਲ ਗਈ। ਇਸ ਤੋਂ ਪਿੱਛੋਂ ਪੂਰਬ ਤੇ ਪੱਛਮ ਵੱਲ ਹਰ ਪਾਸੇ ਇਹ ਵਬਾ ਖਿੰਡ ਗਈ। ਭਾਰਤ ਦੀ ਸੀਮਾ ਤੇ

ਕਾਬਲ ਵਿੱਚ ਵੀ ਇਸ ਦਾ ਅਸਰ ਪਹੁੰਚ ਗਿਆ। ਫੇਰ ਉਥੋਂ ਇਸ ਵਬਾ ਦਾ ਅਸਰ ਯੂਰਪ ਵਿੱਚ ਵੀ ਜਾ ਪੁੱਜਿਆ। "ਮਾਰਨਿੰਗ ਪੋਸਟ" ਸਮਾਚਾਰ ਪੱਤਰ ਲਈ ਪੈਰਿਸ ਤੋਂ ਇੱਕ ਪੱਤਰ ਪ੍ਰੇਰਕ ਨੇ ਇਸ ਬਾਰੇ ਇਸ ਤਰ੍ਹਾਂ ਲਿਖਿਆ ਹੈ:

> "ਅਕੈਡਮੀ ਆਫ ਮੈਡੀਸਨ ਦੀ ਅੱਜ ਦੀ ਮੀਟਿੰਗ ਵਿੱਚ, ਪਬਲਿਕ ਹੈਲਥ ਡਿਪਾਰਟਮੈਂਟ ਦੇ ਜਨਰਲ ਡਾਇਰੈਕਟਰ ਪ੍ਰੋਫੈਸਰ ਚੈਨਟੀ ਮੀਸੀ ਨੇ ਇਕ ਇਹੋ ਜਿਹੀ ਗੱਲ ਸੁਣਾਈ ਹੈ, ਜਿਸ ਨੂੰ ਸੁਣ ਕੇ ਲੋਕਾਂ ਦੇ ਮਨ ਵਿੱਚ ਹੌਲ ਪੈਦਾ ਹੋ ਗਿਆ ਹੈ। ਪ੍ਰੋਫੈਸਰ ਨੇ ਇਸ ਗੱਲ ਦਾ ਪ੍ਰਗਟਾਵਾ ਕੀਤਾ ਹੈ ਕਿ ਹੈਜ਼ੇ ਦੀ ਵਬਾ ਜੋ ਭਾਰਤ ਵਿਚੋਂ ਪੈਦਾ ਹੋਈ ਫੇਰ ਪੂਰਬ ਤੇ ਪੱਛਮ ਵਿੱਚ ਵੀ ਫੈਲ ਗਈ। ਤੇ ਉਥੋਂ ਯੂਰਪ ਦੇ ਚਾਰ ਦੇਸਾਂ ਟ੍ਰਾਨਸ ਕੈਸਪੀਆ, ਟ੍ਰਾਨਸ ਕੋਕੇਸ਼ੀਆ, ਅਨਾਟੋਲੀਆ ਅਤੇ ਅਸਤਰਖਾਂ, ਸੈਗਟੋਫ ਤੇ ਸਮਾਰਾ ਦੇ ਦਰਮਿਆਨ ਦਰਿਆ ਵੋਲਗਾ ਦੇ ਕੰਢਿਆਂ ਉਤੇ ਖਿਲਰ ਗਈ ਹੈ। ਠੰਢ ਦੀ ਕਰੜਾਈ ਕਰਕੇ ਇਹ ਬੀਮਾਰੀ ਨਹੀਂ ਸੀ ਹੋਈ, ਸਿਰਫ ਅੱਗੇ ਵਧਣੋਂ ਰੁਕ ਗਈ ਸੀ, ਇਸ ਲਈ ਹਰ ਸਮੇਂ ਇਹ ਖਤਰਾ ਸੀ ਕਿ ਬਾਲਟਕ ਸਾਗਰ ਦੀਆਂ ਬੰਦਰਗਾਹਾਂ ਤੇ ਅੰਧ ਮਹਾਂਸਾਗਰ ਤੇ ਡਨਯੂਬ ਜਾਂ ਕਾਨਸਟੇਨਟੀ ਨੋਪਲ ਦੁਆਰਾ ਇਹ ਬੀਮਾਰੀ ਪੱਛਮ ਵੱਲ ਵਧੇਗੀ। ਕਿਸੇ ਹੋਰ ਵਿਅਕਤੀ ਨੇ ਆਖਿਆ ਹੈ ਕਿ ਅਪਰੈਲ ਦੇ ਦੂਜੇ ਹਫਤੇ ਤੋਂ ਲੈ ਕੇ ਹੁਣ ਤੱਕ ਪੰਜਾਬ ਵਿੱਚ ਸੱਤ ਹਜ਼ਾਰ ਮਰਗਾਂ ਹੋਈਆਂ ਹਨ। ਪਹਿਲਾਂ ਇਸ ਬੀਮਾਰੀ ਦਾ ਅਰੰਭ ਹਰਦੁਆਰ ਦੇ ਤੀਰਥ ਤੋਂ ਹੋਇਆ ਤੇ ਫੇਰ ਓਥੋਂ ਘਰਾਂ ਵੱਲ ਪਰਤਦੇ ਯਾਤਰੂਆਂ ਨੇ ਇਹ ਹਰ ਪਾਸੇ ਫੈਲਾ ਦਿੱਤੀ।"

ਇਹ ਗੱਲ ਠੀਕ ਹੈ ਕਿ ਕੁੰਭ ਦੇ ਉਸ ਵੱਡੇ ਮੇਲੇ ਉੱਤੇ ਯਾਤਰਾ ਕਰਨ ਗਏ ਹਿੰਦੂਆਂ ਦੀ ਸੰਖਿਆ ਬਹੁਤ ਜ਼ਿਆਦਾ ਸੀ, ਪਰ ਸੋਚਿਆ ਜਾਏ ਕਿ ਦੁਨੀਆਂ ਨੂੰ ਕਿੰਨਾ ਭਾਰੀ ਫਾਇਦਾ ਪਹੁੰਚਣਾ ਸੀ ਜੇ ਇੱਕ ਲੱਖ[1] ਸਿੱਖ ਜਿਹੜੇ ਮੇਲੇ ਤੇ ਗਏ ਉਨ੍ਹਾਂ ਨੂੰ ਪਤਾ ਹੁੰਦਾ ਕਿ ਸਾਡੇ ਧਰਮ ਦੇ ਬੁਨਿਆਦੀ ਅਸੂਲ ਇਹ ਹਨ, ਤੇ ਗੁਰੂ ਸਾਹਿਬ ਨੇ ਇਨ੍ਹਾਂ ਤੀਰਥਾਂ ਤੇ ਜਾਣੋ ਸਾਨੂੰ ਵਰਜਿਆ ਹੋਇਆ ਹੈ।

ਸਿੱਖਾਂ ਵਿੱਚ ਇਹ ਗੱਲ ਤਾਂ ਹਰ ਕੋਈ ਜਾਣਦਾ ਹੈ ਕਿ ਉਨ੍ਹਾਂ ਦੇ ਧਰਮ ਵਿੱਚ ਤਮਾਕੂ ਪੀਣ ਦੀ ਮਨਾਹੀ ਹੈ, ਪਰ ਥਥੇਰੇ ਉਨ੍ਹਾਂ ਵਿੱਚ ਇਹੋ ਜਿਹੇ ਵੀ ਹਨ ਜਿਹੜੇ ਇਹ ਨਹੀਂ ਜਾਣਦੇ ਕਿ ਸਿੱਖ ਧਰਮ ਵਿੱਚ ਸ਼ਰਾਬ ਪੀਣ ਦੀ ਵੀ ਓਨੀ ਹੀ ਮਨਾਹੀ ਹੈ ਜਿੰਨੀ ਕਿ ਤਮਾਕੂ ਪੀਣ ਦੀ। ਮੈਂ ਸ਼ਿਮਲਾ ਵਿੱਚ ਖੁਲ੍ਹੇ ਤੌਰ ਤੇ ਤਕਰੀਰਾਂ ਕੀਤੀਆਂ ਅਤੇ ਉਪਰੋਕਤ ਵਿਸ਼ੇ ਤੇ ਗੁਰਬਾਣੀ ਵਿਚੋਂ ਪ੍ਰਮਾਣ ਦਿੱਤੇ ਅਤੇ ਇਹ ਕੰਮ ਪਟਿਆਲੇ ਦੀ ਸੂਝਵਾਨ ਸਿੰਘ ਸਭਾ ਨੇ ਆਪਣੇ ਹੱਥ ਵਿੱਚ ਲੈ ਲਿਆ ਤੇ ਪਟਿਆਲਾ ਰਿਆਸਤ ਦੇ ਪ੍ਰਸਿੱਧ ਵਿਦਵਾਨਾਂ ਤੇ ਅਸਰ-ਰਸੂਖ ਵਾਲੇ ਸਰਦਾਰਾਂ ਨੇ ਇਕ ਮਤਾ ਪਾਸ ਕਰਕੇ ਉਸ ਤੇ ਦਸਤਖਤ ਕੀਤੇ ਕਿ ਸਿੱਖਾਂ ਦਾ ਧਰਮ ਹੈ ਕਿ ਉਹ ਸ਼ਰਾਬ ਪੀਣੀ ਉੱਕਾ ਹੀ ਛੱਡ ਦੇਣ।

1. ਮੇਰੀ ਬੇਨਤੀ ਨੂੰ ਪੰਜਾਬ ਗਵਰਨਮੈਂਟ ਨੇ ਪਰਵਾਨ ਕਰਕੇ ਯੂ.ਪੀ. ਦੀ ਸਰਕਾਰ ਕੋਲੋਂ ਇਸ ਸੰਖਿਆ ਦਾ ਪਤਾ ਕੀਤਾ ਸੀ।

ਗੁਰੂ ਅਰਜਨ ਸਾਹਿਬ ਜੀ ਦੇ ਘਰੋਂ ਮਾਤਾ ਗੰਗਾ ਜੀ ਜਿਸ ਢੰਗ ਨਾਲ ਬਾਬਾ ਬੁੱਢਾ ਜੀ ਕੋਲ ਗਏ ਅਤੇ ਗੁਰੂ ਅਮਰਦਾਸ ਜੀ ਨੇ ਇਕ ਪਰਦਾ ਕਰਨ ਵਾਲੀ ਰਾਣੀ ਨੂੰ ਦਰਸ਼ਨ ਦੇਣੋਂ ਇਨਕਾਰ ਕਰ ਦਿੱਤਾ ਅਤੇ ਭਗਤ ਕਬੀਰ ਜੀ ਨੇ ਜਿਵੇਂ ਆਪਣੀ ਨੂੰਹ ਨੂੰ ਘੁੰਡ ਬਾਰੇ ਉਪਦੇਸ਼ ਦਿੱਤਾ, ਇਨ੍ਹਾਂ ਸਾਰੀਆਂ ਗੱਲਾਂ ਤੋਂ ਤੀਵੀਆਂ ਦੀ ਸੁਤੰਤਰਤਾ ਅਤੇ ਪਰਦੇ ਦੇ ਬੰਧਨਤੋਂ ਛੁਟਕਾਰੇ ਬਾਰੇ ਗੁਰੂ ਮਹਾਰਾਜ ਦੇ ਵਿਚਾਰ ਸਾਫ ਤੌਰ ਤੇ ਪ੍ਰਗਟ ਹੋ ਜਾਂਦੇ ਹਨ।

ਗੁਰੂ ਸਾਹਿਬਾਨ ਦੇ ਉੱਚੇ ਆਚਰਣ ਅਤੇ ਗਿਆਨ ਦੇਣ ਵਾਲੇ ਉਪਦੇਸ਼, ਕੁੜੀਆਂ ਨੂੰ ਮਾਰ ਮੁਕਾਣ ਦੀ ਪਾਪ ਭਰੀ ਪ੍ਰਥਾ ਨੂੰ ਬੰਦ ਕਰ ਦੇਣ ਦੇ ਹੁਕਮ ਅਤੇ ਹੋਰ ਲੋਕ-ਹਿਤਕਾਰੀ ਸਿੱਖਿਆ ਗੁਰੂਆਂ ਤੇ ਭਗਤਾਂ ਦੀ ਬਾਣੀ ਵਿੱਚੋਂ ਤੁਹਾਨੂੰ ਮਿਲੇਗੀ ਜੋ ਕਿ ਇਸ ਪੁਸਤਕ ਵਿੱਚ ਦੇ ਰੱਖੀ ਹੈ।

ਵਿਧਵਾ ਨੂੰ ਸਤੀ ਕਰਨ ਦੀ ਗੀਤ ਜੋ ਹਿੰਦੂਆਂ ਵਿੱਚ ਪ੍ਰਚਲਿਤ ਸੀ, ਉਸਨੂੰ ਵੀ ਗੁਰੂ ਮਹਾਰਾਜ ਨੇ ਬੰਦ ਕਰ ਦਿੱਤਾ ਹੈ ਪਰ ਲਾਰਡ ਵਿਲੀਅਮ ਬੈਂਟਿਕ ਨੂੰ ਇਸ ਗੱਲ ਬਾਰੇ ਪਤਾ ਨਹੀਂ ਸੀ, ਜਿਸ ਨੇ ਸਤੀ ਰਸਮ ਦੇ ਵਿਰੁੱਧ ਦਲੇਰੀ ਭਰਿਆ ਕਾਨੂੰਨ ਪਾਸ ਕੀਤਾ ਸੀ।

ਜ਼ਾਤ ਪਾਤ ਦੀ ਮਰਯਾਦਾ ਦਾ ਤੇ ਹਿੰਦੂਆਂ ਵਿੱਚ ਆਮ ਘਰੋਗੀ ਵਰਤਾਵੇ ਦੀਆਂ ਗੱਲਾਂ ਨਾਲ ਭਿੱਟ ਸੁੱਚ ਅਤੇ ਛੂਤ-ਛਾਤ ਦੇ ਪੁੰਗਰੇ ਖ਼ਿਆਲਾਂ ਦਾ ਜ਼ੋਰਦਾਰ ਤੇ ਸਫਲਤਾਪੂਵਰਕ ਖੰਡਨ ਕੀਤਾ ਗਿਆ ਹੈ। ਇਹ ਮੰਨੀ ਹੋਈ ਗੱਲ ਹੈ ਕਿ ਭਾਰਤੀ ਲੋਕਾਂ ਦੇ ਧਰਮ ਤੋਂ ਅੰਗਰੇਜ਼ ਅਧਿਕਾਰੀਆਂ ਨੂੰ ਜਾਣੂ ਹੋਣ ਦੀ ਬਹੁਤ ਵੱਡੀ ਲੋੜ ਹੈ ਜਿਨ੍ਹਾਂ ਨੇ ਭਾਰਤ ਵਿੱਚ ਰਾਜ ਪ੍ਰਬੰਧ ਚਲਾਉਣਾ ਹੈ ਅਤੇ ਲੋਕਾਂ ਲਈ ਵੀ ਜ਼ਰੂਰੀ ਹੈ, ਜਿਨ੍ਹਾਂ ਉੱਤੇ ਕਿ ਰਾਜ ਹੋਣਾ ਹੈ, ਉਹ ਅੰਗਰੇਜ਼ੀ ਸੱਭਿਆਚਾਰ ਤੋਂ ਵਾਕਿਫ ਹੋਣ ਤਾਂ ਜੋ ਦੁਪਾਸੀ ਸਦਭਾਵਨਾ ਬਣੀ ਰਹੇ।

ਰਾਜਨੀਤਕ ਪੱਖ ਤੋਂ ਹਰ ਦਸ਼ਾ ਵਿੱਚ ਇਹ ਜ਼ਰੂਰੀ ਮਾਲੂਮ ਹੁੰਦਾ ਹੈ ਕਿ ਸਿੱਖ ਫੌਜੀਆਂ ਦੇ ਸਮੁੱਖ ਗੁਰੂ ਸਾਹਿਬਾਨ ਦੀਆਂ ਉਹ ਭਵਿੱਖਤ ਬਾਣੀਆਂ ਰੱਖੀਆਂ ਜਾਣ ਜੋ ਅੰਗਰੇਜ਼ਾਂ ਦੇ ਹੱਕ ਵਿੱਚ ਜਾਂਦੀਆਂ ਹਨ ਤੇ ਬਾਣੀ ਦੀਆਂ ਉਹ ਤੁੱਕਾਂ ਦਰਸਾਈਆਂ ਜਾਣ ਜਿਨ੍ਹਾਂ ਨਾਲ ਉਨ੍ਹਾਂ ਦੀ ਰਾਜ ਪ੍ਰਤੀ ਵਫ਼ਾਦਾਰੀ ਪਕੇਰੀ ਹੋਵੇ।

ਸਾਹਿਤਕ ਤੇ ਇਤਿਹਾਸਕ ਪੱਖ ਤੋਂ ਵੀ ਇਸ ਪੁਸਤਕ ਦੇ ਲਾਭਦਾਇਕ ਹੋਣ ਦੀ ਆਸ ਰੱਖੀ ਜਾਂਦੀ ਹੈ। ਮੱਧ ਸਮੇਂ ਦੇ ਲੋਕਾਂ ਦੀ ਹਾਲਤ ਤੇ ਵੀ ਉਮੀਦ ਹੈ, ਇਹ ਪੁਸਤਕ ਰੌਸ਼ਨੀ ਪਾਏਗੀ ਤੇ ਜਿਨ੍ਹਾਂ ਵਿਦਿਆਰਥੀਆਂ ਨੇ ਵੱਖ-ਵੱਖ ਧਰਮਾਂ ਦੀ ਤੁਲਨਾ ਕਰਨੀ ਹੈ ਉਨ੍ਹਾਂ ਲਈ ਵਾ ਲਾਭਦਾਇਕ ਸਿੱਧ ਹੋਵੇਗੀ।

ਹੀਡਲਬਰਗ ਯੂਨੀਵਰਸਿਟੀ ਦੇ ਉੱਘੇ ਤੇ ਮੰਨੇ ਹੋਏ ਵਿਦਵਾਨ, ਪ੍ਰੋਫੈਸਰ ਹੋਫਰੈਥ ਮਰਕਸ ਨੇ ਕੁਝ ਚਿਰ ਹੋਇਆ ਮੈਨੂੰ ਲਿਖਿਆ ਸੀ—"ਆਪ ਦੀ ਪੁਸਤਕ ਦੇ ਪ੍ਰਕਾਸ਼ਿਤ ਹੋਣ ਦੀ ਸੱਚਮੁੱਚ ਹੀ ਬਹੁਤ ਵੱਡੀ ਲੋੜ ਹੈ। ਇਸ ਨੂੰ ਛਪਵਾ ਕੇ ਤੁਸੀਂ ਧਰਮਾਂ ਦੇ ਇਤਿਹਾਸ ਦੀ ਉਸ ਸਮੱਗਰੀ ਨੂੰ ਸਾਂਭ ਲਵੋਗੇ, ਜਿਸਦਾ ਕਿ ਤੁਹਾਡੀ ਸਹਾਇਤਾ ਬਿਨਾਂ ਅਲੋਪ ਹੋ ਜਾਣ ਦਾ ਡਰ ਸੀ।"

ਸਿੱਖ ਧਰਮ ਦੀਆਂ ਭਾਈਚਾਰਕ ਤੇ ਰਾਜਨੀਤਕ ਵਿਸ਼ੇਸ਼ਤਾਈਆਂ ਤੇ ਗੁਣਾਂ ਨੂੰ ਜੋ ਗੋਂਦ ਵਿੱਚ ਲਿਆ ਕੇ ਸੰਖੇਪ ਵਰਣਨ ਕਰੀਏ ਤਾਂ ਉਹ ਇਹ ਹਨ : ਬੁੱਤ ਪੂਜਾ, ਪਖੰਡ, ਛੂਤਛਾਤ, ਵਿਧਵਾ ਨੂੰ ਸਤੀ ਕਰਨ ਦੀ ਰੀਤ, ਇਸਤਰੀ ਨੂੰ ਅਧੀਨ ਰੱਖਣ, ਸ਼ਰਾਬ ਤੇ ਹੋਰ ਨਸ਼ਿਆਂ ਦੀ ਵਰਤੋਂ, ਤੰਬਾਕੂ ਨੋਸ਼ੀ, ਕੁੜੀਆਂ ਦਾ ਮਾਰਨਾ, ਨਿੰਦਿਆ ਕਰਨੀ, ਹਿੰਦੂਆਂ ਵਾਂਗੂ ਦਰਿਆਵਾਂ ਤੇ ਤੀਰਥ ਯਾਤਰਾ ਕਰਨ ਦਾ ਜ਼ੋਰਦਾਰ ਖੰਡਨ ਤੇ ਵਿਰੋਧਤਾ ਕੀਤੀ ਹੈ ਅਤੇ ਵਫਾਦਾਰੀ, ਕੀਤੇ ਜਾਣਨ, ਦਾਨ ਦੇਣ, ਨਿਆਂ ਤੇ ਨਿਰਪੱਖਤਾ, ਸੱਚਾਈ, ਈਮਾਨਦਾਰੀ ਅਤੇ ਹੋਰ ਹਰ ਪ੍ਰਕਾਰ ਦੀਆਂ ਭਾਈਚਾਰਕ ਤੇ ਆਚਰਣ ਦੀਆਂ ਵਿਸ਼ੇਸ਼ਤਾਈਆਂ (ਜੋ ਕਿ ਕਿਸੇ ਦੇਸ਼ ਦੇ ਪਵਿੱਤਰ ਤੋਂ ਪਵਿੱਤਰ ਨਗਰ ਵਿੱਚ ਹੁੰਦੀਆਂ ਹਨ) ਅਪਨਾਉਣ ਦੀ ਆਗਿਆ ਕੀਤੀ ਹੈ।

ਗੁਰੂ ਸਾਹਿਬ ਦੀ ਸਿੱਖਿਆ ਦੇ ਮੂਲੋਂ ਵਿਰੁੱਧ, ਸਿੱਖਾਂ ਨੂੰ ਹਿੰਦੂ ਕਹਾਉਣ ਦੀ ਲਹਿਰ ਜ਼ੋਰਾਂ ਤੇ ਹੈ ਅਤੇ ਚੋਖੇ ਚਿਰ ਤੋਂ ਚੱਲੀ ਹੋਈ ਹੈ : ਕੁਝ ਚਿਰ ਹੋਇਆ ਕਿ ਮੈਂ ਲਾਹੌਰ ਵਿੱਚ ਉਨ੍ਹਾਂ ਨੌਜਵਾਨਾਂ ਨਾਲ ਮੁਲਾਕਾਤ ਕੀਤੀ ਜੋ ਆਪਣੇ ਆਪ ਨੂੰ ਗੁਰਵੰਸ ਵਿੱਚੋਂ ਹੋਣ ਦਾ ਦਾਅਵਾ ਕਰਦੇ ਸਨ। ਮੈਨੂੰ ਉਹਨਾਂ ਨੇ ਆਖਿਆ ਕਿ ਅਸੀਂ ਹਿੰਦੂ ਹਾਂ ਤੇ ਜਿਸ ਲਿੱਪੀ ਵਿੱਚ ਸਿੱਖਾਂ ਦੀਆਂ ਧਾਰਮਿਕ ਪੁਸਤਕਾਂ ਲਿਖੀਆਂ ਹੋਈਆਂ ਹਨ ਉਹ ਅਸੀਂ ਨਹੀਂ ਪੜ੍ਹ ਸਕਦੇ ! ਉਹਨਾਂ ਨੂੰ ਪੜ੍ਹਾਉਣ ਵਾਲਿਆਂ ਤੇ ਉਨ੍ਹਾਂ ਨੂੰ ਮਸ਼ਵਰੇ ਦੇਣ ਵਾਲਿਆਂ ਦਾ ਉਦੇਸ਼ ਭਾਵੇਂ (Disloyal) ਬੇਵਫਾ ਬਣਾਉਣਾ ਸੀ ਜਾਂ ਨਹੀਂ, ਪਰ ਇਹੋ ਜਿਹੇ ਨੌਜਵਾਨ ਸਿੱਖ ਮਜ਼ਹਬ ਤੇ ਇਸ ਮਤ ਦੀਆਂ ਭਵਿੱਖਤ ਬਾਣੀਆਂ ਤੋਂ ਉੱਕਾ ਹੀ ਅਣਜਾਣ ਹਨ ਅਤੇ ਉਹ ਆਪਣੀਆਂ ਮੂਲੋਂ ਹੀ ਵੱਖਰੀਆਂ ਭਾਈਚਾਰਕ ਰਹੁ-ਰੀਤਾਂ ਰੱਖਦੇ ਹਨ ਤੇ ਅਸਾਡੇ ਨਾਲ ਏਨੀਂ ਘਿਰਣਾ ਕਰਦੇ ਹਨ ਕਿ ਉਹ ਸਾਨੂੰ ਬਦਨੀਤ ਤੇ ਮਲੇਛ ਤੱਕ ਆਖ ਦਿੰਦੇ ਹਨ ਅਤੇ ਈਸਾਈਆਂ ਦੇ ਰਸਮਾਂ-ਰਿਵਾਜਾਂ ਤੇ ਰੁਚੀਆਂ ਬਾਰੇ ਨਿਰਾਸਤਾ ਦੇ ਭਾਵ ਭਰ ਰਹੇ ਹਨ।

ਏਥੇ ਇਹ ਗੱਲ ਵੀ ਸਪੱਸ਼ਟ ਕਰ ਦਿਆਂ ਕਿ ਪੰਜਾਬ ਵਿੱਚ ਬਦੇਸ਼ੀ ਬੋਲੀ ਉਰਦੂ ਦੀ ਥਾਂ ਪੰਜਾਬੀ ਨੂੰ ਸਰਕਾਰੀ ਜਾਂ ਇਖਤਿਆਰੀ ਬੋਲੀ ਮੰਨ ਲੈਣ ਨਾਲ ਸਿੱਖ ਮੱਤ ਦੀ ਸੁਰੱਖਿਆ ਲਈ ਬਹੁਤ ਵੱਡੀ ਸਹਾਇਤਾ ਮਿਲੇਗੀ। ਪੰਜਾਬੀ, ਪੰਜਾਬ ਵਿੱਚ ਵਸਦੇ ਪੰਜਾਬੀਆਂ ਦੀ ਮਾਤ-ਭਾਸ਼ਾ ਹੈ, ਭਾਵੇਂ ਉਹ ਸਿੱਖ, ਹਿੰਦੂ ਜਾਂ ਮੁਸਲਮਾਨ ਕੋਈ ਵੀ ਹਨ। ਜੇਕਰ ਇਸ ਬੋਲੀ ਨੂੰ ਸਰਕਾਰੀ ਜਾਂ ਇਖਤਿਆਰੀ ਪਰਵਾਨ ਕਰ ਲਿਆ ਜਾਵੇ ਤਾਂ ਧਾਰਮਿਕ ਸਿੱਖਿਆ ਲਈ ਤੇ ਆਤਮਿਕ ਸ਼ਾਂਤੀ ਲਈ ਸਿੱਖਾਂ ਨੂੰ ਹੋਰ ਬੋਲੀਆਂ ਦੀਆਂ ਪੁਸਤਕਾਂ ਪੜ੍ਹਨ ਦੀ ਲੋੜ ਨਹੀਂ ਮਹਿਸੂਸ ਹੋਵੇਗੀ ਅਤੇ ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਉਚੇਰੇ ਆਚਰਣ ਵਾਲੇ ਉਪਦੇਸ਼ ਬਾਦਸ਼ਾਹ ਦੀ ਪਰਜਾ ਦੀ ਹਰ ਇੱਕ ਸ਼੍ਰੇਣੀ ਲਈ ਖੁਲ੍ਹੇ ਹੋਣਗੇ।

ਅੰਗਰੇਜ਼ੀ ਰਾਜ ਦਾ ਸਿੱਕਾ ਜੰਮ ਜਾਣ ਪਿੱਛੋਂ, ਪੰਜਾਬ ਵਿੱਚ, ਇੰਤਜ਼ਾਮ ਲਈ ਜਿਹੜੇ ਅਧਿਕਾਰੀ ਭੇਜੇ ਗਏ ਉਹ ਸਾਰੇ ਉੱਤਰੀ ਅਤੇ ਪੱਛਮੀ ਸਰਹੱਦੀ ਸੂਬੇ ਕਹਾਉਣ ਵਾਲੇ ਖੇਤਰਾਂ ਵਿੱਚੋਂ ਬਦਲ ਕੇ ਲਿਆਂਦੇ ਗਏ ਸਨ। ਉਰਦੂ ਜਾਂ ਉਰਦੂ ਜਿਹੀ ਹੀ ਕੋਈ

ਹੋਰ ਬੋਲੀ ਉਨ੍ਹਾਂ ਦੇ ਨਾਲ ਆ ਗਈ, ਜਿਵੇਂ ਭਾਵ (ਫਾਰਸੀ ਬੋਲੀ ਤੋਂ ਉਰਦੂ ਦੇ ਰਲਾ ਨਾਲ ਬਣੀ ਬੋਲੀ) ਇਹੋ ਇਕ ਏਸ਼ੀਆ ਦੀ ਬੋਲੀ ਸੀ ਜਿਸ ਤੋਂ ਉਹ ਜਾਣੂ ਸਨ ਅਤੇ ਉਸ ਵੇਲੇ ਇੱਕ ਇਹੋ ਜਿਹੀ ਬਿਦੇਸ਼ੀ ਬੋਲੀ ਜਿਸਦਾ ਨਾ ਕੋਈ ਸਾਹਿਤ ਸੀ ਅਤੇ ਨਾ ਹੀ ਕੋਈ ਮਿਆਰ ਸੀ, ਸਿੱਖਾਂ ਨਾਲ ਉਨ੍ਹਾਂ ਨੇ ਉਰਦੂ ਨੂੰ ਹੀ ਵਰਤੋਂ ਵਿੱਚ ਲਿਆਉਣਾ ਚਾਲੂ ਰੱਖਣਾ ਸੁਖੈਨ ਸਮਝਿਆ। ਭਾਰਤੀ ਭਾਸ਼ਾਵਾਂ ਦੇ ਲਿਖਾਰੀ ਤੇ ਰਾਜ-ਅਧਿਕਾਰੀ ਜੋ ਕਿ ਇਸ ਬੋਲੀ ਨੂੰ ਪੰਜਾਬ ਵਿੱਚ ਲਿਆਏ ਉਹ ਵੀ ਪੰਜਾਬ ਦੀ ਸਥਿਤੀ ਨੂੰ ਨਹੀਂ ਸਨ ਜਾਣਦੇ, ਇਸੇ ਕਾਰਨ ਪੰਜਾਬ ਦੀ ਸਰਕਾਰੀ ਬੋਲੀ ਉਰਦੂ ਬਣ ਗਈ। ਲੋਕਾਂ ਦੀ ਬੋਲੀ ਨੂੰ ਅਫਸਰ ਨਹੀਂ ਸਨ ਸਮਝ ਸਕਦੇ ਅਤੇ ਨਾ ਹੀ ਅਫਸਰਾਂ ਦੀ ਬੋਲੀ ਲੋਕਾਂ ਨੂੰ ਸਮਝ ਆਉਂਦੀ ਸੀ, ਦੁਪਾਸੀ ਇਕੋ ਜਿਹਾ ਹਾਲ ਸੀ। ਹੌਲੀ ਹੌਲੀ ਕਚਹਿਰੀਆਂ ਦੇ ਅਫਸਰਾਂ ਨੂੰ ਮਾੜੀ ਮੋਟੀ ਪੰਜਾਬੀ ਸਮਝ ਆਉਣ ਲੱਗ ਪਈ ਤੇ ਉਹ ਇਸ ਯੋਗ ਹੋ ਗਏ ਕਿ ਯੂਰਪੀਨਾਂ ਨੂੰ ਸਮਝਾ ਸਕਣ। ਏਵੇਂ ਹੀ ਇਸ ਸਥਿਤੀ ਨੂੰ ਕਾਇਮ ਰੱਖਿਆ ਗਿਆ। ਆਪਣੀ ਮਾਤ-ਬੋਲੀ ਵਲੋਂ ਅਵੇਸਲੇ ਰਹਿਣ ਵਿਰੁੱਧ ਜੇ ਪੰਜਾਬੀਆਂ ਨੇ ਵਿਉਂਤਬੱਧ ਆਵਾਜ ਉੱਚੀ ਕੀਤੀ ਵੀ ਤਾਂ ਇਸਨੂੰ ਕਿਸੇ ਨੇ ਨਹੀਂ ਗੌਲਿਆ। ਪੰਜਾਬ, ਹੁਣ ਚੋਖਾ ਵਿਦਵਾਨ ਤੇ ਸੂਝਵਾਨ ਹੋ ਗਿਆ ਹੈ ਤੇ ਇਹ ਯੋਗ ਤੇ ਯੁਕਤੀ ਪੂਰਣ ਆਵਾਜ ਕਾਫੀ ਉਚੇਰੀ ਹੋ ਗਈ ਹੈ। ਦੇਖਣ ਵਾਲੀ ਗੱਲ ਤਾਂ ਹੁਣ ਇਹ ਹੈ ਕਿ ਕੋਈ ਪੰਜਾਬ ਦਾ ਗਵਰਨਰ ਕਦੋਂ ਪੰਜਾਬੀ ਨੂੰ ਇਖਤਿਆਰੀ ਸਰਕਾਰੀ ਬੋਲੀ (Alternative Language) ਬਣਾਉਣ ਦੀ ਤਕਲੀਫ ਕਰੇਗਾ ਅਤੇ ਇਸ ਤਰ੍ਹਾਂ ਨਾ ਸਿਰਫ ਸਿੱਖਾਂ ਉੱਤੇ ਹੀ ਸਗੋਂ ਪੰਜਾਂ ਦਰਿਆਵਾਂ ਦੇ ਸਾਰੇ ਵਾਸੀਆਂ ਉੱਤੇ ਹਮੇਸ਼ਾ ਚੇਤੇ ਰਹਿਣ ਵਾਲਾ ਇਕ ਅਹਿਸਾਨ ਕਰੇਗਾ। ਜਨਮ ਜਨਮ ਤੋਂ ਪੰਜਾਬੀਆਂ ਦੇ ਪ੍ਰਸਪਰ ਅਦਾਨ-ਪ੍ਰਦਾਨ ਦਾ ਸਾਧਨ ਪੰਜਾਬੀ ਬੋਲੀ ਹੀ ਹੈ। ਪੰਜਾਬ ਦੀਆਂ ਰਿਆਸਤਾਂ ਵਿੱਚ ਪੰਜਾਬੀ ਨੂੰ ਹਰ ਹਾਲਤ ਵਿੱਚ ਸਰਕਾਰੀ ਬੋਲੀ ਬਣਾਉਣ ਦੇ ਰਾਹ ਵਿੱਚ ਕੋਈ ਅੜਚਨ ਪੈਦਾ ਨਹੀਂ ਹੋ ਸਕਦੀ।

ਅਸਾਡੇ ਸਮਿਆਂ ਵਿੱਚ ਸਿੱਖ ਧਰਮ ਨੂੰ ਪਰਪੱਕ ਕਰਨ ਦੇ ਸਾਧਨਾਂ ਵਿਚੋਂ ਇੱਕ ਮੁੱਖ ਸਾਧਨ ਇਹ ਹੁੰਦਾ ਸੀ ਕਿ ਹਰ ਇੱਕ ਸਿੱਖ ਰੰਗਰੂਟ ਨੂੰ, ਸਿੱਖ ਰਜਮੈਂਟਾਂ ਦੇ ਕਮਾਂਡਿੰਗ ਅਫਸਰ, ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਮਰਯਾਦਾ ਅਨੁਸਾਰ ਅੰਮ੍ਰਿਤ ਛਕਵਾਉਂਦੇ ਸਨ ਤੇ ਭਵਿੱਖ ਜੀਵਨ ਵਿੱਚ ਬੁੱਤ-ਪੂਜਾ ਦੀ ਬੀਮਾਰੀ ਤੋਂ ਬਚਾਉਣ ਦਾ ਯਤਨ ਕਰਦੇ ਸਨ। ਇਸ ਤਰ੍ਹਾਂ ਸਰਕਾਰ ਵਲੋਂ, ਜੋ "ਧਾਰਮਿਕ ਨਿਰਪੱਖਤਾ" ਦੀ ਪਾਲਿਸੀ ਆਖੀ ਜਾਂਦੀ ਹੈ, ਉਸਦੀਆਂ ਪਾਬੰਦੀਆਂ ਨੂੰ ਫੌਜਾਂ ਵਿੱਚ ਤੋੜਿਆ ਗਿਆ, ਭਾਵ ਇਹ ਕਿ ਇਹਨਾਂ ਦੀ ਪਰਵਾਹ ਨਾ ਕੀਤੀ ਗਈ ਕਈ ਤੇ ਅਸਲੀ ਪੱਖ ਤੋਂ ਸਿੱਖ ਧਰਮ ਦਾ ਸਰਪ੍ਰਸਤ ਪ੍ਰਚਾਰਕ ਬਣਿਆ ਗਿਆ।

ਉਹਨਾਂ ਭਗਤਾਂ ਦੀ ਤੇ ਸੰਤਾਂ ਦੀ ਬਾਣੀ ਜੋ ਗੁਰੂ ਸਾਹਿਬਾਨ ਤੋਂ ਪਹਿਲਾਂ ਹੋਏ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀ ਗਈ ਹੈ, ਉਹਨਾਂ ਦਾ ਜੀਵਨ ਲੱਭਣ

ਤੇ ਖੋਜ ਕਰਨ ਲਈ ਮੈਨੂੰ ਸਖਤ ਮਿਹਨਤ ਕਰਨੀ ਪਈ ਤੇ ਚੋਖਾ ਰੁਪਿਆ ਵੀ ਖਰਚਣਾ ਪਿਆ, ਪਰ ਫੇਰ ਵੀ ਮੈਨੂੰ ਪੂਰੀ ਸਫਲਤਾ ਪ੍ਰਾਪਤ ਨਹੀਂ ਹੋਈ। ਜੋ ਸੱਜਣ ਉਨ੍ਹਾਂ ਦੇ ਜੀਵਨ ਬਾਰੇ ਮੇਰੀ ਜਾਣਕਾਰੀ ਵਿੱਚ ਵਾਧਾ ਕਰੇਗਾ ਮੈਂ ਉਸਦਾ ਦਿਲੋਂ ਧੰਨਵਾਦੀ ਹੋਵਾਂਗਾ।

ਭਾਰਤ ਦੇ ਭਿੰਨ ਭਿੰਨ ਖੇਤਰਾਂ ਵਿੱਚ ਇਹਨਾਂ ਭਗਤਾਂ ਦੀ ਬਾਣੀ ਜੋ ਹਿੰਦੀ ਤੇ ਮਰਾਠੀ ਵਿੱਚ ਪ੍ਰਕਾਸ਼ਿਤ ਹੋਈ ਹੈ ਉਹ ਗੁਰੂ ਗ੍ਰੰਥ ਸਾਹਿਬ ਵਿੱਚ ਛਪੀ ਬਾਣੀ ਨਾਲੋਂ ਕਈ ਥਾਂ ਤੇ ਵੱਖਰੀ ਲੱਗੇਗੀ। ਇਸਦਾ ਕਾਰਣ ਇਹ ਹੈ ਕਿ ਗੁਰੂ ਅਰਜਨ ਸਾਹਿਬ ਜੀ ਨੇ ਇਹ ਸ਼ਬਦ ਭਗਤਾਂ ਦੇ ਪੈਰੋਕਾਰ ਸੰਤਾਂ ਜਾਂ ਭਜਨ ਗਾਉਣ ਵਾਲਿਆਂ ਤੋਂ ਜ਼ੁਬਾਨੀ ਸੁਣ ਕੇ ਦਰਜ ਕੀਤੇ ਹਨ।

ਗੁਰੂਆਂ ਦੇ ਤੇ ਭਗਤਾਂ ਦੇ ਵਿਚਾਰਾਂ ਤੇ ਆਸ਼ਿਆਂ ਦੇ ਅਨੁਕੂਲ ਉਚਾਰਨ ਦੇ ਉਸੇ ਭਾਵ ਦੇ ਕਥਨ ਪ੍ਰਾਚੀਨ ਤੇ ਨਵੀਨ ਆਤਮਿਕ ਤੇ ਸੰਸਾਰਿਕ ਸਾਹਿਤ ਵਿਚੋਂ ਮਿਲ ਜਾਣਗੇ ਤੇ ਉਹਨਾਂ ਵਿਚੋਂ ਬਹੁਤ ਸਾਰੇ ਪਰਮਾਣ ਦਿੱਤੇ ਜਾ ਸਕਦੇ ਹਨ। ਕਰਤਾ ਨੂੰ ਇਸ ਪੁਸਤਕ ਦੀ ਤਿਆਰੀ ਸਮੇਂ ਇਹੋ ਜਿਹੇ ਜੋ ਤੁਲਨਾਤਮਿਕ ਟਾਕਰੇ ਫੁਰੇ ਹਨ ਉਹਨਾਂ ਵਿਚੋਂ ਕੁਝ ਕੁ ਪਰਮਾਣ ਇਸ ਪੁਸਤਕ ਦੇ ਨੋਟਾਂ ਵਿੱਚ ਦਰਜ ਕਰ ਦਿੱਤੇ ਹਨ। ਉਹ ਇਸ ਮੰਤਵ ਨੂੰ ਮੁੱਖ ਰੱਖ ਕੇ ਦਿੱਤੇ ਹਨ ਕਿ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਦੀ ਸਰਬ ਵਿਆਪੀ ਉੱਚ ਭਾਵਨਾ ਦਾ ਲੋਕਾਂ ਨੂੰ ਪਤਾ ਲੱਗ ਜਾਵੇ ਅਤੇ ਉਹ ਕਦੇ ਕਦੇ ਅਕਾਊ ਅਧਿਆਨ ਤੋਂ ਲੋਕਾਂ ਨੂੰ ਛੁਟਕਾਰਾ ਦਿਵਾ ਸਕਣ।

ਜਨਮ ਸਾਖੀਆਂ ਲਿਖਣ ਵਾਲੇ ਲਿਖਾਰੀਆਂ ਕੋਲ ਸਹੀ ਰਹਿਨੁਮਾਈ ਲਈ, ਨਕਸ਼ੇ ਨਹੀਂ ਸਨ। ਇਸੇ ਲਈ ਗੁਰੂ ਸਾਹਿਬਾਨ ਦੇ ਸਫਰਨਾਮੇ, ਕਈ ਥਾਈਂ ਅਸੰਭਵ ਮਹਿਸੂਸ ਹੁੰਦੇ ਹਨ, ਵਿਸ਼ੇਸ਼ ਕਰਕੇ ਇਹ ਗੱਲ ਗੁਰੂ ਨਾਨਕ ਦੇਵ ਜੀ ਦੇ ਸਫਰਨਾਮਿਆਂ ਵਿੱਚ ਮਿਲਦੀ ਹੈ। ਇਸੇ ਲਈ ਇਸ ਪੁਸਤਕ ਵਿੱਚ ਯਤਨ ਕੀਤਾ ਗਿਆ ਹੈ ਕਿ ਗੁਰੂ ਮਹਾਰਾਜ ਦੇ ਸਫਰਾਂ ਨੂੰ ਸੋਧ ਕੇ ਪੇਸ਼ ਕੀਤਾ ਜਾਵੇ ਤੇ ਉਨ੍ਹਾਂ ਨੂੰ ਇੱਕ ਅਜਿਹੇ ਢੰਗ ਨਾਲ ਲਿਖਿਆ ਜਾਵੇ ਜੋ ਵਰਤਮਾਨ ਭਾਰਤ ਦੇ ਵਿਗਿਆਨਕ ਭੂਗੋਲ ਅਨੁਸਾਰ ਹੋਣ। ਪੜ੍ਹੇ ਲਿਖੇ ਸਿੱਖ ਜੇ ਇੱਕ ਇਕੱਤਰਤਾ ਕਰਕੇ ਤੇ ਪੂਰੀ ਸੋਚ ਵਿਚਾਰ ਮਗਰੋਂ ਗੁਰੂ ਮਹਾਰਾਜ ਦੀਆਂ ਯਾਤਰਾ ਦੇ ਨਕਸ਼ੇ ਤਿਆਰ ਕਰ ਦੇਣ ਤਾਂ ਉਹ ਇਸ ਪੁਸਤਕ ਦੇ ਕਿਸੇ ਅਗਲੇ ਸੰਸਕਰਣ ਵਿੱਚ ਦਰਜ ਕਰ ਲਏ ਜਾਣਗੇ। ਇਸੇ ਹੀ ਤਰ੍ਹਾਂ ਸਿੱਖ ਵਿਦਵਾਨ ਆਪਣੇ ਦ੍ਰਿਸ਼ਟੀ ਕੋਣ ਅਨੁਸਾਰ ਵਿਚਾਰਨ ਤੇ ਗੁਰੂ ਜੀ ਦੀ ਬਾਣੀ ਨੂੰ ਮੇਰੇ ਭਾਵਾਰਥਾਂ ਤੋਂ ਚੰਗੇਰੇ ਢੰਗ ਨਾਲ ਗੁਰਬਾਣੀ ਦੇ ਸ਼ਬਦਾਂ ਤੇ ਤੁਕਾਂ ਨੂੰ ਅਰਥ ਦੇਣ, ਤਾਂ ਅਸੀਂ ਉਨ੍ਹਾਂ ਦੇ ਵਿਚਾਰਾਂ ਨੂੰ ਖੁਸ਼ੀ ਨਾਲ ਗ੍ਰਹਿਣ ਕਰਾਂਗੇ।

ਰਿਆਸਤ ਨਾਭਾ ਦੇ ਮਹਾਰਾਜਾ ਹੀਰਾ ਸਿੰਘ, ਮਾਲਵੇਂਦਰ ਬਹਾਦਰ ਨੇ ਬਹੁਤ ਭਾਰਾ ਖਰਚਾ ਕਰਕੇ ਇਕ ਅਨੁਭਵੀ ਸੰਗੀਤਕਾਰ ਨੂੰ ਰੱਖਿਆ ਤੇ ਇਕੱਤੀ ਹਿੰਦੀ ਰਾਗਾਂ ਨੂੰ, ਜਿਨ੍ਹਾਂ ਵਿੱਚ ਕਿ ਗੁਰਬਾਣੀ ਰਚੀ ਗਈ ਹੈ, ਯੂਰਪੀ ਰਾਗਾਂ ਦੇ ਸੁਰ-ਤਾਲਾ ਵਿੱਚ ਢਲਵਾਉਣ ਦੀ ਕ੍ਰਿਪਾਲਤਾ ਕੀਤੀ ਹੈ। ਇਹ ਰਾਗ ਚੇਤਿਆਂ ਚੋਂ ਵਿਸਰ ਰਹੇ ਸਨ ਤੇ ਇਕ ਪ੍ਰਮੁੱਖ ਤੇ ਪ੍ਰਸਿੱਧ ਸਿੱਖ ਰਾਗੀ ਮਹੰਤ ਗੱਜਾ ਸਿੰਘ ਨੇ ਬੜੀ ਕਠਿਨਾਈ ਨਾਲ

ਇਨ੍ਹਾਂ ਨੂੰ ਇਕੱਤਰ ਕੀਤਾ ਹੈ। ਇਸ ਪੁਸਤਕ ਦੇ ਪੰਜਵੇਂ ਭਾਗ ਵਿੱਚ ਸਾਰੇ ਰਾਗ ਪ੍ਰਕਾਸ਼ਿਤ ਕਰ ਦਿੱਤੇ ਹਨ। ਯੂਰਪੀ ਲੋਕਾਂ ਦੇ ਕੰਨਾਂ ਨੂੰ ਭਾਵੇਂ ਇਹ ਬੇ-ਢਬੇ ਹੀ ਜਾਪਣਗੇ ਪਰ ਸਿੱਖਾਂ ਤੇ ਕੋਮਲ ਹੁਨਰਾਂ ਦੇ ਰਸੀਏ ਯੂਰਪੀਨਾਂ ਵੱਲੋਂ ਜੋ ਕਿਉਸ ਰਾਗ ਦੇ ਅਲੋਪ ਹੋ ਜਾਣ ਤੇ ਸ਼ੱਕ ਪ੍ਰਗਟ ਕਰਦੇ ਹਨ, ਜਿਸ ਵਿੱਚ ਕਿ ਪਿੰਡਰ ਤੇ ਸੈਫੂ ਦੀਆਂ ਵਾਰਾਂ ਪੜ੍ਹੀਆਂ ਜਾਂਦੀਆਂ ਸਨ ਅਤੇ ਯੂਨਾਨ ਦੀਆਂ ਵੀਰ-ਗਾਥਾਵਾਂ ਦੇ ਗੀਤ ਇਕੱਠਿਆਂ ਗਾਏ ਜਾਂਦੇ ਸਨ—ਅਵੱਸ਼ ਹੀ ਸਲਾਹੇ ਜਾਣਗੇ।

ਗੁਰੂ ਸਾਹਿਬਾਨ ਦੇ ਚਿੱਤਰ ਵੀ ਇਸ ਪੁਸਤਕ ਵਿੱਚ ਦੇ ਦਿੱਤੇ ਗਏ ਹਨ। ਜਿੱਥੋਂ ਤੱਕ ਸੰਭਵ ਹੋ ਸਕਿਆ ਸਹੀ ਤੇ ਯਥਾਰਥਿਕ ਚਿੱਤਰ ਪ੍ਰਾਪਤ ਕਰਨ ਲਈ ਸਿੱਖ ਗੁਰਦੁਆਰਿਆਂ ਤੇ ਸਿੱਖ ਇਤਿਹਾਸ ਦੇ ਦ੍ਰਿਸ਼ਾਂ ਨੂੰ ਸਮੁੱਖ ਰੱਖਕੇ ਤਿਆਰ ਕਰਵਾਏ ਗਏ ਹਨ। ਇਹ ਚਿੱਤਰ, ਟਿੱਕਾ ਰਿਪੁਦਮਨ ਸਿੰਘ ਸਾਹਿਬ ਨਾਭਾ ਜੋ ਕਿ ਗੱਦੀ ਦੇ ਨੌਜਵਾਨ ਵਾਰਿਸ ਹਨ, ਦੀ ਨਿਗਰਾਨੀ ਹੇਠ ਭਾਈ ਲਾਲ ਸਿੰਘ ਜੀ ਚਿੱਤਰਕਾਰ ਤੋਂ ਤਿਆਰ ਕਰਵਾਏ ਗਏ ਹਨ।

ਇਸ ਪੁਸਤਕ ਦੀ ਤਿਆਰੀ ਲਈ ਲਗਾਤਾਰ ਕਈ ਵਰ੍ਹੇ ਕਰੜੀ ਮਿਹਨਤ ਕਰਨੀ ਪਈ ਅਤੇ ਚੋਖਾ ਸਮਾਂ ਕਿੰਨੇ ਹੀ ਵਿਦਵਾਨ ਸਿੱਖਾਂ ਤੇ ਗਿਆਨੀਆਂ ਤੋਂ ਸਹਾਇਤਾ ਪ੍ਰਾਪਤ ਕੀਤੀ, ਅੰਗਰੇਜ਼ੀ ਤੇ ਦੇਸੀ ਭਾਸ਼ਾਵਾਂ ਦੇ ਨਕਲ ਕਰਨ ਵਾਲੇ ਨਿਯਤ ਕੀਤੇ ਗਏ, ਜਿਸ ਕਰਕੇ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਬਹੁਤ ਭਾਰਾ ਖ਼ਰਚ ਆਇਆ ਹੈ, ਪਰ ਮੈਂ ਰਾਜਾ ਸਾਹਿਬ ਨਾਭਾ, ਸਵਰਗੀ ਰਾਜਾ ਸਾਹਿਬ ਪਟਿਆਲਾ, ਸਰ ਰਾਜਿੰਦਰ ਸਿੰਘ ਜੀ, ਰਾਜਾ ਸਾਹਿਬ ਰਣਬੀਰ ਸਿੰਘ ਜੀ ਜੀਂਦ, ਟਿੱਕਾ ਸਾਹਿਬ ਨਾਭਾ ਅਤੇ ਸਵਰਗੀ ਸਰਦਾਰ ਰਣਜੀਤ ਸਿੰਘ ਜੀ ਛਛਰੌਲੀ ਦਾ ਅਤਿ ਧੰਨਵਾਦੀ ਹਾਂ, ਜਿਨ੍ਹਾਂ ਨੇ ਖ਼ਰਚੇ ਦੇ ਭਾਰ ਨੂੰ ਵੰਡਾਇਆ ਹੈ। ਰਾਜਾ ਸਾਹਿਬ ਗਾਇਕਵਾੜ ਬੜੌਦਾ ਨੇ ਵੀ ਕ੍ਰਿਪਾ ਪੂਰਬਕ ਬਚਨ ਦਿੱਤਾ ਹੈ ਕਿ ਉਹ ਵੀ ਪੁਸਤਕ ਦੇ ਪ੍ਰਕਾਸ਼ਿਤ ਹੋਣ ਉਪਰੰਤ ਸਰਪਰਸਤਾਂ ਵਿੱਚ ਸ਼ਾਮਿਲ ਹੋਣਗੇ।

ਕਈਆਂ ਸੱਜਣ ਪੁਰਸ਼ਾਂ ਨੇ ਇਸ ਪੁਸਤਕ ਦੀ ਸਰਪ੍ਰਸਤੀ ਕਰਨ ਲਈ ਗਵਰਮੈਂਟ ਆਫ਼ ਇੰਡੀਆ ਅਤੇ ਸੈਕਰੇਟਰੀ ਆਫ਼ ਸਟੇਟ ਨੂੰ ਸਿਫ਼ਾਰਿਸ਼ ਕੀਤੀ। ਸਤਿਕਾਰ ਯੋਗ ਪ੍ਰਸਿੱਧ ਵਿਦਵਾਨ ਕੌਂਟ ਏਂਜਲੋ ਦੀ ਗੁਬਰੇਟਿਸ ਨੇ ਜੋ ਪੂਰਬੀ ਰੋਮਨ ਕਾਂਗਰਸ ਦੇ ਪ੍ਰਧਾਨ ਸਨ, ਉੱਨੀ ਅਕਤੂਬਰ, ਅਠਾਰਾਂ ਸੌ ਨੜ੍ਹਿਨਵੇਂ ਨੂੰ ਇੱਕ ਚਿੱਠੀ ਦੁਆਰਾ ਸੈਕਰੇਟਰੀ ਆਫ਼ ਸਟੇਟ ਨੂੰ ਇਸ ਤਰ੍ਹਾਂ ਲਿਖਿਆ—

(ਮੈਕਾਲਿਫ਼ ਸਾਹਿਬ ਦੀ ਪੁਸਤਕ ਵਿਚ ਇਹ ਚਿੱਠੀ ਫਰਾਂਸੀਸੀ ਬੋਲੀ ਵਿਚ ਦਿੱਤੀ ਹੈ, ਜਿਸਦਾ ਅਨੁਵਾਦ ਨਹੀਂ ਦਿੱਤਾ। ਇਸ ਰਾਹੀਂ ਮੈਕਾਲਿਫ਼ ਸਾਹਿਬ ਦੇ ਕੰਮ ਦੀ ਪ੍ਰਸੰਸਾ ਕੀਤੀ ਗਈ ਹੈ ਅਤੇ ਸੈਕਰੇਟਰੀ ਆਫ਼ ਸਟੇਟ ਨੂੰ ਜ਼ੋਰਦਾਰ ਸ਼ਬਦਾਂ ਰਾਹੀਂ ਸਿਫ਼ਾਰਿਸ਼ ਕੀਤੀ ਹੈ ਕਿ ਉਹ ਇਸਦੀ ਸਹਾਇਤਾ ਕਰਨ)

ਪ੍ਰੈਜ਼ੀਡੈਂਟ ਰਾਇਲ ਐਸ਼ੀਏਟਿਕ ਸੋਸਾਇਟੀ ਲਾਰਡ ਰੇਈ (Lord Reay)—ਜੋ ਕਦੇ ਵੀ ਖੁਲ੍ਹੇ-ਦਿਲੀ ਤੇ ਦਾਨ ਆਦਿ ਦੇ ਕੰਮ ਵਿਚ ਪਿੱਛੇ ਨਹੀਂ ਹਟੇ—ਨੇ ਪੰਜਾਬ ਦੇ ਲਾਟ ਸਾਹਿਬ ਨੂੰ ਜ਼ੋਰਦਾਰ ਸਿਫ਼ਾਰਿਸ਼ ਕੀਤੀ ਕਿ ਉਹ ਇਸ ਕੰਮ ਵਲ ਵਿਸ਼ੇਸ਼ ਤੌਰ ਤੇ ਕਿਰਪਾਲਤਾ ਪੂਰਬਕ ਧਿਆਨ ਦੇਣ। ਮਿਸਟਰ ਐਲ.ਡਬਲਯੂ. ਡੇਨ ਸਾਹਿਬ (ਹੁਣ ਸਰ

ਲੂਈ ਡਬਲਯੂ.ਡੇਨ ਲੈਫਟੀਨੈਂਟ ਗਵਰਨਰ ਪੰਜਾਬ) ਹਮੇਸ਼ਾਂ ਹੀ ਮੇਰੀ ਮਿਹਨਤ ਭਰੀਆਂ ਘਾਲਣਾਵਾਂ ਵਲ ਸੁਹਿਰਦਤਾ ਦਿਖਾਉਂਦੇ ਰਹੇ ਹਨ ਅਤੇ ਜਿੱਥੋਂ ਤੱਕ ਉਹਨਾਂ ਦਾ ਇਖ਼ਤਿਆਰ ਸੀ ਮੇਰੀ ਸਫ਼ਲਤਾ ਲਈ—ਹਰ ਤਰ੍ਹਾਂ ਪੂਰੀ ਸਹਾਇਤਾ ਕਰਦੇ ਰਹੇ ਹਨ। ਲਾਰਡ ਕਿਚਨਰ ਖਰਤੂਮ (Khartoum) ਨੇ ਇਕ ਪਬਲਿਕ ਜਲਸੇ ਦੀ ਪ੍ਰਧਾਨਤਾ ਕੀਤੀ ਜਿਸ ਵਿਚ ਕਿ ਮੈਂ "ਸਿੱਖ ਕਿਵੇਂ ਫ਼ੌਜੀ (ਲੜਾਕੂ) ਬਣ ਗਏ" ਵਿਸ਼ੇ ਤੇ ਲੈਕਚਰ ਦਿੱਤਾ ਤੇ ਉਸ ਬਾਰੇ ਉਨ੍ਹਾਂ ਨੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕੀਤੇ—

ਮਿਸਟਰ ਮੈਕਾਲਿਫ਼ ਵਾਸਤੇ ਇਹ ਗੱਲ ਜ਼ਰੂਰ ਹੀ ਸੰਤੋਖਜਨਕ ਹੈ ਕਿ ਸਿੰਘ ਸਭਾ ਅੰਮ੍ਰਿਤਸਰ ਨੇ ਉਸ ਦੇ ਕੀਤੇ ਹੋਏ ਅਨੁਵਾਦ ਨੂੰ ਸਹੀ ਮੰਨ ਲਿਆ ਹੈ। ਅਸੀਂ ਭਰੋਸੇ ਨਾਲ ਇਹ ਗੱਲ ਆਖ ਸਕਦੇ ਹਾਂ ਕਿ ਸਿੱਖਾਂ ਦੀ ਪਵਿੱਤਰ ਬਾਣੀ ਨੂੰ ਸਾਡੀ ਪਹੁੰਚ ਗੋਚਰਾ ਕਰਨ ਲਈ ਮਿਸਟਰ ਮੈਕਾਲਿਫ਼ ਨੇ ਉਨ੍ਹਾਂ ਸਾਰੇ ਵਿਅਕਤੀਆਂ ਤੋਂ ਪ੍ਰਵਾਨਗੀ ਲੈ ਲਈ ਹੈ ਜੋ ਕਿ ਸਿੱਖ ਬਹਾਦਰਾਂ ਦੇ ਪੂਰੇ ਕਦਰਦਾਨ ਹਨ। ਦੇਸ਼ ਦੇ ਰਾਜਿਆਂ ਵਲੋਂ ਇਸ ਨੂੰ ਜੀ ਆਇਆਂ ਆਖ ਕੇ ਪ੍ਰਵਾਨਗੀ ਦੇਣਾ ਤੇ ਹੋਰ ਜਾਗੀਰਦਾਰਾਂ, ਸਰਦਾਰਾਂ ਤੇ ਸਿੱਖ ਕੌਮ ਦੇ ਆਗੂਆਂ ਦਾ ਇਸ ਕੰਮ ਲਈ ਧੰਨਵਾਦੀ ਹੋਣਾ ਇਸੇ ਗੱਲ ਦਾ ਸਬੂਤ ਹੈ। ਮੇਰਾ ਵਿਸ਼ਵਾਸ ਹੈ ਕਿ ਮਿਸਟਰ ਮੈਕਾਲਿਫ਼ ਲਈ ਸਿੱਖ ਕੌਮ ਵਿਚ ਧੰਨਵਾਦ ਦੀ ਭਾਵਨਾ ਹੋਰ ਵੀ ਵੱਧ ਜਾਵੇਗੀ, ਜਦੋਂ ਕਿ ਮੈਕਾਲਿਫ਼ ਸਾਹਿਬ ਨੇ ਗੁਰਾਂ ਦੀ ਪਵਿੱਤਰ ਬਾਣੀ ਦਾ ਅਨੁਵਾਦ ਅਜੋਕੀ ਪੰਜਾਬੀ ਬੋਲੀ ਵਿਚ ਕਰਨਾ ਸ਼ੁਰੂ ਕਰ ਦਿੱਤਾ ਜਿਸ ਬਾਰੇ ਮੈਨੂੰ ਪਤਾ ਲੱਗਾ ਹੈ ਕਿ ਉਹ ਅਰੰਭ ਕਰਨ ਵਾਲਾ ਹੈ ਅਤੇ ਆਸ ਹੈ ਕਿ ਇਸ ਦਾ ਸਿੱਟਾ ਇਹ ਨਿਕਲੇਗਾ ਕਿ ਦੇਸ਼ ਭਰ ਵਿਚ ਹਰ ਇੱਕ ਸਿੱਖ ਦੇ ਟੱਬਰ ਵਿਚ ਇਹ ਭਾਵਨਾ ਫੈਲ ਜਾਏਗੀ।"

ਸਾਹਿਤਕ ਸਹਾਇਤਾ ਬਾਰੇ ਮੈਂ ਸਰਦਾਰ ਕਾਹਨ ਸਿੰਘ ਨਾਭਾ ਜੀ ਦੀ ਸਹਾਇਤਾ ਦਾ ਜ਼ਿਕਰ ਲਿਖਤੀ ਤੌਰ ਤੇ ਜ਼ਰੂਰ ਕਰਨਾ ਚਾਹੁੰਦਾ ਹਾਂ। ਸਰਦਾਰ ਕਾਹਨ ਸਿੰਘ ਜੀ ਸਿੱਖਾਂ 'ਚੋਂ ਸਭ ਤੋਂ ਸ਼ਿਰੋਮਣੀ ਤੇ ਪ੍ਰਸਿੱਧ ਵਿਦਵਾਨ ਲੇਖਕ ਹਨ। ਇਸ ਪੁਸਤਕ ਦੀ ਛਪਾਈ ਵਿਚ ਸਹਾਇਤਾ ਕਰਨ ਲਈ ਇਹ ਰਾਜਾ ਸਾਹਿਬ ਨਾਭਾ ਦੀ ਆਗਿਆ ਨਾਲ਼ ਯੂਰਪ ਪੁੱਜੇ ਸਨ ਅਤੇ ਓਥੇ ਇਹ ਪੁਸਤਕ ਦੇ ਪਰੂਫ ਪੜ੍ਹਨ ਵਿਚ ਇਮਦਾਦ ਦਿੰਦੇ ਰਹੇ ਹਨ।

ਮੈਂ ਨਿਮਨਲਿਖਤ ਭੱਦਰ ਪੁਰਸ਼ਾਂ ਅਤੇ ਹੋਰ ਬਹੁਤ ਸਾਰੇ ਵਿਦਵਾਨਾਂ ਤੇ ਸੂਝਵਾਨ ਸਿੱਖਾਂ ਦਾ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਕੰਮ ਵਿਚ ਮੇਰੀ ਪ੍ਰਸੰਸਾ ਯੋਗ ਸਹਾਇਤਾ ਕੀਤੀ ਹੈ—ਦੀਵਾਨ ਲੀਲਾ ਰਾਮ ਵਤਨ ਮੱਲ ਜੀ ਸੱਬ ਜੱਜ ਸਿੰਧ, ਭਾਈ ਸ਼ੰਕਰ ਦਿਆਲ ਜੀ ਫੈਜ਼ਾਬਾਦ, ਭਾਈ ਹਜ਼ਾਰਾ ਸਿੰਘ ਜੀ ਤੇ ਭਾਈ ਸਰਦੂਲ ਸਿੰਘ ਜੀ ਅੰਮ੍ਰਿਤਸਰ, ਸਵਰਗਵਾਸੀ ਭਾਈ ਦਿੱਤ ਸਿੰਘ ਜੀ ਲਾਹੌਰ, ਸਵਰਗਵਾਸੀ ਭਾਈ ਭਗਵਾਨ ਸਿੰਘ ਜੀ ਪਟਿਆਲਾ ਆਦਿਕ।

ਸਿੱਖਾਂ ਦੇ ਗੁਰੂ ਸਾਹਿਬਾਨ ਸਾਦਗੀ ਵਾਲੇ ਪੁਰਸ਼ ਸਨ, ਜੋ ਆਮ ਕਰਕੇ ਆਪਣੇ ਵਿਚਾਰਾਂ ਦੇ ਪਰਚਾਰ ਹਿਤ ਆਮ ਬੋਲ-ਚਾਲ ਦੀ ਬੋਲੀ ਵਰਤੋਂ ਵਿਚ ਲਿਆਉਂਦੇ ਸਨ ਅਤੇ ਵਿਦਵਤਾ ਦਰਸਾਉਣ ਵਾਲੇ ਤੇ ਦਰਸ਼ਨ ਦੀ ਚਾਤਰੀ ਛਾਂਟਣ ਵਾਲੇ ਕਠਨ ਸ਼ਬਦ ਨਹੀਂ ਸਨ ਵਰਤਦੇ, ਇਸੇ ਲਈ ਮੈਂ ਵੀ ਆਪਣੇ ਉਲਥੇ ਵਿਚ ਸਧਾਰਨ ਤੇ

ਸਿਧੀ-ਸਾਦੀ ਬੋਲੀ ਵਰਤਣ ਦਾ ਯਤਨ ਕੀਤਾ ਹੈ, ਜਿਵੇਂ ਕਿ ਮੇਰਾ ਯਕੀਨ ਹੈ ਕਿ ਗੁਰੂ ਸਾਹਿਬਾਨ ਤੇ ਉਹਨਾਂ ਤੋਂ ਪਹਿਲਾਂ ਹੋ ਚੁਕੇ ਸੁਧਾਰਵਾਦੀ ਪੁਰਸ਼ ਚਾਹੁੰਦੇ ਸਨ।

ਮੇਰਾ ਮਨੋਰਥ ਸੀ ਕਿ ਮੈਂ ਸਿੱਖਾਂ ਦੀਆਂ ਧਾਰਮਿਕ ਪੁਸਤਕਾਂ ਦਾ ਸਹੀ ਸਹੀ ਅਨੁਵਾਦ ਕਰਾਂ, ਪਰ ਵਰਤਮਾਨ ਕਾਲ ਦੀ ਬੋਲੀ ਨੂੰ ਲੋੜ ਅਨੁਸਾਰ ਮੈਂ ਸਤਿਕਾਰ ਭਰੇ ਵਾਕਾਂ ਵਾਲੀ ਭਾਵੇਂ ਬਣਾ ਲਵਾਂ ਅਤੇ ਸ਼ਬਦਾਰਥ ਵਿਚ ਕੋਈ ਨਵੀਨਤਾ ਜਾਂ ਅਸਚਰਜਤਾ ਵਾਲਾ ਭਾਵ ਪ੍ਰਗਟ ਕਰਨ ਦਾ ਯਤਨ ਨਾ ਕਰਾਂ। ਮੈਂ ਇਹ ਦਾਅਵਾ ਨਹੀਂ ਕਰ ਸਕਦਾ ਕਿ ਮੈਨੂੰ ਸਿਧੀ-ਸਾਦੀ ਬੋਲੀ ਵਰਤਣ ਦੇ ਯਤਨ ਵਿਚ ਪੂਰੀ ਸਫ਼ਲਤਾ ਪ੍ਰਾਪਤ ਹੋਈ ਹੈ। ਗੁਰੂਆਂ ਦੇ ਆਦਰਸ਼ ਤੇ ਵਿਸ਼ੇਸ਼ ਕਰਕੇ ਉਨ੍ਹਾਂ ਦੇ ਰਚਨਹਾਰ ਦੇ ਵਰਣਨ ਕੀਤੇ ਹੋਏ ਗੁਣ ਕਿਸੇ ਪ੍ਰਕਾਰ ਵੀ ਪ੍ਰਾਚੀਨ ਅੰਗਰੇਜ਼ੀ ਦੇ ਆਮ ਵਰਤੋਂ ਦੇ ਸ਼ਬਦਾਂ ਵਿਚ ਉਲਥਾਏ ਨਹੀਂ ਜਾ ਸਕਦੇ ਜਦ ਤੱਕ ਕਿ ਉਨ੍ਹਾਂ ਨੂੰ ਵਿਸਤਾਰ ਸਹਿਤ ਬਿਆਨ ਕਰਨ ਦਾ ਢੰਗ ਵਰਤੋਂ ਵਿਚ ਨਾ ਲਿਆਂਦਾ ਜਾਵੇ। ਕਈ ਵਾਰੀ ਕੁਝ ਸ਼ਬਦ ਅਜਿਹੇ ਵੀ ਲੱਭ ਜਾਂਦੇ ਹਨ ਜਿਨ੍ਹਾਂ ਦੇ ਭਾਵਾਅਰਥ ਕਈ ਹਾਲਤਾਂ ਵਿਚ ਮਿਲਦੇ-ਜੁਲਦੇ ਲਗਦੇ ਹਨ, ਪਰ ਉਹ ਮੂਲੋਂ ਸਹੀ ਸਹੀ ਉਨ੍ਹਾਂ ਭਾਵਾਂ ਤੇ ਅਰਥਾਂ ਦਾ ਪ੍ਰਗਟਾ ਨਹੀਂ ਕਰ ਸਕਦੇ ਜੋ ਕਿ ਸਿੱਖ ਗੁਰਬਾਣੀ ਦੇ ਰਚਨਹਾਰਿਆਂ ਦਾ ਮਨੋਰਥ ਸੀ।

ਕਵੀਆਂ ਲਈ, ਭਾਵੇਂ ਪੁਰਾਣੇ ਸ਼ਬਦਾਂ ਦੀ ਵਰਤੋਂ ਜ਼ਰੂਰੀ ਖ਼ਿਆਲ ਕੀਤੀ ਜਾਂਦੀ ਹੈ ਅਤੇ ਆਮ ਤੌਰ ਤੇ ਉਹ ਇਸ ਢੰਗ ਨਾਲ ਆਪਣੀ ਕਾਵਿ-ਰਚਨਾ ਨੂੰ ਸ਼ਿੰਗਾਰ ਲੈਂਦੇ ਹਨ, ਪਰ ਮੈਂ ਇਸ ਢੰਗ ਨੂੰ ਉੱਕਾ ਹੀ ਛੱਡ ਦੇਣ ਦਾ ਯਤਨ ਕੀਤਾ ਹੈ। ਮੈਨੂੰ ਆਸ ਹੈ ਕਿ ਇਸ ਢੰਗ ਨਾਲ ਮੇਰੀ ਪੁਸਤਕ, ਸਿੱਖਾਂ ਵਾਸਤੇ ਵਧੇਰੇ ਲਾਭਦਾਇਕ ਸਿੱਧ ਹੋਵੇਗੀ ਅਤੇ ਨਾਲ ਹੀ ਉਨ੍ਹਾਂ ਨੂੰ ਅੰਗਰੇਜ਼ੀ ਬੋਲੀ ਦੀ ਜਾਣਕਾਰੀ ਵਿੱਚ ਵੀ ਸਹਾਇਕ ਹੋਵੇਗੀ।

ਭਾਰਤੀ ਪ੍ਰਕਿਰਤੀ ਵਾਚਕ ਨਾਵਾਂ ਦੇ ਮੈਂ ਉਸੇ ਤਰ੍ਹਾਂ ਹੀ ਜੋੜ ਕੀਤੇ ਹਨ, ਜਿਵੇਂ ਕਿ ਉਹ ਭਾਰਤ ਵਿਚ ਅੱਜ ਕੱਲ ਬੋਲੇ ਤੇ ਲਿਖੇ ਜਾਂਦੇ ਹਨ ਪਰ ਜਿਸ ਤਰ੍ਹਾਂ ਉਹ ਸੰਸਕ੍ਰਿਤ ਕਾਲ ਵਿਚ ਉਚਾਰੇ ਤੇ ਲਿਖੇ ਜਾਂਦੇ ਸਨ, ਉਸ ਤਰ੍ਹਾਂ ਮੈਂ ਨਹੀਂ ਲਿਖੇ। ਇਹ ਕੁਝ ਕਰਨ ਵਿਚ ਮੈਂ ਸਿਰਫ਼ ਵਰਤਮਾਨ ਬੋਲੀਆਂ ਦੇ ਰਿਵਾਜ ਪਿਛੇ ਤੁਰ ਰਿਹਾ ਹਾਂ।

ਕਿਉਂਕਿ ਇਹ ਪੁਸਤਕ ਸਿੱਖ ਧਰਮ ਬਾਰੇ ਹੈ, ਇਸ ਲਈ ਮੈਂ ਇਸ ਵਿਚ ਗੁਰੂ ਨਾਨਕ ਸਾਹਿਬ ਜੀ ਤੋਂ ਲਿਖਣਾ ਆਰੰਭ ਕੀਤਾ ਹੈ। ਪਰ ਜੇ ਕੋਈ ਪਾਠਕ ਸਿੱਖ-ਸੁਧਾਰ ਦੀ ਇਤਿਹਾਸਿਕ ਪੱਖ ਤੋਂ ਹੋਈ ਤਰੱਕੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਇਛੁੱਕ ਹੋਵੇ ਤਾਂ ਉਸਨੂੰ ਇਹ ਪੁਸਤਕ ਛੇਵੀਂ ਜਿਲਦ ਤੋਂ ਪੜ੍ਹਨੀ ਆਰੰਭ ਕਰਨੀ ਚਾਹੀਦੀ ਹੈ। ਆਮ ਤੌਰ ਤੇ ਇਹ ਗੁਰੂ ਅਰਜਨ ਸਾਹਿਬ ਦਾ ਆਪਣਾ ਇਰਾਦਾ ਸੀ, ਨਹੀਂ ਤਾਂ ਉਹ ਆਪਣੇ ਸੰਗ੍ਰਹਿ ਕੀਤੇ ਗੁਰੂ ਗ੍ਰੰਥ ਸਾਹਿਬ ਵਿਚ ਉਹ ਸ਼ਬਦ ਸ਼ਾਮਲ ਨਾ ਕਰਦੇ ਜੋ ਉਨ੍ਹਾਂ ਤੋਂ ਪਹਿਲਿਆਂ ਦੇ ਨਿਯਮਾਂ ਤੇ ਸਿਧਾਂਤਾਂ ਤੋਂ ਉੱਕਾ ਹੀ ਉਲਟ ਸਨ।

ਇਸ ਪੁਸਤਕ ਦੇ ਕਰਤਾ ਨੂੰ ਅਹਿਸਾਸ ਹੈ ਕਿ ਇੱਕ ਗੱਲੋਂ ਉਹ ਖ਼ਾਸ ਘਾਟੇ ਵਿਚ ਰਹੇਗਾ ਕਿਉਂਕਿ ਯੂਰਪ ਵਿਚ ਤੇ ਅਮਰੀਕਾ ਦੇ ਵਿਦਵਾਨ ਇਸ ਸਥਿਤੀ ਵਿਚ ਨਹੀਂ ਹਨ ਕਿ ਉਹ ਬਾਣੀ ਦੇ ਅਨੁਵਾਦ ਦੇ ਮੂਲ ਗੁਣਾਂ ਨੂੰ ਸਨਮੁਖ ਰੱਖ ਕੇ ਟੀਕਾ-ਟਿੱਪਣੀ ਕਰ ਸਕਣ, ਕਿਉਂਕਿ ਇਹ ਰਚਿੱਤ ਬਾਣੀ ਸਿੱਧ-ਪੱਧਰੀ ਪ੍ਰਚਲਿਤ ਪੇਂਡੂ ਬੋਲੀ ਵਿਚ ਹੈ, ਜੋ

ਸਿਰਫ ਭਾਰਤ ਵਿਚ ਰਹਿ ਕੇ ਗਿਣਤੀ ਦੇ ਉਨ੍ਹਾਂ (ਪ੍ਰਾਚੀਨ ਗਿਆਨੀਆਂ) ਸਿੱਖਾਂ ਦੇ ਮੂੰਹੋਂ ਹੀ ਸਮਝੀ ਜਾ ਸਕਦੀ ਹੈ ਜੋ ਕਿ ਇਸ ਸਮੇਂ ਹਨ, ਨਾ ਹੀ ਹਿੰਦੁਸਤਾਨ ਬਾਰੇ, ਯੂਰਪ ਤੇ ਅਮਰੀਕਾ ਦੇ ਵਿਦਵਾਨਾਂ ਨੂੰ, ਉਹਨਾਂ ਪੁਸਤਕਾਂ ਦੇ ਪੜ੍ਹਨ ਦਾ ਅਵਸਰ ਮਿਲਿਆ ਹੈ, ਜੋ ਕਿ ਸਾਡੇ ਅਤੇ ਗੁਰੂਆਂ ਦੇ ਜੀਵਨਾਂ ਅਤੇ ਉਨ੍ਹਾਂ ਤੋਂ ਪਹਿਲਾਂ ਹੋ ਬੀਤੇ ਸੰਤਾਂ, ਭਗਤਾਂ ਦੇ ਜੀਵਨਾਂ ਦਾ ਆਧਾਰ ਹਨ, ਇਸੇ ਲਈ ਇਸ ਪੁਸਤਕ ਦੇ ਕਰਤਾ ਦੀਆਂ ਕਠਿਨਾਈਆਂ ਤੇ ਮਿਹਨਤ ਨੂੰ ਉਹ ਨਹੀਂ ਜਾਣ ਸਕਦੇ।

ਦ੍ਰਿੜ ਵਿਸ਼ਵਾਸ ਨਾਲ ਇਹ ਗੱਲ ਆਖੀ ਜਾ ਸਕਦੀ ਹੈ ਕਿ ਇਸ ਪ੍ਰਕਾਰ ਦਾ ਕੰਮ ਮੁੜ ਫੇਰ ਨਹੀਂ ਹੋ ਸਕਣਾ। ਭਾਰਤ ਤੋਂ ਬਾਹਰ ਰਹਿ ਕੇ, ਕਿਸੇ ਹਾਲ ਵਿਚ ਵੀ, ਅਜਿਹੀ ਪੁਸਤਕ ਰਚੀ ਨਹੀਂ ਜਾ ਸਕਦੀ। ਜਦ ਇਕ ਆਦਮੀ ਨੂੰ ਭਾਰਤ ਵਿਚ ਰਹਿ ਕੇ ਵੀ, ਪੂਰੀਆਂ ਸਹੂਲਤਾਂ ਵਾਲੀ ਪੋਜ਼ੀਸ਼ਨ ਹਾਸਿਲ ਹੋਵੇ ਅਤੇ ਜਦ ਉਸ ਵਿਦਿਆਰਥੀ ਨੂੰ ਭਾਰਤ ਦੀਆਂ ਬੋਲੀਆਂ ਤੇ ਪੇਂਡੂ ਬੋਲੀਆਂ ਦੀ ਵੀ ਜਾਣਕਾਰੀ ਹੋ ਜਾਵੇ ਤਾਂ ਸਿੱਖ ਧਰਮ ਦੇ ਪਵਿੱਤਰ ਗ੍ਰੰਥਾਂ ਦਾ ਅਨੁਵਾਦ ਕਰਨਾ ਅਤੇ ਗੁਰੂ ਸਾਹਿਬਾਨ ਤੇ ਭਗਤਾਂ ਦੀਆਂ ਜੀਵਨੀਆਂ ਲਿਖਣੀਆਂ ਕਈਆਂ ਸਾਲਾਂ ਦਾ ਕੰਮ ਹੈ। ਕੋਈ ਵੀ ਵਿਅਕਤੀ ਜਦ ਤੱਕ ਕਿ ਉਹ ਗਵਰਨਮੈਂਟ ਆਫ਼ ਇੰਡੀਆ ਦੀ ਨੌਕਰੀ ਕਰਦਾ ਹੈ, ਇਹੋ ਜਿਹੀ ਪੁਸਤਕ ਰਚਣ ਲਈ ਸਮਾਂ ਨਹੀਂ ਕੱਢ ਸਕਦਾ। ਕੋਈ ਹੀ ਯੂਰਪੀਨ (ਅੰਗਰੇਜ਼) ਇਹੋ ਜਿਹਾ ਹੋਵੇਗਾ ਜੋ ਭਾਰਤ ਵਿਚ ਨੌਕਰੀ ਤੋਂ ਰਿਟਾਇਰ ਹੋ ਕੇ, ਫੇਰ ਭਾਰਤ ਵਿੱਚ ਹੀ ਕਈ ਸਾਲ ਰਹੇ ਤੇ ਇਕਾਂਤ ਜੀਵਨ ਬਤੀਤ ਕਰੇ, ਭਾਰਤ ਦੀਆਂ ਮੱਧ ਕਾਲੀ ਪੇਂਡੂ ਬੋਲੀਆਂ ਨੂੰ ਸਿਖਣ ਵਿਚ ਆਪਣੀ ਜਾਨ ਮਾਰੇ ਅਤੇ ਗਿਆਨੀਆਂ ਦੀ ਸਲਾਹ ਸਮੁੱਖ ਆਪਣੇ ਆਪ ਨੂੰ ਨੀਵਾਂ ਕਰ ਲਵੇ। ਇਹੋ ਜਿਹੇ ਖੋਜ ਦੇ ਕੰਮ ਲਈ, ਫਰਜ਼ ਕਰੋ ਜੇ ਕੁਝ ਸ਼ਹੀਦ ਲੱਭ ਵੀ ਜਾਣ ਤਾਂ ਉਹ ਲੋੜੀਂਦੀ ਸਹਾਇਤਾ ਪ੍ਰਾਪਤ ਨਹੀਂ ਕਰ ਸਕਣਗੇ, ਕਿਉਂਕਿ ਸਿੱਖਾਂ ਦੇ ਧਾਰਮਿਕ ਗ੍ਰੰਥਾਂ ਦੇ ਪ੍ਰਮੁੱਖ ਗਿਆਨੀ ਇਸ ਨਸਲ ਦੇ ਨਾਲ ਹੀ ਮੁੱਕ ਚੁੱਕੇ ਹੋਣਗੇ ਤੇ ਸਰਪ੍ਰਸਤੀ ਦੀ ਘਾਟ ਕਾਰਨ ਉਨ੍ਹਾਂ ਦੀ ਥਾਂ ਪੂਰਨ ਵਾਲਾ ਕੋਈ ਨਹੀਂ ਲੱਭਣ ਲੱਗਾ। ਇਹ ਇਕ ਅਜਿਹਾ ਯਥਾਰਥ ਹੈ ਕਿ ਜੇ ਕੋਈ ਅਸਰ ਰਸੂਖ ਵਾਲਾ, ਅੰਗਰੇਜ਼ੀ ਬੋਲੀ ਦਾ ਵਾਕਿਫ਼ ਮਿਹਨਤੀ ਸਿੱਖ ਵੀ ਇਸ ਕੰਮ ਨੂੰ ਕਰਨਾ ਆਰੰਭ ਕਰੇਗਾ ਤਾਂ ਉਹ ਆਪਣੇ ਧਰਮ ਬਾਰੇ ਅਜੇਹਾ ਪ੍ਰਮਾਣਿਕ ਤੇ ਵਿਸਥਾਰ ਵਾਲਾ ਗ੍ਰੰਥ ਇਸ ਬੋਲੀ ਵਿਚ ਤਿਆਰ ਨਹੀਂ ਕਰ ਸਕੇਗਾ।

ਲੰਘ ਚੁਕੇ ਸਮੇਂ ਦੇ ਪ੍ਰਚਾਰਕਾਂ ਨੇ ਆਖਿਆ ਹੈ ਕਿ ਅਨੇਕਾਂ ਪੁਸਤਕਾਂ ਦੀ ਰਚਨਾ ਕੀਤੀ ਜਾ ਸਕਦੀ ਹੈ। ਬੀਤ ਚੁਕੀ ਸਦੀ ਵਿਚ ਪੁਸਤਕਾਂ ਦਾ ਇਕ ਹੜ੍ਹ ਜਿਹਾ ਆ ਗਿਆ ਹੈ ਅਤੇ ਉਹਨਾਂ ਵਿਚ ਵਧੇਰੇ ਅਜਿਹੀਆਂ ਹਨ, ਜੋ ਢੇਰਾਂ ਦੇ ਰੂਪ ਵਿਚ ਕਬਾੜੀਆਂ ਕੋਲੋਂ ਪੁੱਜ ਜਾਂਦੀਆਂ ਹਨ। ਇਸ ਪੁਸਤਕ ਦਾ ਕਰਤਾ ਉਤਸ਼ਾਹ ਪੂਰਨ ਆਸ ਰੱਖਦਾ ਹੈ ਕਿ ਇਹ ਪੁਸਤਕ—ਜਿਸ ਵਿੱਚ ਸੰਸਾਰ ਦੇ ਵੱਡੇ ਤੇ ਸਾਰਿਆਂ ਤੋਂ ਅੰਤ ਵਿੱਚ ਪ੍ਰਚਲਿਤ ਹੋਏ ਧਰਮ ਦਾ ਵਰਣਨ ਹੈ ਅਤੇ ਜਿਸਦੀ ਖੋਜ ਨਹੀਂ ਕੀਤੀ ਗਈ—ਕਬਾੜੀਆਂ ਦੀ ਸੂਚੀ ਤੋਂ ਬਾਹਰ ਰਹੇਗੀ। ਇਸ ਦੇ ਨਾਲ ਹੀ ਵਰਤਮਾਨ ਸਮੇਂ ਦਾ ਕੋਈ ਲੇਖਕ ਜੇ ਕਿਸੇ

ਵੱਡੀ ਲਾਇਬਰੇਰੀ ਦੇ ਖਾਨਿਆਂ ਵਲ ਨਜ਼ਰ ਮਾਰੇ ਤਾਂ ਉਸਨੂੰ ਨਿਸ਼ਚਾ ਹੋ ਜਾਵੇਗਾ ਕਿ ਅਜੋਕੀ ਬਹੁਤ ਸਾਰੀ ਦਿਮਾਗੀ ਮਿਹਨਤ ਬੇਕਾਰ ਹੋ ਜਾਂਦੀ ਹੈ ਅਤੇ ਜਿਸ ਲੇਖਕ ਨੂੰ ਆਪਣੇ ਵਿਸ਼ੇ ਨਾਲੋਂ ਆਪਣਾ ਮਾਨ ਪਿਆਰਾ ਹੈ, ਉਸਨੂੰ ਉਤਲੀ ਸਿੱਖਿਆ ਮਿਲਦੀ ਹੈ। ਵੱਡੀਆਂ ਵੱਡੀਆਂ ਪ੍ਰਾਚੀਨ ਤੇ ਸਿਉਂਕ ਖਾਧੀਆਂ ਪੁਸਤਕਾਂ ਜਿਨ੍ਹਾਂ ਵਿਚ ਚਿੱਤਰਾਂ ਦਾ ਕੋਈ ਅੰਤ-ਸ਼ੁਮਾਰ ਨਹੀਂ ਤੇ ਜਿਨ੍ਹਾਂ ਦੀਆਂ ਜਿਲਦਾਂ ਬਹੁਤ ਫੱਬਵੀਆਂ ਹਨ ਅਤੇ ਜਿਨ੍ਹਾਂ ਨੂੰ ਅੱਜ ਕੋਈ ਪੜ੍ਹਦਾ ਵੀ ਨਹੀਂ, ਵਰ੍ਹਿਆਂ-ਬੱਧੀ ਮੁਸ਼ੱਕਤ ਦਾ ਸਿੱਟਾ ਹਨ ਤੇ ਕਈਆਂ ਲੇਖਕਾਂ ਨੇ ਤਾਂ ਇਨ੍ਹਾਂ ਲਈ ਆਪਣੀ ਸਿਹਤ ਤੇ ਜਾਨ ਤੱਕ ਵੀ ਕੁਰਬ੍ਹਾਨ ਕਰ ਛੱਡੀ ਹੈ। ਪਰ ਅੱਜ ਉਹ ਪੁਸਤਕਾਂ ਨਾਸ਼ਵਾਨ ਪ੍ਰਸਿੱਧੀ ਦੀਆਂ ਅਤੇ ਬੇਕਾਰ ਮਨੁੱਖੀ ਮੁਸ਼ੱਕਤ ਦੀਆਂ ਅਫਸੋਸਨਾਕ ਯਾਦਗਾਰਾਂ ਹਨ। ਕਈਆਂ ਪੁਸਤਕਾਂ ਦਾ ਅੰਤ ਤਾਂ ਇਸ ਤੋਂ ਵੀ ਭੈੜਾ ਹੈ। ਕਈ ਵਾਰ ਕਈਆਂ ਲਿਖਾਰੀਆਂ ਦੀ ਉਮਰ ਭਰ ਦੀ ਮੁਸ਼ੱਕਤ ਦਾ ਸਿੱਟਾ ਉਨ੍ਹਾਂ ਨੂੰ ਲਾਭ ਪ੍ਰਾਪਤ ਹੋਣ ਦੀ ਥਾਂ ਇਹ ਮਿਲਦਾ ਹੈ ਕਿ ਲੋਕੀ ਉਨ੍ਹਾਂ ਨੂੰ ਉੱਕਾ ਹੀ ਵਿਸਾਰ ਦਿੰਦੇ ਹਨ। ਜਿਸ ਕਿਸੇ ਦੇ ਹਾਲਤ ਸੁਖਾਵੇਂ ਵੀ ਹੋਣ ਅਜਿਹੀ ਭਾਰੀ ਪੁਸਤਕ ਦੇ ਲਿਖਾਰੀ ਨੂੰ ਜਿਸਦੀ ਆਪਣੀ ਉਮਰ ਦੇ ਕਈ ਵਰ੍ਹੇ ਇਸ ਤੇ ਲੱਗੇ ਹੋਣ, ਉਸਨੂੰ ਤਾਂ ਆਪਣੇ ਪਿਆਰੇ ਮਿੱਤਰਾਂ ਦੀ ਖੁਸ਼ੀ ਦੇ ਪ੍ਰਾਪਤ ਕਰਨ ਦੇ ਵਕਤੀ ਲਾਭ ਦੀ ਵੀ ਬਹੁਤੀ ਆਸ ਨਹੀਂ ਹੋ ਸਕਦੀ, ਕਿਉਂਕਿ ਉਸਦੇ ਖੁਸ਼ ਹੋਣ ਵਾਲੇ ਮਿੱਤਰਾਂ ਵਿਚੋਂ ਪੁਸਤਕ ਦੇ ਛਪਣ ਤੱਕ, ਕਈ ਤਾਂ ਗੁਜ਼ਰ ਚੁੱਕੇ ਹੁੰਦੇ ਹਨ ਅਤੇ ਕਈਆਂ ਦੇ ਦੁਰਾਡੇ ਰਹਿਣ ਕਾਰਨ ਤੇ ਹੋਰ ਰੁਝੇਵਿਆਂ ਕਰਕੇ ਗੂੜ੍ਹੇ, ਪਿਆਰ ਦੇ ਭਾਵ ਪੱਤਲੇ ਪੈ ਜਾਂਦੇ ਹਨ ਅਤੇ ਪੁਸਤਕ ਦੀ ਸਫਲਤਾ ਤੋਂ ਉਨ੍ਹਾਂ ਨੂੰ ਕੋਈ ਪ੍ਰਸੰਨਤਾ ਪ੍ਰਾਪਤ ਨਹੀਂ ਹੁੰਦੀ।

ਮੈਕਸ ਆਰਥਰ ਮੈਕਾਲਿਫ

ਰਾਇਲ ਸੋਸਾਇਟੀ ਕਲੱਬ ਲੰਡਨ

ਮੈਕਾਲਿਫ਼ ਸਾਹਿਬ

ਮਿਸਟਰ ਮੈਕਾਲਿਫ਼ ਆਇਰਲੈਂਡ ਦਾ ਵਸਨੀਕ ਸੀ। ਇੰਡੀਅਨ ਸਿਵਲ ਸਰਵਿਸ ਇਮਤਿਹਾਨ ਪਾਸ ਕਰਕੇ ਹਿੰਦੁਸਤਾਨ ਵਿੱਚ ਆਇਆ ਤੇ ਕਈ ਥਾਈਂ ਐਸਿਸਟੈਂਟ ਕਮਿਸ਼ਨਰ ਦੇ ਅਹੁਦੇ ਤੇ ਕੰਮ ਕੀਤਾ, ਜਦ ਇਹ ਗੁਜਰਾਤ ਦਾ ਡਿਪਟੀ ਕਮਿਸ਼ਨਰ ਸੀ, ਤਾਂ ਇਕ ਵੇਰ ਦੀਪਮਾਲਾ ਵੇਖਣ ਲਈ ਸ੍ਰੀ ਅੰਮ੍ਰਿਤਸਰ ਗਿਆ। ਉਥੇ ਕਈ ਸਿੱਖ ਵਿਦਵਾਨਾਂ ਨੂੰ ਮਿਲਿਆ ਅਤੇ ਉਹਨਾਂ ਕੋਲੋਂ ਗੁਰਬਾਣੀ ਸੁਣ ਕੇ ਤੇ ਸਿੱਖੀ ਜੀਵਨ ਨੂੰ ਵੇਖ ਕੇ ਗੁਰਸਿੱਖੀ ਦੇ ਪ੍ਰਭਾਵ ਹੇਠਾਂ ਆਇਆ। ਉਸੇ ਵੇਲੇ ਗੁਰਮੁਖੀ ਪੜ੍ਹਨੀ ਸ਼ੁਰੂ ਕਰ ਦਿੱਤੀ।

ਉਸ ਵੇਲੇ ਸਿੱਖਾਂ ਵਿੱਚ ਸਿੰਘ ਸਭਾ ਦੀ ਲਹਿਰ ਨਵੀਂ ਨਵੀਂ ਚੱਲੀ ਸੀ ਅਤੇ ਧਾਰਮਿਕ ਸੁਧਾਰ ਦਾ ਕੰਮ ਜ਼ੋਰਾਂ ਤੇ ਸੀ। ਇਸ ਲਹਿਰ ਦੇ ਮੋਢੀ ਭਾਈ ਗੁਰਮੁਖ ਸਿੰਘ ਜੀ ਪ੍ਰੋਫੈਸਰ ਓਰੀਐਂਟਲ ਕਾਲਜ ਲਾਹੌਰ, ਭਾਈ ਦਿੱਤ ਸਿੰਘ ਜੀ ਗਿਆਨੀ ਲਾਹੌਰ, ਭਾਈ ਸਰਦੂਲ ਸਿੰਘ ਜੀ ਗਿਆਨੀ ਅੰਮ੍ਰਿਤਸਰ, ਭਾਈ ਸੰਤ ਸਿੰਘ ਗਿਆਨੀ ਕਪੂਰਥਲਾ ਆਦਿ ਸਨ। ਇਨ੍ਹਾਂ ਦੇ ਮੇਲਜੋਲ ਨਾਲ ਸਿੱਖ ਧਰਮ ਦੀ ਵਾਕਫੀ ਤੇ ਪ੍ਰੇਮ ਮੈਕਾਲਿਫ਼ ਸਾਹਿਬ ਦੇ ਦਿਲ ਵਿਚ ਦਿਨੋਂ ਦਿਨ ਵਧਦਾ ਗਿਆ। ਭਾਈ ਗੁਰਮੁਖ ਸਿੰਘ ਜੀ ਨੇ ਉਸਨੂੰ ਸਮਝਾਇਆ ਕਿ ਜਦ ਤੀਕ ਗੁਰਬਾਣੀ ਅਰਥਾਂ ਸਹਿਤ ਨਹੀਂ ਪੜ੍ਹਦੇ, ਤਦ ਤੀਕ ਆਪ ਨਾ ਤਾਂ ਸਿੱਖ ਧਰਮ ਦੇ ਨੇਮ ਚੰਗੀ ਤਰ੍ਹਾਂ ਸਮਝ ਸਕੋਗੇ ਅਤੇ ਨਾ ਹੀ ਗੁਰਬਾਣੀ ਦਾ ਉਲਥਾ ਕਰ ਸਕੋਗੇ। ਸਾਹਿਬ ਨੇ ਉਨ੍ਹਾਂ ਤੋਂ ਪੁੱਛਿਆ ਕਿ ਮੈਂ ਕਿਸ ਤੋਂ ਅਰਥ ਪੜ੍ਹਾਂ ? ਉਨ੍ਹਾਂ ਨੇ ਸਰਦਾਰ ਕਾਨ੍ਹ ਸਿੰਘ ਜੀ ਨਾਭਾ ਦਾ ਨਾਮ ਲਿਆ। ਮੈਕਾਲਿਫ਼ ਸਾਹਿਬ ਨੇ ਗੁਰਪੁਰ ਨਿਵਾਸੀ ਮਹਾਰਾਜਾ ਸ੍. ਹੀਰਾ ਸਿੰਘ ਸਾਹਿਬ ਨਾਭਾ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਕਿਰਪਾ ਕਰਕੇ ਮੈਨੂੰ ਸਰਦਾਰ ਕਾਨ੍ਹ ਸਿੰਘ ਜੀ ਦੀ ਵਿਦਿਆ ਤੋਂ ਲਾਭ ਪ੍ਰਾਪਤ ਕਰਨ ਦਾ ਅਵਸਰ ਦੇ ਕੇ ਧੰਨਵਾਦੀ ਬਣਾਓ। ਮਹਾਰਾਜਾ ਸਾਹਿਬ ਨੇ ਸਰਦਾਰ ਕਾਨ੍ਹ ਸਿੰਘ ਜੀ ਨੂੰ ਸੰਨ 1885 ਈ. ਵਿਚ ਮੈਕਾਲਿਫ਼ ਸਾਹਿਬ ਪਾਸ ਭੇਜ ਦਿੱਤਾ। ਸਾਹਿਬ ਨੇ ਉਨ੍ਹਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਰਥਾਂ ਸਹਿਤ ਪਾਠ ਕੀਤਾ ਅਤੇ ਦਸਮ ਗੁਰੂ ਜੀ ਦੀ ਬਾਣੀ ਵੀ ਪੜ੍ਹੀ।

ਮੈਕਾਲਿਫ਼ ਸਾਹਿਬ ਦਾ ਇਹ ਉਤਸ਼ਾਹ ਦੇਖ ਕੇ ਸੰਨ 1893 ਈ. ਵਿਚ ਖ਼ਾਲਸਾ ਦੀਵਾਨ ਲਾਹੌਰ ਨੇ ਉਸਨੂੰ ਪ੍ਰੇਰਨਾ ਕੀਤੀ ਕਿ ਆਪਣੇ ਸਰਕਾਰੀ ਅਹੁਦੇ ਤੋਂ ਅਸਤੀਫ਼ਾ ਦੇ ਕੇ ਆਪਣਾ ਸਾਰਾ ਸਮਾਂ ਗੁਰਬਾਣੀ ਦਾ ਉਲਥਾ ਕਰਨ ਵਿਚ ਲਾਓ। ਸਾਹਿਬ ਨੇ ਉਨ੍ਹਾਂ ਦੀ ਬੇਨਤੀ ਮੰਨ ਕੇ ਨੌਕਰੀ ਛੱਡ ਦਿੱਤੀ ਤੇ ਇਸ ਮਹਾਨ ਕੰਮ ਵਿਚ ਤਨ ਮਨ ਲਾ ਕੇ ਜੁਟ ਗਏ।

ਪਹਿਲਾਂ ਤਾਂ ਖਿਆਲ ਸੀ ਕਿ ਸਾਰੀ ਬਾਣੀ ਦਾ ਉਲਥਾ ਕੀਤਾ ਜਾਵੇ, ਪਰ ਭਰਮੀ ਸਿੱਖਾਂ ਤੋਂ ਡਰਦੇ ਮਾਰਿਆਂ ਇਹ ਸਲਾਹ ਛੱਡਣੀ ਪਈ ਤੇ ਬਾਣੀ ਕੇਵਲ ਕਾਂਟ ਛਾਂਟ ਕਰਕੇ ਜੋ ਜ਼ਰੂਰੀ ਸਮਝੀ ਉਹੋ ਲਈ ਅਤੇ ਵੱਖੋ ਵੱਖ ਗੁਰੂ ਸਾਹਿਬਾਨ ਦਾ ਜੀਵਨ ਦੇ ਕੇ ਅੰਤ ਵਿਚ ਦਿੱਤੀ। ਕੁਝ ਸਾਖੀਆਂ ਨਾਲ ਰਲਾ ਕੇ ਥਾਂ ਥਾਂ ਪ੍ਰਕਰਣ ਅਨੁਸਾਰ ਵੀ ਲਿਖੀ।

ਉਲਥਾ ਬੜੀ ਗਹੁ ਤੇ ਮਿਹਨਤ ਨਾਲ ਕੀਤਾ ਗਿਆ। ਇੱਕ ਜਪੁਜੀ ਸਾਹਿਬ ਨੂੰ ਹੀ ਲੈ ਲਓ। ਪਹਿਲਾਂ ਇਸ ਬਾਣੀ ਦਾ ਉਲਥਾ ਭਗਤ ਬਾਲਮੁਕੰਦ ਜੀ ਅਤੇ ਇਕ ਉਦਾਸੀ ਵਿਦਵਾਨ ਨੇ ਰਲ ਕੇ ਕੀਤਾ ਤੇ ਭਗਤ ਲਛਮਣ ਸਿੰਘ ਜੀ ਨੇ ਨਜ਼ਰੋਂ ਕੱਢਿਆ। ਫੇਰ ਅੰਮ੍ਰਿਤਸਰ ਵਿੱਚ ਉਸ ਸਮੇਂ ਦੇ ਚੋਟੀ ਦੇ ਵਿਦਵਾਨ ਸਿੱਖਾਂ ਦੇ ਸਾਹਮਣੇ ਰੱਖਿਆ ਗਿਆ। ਇਹ ਸੱਜਣ ਜੋ ਦਸ ਕੁ ਸਨ ਹਰ ਰੋਜ਼ ਮੈਕਾਲਿਫ਼ ਸਾਹਿਬ ਨਾਲ ਬੈਠਦੇ ਸਨ ਤੇ ਇੱਕ ਇੱਕ ਤੁਕ ਨੂੰ ਸੋਚਦੇ ਸਨ। ਅੰਤ ਇੱਕ ਮਹੀਨੇ ਦੀ ਲਗਾਤਾਰ ਮਿਹਨਤ ਮਗਰੋਂ ਇਹ ਉਲਥਾ ਤਿਆਰ ਹੋਇਆ ਤੇ ਛਪਕੇ ਰਾਵਾਂ ਲਈ ਵੰਡਿਆ ਗਿਆ।

ਗੁਰੂ ਸਾਹਿਬ ਦੇ ਇਤਿਹਾਸ ਲਿਖਣ ਵਿੱਚ ਵੀ ਇਵੇਂ ਹੀ ਅਤੁੱਟ ਖੋਜ ਤੇ ਮਿਹਨਤ ਕੀਤੀ ਗਈ। ਮੈਕਾਲਿਫ਼ ਸਾਹਿਬ ਨੇ ਕੰਮ ਸ਼ੁਰੂ ਕਰਨ ਵੇਲੇ ਸਿੱਖਾਂ ਨਾਲ ਇਕਰਾਰ ਕੀਤਾ ਸੀ ਕਿ ਮੈਂ ਆਪ ਦੇ ਧਰਮ ਦੇ ਵਿਰੁੱਧ ਕੋਈ ਗੱਲ ਨਹੀਂ ਲਿਖਾਂਗਾ, ਇਸ ਲਈ ਉਸਨੇ ਜਿਵੇਂ ਸਾਖੀਆਂ ਵਿੱਚ ਲਿਖੇ ਹੋਏ ਹਾਲਾਤ ਵੇਖੇ ਉਨ੍ਹਾਂ ਨੂੰ ਉਸੇ ਤਰ੍ਹਾਂ ਗਿਆਨੀਆਂ ਦੀ ਸਹਾਇਤਾ ਨਾਲ ਸੋਧ ਕੇ ਲਿਖਿਆ। ਆਪਣੇ ਵਲੋਂ ਕੋਈ ਵਿਚਾਰ ਜਾਂ ਨੁਕਤਾਚੀਨੀ ਨਹੀਂ ਕੀਤੀ। ਹਾਂ, ਜਿਹੜੀਆਂ ਗੱਲਾਂ ਪ੍ਰਤੱਖ ਤੌਰ ਤੇ ਸਿੱਖ ਧਰਮ ਦੇ ਆਸ਼ੇ ਦੇ ਵਿਰੁੱਧ ਜਾਂਦੀਆਂ ਸਨ, ਉਨ੍ਹਾਂ ਨੂੰ ਕਾਂਟ ਛਾਂਟ ਕਰਕੇ ਲਿਖਿਆ ਅਤੇ ਜੋ ਭੁਲਾ ਹਿੰਦਾਲੀਆਂ ਜਾਂ ਹੋਰ ਲੋਕਾਂ ਦੇ ਅਸਰ ਨਾਲ ਸਿੱਖ-ਇਤਿਹਾਸ ਵਿਚ ਆ ਵੜੀਆਂ ਸਨ, ਉਨ੍ਹਾਂ ਨੂੰ ਸੁਧਾਰਕੇ ਸਿੱਖਾਂ ਦੀ ਸਲਾਹ ਨਾਲ ਇਹ ਭੁਲਾਂ ਕੱਢ ਦਿੱਤੀਆਂ ਗਈਆਂ। ਕਈ ਥਾਂ ਤੇ ਅਜੇ ਵੀ ਕਸਰ-ਵੰਦੀਆਂ ਗੱਲਾਂ ਲਿਖੀਆਂ ਮਿਲਦੀਆਂ ਹਨ। ਜਿਵੇਂ ਤੀਜੇ ਪਾਤਿਸ਼ਾਹ ਬਾਬਤ ਲਿਖਿਆ ਹੈ ਕਿ ਗੁਰੂ ਜੀ ਬਾਦਸ਼ਾਹ ਦੇ ਆਖੇ ਹਿੰਦੂਆਂ ਨੂੰ ਖੁਸ਼ ਕਰਨ ਲਈ ਤੀਰਥ ਯਾਤਰਾ ਕਰਨ ਲਈ ਗਏ ਹਾਲਾਂਕਿ ਗੁਰੂ ਰਾਮਦਾਸ ਜੀ ਖੁਦ ਆਪਣੀ ਬਾਣੀ ਰਾਗ ਤੁਖਾਰੀ ਵਿਚ ਇਸ ਸਾਕੇ ਨੂੰ ਬਿਆਨ ਕਰਦਿਆਂ ਹੋਇਆਂ ਦਸਦੇ ਹਨ ਕਿ :—

"ਤੀਰਥ ਉਦਮ ਸਤਿਗੁਰੂ ਕੀਆ
ਸਭ ਲੋਕ ਉਧਰਣਿ ਅਰਥਾ।"

ਇਸੇ ਤਰ੍ਹਾਂ ਮੈਕਾਲਿਫ਼ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੀ ਸ਼ਾਦੀ ਦਾ ਹਾਲ ਦੇਣ ਲੱਗਿਆਂ ਉਨ੍ਹਾਂ ਦੀ ਉਮਰ ਬਾਬਤ ਭੁਲੇਖਾ ਖਾਧਾ ਹੈ ਅਤੇ ਲਿਖਿਆ ਹੈ ਕਿ ਜੇਕਰ ਛੋਟੀ ਉਮਰ ਵਿਚ ਮਾਪੇ ਵਿਆਹ ਨਾ ਕਰ ਛਡਦੇ ਤਾਂ ਗੁਰੂ ਜੀ ਦੇ ਵੈਰਾਗਮਈ ਸੁਭਾ ਤੋਂ ਇਹ ਉਮੈਦ ਨਹੀਂ ਸੀ ਹੋ ਸਕਦੀ ਕਿ ਉਹ ਮਨੁੱਖ ਜਾਤੀ ਦੇ ਇਸ ਫਰਜ਼ ਨੂੰ ਨਿਭਾਉਂਦੇ। ਕਬੀਰ ਸਾਹਿਬ ਦੀ ਉਮਰ ਲਿਖਣ ਵਿਚ ਵੀ ਭੁਲ ਕੀਤੀ ਹੈ। ਪਹਿਲੀ ਜਿਲਦ ਵਿਚ ਗੁਰੂ ਨਾਨਕ ਸਾਹਿਬ ਦਾ ਜੀਵਨ ਦੇਣ ਲੱਗਿਆਂ ਦਸਿਆ ਹੈ ਕਿ ਕਬੀਰ ਸਾਹਿਬ ਦਾ

ਬਹੁਤ ਚਿਰ ਪਹਿਲਾਂ ਦੇਹਾਂਤ ਹੋ ਚੁੱਕਾ ਸੀ, ਪਰ ਛੇਵੀ ਜਿਲਦ ਵਿਚ ਕਬੀਰ ਸਾਹਿਬ ਦੇ ਦੇਹਾਂਤ ਦਾ ਉਹ ਸਾਲ ਦਿੱਤਾ ਹੈ, ਜਦੋਂ ਗੁਰੂ ਜੀ 49 ਵਰ੍ਹੇ ਦੇ ਸਨ। ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਬਾਬਤ ਲਿਖਿਆ ਹੈ ਕਿ ਉਨ੍ਹਾਂ ਨੇ ਔਰੰਗਜ਼ੇਬ ਦੇ ਸਾਹਮਣੇ ਪੇਸ਼ੀਨਗੋਈ ਕੀਤੀ ਸੀ ਕਿ ਉਹ ਮਕਾਨ ਦੀ ਛੱਤ ਉਤੋਂ ਟੋਪੀ ਵਾਲੇ ਫਰੰਗੀਆਂ ਨੂੰ ਵੇਖ ਰਹੇ ਹਨ ਜੋ ਆਣਕੇ ਮੁਗਲਾਂ ਦੇ ਸਤਰ ਪਾੜਨਗੇ ਅਤੇ ਰਾਜ ਕਰਨਗੇ, ਇਹ ਬਿਲਕੁਲ ਗਲਤ ਹੈ। ਮਲੂਮ ਹੁੰਦਾ ਹੈ ਕਿ ਕਿਸੇ ਗੁੰਮਨਾਮ ਲਿਖਾਰੀ ਦੇ ਲੇਖ ਦੇ ਆਸਰੇ ਮੈਕਾਲਿਫ਼ ਸਾਹਿਬ ਨੇ ਇਹ ਸੁਣਾਈ ਗੱਪ ਲਿਖ ਦਿੱਤੀ ਹੈ। ਇਸ ਪੇਸ਼ੀਨਗੋਈ ਦੇ ਪ੍ਰਮਾਣੀਕ ਹੋਣ ਦਾ ਕੋਈ ਸਬੂਤ ਨਹੀਂ ਹੈ। ਇਸੇ ਤਰਵਾਂ ਕੁਝ ਕੁ ਹੋਰ ਭੁਲਾਂ ਵੀ ਹਨ, ਜੋ ਇਤਨੇ ਵੱਡੇ ਪੁਸਤਕ ਵਿਚ ਰਹਿ ਜਾਣੀਆਂ ਅਸੰਭਵ ਨਹੀਂ ਹਨ।

ਇਨ੍ਹਾਂ ਊਣਤਾਈਆਂ ਦੇ ਬਾਵਜੂਦ ਮੈਕਾਲਿਫ਼ ਸਾਹਿਬ ਨੇ ਸਿੱਖ ਧਰਮ ਲਈ ਉਹ ਕੰਮ ਕੀਤਾ ਹੈ ਜੋ ਮੈਕਸ ਮੂਲਰ, ਮੋਨੀਅਮ ਵਿਲੀਅਮਜ਼ ਅਤੇ ਵਿਲਸਨ ਆਦਿ ਨੇ ਹਿੰਦੂ ਧਰਮ ਵਾਸਤੇ ਕੀਤਾ ਹੈ, ਅਰਥਾਤ ਪੱਛਮੀ ਦੁਨੀਆਂ ਦੇ ਸਾਹਮਣੇ ਇਸ ਧਰਮ ਦੀ ਉਹ ਕਦਰ ਕਰਾ ਦਿੱਤੀ ਹੈ ਜੋ ਕਿਸੇ ਸਿੱਖ ਕੋਲੋਂ ਨਹੀਂ ਸੀ ਹੋਣੀ। ਉਮੈਦ ਨਹੀਂ ਕਿ ਇਸ ਮਜ਼ਮੂਨ ਉਤੇ ਹੋਰ ਕੋਈ ਲਿਖਾਰੀ ਇਤਨੀ ਖੋਜ ਤੇ ਮੇਹਨਤ ਮੁੜ ਕਰੇ।

ਇਸ ਸਾਰੀ ਤਿਆਰੀ ਮਗਰੋਂ ਸੰਨ 1909 ਵਿਚ "ਦੀ ਸਿੱਖ ਰਿਲੀਜਨ" ਨਾਮੇ ਪੁਸਤਕ ਜੋ ਛੀਆਂ ਜਿਲਦਾਂ ਵਿਚ ਵਲੈਤ ਵਿਚ ਛਪੀ ਤੇ ਭਾਈ ਕਾਨ੍ਹ ਸਿੰਘ ਜੀ ਇਸ ਦੇ ਪਰੂਫਾਂ ਦੀ ਸੁਧਾਈ ਲਈ ਵਲੈਤ ਗਏ। ਮੈਕਾਲਿਫ਼ ਸਾਹਿਬ ਨੇ ਕ੍ਰਿਤੱਗਿਆ ਦੇ ਨਾਲ ਆਪਣੀ ਕਿਤਾਬ ਦਾ ਕਾਪੀ ਰਾਈਟ ਭਾਈ ਕਾਨ੍ਹ ਸਿੰਘ ਜੀ ਨੂੰ ਅਰਪਣ ਕਰ ਦਿੱਤੀ।

ਇਤਨਾ ਕੰਮ ਕਰਕੇ ਵੀ ਮੈਕਾਲਿਫ਼ ਸਾਹਿਬ ਦੇ ਉਦਮ ਦੀ ਕਾਫ਼ੀ ਕਦਰ ਨਾ ਹੋਈ, ਸਿਵਾਏ ਚੰਦ ਕਾਪੀਆਂ ਖਰੀਦਣ ਦੇ ਸਰਕਾਰ ਵਲੋਂ ਕੋਈ ਵੱਡੀ ਸਹਾਇਤਾ ਨਾ ਹੋਈ ਤੇ ਅੰਤ ਜਦ ਸੰਨ 1913 ਈ. ਵਿਚ ਮੈਕਾਲਿਫ਼ ਸਾਹਿਬ ਦਾ ਦੇਹਾਂਤ ਹੋਇਆ ਤੇ ਮਸੇਂ-ਮਸੇਂ ਸਿੱਖਾਂ ਨੇ ਉਸ ਦੇ ਹੱਕ ਵਿਚ ਆਪਣੀ ਵਿਦਿਅਕ ਕਾਨਫਰੰਸ ਵਿਚ ਇਕ ਮਤਾ ਪਾਸ ਕੀਤਾ। ਭਗਤ ਲਛਮਣ ਸਿੰਘ ਹੋਰਾਂ ਨੇ ਉਸ ਦੇ ਨਾਮ ਉਤੇ ਇਕ ਮੈਕਾਲਿਫ਼ ਮੈਮੋਰੀਅਲ ਫੰਡ ਖੋਲ੍ਹਿਆ ਤਾਂ ਜੋ ਇਕ ਵੱਡੀ ਲਾਇਬਰੇਰੀ ਬਣਾਈ ਜਾਵੇ, ਪਰ ਸਿੱਖਾਂ ਵਲੋਂ ਕੇਵਲ ਦੋ ਤਿੰਨ ਹਜ਼ਾਰ ਰੁਪਿਆ ਇਕੱਠਾ ਹੋਇਆ ਜੋ ਹੁਣ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਦਿੱਤਾ ਗਿਆ ਕਿ ਹਰ ਸਾਲ ਸਿੱਖ ਧਰਮ ਜਾਂ ਇਤਿਹਾਸ ਸਬੰਧੀ ਇਕ ਮਜ਼ਮੂਨ ਲਿਖਾ ਕੇ ਇਨਾਮ ਦਿੱਤਾ ਜਾਵੇ।

ਤੇਜਾ ਸਿੰਘ ਐਮ.ਏ. ਪ੍ਰੋਫੈਸਰ
ਖ਼ਾਲਸਾ ਕਾਲਜ

ਅੰਮ੍ਰਿਤਸਰ ੧੯.੧੧.੨੮

ੴ ਵਾਹਿਗੁਰੂ ਜੀ ਕੀ ਫਤਹ॥

ਜੀਵਨ ਬਿਰਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ

ਕਾਂਡ—1

ਜਨਮ

ਜਿਵੇਂ ਕਿ ਮੁਖਬੰਦ ਵਿਚ ਸਪੱਸ਼ਟ ਕੀਤਾ ਗਿਆ ਹੈ ਸਿੱਖ ਧਰਮ ਨੂੰ ਪ੍ਰਗਟਾਉਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਸਾਖ ਸੁਦੀ ਤਿੰਨ, ਸੰਨ ਚੌਦਾਂ ਸੌ ਉੱਨ੍ਹਤਰ ਨੂੰ ਅਵਤਾਰ ਧਾਰਣ ਕੀਤਾ। ਸਮੁੱਚੇ ਪ੍ਰਾਚੀਨ ਸਿੱਖ ਇਤਿਹਾਸ ਅਨੁਸਾਰ ਇਹ ਤਰੀਕ ਠੀਕ ਹੈ, ਪਰ ਆਪਣੀ ਸਹੂਲਤ ਲਈ ਸਿੱਖ, ਗੁਰੂ ਜੀ ਦੇ ਜਨਮ ਦਾ ਪੁਰਬ ਕੱਤੇ ਦੀ ਪੂਰਨਮਾਸ਼ੀ ਨੂੰ ਹੀ ਮਨਾਉਂਦੇ ਹਨ।* ਗੁਰੂ ਜੀ ਦੇ ਪਿਤਾ ਦਾ ਨਾਂ ਕਾਲੂ ਸੀ ਜੋ ਕਿ ਪਿੰਡ ਤਲਵੰਡੀ (ਪੰਜਾਬ ਦਾ ਨਵਾਂ ਬਣਿਆ ਜ਼ਿਲਾ ਸ਼ੇਖੂਪੁਰਾ) ਦੇ ਪਟਵਾਰੀ ਸਨ। ਗੁਰੂ ਜੀ ਦੀ ਮਾਤਾ ਦਾ ਨਾਉਂ ਤ੍ਰਿਪਤਾ ਸੀ ਜੋ ਕਿ ਆਪਣਾ ਸਪੁੱਤਰ ਪ੍ਰਤੀ ਵਧੇਰੇ ਸਨੇਹ ਰੱਖਣ ਕਰਕੇ ਸਿੱਖ ਇਤਿਹਾਸ ਵਿਚ ਵਿਸ਼ੇਸ਼ ਪ੍ਰਿਸਿੱਧੀ ਰੱਖਦੇ ਹਨ।

ਸਿੱਖ ਜਨਮ ਸਾਖੀਆਂ ਦੇ ਲੇਖਕਾਂ ਨੇ ਗੁਰੂ ਜੀ ਦੇ ਜਨਮ ਦਾ ਬਿਰਤਾਂਤ ਵਿਸਤਾਰ ਪੂਰਬਕ ਲਿਖਿਆ ਹੈ। ਗੁਰੂ ਜੀ ਦੇ ਜਨਮ ਸਮੇਂ ਦੌਲਤਾਂ ਨਾਉਂ ਦੀ ਦਾਈ ਨੂੰ ਬੁਲਾਇਆ ਗਿਆ ਸੀ। ਦੂਜੇ ਦਿਨ ਹਰਦਿਆਲ ਜੋਤਸ਼ੀ ਜਨਮ-ਪੱਤਰੀ ਤਿਆਰ ਕਰਨ ਲਈ ਆ ਪੁੱਜਿਆ। ਉਸਨੇ ਦਾਈ ਕੋਲੋਂ ਪਤਾ ਕੀਤਾ ਕਿ ਬੱਚੇ ਦੇ ਜਨਮ ਵੇਲੇ ਦੀ ਆਵਾਜ਼ ਦੇ ਕਿਸ ਤਰ੍ਹਾਂ ਦੇ ਲੱਛਣ ਸਨ। ਦਾਈ ਨੇ ਦੱਸਿਆ ਕਿ ਉਹ ਆਵਾਜ਼ ਸਭਾ ਵਿਚ ਪ੍ਰਵੇਸ਼ ਕਰਨ ਲੱਗੇ ਕਿਸੇ ਸਿਆਣੇ ਵਿਅਕਤੀ ਦੇ ਹਾਸੇ ਵਰਗੀ ਸੀ ਅਤੇ ਬੱਚੇ ਦੇ ਸੁਭਾਅ ਨੂੰ ਸਮਝ ਲੈਣ ਦੀ ਸਮਰੱਥਾ ਮੇਰੇ ਕੋਲ ਨਹੀਂ। ਜੋਤਸੀ ਨੇ ਬਾਲਕ ਨੂੰ ਦੇਖਣ ਦੀ ਰੀਝ ਪ੍ਰਗਟ ਕੀਤੀ। ਠੰਢ ਹੋਣ ਕਰਕੇ ਮਾਤਾ ਜੀ ਨੇ ਇਹ ਗੱਲ ਮੰਨਣੋਂ ਇਨਕਾਰ ਕਰ ਦਿੱਤਾ। ਜਦੋਂ ਉਸਨੇ ਆਪਣੀ ਗੱਲ ਤੇ ਵਧੇਰੇ ਜ਼ੋਰ ਦਿੱਤਾ ਤਾਂ ਬਾਲਕ ਨੂੰ ਪੋਤੜਿਆਂ ਵਿਚ ਹੀ ਲਪੇਟ ਕੇ ਉਸ ਦੇ ਕੋਲ ਲਿਆਂਦਾ ਗਿਆ। ਆਖਿਆ ਜਾਂਦਾ ਹੈ ਕਿ ਜਦੋਂ ਜੋਤਸ਼ੀ ਨੇ ਬਾਲਕ ਵੱਲ ਵੇਖਿਆ ਤਾਂ ਉਸਨੇ ਦੋਵੇਂ ਹੱਥ ਜੋੜ ਕੇ ਨਮਸਕਾਰ ਕੀਤੀ ਅਤੇ ਕਿਹਾ ਕਿ ਇਸ ਬਾਲਕ ਦੇ ਸਿਰ ਤੇ ਛਤਰ ਝੁਲੇਗਾ, ਪੂਰਬੀ ਸੰਸਾਰ ਵਿਚ ਇਸ ਦਾ ਭਾਵ ਕਿਸੇ ਪੈਗੰਬਰ

*ਭਾਵੇਂ ਵਧੇਰੇ ਲਿਖਤਾਂ ਵਿਸਾਖ ਸੁਦੀ ਤਿੰਨ ਹੀ ਦੁਹਰਾਂਦੀਆਂ ਹਨ, ਪਰ ਕਤੱਕ ਦੀ ਪੂਰਨਮਾਸ਼ੀ ਪ੍ਰਬਲ ਰਿਵਾਇਤ ਕਾਰਨ ਵਧੇਰੇ ਸਹੀ ਹੈ।

ਜਾਂ ਪਾਤਸ਼ਾਹੀ ਤੇਜ ਪ੍ਰਤਾਪ ਵਾਲੇ ਪੁਰਸ ਦੇ ਪ੍ਰਗਟ ਤੋਂ ਲਿਆ ਜਾਂਦਾ ਹੈ। ਨਾਲ ਹੀ ਉਸ ਨੇ ਇਸ ਗੱਲ ਦਾ ਅਫ਼ਸੋਸ ਪ੍ਰਗਟ ਕਰਦਿਆਂ ਆਖਿਆ : "ਇਹ ਬਾਲਕ ਸੰਸਾਰ ਵਿਚ ਜਦੋਂ ਨਾਨਕ ਬਣ ਕੇ ਸਰਬ ਉਚ ਮਹਾਨਤਾ ਤੇ ਵਡਿਆਈ ਨੂੰ ਪ੍ਰਾਪਤ ਕਰੇਗਾ, ਮੈਂ ਓਦੋਂ ਤੱਕ ਜੀਊਂਦਾ ਨਹੀਂ ਰਹਾਂਗਾ। ਨਾ ਕੇਵਲ ਹਿੰਦੂ ਹੀ ਇਸ ਬਾਲਕ ਨੂੰ, ਨਾਨਕ ਨੂੰ, ਅਵਿਤਾਰ ਕਰਕੇ ਮੰਨਣਗੇ, ਸਗੋਂ ਮੁਸਲਮਾਨ ਵੀ ਇਸ ਨੂੰ ਹਿੰਦੂਆਂ ਵਾਂਗ ਹੀ ਇਕਸਾਰ ਪੂਜਣਗੇ। ਧਰਤੀ ਤੇ ਆਕਾਸ਼ ਦੋਹਾਂ ਵਿਚਕਾਰ ਇਸ ਬਾਲਕ ਦੇ ਨਾਂ ਦਾ ਡੰਕਾ ਵੱਜੇਗਾ। ਜਗਤ ਦੀਆਂ ਨਿਰਜਿੰਦ ਵਸਤਾਂ ਵੀ 'ਗੁਰੂ ਨਾਨਕ' 'ਗੁਰੂ ਨਾਨਕ' ਪੁਕਾਰਨਗੀਆਂ। ਜੜ੍ਹ ਪਦਾਰਥ ਤੇ ਵੀ ਇਨ੍ਹਾਂ ਦਾ ਰਾਜ ਰਹੇਗਾ। ਅੱਤ ਡੂੰਘੇਰੇ ਸਾਗਰਾਂ ਵਿੱਚੋਂ ਬਿਨਾਂ ਕਿਸੇ ਰੋਕ ਤੇ ਖ਼ਤਰੇ ਤੋਂ ਲੰਘ ਜਾਇਆ ਕਰਨਗੇ। ਕੇਵਲ ਇਕੋ ਵਾਹਿਗੁਰੂ ਨੂੰ ਮੰਨਣਗੇ ਤੇ ਉਸੇ ਨੂੰ ਪੂਜਣਗੇ। ਹੋਰ ਜੀਵਾਂ ਨੂੰ ਇਹ ਜੀਵ ਕਰਕੇ ਹੀ ਮੰਨਣਗੇ, ਭਾਵ ਇਹ ਕਿ ਇਹ ਇਕ ਵਾਹਿਗੁਰੂ ਦਾ ਹੀ ਧਿਆਨ ਧਰਨਗੇ ਅਤੇ ਹੋਰ ਦੇਵੀ ਦੇਵਤਿਆਂ ਜਾਂ ਬੁੱਤਾਂ ਦੀ ਪੂਜਾ ਨਹੀਂ ਕਰਨਗੇ।

ਬਾਲ ਲੀਲਾ

ਆਖਿਆ ਜਾਂਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਅਜੇ ਪੰਜ ਸਾਲ ਦੇ ਨਿਆਣੇ ਹੀ ਸਨ ਤਾਂ ਉਹ ਊਚੇਰੀ ਭਾਵਨਾ ਵਾਲੀਆਂ ਗੱਲਾਂ ਕਰਿਆ ਕਰਦੇ ਸਨ ਅਤੇ ਉਨ੍ਹਾਂ ਨੂੰ ਭਲੀ ਭਾਂਤ ਸਮਝਦੇ ਸਨ। ਲੋਕਾਂ ਨੂੰ ਵੀ ਇਹਨਾਂ ਉੱਤੇ ਪੂਰੀ ਸ਼ਰਧਾ ਸੀ, ਹਿੰਦੂ ਤੇ ਮੁਸਲਮਾਨ ਆਪੋ ਆਪਣੇ ਸੁਭਾਵਕ ਢੰਗ ਨਾਲ ਇਹਨਾਂ ਦੀ ਪ੍ਰਸ਼ੰਸਾ ਕਰਦੇ ਸਨ।

ਨਨਕਾਣੇ ਸਾਹਿਬ[1] ਜੀ ਦਾ ਹਰ ਇਕ ਸਥਾਨ—ਜੋ ਕਿਸੇ ਤਰ੍ਹਾਂ ਵੀ ਗੁਰੂ ਨਾਨਕ ਦੇਵ ਜੀ ਦੀ ਯਾਦ ਨਾਲ ਸੰਬੰਧ ਰੱਖਦਾ ਹੈ—ਪਵਿੱਤਰ ਮੰਨਿਆ ਜਾਂਦਾ ਹੈ। ਗੁਰੂ ਜੀ ਜਿਸ ਥਾਂ ਆਪਣੇ ਬਚਨ ਦੇ ਹਾਣੀਆਂ ਨਾਲ ਖੇਡਿਆ ਕਰਦੇ ਸਨ ਤੇ ਬਾਅਦ ਵਿਚ ਜਿੱਥੇ ਵਾਹਿਗੁਰੂ ਦੇ ਧਿਆਨ ਵਿਚ ਮਗਨ ਉਨ੍ਹਾਂ ਨੇ ਕਈ ਰਾਤਾਂ ਬਿਤਾਈਆਂ ਸਨ, ਰਾਏ ਬੁਲਾਰ ਨੇ, ਜੋ ਕਿ ਪਿੰਡ ਦਾ ਹਾਕਮ ਸੀ ਇਕ ਛੋਟਾ ਜਿਹਾ ਤਲਾਉ ਬਣਵਾਇਆ ਸੀ। ਗੁਰੂ ਜੀ ਦੇ ਬਾਲਪਨ ਦੀ ਪਿਆਰੀ ਯਾਦ ਵਿਚ ਉਸਨੇ ਇਹ ਤਲਾਉ ਓਦੋਂ ਤਿਆਰ ਕਰਵਾਇਆ ਜਦੋਂ ਕਿ ਗੁਰੂ ਜੀ ਦੀ ਮਹਿਮਾ ਦੂਰ ਦੂਰ ਤੱਕ ਫੈਲ ਚੁੱਕੀ ਸੀ। ਬਾਅਦ ਵਿਚ ਲਾਹੌਰ ਦੇ ਹਾਕਮ ਜ਼ਕਰੀਆ ਖਾਨ ਦੇ ਦੀਵਾਨ ਕੌੜਾ ਮੱਲ ਨੇ ਇਸ ਤਲਾਉ ਨੂੰ ਵਡੇਰਾ ਕਰਵਾ ਦਿੱਤਾ ਸੀ। ਦੀਵਾਨ ਕੌੜਾ ਮੱਲ ਗੁਰੂ ਨਾਨਕ ਦੇਵ ਜੀ ਦੀ ਸੱਚੇ ਦਿਲੋਂ ਸ਼ਲਾਘਾ ਕਰਨ ਵਾਲਾ ਸੀ ਅਤੇ ਸਿੱਖਾਂ ਦੀ ਹਾਲਤ ਨੂੰ ਸੁਧਾਰਨ ਲਈ ਆਪਣਾ ਰਾਜਸੀ ਤੇ ਆਰਥਿਕ ਟਿੱਲ ਲਾਉਂਦਾ ਸੀ। ਇਸ ਜਗ੍ਹਾ ਨੂੰ ਹੁਣ 'ਬਾਲ-ਕਿਆਰਾ' ਜਾਂ 'ਕਿਆਰਾ' (ਬੱਚੇ ਦੇ ਖੇਡਣ ਦੀ ਥਾਂ) ਕਹਿੰਦੇ ਹਨ।

ਪੜ੍ਹਨ ਪਾਉਣਾ

ਗੁਰੂ ਨਾਨਕ ਦੇਵ ਜੀ ਜਦੋਂ ਸੱਤਾਂ ਵਰ੍ਹਿਆਂ ਦੇ ਹੋਏ ਤਾਂ ਉਹਨਾਂ ਦੇ ਪਿਤਾ ਨੇ ਹਿੰਦੂ ਰੀਤੀ ਅਨੁਸਾਰ ਪਿੰਡ ਦੇ ਜੋਤਸ਼ੀ ਨੂੰ ਆਖਿਆ ਕਿ ਉਹ ਬਾਲਕ ਨੂੰ ਪੜ੍ਹਨ ਬਿਠਾਉਣ ਲਈ ਸ਼ੁਭ ਮਹੂਰਤ ਕੱਢੇ। ਪਾਂਧੇ ਦਾ ਵਿਚਾਰ ਸੀ ਕਿ ਉਨ੍ਹਾਂ ਨੂੰ ਹੁਣ ਪੜ੍ਹਨ ਪਾਉਣਾ

1. ਇਸ ਥਾਂ ਦਾ ਪੁਰਾਣਾ ਨਾਂ ਤਲਵੰਡੀ ਸੀ।

ਚਾਹੀਦਾ ਹੈ। ਮਾਮੂਲੀ ਜਿਹੀ ਪਾਠਸ਼ਾਲਾ ਸੀ ਤੇ ਫ਼ੀਸ ਵੀ ਕੋਈ ਵਧੇਰੇ ਨਹੀਂ ਸੀ। ਅੱਜ ਕਲ੍ਹ ਤਾਂ ਪਿੰਡ ਦੇ ਸ਼ਾਹੂਕਾਰ ਆਪਣੇ ਕੋਲ ਹੀ ਨਕਦੀ ਰੱਖਦੇ ਹਨ, ਪਰ ਓਦੋਂ ਇਸ ਦੇ ਉਲਟ ਮਹਿਤਾ ਕਾਲੂ ਜੀ ਦੇ ਘਰੋਂ ਤ੍ਰਿਪਤਾ ਜੀ ਹੀ ਰੁਪਇਆ ਪੈਸਾ ਤੇ ਘਰ ਦੀ ਪੂੰਜੀ ਆਪਣੇ ਹੱਥ ਰੱਖਦੇ ਸਨ। ਉਨ੍ਹਾਂ ਕੋਲੋਂ ਕਾਲੂ ਜੀ ਨੇ ਇਕ ਟਕਾ, (ਤਿੰਨ ਫਰਦੰਗ ਅੰਗਰੇਜ਼ੀ ਸਿੱਕਿਆਂ ਬਰਾਬਰ) ਸੁਪਾਰੀ ਤੇ ਕੁਝ ਚਾਉਲ ਲੈ ਕੇ ਪਾਂਧੇ ਸਾਹਮਣੇ ਜਾ ਰੱਖੇ ਅਤੇ ਆਪਣੇ ਸਪੁੱਤਰ ਨੂੰ ਉਸ ਕੋਲ ਪੜ੍ਹਨ ਬਿਠਾ ਦਿੱਤਾ। ਹਿੰਦੁਸਤਾਨ ਵਿਚ ਲੱਕੜੀ ਦੀਆਂ ਫੱਟੀਆਂ ਤੇ ਅੱਖਰ ਲਿਖਣ ਦੀ ਸਿਖਿਆ ਦਿੱਤੀ ਜਾਂਦੀ ਹੈ। ਇਹਨਾਂ ਫੱਟੀਆਂ ਤੇ ਕਾਲੀ ਸ਼ਾਹੀ ਦਾ ਘੋਟਾ ਫੇਰਿਆ ਹੁੰਦਾ ਹੈ ਤੇ ਪਾਂਧਾ ਪਾਣੀ ਵਿਚ ਘੁਲੀ ਚਿੱਟੀ ਗਾਚੀ ਨਾਲ ਉਸ ਉੱਤੇ ਅੱਖਰ ਲਿਖ ਦਿੰਦਾ ਹੈ ਅਤੇ ਬੱਚੇ ਅੱਖਰਾਂ ਦੇ ਨਾਂ ਉੱਚੀ ਉੱਚੀ ਜ਼ੋਰ ਨਾਲ ਬੋਲ ਕੇ ਮੁੜ ਮੁੜ ਚੇਤੇ ਕਰਦੇ ਹਨ। ਗੁਰੂ ਨਾਨਕ ਦੇਵ ਜੀ ਵਾਸਤੇ ਪਾਂਧੇ ਨੇ ਪੈਂਤੀ ਲਿਖ ਕੇ ਦਿੱਤੀ ਤੇ ਉਹਨਾਂ ਨੇ ਇਕ ਦਿਨ ਪਿਛੋਂ ਆਪ ਹੀ ਬਿਨ ਦੇਖੇ ਲਿਖ ਦਿਖਾਈ। ਆਖਦੇ ਹਨ ਕਿ ਉਸ ਵੇਲੇ, ਨਿੱਕੇ ਜਿਹੇ ਗੁਰੂ ਨੇ ਪੈਂਤੀ ਅੱਖਰੀ ਪੱਟੀ ਲਿਖੀ ਤੇ ਹੋਰਨਾਂ ਬੋਲੀਆਂ ਵਿੱਚ ਅਜਿਹੀਆਂ ਰਚਨਾਵਾਂ ਵਾਂਗ ਗੁਰੂ ਜੀ ਨੇ ਵੀ ਮੁੱਢੋਂ ਤਰਤੀਬਵਾਰ ਅੱਖਰਾਂ ਨੂੰ ਲਿਆ ਹੈ ਤੇ ਪਦਾਂ ਰਾਹੀਂ ਜਿਨ੍ਹਾਂ ਵਿੱਚ ਇਹ ਅੱਖਰ ਆਉਂਦੇ ਹਨ ਛੰਦਾ ਬੰਦੀ (ਕਵਿਤਾ) ਵਿੱਚ ਵਾਹਿਗੁਰੂ ਨੂੰ ਮਿਲਣ ਦੇ ਭਾਵ, ਆਪਣੇ ਮਤ ਦੇ ਨਿਯਮਾਂ ਤੇ ਸਿਰਜਨਹਾਰ ਦੇ ਗੁਣਾਂ ਦੀ ਪ੍ਰਸੰਸਾ ਕੀਤੀ ਹੈ।

ਰਾਗ ਆਸਾ[1] ਵਿੱਚ ਪੱਟੀ ਇਸ ਤਰ੍ਹਾਂ ਲਿਖੀ ਹੈ :

ਰਾਗ ਆਸ੍ਰਾ ਮਹਲਾ[1] ਪਟੀ ਲਿਖੀ

ੴ ਸਤਿਗੁਰ ਪ੍ਰਸਾਦਿ॥

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ।
ਸੇਵਤ ਰਹੇ ਚਿਤੁ ਜਿਨ੍ਹ ਕਾ ਲਾਗਾ ਆਇਆ ਤਿਨ੍ਹ ਕਾ ਸਫਲੁ ਭਇਆ।੧।
ਮਨ ਕਾਹੇ ਭੂਲੇ ਮੂੜ ਮਨਾ।
ਜਬ ਲੇਖਾ ਦੇਵਹਿ ਬੀਰਾ ਤਉ ਪੜਿਆ।੧। ਰਹਾਉ।
ਈਵੜੀ ਆਦਿ ਪੁਰਖੁ ਤੇ ਦਾਤਾ ਆਪੇ ਸਚਾ ਸੋਈ।
ਏਨ੍ਹਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖ ਨ ਹੋਈ।੨।

1. ਭਾਰਤ ਦੇ ਲੇਖਕ ਛੇ ਵੱਡੇ ਵੱਡੇ ਰਾਗ ਇਸ ਤਰ੍ਹਾਂ ਗਿਣਦੇ ਹਨ :—ਸਿਰੀ ਰਾਗ, ਭੈਰਵ, ਮਾਲਕੌਸ, ਹਿੰਡੋਲ, ਦੀਪਕ ਅਤੇ ਮੇਘ ਰਾਗ। ਇਨ੍ਹਾਂ ਰਾਗਾਂ ਦੀਆਂ ਅੱਗੇ ਫੇਰ ਪਤਨੀਆਂ ਤੇ ਪੁੱਤਰ ਹਨ ਜੋ ਮੂਲ ਰਾਗਾਂ ਵਿੱਚ ਤਬਦੀਲੀਆਂ ਕਰਕੇ ਬਣਾਈਆਂ ਗਈਆਂ ਹਨ। ਭਾਰਤ ਦੇ ਵੱਖੋ ਵੱਖ ਪ੍ਰਾਂਤਾਂ ਵਿਚ ਇਹਨਾਂ ਰਾਗਨੀਆਂ ਨੂੰ ਵੱਖਰੇ ਵੱਖਰੇ ਢੰਗ ਨਾਲ ਗਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ 31 ਰਾਗਾਂ ਵਿਚ ਸ਼ਬਦ ਉਚਾਰ ਹੋਏ ਹਨ ਉਹ ਰਾਗ ਇਹ ਹਨ :

ਸਿਰੀ ਰਾਗ, ਗਉੜੀ, ਆਸਾ, ਗੂਜਰੀ, ਦੇਵ ਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੌਂਡ, ਰਾਮਕਲੀ, ਨਟ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ ਤੇ ਜੈ ਜੈ ਵੰਤੀ। ਰਾਗਾਂ ਬਾਰੇ ਹੋਰ ਖੋਜ ਕਰਨ ਲਈ ਰਾਜਾ ਸ੍ਰ. ਸੁਰਿੰਦਰਾ ਮੋਹਨ ਟੈਗੋਰ ਦੀਆਂ ਡੂੰਘੇ ਗਿਆਨ ਵਾਲੀਆਂ ਪੁਸਤਕਾਂ ਨੂੰ ਪੜ੍ਹਨਾ ਚਾਹੀਦਾ ਹੈ। ਯੂਰਪੀਨ ਢੰਗ ਅਨੁਸਾਰ, ਨਿਸ਼ਾਨਾਂ ਰਾਹੀਂ ਰਾਗ ਇਸ (ਸਿੱਖ ਧਰਮ) ਦੀ ਪੰਜਵੀਂ ਜਿਲਦ ਦੇ ਅਖੀਰ ਵਿਚ ਦਰਜ ਕੀਤੇ ਗਏ ਹਨ।

ਊੜੇ ਉਪਮਾ ਤਾਕੀ ਕੀਜੈ ਜਾ ਕਾ ਅੰਤੁ ਨ ਪਾਇਆ।
ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨ੍ਹੀ ਸਚੁ ਕਮਾਇਆ।੩।
ਛਛੈ ਛਿਆਨੁ ਬੂਝੇ ਜੇ ਕੋਈ ਪੜ੍ਹਿਆ ਪੰਡਿਤੁ ਸੋਈ।
ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ।੪।
ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੇ ਉਜਲਿਆ।
ਜਮ ਰਾਜੇ ਕੇ ਹੇਰੂ ਆਏ ਆਇਆ ਕਾਲੁ ਸੰਗਲਿ ਬੰਧਿ ਲਇਆ।੫।
ਖਖੈ ਖੁੰਦਕਾਰ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ।
ਬੰਧਨਿ ਜਾਕੈ ਸਭੁ ਜਗੁ ਬਾਧਿਆ ਅਵਰੀ ਕਾ ਨਹੀ ਹੁਕਮੁ ਪਇਆ।੬।
ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿਦੁ ਗਰਬਿ ਭਇਆ।
ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਣ ਵਾਹੈ ਤਈ ਕਿਆ।੭।
ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ।
ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ।੮।
ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ।
ਜੁਗੁ ਜੁਗੁ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆ।੯।
ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ।
ਭਰਮੁ ਉਪਾਇ ਭੁਲਾਈਅਨੁ ਆਪੇ ਤੇਰਾ ਕਰਮੁ ਹੋਆ ਤਿਨ ਗੁਰੂ ਮਿਲਿਆ।੧੦।
ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ।
ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ।੧੧।
ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ।
ਦੇ ਦੇ ਵੇਖੇ ਹੁਕਮੁ ਚਲਾਇ ਜਿਉ ਜੀਆ ਕਾ ਰਿਜਕੁ ਪਇਆ।੧੨।
ਞੰਞੈ ਨਦਰਿ ਕਰੈ ਜਾ ਦੇਖਾ ਦੂਜਾ ਕੋਈ ਨਾਹੀ।
ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ।੧੩।
ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤਿ ਕਿ ਉਠਿ ਚਲਣਾ।
ਜੂਐ ਜਨਮੁ ਨ ਹਾਰਹੁ ਆਪਣਾ ਭਾਜਿ ਪੜਹੁ ਤੁਮ ਹਰਿ ਸਰਣਾ।੧੪।
ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਣੀ ਜਿਨ ਕਾ ਚਿਤੁ ਲਾਗਾ।
ਚਿਤੁ ਲਾਗਾ ਸੇਈ ਜਨ ਨਿਸਤਰੇ ਤਉ ਪਰਸਾਦੀ ਸੁਖੁ ਪਾਇਆ।੧੫।
ਡਡੈ ਡੰਫੁ ਕਰਹੁ ਕਿਆ ਪ੍ਰਾਣੀ ਜੋ ਕਿਛੁ ਹੋਆ ਸੁ ਸ਼ੁਭ ਚਲਣਾ।
ਤਿਸੈ ਸਰੇਵਹੁ ਤਾ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ।੧੬।
ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ।
ਕਰਿਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸਤਾਰੇ ਜਾ ਕਉ ਉਨਦਰਿਕਰੈ।੧੭।
ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ।
ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨਾ ਹੋਈ।੧੮।
ਤਤੈ ਤਾਰੂ ਭਵਜਲੁ ਹੋਆ ਤਾ ਕਾ ਅੰਤ ਨਾ ਪਾਇਆ।
ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ।੧੯।
ਥਥੇ ਥਾਨਿ ਥਾਨਤਰਿ ਸੋਈ ਜਾਕਾ ਕੀਆ ਸਭੁ ਹੋਆ।
ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸੁ ਭਾਵੈ ਸੋਈ ਭਲਾ।੨੦।
ਦਦੈ ਦੋਸ਼ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।

ਜੋ ਮੈਂ ਕੀਆ ਸੋ ਮੈਂ ਪਾਇਆ ਦੋਸੁ ਨ ਦੀਜੈ ਅਵਰ ਜਨਾ।੨੧।
ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ।
ਤਿਸ ਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਾਇਆ।੨੨।
ਨੰਨੈ ਨਾਹ ਭੋਗ ਨਿਤ ਭੋਗੈ ਨ ਡੀਠਾ ਨ ਸੰਮ੍ਹਲਿਆ।
ਗਲੀ ਹਉ ਸੁਹਾਗਣਿ ਭੈਣੇ ਕੰਤ ਨਾ ਕਬਹੂੰ ਮੈ ਮਿਲਿਆ।੨੩।
ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ।
ਦੇਖੈ ਬੂਝੈ ਸਭ ਕੁਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ।੨੪।
ਫਫੈ ਫਾਹੀ ਸਭੁ ਜਗੁ ਫਾਸਾ ਜਮਕੈ ਸੰਗਿਲਿ ਬੰਧਿ ਲਇਆ।
ਗੁਰਪਰਸਾਦੀ ਸੇ ਨਰ ਉਬਰੇ ਜਿਸ ਹਰਿ ਸਰਣਾਗਤਿ ਭਜਿ ਪਇਆ।੨੫।
ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ।
ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ।੨੬।
ਭਭੈ ਭਾਲਹਿ ਸੇ ਫਲੁ ਭਾਵਹਿ ਗੁਰ ਪਰਸਾਦੀ ਜਿਨ ਕਉ ਭਉ ਪਇਆ।
ਮਨਮੁਖ ਫਿਰਹਿ ਨਾ ਚੈਤਹਿ ਮੂੜੇ ਲਖ ਚਉਰਾਸੀਹ ਫੇਰੁ ਪਇਆ।੨੭।
ਮੰਮੈ ਮੋਹੁ ਮਰਣੁ ਮਧੁਸੂਦਨੁ ਮਰਣੁ ਭਇਆ ਤਬ ਚੇਤਵਿਆ।
ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ।੨੮।
ਯਯੈ ਜਨਮੁ ਨ ਹੋਵੀ ਕਦਹੀ ਜੇਕਰਿ ਸਚੁ ਪਛਾਣੈ।
ਗੁਰਮੁਖਿ ਆਪੈ ਗੁਰਮੁਖਿ ਬੂਝੈ ਗੁਰਮੁਖਿ ਏਕੋ ਜਾਣੈ।੨੯।
ਰਾਰੈ ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ।
ਜੰਤ ਉਪਾਇ ਧੰਧੈ ਸਭ ਲਾਏ ਕਰਮੁ ਹੋਆ ਤਿਨ ਨਾਮੁ ਲਇਆ।੩੦।
ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ।
ਖਾਣਾ ਪੀਣਾ ਸਮ ਕਰਿ ਸਹਣਾ ਭਾਣੈ ਤਾਕੈ ਹੁਕਮੁ ਪਇਆ।੩੧।
ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸ ਕੀਆ।
ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ।੩੨।
ਝਝੈ ਰਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ।
ਤਿਸਹਿ ਧਿਆਵਹੁ ਸਚਿ ਸਮਾਵਹੁ ਓਸੁ ਵਿਟਹੁ ਕੁਰਬਾਨ ਕੀਆ।੩੩।
ਹਾਹੈ ਹੋਰ ਨ ਕੋਈ ਦਾਤਾ ਜੀਆ ਉਪਾਏ ਜਿਨਿ ਰਿਜਕ ਦੀਆ।
ਹਰਿਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ ਅਨਦਿਨੁ ਲਾਹਾ ਹਰਿ ਨਾਮੁ ਲੀਆ।੩੪।
ਆਇੜੈ ਆਪਿ ਕਰੇ ਜਿਨਿ ਛੋਡੀ ਜੋ ਕਛੁ ਕਰਣਾ ਸੁ ਕਰਿ ਰਹਿਆ।
ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ।੩੫।੧।

(ਆਦਿ ਗ੍ਰੰਥ: ਪੰ ੪੩੪)

ਇੰਜ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਕੁਝ ਸਮੇਂ ਲਈ ਪਾਠਸ਼ਾਲਾ ਜਾਂਦੇ ਰਹੇ ਹੋਣ। ਇਕ ਦਿਨ ਮਹਾਰਾਜ ਚੁਪਚਾਪ ਜਿਹੇ ਬੈਠੇ ਰਹੇ ਅਤੇ ਆਪਣੀਆਂ ਪੁਸਤਕਾਂ ਵੱਲ ਧਿਆਨ ਨਾ ਦਿੱਤਾ। ਪਾਂਧੇ ਨੇ ਉਹਨਾਂ ਨੂੰ ਪੁੱਛਿਆ, ਕਿ ਤੁਸੀਂ ਕਿਉਂ ਨਹੀਂ ਪੜ੍ਹਦੇ। ਤਾਂ ਗੁਰੂ ਜੀ ਨੇ ਕਿਹਾ, "ਕੀ ਤੂੰ ਮੈਨੂੰ ਪੜ੍ਹਾਉਣ ਲਈ ਕਾਫੀ ਵਿਦਵਾਨ ਹੈ ? ਪਾਂਧੇ ਨੇ

ਜਵਾਬ ਦਿੱਤਾ ਕਿ ਮੈਂ ਸਭ ਕੁਝ ਪੜ੍ਹ ਚੁੱਕਾ ਹਾਂ। ਵੇਦ ਸ਼ਾਸਤਰ ਸਾਰੇ ਪੜ੍ਹੇ ਹਨ, ਲੇਖਾ ਪਤਾ ਕਰਨਾ ਜਾਣਦਾ ਹਾਂ। ਖਾਤੇ, ਰੋਕੜਾਂ ਤੇ ਸੂਦ ਸਭ ਕੁਝ ਲਿਖਣ ਦੀ ਮੈਨੂੰ ਜਾਚ ਹੈ ਅਤੇ ਰਕਮਾਂ ਦਾ ਟਾਕਰਾ ਕਰ ਸਕਦਾ ਹਾਂ। ਤਾਂ ਗੁਰੂ ਜੀ ਨੇ ਫੁਰਮਾਇਆ :

"ਤੇਰੇ ਸਿਖੇ ਹੋਏ ਇਨ੍ਹਾਂ ਗੁਣਾਂ ਨਾਲੋਂ ਵਾਹਿਗੁਰੂ ਦੇ ਗਿਆਨ ਨੂੰ ਸਿੱਖਣਾ ਮੈਂ ਚੰਗਾ ਸਮਝਦਾ ਹਾਂ।"

ਗੁਰੂ ਜੀ ਨੇ ਫੇਰ ਇਹ ਸ਼ਬਦ ਉਚਾਰਿਆ :

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ।
ਭਾਉ ਕਲਮ ਕਰਿ ਚਿਤੁ ਲਿਖਾਰੀ ਗੁਰ ਪੁਛਿ ਲਿਖੁ ਬੀਚਾਰੁ।
ਲਿਖੁ ਨਾਮੁ ਸਾਲਾਹ ਲਿਖ ਅੰਤ ਨਾ ਪਾਰਾਵਾਰੁ।੧।
ਬਾਬਾ ਏਹੁ ਲੇਖਾ ਲਿਖਿ ਜਾਣੁ।
ਜਿਥੇ ਲੇਖਾ ਮੰਗੀਐ ਤਿਥੈ ਹੋਏ ਸਚਾ ਨੀਸਾਣੁ।੧ ਰਹਾਉ।
ਜਿਥੇ ਮਿਲਹਿ ਵਡਿਆਈਆਂ ਸਦ ਖੁਸੀਆ ਸਦ ਚਾਉ।
ਤਿਨੁ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ।
ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ।੨।
ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ।
ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ।
ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ।੩।
ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ।
ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ।
ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ।੪।੬। ਸਿਰੀ ਰਾਗੁ ਮਹਲਾ ੧ (ਆਦਿ ਗ੍ਰੰਥ ਪੰ: ੧੬)

ਪਾਂਧਾ ਇਹ ਸੁਣ ਕੇ ਹੈਰਾਨ ਹੋ ਗਿਆ ਅਤੇ ਉਸਨੇ ਗੁਰੂ ਜੀ ਨੂੰ ਸੰਤ ਮਹਾਤਮਾ ਜਾਣ ਕੇ ਨਮਸਕਾਰ ਕੀਤੀ ਅਤੇ ਕਿਹਾ ਕਿ ਜੋ ਤੁਹਾਡੀ ਮਰਜ਼ੀ ਹੈ ਕਰੋ।

ਇਸ ਵਿਦਿਅਕ ਚਮਤਕਾਰ ਪਿੱਛੋਂ ਗੁਰੂ ਜੀ ਨੇ ਪਾਠਸ਼ਾਲਾ ਜਾਣਾ ਛੱਡ ਦਿੱਤਾ ਅਤੇ ਘਰ ਹੀ ਪੜ੍ਹਦੇ ਰਹੇ ਜਾਂ ਆਪਣੇ ਖਿਆਲਾਂ 'ਚ ਮਗਨ ਰਹਿੰਦੇ। ਇਸ ਹਾਲਤ 'ਚ ਕਿੰਨਾ ਕਿੰਨਾ ਚਿਰ ਟਿਕੇ ਰਹਿੰਦੇ ਭਾਵੇਂ ਜਾਗਦੇ ਹੋਣ ਭਾਵੇਂ ਸੁੱਤੇ ਹੋਣ ਅਤੇ ਆਪ ਸਦਾ ਹੀ ਧਰਮੀ ਪੁਰਸ਼ਾਂ ਦੀ ਸੰਗਤ ਕਰਿਆ ਕਰਦੇ ਸਨ। ਵੱਡੇ ਵੱਡੇ ਧਰਮਾਂ ਦੇ ਲੋਕ ਇਸ ਗੱਲ ਦਾ ਮਾਣ ਸਮਝਦੇ ਹਨ ਕਿ ਸਾਡੇ ਗੁਰੂ (ਪੈਗੰਬਰ, ਮਜ਼ਹਬ ਦੇ ਕਰਤਾ) ਪਾਠਸ਼ਾਲਾ 'ਚ ਪੜ੍ਹਾਨ ਵਾਲੀਆਂ ਵਿਦਿਆ ਤੋਂ ਅਣਜਾਣ ਸਨ। ਉਨ੍ਹਾਂ ਦੇ ਖਿਆਲਾਂ ਤੋਂ ਪਤਾ ਲੱਗਦਾ ਹੈ ਕਿ ਜੋ ਕੁਝ ਉਹਨਾਂ ਦੇ ਧਾਰਮਕ ਆਗੂਆਂ ਨੂੰ ਪਤਾ ਸੀ, ਉਨ੍ਹਾਂ ਦਾ ਕਹਿਣਾ ਹੈ ਕਿ ਉਹ ਸਭ ਕੁਝ ਉਹਨਾਂ ਨੂੰ ਪ੍ਰਮਾਤਮਾ ਵਲੋਂ ਹੀ ਗਿਆਨ ਮਿਲਦਾ ਸੀ। ਉਹ ਕਿਸੇ ਹੋਰ ਪਾਸੋਂ ਨਹੀਂ ਸਨ ਪੜ੍ਹਦੇ। ਸਾਨੂੰ ਇਸ ਗੱਲ ਦੀ ਕੋਈ ਖਾਸ ਮਹੱਤਤਾ ਮਹਿਸੂਸ ਨਹੀਂ ਹੁੰਦੀ ਕਿ ਅਸੀਂ ਵੀ ਸਿੱਖ ਧਰਮ ਦੇ ਕਰਤਾ ਨੂੰ ਅਨਪੜ੍ਹ ਕਹੀਏ, ਜਿਸ ਤਰੀਕੇ ਨਾਲ ਉਹਨਾਂ ਨੇ ਵਿਦਿਆ ਹਾਸਲ ਕੀਤੀ, ਉਸਨੂੰ ਸਮਝਣਾ ਕੋਈ ਔਖੀ ਗੱਲ ਨਹੀਂ।

ਜੇ ਗੁਰੂ ਜੀ ਉਸ ਪਿੰਡ ਦੇ ਮਾਮੂਲੀ ਸਕੂਲ 'ਚ ਹੀ ਰਹਿੰਦੇ ਤਾਂ ਇਸ ਤਰ੍ਹਾਂ ਦੀ ਕੋਈ ਦਲੀਲ ਨਾ ਮਿਲਦੀ ਕਿ ਗੁਰੂ ਜੀ ਉਥੋਂ ਬਹੁਤਾ ਕੁਝ ਸਿਖਦੇ। ਪਰ ਤਲਵੰਡੀ ਦੇ ਸੰਘਣੇ ਜੰਗਲਾਂ ਵਿਚ ਤਪੀ ਤੇ ਬਾਨਪ੍ਰਸਤੀ ਸਾਧ ਰਹਿੰਦੇ ਸਨ। ਇਹ ਲੋਕ ਦੋ ਕਾਰਨਾਂ ਕਰਕੇ ਇਸ ਜੰਗਲੀ ਇਲਾਕੇ 'ਚ ਆ ਕੇ ਵਸੇ ਸਨ, ਇਕ ਤਾਂ ਇਹ ਕਿ ਉਹਨਾਂ ਦੀ ਭਗਤੀ ਵਿਚ ਕੋਈ ਵਿਘਨ ਨਾ ਪਵੇ ਅਤੇ ਦੂਜਾ ਇਹ ਕਿ ਉਹ ਕੱਟੜ ਮੁਸਲਮਾਨਾਂ ਦੇ ਜ਼ੁਲਮ ਤੋਂ ਬਚੇ ਰਹਿਣ। ਸਾਰੀਆਂ ਜਨਮ ਸਾਖੀਆਂ ਇਸ ਗੱਲ ਦੀਆਂ ਗਵਾਹ ਹਨ ਕਿ ਗੁਰੂ ਜੀ ਇਕਾਂਤ 'ਚ ਰਿਹਾ ਕਰਦੇ ਸਨ ਅਤੇ ਉਹਨਾਂ ਧਾਰਮਕ ਪੁਰਸ਼ਾਂ ਦੀ ਸੰਗਤ ਕਰਦੇ ਸਨ ਜਿਨ੍ਹਾਂ ਦਾ ਉਥੇ ਆਉਣ ਜਾਣ ਸੀ। ਇਨ੍ਹਾਂ ਮਹਾਂ-ਪੁਰਸ਼ਾਂ 'ਚ ਬਹੁਤ ਸਾਰੇ ਭਾਰਤੀ ਧਾਰਮਕ ਵਿਦਿਆ 'ਚ ਚੰਗੇ ਨਿਪੁੰਨ ਸਨ। ਉਹ ਹਿੰਦੁਸਤਾਨ ਦੇ ਦੂਰ ਦੂਰ ਦੇ ਭਾਗਾਂ 'ਚ ਯਾਤਰਾ ਕਰ ਚੁੱਕੇ ਸਨ ਅਤੇ ਭਾਰਤ ਦੇ ਵੱਡੇ ਵੱਡੇ ਆਗੂਆਂ ਨੂੰ ਮਿਲ ਚੁੱਕੇ ਸਨ। ਇਸ ਲਈ ਗੁਰੂ ਜੀ ਭਾਰਤ ਦੇ ਸੁਧਾਰ ਕਰਨ ਵਾਲਿਆਂ ਅਤੇ ਗਿਆਨੀਆਂ ਦੇ ਨਵੇਂ ਉਪਦੇਸ਼ਾਂ ਤੋਂ ਚੰਗੀ ਤਰ੍ਹਾਂ ਜਾਣੂ ਹੋ ਗਏ ਸਨ। ਜੋ ਸ਼ਾਂਤੀ ਗੁਰੂ ਜੀ ਨੂੰ ਆਤਮਕ ਵਿਚਾਰ ਅਤੇ ਸਤਿਸੰਗ ਤੋਂ ਮਿਲੀ, ਉਸ ਬਾਰੇ ਗੁਰੂ ਜੀ ਇੰਝ ਕਹਿੰਦੇ ਹਨ:—

ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ।
ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਨਾਇ।੧।
ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ।੧ ਰਹਾਉ।

(ਆਦਿ ਗ੍ਰੰ: ਪੰ: ੧੩੦)

ਜਿਨ੍ਹਾਂ ਮਹਾਂਪੁਰਸ਼ਾਂ ਦੀ ਗੁਰੂ ਜੀ ਨੇ ਜੰਗਲ ਵਿਚ ਜਾ ਕੇ ਸੰਗਤ ਕੀਤੀ ਜਾਂ ਜਿਨ੍ਹਾਂ ਨੇ ਵਾਹਿਗੁਰੂ ਦੀ ਉਪਮਾ ਦੇ ਗੀਤ ਗੁਰੂ ਜੀ ਅੱਗੇ ਗਾਏ, ਉਹਨਾਂ ਦੇ ਨਾਉ ਜਾਂ ਟਿਕਾਣੇ ਦਾ ਕੋਈ ਪਤਾ ਨਹੀਂ ਲੱਗਦਾ। ਪਰ ਉਹਨਾਂ ਦੇ ਚੰਗੇ ਗੁਣ, ਸਿੱਖ ਧਰਮ ਦੇ ਕਰਤਾ ਦੀ ਧਾਰਮਕ ਸ਼ਾਨ ਵਿੱਚ ਮਾਨੋ ਨਿਰਮਾਣ ਦੀ ਵਿਧੀ ਅਨੁਸਾਰ ਲਏ ਜਾ ਚੁੱਕੇ ਹਨ। ਪਰ ਜੋ ਕੁਝ ਗੁਰੂ ਜੀ ਨੇ ਉਹਨਾਂ ਆਗੂਆਂ ਕੋਲੋਂ ਸਿੱਖਿਆ ਉਸ ਤੋਂ ਵਧੇਰੇ ਗੁਰੂ ਜੀ ਦੀ ਆਪਣੀ ਇੱਕ ਰਸ ਬੱਝਵੀਂ ਤਾਰ ਸੀ, ਜਿਸ ਨਾਲ ਉਹ ਆਪਣੇ ਆਤਮਾ ਪ੍ਰਮਾਤਮਾ ਅਤੇ ਕਰਤਾਰ ਦੀ ਰਚਨਾ ਨਾਲ ਗੱਲਬਾਤ ਕਰਦੇ ਸਨ। ਉਹ ਆਕਾਸ਼ ਬਾਣੀ ਜੋ ਕਈ ਮਹਾਤਮਾਵਾਂ ਨੇ ਸੁਣੀ ਸੀ—ਉਸ ਜੰਗਲ 'ਚੋਂ ਸੁਣਾਈ ਦੇਣ ਲੱਗੀ ਅਤੇ ਉਸ ਨੇ ਗੁਰੂ ਨਾਨਕ ਦੇਵ ਜੀ ਦੇ ਖਿਆਲਾਂ ਨੂੰ ਆਤਮਕ ਅਨੰਦ ਦੀ ਟੀਸੀ ਤੇ ਪਹੁੰਚਾ ਦਿੱਤਾ।

ਹਾੜ ਦੀ ਗਰਮੀ, ਸਿਆਲ ਦੀ ਠੰਡ, ਅਕਾਸ਼ ਮੰਡਲ ਦੀ ਮਹਿਮਾ, ਕੁਦਰਤ ਦੀਆਂ ਬਦਲਣ ਵਾਲੀਆਂ ਹਾਲਤਾਂ ਵਿਚ ਤੇ ਆਪਣੀ ਜਨਮ ਭੂਮੀ ਦੇ ਛੋਟੇ ਜਿਹੇ ਪਿੰਡ 'ਚ ਵਸਦੇ ਲੋਕਾਂ ਦੇ ਦੁੱਖਾਂ ਸੁੱਖਾਂ ਵਿਚ ਗੁਰੂ ਜੀ ਨੇ ਚਮਕਦੇ ਹੋਏ ਅੱਖਰਾਂ ਵਿਚ ਨਿਰੰਕਾਰ ਸਿਰਜਨਹਾਰ ਦਾ ਨਾਂ ਪੜ੍ਹਿਆ ਅਤੇ ਉਹਨਾਂ ਨੇ ਖੁਸ਼ੀ ਵਿਚ ਉਸ ਨਾਂ ਨੂੰ ਵਾਰ ਵਾਰ ਗਾਇਆ। ਨਾਮ ਹੀ ਗੁਰੂ ਜੀ ਦੀ ਪੂਜਾ ਤੇ ਧਿਆਨ ਦਾ ਕੇਂਦਰ ਬਣ ਗਿਆ ਅਤੇ ਮਹਾਰਾਜ ਦੇ ਮੱਤ ਦਾ ਵਿਸ਼ੇਸ਼ ਚਿੰਨ ਹੋ ਗਿਆ :

ਜੈਸਾ ਬੀਜੇ ਸੋ ਲੁਣੇ ਜੋ ਖਟੇ ਸੁ ਖਾਇ।
ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ।੨।
ਤੇਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ।

ਜੋ ਦਮੁ ਚਿਤਿ ਨਾ ਆਵਈ ਸੋ ਦਮੁ ਬਿਰਥਾ ਜਾਇ।੩।
ਇਹੁ ਤਨੁ ਵੇਚੀ ਬੈਕਰੀ ਜੇ ਕੋ ਲਏ ਵਿਕਾਇ।
ਨਾਨਕ ਕੰਮਿ ਨਾ ਆਵਈ ਜਿਤੁ ਤਨਿ ਨਾਹੀ ਸਚਾ ਨਾਉ।੪।੫।੭।

(ਆਦਿ ਗ੍ਰੰਥ, ਪੰ., ਪੰ., ੭੩੦)

ਗੁਰੂ ਨਾਨਕ ਦੇਵ ਜੀ ਦੀ ਆਪਣੀ ਲਿਖਤ ਵਿਚੋਂ ਹੀ ਪਤਾ ਲੱਗਦਾ ਹੈ ਕਿ ਗੁਰੂ ਜੀ ਨੇ ਫਾਰਸੀ ਵੀ ਸਿੱਖੀ ਹੋਈ ਸੀ। ਗੁਰੂ ਜੀ ਦੇ ਪਿਤਾ ਕਾਲੂ ਨੂੰ ਲੱਗਿਆ ਕਿ ਮੇਰਾ ਪੁੱਤਰ ਵਿਵਹਾਰਕ ਕੰਮਾਂ 'ਚ ਆਪਣੀ ਰੁਚੀ ਨਹੀਂ ਵਧਾ ਸਕਦਾ। ਰਾਏ ਬੁਲਾਰ ਨੇ ਉਹਨਾਂ ਨੂੰ ਇਸ ਗੱਲ ਦਾ ਭਰੋਸਾ ਦਿਵਾਇਆ ਕਿ ਜੇਕਰ ਗੁਰੂ ਜੀ ਫਾਰਸੀ ਸਿੱਖ ਜਾਣ ਤਾਂ ਉਹਨਾਂ ਦੇ ਪਿਤਾ ਪਿੱਛੋਂ ਉਸ ਨੂੰ ਪਟਵਾਰੀ ਬਣਾ ਦੇਵੇਗਾ ਕਿਉਂਕਿ ਉਹਨਾਂ ਦਿਨਾਂ ਵਿਚ ਸਰਕਾਰੀ ਕਾਗਜ਼ ਅਤੇ ਹਿਸਾਬ-ਕਿਤਾਬ ਫ਼ਾਰਸੀ ਜ਼ਬਾਨ ਵਿਚ ਹੀ ਚਲਦੇ ਸਨ। ਹਿੰਦੂ ਲੋਕ ਫਾਰਸੀ ਨਹੀਂ ਸਨ ਬੋਲਦੇ ਸਗੋਂ ਇਸ ਨੂੰ ਬਦੇਸ਼ੀ ਬੋਲੀ ਸਮਝਦੇ ਸਨ ਅਤੇ ਇਸ ਨੂੰ ਮਲੇਸ਼ ਭਾਸ਼ਾ ਆਖ ਕੇ ਨਫਰਤ ਕਰਦੇ ਸਨ। ਪਰ ਗੁਰੂ ਨਾਨਕ ਦੇਵ ਜੀ ਦੇ ਸਮੇਂ ਹਿੰਦੂ ਲੋਕ ਫਾਰਸੀ ਨੂੰ ਰੋਜ਼ੀ ਕਮਾਉਣ ਦੇ ਲਾਲਚ ਨਾਲ ਸਿੱਖਦੇ ਸਨ ਜਿਸ ਤਰ੍ਹਾਂ ਅੱਜ ਕੱਲ। ਗੁਰੂ ਜੀ ਨੂੰ ਇਕ ਮੁੱਲਾਂ ਕੋਲ ਫਾਰਸੀ ਪੜ੍ਹਨ ਪਾਇਆ ਗਿਆ ਤੇ ਗੁਰੂ ਜੀ ਨੇ ਹਿੰਦੂ ਪਾਂਧੇ ਵਾਂਗ ਹੀ ਫਾਰਸੀ ਪੜ੍ਹਾਉਣ ਵਾਲੇ ਮੁੱਲਾਂ ਨੂੰ ਵੀ ਹੈਰਾਨ ਕੀਤਾ। ਰੁਕਨ ਦੀਨ ਦੇ ਕਹਿਣ ਤੇ ਗੁਰੂ ਨਾਨਕ ਦੇਵ ਜੀ ਨੇ ਜਵਾਬ ਵਿੱਚ ਉਸਤਾਦ ਦਾ ਚਿਰਿਤ੍ ਧਾਰ ਕੇ ਫਾਰਸੀ 'ਚ ਹੇਠ ਲਿਖੀ ਸੀਹਰਫੀ ਦਾ ਉਚਾਰਨ ਕੀਤਾ :

(1) ਅਲਫ ਅੱਲਾ ਨੂੰ ਯਾਦ ਕਰ ਗਫਲਤ ਮਨਹੁ ਵਸਾਰੁ।
ਸਾਸ ਪਲਟੇ ਨਾਮ ਬਿਨੁ ਧ੍ਰਿਗ ਜੀਵਨ ਸੰਸਾਰ।੧।
(2) ਬੇ ਬਿਦਾਇਤ ਦੂਰ ਕਰ ਕਦਮ ਤਰੀਕਤ ਰਾਖ।
ਸਭਨਾ ਅਗੈ ਨਿਵ ਚਲੋ ਮੰਦਾ ਕਿਸੇ ਨਾ ਆਖ।੨।
(3) ਤੇ ਤੋਬਾ ਕਰ ਆਜਜ਼ੀ ਸਾਈਂ ਬੇਪ੍ਰਵਾਹ।
ਸਾਥ ਨ ਚਲੇ ਕੁਤਬ ਦੀਨ ਤਿਸ ਦਾ ਕੀ ਬੇਸਾਹੁ।੩।
(4) ਸੇ ਸਨਾਇਤ ਬਹੁਤ ਕਰ ਖਾਲਕ ਨੂੰ ਕਰ ਯਾਦ।
ਯਾਦ ਨ ਕੀਤੋ ਕੁਤਬਦੀਨ ਜਨਮ ਜਵਾਇਓ ਬਾਦ।੪।
(5) ਜੀਮ ਜਮਾਇਤ ਜਮਾਂ ਕਰ ਪੰਜ ਨਮਾਜ਼ ਗੁਜ਼ਾਰ।
ਬਾਝਹੁ ਯਾਦ ਖੁਦਾਇ ਦੇ ਹੋਸੀ ਬਹੁਤ ਖੁਆਰ।੫।+

ਇਹ ਸੀਹਰਫੀ ਉਚਾਰਨ ਕਰਕੇ ਗੁਰੂ ਜੀ ਨੇ ਮੁੱਲਾਂ ਨੂੰ ਦੱਸਿਆ।

ਗੁਰੂ ਜੀ ਦੇ ਕੁਝ ਕੁ ਫਾਰਸੀ ਪਦ ਅਤੇ ਫਾਰਸੀ ਦੇ ਕੁਝ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਮਿਲਦੇ ਹਨ ਅਤੇ ਸਾਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਗੁਰੂ ਜੀ ਫਾਰਸੀ ਬੋਲੀ ਦੇ ਚੰਗੇ ਮਾਹਰ ਸਨ। ਗੁਰੂ ਜੀ ਦੂਜੇ ਲੋਕਾਂ ਦੇ ਖਿਆਲ ਬੜੇ ਧੀਰਜ ਤੇ ਆਰਾਮ

+ਇਹ ਸੀਹਰਫੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ।

ਨਾਲ ਸੁਣਦੇ ਸਨ ਅਤੇ ਸਹਾਰਦੇ ਸਨ। ਇਹ ਗੱਲ ਵੀ ਮੰਨਣ ਯੋਗ ਲੱਗਦੀ ਹੈ ਕਿ ਗੁਰੂ ਜੀ ਦੇ ਇਸ ਤਰ੍ਹਾਂ ਦੇ ਸੁਭਾਅ ਨੂੰ, ਮੁਸਲਮਾਨਾਂ ਦੀਆਂ ਪੁਸਤਕਾਂ ਜਿਹੜੀਆਂ ਫਾਰਸੀ ਜ਼ਬਾਨ 'ਚ ਭਰੀਆਂ ਪਈਆਂ ਹਨ, ਪੜ੍ਹਨ ਵਿਚ ਮਦਦ ਮਿਲੀ ਹੋਵੇ। ਇਹ ਵੀ ਪਤਾ ਲੱਗਦਾ ਹੈ ਕਿ ਗੁਰੂ ਜੀ ਫਾਰਸੀ ਲਿਖਣ ਦੇ ਉਪਰੰਤ ਵੀ ਕਾਰ-ਵਿਹਾਰ 'ਚ ਆਪਣਾ ਚਿਤ ਨਾ ਲਾ ਸਕੇ। ਗੁਰੂ ਜੀ ਦੇ ਪਿਤਾ ਜੀ ਉਨ੍ਹਾਂ ਨੂੰ ਅਵਾਰਾ ਸਮਝਦੇ ਸਨ ਅਤੇ ਉਹ ਉਹਨਾਂ ਦੇ ਆਉਣ ਵਾਲੇ ਭਵਿੱਖ ਤੋਂ ਬਹੁਤ ਦੁਖੀ ਸਨ।

ਮੱਝਾਂ ਚਾਰਨੀਆਂ

ਅਖੀਰ ਇਕ ਦਿਨ ਗੁਰੂ ਜੀ ਨੂੰ ਉਹਨਾਂ ਦੇ ਪਿਤਾ ਜੀ ਨੇ ਮੱਝਾਂ ਚਾਰਨ ਲਈ ਲਾਗਲੇ ਜੰਗਲ 'ਚ ਭੇਜਿਆ। ਇਕ ਦਿਨ ਤਾਂ ਚੰਗਾ ਲੰਘ ਗਿਆ ਪਰ ਦੂਜੇ ਦਿਨ ਗੁਰੂ ਜੀ ਸੌਂ ਗਏ ਅਤੇ ਉਨ੍ਹਾਂ ਦੇ ਡੰਗਰ ਨਾਲ ਦੀ ਪੈਲੀ 'ਚ ਜਾ ਵੜੇ। ਖੇਤ ਦੇ ਮਾਲਕ ਨੇ ਆ ਕੇ ਗੁਰੂ ਜੀ ਨੂੰ ਬਹੁਤ ਕੁਝ ਕਿਹਾ ਪਰ ਗੁਰੂ ਜੀ ਨੇ ਕਿਹਾ ਕਿ ਪ੍ਰਮਾਤਮਾ ਤੁਹਾਡੀ ਪੈਲੀ 'ਚ ਬਰਕਤ ਪਾਵੇਗਾ। ਇਸ ਤਰ੍ਹਾਂ ਦਾ ਜਵਾਬ ਮਾਲਕ ਦਾ ਗੁੱਸਾ ਠੰਢਾ ਨਾ ਕਰ ਸਕਿਆ ਤੇ ਉਹ ਆਪਣੀ ਜ਼ਿੱਦ ਤੋਂ ਬਾਜ ਨਾ ਆਇਆ। ਉਸ ਨੇ ਰਾਏ ਬੁਲਾਰ ਕੋਲ ਜਾ ਕੇ ਦੱਸਿਆ। ਰਾਏ ਬੁਲਾਰ ਇਹ ਸੁਣ ਕੇ ਕਿ ਨਾਨਕ ਦੇਵ ਜੀ ਮਸਤਾਨੇ ਜਿਹੇ ਹਨ ਉਸਨੇ ਗੁਰੂ ਨਾਨਕ ਅਤੇ ਉਹਨਾਂ ਦੇ ਪਿਤਾ ਜੀ ਨੂੰ ਝਗੜੇ ਦਾ ਫੈਸਲਾ ਕਰਨ ਲਈ ਬੁਲਾਇਆ। ਗੁਰੂ ਜੀ ਨੇ ਕਿਹਾ ਖੇਤੀ ਦਾ ਕੋਈ ਨੁਕਸਾਨ ਨਹੀਂ ਹੋਇਆ ਪ੍ਰਮਾਤਮਾ ਦੀ ਉਸ ਤੇ ਦਇਆ ਹੈ। ਰਾਏ ਬੁਲਾਰ ਨੇ ਆਪਣੇ ਬੰਦੇ ਖੇਤੀ ਵੇਖਣ ਲਈ ਭੇਜੇ। ਜਦ ਉਹ ਉਥੇ ਪਹੁੰਚੇ ਤਾਂ ਉਨ੍ਹਾਂ ਨੇ ਵੇਖਿਆ ਕਿ ਪੈਲੀ ਬਿਲਕੁਲ ਉਸੇ ਤਰ੍ਹਾਂ ਹਰੀ ਭਰੀ ਖੜੀ ਹੈ, ਡੰਗਰਾਂ ਦੇ ਖੁਰਾਂ ਦੇ ਨਿਸ਼ਾਨ ਤੱਕ ਉਸ ਪੈਲੀ 'ਚ ਨਹੀਂ ਸਨ। ਉਹ ਪੈਲੀ ਜਿੱਥੇ ਇਹ ਕੌਤਕ ਹੋਇਆ ਯਾਤਰੂਆਂ ਨੂੰ ਵਿਖਾਈ ਜਾਂਦੀ ਹੈ ਅਤੇ ਉਸ ਥਾਂ ਨੂੰ ਅੱਜ 'ਕਿਆਰਾ ਸਾਹਿਬ' ਕਹਿੰਦੇ ਹਨ।

ਜਨੇਊ ਪਾਉਣ ਦੀ ਸਾਖੀ

ਗੁਰੂ ਨਾਨਕ ਦੇਵ ਜੀ ਜਦੋਂ ਨੌਂ ਵਰ੍ਹਿਆਂ ਦੇ ਹੋਏ ਤਾਂ ਉਹਨਾਂ ਦੇ ਘਰਦਿਆਂ ਨੇ ਸੋਚਿਆ ਕਿ ਗੁਰੂ ਜੀ ਨੂੰ ਜਨੇਊ ਪਹਿਨਾਇਆ ਜਾਵੇ ਜਿਸ ਨੂੰ ਹਿੰਦੂਆਂ ਦਾ ਯਗਯੋਪਵੀਤ ਮੰਨਿਆ ਜਾਂਦਾ ਸੀ। ਜਦ ਤੱਕ ਜਨੇਊ ਨਾ ਪਹਿਨਾਇਆ ਜਾਵੇ ਉਸ ਵਕਤ ਤੱਕ ਉਸਨੂੰ ਹਿੰਦੂ ਧਰਮ 'ਚੋਂ ਛੇਕਿਆ ਹੋਇਆ ਸਮਝਿਆ ਜਾਂਦਾ ਹੈ। ਕੁਟੰਬ ਦੇ ਸਾਰੇ ਅੰਗ ਸਾਕ ਗਵਾਂਢੀ, ਪ੍ਰੋਹਿਤ, ਲਾਗੀ ਅਤੇ ਹੋਰ ਲੋਕ ਕੱਠੇ ਹੋ ਗਏ ਅਤੇ ਉਹਨਾਂ ਨੇ ਸਾਰੀਆਂ ਰਸਮਾਂ ਅਦਾ ਕਰ ਲਈਆਂ ਤਾਂ ਉਹਨਾਂ ਦੇ ਪਰਵਾਰ ਦਾ ਪ੍ਰੋਹਤ ਹਰਦਿਆਲ ਗੁਰੂ ਜੀ ਦੇ ਗਲ 'ਚ ਜਨੇਊ ਪਾਉਣ ਲਈ ਅੱਗੇ ਵਧਿਆ।

ਗੁਰੂ ਜੀ ਨੇ ਜਨੇਊ ਵਾਲਾ ਧਾਗਾ ਆਪਣੇ ਹੱਥ 'ਚ ਪਕੜ ਲਿਆ ਅਤੇ ਪ੍ਰੋਹਤ ਨੂੰ ਪੁੱਛਣ ਲੱਗਾ ਕਿ ਤੂੰ ਇਹ ਕੀ ਕਰਨ ਲੱਗਾ ਹੈਂ ਅਤੇ ਮੈਨੂੰ ਇਸ ਤਰ੍ਹਾਂ ਦੇ ਧਾਗੇ ਦਾ ਕੀ ਫਾਇਦਾ ਹੋਵੇਗਾ? ਪ੍ਰੋਹਤ ਨੇ ਕਿਹਾ ਕਿ ਹਿੰਦੂ ਧਰਮ ਦਾ ਪਹਿਲਾ ਅਸੂਲ ਜਨੇਊ ਪਾਉਣਾ ਹੀ ਹੈ ਜਿੰਨਾ ਚਿਰ ਕਿਸੇ ਦੇ ਜਨੇਊ ਨਹੀਂ ਪਹਿਨਾਇਆ ਜਾਂਦਾ ਓਨਾ ਚਿਰ

ਉਸਨੂੰ ਸ਼ੂਦਰ ਗਿਣਿਆ ਜਾਂਦਾ ਹੈ। ਇਹ ਪਾਉਣ ਨਾਲ ਇਸ ਦੁਨੀਆਂ ਵਿਚ ਵਡਿਆਈ ਅਤੇ ਅਗਲੇ ਜਨਮ 'ਚ ਸੁੱਖ ਪ੍ਰਾਪਤ ਹੁੰਦਾ ਹੈ। ਇਹ ਸੁਣ ਕੇ ਛੋਟੇ ਜਿਹੇ ਗੁਰੂ ਨਾਨਕ ਜੀ ਨੇ ਕਿਹਾ :

"ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ।
ਏਹ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤੁ।
ਨਾ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨ ਜਾਇ।
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ।
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ।
ਸਿਖਾ ਕੰਨਿ ਚੜਾਈਆ ਗੁਰੂ ਬ੍ਰਾਹਮਣ ਥਿਆ।
ਓਹ ਮੁਆ ਓਹੁ ਝੜਿ ਪਇਆ ਵੇ ਤਗਾ ਗਇਆ।੧। *(ਆ ਗ੍ਰੰ: ਪੰ: ੪੭੧)*
(ਆਸਾ ਦੀ ਵਾਰ ਮ: ੧)

ਇਹ ਸੁਣ ਕੇ ਪ੍ਰੋਹਤ ਨੇ ਕਿਹਾ ਕਿ ਜਨੇਊ ਪਾਉਣਾ ਵੈਦਕ ਰੀਤੀ ਹੈ ਅਤੇ ਬਹੁਤ ਪੁਰਾਣੇ ਸਮੇਂ ਤੇ ਚਲਦੀ ਆ ਰਹੀ ਹੈ। ਕੋਈ ਹਿੰਦੂ ਇਸ ਬਿਨਾਂ ਧਰਮੀ ਨਹੀਂ ਕਿਹਾ ਜਾ ਸਕਦਾ। ਫੇਰ ਪ੍ਰੋਹਤ ਨੇ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਕਿ ਤੁਸੀਂ ਕੁਝ ਜ਼ਿਆਦਾ ਹੀ ਖੁਲ੍ਹ ਗਏ ਹੋ। ਤੁਸੀਂ ਅਜੇ ਬੱਚੇ ਹੋ। ਕੀ ਅਸੀਂ ਤੇਰੇ ਜਿੰਨੇ ਵੀ ਅਕਲਮੰਦ ਨਹੀਂ ? ਜੇ ਤੁਸੀਂ ਇਹ ਨਹੀਂ ਪਹਿਨਗੋ ਤਾਂ ਧਰਮ 'ਚੋਂ ਛੇਕੇ ਜਾਓਗੇ।

ਫੇਰ ਗੁਰੂ ਜੀ ਨੇ ਉੱਤਰ 'ਚ ਕਿਹਾ :

ਲਖ ਚੋਰੀਆਂ ਲਖ ਜਾਰੀਆ ਲਖ ਕੂੜੀਆ ਲਖ ਗਾਲਿ।
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ।
ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ।
ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ।
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ। *(ਆ: ਗ੍ਰੰ: ਪੰ: ੪੭੧)*
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੇ ਜੋਰੁ।੨। *(ਆਸਾ ਦੀ ਵਾਰ ਮ: ੧)*

ਇਸ ਤਰ੍ਹਾਂ ਸੁਣ ਕੇ ਪ੍ਰੋਹਤ ਗੁੱਸੇ 'ਚ ਕਹਿਣ ਲੱਗਾ ਕਿ ਕੀ ਤੁਸੀਂ ਹੀ ਸਿਆਣੇ ਹੋ, ਜਿਨ੍ਹਾਂ ਨੇ ਵੱਡਿਆਂ ਦੀ ਚੁਰੀ ਆ ਰਹੀ ਰਸਮ ਨੂੰ ਛੱਡ ਦਿੱਤਾ ਹੈ। ਕੀ ਅਸੀਂ ਬੇਵਕੂਫ ਹੀ ਹਾਂ? ਫੇਰ ਪ੍ਰੋਹਤ ਨੇ ਪੁੱਛਿਆ ਕਿ ਫੇਰ ਅਸਲੀ ਜਨੇਊ ਕਿਹੜਾ ਹੈ ?

ਗੁਰੂ ਜੀ ਨੇ ਦੱਸਿਆ :

'ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ। *(ਆ: ਗ੍ਰੰ: ਪੰ: ੪੭੧)*
ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ।੩। *(ਆਸਾ ਦੀ ਵਾਰ ਮ: ੧)*

ਗੁਰੂ ਜੀ ਨੇ ਫੇਰ ਉਪਦੇਸ਼ ਕੀਤਾ :

ਤਗੁ ਨ ਇੰਦ੍ਰੀ ਤਗੁ ਨ ਨਾਰੀ॥ ਭਲਕੇ ਥੁਕ ਪਵੈ ਨਿਤ ਦਾੜੀ।
ਤਗੁ ਨ ਪੈਰੀ ਤਗੁ ਨ ਹੱਥੀ॥ ਤਗੁ ਨ ਜਿਹਵਾ ਤਗ ਨ ਅਖੀ।
ਵੇ ਤਗਾ ਆਪੇ ਵਤੈ॥ ਵਟਿ ਧਾਗ ਅਵਰਾ ਘਤੈ।
ਲੈ ਭਾੜਿ ਕਰੇ ਵੀਆਹੁ॥ ਕਢਿ ਕਾਗਲੁ ਦਸੇ ਰਾਹੁ।
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ॥ ਮਨਿ ਅੰਧਾ ਨਾਉ ਸੁਜਾਣ।੪।
(ਆਸਾ ਦੀ ਵਾਰ ਮ: ੧), (ਆ: ਗ੍ਰੰ: ਪੰ: ੪੭੧)

ਬੀਬੀ ਨਾਨਕੀ ਦਾ ਵਿਆਹ

ਭੂਮਕਾ 'ਚ ਅਸੀਂ ਪੜ੍ਹ ਆਏ ਹਾਂ ਕਿ ਸੁਲਤਾਨਪੁਰ ਉਸ ਸਮੇਂ ਜਲੰਧਰ ਦੁਆਬੇ ਦੀ ਰਾਜਧਾਨੀ ਸੀ। ਉਸ ਸਮੇਂ ਅਤੇ ਹੁਣ ਵੀ ਅੰਗਰੇਜ਼ਾਂ ਦੇ ਸਮੇਂ ਇੱਥੇ ਕਬਜ਼ਾ ਕਰਨ ਵੇਲੇ ਮਾਮਲਾ ਜ਼ਿਆਦਾਤਰ ਜਿਨਸ ਵਿਚ ਹੀ ਲਿਆ ਜਾਂਦਾ ਸੀ। ਰਾਜਧਾਨੀ ਤੋਂ ਗਰਦਾਵਰੀ ਕਰਨ ਵਾਲੇ ਅਤੇ ਮਾਮਲਾ ਕੱਠਾ ਕਰਨ ਵਾਲੇ ਵੱਖ ਵੱਖ ਜ਼ਿਲਿਆਂ 'ਚ ਭੇਜੇ ਜਾਂਦੇ ਸਨ ਜਿਨ੍ਹਾਂ ਨੂੰ ਆਮਲ ਕਹਿੰਦੇ ਸਨ। ਤਲਵੰਡੀ ਦੇ ਮਾਮਲੇ ਦੀ ਵਾਛ ਲਈ ਜੈ ਰਾਮ ਆਮਲ ਪ੍ਰਯੁਕਤ ਕੀਤਾ ਗਿਆ। ਇਕ ਦਿਨ ਜਦੋਂ ਉਹ ਖੇਤ ਦੀ ਗਰਦਾਵਰੀ ਕਰ ਰਿਹਾ ਸੀ ਤਾਂ ਉਸਨੇ ਗੁਰੂ ਨਾਨਕ ਦੇਵ ਜੀ ਦੀ ਭੈਣ ਨੂੰ ਖੂਹ ਤੋਂ ਪਾਣੀ ਭਰਦਿਆਂ ਵੇਖਿਆ ਕਿ ਨਾਨਕੀ ਜੀ ਸੁੰਦਰ ਅਤੇ ਸੁਸ਼ੀਲ ਹਨ ਤਾਂ ਰਾਏ ਬੁਲਾਰ ਦੀ ਕੋਸ਼ਿਸ਼ ਤੇ ਉਪਕਾਰ ਨਾਲ ਰਿਸ਼ਤਾ ਪੱਕਾ ਹੋ ਗਿਆ ਅਤੇ ਵਿਆਹ ਕੀਤਾ ਗਿਆ। ਬੀਬੀ ਨਾਨਕੀ ਆਪਣੇ ਪਤੀ ਨਾਲ ਸੁਲਤਾਨਪੁਰ ਜਾ ਕੇ ਹੀ ਵਸਣ ਲੱਗ ਗਈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ

ਬੀਬੀ ਨਾਨਕੀ ਦੇ ਵਿਆਹ ਤੋਂ ਪਿੱਛੋਂ ਗੁਰੂ ਨਾਨਕ ਦਾ ਵਿਆਹ ਜ਼ਰੂਰ ਜਲਦੀ ਹੋ ਗਿਆ ਹੋਵੇਗਾ। ਭਾਈ ਮਨੀ ਸਿੰਘ ਵਾਲੀ ਜਨਮ ਸਾਖੀ 'ਚ ਲਿਖਿਆ ਹੈ ਕਿ ਗੁਰੂ ਜੀ ਚੌਦਾਂ ਸਾਲਾਂ ਦੀ ਉਮਰ ਵਿਚ ਹੀ ਵਿਆਹੇ ਗਏ ਸਨ ਜਿਸ ਤਰ੍ਹਾਂ ਕਿ ਪੂਰਬ ਵਿਚ ਆਮ ਪ੍ਰਚਲਤ ਰਿਵਾਜ ਸੀ। ਗੁਰੂ ਜੀ ਦੇ ਮਾਤਾ ਪਿਤਾ ਨੇ ਗੁਰੂ ਜੀ ਦਾ ਵਿਆਹ ਇਕ ਧਾਰਮਕ ਫਰਜ਼ ਸਮਝ ਕੇ ਕੀਤਾ। ਗੁਰੂ ਜੀ ਦੀ ਮੰਗਣੀ ਪਿੰਡ ਬਟਾਲਾ ਜੋ ਅੱਜ ਕਲ ਗੁਰਦਾਸਪੁਰ ਜ਼ਿਲੇ 'ਚ ਹੈ, ਦੇ ਵਸਨੀਕ ਮੂਲਾ ਜੀ ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਨਾਲ ਕੀਤੀ ਗਈ।

ਨਨਕਾਣਾ ਸਾਹਿਬ ਅਤੇ ਬਟਾਲੇ ਦੇ ਵਿਚਕਾਰ ਜ਼ਿਆਦਾ ਫਾਸਲਾ ਹੋਣ ਕਰਕੇ ਅਤੇ ਵਾਰ ਵਾਰ ਆਉਣ ਜਾਣ ਤੇ ਗੱਲਾਂ ਬਾਤਾਂ ਦੀ ਤਕਲੀਫ ਨੂੰ ਸਮਝ ਕੇ ਮੰਗਣੀ ਪਿਛੋਂ ਜਲਦੀ ਹੀ ਗੁਰੂ ਜੀ ਦਾ ਵਿਆਹ ਕਰ ਦਿੱਤਾ ਗਿਆ। ਬੀਬੀ ਨਾਨਕੀ ਵੀ ਵਿਆਹ ਤੇ ਆਏ ਸਨ ਪਰ ਉਹਨਾਂ ਦੇ ਪਤੀ, ਛੁੱਟੀ ਨਾ ਮਿਲਣ ਕਰਕੇ ਨਹੀਂ ਆ ਸਕੇ ਸਨ। ਜੈ ਰਾਮ ਜੀ ਨੇ ਸੁਨੇਹਾ ਭੇਜਿਆ ਕਿ ਮੈਂ ਦੂਜੇ ਕਿਸੇ ਦਾ ਨੌਕਰ ਹਾਂ ਅਤੇ ਉਸਦੇ ਸਨੇਹੇ ਨੂੰ ਸਵੀਕਾਰ ਕਰ ਲਿਆ ਗਿਆ।

ਸੱਪ ਤੇ ਬ੍ਰਿਛ ਛਾਇਆ ਦੀ ਸਾਖੀ

ਇਸ ਤਰ੍ਹਾਂ ਲੱਗਦਾ ਹੈ ਜਿਵੇਂ ਗੁਰੂ ਜੀ ਨੂੰ ਫੇਰ ਡੰਗਰ ਚਾਰਨ ਦਾ ਕੰਮ ਸੌਂਪਿਆ ਗਿਆ ਹੋਵੇ।[2] ਜਦ ਇਕ ਦਿਨ ਗੁਰੂ ਜੀ ਮੱਝਾਂ ਚਾਰ ਰਹੇ ਸਨ ਤਾਂ ਦੁਪਹਿਰੇ ਧੁੱਪ 'ਚ ਗੁਰੂ ਜੀ ਇਕ ਦਰਖਤ ਥੱਲੇ ਸੌਂ ਗਏ। ਸ਼ਾਮੀ ਰਾਏ ਬੁਲਾਰ ਉਸ ਪਾਸੇ ਵੱਲ ਦੀ ਲੰਘਿਆ ਤਾਂ ਉਸਨੇ ਵੇਖਿਆ ਕਿ ਦਰਖਤ ਦੀ ਛਾਂ, ਜਿਸ ਥੱਲੇ ਗੁਰੂ ਜੀ ਸੁੱਤੇ ਹੋਏ ਸਨ, ਉਥੇ ਹੀ ਸਥਿਰ ਸੀ ਅਤੇ ਬਾਕੀ ਦਰਖਤਾਂ ਦੀ ਛਾਂ ਵਾਂਗ ਸੂਰਜ ਦੇ ਹਿਲਣ ਕਾਰਨ ਹਿਲੀ ਨਹੀਂ ਸੀ। ਇਕ

2. ਇਥੇ ਵੀ ਮੈਕਾਲਿਫ ਨੇ ਭੁਲੇਖਾ ਖਾਧਾ ਹੈ। ਇਹਨਾਂ ਘਟਨਾਵਾਂ ਦਾ ਸੰਬੰਧ ਵਿਆਹ ਤੋਂ ਪਹਿਲਾਂ ਤਲਵੰਡੀ ਰਹਿਣ ਦੇ ਸਮੇਂ ਨਾਲ ਹੀ ਹੈ।

ਹੋਰ ਵਕਤ ਦੀ ਗੱਲ ਹੈ ਜਦੋਂ ਗੁਰੂ ਜੀ ਚਰਾਗਾਹ 'ਚ ਸੁੱਤੇ ਹੋਏ ਸਨ ਤਾਂ ਵੇਖਿਆ ਕਿ ਇਕ ਫਨੀਅਰ ਸੱਪ ਗੁਰੂ ਜੀ ਦੇ ਸਿਰ ਤੇ ਪਹਿਰਾ ਦੇ ਰਿਹਾ ਸੀ ਅਤੇ ਆਪਣੇ ਫਨ ਨਾਲ ਗੁਰੂ ਜੀ ਨੂੰ ਛਾਂ ਕੀਤੀ ਹੋਈ ਸੀ। ਰਾਏ ਬੁਲਾਰ ਨੇ ਗੁਰੂ ਜੀ ਦੀ ਇਸ ਕਰਾਮਾਤ ਨੂੰ ਮੰਨਿਆ ਅਤੇ ਕਾਲੂ ਜੀ ਨੂੰ ਇਸ ਤਰ੍ਹਾਂ ਦੇ ਸਪੁੱਤਰ ਤੇ ਵਧਾਈ ਦਿੱਤੀ ਅਤੇ ਕਾਲੂ ਜੀ ਨੂੰ ਕਿਹਾ ਕਿ ਤੁਹਾਨੂੰ ਇਸ ਗੱਲੋਂ ਨਿਰਾਸ਼ ਨਹੀਂ ਹੋਣਾ ਚਾਹੀਦਾ ਕਿ ਤੁਹਾਡਾ ਮੁੰਡਾ ਦੁਨਿਆਵੀ ਕੰਮਾਂ 'ਚ ਰੁਚੀ ਨਹੀਂ ਰੱਖਦਾ। ਫੇਰ ਦੱਸਿਆ ਕਿ ਗੁਰੂ ਜੀ ਇਕ ਮਹਾਨ ਹਸਤੀ ਹਨ। ਇਕ ਪੁਰਾਣਾ ਭੱਜਾ ਟੁੱਟਾ ਜੰਗਲੀ ਦਰਖਤ ਵਿਖਾਇਆ ਜਾਂਦਾ ਹੈ ਜਿੱਥੇ ਇਹ ਕਰਾਮਾਤ ਹੋਈ ਦੱਸੀ ਜਾਂਦੀ ਹੈ। ਇਸ ਦੇ ਬੁੱਢੇ ਟਾਹਣੇ ਧਰਤੀ ਨਾਲ ਇਸ ਤਰ੍ਹਾਂ ਲੱਗੇ ਹੋਏ ਹਨ ਜਿਸ ਤੋਂ ਸਾਨੂੰ ਹਿੰਦੁਸਤਾਨ ਦੇ ਅੰਜੀਰ ਦਰਖਤ ਦੀ ਵੱਡੀ ਤਣੇਦਾਰ ਛਤਰੀ ਯਾਦ ਆ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਅਜੇ ਵੀ ਕੋਈ ਲਾਭਦਾਇਕ ਦੁਨਿਆਵੀ ਕੰਮ ਨਹੀਂ ਸਨ ਕਰਦੇ ਜਿਸ ਕਰਕੇ ਉਨ੍ਹਾਂ ਦੇ ਮਾਤਾ ਪਿਤਾ ਗੁਰੂ ਜੀ ਤੇ ਨਾਰਾਜ਼ ਹੋਏ ਕਿ ਤੁਸੀਂ ਵਿਹਲੇ ਰਹਿੰਦੇ ਹੋ ਕੋਈ ਕੰਮ ਕਾਰ ਨਹੀਂ ਕਰਦੇ। ਉਹਨਾਂ ਦੀ ਮਾਤਾ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਕੋਈ ਕੰਮ ਕਰਕੇ ਆਪਣੀ ਰੋਜ਼ੀ ਕਮਾਵੋ ਅਤੇ ਇਸ ਤਰ੍ਹਾਂ ਦੀਆਂ ਅਣਹੋਣੀਆਂ ਗੱਲਾਂ ਨੂੰ ਦਿਮਾਗ 'ਚ ਲਿਆਉਣਾ ਛੱਡ ਦੇਵੋ।

ਮਾਤਾ ਜੀ ਨੇ ਦੱਸਿਆ ਕਿ ਤੁਹਾਨੂੰ ਲੋਕ ਪਾਗਲ ਕਹਿੰਦੇ ਹਨ। ਪਰ ਗੁਰੂ ਜੀ ਨੇ ਇਸ ਤਰ੍ਹਾਂ ਮਾਤਾ ਜੀ ਦੇ ਝਿੜਕਣ ਦੀ ਰਤੀ ਵੀ ਪ੍ਰਵਾਹ ਨਾ ਕੀਤੀ ਅਤੇ ਇਹ ਸ਼ਬਦ ਬੋਲ ਉਠੇ :

ਹਠੁ ਕਰਿ ਮਰੈ ਨ ਲੇਖੈ ਪਾਵੈ। ਵੇਸ ਕਰੈ ਬਹੁ ਭਸਮ ਲਗਾਵੈ।
ਨਾਮੁ ਬਿਸਾਰਿ ਬਹੁਰਿ ਪਛੁਤਾਵੈ।੧।
ਤੂੰ ਮਨਿ ਹਰਿ ਜੀਉ ਤੂੰ ਮਨਿ ਸੁਖ।
ਨਾਮੁ ਬਿਸਾਰਿ ਸਹਹਿ ਜਮ ਦੁਖ।੧। ਰਹਾਉ।
ਚੋਆ ਚੰਦਨ ਅਗਰ ਕਪੂਰ। ਮਾਇਆ ਮਗਨੁ ਪਰਮ ਪਦੁ ਦੂਰਿ।
ਨਾਮਿ ਬਿਸਾਰਿਐ ਸਭੁ ਕੂੜੋ ਕੂਰਿ।੨। ਨੇਜੇ ਵਾਜੇ ਤਖਤਿ ਸਲਾਮੁ।
ਅਧਕੀ ਤ੍ਰਿਸਨਾ ਵਿਆਪੈ ਕਾਮੁ। ਬਿਨ ਹਰਿ ਜਾਚੇ ਭਗਤਿਨ ਨਾਮੁ।੩।
ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ। ਮਨੁ ਦੇ ਪਾਵਹਿ ਨਾਮੁ ਸੁਹੇਲਾ।
ਦੂਜੇ ਭਾਇ ਅਗਿਆਨੁ ਦੁਹੇਲਾ।੪।
ਬਿਨੁ ਦਮ ਕੇ ਸਉਦਾ ਨਹੀ ਹਾਟ।
ਬਿਨੁ ਬੋਹਿਥ ਸਾਗਰ ਨਹੀ ਵਾਟ।
ਬਿਨੁ ਗੁਰ ਸੇਵੇ ਘਾਟੇ ਘਾਟਿ।੫।
ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ।
ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ।
ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ।੬।
ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ।

ਗੁਰ ਸਬਦੀ ਮਥਿ ਅੰਮ੍ਰਿਤੁ ਪੀਉ।
ਨਾਮ ਵਡਾਈ ਤੁਧੁ ਭਾਣੈ ਦੀਉ।੭।
ਨਾਮ ਬਿਨਾ ਕਿਉ ਜੀਵਾ ਮਾਇ।
ਅਨਦਿਨੁ ਜਪਤ ਰਹਉ ਤੇਰੀ ਸਰਣਾਇ।
ਨਾਨਕ ਨਾਮਿ ਰਤੇ ਪਤਿ ਪਾਇ।੮।੨। *(ਆ: ਗ੍ਰੰ: ਪੰ: ੨੨੬)*
(ਗਉੜੀ ਮ: ੧)

ਇਸ ਪਿਛੋਂ ਗੁਰੂ ਜੀ ਪੈ ਗਏ ਅਤੇ ਇਸ ਇਕੋ ਆਸਣ ਨਾਲ ਚਾਰ ਦਿਨ ਲੰਘਾ ਦਿੱਤੇ। ਗੁਰੂ ਜੀ ਨੇ ਆਪਣਾ ਹੱਥ ਪੈਰ ਬਿਲਕੁਲ ਨਹੀਂ ਹਿਲਾਇਆ।

ਇਸ ਤਰ੍ਹਾਂ ਲੱਗਦਾ ਹੈ ਕਿ ਗੁਰੂ ਜੀ ਕਿਸੇ ਵੀ ਵਿਵਹਾਰਕ ਕੰਮ ਦੇ ਲਾਇਕ ਨਹੀਂ ਸਨ ਰਹੇ। ਉਨ੍ਹਾਂ ਦੇ ਵਿਹਲੇ ਰਹਿਣ, ਕੋਈ ਕੰਮ ਨਾ ਕਰਨ ਦੀ ਚਰਚਾ ਸਾਰੇ ਘਰ ਬਾਰ 'ਚ ਹੋ ਗਈ। ਇਸ ਗੱਲ ਦਾ ਦੁੱਖ ਉਨ੍ਹਾਂ ਦੇ ਮਾਤਾ ਪਿਤਾ ਜੀ ਨੂੰ ਬਹੁਤ ਪਹੁੰਚਿਆ। ਗੁਰੂ ਜੀ ਦੇ ਮਾਤਾ ਜੀ ਨੇ ਗੁਰੂ ਜੀ ਨੂੰ ਮਿੱਠੀਆਂ ਮਿੱਠੀਆਂ ਝਿੜਕਾਂ ਦੇ ਕੇ ਵਿਵਹਾਰਕ ਕੰਮਾਂ 'ਚ ਦਿਲ ਲਾਉਣ ਲਈ ਕਿਹਾ ਪਰ ਸ਼ੁਕਰ ਹੈ ਕਿ ਉਹਨਾਂ ਨੂੰ ਇਸ ਕੰਮ 'ਚ ਸਫਲਤਾ ਨਾ ਮਿਲ ਸਕੀ। ਫੇਰ ਗੁਰੂ ਜੀ ਦੇ ਪਿਤਾ ਕਾਲੂ ਜੀ ਨੇ ਉਹਨਾਂ ਨੂੰ ਸਮਝਾਇਆ ਅਤੇ ਕਿਹਾ ਕਿ ਮੈਨੂੰ ਮੇਰੇ ਖੇਤਾਂ ਦੀ ਵਾਹੀ ਲਈ ਸਹਾਇਤਾ ਦੀ ਲੋੜ ਹੈ ਅਤੇ ਹੁਣ ਤੁਹਾਡੀ ਉਮਰ ਹੈ ਕਿ ਤੁਹਾਨੂੰ ਇਸ ਖੇਤੀ ਦੇ ਕੰਮਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਗੁਰੂ ਜੀ ਨੇ ਜਵਾਬ 'ਚ ਕਿਹਾ :

ਇਹ ਤਨੁ ਧਰਤੀ ਬੀਜੁ ਕਰਮਾ ਕਰੋਸਲਿਲ ਆਪਾਉ ਸਾਰਿੰਗ ਪਾਣੀ।
ਮਨ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ।੧।
(ਆ: ਗ੍ਰੰ: ਪੰ: ੨੩) (ਸਿਰੀ ਰਾਗੁ ਮ: ੧)

ਪਿਤਾ ਕਾਲੂ ਅਤੇ ਰਾਏ ਬੁਲਾਰ ਨੇ ਕਿਹਾ ਕਿ ਕਿਸਾਨ ਬਨਣ ਦੇ ਇਹ ਤਰੀਕੇ ਨਹੀਂ ਹੁੰਦੇ। ਖੇਤੀ ਦਾ ਕੰਮ ਤਾਂ ਹੱਥਾਂ ਦੀ ਮਿਹਨਤ ਅਤੇ ਰੋਟੀ ਕਮਾ ਕੇ ਖਾਣ ਦਾ ਮੰਤਵ ਹੁੰਦਾ ਹੈ। ਪਰ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ :

ਅਮਲ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ।
ਹੋਏ ਕਿਰਸਾਣੁ ਈਮਾਨੁ ਜੰਮਾਇਲੈ ਭਿਸਤੁ ਦੋਜਕੁ ਮੂੜ ਏਵ ਜਾਣੀ।੧।
ਮਤੁ ਜਾਣਸਹਿ ਗਲੀ ਪਾਇਆ।
ਮਾਲ ਕੈਮਾਣੇ ਰੂਪਕੀ ਸੋਭਾ ਇਤੁ ਬਿਧੀ ਜਨਮ ਗਵਾਇਆ।੧। ਰਹਾਉ।
ਐਬ ਤਨਿ ਚਿਕੜੋ ਇਹ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ।
ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੇ ਜਾਨਹ ਬੁਝਾਈ।੨।
ਆਖਣੁ ਸੁਣਨਾ ਪਉਣ ਕੀ ਬਾਣੀ ਏਹੁ ਮਨੁ ਰਤਾ ਮਾਇਆ।
ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ।੩।
ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ।
ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤਕੁ ਸੰਜਿਆਹੀ।੪।੨੭।
(ਆ: ਗ੍ਰੰ: ਪੰ: ੨੪) (ਸਿਰੀ ਰਾਗੁ ਮਹਲਾ ੧ ਘਰੁ ੩)

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ।
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ।
ਭਾਉ ਕਰਮ ਕਰਿ ਜੰਮਸੀ ਸੇ ਘਰ ਘਰ ਭਾਗਠ ਦੇਖੁ।੧।
ਬਾਬਾ ਮਾਇਆ ਸਾਥੁ ਨ ਹੋਇ।
ਇਨਿ ਮਾਇਆ ਜਾਗੁ ਮੋਹਿਆ ਵਿਰਲਾ ਬੂਝੈ ਕੋਇ। ਰਹਾਉ।

(ਆ: ਗ੍ਰੰ: ਪੰ: ੫੯੫)

ਗੁਰੂ ਜੀ ਨੇ ਪਿਤਾ ਕਾਲੂ ਜੀ ਨੂੰ ਕਿਹਾ ਕਿ ਮੈਂ ਆਪਣੀ ਖੇਤੀ ਬੀਜ ਚੁਕਾ ਹਾਂ ਅਤੇ ਹੁੰਣ ਫਸਲ ਤਿਆਰ ਹੋ ਚੁੱਕੀ ਹੈ। ਮੈਨੂੰ ਆਪਣੀ ਖੇਤੀ ਤੇ ਐਨਾ ਭਰੋਸਾ ਹੈ ਕਿ ਜਿਨਸ ਦੇ ਕੇ ਵੀ ਮੇਰੀ ਪੂਰੀ ਦੀ ਪੂਰੀ ਉਪਜ ਮੇਰੇ ਕੋਲ ਰਹੇਗੀ। ਪੁੱਤਾਂ, ਧੀਆਂ, ਮੰਗਤਿਆਂ, ਭਰਾਵਾਂ ਅਤੇ ਸਾਕਾਂ ਨੂੰ ਵੀ ਉਸ ਦਾ ਫਾਇਦਾ ਹੋਵੇਗਾ। ਮੈਂ ਪ੍ਰਮਾਤਮਾ ਲਈ ਆਪਣੀ ਪੈਲੀ ਬੀਜੀ ਹੈ ਅਤੇ ਉਹ ਪ੍ਰਮਾਤਮਾ ਮੇਰੇ ਨਾਲ ਇਸ ਤਰ੍ਹਾਂ ਦਾ ਸਲੂਕ ਕਰਦਾ ਹੈ ਜਿਸ ਤਰ੍ਹਾਂ ਖੇਤ ਦਾ ਮਾਲਕ ਆਪਣੇ ਮੁਜ਼ਾਰਿਆਂ ਨਾਲ। ਜਿਸ ਦਿਨ ਮੈਂ ਵਾਹਿਗੁਰੂ ਨੂੰ ਮਿਲਾਂਗਾ ਤਾਂ ਮੇਰੀ ਆਤਮਾ ਖੁਸ਼ ਹੋਵੇਗੀ।

ਇਹ ਸੁਣ ਕੇ ਕਾਲੂ ਜੀ ਨੇ ਕਿਹਾ ਕਿ ਫੇਰ ਕੋਈ ਦੁਕਾਨ ਹੀ ਪਾ ਲਵੋ। ਦੁਕਾਨਦਾਰੀ ਵੀ ਐਨੀ ਹੀ ਲਾਭਦਾਇਕ ਹੈ ਜਿੰਨੀ ਕਿ ਖੇਤੀ। ਗੁਰੂ ਜੀ ਨੇ ਇਸਦੇ ਜਵਾਬ 'ਚ ਫਰਮਾਇਆ :

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ।
ਸੁਰਤਿ ਸੋਚ ਕਰਿ ਭਾਂਡ ਸਾਲ ਤਿਸ ਵਿਚਿ ਤਿਸ ਨੋ ਰਖੁ।
ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ।੨।(ਆ: ਗ੍ਰੰ: ਪੰ: ੫੯੫)

ਫੇਰ ਗੁਰੂ ਜੀ ਦੇ ਪਿਤਾ ਜੀ ਨੇ ਕਿਹਾ ਕਿ ਜੇ ਹੱਟੀ ਵੀ ਨਹੀਂ ਕਰਨੀ ਤਾਂ ਘੋੜਿਆਂ ਦੀ ਸੁਦਾਗਰੀ ਹੀ ਕਰ ਲੈ। ਤੇਰਾ ਦਿਲ ਘਰ 'ਚ ਉਦਾਸ ਰਹਿੰਦਾ ਹੈ ਇਸ ਲਈ ਬਾਹਰਲੇ ਮੁਲਕਾਂ ਦੀ ਨਾਲੇ ਸੈਰ ਕਰ ਆਵੀਂ ਨਾਲੇ ਰੋਟੀ ਲਈ ਪੈਸੇ ਕਮਾ ਲਿਆਵੇਗਾ। ਅਸੀਂ ਕਹਾਂਗੇ ਕਿ ਰੋਟੀ ਕਮਾਉਣ ਲਈ ਬਾਹਰ ਗਿਆ ਹੋਇਆ ਹੈ ਅਤੇ ਜਲਦੀ ਹੀ ਵਾਪਸ ਆ ਜਾਵੇਗਾ। ਗੁਰੂ ਜੀ ਨੇ ਫੇਰ ਸ਼ਬਦ ਦਾ ਤੀਜਾ ਛੰਦ ਉਚਾਰਿਆ :

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ।
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਵਹਿ ਕਲੁ।
ਨਿਰੰਕਾਰ ਕੈ ਜਾਹਿ ਤਾ ਸੁਖਿ ਲਹਹਿ ਮਹਲੁ।੩। *(ਆ: ਗ੍ਰੰ: ਪੰ: ੫੯੫)*

ਇਹ ਸੁਣ ਕੇ ਪਿਤਾ ਜੀ ਦਾ ਦਿਲ ਟੁੱਟ ਗਿਆ ਅਤੇ ਉਸਨੇ ਨਿਰਾਸ਼ ਹੋ ਕੇ ਕਿਹਾ ਜਾਹ ਤੂੰ ਸਾਡੇ ਭਾਣੇ ਗਿਆ ਹੋਇਆ ਹੈਂ ਅਤੇ ਜਾਹ ਜਾਕੇ ਸਰਕਾਰੀ ਨੌਕਰੀ ਕਰ ਲੈ। ਜੈ ਰਾਮ ਦੌਲਤ ਖਾਨ ਦਾ ਮਾਲ ਅਫਸਰ ਹੈ ਅਤੇ ਉਹ ਤੇਰਾ ਭਣਵਈਆ ਵੀ ਹੈ ਜਾਹ ਉਸ ਕੋਲ ਜਾ ਕੇ ਨੌਕਰੀ ਕਰ ਲੈ। ਸ਼ਾਇਦ ਉਹ ਤੈਨੂੰ ਕੋਈ ਚੰਗੀ ਥਾਂ ਦਿਵਾ ਦੇਵੇ। ਅਸੀਂ ਤੇਰੀ ਕਮਾਈ ਤੋਂ ਬਗੈਰ ਹੀ ਗੁਜ਼ਾਰਾ ਕਰਦੇ ਰਹਾਂਗੇ। ਜੇ ਤੂੰ ਬਿਨਾਂ ਕਿਸੇ ਕੰਮ ਦੇ ਕਿਸੇ ਪਾਸੇ ਹੋਰ ਤੁਰ ਗਿਆ ਤਾਂ ਲੋਕ ਕਹਿਣਗੇ ਕਿ ਮੇਰਾ ਪੁੱਤਰ ਫਕੀਰ ਹੋ ਗਿਆ ਅਤੇ ਸਾਰੇ ਮੈਨੂੰ ਬਦਨਾਮ ਕਰਨਗੇ। ਇਸ ਤੇ ਗੁਰੂ ਜੀ ਨੇ ਜਵਾਬ ਵਿੱਚ ਚੌਥਾ ਛੰਦ ਉਚਾਰਿਆ :

ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ।
ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੇ ਧੰਨੁ।
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ।੪।੨। (ਸੋਰਠਿ ਮਃ ੧ ਘਰੁ ੧)
(ਆਃ ਗ੍ਰੰਃ ਪੰਃ ੫੯੬)

ਗੁਰੂ ਜੀ ਨੇ ਮਹਿਤਾ ਕਾਲੂ ਜੀ ਨੂੰ ਕਿਹਾ ਕਿ ਪ੍ਰਮਾਤਮਾ ਨੇ ਮੈਨੂੰ ਉਹ ਕੁਝ ਦੇ ਦਿੱਤਾ ਹੈ ਜੋ ਕੁਝ ਮੈਂ ਉਸ ਪਾਸੋਂ ਮੰਗਦਾ ਸੀ। ਸੌਦਾਗਰੀ, ਸਰਕਾਰੀ ਨੌਕਰੀ ਅਤੇ ਸ਼ਾਹੂਕਾਰੇ ਇਨ੍ਹਾਂ ਸਾਰਿਆਂ ਦੇ ਨਫੇ ਮੈਨੂੰ ਮਿਲ ਚੁੱਕੇ ਹਨ। ਕਾਲੂ ਨੇ ਹੈਰਾਨੀ ਪ੍ਰਗਟ ਕਰਦੇ ਹੋਏ ਕਿਹਾ ਕਿ ਮੈਂ ਇਸ ਤਰ੍ਹਾਂ ਦਾ ਪ੍ਰਮਾਤਮਾ ਕਦੇ ਨਹੀਂ ਵੇਖਿਆ ਜੋ ਐਨੀਆਂ ਬਖਸ਼ਸ਼ਾਂ ਦਿੰਦਾ ਹੋਵੇ।

ਫੇਰ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਮੇਰੇ ਪ੍ਰਮਾਤਮਾ ਨੂੰ ਉਹ ਸਾਰੇ ਮੰਨਦੇ ਹਨ ਜਿਨ੍ਹਾਂ ਨੇ ਉਸ ਨੂੰ ਵੇਖਿਆ ਹੈ :

ਸੁਣਿ ਵਡਾ ਆਖੈ ਸਭ ਕੋਇ। ਕੇਵਡੁ ਵਡਾ ਡੀਠਾ ਹੋਇ।
ਕੀਮਤਿ ਪਾਇ ਨ ਕਹਿਆ ਜਾਇ। ਕਹਣੈ ਵਾਲੇ ਤੇਰੇ ਰਹੇ ਸਮਾਇ।੧।
ਵਡੇ ਮੇਰੇ ਸਾਹਿਬ ਗਹਿਰ ਗੰਭੀਰਾ ਗੁਣੀ ਗਹੀਰਾ।
ਕੋਈ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ।੧। ਰਹਾਉ।
ਸਭਿ ਸੁਰਤੀ ਮਿਲਿ ਸੁਰਤਿ ਕਮਾਈ।
ਸਭ ਕੀਮਤਿ ਮਿਲਿ ਕੀਮਤਿ ਪਾਈ।
ਗਿਆਨੀ ਧਿਆਨੀ ਗੁਰ ਗੁਰਹਾਈ।
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ।੨।
ਸਭਿ ਸਤ ਸਭਿ ਤਪ ਸਭਿ ਚੰਗਿਆਈਆ।
ਸਿਧਾ ਪੁਰਖਾ ਕੀਆ ਵਡਿਆਈ।
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ।
ਕਰਮਿ ਮਿਲੈ ਨਾਹੀ ਠਾਕਿ ਰਹਾਈਆ।੩।
ਆਖਣ ਵਾਲਾ ਕਿਆ ਵੇਚਾਰਾ। ਸਿਫਤੀ ਭਰੇ ਤੇਰੇ ਭੰਡਾਰਾ।
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ।
ਨਾਨਕ ਸਚੁ ਸਵਾਰਣ ਹਾਰਾ।੪।੧। (ਰਾਗੁ ਆਸਾ ਮਹਲਾ ੧)
(ਆਃ ਗ੍ਰੰਃ ਪੰਃ ੯)

ਗੁਰੂ ਜੀ ਦੇ ਪਿਤਾ ਜੀ ਨੂੰ ਅਜੇ ਵੀ ਤਸੱਲੀ ਨਾ ਮਿਲੀ। ਉਹਨਾਂ ਨੇ ਫੇਰ ਗੁਰੂ ਜੀ ਨੂੰ ਸਮਝਾਉਣਾ ਸ਼ੁਰੂ ਕੀਤਾ ਅਤੇ ਨਸੀਹਤ ਕਰਦੇ ਹੋਏ ਕਹਿਣ ਲੱਗੇ ਕਿ ਪੁੱਤਰ ਤੂੰ ਇਨ੍ਹਾਂ ਖੱਪੀ ਵਿਚਾਰਾਂ ਨੂੰ ਛੱਡ ਦੇਹ ਅਤੇ ਬਾਕੀ ਲੋਕਾਂ ਵਾਂਗ ਕੋਈ ਕੰਮ ਕਰ। ਵਿਵਹਾਰਕ ਕੰਮ ਤੋਂ ਬਿਨਾਂ ਕਿਸੇ ਦਾ ਵੀ ਗੁਜ਼ਾਰਾ ਨਹੀਂ ਹੁੰਦਾ। ਗੁਰੂ ਨਾਨਕ ਦੇਵ ਜੀ ਤੇ ਉਹਨਾਂ ਦੇ ਪਿਤਾ ਜੀ ਦੀਆਂ ਗੱਲਾਂ ਦਾ ਪ੍ਰਭਾਵ ਨਾ ਪਿਆ ਇਸ ਲਈ ਉਹਨਾਂ ਦੇ ਪਿਤਾ ਜੀ ਨੇ ਗੁਰੂ ਜੀ ਨੂੰ ਉੱਥੇ ਹੀ ਛੱਡ ਦਿੱਤਾ ਅਤੇ ਆਪ ਨਿਰਾਸ਼ ਹੋ ਕੇ ਉਥੋਂ ਚਲੇ ਗਏ ਅਤੇ ਆਪਣੇ ਕੰਮ ਵਿਚ ਰੁਝ ਗਏ। ਫੇਰ ਗੁਰੂ ਜੀ ਦੇ ਮਾਤਾ ਜੀ ਆਪਣੇ ਪੁੱਤਰ ਦਾ ਦੁਨਿਆਵੀ ਵਿਚਾਰਾਂ ਅਨੁਸਾਰ ਸੁਧਾਰ ਕਰਨ ਦਾ ਯਤਨ ਕਰਨ ਲੱਗੇ।

ਮਾਤਾ ਜੀ ਦਾ ਗੁਰੂ ਨਾਨਕ ਦੇਵ ਜੀ ਨੂੰ ਸਮਝਾਉਣਾ

ਮਾਤਾ ਜੀ ਨੇ ਆਪਣੇ ਪੁੱਤਰ ਨੂੰ ਕਿਹਾ ਕਿ ਪੁੱਤਰ ਤੂੰ ਭਾਵੇਂ ਕੁਝ ਦਿਨਾਂ ਲਈ ਹੀ ਕਿਤੇ ਬਾਹਰ ਚਲਾ ਜਾਹ ਅਤੇ ਥੋੜੇ ਸਮੇਂ ਲਈ ਆਪਣੀ ਭਗਤੀ ਛੱਡ ਦੇਹ ਤਾਂ ਜੋ ਗਵਾਂਢੀਆਂ ਨੂੰ ਇਸ ਗੱਲ ਦਾ ਨਿਸ਼ਚਾ ਹੋ ਜਾਵੇ ਕਿ ਗੁਰੂ ਨਾਨਕ ਨੂੰ ਫੇਰ ਅਕਲ ਆ ਗਈ ਹੈ। ਪਰ ਗੁਰੂ ਜੀ ਨੇ ਜਵਾਬ ਵਿੱਚ ਫੁਰਮਾਇਆ :—

"ਆਖਾ ਜੀਵਾ ਵਿਸਰੈ ਮਰਿ ਜਾਉ। ਆਖਣਿ ਅਉਖਾ ਸਾਚਾ ਨਾਉ।
ਸਾਚੇ ਨਾਮ ਕੀ ਲਾਗੈ ਭੂਕ। ਤਿਤੁ ਭੂਖੈ ਖਾਇ ਚਲੀਅਹਿ ਦੂਖ।੧।
ਸੋ ਕਿਉ ਵਿਸਰੇ ਮੇਰੀ ਮਾਇ। ਸਾਚਾ ਸਾਹਿਬੁ ਸਾਚੈ ਨਾਇ।੧। ਰਹਾਉ।
ਸਾਚੇ ਨਾਮ ਕੀ ਤਿਲੁ ਵਡਿਆਈ। ਆਖਿ ਥਕੇ ਕੀਮਤਿ ਨਹੀਂ ਪਾਈ।
ਜੇ ਸਭ ਮਿਲਿਕੈ ਆਖਣ ਪਾਹਿ। ਵਜਾ ਨ ਹੋਵੇ ਘਾਟਿ ਨ ਜਾਇ।੨।
ਨ ਓਹੁ ਮਰੈ ਨ ਹੋਵੈ ਸੋਗੁ। ਦੇਦਾ ਰਹੈ ਨ ਚੂਕੈ ਭੋਗੁ।
ਗੁਣੁ ਏਹੋ ਹੋਰੁ ਨਾਹੀ ਕੋਇ। ਨ ਕੋ ਹੋਆ ਨ ਕੋ ਹੋਇ।੩।
ਜੇ ਵਡੁ ਆਪਿ ਤੇ ਵਡ ਤੇਰੀ ਦਾਤਿ। ਜਿਨਿ ਦਿਨੁ ਕਰਿ ਕੈ ਕੀਤੀ ਰਾਤਿ।
ਖਸਮ ਵਿਸਾਰਹਿ ਤੇ ਕਮਜਾਤਿ। ਨਾਨਕ ਨਾਵੈ ਬਾਝੁ ਸਨਾਤਿ।੪।੨।"

(ਆਸਾ ਮਹਲਾ ੧)

ਇਹ ਸੁਣ ਕੇ ਮਾਤਾ ਜੀ ਉਠ ਕੇ ਚਲੇ ਗਏ ਅਤੇ ਸਾਰੇ ਘਰ ਵਾਲਿਆਂ ਨੂੰ ਗੁਰੂ ਜੀ ਬਾਰੇ ਦਸਿਆ ਜਿਸ ਨਾਲ ਘਰ ਵਾਲੇ ਅਤੇ ਰਿਸ਼ਤੇਦਾਰ ਬੁਰਾ ਮਨਾਉਣ ਲੱਗੇ ਅਤੇ ਕਹਿਣ ਲੱਗੇ ਕਿ ਇਹ ਬਹੁਤ ਹੀ ਬੁਰਾ ਹੋਇਆ ਕਿ ਕਾਲੂ ਦਾ ਬੇਟਾ ਦੀਵਾਨਾ ਬਣ ਗਿਆ।

ਚਾਚੇ ਲਾਲੂ ਨੇ ਗੁਰੂ ਜੀ ਨੂੰ ਸਮਝਾਉਣਾ

ਉਹਨਾਂ 'ਚੋਂ ਗੁਰੂ ਜੀ ਦੇ ਚਾਚੇ ਨੇ ਫੇਰ ਦੁਬਾਰਾ ਗੁਰੂ ਜੀ ਨੂੰ ਸਮਝਾਉਣਾ ਚਾਹਿਆ। ਉਹ ਗੁਰੂ ਜੀ ਨੂੰ ਕਹਿਣ ਲੱਗੇ ਵੇਖੋ ਤੁਹਾਡੇ ਸਾਰੇ ਰਿਸ਼ਤੇਦਾਰਾਂ ਨੇ ਤੁਹਾਨੂੰ ਕਮ ਕਰਨ ਲਈ ਕਿਹਾ ਹੈ ਪਰ ਤੁਸੀਂ ਜਵਾਬ ਦੇਈ ਜਾਂਦੇ ਹੋ, ਸਗੋਂ ਇਸ ਦੇ ਇਲਾਵਾ ਤੁਸੀਂ ਕੁਝ ਵੀ ਨਹੀਂ ਚਾਹੁੰਦੇ ਅਤੇ ਨਾ ਹੀ ਖੁਸ਼ ਰਹਿੰਦੇ ਹੋ। ਚਾਚੇ ਜੀ ਦੀ ਇਹ ਗੱਲ ਸੁਣ ਕੇ ਗੁਰੂ ਜੀ ਨੇ ਇਕ ਸ਼ਬਦ ਉਚਾਰਿਆ (ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚੋਂ ਨਹੀਂ ਹੈ) :—

"ਖਿਮਾ ਹਮਾਰੀ ਮਾਤਾ ਕਹੀਏ ਸੰਤੋਖ ਹਮਾਰਾ ਪਿਤਾ।
ਸਤਿ ਹਮਾਰਾ ਚਾਚਾ ਕਹੀਏ ਜਿਸ ਸੰਗ ਮਨੂਆ ਜਿਤਾ।
ਸੁਣ ਲਾਲੂ ਗੁਣ ਐਸਾ।
ਸਗਲ ਲੋਗ ਬੰਧਨ ਕੇ ਬਾਂਧੇ ਸੋ ਗੁਣ ਕਹੀਐ ਕੈਸਾ।੧ ।ਰਹਾਉ।
ਭਾਉ ਭਾਈ ਸੰਗ ਹਮਾਰੇ ਪ੍ਰੇਮ ਪ੍ਰੀਤ ਸੋ ਚਾਰਾ।
ਧੀਅ ਹਮਾਰੀ ਧੀਰਜ ਬਨੀ ਹੈ ਐਸਾ ਸੰਗ ਹਮਾਰਾ।੨।
ਸ਼ਾਂਤ ਹਮਾਰੀ ਸੰਗ ਸਹੇਲੀ ਮਤਿ ਹਮਾਰੀ ਚੇਲੀ।
ਇਹ ਕੁਟੰਬ ਹਮਾਰਾ ਕਹੀਏ ਸਾਸ ਹਮਾਰੀ ਖੇਲੀ।
ਏਕੰਕਾਰ ਹਮਾਰਾ ਖਾਵੰਦ ਜਿਨ ਇਹ ਬਣਤ ਬਣਾਈ।
ਉਸ ਕੋ ਤਿਆਗ ਅਵਰੁ ਕੋ ਲਾਗੈ ਨਾਨਕ ਸੋ ਦੁਖ ਪਾਈ।"

ਵੈਦ ਜੀ ਨੂੰ ਬੁਲਾਉਣਾ

ਇਸ ਸ਼ਬਦ ਪਿੱਛੋਂ ਗੁਰੂ ਜੀ ਚੁੱਪਚਾਪ ਲੇਟ ਗਏ। ਨਾ ਉਹਨਾਂ ਨੇ ਕੁਝ ਖਾਧਾ ਨਾ ਪੀਤਾ ਪਰਵਾਰ ਦੇ ਸਾਰੇ ਜੀਆਂ ਨੇ ਪਿਤਾ ਕਾਲੂ ਨੂੰ ਕਿਹਾ ਕਿ ਤੁਹਾਨੂੰ ਆਪਣੇ ਪੁੱਤਰ ਲਈ ਵੈਦ ਕੋਲੋਂ ਕੋਈ ਨੁਸਖਾ ਲਿਆਉਣਾ ਚਾਹੀਦਾ ਹੈ। ਕੀ ਪਤਾ ਥੋੜੇ ਜਿਹੇ ਪੈਸਿਆਂ ਨਾਲ ਨਾਨਕ ਜੀ ਤੰਦਰੁਸਤ ਹੋ ਜਾਣ। ਫੇਰ ਕਾਲੂ ਜੀ ਵੈਦ ਕੋਲ ਗਏ ਅਤੇ ਵੈਦ ਨੂੰ ਆਪਣੇ ਘਰ ਲੈ ਆਂਦਾ। ਵੈਦ ਨੇ ਗੁਰੂ ਨਾਨਕ ਦੇਵ ਜੀ ਦੀ ਨਬਜ਼ ਵੇਖੀ, ਪਰ ਗੁਰੂ ਜੀ ਨੇ ਆਪਣੀ ਬਾਂਹ ਛੁਡਾ ਲਈ ਅਤੇ ਕਿਹਾ ਕਿ ਵੈਦ ਜੀ ਤੁਸੀਂ ਇਹ ਕੀ ਕਰਨ ਲੱਗੇ ਹੋ। ਵੈਦ ਨੇ ਕਿਹਾ ਮੈਂ ਤੁਹਾਡੀ ਬਿਮਾਰੀ ਵੇਖਣ ਲੱਗਾ ਹਾਂ। ਪਰ ਗੁਰੂ ਜੀ ਨੇ ਹੱਸ ਕੇ ਸ਼ਲੋਕ ਉਚਾਰਿਆ :

"ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਹਿ।[3]
ਭੋਲਾ ਵੈਦੁ ਨ ਜਾਣਈ ਕਰਕ ਕਰੇਜੇ ਮਾਹਿ। *(ਆਦਿ ਗ੍ਰੰਥ, ਪੰ:, ੧੨੭੯)*
ਜਾਹਿ ਵੈਦ ਘਰਿ ਆਪਣੇ ਮੇਰੀ ਆਹਿ ਨ ਲੇਹਿ।
ਹਮ ਰਤੇ ਸਹਿ ਆਪਣੇ ਤੂ ਕਿਸੁ ਦਾਰੂ ਦੇਹਿ।
ਦੁਖੁ ਲਾਗੈ ਦਾਰੂ ਘਣਾ ਵੈਦੁ ਖੜੋਆ ਆਇ।
ਕਾਇਆ ਰੋਵੈ ਹੰਸੁ ਪੁਕਾਰੇ ਵੈਦ ਨਾ ਦਾਰੂ ਲਾਇ।
ਜਾਹਿ ਵੈਦਾ ਘਰਿ ਆਪਣੇ ਜਾਣੈ ਕੋਇਮ ਕੋਇ।
ਜਿਨ ਕਰਤੇ ਦੁਖੁ ਲਾਇਆ ਨਾਨਕ ਲਾਹੈ ਸੋਇ।

ਫੇਰ ਗੁਰੂ ਜੀ ਨੂੰ ਵੈਦ ਨੇ ਪੁਛਿਆ ਕਿ ਤੁਸੀਂ ਆਪ ਹੀ ਦੱਸੋ ਕਿ ਤੁਹਾਨੂੰ ਕੀ ਰੋਗ ਹੈ। ਤਾਂ ਗੁਰੂ ਜੀ ਨੇ ਫੁਰਮਾਇਆ :

"ਦੁਖੁ ਵੇਛੋੜਾ ਇਕ ਦੁਖੁ ਭੂਖ। ਇਕ ਦੁਖੁ ਸਕਤਵਾਰ ਜਮਦੂਤ।
ਇਕ ਦੁਖ ਰੋਗ ਲਗੈ ਤਨਿ ਧਾਇ। ਵੈਦ ਨ ਭੋਲੇ ਦਾਰੂ ਲਾਇ।੧।
ਵੈਦ ਨ ਭੋਲੇ ਦਾਰੁ ਲਾਇ। ਦਰਦੁ ਹੋਵੈ ਦੁਖੁ ਰਹੈ ਸਰੀਰ।
ਐਸਾ ਦਾਰੂ ਲਗੈ ਨ ਬੀਰ।੧। ਰਹਾਉ।
ਖਸਮੁ ਵਿਸਾਰਿ ਕੀਏ ਰਸ ਭੋਗ। ਤਾਂ ਤਨਿ ਉਠਿ ਖਲੋਏ ਰੋਗ।
ਮਨ ਅੰਧੇ ਕਉ ਮਿਲੈ ਸਜਾਇ। ਵੈਦ ਨ ਭੋਲੈ ਦਾਰੂ ਲਾਇ।੨।
ਚੰਦਨ ਕਾ ਫਲੁ ਚੰਦਨ ਵਾਸੁ। ਮਾਣਸ ਕਾ ਫਲ ਘਟਿ ਮਹਿ ਸਾਸੁ।
ਸਾਸਿ ਗਇਐ ਕਾਇਆ ਢਲ ਪਾਇ। ਤਾਕੈ ਪਾਛੈ ਕੋਇ ਨ ਖਾਇ।੩।
ਕੰਚਨ ਕਾਇਆ ਨਿਰਮਲ ਹੰਸੁ। ਜਿਸ ਮਹਿ ਨਾਮੁ ਨਿਰੰਜਨ ਅੰਸੁ।
ਦੂਖ ਰੋਗ ਸਭਿ ਗਇਆ ਗਵਾਇ।
ਨਾਨਕ ਛੂਟਸਿ ਸਾਚੈ ਨਾਇ।੪।੨।੧।"(ਆ: ਗ੍ਰੰ: ਪੰ: ੧੨੫੬) (ਮਲਾਰ ਮ: ੧)

ਗੁਰੂ ਜੀ ਨੇ ਫੇਰ ਇਕ ਹੋਰ ਸ਼ਬਦ ਉਚਾਰਿਆ :

"ਦੁਖ ਮਹੁਰਾ ਮਾਰਣ ਹਰਿ ਨਾਮੁ। ਸਿਲ ਸੰਤੋਖ ਪੀਸਣੁ ਹਥਿ ਦਾਨੁ।

3. ਪਹਿਲੀਆਂ ਦੋ ਲਾਈਨਾਂ ਮਲਾਰ ਦੀ ਵਾਰ ਵਿੱਚ ਹਨ ਅਤੇ ਪਿਛਲੀਆਂ ਛੇ ਤੁਕਾਂ ਜਨਮ ਸਾਖੀ 'ਚ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਮਿਲਦੀਆਂ।

ਨਿਤ ਨਿਤ ਲੇਹੁ ਨ ਛੀਜੈ ਦੇਹ। ਅੰਤ ਕਾਲਿ ਜਮੁ ਮਾਰੈ ਠੇਹ।੧।
ਐਸਾ ਦਾਰੂ ਖਾਹਿ ਗਵਾਰ॥
ਐਸਾ ਖਾਧੈ ਤੇਰੇ ਜਾਹਿ ਵਿਕਾਰ।੧। ਰਹਾਉ।
ਰਾਜੁ ਮਾਲੁ ਜੋਬਨੁ ਸਭੁ ਛਾਂਵ। ਰਥਿ ਫਿਰੰਦੈ ਦੀਸਹਿ ਥਾਵ।
ਦੇਹ ਨ ਨਾਉ ਨ ਹੋਵੇ ਜਾਤਿ। ਓਥੇ ਦਿਹੁ ਐਥੇ ਸਭਿ ਰਾਤਿ।੨।
ਸਾਦ ਕਰਿ ਸਮਧਾ ਤ੍ਰਿਸਨਾ ਘਿਉ ਤੇਲੁ।
ਕਾਮੁ ਕ੍ਰੋਧੁ ਅਗਨੀ ਸਿਉ ਮੇਲੁ।
ਹੋਮ ਜਗ ਅਰੁ ਪਾਠ ਪੁਰਾਣ। ਜੋ ਤਿਸੁ ਭਾਵੇ ਸੋ ਪਰਵਾਣੁ।੩।
ਤਪੁ ਕਾਗਦੁ ਤੇਰਾ ਨਾਮ ਨੀਸਾਨੁ।
ਜਿਨ ਕਉ ਲਿਖਿਆ ਏਹੁ ਨਿਧਾਨੁ।
ਸੇ ਧੰਨਵਤ ਦਿਸਹਿ ਘਰਿ ਜਾਇ।
ਨਾਨਕ ਜਨਨੀ ਧੰਨੀ ਮਾਇ।੪।੩।੮। *(ਆ: ਗ੍ਰੰ: ਪੰ: ੧੨੫੭)*
(ਰਾਗ ਮਲਾਰ ਮ: ੧)

ਇਹ ਸੁਣਕੇ ਵੈਦ ਪਿਛੇ ਹਟਕੇ ਖਲੋ ਗਿਆ ਅਤੇ ਕਿਹਾ ਕਿ ਗੁਰੂ ਜੀ ਨੂੰ ਕੋਈ ਰੋਗ ਨਹੀਂ ਹੈ। ਇਨ੍ਹਾਂ ਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਨੂੰ ਗੁਰੂ ਜੀ ਬਾਰੇ ਕੋਈ ਫਿਕਰ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਕੋਈ ਮਹਾਂਪੁਰਸ਼ ਹਨ। ਫੇਰ ਵੈਦ ਜੀ ਨੇ ਬੰਦਨਾ ਕੀਤੀ ਅਤੇ ਚਲਾ ਗਿਆ।

ਗੁਰੂ ਨਾਨਕ ਦੇਵ ਜੀ ਦਾ ਗ੍ਰਿਹਸਤੀ ਜੀਵਨ

ਗੁਰੂ ਨਾਨਕ ਦੇਵ ਜੀ ਦੇ ਗ੍ਰਿਹਸਤੀ ਜੀਵਨ ਬਾਰੇ ਕੋਈ ਬਹੁਤਾ ਕੁਝ ਪਤਾ ਨਹੀਂ ਲੱਗਦਾ। ਉਹਨਾਂ ਦੇ ਦੋ ਪੁੱਤਰ ਸ੍ਰੀ ਚੰਦ ਅਤੇ ਲਖਮੀ ਚੰਦ ਦੇ ਜਨਮ ਤੋਂ ਬਿਨਾ ਹੋਰ ਕੋਈ ਖਾਸ ਗੱਲ ਨਹੀਂ ਮਿਲਦੀ।

ਦੱਸਿਆ ਜਾਂਦਾ ਹੈ ਕਿ ਗੁਰੂ ਜੀ ਦੂਰ ਜੰਗਲ 'ਚ ਚਲੇ ਜਾਂਦੇ ਸਨ ਅਤੇ ਕਿਸੇ ਦਰਖਤ ਥੱਲੇ ਧਾਰਮਿਕ ਵਿਚਾਰਾਂ 'ਚ ਆਪਣਾ ਸਮਾਂ ਲੰਘਾਉਂਦੇ ਸਨ। ਇਸ ਸਮੇਂ ਦੀਆਂ ਸਾਰੀਆਂ ਜਨਮ ਸਾਖੀਆਂ 'ਚੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਦਾ ਵਿਆਹ ਇਸ ਸਮੇਂ ਤੋਂ ਬਹੁਤ ਦੇਰ ਪਿਛੋਂ ਅਤੇ ਉਨਾਂ ਦੇ ਸੁਲਤਾਨਪੁਰ ਚਲੇ ਜਾਣ ਤੋਂ ਬਾਅਦ ਹੋਇਆ। ਉਹਨਾਂ ਜਨਮ ਸਾਖੀਆਂ 'ਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਵਿਆਹ ਜੈ ਰਾਮ ਜੀ ਨੇ ਹੀ ਕੀਤਾ ਅਤੇ ਗੁਰੂ ਜੀ ਦੇ ਘਰ ਵਾਲੇ ਪੱਖੋ ਕੇ ਰੰਧਾਵਾ ਦੇ ਰਹਿਣ ਵਾਲੇ ਸਨ ਜਿਹੜਾ ਸੁਲਤਾਨਪੁਰ ਤੋਂ ਥੋੜੀ ਹੀ ਦੂਰੀ ਤੇ ਹੈ।

ਅਸੀਂ ਭਾਈ ਮਨੀ ਸਿੰਘ ਵਾਲੀ ਅਤੇ ਪੁਰਾਤਨ ਜਨਮ ਸਾਖੀ ਦੇ ਆਧਾਰ ਤੇ ਚਲ ਰਹੇ ਹਾਂ। ਜੇ ਗੁਰੂ ਜੀ ਨੂੰ ਆਪਣੀ ਮਰਜ਼ੀ ਤੇ ਛੱਡ ਦਿੱਤਾ ਜਾਂਦਾ ਅਤੇ ਉਹਨਾਂ ਦਾ ਵਿਆਹ ਘਰ ਵਾਲੇ ਨਾ ਕਰਦੇ ਤਾਂ ਜਰੂਰ ਗੁਰੂ ਜੀ ਸੁਲਤਾਨਪੁਰ 'ਚ ਸਰਕਾਰੀ ਨੌਕਰੀ ਕਰਨ ਪਿੱਛੋਂ ਗ੍ਰਿਹਸਤ ਦੀ ਜਿੰਦਗੀ 'ਚ ਨਾ ਪੈਂਦੇ।

ਇਹ ਗੱਲ ਮਗਰੋਂ ਸਮਝ 'ਚ ਆ ਜਾਵੇਗੀ ਜਦੋਂ ਅਸੀਂ ਇਸ ਗੱਲ ਤੇ ਵਿਚਾਰ ਕਰਾਂਗੇ ਕਿ ਗੁਰੂ ਜੀ ਨੇ ਸੁਲਤਾਨਪੁਰ 'ਚ ਕਿਸ ਤਰ੍ਹਾਂ ਜਿੰਦਗੀ ਗੁਜ਼ਾਰੀ।

ਕਾਂਡ—2

ਗੁਰੂ ਨਾਨਕ ਦੇਵ ਜੀ ਦਾ ਮੁੱਢਲਾ ਜੀਵਨ

ਇੱਕ ਵਾਰ ਗੁਰੂ ਨਾਨਕ ਦੇਵ ਜੀ ਦੇ ਮਾਤਾ ਪਿਤਾ ਅਤੇ ਗੁਰੂ ਜੀ ਦੇ ਰਿਸ਼ਤੇਦਾਰ ਗੁਰੂ ਜੀ ਦੇ ਕੋਲ ਖੜੇ ਗੁਰੂ ਜੀ ਦੀ ਹਾਲਤ ਤੇ ਸੋਚ ਵਿਚਾਰ ਰਹੇ ਸਨ ਤਾਂ ਗੁਰੂ ਜੀ ਨੇ ਉਹਨਾਂ ਨੂੰ ਵੇਖ ਕੇ ਰਾਗ ਗਉੜੀ ਚੇਤੀ 'ਚ ਹੇਠ ਲਿਖਿਆ ਸ਼ਬਦ ਉਚਾਰਿਆ :

"ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ॥
ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ।੧॥
ਮੇਰਾ ਸਾਹਿਬਾ ਕਉਣੁ ਜਾਣੈ ਗੁਣ ਤੇਰੇ॥
ਕਹੇ ਨ ਜਾਨੀ ਅਉਗੁਣ ਮੇਰੇ॥੧॥ ਰਹਾਉ॥
ਕੇਤੇ ਨਾਗ ਕੁਲੀ ਮਰਿ ਆਏ ਕੇਤੇ ਪੰਖ ਉਡਾਏ॥੨॥
ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ।
ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ॥੩॥
ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ।
ਲੈ ਕੇ ਤਕੜੀ ਤੋਲਨਿ ਲਾਗਾ ਘਟਿ ਹੀ ਮਹਿ ਵਣਜਾਰਾ॥੪॥
ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥੫॥
ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ॥
ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖ ਹੋਵੈ ਦਿਨੁ ਰਾਤਿ॥੬॥੫॥"

(ਆਃ ਗ੍ਰੰਃ ਪੰਃ ੧੫੬) (ਗਉੜੀ ਚੇਤੀ ਮਃ ੧)

ਸੱਚੇ ਸੌਦੇ ਦੀ ਸਾਖੀ

ਪਿਤਾ ਕਾਲੂ ਨੇ ਸੋਚਿਆ ਕਿ ਪੁੱਤਰ ਨੂੰ ਕੋਈ ਵਿਉਪਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਗੁਰੂ ਜੀ ਨੂੰ ਚੂਹੜਕਾਣੇ (ਅੱਜ ਕੱਲ ਸ਼ੇਖੂਪੁਰੇ ਜ਼ਿਲੇ ਵਿਚ ਹੈ) ਲੂਣ, ਹਲਦੀ ਆਦਿ ਚੀਜ਼ਾਂ ਵਪਾਰ ਲਈ ਖਰੀਦ ਲੈ ਆਉਣ ਲਈ ਭੇਜਿਆ। ਗੁਰੂ ਜੀ ਆਪਣੇ ਨਾਲ ਇਕ ਨੌਕਰ ਲੈ ਕੇ ਤੁਰ ਪਏ। ਰਾਹ 'ਚ ਉਹਨਾਂ ਨੂੰ ਕੁਝ ਸੰਤਾਂ ਦੀ ਟੋਲੀ ਮਿਲੀ। ਉਨ੍ਹਾਂ ਸੰਤਾਂ ਨੇ ਪ੍ਰਤਿਗਿਆ ਕੀਤੀ ਹੋਈ ਸੀ ਕਿ ਸਾਰੀਆਂ ਰੁੱਤਾਂ ਜਿਸਮ ਤੇ ਕੋਈ ਕੱਪੜਾ ਨਹੀਂ ਪਾਉਣਾ। ਗੁਰੂ ਜੀ ਇਸ ਤਰ੍ਹਾਂ ਦੀ ਅਨੋਖੀ ਗੱਲ ਵੇਖ ਕੇ ਹੈਰਾਨ ਹੋਏ ਅਤੇ ਉਨ੍ਹਾਂ ਨੇ ਮਹੰਤ ਸੰਤਰੇਣ ਕੋਲੋਂ ਜਾ ਕੇ ਪੁੱਛਿਆ, "ਕੀ ਤੁਹਾਡੇ ਕੋਲ ਪਾਉਣ ਲਈ ਕੱਪੜੇ ਨਹੀਂ ਜਾਂ ਜੇ ਕੱਪੜੇ ਹਨ, ਤਾਂ ਉਹਨਾਂ ਦੇ ਪਾਉਣ ਨਾਲ ਤੁਹਾਨੂੰ ਕੀ ਦੁੱਖ ਹੁੰਦਾ ਹੈ ?" ਗੁਰੂ ਜੀ ਨੇ ਅਜੇ ਸੰਤਾਂ ਪਾਸੋਂ ਕੋਈ ਜਵਾਬ ਨਹੀਂ ਸੀ ਸੁਣਿਆ ਕਿ ਮਹਾਰਾਜ ਦੇ ਨੌਕਰ

ਨੇ ਗੁਰੂ ਜੀ ਨੂੰ ਯਾਦ ਕਰਵਾਇਆ ਕਿ ਇਸ ਤੋਂ ਪਹਿਲਾਂ ਉਹ ਕੁਝ ਕਰੋ ਜਿਸ ਜ਼ਰੂਰੀ ਤੇ ਅਸਲੀ ਕੰਮ ਲਈ ਚੂਹੜਕਾਣੇ ਤੁਹਾਨੂੰ ਤੁਹਾਡੇ ਪਿਤਾ ਜੀ ਨੇ ਭੇਜਿਆ ਹੈ। ਪਰ ਗੁਰੂ ਜੀ ਆਪਣੇ ਫੈਸਲੇ ਤੇ ਅੜੇ ਰਹੇ ਅਤੇ ਉਨ੍ਹਾਂ ਨੇ ਆਪਣਾ ਜਵਾਬ ਸੁਣਨ ਲਈ ਦੁਬਾਰਾ ਸੰਤਾਂ ਪਾਸੋਂ ਪੁੱਛਿਆ। ਮਹੰਤ ਨੇ ਉੱਤਰ ਦਿੱਤਾ ਕਿ ਸਾਡੀ ਮੰਡਲੀ ਨੂੰ ਕੱਪੜੇ ਜਾਂ ਅੰਨ ਦੀ ਲੋੜ ਨਹੀਂ ਹੈ। ਹਾਂ, ਇਹ ਗੱਲ ਹੈ ਕਿ ਸਾਨੂੰ ਬਿਨਾਂ ਮੰਗਿਆਂ ਹੀ ਲੋਕ ਰੋਟੀ ਦੇ ਜਾਂਦੇ ਹਨ। ਸਾਰੇ ਸੁੱਖਾਂ ਤੋਂ ਬਚਣ ਲਈ ਹੀ ਅਸੀਂ ਦੂਰ ਜੰਗਲਾਂ 'ਚ ਰਹਿੰਦੇ ਹਾਂ ਅਤੇ ਇਸੇ ਕਰਕੇ ਜ਼ਿਆਦਾ ਆਬਾਦੀ ਵਾਲੇ ਸ਼ਹਿਰਾਂ 'ਤੇ ਪਿੰਡਾਂ 'ਚ ਨਹੀਂ ਰਹਿੰਦੇ। ਗੁਰੂ ਜੀ ਦੇ ਖਿਆਲ 'ਚ ਆਇਆ ਕਿ ਜੋ ਸਾਨੂੰ ਚਾਹੀਦਾ ਸੀ ਉਹ ਮਿਲ ਗਿਆ ਹੈ। ਫੇਰ ਨੌਕਰ ਨੂੰ ਕਹਿਣ ਲੱਗੇ ਕਿ ਪਿਤਾ ਜੀ ਨੇ ਸੱਚੇ ਅਤੇ ਨਫੇ ਵਾਲੇ ਸੌਦੇ ਲਈ ਹੀ ਇਹ ਪੈਸੇ ਖਰਚ ਕਰਨ ਲਈ ਕਿਹਾ ਸੀ, ਸੋ ਹੁਣ ਅਸੀਂ ਇਸ ਕੰਮ ਵਿੱਚ ਵੀ ਪਿਤਾ ਜੀ ਦੀ ਹੀ ਆਗਿਆ ਮੰਨ ਰਹੇ ਹਾਂ। ਇਹ ਕਹਿ ਕੇ ਗੁਰੂ ਜੀ ਨੇ ਪਿਤਾ ਜੀ ਦੀ ਦਿੱਤੀ ਰਕਮ ਸੰਤਾਂ ਨੂੰ ਭੇਂਟ ਕਰ ਦਿੱਤੀ। ਸੰਤਾਂ ਨੇ ਗੁਰੂ ਜੀ ਕੋਲੋਂ ਪੁਛਿਆ ਕਿ ਤੁਹਾਡਾ ਨਾਂ ਕੀ ਹੈ ? ਗੁਰੂ ਜੀ ਨੇ ਕਿਹਾ ਕਿ ਮੇਰਾ ਨਾਂ ਨਾਨਕ ਨਿਰੰਕਾਰੀ ਹੈ, ਅਰਥਾਤ ਇਕ ਨਿਰ-ਅਕਾਰ ਪ੍ਰਮਾਤਮਾ ਨੂੰ ਧਿਆਉਣ ਵਾਲਾ ਨਾਨਕ।

ਫੇਰ ਸਤੰਾਂ ਨੇ ਉਸ ਰਕਮ ਦੀ ਰਸਦ ਲਿਆਉਣ ਲਈ ਕਿਹਾ। ਗੁਰੂ ਜੀ ਨੇ ਉਨ੍ਹਾਂ ਦਾ ਹੁਕਮ ਮੰਨਿਆ ਅਤੇ ਲਾਗਲੇ ਪਿੰਡ 'ਚੋਂ ਉਹਨਾਂ ਪੈਸਿਆਂ ਦਾ ਭੋਜਨ ਉਹਨਾਂ ਸੰਤਾਂ ਨੂੰ ਲਿਆ ਦਿੱਤਾ ਜਿਹਨਾਂ ਨੇ ਕਿੰਨੇ ਹੀ ਦਿਨਾਂ ਤੋਂ ਕੁਝ ਵੀ ਨਹੀਂ ਸੀ ਖਾਧਾ।

ਗੁਰੂ ਜੀ ਦਾ ਦਰਖਤ ਦੇ ਥੱਲੇ ਬੈਠੇ ਰਹਿਣਾ

ਜਦੋਂ ਸੰਤਾਂ ਦੀ ਟੋਲੀ ਚਲੀ ਗਈ ਤਾਂ ਗੁਰੂ ਜੀ ਦੇ ਟਹਿਲੀਏ ਨੇ ਗੁਰੂ ਜੀ ਤੇ ਨਾਰਾਜ਼ ਹੁੰਦੇ ਹੋਏ ਕਿਹਾ ਕਿ ਤੁਸੀਂ ਬਿਨਾਂ ਸਮਝੇ ਹੀ ਫਜੂਲ ਖਰਚ ਕਰ ਦਿੱਤਾ ਹੈ। ਫੇਰ ਗੁਰੂ ਜੀ ਨੇ ਆਪਣੇ ਇਸ ਤਰ੍ਹਾਂ ਕਰਨ ਦੇ ਅਨੁਭਵ ਕੀਤਾ। ਗੁਰੂ ਜੀ ਘਰ ਨਹੀਂ ਸੀ ਗਏ, ਤਲਵੰਡੀ ਦੇ ਬਾਹਰ ਵਾਰ ਇਕ ਦਰਖਤ ਹੇਠ ਬੈਠ ਗਏ। ਗੁਰੂ ਜੀ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਉਥੋਂ ਹੀ ਲੱਭ ਲਿਆਂਦਾ ਅਤੇ ਆਪਣੇ ਹੁਕਮ ਦੀ ਉਲੰਘਣਾ ਵੇਖ ਕੇ ਚਪੇੜਾਂ ਮਾਰੀਆਂ। ਇਹ ਪੁਰਾਣਾ ਦਰਖਤ ਜਿੱਥੇ ਗੁਰੂ ਜੀ ਬੈਠੇ ਸਨ ਹੁਣ ਤੱਕ ਸੰਭਾਲ ਕੇ ਰੱਖਿਆ ਹੋਇਆ ਹੈ। ਰੱਖਿਆ ਲਈ ਉਸਦੇ ਆਸ ਪਾਸ ਇਕ ਕੰਧ ਬਣਾਈ ਹੋਈ ਹੈ। ਚਾਰ ਦੀਵਾਰੀ ਦੇ ਅੰਦਰ ਸੰਤ-ਮਹਾਤਮਾ ਭਜਨ ਬੰਦਗੀ ਕਰਦੇ ਹਨ, ਉਸ ਦਰਖਤ ਨੂੰ, ਥੰਮ ਸਾਹਿਬ ਕਿਹਾ ਜਾਂਦਾ ਹੈ ਜਿਸਦਾ ਭਾਵ ਪਵਿੱਤਰ ਤਨੇ ਤੋਂ ਹੈ।

ਭੈਣ ਨਾਨਕੀ ਜੀ ਕੋਲ ਸੁਲਤਾਨਪੁਰ ਜਾਣਾ

ਜੈ ਰਾਮ ਜੀ ਹਾੜੀ ਤੋਂ ਬਾਅਦ ਹਰ ਸਾਲ ਤਲਵੰਡੀ ਮਿਲਣ ਜਾਇਆ ਕਰਦੇ ਸਨ। ਇਸ ਕਰਕੇ ਜੈ ਰਾਮ ਜੀ, ਗੁਰੂ ਜੀ ਨਾਲ ਜ਼ਿਆਦਾ ਮਿਲਣ ਕਰਕੇ ਉਹਨਾਂ ਨੂੰ ਗੁਰੂ ਜੀ ਦੀਆਂ ਚੰਗਿਆਈਆਂ ਸਲਾਹੁਣ ਦਾ ਚੰਗਾ ਮੌਕਾ ਮਿਲਿਆ। ਰਾਏ ਬੁਲਾਰ ਵੀ ਗਰੂ ਜੀ ਦੀ ਘੱਟ ਸਹਾਇਤਾ ਨਹੀਂ ਸਨ ਕਰਦੇ, ਇਸ ਲਈ ਜੈ ਰਾਮ ਅਤੇ ਰਾਏ ਬੁਲਾਰੇ ਇਸ ਗੱਲ ਨਾਲ ਸਹਿਮਤ ਸਨ ਕਿ ਨਾਨਕ ਜੀ ਸੰਤ ਹਨ ਅਤੇ ਉਹਨਾਂ ਦੇ ਪਿਤਾ ਜੀ

ਉਹਨਾਂ ਨਾਲ ਚੰਗਾ ਸਲੂਕ ਨਹੀਂ ਕਰਦੇ। ਜੈ ਰਾਮ ਨੇ ਰਾਏ ਬੁਲਾਰ ਨੂੰ ਇਹ ਵਿਸ਼ਵਾਸ ਦਿਵਾਇਆ ਕਿ ਮੈਂ ਗੁਰੂ ਜੀ ਨੂੰ ਅੱਛੀ ਤਰ੍ਹਾਂ ਰੱਖਾਂਗਾ ਅਤੇ ਸੁਲਤਾਨਪੁਰ ਵਿਖੇ ਗੁਰੂ ਜੀ ਨੂੰ ਕੋਈ ਕੰਮ ਦਿਵਾ ਦੇਵਾਂਗਾ। ਇਨ੍ਹਾਂ ਹੀ ਦਿਨਾਂ ਵਿਚ ਗੁਰੂ ਜੀ ਨੇ ਵਿਵਹਾਰਕ ਸਿਲਸਿਲੇ ਵਿਚ ਇਕ ਹੋਰ ਇਸ ਤਰ੍ਹਾਂ ਦੀ ਗਲਤੀ ਕੀਤੀ, ਜਿਸ ਗਲਤੀ ਨੇ ਗੁਰੂ ਜੀ ਨੂੰ ਛੇਤੀ ਹੀ ਉਹਨਾਂ ਦੇ ਭਣਵਈਏ ਕੋਲ ਭੇਜ ਦਿੱਤਾ।

(ਉਹ ਗੱਲ ਇਹ ਸੀ) ਇੱਕ ਫਕੀਰ ਜੋ ਉਹਨਾਂ ਦੇ ਪਿੰਡ ਆਇਆ ਹੋਇਆ ਸੀ। ਗੁਰੂ ਜੀ ਉਸ ਦੀ ਸੰਗਤ 'ਚ ਰਹਿਣ ਲੱਗੇ। ਗੁਰੂ ਨਾਨਕ ਦੇਵ ਜੀ ਨੇ ਉਸਨੂੰ ਆਪਣਾ ਨਾਉ 'ਨਾਨਕ ਨਿਰੰਕਾਰੀ' ਦਸਿਆ, ਜਿਹੜਾ ਬਾਕੀ ਫਕੀਰਾਂ ਨੂੰ ਦੱਸਿਆ ਸੀ। ਆਪਸ ਵਿਚ ਦੋਨਾਂ ਦੀ ਚੰਗੀ ਦੋਸਤੀ ਪੈ ਗਈ। ਇਸ ਤਰ੍ਹਾਂ ਲੱਗਦਾ ਸੀ ਕਿ ਫਕੀਰ ਕੋਈ ਠੱਗ ਹੀ ਸੀ ਅਤੇ ਉਸ ਨੇ ਗੁਰੂ ਜੀ ਕੋਲੋਂ ਪਿੱਤਲ ਦੀ ਗੜਵੀ ਅਤੇ ਇਕ ਵਿਆਹ ਵਾਲੀ ਸੋਨੇ ਦੀ ਛਾਪ ਜੋ ਗੁਰੂ ਜੀ ਦੇ ਪਾਈ ਹੋਈ ਸੀ ਲੈਣ ਦਾ ਲਾਲਚ ਕਰਦਾ ਸੀ। ਫਕੀਰ ਨੇ ਗੁਰੂ ਜੀ ਕੋਲੋਂ ਇਹ ਚੀਜ਼ਾਂ ਮੰਗੀਆਂ ਅਤੇ ਗੁਰੂ ਜੀ ਨੇ ਉਸਦੀ ਇਹ ਗੱਲ ਮੰਨ ਕੇ ਦੋਵੇਂ ਚੀਜ਼ਾਂ ਉਸਨੂੰ ਦੇ ਦਿੱਤੀਆਂ। ਜਿਸ ਕਰਕੇ ਗੁਰੂ ਜੀ ਦੇ ਮਾਤਾ-ਪਿਤਾ ਨੂੰ ਇਸਦਾ ਬਹੁਤ ਦੁਖ ਹੋਇਆ ਅਤੇ ਘਰ ਵਿਚ ਕਲੇਸ਼ ਪਿਆ ਰਿਹਾ। ਇਸ ਦੇ ਮਗਰੋਂ ਪਿਤਾ ਨੇ ਆਪਣੇ ਪੁੱਤਰ ਨੂੰ ਸੁਲਤਾਨਪੁਰ ਵਿਖੇ ਜੈ ਰਾਮ ਅਤੇ ਨਾਨਕੀ ਜੀ ਕੋਲ ਭੇਜ ਦੇਣ ਲਈ ਮਨਾ ਲੈਣਾ ਕੋਈ ਔਖੀ ਗੱਲ ਨਹੀਂ ਸੀ।

ਗੁਰੂ ਜੀ ਦੇ ਹੋਰ ਪਰਵਾਰ ਦੇ ਸਾਰਿਆਂ ਜੀਆਂ ਨੇ ਇਸ ਫੈਸਲੇ ਨੂੰ ਮੰਨ ਲਿਆ, ਪਰ ਜਦੋਂ ਗੁਰੂ ਜੀ ਸਫਰ ਦੀ ਤਿਆਰੀ ਕਰ ਰਹੇ ਸਨ ਤਾਂ ਗੁਰੂ ਜੀ ਦੇ ਘਰੋਂ ਰੋਣ ਲੱਗ ਪਏ ਅਤੇ ਕਹਿਣ ਲੱਗੇ "ਹੇ ਮੇਰੇ ਪ੍ਰਾਣ ਪਤੀ ਜੀ, ਤੁਸੀਂ ਮੈਨੂੰ ਇਥੇ ਵੀ ਪਿਆਰ ਨਹੀਂ ਸੀ ਕਰਦੇ, ਹੁਣ ਜਦੋਂ ਪਰਦੇਸ ਚਲੇ ਗਏ ਤਾਂ ਫੇਰ ਕਿਸ ਤਰ੍ਹਾਂ ਮੁੜੋਗੇ।"

ਗੁਰੂ ਜੀ ਬੋਲੇ 'ਭੋਲੀਏ, ਅਸੀਂ ਇਥੇ ਕੀ ਕਰਦੇ ਸੀ?' ਫੇਰ ਉਹਨਾਂ ਦੇ ਘਰੋਂ ਬੋਲੇ, 'ਜਦੋਂ ਤੁਸੀਂ ਇਥੇ ਸੀ ਤਾਂ ਮੇਰੇ ਲਈ ਤਾਂ ਜਹਾਨ ਦੀ ਪਾਤਸ਼ਾਹੀ ਮੇਰੇ ਕੋਲ ਹੁੰਦੀ ਸੀ। ਹੁਣ ਇਹ ਸੰਸਾਰ ਮੇਰੇ ਲਈ ਕਿਸੇ ਕੰਮ ਦਾ ਨਹੀਂ।' ਗੁਰੂ ਜੀ ਨੂੰ ਬੜਾ ਤਰਸ ਆਇਆ ਅਤੇ ਉਹਨਾਂ ਨੇ ਭਰੇ ਦਿਲ ਨਾਲ ਕਿਹਾ, 'ਤੂੰ ਫਿਕਰ ਨਾ ਕਰ ਤੇਰੀ ਸਦੀਵ ਪਾਤਸ਼ਾਹੀ ਹੋਵੇਗੀ।' ਫੇਰ ਸੁਲੱਖਣੀ ਜੀ ਨੇ ਕਿਹਾ 'ਮੇਰੇ ਪ੍ਰਾਣ ਪਤੀ ਜੀ, ਮੈਂ ਇਥੇ ਨਹੀਂ ਰਹਿਣਾ, ਮੈਨੂੰ ਵੀ ਨਾਲ ਹੀ ਲੈ ਚੱਲੋ।' ਫੇਰ ਗੁਰੂ ਜੀ ਨੇ ਕਿਹਾ, 'ਮੈਂ ਹੁਣ ਜਾ ਰਿਹਾ ਹਾਂ, ਜੇ ਉਥੇ ਮੇਰਾ ਕੋਈ ਕੰਮ ਬਣ ਗਿਆ ਤਾਂ ਤੈਨੂੰ ਵੀ ਬੁਲਾ ਲਵਾਂਗਾ ਅਜੇ ਤੂੰ ਮੇਰਾ ਕਹਿਣਾ ਮੰਨ ਲੈ।' ਇਹ ਸੁਣ ਕੇ ਸੁਲੱਖਣੀ ਜੀ ਚੁੱਪ ਹੋ ਗਏ।

ਜਦ ਗੁਰੂ ਜੀ ਨੇ ਰਾਏ ਬੁਲਾਰ ਕੋਲੋਂ ਜਾਣ ਦੀ ਆਗਿਆ ਮੰਗੀ ਤਾਂ ਰਾਏ ਬੁਲਾਰੇ ਨੇ ਉਹਨਾਂ ਨੂੰ ਰੋਟੀ ਕੀਤੀ। ਰਾਏ ਬੁਲਾਰ ਨੇ ਕਿਹਾ 'ਮੇਰੇ ਲਈ ਕੋਈ ਕੰਮ ਹੋਵੇ ਤਾਂ ਦੱਸੋ, ਜੇ ਤੁਹਾਨੂੰ ਕਿਸੇ ਚੀਜ਼ ਦੀ ਜ਼ਰੂਰਤ ਹੋਵੇ ਤਾਂ ਮੈਂ ਆਪ ਦੀ ਆਗਿਆ ਮੰਨਣ ਨੂੰ ਤਿਆਰ ਹਾਂ।' ਗੁਰੂ ਜੀ ਨੇ ਕਿਹਾ : 'ਮੈਂ ਤੁਹਾਨੂੰ ਇਕ ਸਲਾਹ ਦਿੰਦਾ ਹਾਂ ਜੇ ਮੰਨੋ ਤਾਂ, ਉਹ ਇਹ ਕਿ ਜਿਥੇ ਤੁਹਾਡਾ ਆਪਣਾ ਜ਼ੋਰ ਨਾ ਚਲੇ ਉਥੇ ਹੱਥ ਜੋੜ ਕੇ ਵਾਹਿਗੁਰੂ ਨੂੰ ਯਾਦ ਕਰਿਓ।

ਮੋਦੀ ਖਾਨੇ ਦੀ ਸਾਖੀ

ਜੈ ਰਾਮ ਜੀ ਗੁਰੂ ਜੀ ਨੂੰ ਨਵਾਬ ਦੌਲਤ ਖਾਨ ਕੋਲ ਲੈ ਗਏ ਅਤੇ ਦੱਸਿਆ ਕਿ ਇਹ ਪੜ੍ਹੇ ਹੋਏ ਹਨ। ਨਵਾਬ ਨੇ ਗੁਰੂ ਜੀ ਨੂੰ ਮੋਦੀ ਖਾਨੇ ਦਾ ਮੋਦੀ ਨੀਯਤ ਕਰ ਦਿੱਤਾ ਅਤੇ ਅਹਿਲਕਾਰ ਬਣਨ ਦੀ ਪਹਿਲੀ ਰਸਮ ਅਨੁਸਾਰ ਗੁਰੂ ਜੀ ਨੂੰ ਖ਼ਿਲਤ (ਸਰੋਪਾ) ਵੀ ਦਿੱਤਾ। ਗੁਰੂ ਜੀ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਦਾ ਚੰਗਾ ਕੰਮ ਕੀਤਾ ਕਿ ਸਾਰੇ ਲੋਕ ਖੁਸ਼ ਹੋ ਗਏ ਅਤੇ ਕਹਿਣ ਲੱਗੇ ਵਾਹ ਵਾਹ ਇਹ ਤਾਂ ਕੋਈ ਚੰਗਾ ਹੀ ਭਲਾ ਪੁਰਸ਼ ਹੈ। ਨਵਾਬ ਕੋਲ ਵੀ ਜਾ ਕੇ ਲੋਕ ਗੁਰੂ ਜੀ ਦੀ ਵਡਿਆਈ ਕਰਨ ਲੱਗੇ। ਨਵਾਬ ਵੀ ਆਪਣੇ ਇਸ ਨਵੇਂ ਅਹਿਲਕਾਰ ਤੇ ਬਹੁਤ ਖੁਸ਼ ਹੋਇਆ। ਜੋ ਰਾਸ਼ਨ ਗੁਰੂ ਜੀ ਨੂੰ ਆਪਣੇ ਲਈ ਵੀ ਮਿਲਦਾ ਉਸ ਵਿਚੋਂ ਵੀ ਗੁਰੂ ਜੀ ਥੋੜਾ ਜਿਹਾ ਵਰਤਕੇ ਬਾਕੀ ਸਾਰਾ ਗਰੀਬਾਂ 'ਚ ਵੰਡ ਦਿੰਦੇ ਸਨ। ਗੁਰੂ ਜੀ ਹਰ ਰੋਜ਼ ਨੇਮ ਅਨੁਸਾਰ ਆਪਣੇ ਪ੍ਰਮਾਤਮਾ ਦਾ ਸਿਮਰਨ ਕਰਦੇ ਸਨ।

ਜਦੋਂ ਗੁਰੂ ਨਾਨਕ ਦੇਵ ਜੀ ਸੌਦਾ ਤੋਲਦਿਆਂ ਤੇਰਾਂ ਦੀ ਗਿਣਤੀ ਤੇ ਪਹੁੰਚਦੇ ਤਾਂ ਉਥੇ ਹੀ ਰੁਕ ਜਾਂਦੇ ਅਤੇ ਹੋਰ ਤੋਲਣ ਤੋਂ ਪਹਿਲਾਂ ਹੀ 'ਤੇਰਾਂ, ਤੇਰਾਂ' ਕਈ ਵਾਰ ਕਹਿੰਦੇ ਜਾਂਦੇ। 'ਤੇਰਾ ਮੈਂ ਤੇਰਾ ਹੇ ਵਾਹਿਗੁਰੂ ਮੈਂ ਤੇਰਾ ਹਾਂ।'

ਮਰਦਾਨੇ ਦਾ ਸੁਲਤਾਨਪੁਰ 'ਚ ਆਉਣਾ

ਇਸ ਮਗਰੋਂ ਰਬਾਬੀ ਮਰਦਾਨਾ ਤਲਵੰਡੀਓਂ ਆ ਕੇ ਗੁਰੂ ਜੀ ਕੋਲ ਉਨ੍ਹਾਂ ਦਾ ਨਿਜੀ ਨੌਕਰ ਬਣ ਕੇ ਰਹਿਣ ਲੱਗਾ। ਮਰਦਾਨੇ ਦੀ ਜਾਤ ਡੂਮ ਸੀ। ਡੂਮ ਲੋਕ ਕਿੰਨੀਆਂ ਹੀ ਪੁਸ਼ਤਾਂ ਤੋਂ ਗਵੱਈਏ ਬਣਦੇ ਆ ਰਹੇ ਹਨ। ਮਰਦਾਨਾ ਗੁਰੂ ਜੀ ਨਾਲ ਰਬਾਬ ਲੈ ਕੇ ਜਾਂਦਾ ਸੀ ਹੋਰ ਵੀ ਕਈ ਮਿੱਤਰ-ਦੋਸਤ ਗੁਰੂ ਜੀ ਕੋਲ ਆਏ ਜਿਨ੍ਹਾਂ ਨੂੰ ਗੁਰੂ ਜੀ ਨੇ ਖਾਨ ਨੂੰ ਕਹਿ ਕੇ ਨੌਕਰ ਕਰਵਾ ਦਿੱਤਾ। ਸਾਰਿਆਂ ਨੂੰ ਗੁਰੂ ਜੀ ਦੇ ਕਹਿਣ ਤੇ ਨੌਕਰੀ ਮਿਲ ਗਈ ਅਤੇ ਸਾਰੇ ਖੁਸ਼ ਸਨ। ਗੁਰੂ ਜੀ ਦੇ ਖਾਣਾ ਖਾਣ ਵੇਲੇ ਸਾਰੇ ਲੋਕ ਗੁਰੂ ਜੀ ਕੋਲ ਆ ਬੈਠਦੇ ਸਨ ਅਤੇ ਰਾਤ ਨੂੰ ਰੋਜ਼ਾਨਾ ਕੀਰਤਨ ਹੁੰਦਾ ਸੀ।

ਵੇਈਂ ਨਦੀ ਵਿਚ ਇਸ਼ਨਾਨ ਕਰਨਾ

ਪਹਿਰ ਰਾਤ ਲੰਘੀ ਤੇ ਗੁਰੂ ਜੀ ਵੇਈਂ ਨਦੀ ਤੇ ਇਸ਼ਨਾਨ ਕਰਨ ਜਾਂਦੇ ਸਨ, ਜਿਹੜੀ ਕੋਲ ਹੀ ਵਗਦੀ ਸੀ। ਜਦੋਂ ਦਿਨ ਚੜ੍ਹਦਾ ਤਾਂ ਆਪਣੇ ਕੰਮ ਤੇ ਚਲੇ ਜਾਂਦੇ।

ਇਕ ਦਿਨ ਇਸ਼ਨਾਨ ਕਰਨ ਪਿੱਛੋਂ ਗੁਰੂ ਜੀ ਜੰਗਲ 'ਚ ਅਲੋਪ ਹੋ ਗਏ। ਅੰਤਰ ਧਿਆਨ ਹੋ ਕੇ ਪ੍ਰਮਾਤਮਾ ਦੀ ਹਜ਼ੂਰੀ 'ਚ ਹਾਜ਼ਰ ਹੋਏ। ਗੁਰੂ ਜੀ ਨੂੰ ਅੰਮ੍ਰਿਤ ਦਾ ਇਕ ਲੋਟਾ ਪੇਸ਼ ਕੀਤਾ ਗਿਆ ਜਿਸ ਨੂੰ ਗੁਰੂ ਜੀ ਨੇ ਧੰਨਵਾਦ ਸਹਿਤ ਪ੍ਰਵਾਨ ਕੀਤਾ। ਪ੍ਰਮਾਤਮਾ ਨੇ (ਮੇਹਰਬਾਨੀ ਨਾਲ) ਕਿਹਾ, "ਮੈਂ ਤੇਰੇ ਨਾਲ ਹਾਂ। ਮੈਂ ਤੈਨੂੰ ਨਿਹਾਲ ਕੀਤਾ ਹੈ। ਤੂੰ ਜਾਹ ਅਤੇ ਜਾ ਕੇ ਮੇਰੇ ਨਾਉਂ ਦਾ ਜਾਪੁ ਕਰ ਅਤੇ ਲੋਕਾਂ ਤੋਂ ਵੀ ਕਰਵਾ। ਸੰਸਾਰ ਤੇ ਨਿਰਲੇਪ ਰਹੋ। ਨਾਮ ਦਾਨ, ਇਸ਼ਨਾਨ ਪੂਜਾ ਅਤੇ ਸਿਮਰਨ 'ਚ ਹੀ ਜ਼ਿੰਦਗੀ ਬਸਰ ਕਰੋ। ਮੈਂ ਇਹ ਅੰਮ੍ਰਿਤ ਦਾ ਲੋਟਾ ਤੈਨੂੰ ਇਕ ਕ੍ਰਿਪਾ ਸਹਿਤ ਨਿਸ਼ਾਨੀ ਦੇ ਤੌਰ ਤੇ ਦਿੰਦਾ

ਹਾਂ।" ਗੁਰੂ ਜੀ ਵੀ ਉਠ ਖੜੇ ਹੋਏ ਅਤੇ ਉਹਨਾਂ ਨੇ ਡੰਡੌਤ ਕੀਤੀ। ਫੇਰ ਗੁਰੂ ਜੀ ਨੇ ਅਰਸ਼ੀ ਰਾਗ 'ਚ ਇਹ ਸ਼ਬਦ ਉਚਾਰਿਆ :

" ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ।
ਚੰਦੁ ਸੂਰਜ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ।
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡ ਆਖਾ ਨਾਉ॥੧॥
ਸਾਚਾ ਨਿਰੰਕਾਰੁ ਨਿਜ ਥਾਇ।
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ।੧। ਰਹਾਉ।
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ।
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ।
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ।੨।
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ।
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ।
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ।੩।
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ।
ਮਸੂ ਤੋਟਿ ਨ ਆਵਈ ਲੇਖਣਿ ਪਉਣ ਚਲਾਉ।
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ।੪।੨।"

(ਆਃ ਗ੍ਰੰਃ ਪੰਃ ੧੪-੧੫)
(ਸਿਰੀ ਰਾਗੁ ਮਹਲਾ ੧)

ਇਸ ਪਿਛੋਂ ਗੁਰੂ ਜੀ ਨੇ ਇਹ ਅਕਾਸ਼ਵਾਣੀ ਸੁਣੀ—ਹੇ ਨਾਨਕ ਤੂੰ ਮੇਰੀ ਪਾਤਸ਼ਾਹੀ ਵੇਖੀ ਹੈ? ਤਾਂ ਗੁਰੂ ਜੀ ਬੋਲੇ "ਸਿਰਜਨਹਾਰ, ਜੀਵ ਕੀ ਕਹਿ ਸਕਦਾ ਹੈ ਅਤੇ ਜੋ ਕੁਝ ਮੈਂ ਵੇਖ ਚੁੱਕਾ ਹਾਂ ਇਸ ਪਿਛੋਂ ਹੋਰ ਕੀ ਕਿਹਾ ਜਾਂ ਸੁਣਿਆ ਜਾ ਸਕਦਾ ਹੈ। ਛੋਟੇ ਤੋਂ ਛੋਟੇ ਜੀਵ ਵੀ ਤੇਰੀ ਹੀ ਸਿਫਤ ਦੇ ਗੀਤ ਗਾਉਂਦੇ ਫਿਰਦੇ ਹਨ।" ਫੇਰ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਦਾ ਮੂਲ ਮੰਤ੍ਰ ਕਿਹਾ :

ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਪ੍ਰਸਾਦਿ। ਜਪੁ। ਆਦਿ ਸਾਚੁ ਜੁਗਾਦਿ ਸਚੁ। ਹੈਭੀ ਸਚੁ ਨਾਨਕ ਹੋਸੀ ਭੀ ਸਚੁ।੧।

ਜਦੋਂ ਗੁਰੂ ਜੀ ਇਹ ਕਹਿ ਚੁਕੇ ਤਾਂ ਇਕ ਆਵਾਜ਼ ਫੇਰ ਸੁਣਾਈ ਦਿੱਤੀ, "ਹੇ ਨਾਨਕ ਜਿਸ ਤੇ ਮੇਰੀ ਮੇਹਰ ਦੀ ਨਜ਼ਰ ਹੋਵੇ ਉਸ ਤੇ ਤੂੰ ਵੀ ਮੇਹਰ ਕਰਿਆ ਕਰ। ਮੇਰਾ ਨਾਉਂ ਪਰਮੇਸ਼ਰ ਪਾਰਬ੍ਰਹਮ ਹੈ ਅਤੇ ਤੇਰਾ ਨਾਉਂ ਨਿਰੰਕਾਰੀ ਹੈ।" ਗੁਰੂ ਜੀ ਨੇ ਫੇਰ ਇਹ ਸ਼ਬਦ ਫਰਮਾਇਆ :

"ਤੂੰ ਦਰੀਆਉ ਦਾਨਾ ਬੀਨਾ ਮੈਂ ਮਛੁਲੀ ਕੈਸੇ ਅੰਤੁ ਲਹਾ
ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟ ਮਰਾ।੧।
ਨ ਜਾਣਾ ਮੇਉ ਨ ਜਾਣਾ ਜਾਲੀ।
ਜਾ ਦੁਖੁ ਲਾਗੈ ਤਾ ਤੁਝੈ ਸਮਾਲੀ।੧। ਰਹਾਉ।

ਤੂ ਭਰਪੂਰਿ ਜਾਨਿਆ ਮੈ ਦੂਰਿ। ਜੋ ਕਛੁ ਕਰੀ ਸੋ ਤੇਰੈ ਹਦੂਰਿ।
ਤੂੰ ਦੇਖਹਿ ਹਉ ਮੁਕਰਿ ਪਾਉ। ਤੇਰੈ ਕੰਮਿ ਨ ਤੇਰੈ ਨਾਇ।੨।
ਜੇਤਾ ਦੇਹਿ ਤੇਤਾ ਹਉ ਖਾਉ। ਬਿਆ ਦਰੁ ਨਾਹੀ ਕੈ ਦਰਿ ਜਾਉ॥
ਨਾਨਕੁ ਏਕ ਕਹੈ ਅਰਦਾਸਿ। ਜੀਉ ਪਿੰਡੁ ਸਭੁ ਤੇਰੈ ਪਾਸਿ।੩।
ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੁ।
ਆਪੇ ਵੇਖੈ ਸੁਣੈ ਆਪੇ ਹੀ ਕੁਦਰਤਿ ਕਰੇ ਜਹਾਨੁ।
ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੁ।੪।੩॥"

(ਆਃ ਗ੍ਰੰਃ ਪੰਃ ੨੫) (ਸਿਰੀ ਰਾਗੁ ਮਃ ੧ ਘਰੁ ੪)

ਤਿਆਗ

ਗੁਰੂ ਜੀ ਤਿੰਨ ਦਿਨ ਬਾਅਦ ਜੰਗਲ 'ਚੋਂ ਬਾਹਰ ਆਏ। ਲੋਕ ਸਮਝਦੇ ਸੀ ਕਿ ਇਹ ਤਾਂ ਨਦੀ 'ਚ ਡੁੱਬ ਗਏ ਸਨ ਅਤੇ ਫੇਰ ਕਿਸ ਤਰ੍ਹਾਂ ਜਿਉਂਦੇ ਹੋ ਗਏ? ਗੁਰੂ ਜੀ ਘਰ ਆਏ ਅਤੇ ਜੋ ਕੁਝ ਇਨ੍ਹਾਂ ਦੇ ਕੋਲ ਸੀ ਸਭ ਕੁਝ ਗਰੀਬਾਂ ਨੂੰ ਵੰਡ ਦਿੱਤਾ। ਬਹੁਤ ਸਾਰੇ ਲੋਕ ਕੱਠੇ ਹੋ ਗਏ ਅਤੇ ਨਵਾਬ ਦੌਲਤ ਖਾਂ ਵੀ ਆ ਗਿਆ, ਉਨ੍ਹਾਂ ਨੇ ਗੁਰੂ ਜੀ ਨੇ ਕੋਈ ਜਵਾਬ ਨਾ ਦਿੱਤਾ। ਨਵਾਬ ਨੇ ਸੋਚਿਆ ਕਿ ਦੁਨੀਆਂ ਤੋਂ ਤਿਆਗ ਦੇਣ ਲਈ ਹੀ ਗੁਰੂ ਜੀ ਇਹ ਸਾਰਾ ਕੁਝ ਕਰ ਰਹੇ ਹਨ। ਇਹ ਵੇਖ ਕੇ ਦੌਲਤ ਖਾਂ ਦਿਲਗੀਰ ਹੋਇਆ ਅਤੇ ਅਫਸੋਸ ਦਾ ਭਰਿਆ ਹੋਇਆ ਘਰ ਆ ਗਿਆ।

ਗੁਰੂ ਜੀ ਤੇ ਭੂਤਾਂ ਪ੍ਰੇਤਾਂ ਦਾ ਸ਼ੱਕ

ਇਹ ਆਮ ਚਰਚਾ ਸੀ ਕਿ ਗੁਰੂ ਜੀ ਤੇ ਕਿਸੇ ਭੂਤ-ਪ੍ਰੇਤ ਦਾ ਸਾਇਆ ਪਿਆ ਹੋਇਆ ਹੈ ਅਤੇ ਉਹਨਾਂ ਲਈ ਇੱਕ ਮੁੱਲਾਂ ਨੂੰ ਝਾੜਾ ਪਵਾਉਣ ਲਈ ਸੱਦਿਆ ਗਿਆ। ਜਦੋਂ ਮੁੱਲਾਂ ਗੁਰੂ ਜੀ ਦੇ ਗਲ ਲਈ ਤਵੀਤ ਬਨਾਉਣ ਲੱਗਾ ਤਾਂ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਿਆ :

"ਧ੍ਰਿਗੁ ਤਿਨਾ ਕਾ ਜੀਵਿਆ ਕਿ ਲਿਖਿ ਲਿਖਿ ਵੇਚਹਿ ਨਾਉ।
ਖੇਤੀ ਜਿਨ ਕੀ ਊਜੜੈ ਖਲਵਾੜੇ ਕਿਆ ਥਾਉ॥"

(ਆਃ ਗ੍ਰੰਃ ਪੰਃ ੧੨੪੫) (ਸਲੋਕ ਮਃ ੧ ਸਾਰੰਗੀ ਕੀ ਵਾਰ)

ਗੁਰੂ ਜੀ ਦੇ ਇਸ ਸ਼ਬਦ ਤੇ ਮੁੱਲਾਂ ਨੇ ਕੋਈ ਖਾਸ ਧਿਆਨ ਨਾ ਦਿੱਤਾ ਅਤੇ ਆਪਣੀ ਮਸਤੀ 'ਚ ਆਪਣਾ ਮੰਤਰ ਪੜ੍ਹਦਾ ਗਿਆ। ਫੇਰ ਅੰਤ ਵਿਚ ਉਸਨੇ ਆਪਣੇ ਭੂਤ ਨੂੰ ਬੁਲਾਉਣ ਲਈ ਕਿਹਾ :

'ਤੂੰ ਕੌਣ ਹੈਂ ?'

ਗੁਰੂ ਜੀ ਦੇ ਮੂੰਹ 'ਚੋਂ ਹੇਠ ਲਿਖਿਆ ਸ਼ਬਦ ਨਿਕਲਿਆ :

'ਕੋਈ ਆਖੈ ਭੂਤਨਾ ਕੋ ਕਹੇ ਬੇਤਾਲਾ।
ਕੋਈ ਆਖੈ ਆਦਮੀ ਨਾਨਕੁ ਵੇਚਾਰਾ। *(ਆਃ ਗ੍ਰੰਃ ਪੰਃ ੯੬੧)*

ਕੋਲ ਖੜੇ ਆਦਮੀ ਇਸ ਨਤੀਜੇ ਤੇ ਪਹੁੰਚੇ ਕਿ ਗੁਰੂ ਜੀ ਨੂੰ ਕੋਈ ਭੂਤ ਨਹੀਂ ਚੰਬੜਿਆ ਹੋਇਆ ਇਹ ਤਾਂ ਪਾਗਲ ਹੋ ਗਏ ਹਨ। ਇਹ ਗੱਲ ਸੁਣ ਕੇ ਮਰਦਾਨੇ ਨੂੰ

ਕਿਹਾ, "ਮਰਦਾਨਿਆ ਰਬਾਬ ਬਜਾ" ਅਤੇ ਉਸਦੇ ਸ਼ਬਦ ਦੀਆਂ ਅਗਲੀਆਂ ਲਾਈਨਾਂ ਪੜ੍ਹੀਆਂ :

"ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ।
ਹਉ ਹਰਿ ਬਿਨ ਅਵਰੁ ਨ ਜਾਨਾ।੧। ਰਹਾਉ।
ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ।
ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ॥੨॥
ਤਉ ਦੇਵਾਨਾ ਜਾਣੀਐ ਜਾਂ ਏਕਾ ਕਾਰ ਕਮਾਇ।
ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਰਾਇ।੩।
ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ।
ਮੰਦਾ ਜਾਣੇ ਆਪ ਕਉ ਅਵਰੁ ਭਲਾ ਸੰਸਾਰ।੪।੭।" (ਆਃ ਗ੍ਰੰ: ਪੰ: ੯੯੧)

ਗੁਰੂ ਜੀ ਦਾ ਪਹਿਲਾ ਫੈਸਲਾ ਅਤੇ ਕਾਜੀ ਦੀ ਘਬਰਾਹਟ

ਇਸ ਤੋਂ ਬਾਅਦ ਗੁਰੂ ਜੀ ਨੇ ਸੰਤਾਂ ਵਾਲੇ ਕੱਪੜੇ ਪਾ ਲਏ ਅਤੇ ਸੰਤਾਂ ਦੀ ਹੀ ਸੰਗਤ ਕਰਨ ਲੱਗ ਗਏ। ਇਕ ਦਿਨ ਗੁਰੂ ਜੀ ਸਾਰਾ ਦਿਨ ਚੁਪਚਾਪ ਰਹੇ। ਦੂਜੇ ਦਿਨ ਗੁਰੂ ਜੀ ਨੇ ਆਪਣੇ ਮਤਲਬ ਦਾ ਐਲਾਨ ਕੀਤਾ :

"ਨਾ ਕੋਈ ਹਿੰਦੂ ਨਾ ਮੁਸਲਮਾਨ"

ਸਿੱਖ ਧਰਮ ਆਮ ਤੌਰ ਤੇ ਇਸਦਾ ਮਤਲਬ ਇਹ ਕੱਢਦਾ ਹੈ ਕਿ ਹਿੰਦੂਆਂ ਅਤੇ ਮੁਸਲਮਾਨਾਂ ਨੇ ਆਪਣੇ ਧਰਮ ਨੂੰ ਛੱਡ ਦਿੱਤਾ ਸੀ। ਨਵਾਬ ਦੇ ਕਾਜ਼ੀ ਨੇ ਦੌਲਤ ਖਾਂ ਕੋਲ ਇਸ ਗੱਲ ਦੀ ਸ਼ਿਕਾਇਤ ਕੀਤੀ ਅਤੇ ਦੌਲਤ ਖਾਂ ਨੇ ਗੁਰੂ ਜੀ ਨੂੰ ਬੁਲਾਉਣ ਲਈ ਸੁਨੇਹਾ ਭੇਜਿਆ ਕਿ ਉਹ ਆਪਣੇ ਇਸ ਕਥਨ ਨੂੰ ਚੰਗੀ ਤਰ੍ਹਾਂ ਸਮਝਾਉਣ। ਗੁਰੂ ਜੀ ਨੇ ਨਵਾਬ ਕੋਲ ਜਾਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਮੈਨੂੰ ਤੁਹਾਡੇ ਖਾਨ ਨਾਲ ਕੋਈ ਮਤਲਬ ਨਹੀਂ। ਲੋਕ ਫੇਰ ਕਹਿਣ ਲੱਗ ਗਏ ਕਿ ਗੁਰੂ ਜੀ ਪਾਗਲ ਹਨ ਪਰ ਗੁਰੂ ਜੀ ਦਾ ਇਰਾਦਾ ਆਪਣੇ ਮਿਸ਼ਨ ਦਾ ਪ੍ਰਚਾਰ ਕਰਨ ਲਈ ਭਰਿਆ ਹੋਇਆ ਸੀ ਅਤੇ ਜਦੋਂ ਵੀ ਕਦੇ ਉਹ ਬੋਲਦੇ ਤਾਂ ਇਹ ਹੀ ਕਹਿੰਦੇ ਕਿ "ਨਾ ਕੋਈ ਹਿੰਦੂ ਨਾ ਮੁਸਲਮਾਨ।" ਉਧਰ ਕਾਜ਼ੀ ਵੀ ਗੁਰੂ ਜੀ ਦੀਆਂ ਸ਼ਿਕਾਇਤਾਂ ਲੈ ਕੇ ਨਵਾਬ ਕੋਲ ਪਹੁੰਚੇ ਹੋਏ ਸਨ ਅਤੇ ਕਹਿ ਰਹੇ ਸਨ ਕਿ ਗੁਰੂ ਜੀ ਇਸ ਤਰ੍ਹਾਂ ਦੇ ਬੋਲ ਜੋ ਧਰਮ ਦੇ ਵਿਰੁੱਧ ਹਨ ਬੋਲ ਰਹੇ ਹਨ। ਇਸ ਤੋਂ ਪਿੱਛੋਂ ਗੁਰੂ ਜੀ ਨੂੰ, ਦੌਲਤ ਖਾਨ ਨੇ ਫੇਰ ਬੁਲਾਉਣ ਲਈ ਸੁਨੇਹਾ ਭੇਜਿਆ। ਪਿਆਦੇ ਨੇ ਆ ਕੇ ਗੁਰੂ ਜੀ ਨੂੰ ਕਿਹਾ, 'ਮਹਾਰਾਜ! ਨਵਾਬ ਨੇ ਕਿਹਾ ਹੈ ਕਿ ਮੈਨੂੰ ਆ ਕੇ ਦਰਸ਼ਨ ਦੇਣ।' ਗੁਰੂ ਜੀ ਉਠੇ ਅਤੇ ਨਵਾਬ ਕੋਲ ਜਾ ਪਹੁੰਚੇ। ਨਵਾਬ ਨੇ ਗੁਰੂ ਜੀ ਨੂੰ ਕਿਹਾ, 'ਹੇ ਨਾਨਕ, ਮੇਰੇ ਕਿਸ ਤਰ੍ਹਾਂ ਦੇ ਗੰਦੇ ਕਰਮ ਹਨ ਕਿ ਤੁਹਾਡੇ ਵਰਗਾ ਮੇਰਾ ਅਹਿਲਕਾਰ ਸੰਤ ਬਣ ਜਾਵੇ।'

ਫੇਰ ਗੁਰੂ ਜੀ ਨੂੰ ਨਵਾਬ ਨੇ ਆਪਣੇ ਕੋਲ ਬਿਠਾ ਲਿਆ ਅਤੇ ਕਾਜ਼ੀ ਨੂੰ ਕਿਹਾ ਕਿ ਇਨ੍ਹਾਂ ਤੋਂ ਗੁਰੂ ਜੀ ਦੇ ਕਹੇ ਲਫਜਾਂ ਦਾ ਮਤਲਬ ਪੁਛੋ : ਗੁਰੂ ਜੀ ਇਸ ਵਕਤ ਗੱਲ ਕਰਨ ਲਈ ਤਿਆਰ ਸਨ। ਕਾਜ਼ੀ ਵਿਚਾਰਾਂ ਵਿਚ ਖੋ ਗਿਆ ਅਤੇ ਹਸਦੇ ਹੋਏ ਨੇ ਗੁਰੂ

ਜੀ ਤੋਂ ਪੁਛਿਆ 'ਤੁਹਾਨੂੰ ਇਹ ਕੀ ਹੋ ਗਿਆ ਹੈ ਕਿ ਕਹਿੰਦੇ ਫਿਰਦੇ ਹੋ ਕਿ ਨਾ ਕੋਈ ਹਿੰਦੂ ਹੈ ਅਤੇ ਨਾ ਹੀ ਮੁਸਲਮਾਨ ?' ਗੁਰੂ ਜੀ ਇਸ ਵਕਤ ਹਿੰਦੂਆਂ ਨਾਲ ਬਹਿਸ ਨਹੀਂ ਸਨ ਕਰਨਾ ਚਾਹੁੰਦੇ ਇਸ ਲਈ ਉਹਨਾਂ ਨੇ ਅੱਧੇ ਹਿੱਸੇ ਦਾ ਕੋਈ ਜਵਾਬ ਨਾ ਦਿੱਤਾ ਅਤੇ ਜਿਹੜਾ ਗੁਰੂ ਜੀ ਨੇ ਕਿਹਾ ਸੀ ਕਿ ਨਾ ਕੋਈ ਮੁਸਲਮਾਨ ਹੈ : ਗੁਰੂ ਜੀ ਨੇ ਇਸ ਸੰਬੰਧ 'ਚ ਇਸ ਤਰ੍ਹਾਂ ਕਿਹਾ :

'ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ।
ਅਵਲਿ ਅਉਲਿ ਜੀਨੁ ਕਰਿ ਮਿਠਾ ਮਸਕਲਮਾਨਾ ਮਾਲੁ ਮੁਸਾਵੈ।
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਨ ਕਾ ਭਰਮੁ ਚੁਕਾਵੈ।
ਰਬ ਦੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪ ਗਵਾਏ।
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣ ਕਹਾਵੈ।੧।

(ਆ: ਗ੍ਰੰ: ਪੰ: ੧੪੧) (ਸਲੋਕ ਮ: ੧ ਵਾਰ ਮਾਝ)

ਇਸ ਪਿਛੋਂ ਕਾਜ਼ੀ ਨੇ ਗੁਰੂ ਜੀ ਤੇ ਕਈ ਸਵਾਲ ਕੀਤੇ। ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ ਅਤੇ ਫੇਰ ਹੇਠ ਲਿਖਿਆ ਸਿਖਿਆ ਭਰਿਆ ਸ਼ਬਦ ਉਚਾਰਿਆ ਜੋ ਮੁਸਲਮਾਨਾਂ ਲਈ ਢੁੱਕਵਾਂ ਹੈ :

'ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲ ਕੁਰਾਣੁ।
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ।
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ।
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।੧। ਮ: ੧।
ਹਕ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ।
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ।
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ।
ਨਾਨਕੁ ਗਲੀ ਕੂੜੀਈ ਕੂੜੋ ਪਲੈ ਪਾਇ।੨। ਮ: ੧।
ਪੰਜਿ ਨਿਵਾਜ ਵਖਤ ਪੰਜਿ ਪੰਜਾ ਪੰਜੇ ਨਾਉ।
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ।
ਚਉਥੀ ਨੀਅਤ ਰਾਸਿ ਮਨੁ ਪੰਜਵੀ ਸਿਫਤ ਸਨਾਇ।
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ।
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ।੩।'

(ਆ: ਗ੍ਰੰ: ਪੰ: ੧੪੦-੪੦) (ਸਲੋਕ ਮ: ੧ ਵਾਰ ਮਾਝ)

ਕਾਜ਼ੀ ਇਸ ਤਰ੍ਹਾਂ ਦਾ ਧਾਰਮਿਕ ਉਪਦੇਸ਼, ਗੁਰੂ ਜੀ ਦੇ ਮੂੰਹੋਂ ਸੁਣ ਕੇ ਹੈਰਾਨ ਰਹਿ ਗਿਆ।

ਕਾਜ਼ੀ ਸਮਝਦਾ ਸੀ ਕਿ ਨਮਾਜ਼ਾਂ ਪੜ੍ਹਨੀਆਂ ਇਹ ਹੀ ਹੈ ਕਿ ਅਰਬੀ ਕਿਤਾਬਾਂ ਨੂੰ ਮੂੰਹ ਜ਼ਬਾਨੀ ਰਟ ਲੈਣਾ ਅਤੇ ਬੱਸ। ਉਸ ਦਾ ਮਨ ਵਿਵਹਾਰਕ ਕੰਮਾਂ ਵਿੱਚ ਫਸਿਆ ਰਹਿੰਦਾ ਸੀ।

ਨਵਾਬ ਅਤੇ ਕਾਜ਼ੀ ਦੀ ਨਮਾਜ਼

ਸ਼ਾਮ ਦੀ ਨਮਾਜ਼ ਦਾ ਸਮਾਂ ਹੋ ਚੁੱਕਾ ਸੀ। ਸਾਰੇ ਹੀ ਗੁਰੂ ਜੀ ਸਣੇ ਮਸੀਤ 'ਚ ਚਲੇ ਗਏ । ਕਾਜ਼ੀ ਖੜਾ ਹੋ ਕੇ ਨਮਾਜ਼ ਪੜ੍ਹਨ ਲੱਗ ਗਿਆ। ਕਾਜ਼ੀ ਨੂੰ ਗੁਰੂ ਜੀ ਨੇ ਇਸ ਹਾਲਤ 'ਚ ਵੇਖਿਆ ਤਾਂ ਹੱਸ ਪਏ। ਨਮਾਜ਼ ਖਤਮ ਹੋਣ ਤੋਂ ਬਾਅਦ ਕਾਜ਼ੀ ਨੇ ਨਵਾਬ ਕੋਲ ਗੁਰੂ ਜੀ ਦੀ ਸ਼ਿਕਾਇਤ ਜਾ ਲਾਈ। ਗੁਰੂ ਜੀ ਨੇ ਜਵਾਬ 'ਚ ਕਿਹਾ ਕਿ ਮੈਂ ਤਾਂ ਹੱਸਿਆ ਸੀ ਕਿ ਕਾਜ਼ੀ ਦੀ ਨਮਾਜ਼, ਦਰਗਾਹ ਦੀ ਹਜ਼ੂਰੀ 'ਚ ਕਬੂਲੀ ਨਹੀਂ ਗਈ। ਕਾਜ਼ੀ ਨੇ ਪੁਛਿਆ ਕਿ ਤੁਹਾਨੂੰ ਕਿਵੇਂ ਪਤਾ ਲੱਗਾ ਤਾਂ ਗੁਰੂ ਜੀ ਨੇ ਕਿਹਾ ਕਿ ਕਾਜ਼ੀ ਨੇ ਨਮਾਜ਼ ਪੜ੍ਹਨ ਤੋਂ ਪਹਿਲਾਂ ਆਪਣੀ ਨਵੀਂ ਵੱਛੀ ਨੂੰ ਖੋਲ੍ਹਿਆ ਸੀ ਹੁਣ ਜਦੋਂ ਕਾਜ਼ੀ ਨਮਾਜ਼ ਪੜ੍ਹ ਰਿਹਾ ਸੀ ਤਾਂ ਉਸਨੂੰ ਯਾਦ ਆਇਆ ਕਿ ਹਾਤੇ ਵਿੱਚ ਇੱਕ ਖੂਹ ਹੈ, ਇਸ ਲਈ ਉਹ ਡਰਦਾ ਰਿਹਾ ਹੈ ਕਿ ਕਿਤੇ ਅਜਿਹਾ ਨਾ ਹੋਵੇ ਮੇਰੀ ਵੱਛੀ ਖੂਹ 'ਚ ਗਿਰ ਜਾਵੇ। ਗੁਰੂ ਜੀ ਨੇ ਕਿਹਾ ਕਿ ਕਾਜ਼ੀ ਦਾ ਮਨ ਇਸ ਲਈ ਬੰਦਗੀ 'ਚ ਨਹੀਂ ਸੀ ਲੱਗਾ। ਗੁਰੂ ਜੀ ਨੇ ਨਵਾਬ ਨੂੰ ਵੀ ਕਿਹਾ ਕਿ ਜਦੋਂ ਤੁਸੀਂ ਨਮਾਜ ਪੜ੍ਹ ਰਹੇ ਸੀ ਤਾਂ ਤੁਹਾਡਾ ਮਨ ਵੀ ਨਮਾਜ਼ ਵਿੱਚ ਨਹੀਂ ਲੱਗਾ ਕਿਉਂਕਿ ਤੁਹਾਡਾ ਮਨ ਕਾਬਲ ਵਿਚ ਘੋੜੇ ਖਰੀਦਣ ਬਾਰੇ ਸੋਚ ਰਿਹਾ ਸੀ। ਦੋਵਾਂ ਜਣਿਆ ਨੇ ਮੰਨ ਲਿਆ ਕਿ ਜੋ ਕੁਝ ਤੁਸੀਂ ਕਿਹਾ ਹੈ ਬਿਲਕੁਲ ਸੱਚ ਹੈ। ਉਨ੍ਹਾਂ ਕਿਹਾ ਕਿ ਗੁਰੂ ਜੀ ਤੇ ਪ੍ਰਮਾਤਮਾ ਦੀ ਕਿਰਪਾ ਹੋ ਰਹੀ ਹੈ ਅਤੇ ਦੋਵੇਂ ਜਣੇ ਗੁਰੂ ਜੀ ਦੇ ਚਰਨਾਂ ਤੇ ਢੇਰੀ ਹੋ ਗਏ। ਉਸ ਵੇਲੇ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ :

"ਮੁਸਲਮਾਨੁ ਮੁਸਾਵੈ ਆਪੁ।
ਸਿਦਕ ਸਬੂਰੀ ਕਲਮਾ ਪਾਕੁ।
ਖੜੀ ਨਾ ਛੇੜੈ ਪੜੀ ਨਾ ਖਾਇ।
*ਨਾਨਕ ਸੋ ਮੁਸਲਮਾਨੁ ਭਿਸਤ ਕਉ ਜਾਇ।"**

ਗੁਰੂ ਜੀ ਤੇ ਮੁਸਲਮਾਨਾਂ ਅਤੇ ਫਕੀਰਾਂ ਦੀ ਸ਼ਰਧਾ

ਗੁਰੂ ਜੀ ਦਾ ਇਹ ਸ਼ਬਦ ਸੁਣ ਕੇ ਸੁਲਤਾਨਪੁਰ ਦੇ ਸਾਰੇ ਮੁਸਲਮਾਨ ਸੱਯਦ, ਸ਼ੇਖ-ਜ਼ਾਦੇ, ਕਾਜ਼ੀ, ਮੁਫਤੀ ਅਤੇ ਨਵਾਬ ਵੀ ਹੈਰਾਨ ਹੋ ਗਏ। ਨਵਾਬ ਨੇ ਫੇਰ ਗੁਰੂ ਜੀ ਨੂੰ ਪੁੱਛਿਆ ਕਿ ਤੁਹਾਡਾ ਰੱਬ ਕਿੰਨਾ ਵੱਡਾ ਹੈ, ਉਸ ਦੀ ਕਿੰਨੀ ਕੁ ਤਾਕਤ ਹੈ ਅਤੇ ਮੁਕਤੀ ਦਾ ਰਾਹ ਕਿਵੇਂ ਪ੍ਰਾਪਤ ਹੋ ਸਕਦਾ ਹੈ? ਤਾਂ ਗੁਰੂ ਜੀ ਨੇ ਇਸ ਤਰ੍ਹਾਂ ਫਰਮਾਇਆ :

"ਜਿਤੁ ਦਰਿ ਲਖ ਮੁਹੰਮਦਾ ਲਖ ਬ੍ਰਹਮੇ ਬਿਸਨ ਮਹੇਸ।
ਲਖ ਲਖ ਰਾਮ ਵਡੀਗੀਅਹਿ ਲਖ ਰਾਹੀ ਲਖ ਦੇਸ।
ਲਖ ਲਖ ਓਥੇ ਜਤੀ ਹੈ ਸਤੀਆ ਤੇ ਸਨਿਆਸ।
ਲਖ ਲਖ ਓਥੇ ਗਰਖਾ ਲਖ ਲਖ ਨਾਥਾ ਨਾਥ।
ਲਖ ਲਖ ਓਥੇ ਆਸਨਾ ਗੁਰ ਚੇਲੇ ਰਹਿਰਾਸ।
ਲਖ ਲਖ ਦੇਵੀ ਦੇਵੜੇ ਦਾਨੋ ਲਖ ਨਿਵਾਸ।
ਲਖ ਪੀਰ ਪੈਗੰਬਰ ਔਲੀਏ ਲਖ ਕਾਜੀ ਮੁਲਾਂ ਸੇਖ।

*ਇਹ ਸ਼ਬਦ ਵੀ ਆਦਿ ਗ੍ਰੰਥ ਤੋਂ ਬਾਹਰ ਦੀ ਰਚਨਾ ਹੈ।

ਕਿਸੈ ਸਾਤਿ ਨ ਆਈਆ ਬਿਨ ਸਤਿਗੁਰ ਕੈ ਉਪਦੇਸਿ।
ਸਾਧਕ ਸਿਧ ਅਗਨਤ ਹੈ ਕੇਤੇ ਲੱਖ ਅਪਾਰ।
ਏਤੜਿਆ ਅਪਵਿਤ ਹੈ ਬਿਨ ਸਤਿਗੁਰ ਕੈ ਸਬਦਿ ਬੀਚਾਰ।
ਸਿਰਿ ਨਾਥਾ ਕੈ ਏਕੁ ਨਾਥ ਸਤਿਨਾਮ ਕਰਤਾਰ।
*ਨਾਨਕ ਤਾ ਕੀ ਕੀਮਤ ਨ ਪਵੈ ਬਿਅੰਤ ਬੇਸੁਮਾਰ।"**

ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਜੀ ਦਾ ਇਹ ਉਪਦੇਸ਼ ਭਰਿਆ ਸ਼ਬਦ ਸੁਣਿਆ ਤਾਂ ਗੁਰੂ ਜੀ ਦੇ ਪੈਰਾਂ ਤੇ ਗਿਰ ਗਿਆ। ਲੋਕਾਂ ਨੂੰ ਇਸ ਗੱਲ ਦਾ ਵਿਸ਼ਵਾਸ ਹੋ ਗਿਆ ਕਿ ਪ੍ਰਮਾਤਮਾ ਆਪ ਗੁਰੂ ਜੀ ਰਾਹੀਂ ਬੋਲ ਰਿਹਾ ਹੈ। ਅਤੇ ਨਵਾਬ ਨੇ ਗੁਰੂ ਜੀ ਕੋਲੋਂ ਹੋਰ ਸਵਾਲ ਪੁਛਣੇ ਬਿਅਰਥ ਸਮਝੇ। ਇਹ ਸੁਣਕੇ ਨਵਾਬ ਤਾਂ ਗੁਰੂ ਜੀ ਲਈ ਪਿਆਰ ਭਰੀ ਸ਼ਲਾਘਾ ਕਰਨ ਲੱਗ ਗਿਆ ਅਤੇ ਗੁਰੂ ਜੀ ਨੂੰ ਕਿਹਾ, "ਇਹ ਰਾਜ, ਹੁਕਮ ਹਾਸਲ ਸਭ ਕੁਝ ਤੁਹਾਡਾ ਹੀ ਹੈ।" ਪਰ ਗੁਰੂ ਜੀ ਨੂੰ ਇਨ੍ਹਾਂ ਦੁਨਿਆਵੀ ਚੀਜ਼ਾਂ ਦੀ ਤਾਂ ਜ਼ਰੂਰਤ ਹੀ ਨਹੀਂ ਸੀ। ਉਹ ਫੇਰ ਫਕੀਰਾਂ ਦੀ ਸੰਗਤ 'ਚ ਜਾ ਰਲੇ। ਫਕੀਰਾਂ ਨੇ ਵੀ ਗੁਰੂ ਜੀ ਨੂੰ ਪ੍ਰਣਾਮ ਕੀਤਾ ਅਤੇ ਕਿਹਾ ਕਿ ਗੁਰੂ ਜੀ ਤਾਂ ਸੱਚਾਈ ਪਸੰਦ ਹਨ ਅਤੇ ਸੱਚਾਈ ਦੀ ਰੰਗਤ ਵਿਚ ਰੰਗੇ ਰਹਿੰਦੇ ਹਨ। ਗੁਰੂ ਜੀ ਨੇ ਜਵਾਬ ਵਿਚ ਇਸ ਤਰ੍ਹਾਂ ਕਿਹਾ :

"ਇਹ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ।
ਮੇਰੈ ਕੰਤ ਨ ਭਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ।੧।
ਹਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ।
ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨ ਜੋ ਤੇਰਾ ਨਾਉ॥
ਲੈਨਿ ਜੋ ਤੇਰਾ ਨਾਉ ਤਿਨਾ ਕੈ ਹਉ ਸਦ ਕੁਰਬਾਨੈ ਜਾਉਂ।ਰਹਾਉ।
ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ।
ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ।੨।
ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ।
ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ।੩।
ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ।
ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ।੪।੧।੩।"

(ਆਃ ਗ੍ਰੰਃ ਪੰਃ ੭੨੧-੨੨) (ਤਿਲੰਗ ਮਃ ੧ ਘਰੁ ੩)

ਇਹ ਸੁਣ ਕੇ ਫਕੀਰਾਂ ਨੇ ਗੁਰੂ ਜੀ ਦੇ ਪੈਰ ਫੜ ਲਏ ਅਤੇ ਨਵਾਬ ਵੀ ਇਥੇ ਆ ਗਿਆ। ਸਾਰੇ ਹਿੰਦੂਆਂ-ਮੁਸਲਮਾਨਾਂ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਚਲੇ ਗਏ। ਕਈ ਲੋਕਾਂ ਨੇ ਨਵਾਬ ਕੋਲ ਸ਼ਿਕਾਇਤ ਕੀਤੀ ਕਿ ਜਦੋਂ ਮੋਦੀਖਾਨੇ 'ਚ ਸੀ ਤਾਂ ਬਹੁਤ ਫਾਲਤੂ ਖਰਚ ਕਰਦੇ ਸਨ ਪਰ ਜਦੋਂ ਖਾਨ ਨੇ ਪੂਰਾ ਹਿਸਾਬ ਕੀਤਾ ਤਾਂ ਉਸਦਾ ਮੋਦੀਖਾਨਾ ਬਿਲਕੁਲ ਸਹੀ ਸਲਾਮਤ ਸੀ ਅਤੇ ਗੁਰੂ ਜੀ ਦਾ ਹਿਸਾਬ ਠੀਕ ਸੀ ਅਤੇ ਪਿੱਛੋਂ ਇਹ ਪਤਾ ਲੱਗਾ ਕਿ ਗੁਰੂ ਜੀ ਦਾ ਰੁਪਈਆ ਖਾਨ ਵੱਲ ਨਿਕਲਦਾ ਹੈ ਪਰ ਗੁਰੂ ਜੀ ਨੇ ਉਹ ਪੈਸਾ ਲੈਣ ਤੋਂ ਜਵਾਬ ਦੇ ਦਿੱਤਾ ਅਤੇ ਕਿਹਾ ਕਿ ਇਨ੍ਹਾਂ ਪੈਸਿਆਂ ਨਾਲ ਗਰੀਬਾਂ ਦੀਆਂ ਲੋੜਾਂ ਨੂੰ ਪੂਰਾ ਕਰ ਦੇਵੋ।

*ਇਹ ਸ਼ਬਦ ਵੀ ਆਦਿ ਗ੍ਰੰਥ ਤੋਂ ਬਾਹਰ ਹੀ ਰਚਨਾ ਹੈ।

ਕਾਂਡ—3
ਗੁਰੂ ਜੀ ਦਾ ਏਮਨਾਬਾਦ ਵਿੱਚ ਭਾਈ ਲਾਲੋ ਨੂੰ ਜਾ ਕੇ ਮਿਲਣਾ

ਗੁਰੂ ਜੀ ਜਿਨ੍ਹਾਂ ਫਕੀਰਾਂ ਦੀ ਸੰਗਤ 'ਚ ਰਿਹਾ ਕਰਦੇ ਸਨ। ਕੁਝ ਦਿਨ ਰਹਿ ਕੇ ਮਰਦਾਨੇ ਨੂੰ ਨਾਲ ਲੈ ਕੇ ਸੈਦਪੁਰ ਲਈ ਰਵਾਨਾ ਹੋ ਗਏ। ਸੈਦਪੁਰ ਜਿਹੜਾ ਏਮਨਾਬਾਦ ਦੇ ਨਾਂ ਨਾਲ ਪ੍ਰਸਿੱਧ ਸੀ ਅਤੇ ਅੱਜ ਕੱਲ ਪੰਜਾਬ, ਜਿਲ੍ਹਾ ਗੁਜਰਾਂਵਾਲੇ ਵਿੱਚ ਹੈ। ਗੁਰੂ ਜੀ ਮਰਦਾਨੇ ਨੂੰ ਨਾਲ ਲੈ ਕੇ ਭਾਈ ਲਾਲੋ ਤਰਖਾਣ ਦੇ ਘਰ ਜਾ ਬਿਰਾਜੇ। ਜਦੋਂ ਖਾਣਾ ਤਿਆਰ ਹੋ ਗਿਆ ਤਾਂ ਭਾਈ ਲਾਲੋ ਨੇ ਗੁਰੂ ਜੀ ਨੂੰ ਕਿਹਾ ਕਿ ਚੌਂਕੇ 'ਚ ਬੈਠ ਕੇ ਹੀ ਪ੍ਰਸ਼ਾਦਾ ਛਕੋ। ਤਾਂ ਗੁਰੂ ਜੀ ਨੇ ਕਿਹਾ ਕਿ ਇਹ ਸਾਰੀ ਧਰਤੀ ਨੂੰ ਹੀ ਮੈਂ ਚੌਂਕਾ ਮੰਨਦਾ ਹਾਂ ਅਤੇ ਜਿਹੜਾ ਸੱਚ ਨੂੰ ਪਿਆਰਦਾ ਹੈ ਉਹ ਹੀ ਸੱਚਾ ਹੈ, ਇਸ ਲਈ ਆਪਣੇ ਦਿਲ 'ਚੋਂ ਇਹ ਵਹਿਮ ਕੱਢ ਦੇਹ। ਇਹ ਸੁਣ ਕੇ ਭਾਈ ਲਾਲੋ ਨੇ ਗੁਰੂ ਜੀ ਨੂੰ ਜਿੱਥੇ ਬੈਠੇ ਸਨ ਉਥੇ ਹੀ ਭੋਜਨ ਛਕਾ ਦਿੱਤਾ। ਦੋ ਦਿਨਾਂ ਬਾਦ ਗੁਰੂ ਜੀ ਨੇ ਜਾਣਾ ਚਾਹਿਆ ਪਰ ਭਾਈ ਲਾਲੋ ਨੇ ਕੁਝ ਚਿਰ ਹੋਰ ਠਹਿਰਨ ਲਈ ਜ਼ੋਰ ਪਾਇਆ। ਗੁਰੂ ਜੀ ਮੰਨ ਗਏ ਪਰ ਜਲਦੀ ਹੀ ਗੁਰੂ ਜੀ ਨੂੰ ਪਤਾ ਲੱਗ ਗਿਆ ਕਿ ਮੈਂ ਖੱਤਰੀ ਹਾਂ, ਇਥੇ ਇੱਕ ਸ਼ੂਦਰ ਤਰਖਾਣ ਦੇ ਘਰ ਰਹਿੰਦਾ ਹਾਂ ਅਤੇ ਇਸ ਕਰਕੇ ਇਥੇ ਮੇਰੀ ਬਦਨਾਮੀ ਹੁੰਦੀ ਹੈ।

ਮਲਕ ਭਾਗੋ ਦਾ ਯੱਗ

ਪੰਦਰਾਂ ਦਿਨਾਂ ਪਿਛੋਂ ਮਲਕ ਭਾਗੋ ਨੇ ਇਕ ਵੱਡਾ ਯੱਗ ਕੀਤਾ ਜਿਸ ਵਿਚ ਚਾਰਾਂ ਵਰਣਾਂ ਦੇ ਹਿੰਦੂਆਂ ਨੂੰ ਬੁਲਾਇਆ ਗਿਆ। ਮਲਕ ਭਾਗੋ ਸੈਦਪੁਰ ਸ਼ਹਿਰ ਦੇ ਮਾਲਕ, ਪਠਾਨ ਦਾ ਕਾਰਦਾਰ ਸੀ। ਇਕ ਪੰਡਤ ਗੁਰੂ ਜੀ ਕੋਲ ਆਇਆ ਅਤੇ ਕਹਿਣ ਲੱਗਾ ਕਿ ਚਾਰਾਂ ਵਰਣਾਂ ਦੇ ਲੋਕਾਂ ਨੂੰ ਬੁਲਾਇਆ ਗਿਆ ਹੈ ਇਸ ਲਈ ਤੁਸੀਂ ਵੀ ਮਲਕ ਭਾਗੋ ਦੇ ਦਾਨ ਵਿਚੋਂ ਹਿੱਸਾ ਲਵੋ। ਗੁਰੂ ਜੀ ਨੇ ਜਵਾਬ ਦਿੱਤਾ, 'ਮੈਂ ਤਾਂ ਚਾਰਾਂ ਵਰਣਾਂ 'ਚੋਂ ਕਿਸੇ ਵਰਣ ਦਾ ਵੀ ਨਹੀਂ, ਇਸ ਲਈ ਮੈਨੂੰ ਕਿਉਂ ਸੱਦਿਆ ਹੈ?' ਪੰਡਤ ਨੇ ਜਵਾਬ ਦਿੱਤਾ ਕਿ ਇਸੇ ਲਈ ਤਾਂ ਲੋਕ ਤੁਹਾਨੂੰ ਕੁਰਾਹੀਆ ਕਹਿੰਦੇ ਹਨ ਅਤੇ ਫੇਰ ਕਿਹਾ ਕਿ ਤੁਸੀਂ ਮਲਕ ਭਾਗੋ ਦੇ ਸੱਦੇ ਨੂੰ ਠੁਕਰਾਉਂਦੇ ਹੋ ਇਸ ਲਈ ਮਲਕ ਭਾਗੋ ਤੁਹਾਡੇ ਤੇ ਬਹੁਤ ਨਾਰਾਜ਼ ਹੋਵੇਗਾ। ਇਹ ਕਹਿ ਕੇ ਪੰਡਤ ਚਲਾ ਗਿਆ। ਮਲਕ ਭਾਗੋ ਨੇ ਆਪਣੇ ਆਏ ਹੋਏ ਮਹਿਮਾਨਾਂ ਨੂੰ ਭੋਜਨ ਖੁਵਾਇਆ। ਪਰ ਗੁਰੂ ਜੀ ਨਹੀਂ ਸਨ ਗਏ।

ਜਦੋਂ ਮਲਕ ਨੂੰ ਪਤਾ ਲੱਗਾ ਕਿ ਗੁਰੂ ਜੀ ਮੇਰੇ ਬੁਲਾਉਣ ਤੇ ਵੀ ਭੋਜਨ ਤੇ ਨਹੀਂ ਆਏ ਤਾਂ ਉਸ ਨੇ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਫੜ ਕੇ ਮੇਰੇ ਕੋਲ ਲਿਆਵੋ। ਮਲਕ ਭਾਗੋ ਨੇ ਗੁਰੂ ਜੀ ਤੋਂ ਪੁੱਛਿਆ, "ਤੁਸੀਂ ਮੇਰਾ ਸੱਦਾ ਕਬੂਲ ਕਿਉਂ ਨਹੀਂ ਕੀਤਾ? ਤਾਂ

ਗੁਰੂ ਜੀ ਨੇ ਜਵਾਬ ਦਿੱਤਾ, "ਮੈਂ ਸਾਧ ਹਾਂ ਅਤੇ ਮੈਨੂੰ ਸਵਾਦੀ ਭੋਜਨ ਦੀ ਲੋੜ ਨਹੀਂ ਹੈ। ਹਾਂ ਜੇਕਰ ਤੁਸੀਂ ਮੈਨੂੰ ਖੁਸ਼ੀ ਨਾਲ ਖਵਾਉਣਾ ਚਾਹੁੰਦੇ ਹੋ ਤਾਂ ਮੈਨੂੰ ਇਸ ਵਿੱਚ ਕੋਈ ਫਰਕ ਨਹੀਂ ਪੈਂਦਾ।" ਮਲਕ ਭਾਗੋ ਨੂੰ ਇਸ ਗੱਲ ਤੇ ਤਸੱਲੀ ਨਾ ਆਈ ਅਤੇ ਗੁਰੂ ਜੀ ਤੇ ਇਕ ਊਝ ਲਾ ਦਿੱਤੀ, ਕਿਹਾ, "ਤੁਸੀਂ ਖੱਤਰੀ ਹੋਕੇ ਇਕ ਸ਼ੂਦਰ ਦੇ ਘਰ ਖਾਣਾ ਖਾਂਦੇ ਹੋ ਪਰ ਮੇਰੇ ਬੁਲਾਉਣ ਤੇ ਵੀ ਤੁਸੀਂ ਨਹੀਂ ਆਉਂਦੇ।" ਤਾਂ ਗੁਰੂ ਜੀ ਨੇ ਮਲਕ ਭਾਗੋ ਨੂੰ ਵੀ ਕਿਹਾ ਕਿ ਤੁਸੀਂ ਵੀ ਆਪਣੀ ਰੋਟੀ ਲੈ ਆਵੋ। ਜਦੋਂ ਦੋਨੋਂ ਖਾਣੇ ਆ ਗਏ ਤਾਂ ਗੁਰੂ ਜੀ ਨੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਸੱਜੇ ਹੱਥ ਵਿੱਚ ਅਤੇ ਮਲਕ ਭਾਗੋ ਦੀ ਰੋਟੀ ਨੂੰ ਖੱਬੇ ਹੱਥ ਵਿੱਚ ਲੈ ਕੇ ਘੁਟਿਆ ਤਾਂ ਕਹਿੰਦੇ ਹਨ ਕਿ ਭਾਈ ਲਾਲੋ ਦੀ ਰੋਟੀ 'ਚੋਂ ਦੁੱਧ ਅਤੇ ਮਲਕ ਭਾਗੋ ਦੀ ਰੋਟੀ 'ਚੋਂ ਖੂਨ ਵਹਿ ਤੁਰਿਆ ਸੀ ਇਸ ਦਾ ਮਤਲਬ ਇਹ ਹੈ ਕਿ ਭਾਈ ਲਾਲੋ ਦੀ ਰੋਟੀ ਮੇਹਨਤ ਨਾਲ ਕਮਾਈ ਹੋਈ ਸੀ ਅਤੇ ਮਲਕ ਭਾਗੋ ਦੀ ਰੋਟੀ, ਜੁਲਮ ਅਤੇ ਪਾਪ ਦੀ ਕਮਾਈ ਸੀ ਇਸ ਲਈ ਮਲਕ ਭਾਗੋ ਦੀ ਰੋਟੀ ਅਪਵਿੱਤਰ ਸੀ। ਇਸ ਲਈ ਗੁਰੂ ਜੀ ਨੇ ਭਾਈ ਲਾਲੋ ਦੀ ਰੋਟੀ ਖਾਣ ਤੇ ਜ਼ਰਾ ਵੀ ਸੰਕੋਚ ਨਾ ਕੀਤਾ।

ਪੂਜਾ ਦਾ ਧਾਨ

ਇਸ ਦੇ ਬਾਵਜੂਦ ਗੁਰੂ ਜੀ ਅਤੇ ਮਰਦਾਨਾ ਇਕ ਇਕਾਂਤ ਜੰਗਲ 'ਚ ਚਲੇ ਗਏ। ਰਾਹ ਵਿੱਚ ਨਾ ਹੀ ਕਿਸੇ ਪਿੰਡ ਵਿਚ ਠਹਿਰੇ ਅਤੇ ਨਾ ਹੀ ਕਿਸੇ ਦਰਿਆ ਦੇ ਕੰਢੇ ਰੁਕੇ। ਸਫਰ ਵਿਚ ਭੁੱਖ ਲੱਗ ਆਈ। ਮਰਦਾਨੇ ਨੇ ਕਿਹਾ, "ਗੁਰੂ ਜੀ ਬਹੁਤ ਭੁੱਖ ਲੱਗੀ ਹੈ!" ਗੁਰੂ ਜੀ ਨੇ ਮਰਦਾਨੇ ਨੂੰ ਆਖਿਆ "ਮਰਦਾਨਿਆਂ ਸਿੱਧਾ ਤੁਰਦਾ ਜਾਹ ਅਤੇ ਪਿੰਡ ਵਿਚ ਚਲਾ ਜਾਵੀਂ ਜਿੱਥੇ ਉਪਲ ਖੱਤਰੀ ਵਸਦੇ ਹਨ ਤਾਂ ਉਹਨਾਂ ਦੇ ਦਰਵਾਜੇ ਅੱਗੇ ਜਾ ਕੇ ਚੁੱਪ-ਚਪੀਤਾ ਖੜਾ ਰਹੀਂ। ਹਿੰਦੂ ਅਤੇ ਮੁਸਲਮਾਨ ਤੇਰੇ ਪੈਰਾਂ ਤੇ ਡਿੱਗਣਗੇ ਤੈਨੂੰ ਸਿਰਫ ਖਾਣਾ ਹੀ ਨਹੀਂ ਦੇਣਗੇ ਸਗੋਂ ਜਿੱਥੋਂ ਦੀ ਤੂੰ ਤੁਰੇਂਗਾ ਤੇਰੇ ਰਾਹਾਂ 'ਚ ਦਰੀਆਂ ਵਿਛਾਉਣਗੇ। ਮਰਦਾਨੇ ਨੇ ਗੁਰੂ ਜੀ ਦੇ ਹੁਕਮ ਦਾ ਪਾਲਣ ਕੀਤਾ ਅਤੇ ਉਸਨੂੰ ਆਪਣੇ ਇਸ ਕੰਮ ਵਿੱਚ ਪੂਰੀ ਸਫਲਤਾ ਮਿਲੀ।

ਇਸ ਤੋਂ ਮਗਰੋਂ ਗੁਰੂ ਜੀ ਨੇ ਮਰਦਾਨੇ ਨੂੰ ਇੱਕ ਹੋਰ ਪਿੰਡ ਘੱਲਿਆ ਉਥੇ ਵੀ ਮਰਦਾਨੇ ਦੀ ਚੰਗੀ ਸੇਵਾ ਹੋਈ। ਨਗਰ-ਨਿਵਾਸੀ ਮਰਦਾਨੇ ਦੇ ਕਦਮਾਂ ਤੇ ਝੁਕ ਗਏ ਅਤੇ ਮਰਦਾਨੇ ਨੂੰ ਪਹਿਨਣ ਲਈ ਕੱਪੜੇ ਅਤੇ ਆਰਾਮ ਕਰਨ ਲਈ ਚਾਰਪਾਈ ਲਿਆ ਦਿੱਤੀ। ਮਰਦਾਨਾ ਸਾਰਾ ਕੁਝ ਬੰਨ੍ਹ ਕੇ ਗੁਰੂ ਜੀ ਕੋਲ ਲੈ ਗਿਆ। ਗੁਰੂ ਜੀ ਸਭ ਕੁਝ ਵੇਖ ਕੇ ਹੱਸ ਪਏ ਅਤੇ ਮਰਦਾਨੇ ਨੂੰ ਪੁੱਛਿਆ ਕਿ ਇਹ ਕੀ ਲੈ ਕੇ ਆਇਆ ਹੈਂ? ਮਰਦਾਨੇ ਨੇ ਜਵਾਬ ਦਿੱਤਾ ਕਿ ਪਿੰਡ ਦੇ ਲੋਕਾਂ ਨੇ ਮਾਇਆ ਅਤੇ ਕੱਪੜੇ ਦਿੱਤੇ ਹਨ, ਮੈਂ ਕਿਹਾ ਆਪਣੇ ਗੁਰੂ ਜੀ ਕੋਲ ਲੈ ਜਾਵਾਂ। ਗੁਰੂ ਜੀ ਨੇ ਕਿਹਾ ਕਿ ਇਹ ਸਾਡਾ ਮਾਲ ਨਹੀਂ। ਮਰਦਾਨੇ ਨੇ ਪੁੱਛਿਆ, 'ਮੈਂ ਫੇਰ ਇਨ੍ਹਾਂ ਦਾ ਕੀ ਕਰਾਂ?' ਮਹਾਰਾਜ ਨੇ ਜਵਾਬ ਦਿੱਤਾ, 'ਇਨ੍ਹਾਂ ਨੂੰ ਇੱਥੇ ਹੀ ਸੁੱਟ ਦੇਹ।' ਮਰਦਾਨੇ ਨੇ ਗੁਰੂ ਜੀ ਦੀ ਆਗਿਆ ਦਾ ਪਾਲਣ ਕੀਤਾ। ਫੇਰ ਗੁਰੂ ਜੀ ਨੇ ਮਰਦਾਨੇ ਨੂੰ ਦਸਿਆ ਕਿ ਪੂਜਾ ਦਾ ਧਾਨ ਲੈਣਾ ਗ੍ਰਿਹਸਤੀਆਂ ਲਈ ਬਹੁਤ ਬੁਰਾ ਹੈ। ਪੂਜਾ ਦਾ ਧਾਨ ਖਾਣਾ, ਮੌਹਰਾ ਖਾਣ ਤੇ ਭੁਲ ਹੈ ਜੋ ਹਜ਼ਮ ਨਹੀਂ ਹੋ ਸਕਦਾ। ਪ੍ਰਮਾਤਮਾ ਦੀ ਬੰਦਗੀ ਕਰਨ ਨਾਲ ਹੀ ਚੰਗਾ ਫਲ ਮਿਲਦਾ ਹੈ। ਜਦੋਂ ਆਦਮੀ ਥੋੜੀ ਜਿਹੀ ਭਗਤੀ ਕਰਦਾ ਹੈ ਅਤੇ ਪੂਜਾ ਦਾ ਧਾਨ ਖਾਂਦਾ ਹੈ ਤਾਂ ਉਸਦਾ ਹਾਲ ਮੌਹਰਾ ਖਾਣ ਵਾਲੇ ਵਾਂਗ ਹੁੰਦਾ ਹੈ।

ਸੱਜਣ ਠੱਗ ਦੀ ਸਾਖੀ

ਕਿਹਾ ਜਾਂਦਾ ਹੈ ਕਿ ਗੁਰੂ ਜੀ ਅਤੇ ਮਰਦਾਨਾ ਇਕ ਮੰਨੇ ਹੋਏ ਠੱਗ ਕੋਲ ਚਲੇ ਗਏ ਜਿਸਦਾ ਨਾਂ ਸ਼ੇਖ ਸੱਜਣ ਸੀ। ਉਸਨੇ ਹਿੰਦੂ ਮੁਸਾਫਰਾਂ ਲਈ ਇਕ ਠਾਕੁਰਦੁਵਾਰਾ ਬਣਾਇਆ ਹੋਇਆ ਸੀ ਅਤੇ ਮੁਸਲਮਾਨਾਂ ਲਈ ਇਕ ਮਸੀਤ ਬਣਾਈ ਹੋਈ ਸੀ ਅਤੇ ਆਰਾਮ ਵਾਸਤੇ ਹਰ ਲੋੜੀਂਦੀ ਚੀਜ਼ ਲਿਆ ਕੇ ਦਿੰਦਾ ਸੀ। ਇਹ ਇੱਕ ਦਿਖਾਵਾ ਹੀ ਸੀ, ਉਸਦੀ ਮੁਸਾਫਰਾਂ ਲਈ ਸੇਵਾ ਇੱਕ ਬਨਾਵਟ ਹੀ ਸੀ ਇਸ ਤਰ੍ਹਾਂ ਦੀ ਬਨਾਵਟ ਜਿਵੇਂ ਯੂਨਾਨ ਦੇ ਪਰੋਕਰੱਸਟੀਜ਼ (Procurstes) ਮਸ਼ਹੂਰ ਡਾਕੂ ਦੀ ਸੀ। ਜਦੋਂ ਰਾਤ ਪੈਂਦੀ ਤਾਂ ਸੱਜਣ ਆ ਕੇ ਕਹਿੰਦਾ ਕਿ ਹੁਣ ਸੌਂ ਜਾਵੋ। ਫੇਰ ਉਹ ਮੁਸਾਫਰਾਂ ਨੂੰ ਖੂਹ 'ਚ ਲਿਜਾ ਕੇ ਸੁੱਟ ਦਿੰਦਾ ਸੀ ਜਿੱਥੇ ਉਹ ਮਰ ਜਾਂਦੇ ਸਨ। ਦੂਜੇ ਦਿਨ ਫੇਰ ਉਸੇ ਤਰ੍ਹਾਂ ਸੰਤਾਂ ਵਾਲਾ ਆਸਾ ਅਤੇ ਤਸਬੀ ਫੜ ਲੈਂਦਾ ਸੀ ਅਤੇ ਮੁਸੱਲੇ-ਵਿਛਾ ਕੇ ਇਸ ਤਰ੍ਹਾਂ ਬੰਦਗੀ ਕਰਨ ਲੱਗ ਪੈਂਦਾ ਸੀ ਜਿਵੇਂ ਕੋਈ ਪੁਰਾਣਾ ਫਾਰਸੀ (Pharsee) ਬੈਠਾ ਹੋਵੇ।[1]

ਸੱਜਣ ਨੇ ਗੁਰੂ ਜੀ ਦੇ ਮੁੱਖ ਤੇ ਆਤਮਕ ਸ਼ਾਂਤੀ ਵੇਖ ਕੇ ਸੋਚਿਆ ਕਿ ਗੁਰੂ ਜੀ ਕੋਲ ਬਹੁਤ ਪੈਸਾ ਹੈ ਅਤੇ ਸੱਜਣ ਨੂੰ ਇਸ ਰੱਬੀ ਦਾਤ ਤੋਂ ਬਹੁਤ ਕੁਝ ਮਿਲਣ ਦੀ ਆਸ ਸੀ। ਸੱਜਣ ਨੇ ਰੋਜ਼ਾਨਾ ਮੁਸਾਫ਼ਰਾਂ ਵਾਂਗ ਗੁਰੂ ਜੀ ਨੂੰ ਕਿਹਾ ਕਿ ਹੁਣ ਤੁਸੀਂ ਸੌਂ ਜਾਵੋ। ਤੱ ਗੁਰੂ ਜੀ ਨੇ ਕਿਹਾ ਕਿ ਅਜੇ ਮੈਂ ਇੱਕ ਰੱਬ ਦੀ ਬੰਦਗੀ ਦਾ ਇਕ ਸ਼ਬਦ ਪੜ੍ਹਨਾ ਹੈ। ਸੱਜਣ ਨੇ ਕਿਹਾ ਕਿ ਇਹ ਤਾਂ ਚੰਗੀ ਗੱਲ ਹੈ ਤਾਂ ਗਰੂ ਜੀ ਨੇ ਇਹ ਸ਼ਬਦ ਸੂਹੀ ਰਾਗ ਵਿਚ ਉਚਾਰਿਆ :

'ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।
ਧੋਤਿਆਂ ਜੂਠਿ ਨ ਉਤਰੈ ਜੇ ਸਉ ਧੋਵਾ ਤਿਸ।੧।
ਸਜਣ ਸੇਈ ਨਾਲਿ ਮੈ ਚਲਦਿਆਂ ਨਾਲਿ ਚਲੰਨਿ।
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ।੧। ਰਹਾਉ।
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ।
ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ।੨।
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ।
ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅੰਨਿ।੩।
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ।
ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ।੪।
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤ।
ਅਖੀ ਲੋੜੀ ਨ ਲਹਾ ਹਉ ਚੜਿ ਲੰਘਾ ਕਿਤੁ।੫।
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ। *(ਆ: ਗ੍ਰੰ: ਪੰ: ੭੨੯)*
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ।੬।੧। *(ਸੂਹੀ ਮਹਲਾ ੧ ਘਰੁ ੬)*

1. ਯਹੂਦੀਆਂ ਦੇ ਇਕ ਕਬੂਲੇ ਨੂੰ ਕਹਿੰਦੇ ਹਨ ਜੋ ਬਾਹਰੋਂ ਬਹੁਤ ਵਿਖਾਵਾ ਕਰਦੇ ਹਨ ਪਰ ਵਿਚੋਂ ਖਾਲੀ ਹੁੰਦੇ ਹਨ।

ਸੱਜਣ ਠੱਗ ਨੇ ਜਦੋਂ ਤਾੜ ਜਾਣ ਵਾਲੀ ਅਤੇ ਦਿਲ ਨੂੰ ਟੁੰਬਣ ਵਾਲੀ ਬਾਣੀ ਸੁਣੀ ਤਾਂ ਉਸਨੂੰ ਆਪਣੇ ਆਪ ਦੀ ਅਕਲ ਆ ਗਈ। ਸੱਜਣ ਨੇ ਜਦੋਂ ਵੇਖਿਆ ਕਿ ਇਹ ਸਾਰੇ ਗੁਨਾਹ ਮੇਰੇ ਵਿਚ ਹੀ ਹਨ ਜੋ ਗੁਰੂ ਜੀ ਨੇ ਇਸ ਸ਼ਬਦ ਵਿੱਚ ਦੱਸੇ ਹਨ। ਸੱਜਣ ਉਠਿਆ ਅਤੇ ਗੁਰੂ ਜੀ ਦੇ ਚਰਨਾਂ ਨੂੰ ਚੁੰਮ ਲਿਆ ਅਤੇ ਬੇਨਤੀ ਕੀਤੀ ਕਿ ਮੇਰੇ ਗੁਨਾਹਾਂ ਨੂੰ ਬਖਸ਼ ਦੇਵੋ ਤਾਂ ਗੁਰੂ ਜੀ ਨੇ ਕਿਹਾ, "ਸੱਜਣਾ ! ਪ੍ਰਮਾਤਮਾ ਦੀ ਹਜ਼ੂਰੀ ਵਿੱਚ ਆਦਮੀ ਨੂੰ ਦੋ ਗੱਲਾਂ ਨਾਲ ਹੀ ਬਖਸ਼ਸ਼ ਮਿਲਦੀ ਹੈ। ਆਪਣੇ ਗੁਨਾਹਾਂ ਨੂੰ ਮੰਨ ਕੇ ਅਤੇ ਕੀਤੇ ਗੁਨਾਹਾਂ ਤੇ ਪ੍ਰਾਸ਼ਚਿਤ ਕਰਨ ਨਾਲ।' ਸੱਜਣ ਠੱਗ ਨੇ ਗੁਰੂ ਜੀ ਨੂੰ ਕਿਹਾ ਕਿ ਜਿਵੇਂ ਵੀ ਹੋਵੇ ਮੇਰੇ ਗੁਨਾਹਾਂ ਨੂੰ ਬਖਸ਼ ਲਵੋ ਅਤੇ ਮੇਰੇ ਤੇ ਮੇਹਰ ਕਰੋ। ਇਹ ਸੁਣ ਕੇ ਗੁਰੂ ਜੀ ਦੇ ਦਿਲ ਤੇ ਕਾਫੀ ਅਸਰ ਹੋਇਆ ਅਤੇ ਫੇਰ ਗੁਰੂ ਜੀ ਨੇ ਪੁਛਿਆ, 'ਚੰਗਾ ਸੱਚ ਦੱਸ ਕਿ ਅੱਜ ਤੱਕ ਤੂੰ ਕਿੰਨੇ ਖੂਨ ਕਰ ਚੁੱਕਾ ਹੈਂ?' ਸੱਜਣ ਨੇ ਆਪਣੇ ਸਾਰੇ ਪਾਪ ਕੀਤੇ ਹੋਏ ਦੱਸ ਦਿੱਤੇ। ਫੇਰ ਗੁਰੂ ਜੀ ਨੇ ਕਿਹਾ ਕਿ ਉਹ ਸਾਰਾ ਕੁਝ ਜੋ ਉਸਨੇ ਮੁਸਾਫਰਾਂ ਤੋਂ ਲੁੱਟਿਆ ਹੈ ਲੈ ਆਵੇ। ਸੱਜਣ ਠੱਗ ਸਾਰਾ ਕੁਝ ਲੈ ਆਇਆ ਫੇਰ ਗੁਰੂ ਜੀ ਨੇ ਉਸ ਧੰਨ ਨੂੰ ਗਰੀਬਾਂ 'ਚ ਵੰਡ ਦੇਣ ਲਈ ਕਿਹਾ। ਗੁਰੂ ਜੀ ਦੀ ਆਗਿਆ ਅਨੁਸਾਰ ਉਸ ਨੇ ਸਾਰਾ ਧੰਨ ਗਰੀਬਾਂ 'ਚ ਵੰਡ ਦਿੱਤਾ ਗੁਰੂ ਜੀ ਦੇ ਚਰਨ ਫੜ ਕੇ ਉਹਨਾਂ ਦਾ ਚੇਲਾ ਬਣ ਗਿਆ। ਦੱਸਦੇ ਹਨ ਕਿ ਜਿੱਥੇ ਇਹ ਕੁਝ ਵਾਪਰਿਆ ਉਥੇ ਪਹਿਲੀ ਸਿੱਖ ਧਰਮਸ਼ਾਲਾ ਬਣਾਈ ਗਈ।

ਕੁਰਖੇਤਰ ਦੀ ਸਾਖੀ

ਗੁਰੂ ਜੀ ਨੂੰ ਪਤਾ ਲੱਗਾ ਕਿ ਕੁਰਖੇਤਰ[1] (ਅੱਜ ਕੱਲ ਅੰਬਾਲੇ ਜ਼ਿਲੇ 'ਚ ਹੈ) ਵਿਖੇ ਥਨੇਸਰ ਦੇ ਨੇੜੇ ਸੂਰਜ ਗ੍ਰਹਿਣ ਦਾ ਮੇਲਾ ਲੱਗਦਾ ਹੈ। ਇਸ ਲਈ ਗੁਰੂ ਜੀ ਨੇ ਸੋਚਿਆ ਕਿ ਉਥੇ ਆਏ ਹੋਏ ਯਾਤਰੂਆਂ ਨੂੰ ਕੁਝ ਦੱਸੀਏ। ਗੁਰੂ ਜੀ ਕੁਰਖੇਤਰ ਵਿਖੇ ਜਾ ਪਹੁੰਚੇ।

ਗੁਰੂ ਜੀ ਨੂੰ ਭੁੱਖ ਲੱਗ ਆਈ ਸੀ ਅਤੇ ਇਕ ਸੇਵਕ ਨੇ ਉਹਨਾਂ ਨੂੰ ਇੱਕ ਹਿਰਨ ਵੀ ਲਿਆ ਦਿੱਤਾ ਅਤੇ ਗੁਰੂ ਜੀ ਉਸ ਹਿਰਨ ਨੂੰ ਰਿੰਨ੍ਹਣ ਲੱਗ ਪਏ। ਗੁਰੂ ਜੀ ਨੇ ਮਲਾਰ ਦੀ ਵਾਰ ਵਿੱਚ ਫੇਰ ਇਹ ਸ਼ਬਦ ਉਚਾਰਿਆ :

'ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ।
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ।
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ।
ਮੁਹੁ ਮਾਸੇ ਕਾ ਜੀਭ ਮਾਸੇ ਕੀ ਮਾਸੇ ਅੰਦਰ ਸਾਸ।
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ।
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ।
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ।
ਆਪਿ ਛੁਟੇ ਨਹ ਛੁਟੀਐ ਨਾਨਕ ਬਚਨਿ ਬਿਣਾਸੁ।੧। ਮਃ ੧।
ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀਂ ਜਾਣੈ।

1. ਕੁਰਖੇਤਰ ਉਹ ਥਾਂ ਹੈ ਜਿਥੇ ਕੌਰਵਾਂ ਤੇ ਪਾਂਡਵਾਂ ਦਾ ਯੁੱਧ ਹੋਇਆ ਸੀ।

ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੈ।
ਰੀਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ।
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ।
ਫੜ ਕਰਿ ਲੋਕਾਂ ਨੇ ਦਿਖਲਾਵਹਿ ਗਿਆਨੁ ਧਿਆਨੁ ਨਹੀਂ ਸੂਝੈ।
ਨਾਨਕ ਅੰਧੇ ਸਿਉ ਕਿਆ ਕਹੀਐ ਨ ਕਹਿਆ ਬੂਝੈ।
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ।
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ।
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈਮੰਧੁ ਕਮਾਹੀ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ।
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ।
ਬਾਹਰ ਕਾ ਮਾਸ ਮੰਦਾ ਸੁਆਮੀ ਘਰ ਕਾ ਮਾਸ ਚੰਗੇਰਾ।
ਜੀਅ ਜਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ।
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ।
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ।
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੈ।
ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਸਮਾਣਾ।
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ।
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ ਕਾ ਦਾਨੁ ਨ ਲੈਣਾ।
ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ।
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ।
ਪਾਂਡੇ ਤੂੰ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ॥
ਤੋਇਅਹੁ ਅੰਨੁ ਕਮਾਦੁ ਕਪਾਹਾ ਤੋਇਅਹੁ ਤ੍ਰਿਭਵਣੁ ਗੰਨਾ।
ਤੋਆ ਆਥੈ ਹਉ ਬਹੁ ਬਿਧਿ ਹਛਾ ਤੋਐ ਬਹੁਤ ਬਿਕਾਰਾ।
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ।੨। *(ਸਲੋਕ ਮਃ ੧)*

(ਆਃ ਗ੍ਰੰਃ ਪੰਃ ੧੨੮੯-੯੦)

ਕੁਰਖੇਤਰ ਵਿੱਚ ਗੁਰੂ ਜੀ ਨੂੰ ਆਪਣੇ ਸਿੱਖ ਬਨਾਉਣ ਵਿੱਚ ਕਾਮਯਾਬੀ ਮਿਲੀ। ਜਦੋਂ ਉਥੋਂ ਆਉਣ ਲੱਗੇ ਤਾਂ ਗੁਰੂ ਜੀ ਨੇ ਉਹਨਾਂ ਨੂੰ ਉਪਦੇਸ਼ ਦਿੱਤਾ, 'ਆਪਸ ਵਿਚ ਇਕ ਹੋ ਕੇ ਰਹੋ। ਪ੍ਰਮਾਤਮਾ ਦੀ ਬੰਦਗੀ ਕਰੋ ਅਤੇ ਜੇ ਕੋਈ ਤੁਹਾਨੂੰ ਪ੍ਰਮਾਤਮਾ ਦੇ ਨਾਉ ਨਾਲ ਪ੍ਰਣਾਮ ਕਰੇ ਤਾਂ ਉਸ ਦੇ ਉੱਤਰ ਵਿੱਚ ਤੁਸੀਂ 'ਸਤਿ ਕਰਤਾਰ' ਕਹੋ ਅਤੇ ਇਹ ਵੀ ਕਹੋ ਕਿ ਸਿਰਜਨਹਾਰ ਸਤਿ ਹੈ। ਚਾਰ ਰਾਹ ਹਨ ਜਿਨ੍ਹਾਂ ਤੇ ਚੱਲ ਕੇ ਪ੍ਰਮਾਤਮਾ ਦਾ ਨਾਮ ਜਪਣ ਵਾਲੇ ਬੰਦੇ ਉਸ ਵਾਹਿਗੁਰੂ ਦੀ ਦਰਗਾਹ 'ਚ ਸਤਕਾਰੇ ਜਾਂਦੇ ਹਨ। ਪਹਿਲਾ ਸਤਿਸੰਗ ਕਰਨਾ ਦੂਜਾ ਸੱਚ ਬੋਲਣਾ, ਤੀਜਾ ਸਬਰ ਕਰਨਾ ਅਤੇ ਚੌਥਾ ਹੈ ਕਾਮ ਤੇ ਕਾਬੂ ਰੱਖਣਾ। ਇਨ੍ਹਾਂ ਚਾਰਾਂ ਤੋਂ ਕਿਸੇ ਰਾਹ ਤੇ ਵੀ ਚੱਲ ਕੇ ਭਾਵੇਂ ਉਹ ਸਾਧੂ ਹੋਵੇ ਜਾਂ ਗ੍ਰਹਿਸਤੀ ਹੋਵੇ ਪ੍ਰਮਾਤਮਾ ਨੂੰ ਜ਼ਰੂਰ ਪਾ ਲੈਂਦਾ ਹੈ।

ਹਰਦੁਵਾਰ ਦੀ ਸਾਖੀ

ਇਸ ਮਗਰੋਂ ਗੁਰੂ ਜੀ ਆਪਣੇ ਮਿਸ਼ਨ ਦੇ ਪ੍ਰਚਾਰ ਲਈ ਹਰਦੁਵਾਰ ਪਹੁੰਚੇ। ਇਥੇ ਚਾਰਾਂ ਕੁੰਟਾਂ ਦੇ ਲੋਕ ਆਪਣੇ ਕੀਤੇ ਪਾਪਾਂ ਨੂੰ ਧੋਣ ਲਈ ਆਏ ਹੋਏ ਸਨ। ਗੁਰੂ ਜੀ ਨੇ ਵੇਖਿਆ ਕਿ ਭਾਵੇਂ ਉਹ ਆਪਣੇ ਸਰੀਰ ਨੂੰ ਪਾਣੀ ਨਾਲ ਸਾਫ ਕਰ ਰਹੇ ਹਨ ਪਰ ਉਹਨਾਂ ਦੇ ਮਨ ਮੈਲੇ ਹੀ ਰਹਿੰਦੇ ਹਨ। ਉਹਨਾਂ 'ਚੋਂ ਕੋਈ ਵੀ ਮਨ ਦੀ ਚੰਚਲਤਾ ਤੇ ਕਾਬੂ ਨਹੀਂ ਪਾ ਸਕਦਾ ਅਤੇ ਨਾ ਹੀ ਉਹ ਪ੍ਰੇਮ ਅਤੇ ਭਗਤੀ ਦੇ ਪਾਣੀ ਵਿੱਚ ਆਪਣਾ ਸਰੀਰ ਸਾਫ ਕਰਦੇ ਸਨ। ਜਦੋਂ ਉਹ ਲੋਕ ਪੂਰਬ ਵੱਲ ਨੂੰ ਵਡੇਰਿਆਂ ਦੇ ਪਿੱਤਰਾਂ ਲਈ ਜਲ ਸੁੱਟ ਰਹੇ ਸੀ ਤਾਂ ਗੁਰੂ ਜੀ ਵੀ ਉਹਨਾਂ ਵਿੱਚ ਜਾ ਕੇ ਪੱਛਮ ਵੱਲ ਨੂੰ ਪਾਣੀ ਸੁੱਟਣ ਲੱਗ ਗਏ। ਜਦੋਂ ਗੁਰੂ ਜੀ ਇਸ ਤਰ੍ਹਾਂ ਪਾਣੀ ਸੁੱਟ ਰਹੇ ਸੀ ਤਾਂ ਕਿੰਨੇ ਹੀ ਲੋਕ ਉਹਨਾਂ ਦੇ ਦੁਆਲੇ ਆ ਖੜੇ ਹੋਏ। ਲੋਕ ਹੈਰਾਨ ਹੋ ਕੇ ਪੁੱਛਣ ਲੱਗੇ ਕਿ ਇਹ ਕੀ ਕਰਦੇ ਹਨ? ਕੀ ਇਹ ਹਿੰਦੂ ਹਨ ਕਿ ਮੁਸਲਮਾਨ? ਜੇ ਇਹ ਮੁਸਲਮਾਨ ਹਨ ਤਾਂ ਹਿੰਦੂਆਂ ਦੇ ਤੀਰਥ ਤੇ ਕਿਉਂ ਆਏ? ਅਤੇ ਜੇ ਇਹ ਹਿੰਦੂ ਹਨ ਤਾਂ ਫੇਰ ਚੜ੍ਹਦੇ ਦੀ ਥਾਂ ਲਹਿੰਦੇ ਵੱਲ ਪਾਣੀ ਕਿਉਂ ਦੇ ਰਹੇ ਹਨ ? ਅਤੇ ਸਵਾਲਾਂ ਦੇ ਜਵਾਬ ਦੇਣ ਤੋਂ ਪਹਿਲਾਂ ਗੁਰੂ ਜੀ ਨੇ ਉਹਨਾਂ ਨੂੰ ਪੁੱਛਿਆ ਕਿ ਤੁਸੀਂ ਪੂਰਬ ਵੱਲ ਪਾਣੀ ਕਿਉਂ ਦਿੰਦੇ ਹੋ? ਤੁਸੀਂ ਇਹ ਪਾਣੀ ਕਿਸ ਨੂੰ ਪਹੁੰਚਾ ਰਹੇ ਹੋ ਅਤੇ ਕਿਸ ਨੂੰ ਦੇ ਰਹੇ ਹੋ? ਉਹਨਾਂ ਨੇ ਉੱਤਰ ਦਿੱਤਾ ਕਿ ਅਸੀਂ ਵਡੇਰਿਆਂ ਤੇ ਪਿੱਤਰਾਂ ਨੂੰ ਇਹ ਪਾਣੀ ਦੇ ਰਹੇ ਹਾਂ ਜਿਸ ਨਾਲ ਉਹ ਖੁਸ਼ ਹੋ ਜਾਂਦੇ ਹਨ ਅਤੇ ਸਾਨੂੰ ਵੀ ਪ੍ਰਸੰਨਤਾ ਮਿਲੇਗੀ।

ਫੇਰ ਗੁਰੂ ਜੀ ਨੇ ਪੁੱਛਿਆ ਕਿ ਤੁਹਾਡੇ ਵਡੇਰੇ ਕਿੰਨੀ ਦੂਰ ਰਹਿੰਦੇ ਹਨ? ਉਹਨਾਂ 'ਚੋਂ ਇੱਕ ਪੜ੍ਹੇ ਲਿਖੇ ਨੇ ਜਵਾਬ ਦਿੱਤਾ ਕਿ ਇਥੋਂ ਹਜ਼ਾਰਾਂ ਮੀਲਾਂ ਦੀ ਵਿੱਥ ਤੇ ਹਨ। ਗੁਰੂ ਜੀ ਫੇਰ ਪਾਣੀ ਦੇ ਬੁਕ ਭਰ ਭਰ ਪੱਛਮ ਵੱਲ ਸੁੱਟਣ ਲੱਗ ਗਏ। ਉਹਨਾਂ ਲੋਕਾਂ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਸਾਡੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ ਅਤੇ ਨਾ ਹੀ ਤੁਸੀਂ ਆਪਣੇ ਬਾਰੇ 'ਚ ਸਾਨੂੰ ਕੁਝ ਦਸਿਆ ਹੈ?

ਗੁਰੂ ਜੀ ਨੇ ਜਵਾਬ ਵਿੱਚ ਕਿਹਾ ਕਿ 'ਅਸੀਂ ਪੱਛਮ 'ਚੋਂ ਆਏ ਹਾਂ ਆਉਣ ਤੋਂ ਪਹਿਲਾਂ ਅਸੀਂ ਫਸਲ ਬੀਜੀ ਸੀ ਅਤੇ ਉਸ ਫਸਲ ਨੂੰ ਪਾਣੀ ਦੇਣ ਲਈ ਪਿੱਛੇ ਕਿਸੇ ਨੂੰ ਵੀ ਨਹੀਂ ਛੱਡ ਕੇ ਆਏ ਇਸ ਲਈ ਮੈਂ ਇਹ ਪਾਣੀ ਆਪਣੀ ਖੇਤੀ ਨੂੰ ਦੇ ਰਿਹਾ ਹਾਂ ਤਾਂ ਕਿ ਉਹ ਸੁੱਕ ਨਾ ਜਾਵੇ। ਸਾਡਾ ਖੇਤ ਇੱਕ ਟਿੱਬੇ ਤੇ ਉੱਚੀ ਥਾਂ ਤੇ ਹੈ ਜਿੱਥੇ ਮੀਂਹ ਦਾ ਪਾਣੀ ਨਹੀਂ ਜਾਂਦਾ ਇਸੇ ਲਈ ਇਹ ਤਰੀਕਾ ਵਰਤ ਰਿਹਾ ਹਾਂ।' ਜਦੋਂ ਲੋਕਾਂ ਨੇ ਇਹ ਗੱਲ ਸੁਣੀ ਤਾਂ ਉਨ੍ਹਾਂ ਨੇ ਕਿਹਾ ਕਿ ਇਹ ਤਾਂ ਪਾਗਲ ਹੈ। ਫੇਰ ਉਹ ਕਹਿਣ ਲੱਗੇ, 'ਤੁਹਾਡਾ ਇਹ ਪਾਣੀ ਫਜ਼ੂਲ ਹੀ ਹੈ ਇਹ ਤੁਹਾਡੀ ਫਸਲ 'ਚ ਕਿਸੇ ਤਰ੍ਹਾਂ ਵੀ ਨਹੀਂ ਪਹੁੰਚ ਸਕਦਾ।' ਫੇਰ ਆਪਸ ਵਿਚ ਕਹਿਣ ਲੱਗੇ, 'ਦੇਖੋ ਇਹਦੀ ਫਸਲ ਤਾਂ ਕਿੱਥੇ ਹੈ ਅਤੇ ਉਥੇ ਪਾਣੀ ਕਿਵੇਂ ਪਹੁੰਚੇਗਾ।'

ਉਹ ਫੇਰ ਗੁਰੂ ਜੀ ਨੂੰ ਸਮਝਾਉਣ ਲੱਗੇ 'ਤੁਹਾਨੂੰ ਬਿਲਕੁਲ ਸਮਝ ਨਹੀਂ ਹੈ ਤੁਹਾਡੀ ਫਸਲ ਤਾਂ ਇਸ ਤਰ੍ਹਾਂ ਪਾਣੀ ਦੇਣ ਨਾਲ ਕਦੇ ਵੀ ਹਰੀ ਨਹੀਂ ਹੋ ਸਕਦੀ।' ਗੁਰੂ ਜੀ ਨੇ ਜਵਾਬ ਦਿੱਤਾ, 'ਤੁਸੀਂ ਪ੍ਰਮਾਤਮਾ ਨੂੰ ਭੁਲਾਇਆ ਹੋਇਆ ਹੈ, ਬਿਨਾਂ ਪ੍ਰੇਮ ਅਤੇ ਭਗਤੀ

ਤੋਂ ਤੁਹਾਡੇ ਮਨ ਪੁਠੇ ਰਾਹਾਂ ਤੇ ਪਏ ਹੋਏ ਹਨ। ਮੇਰੀ ਫਸਲ ਤਾਂ ਨਜ਼ਦੀਕ ਹੀ ਹੈ, ਤੁਸੀਂ ਕਹਿੰਦੇ ਹੋ ਪਾਣੀ ਫਸਲ ਨੂੰ ਨਹੀਂ ਪਹੁੰਚ ਸਕਦਾ ਪਰ ਤੁਹਾਡੇ ਵਡੇਰੇ ਤਾਂ ਬਹੁਤ ਦੂਰ ਹਨ ਫੇਰ ਤੁਸੀਂ ਕਿਵੇਂ ਇਹ ਪਾਣੀ ਉਹਨਾਂ ਨੂੰ ਪਹੁੰਚਾ ਸਕਦੇ ਹੋ ਅਤੇ ਕਿਵੇਂ ਇਹ ਪਾਣੀ ਉਹਨਾਂ ਲਈ ਫਾਇਦਾ ਦੇ ਸਕਦਾ ਹੈ? ਤੁਸੀਂ ਮੈਨੂੰ ਕਹਿੰਦੇ ਹੋ ਕਿ ਮੈਨੂੰ ਸਮਝ ਨਹੀਂ ਪਰ ਤੁਸੀਂ ਪੂਰੇ ਬੇਵਕੂਫ ਹੋ।' ਕੁਝ ਦੇਰ ਬਾਦ ਗੁਰੂ ਜੀ ਨੇ ਫੇਰ ਕਿਹਾ, 'ਹਿੰਦੂ ਨਰਕਾਂ ਵਿੱਚ ਜਾ ਰਹੇ ਹਨ। ਕਾਲ ਉਹਨਾਂ ਨੂੰ ਬੇਤਰਸੀ ਨਾਲ ਸਜ਼ਾ ਦੇਵੇਗਾ।'

ਇਕ ਪੰਡਤ ਨੇ ਜਵਾਬ ਦਿੱਤਾ, 'ਜੋ ਰੱਬ ਦੀ ਪੂਜਾ ਕਰਦੇ ਹਨ ਉਹ ਨਰਕਾਂ ਨੂੰ ਕਿਵੇਂ ਜਾ ਸਕਦੇ ਹਨ?' ਪਹਿਲਾਂ ਤਾਂ ਤੁਸੀਂ ਸਾਡੇ ਰਸਮ-ਰਿਵਾਜ ਦੇ ਉਲਟ ਕੰਮ ਕੀਤਾ ਅਤੇ ਹੁਣ ਤੁਸੀਂ ਇਹ ਕਹਿਣ ਦੀ ਦਲੇਰੀ ਕੀਤੀ ਹੈ ਕਿ ਅਸੀਂ ਨਰਕਾਂ ਨੂੰ ਜਾ ਰਹੇ ਹਾਂ।' ਗੁਰੂ ਜੀ ਨੇ ਕਿਹਾ, 'ਹਾਂ ਇਹ ਠੀਕ ਹੈ ਪਰ ਜੇ ਤੁਸੀਂ ਰੱਬ ਦਾ ਨਾਂ ਪਿਆਰ ਸਹਿਤ ਲੈਂਦੇ ਹੋ ਤਾਂ ਤੁਸੀਂ ਨਰਕਾਂ ਨੂੰ ਨਹੀਂ ਜਾਵੋਗੇ। ਪਰ ਜਦੋਂ ਤੁਸੀਂ ਹੱਥ ਵਿੱਚ ਮਾਲਾ ਫੜ ਕੇ ਮਣਕੇ ਗਿਣਨ ਲੱਗ ਜਾਂਦੇ ਹੋ ਅਤੇ ਤੁਹਾਡਾ ਚੰਚਲ ਮਨ ਵਿਵਹਾਰਕ ਕੰਮਾਂ ਵਿੱਚ ਉਲਝ ਕੇ ਭਟਕਦਾ ਰਹਿੰਦਾ ਹੈ। ਤੁਹਾਡੀਆਂ ਮਾਲਾਂ ਸਿਰਫ ਵਿਖਾਵੇ ਲਈ ਹਨ ਅਤੇ ਤੁਹਾਡੇ ਮਣਕਿਆਂ ਦੀ ਗਿਣਤੀ ਕੇਵਲ ਇੱਕ ਪਖੰਡ ਹੈ। ਤੁਹਾਡੇ ਵਿਚੋਂ ਇੱਕ ਮੁਲਤਾਨ ਵਿੱਚ ਆਪਣੇ ਰੁਜਗਾਰ ਬਾਰੇ ਸੋਚ ਰਿਹਾ ਹੈ ਅਤੇ ਦੂਜਾ ਆਪਣੇ ਵਿਉਪਾਰ ਲਈ ਕਾਬਲ ਵਿੱਚ ਅਤੇ ਤੀਜਾ ਦਿੱਲੀ ਵਿੱਚ ਕਿ ਕਿੰਨਾਂ ਨਫਾ ਹੋਵੇਗਾ।'

ਜਦੋਂ ਲੋਕਾਂ ਨੇ ਵੇਖਿਆ ਕਿ ਗੁਰੂ ਜੀ ਨੇ ਉਹਨਾਂ ਦੇ ਸਾਰੇ ਖਿਆਲਾਂ ਨੂੰ ਜਾਣ ਲਿਆ ਹੈ ਤਾਂ ਉਹ ਗੁਰੂ ਜੀ ਨੂੰ ਕੋਈ ਦੇਵਤਾ ਖਿਆਲ ਕਰਨ ਲੱਗੇ ਅਤੇ ਕਿਹਾ ਕਿ ਮਹਾਰਾਜ ਸਾਨੂੰ ਬਖਸ਼ ਲਵੋ ਅਤੇ ਆਪਣੇ ਚੇਲੇ ਬਣਾ ਕੇ ਸਾਨੂੰ ਮੁਕਤੀ ਦਾਨ ਦੇਵੋ।

ਇੱਕ ਪੰਡਤ ਦਾ ਚੌਂਕਾ ਭਿਟਣਾ

ਗੁਰੂ ਜੀ ਨੂੰ ਖਾਣਾ ਬਨਾਉਣ ਲਈ ਅੱਗ ਦੀ ਲੋੜ ਪਈ ਤਾਂ ਉਹ ਇੱਕ ਪੰਡਤ ਦੇ ਚੌਂਕੇ 'ਚ ਜਾ ਪਹੁੰਚੇ। ਪੰਡਤ ਗੁੱਸੇ 'ਚ ਆਪਣੇ ਆਪ ਤੋਂ ਬਾਹਰ ਹੁੰਦਾ ਹੋਇਆ ਗੁਰੂ ਜੀ ਨੂੰ ਕਹਿਣ ਲੱਗਾ ਕਿ ਤੁਸੀਂ ਮੇਰਾ ਖਾਣਾ ਭਿੱਟ ਦਿੱਤਾ ਹੈ। ਗੁਰੂ ਜੀ ਨੇ ਜਵਾਬ ਦਿੱਤਾ ਕਿ ਤੇਰਾ ਖਾਣਾ ਤਾਂ ਪਹਿਲਾਂ ਹੀ ਭਿੱਟਿਆ ਹੋਇਆ ਸੀ। ਇਸ ਤੇ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਫੁਰਮਾਇਆ :

'ਕੁਬੁਧਿ ਭੂਮਣੀ ਕੁਦਇਆ ਕਸਾਇਣ।
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ।
ਕਾਰੀ ਕਢੀ ਥੀਐ ਜਾਂ ਚਾਰੇ ਬੈਠੀਆ ਨਾਲਿ।
ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇ ਹੀ।
ਨਾਨਕ ਅਗੈ ਉਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ।੧।' (ਆ: ਗ੍ਰੰ: ਪੰ: ੯੧)
(ਸਲੋਕ ਮ: ੧ ਵਾਰ ਸਿਰੀ ਰਾਗ)

ਅਜੇ ਗੁਰੂ ਜੀ ਹਰਦਵਾਰ ਵਿੱਚ ਹੀ ਸਨ ਤਾਂ ਪੰਡਤਾਂ ਨੇ ਜ਼ੋਰ ਪਾਇਆ ਕਿ ਤੁਸੀਂ ਦੁਬਾਰਾ ਹਿੰਦੂ ਧਰਮ ਕਬੂਲ ਕਰ ਲਵੋ। ਪੰਡਤ ਦੱਸਣ ਲੱਗੇ ਕਿ ਬਲੀਆਂ ਦੇਣ, ਹੋਮ

ਕਰਨ ਅਤੇ ਮੜ੍ਹੀਆਂ, ਦੇਵੀਆਂ, ਦੇਵਤਿਆਂ ਨੂੰ ਪੂਜਣ ਨਾਲ ਕਿੰਨੇ ਆਤਮਕ ਫਾਇਦੇ ਹੁੰਦੇ ਹਨ। ਗੁਰੂ ਜੀ ਨੇ ਉੱਤਰ ਦਿੱਤਾ ਕਿ ਇਸ ਦੁਨੀਆਂ ਤੇ ਜੋ ਲੋਕ ਪ੍ਰਮਾਤਮਾ ਦੀ ਪੂਜਾ ਕਰਦੇ ਹਨ ਅਤੇ ਨਿਮਰਤਾ ਧਾਰਨ ਕਰਦੇ ਹਨ ਉਹਨਾਂ ਨੂੰ ਹੀ ਖਾਣਾ ਖਵਾਉਣਾ, ਬਲੀਦਾਨ ਅਤੇ ਜਗ ਹੋਮ ਦੇ ਬਰਾਬਰ ਹੈ। ਜਿੱਥੇ ਪ੍ਰਮਾਤਮਾ ਦੀ ਪੂਜਾ ਹੁੰਦੀ ਹੈ ਉਥੇ ਹੀ ਗੋਰਾਂ ਮੜ੍ਹੀਆਂ, ਦੇਵੀ-ਦੇਵਤਿਆਂ ਅਤੇ ਮੂਰਖ ਪੁਜਾਰੀਆਂ ਦੀ ਘੱਟ ਪੂਜਾ ਹੁੰਦੀ ਹੈ। ਗੁਰੂ ਜੀ ਨੇ ਕਿਹਾ ਕਿ ਜੋ ਆਪਣੀ ਪੂਜਾ ਆਪ ਕਰਵਾਉਂਦੇ ਹਨ ਉਹ ਆਪਣੇ ਆਪ ਨੂੰ ਇਸ ਤਰ੍ਹਾਂ ਤਬਾਹ ਕਰ ਬੈਠਦੇ ਹਨ ਜਿਵੇਂ ਮੱਖੀਆਂ ਬੈਠਣ ਨਾਲ ਮਠਿਆਈ ਤਬਾਹ ਹੋ ਜਾਂਦੀ ਹੈ।

ਪਾਨੀਪਤ 'ਚ ਸ਼ੇਖ ਸ਼ਰਫ ਦੇ ਮੁਰੀਦ ਨਾਲ

ਗੁਰੂ ਨਾਨਕ ਦੇਵ ਜੀ ਅਤੇ ਮਰਦਾਨਾ ਉਸ ਪਿੱਛੋਂ ਪਾਨੀਪਤ ਲਈ ਰਵਾਨਾ ਹੋ ਗਏ। ਪਾਨੀਪਤ ਉਹ ਜਗ੍ਹਾ ਹੈ ਜੋ ਭਾਰਤ ਦੀ ਤਵਾਰੀਖ ਵਿੱਚ ਇੱਕ ਉੱਘੀ ਥਾਂ ਹੈ। ਇਥੇ ਹੀ ਤਿੰਨ ਵੱਡੀਆਂ ਲੜਾਈਆਂ ਸਹੀ ਫੈਸਲਾ ਕਰਨ ਲਈ ਹੋਈਆਂ ਸਨ। ਉਸ ਵਕਤ ਸ਼ੇਖ ਸ਼ਰਫ ਦੀ ਗੱਦੀ ਤੇ ਇੱਕ ਮੁਸਲਮਾਨ ਪੀਰ ਸੀ। ਉਸਦਾ ਇੱਕ ਮੁਰੀਦ ਟਟੀਹਰੀ ਨਾਮ ਦੇ ਇੱਕ ਪੀਰ ਲਈ ਉਸ ਖੂਹ ਤੋਂ ਇੱਕ ਪਾਣੀ ਦਾ ਬਰਤਨ ਭਰਨ ਆਇਆ ਜਿਸਦੇ ਨੇੜੇ ਗੁਰੂ ਜੀ ਅਤੇ ਮਰਦਾਨਾ ਅਰਾਮ ਕਰ ਰਹੇ ਸਨ। ਗੁਰੂ ਜੀ ਨੇ ਈਰਾਨੀ ਟੋਪੀ ਅਤੇ ਨਾ ਪਛਾਣੇ ਜਾਣ ਵਾਲੇ ਕੱਪੜੇ ਪਹਿਨੇ ਹੋਏ ਸਨ। ਜਿਸਨੂੰ ਸ਼ੇਖ ਟਟੀਹਰੀ ਨੇ ਈਰਾਨੀ ਸੰਤਾਂ ਦਾ ਪਹਿਰਾਵਾ ਸਮਝਿਆ। ਇਸ ਲਈ ਸ਼ੇਖ ਟਟੀਹਰੀ ਨੇ ਗੁਰੂ ਜੀ ਨੂੰ ਮੁਸਲਮਾਨੀ ਢੰਗ ਨਾਲ ਕਿਹਾ, 'ਸਲਾਮ ਅਲੈਕੁਮ' (ਪ੍ਰਮਾਤਮਾ ਤੁਹਾਨੂੰ ਸੁਖੀ ਰਖੇ) ਗੁਰੂ ਜੀ ਨੇ ਉੱਤਰ ਦਿੱਤਾ, 'ਸਲਾਮ ਅਲੇਖ ਕੋ' ਭਾਵ ਉਸ ਨਾ-ਨਜ਼ਰ ਆਉਣ ਵਾਲੇ ਨੂੰ ਸਲਾਮ। ਸ਼ੇਖ ਟਟੀਹਰੀ ਨੂੰ ਹੈਰਾਨੀ ਹੋਈ ਕਿ ਅੱਜ ਤੱਕ ਉਸਦੇ 'ਸਲਾਮ' ਨੂੰ ਕਿਸੇ ਨੇ ਨਹੀਂ ਸੀ ਵਿਗਾੜਿਆ। ਟਟੀਹਰੀ ਨੇ ਆਪਣੇ ਪੀਰ ਸ਼ੇਖ ਕੋਲ ਜਾ ਕੇ ਕਿਹਾ ਕਿ ਮੈਨੂੰ ਇਕ ਦਰਵੇਸ਼ ਮਿਲਿਆ ਜਿਸਨੇ ਮੁਸਲਮਾਨੀ ਸਲਾਮ ਤੇ ਤਰਕ ਕਰਨ ਦਾ ਹੌਸਲਾ ਕੀਤਾ ਹੈ। ਇਹ ਸੁਣ ਕੇ ਸ਼ੇਖ ਨੇ ਸੋਚਿਆ ਕਿ ਮੈਂ ਆਪ ਉਸ ਨੂੰ ਜਾ ਕੇ ਵੇਖਾਂ ਜਿਸ ਨੇ ਨਾ ਨਜ਼ਰ ਆਉਣ ਵਾਲੇ (ਪ੍ਰਮਾਤਮਾ) ਨੂੰ ਸਲਾਮ ਕੀਤਾ ਹੈ ਅਤੇ ਉਸ ਕੋਲ ਜਾ ਕੇ ਪੁੱਛਾਂ ਕਿ ਤੂੰ ਉਸ ਰੱਬ ਬਾਰੇ ਕੀ ਜਾਣਦਾ ਹੈ ?

ਸ਼ੇਖ ਨੇ ਉਥੇ ਜਾ ਕੇ ਗੁਰੂ ਜੀ ਨੂੰ ਪੁੱਛਿਆ 'ਤੁਹਾਡੀ ਪੁਸ਼ਾਕ ਕਿਸ ਧਰਮ ਨਾਲ ਸਬੰਧ ਰੱਖਦੀ ਹੈ? ਅਤੇ ਤੁਸੀਂ ਧਰਮ ਦੀ ਰੀਤ ਅਨੁਸਾਰ ਆਪਣੇ ਸਿਰ ਦੇ ਵਾਲ ਕਿਉਂ ਨਹੀਂ ਕਟਾਏ। ਗੁਰੂ ਜੀ ਨੇ ਉੱਤਰ ਦਿੱਤਾ :

'ਮਨੁਆ ਮੂੰਡੇ ਤਬਿ ਮੂੰਡ ਮੁੰਡਾਏ।
ਬਿਨੁ ਮਨ ਮਾਨੇ ਜੁਗਤ ਨ ਪਾਏ।
ਮੂੰਡ ਕਟ ਗੁਰੂ ਆਗੇ ਧਰੇ।
ਮਨ ਮਤਿ ਤਿਆਗਿ ਗੁਰੂ ਕੀ ਮਤਿ ਤਰੇ।
ਮੂੰਡ ਮੁੰਡਾਇ ਹੋਇ ਸਭ ਰੇਨਾ।

ਸੋ ਬੈਰਾਗੀ ਪਰਖੈ ਗੁਰ ਕੇ ਬੈਨਾ।
ਮੂੰਡ ਮੁੰਡਾਏ ਕੀ ਇਹ ਗਤਿ ਭਾਈ।
ਕੋ ਬਿਰਲਾ ਗੁਰ ਮਤਿ ਮੂੰਡ ਮੁੰਡਾਈ।
ਸੁਆਦ ਸਨੇਹ ਮਮਤਾ ਸਭ ਤਜਿ ਗਈਅੰ।
ਤਉ ਨਾਨਕ ਇਹ ਬਿਧਿ ਕੁਲਹ ਪਹਿਰੀਅੰ।੧।'

ਸ਼ੇਖ ਨੇ ਫੇਰ ਪੁੱਛਿਆ ਕਿ ਤੁਸੀਂ ਕਿਸ ਧਰਮ ਨਾਲ ਸਬੰਧ ਰੱਖਦੇ ਹੋ? ਗੁਰੂ ਜੀ ਨੇ ਉੱਤਰ ਦਿੱਤਾ :

'ਪੀਰ ਮਤਿ ਮੁਰੀਦ ਹੋਇ ਰਹਿਨੰ।
ਖਫਨੀ ਟੋਪੀ ਮਨਿ ਸਬਦੁ ਗਹਿਨੰ।
ਬੈਹਤਾ ਦਰੀਆਉ ਕਰਿ ਰਹੈ ਬਰੇਤੀ।
ਸਹਜਿ ਬੈਸਿ ਤਹਾਂ ਸੁਖ ਮਨਾਤੀ।
ਹਰਖ ਸੋਗੁ ਕੀਨਾ ਅਹਾਰੰ।
ਪਹਿਰੇ ਖਫਨੀ ਸਭ ਦੁਸਟਿ-ਬਿਡਾਰੰ।
ਸੁੰਨ-ਨਗਰ ਲੈ ਬਸਤੀ ਰਹਾਈ।
ਤਉ ਕਫਨੀ ਕੀ ਜੁਗਤਿ ਪਾਈ।
ਕੁਟੰਬੁ ਛੋਦਿ ਹੂਆ ਇਕੇਲਾ।
ਨਾਨਕ ਪਹਿਰ ਕਫਨੀ ਭਇਆ ਸੁਹੇਲਾ।'

ਇਸ ਪਿੱਛੋਂ ਸ਼ੇਖ ਨੇ ਪੁੱਛਿਆ ਕਿ ਤੁਹਾਡੀ ਲੰਗੋਟੀ ਕਿਸ ਧਰਮ ਦੀ ਹੈ? ਗੁਰੂ ਜੀ ਨੇ ਕਿਹਾ :

'ਗੁਰੂ ਸਬਦੁ ਦੀਖਿਆ ਮਹਿ ਸਹਜਿ ਗਹਿਨੰ।
ਪੰਚ ਇੰਦਰੰ ਦਲਿ ਅਟਲ ਰਹਿਨੰ।
ਦ੍ਰਿਸ਼ਟਿ ਬੰਧਿ ਭਰਮਤਾ ਰਹੀਅੰ।
ਦਸਹੀ ਦੁਆਰੇ ਤਾਲੇ ਚੜੀਅੰ।
ਅਫਸਰ ਹਾਟ ਜਰਾ ਨ ਮਰਨੰ।
ਪਹਿਰ ਲੰਗੋਟੀ ਰਹੈ ਇਕੇਲਾ।
ਉਲਟਿ ਲੰਬਿ ਕਾ ਪੀਵੇ ਉਵਾ ਜਲਾ।
ਬਲੰਦ ਮਤਿ ਗੁਰ ਹਿਰੀ ਛੋਟੀ।
ਇਹੋ ਜੁਗਤਿ ਨਾਨਕ ਪਹਿਰਿਬੋ ਲੰਗੋਟੀ।'

ਫੇਰ ਸ਼ੇਖ ਨੇ ਕਿਹਾ ਕਿ ਦੱਸੋ ਤੁਹਾਡੇ ਇਹ ਪਊਏ ਕਿਸ ਮਤਿ ਦੇ ਹਨ? ਗੁਰੂ ਜੀ ਨੇ ਕਿਹਾ :

'ਸਰਬ ਗਿਆਨੁ ਅਹਿਨਿਸ ਡੀਤੰ।
ਪਾਵਕ ਮਨ ਜਾਤਿ ਮਨਿ ਕੀਤੰ।
ਧਰਨਿ ਤਰਵਰ ਕੀ ਰਹਿਤ ਰਹਿਨੰ।
ਕਾਟਨੁ ਖੋਦਨੁ ਮਨ ਮਹਿ ਸਹਨੰ।

ਦਰਿਆਉ ਸੈਲੇ ਗੀਤਿ ਬਾਛੈ।
ਭਾਇ ਭਾਇ ਉਹੁ ਕਰੈ ਹਾਛੈ।
ਇਹ ਮਥਨ ਮਥਿ ਕੈ ਰਹੇ ਉਪਰਾਮੰ।
ਸਉ ਸਹਜਿ ਪਾਉ ਪੇਸ ਹੋਇ ਬ੍ਰਹਮੰ।
ਬਿਨ ਬ੍ਰਹਮ ਚੀਨੇ ਪਾਉ ਪੋਸਤਿ ਆਗੇ।
ਕਹੈ ਨਾਨਕ ਉਹੁ ਤਿੜਿ ਨ ਲਾਗੇ।'

ਇਸ ਪਿੱਛੋਂ ਸ਼ੇਖ ਨੇ ਕਿਹਾ 'ਕ੍ਰਿਪਾ ਕਰਕੇ ਦਸੋ ਕਿ ਦਰਵੇਸ਼ ਕਿਸ ਨੂੰ ਕਹਿੰਦੇ ਹਨ ਅਤੇ ਇਸ ਦੀ ਕੀ ਪਛਾਣ ਹੈ? ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ ਅਤੇ ਹੇਠ ਲਿਖਿਆ ਸ਼ਬਦ ਉਚਾਰਿਆ :

'ਜੀਵਤ ਮਰੈ ਜਾਗਤ ਫੁਨਿ ਸੋਵੈ ਜਾਨਤ ਆਪੁ ਮੁਸਾਵੈ।
ਸਫਨ ਸਫਾ ਹੋਇ ਮਿਲੈ ਖਾਲਕ ਕਉ ਤਉ ਦਰਵੇਸੁ ਕਹਾਵੈ।੧।
ਤੇਰਾ ਜਨੁ ਹੈ ਕੋ ਐਸਾ ਦਿਲਿ ਦਰਵੇਸੁ।
ਸ਼ਾਦੀ ਗ਼ਮੀ ਤਮਕ ਨਹੀ ਗੁਸਾ
ਖੁਦੀ ਹਿਰਸ ਨਹੀ ਏਸੁ। ਰਹਾਉ।
ਕੰਚਨ ਖਾਕੁ ਬਰਾਬਰ ਦੇਖੈ ਹਕੁ ਹਲਾਲ ਪਛਾਣੈ।
ਆਈ ਤਲਬ ਸਾਹਿਬ ਕੀ ਮਾਨੈ ਅਵਰ ਤਲਬ ਨਹੀਂ ਜਾਨੈ।੨।
ਗਗਨ ਮੰਡਲ ਮਹਿਲ ਆਸਣਿ ਬੈਠੇ ਅਨਹਦੁ ਵਜਾਵੈ।
ਕਹੁ ਨਾਨਕ ਸਾਧੂ ਕੀ ਮਹਿਮਾ ਬੇਦ ਕੁਰਾਨੁ ਨ ਪਾਵੈ।੩।[1]

ਅਖ਼ੀਰ 'ਚ ਸ਼ੇਖ ਨੇ ਕਿਹਾ, 'ਖੁਦਾ ਦੇ ਬੰਦਿਆਂ ਦੀ ਹੋਰ ਕੀ ਪਰਖ ਕਰਨੀ ਚਾਹੀਦੀ ਹੈ। ਉਹਨਾਂ ਦੇ ਦਰਸ਼ਨ ਹੀ ਬਹੁਤ ਹਨ।' ਫੇਰ ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਗੁਰੂ ਜੀ ਦੇ ਪੈਰ ਚੁੰਮ ਕੇ ਚਲਾ ਗਿਆ।

ਦਿੱਲੀ 'ਚ ਇਬਰਾਹੀਮ ਲੋਧੀ ਨਾਲ

ਗੁਰੂ ਜੀ ਤੁਰਦੇ ਤੁਰਦੇ ਦਿੱਲੀ ਜਾ ਪਹੁੰਚੇ। ਉਸ ਵਕਤ ਸੁਲਤਾਨ ਇਬਰਾਹੀਮ ਲੋਧੀ ਦਾ ਰਾਜ ਸੀ। ਉਸ ਵੇਲੇ ਬਾਦਸ਼ਾਹ ਦਾ ਇਕ ਹਾਥੀ ਮਰਿਆ ਪਿਆ ਸੀ। ਮਹਾਵਤ ਹਾਥੀ ਦੇ ਮਰਨ ਤੇ ਰੋ ਰਹੇ ਸਨ ਕਿਉਂਕਿ ਹਾਥੀ ਦੀ ਸੇਵਾ ਕਰਕੇ ਹੀ ਉਹਨਾਂ ਦੀ ਰੋਜੀ ਬਣਦੀ ਸੀ। ਗੁਰੂ ਜੀ ਨੇ ਪੁਛਿਆ ਕਿ ਇਹ ਕਿਸਦਾ ਹਾਥੀ ਹੈ? ਉਹਨਾਂ ਨੇ ਪੂਰਬ ਦੇ ਵਸਨੀਕਾਂ ਵਾਂਗ ਜਵਾਬ ਦਿੱਤਾ, 'ਜੀ ਇਹ ਬਾਦਸ਼ਾਹ ਦਾ ਹਾਥੀ ਸੀ ਪਰ ਉਂਝ ਤਾਂ ਇਹ ਸਾਰੀਆਂ ਚੀਜ਼ਾਂ ਰੱਬ ਦੀਆਂ ਹਨ।' ਗੁਰੂ ਜੀ ਨੇ ਕਿਹਾ, 'ਹਾਥੀ ਜਿਊਂਦਾ ਹੈ ਉਸਦੇ ਮੱਥੇ ਨੂੰ ਜਾ ਕੇ ਆਪਣੇ ਹੱਥਾਂ ਨਾਲ ਘੁਟੋ ਅਤੇ 'ਵਾਹਿਗੁਰੂ' ਦਾ ਨਾਮ ਜਪੋ।' ਕਹਿੰਦੇ ਹਨ ਜਦੋਂ ਮਹਾਵਤਾਂ

1. ਸ਼ੇਖ ਸਰਫ ਨਾਲ ਵਾਰਤਾ 'ਚ ਦਿੱਤੀ ਬਾਣੀ ਆਦਿ ਗ੍ਰੰਥ 'ਚ ਨਹੀਂ ਹੈ।

ਨੇ ਜਿਸ ਤਰ੍ਹਾਂ ਗੁਰੂ ਜੀ ਨੇ ਕਿਹਾ ਸੀ ਜਾ ਕੇ ਕੀਤਾ ਤਾਂ ਇਹ ਵੇਖ ਕੇ ਸਾਰੇ ਹੈਰਾਨ ਹੋ ਗਏ ਕਿ ਹਾਥੀ ਉਠ ਖੜਾ ਹੋਇਆ ਸੀ। ਜਦੋਂ ਸੁਲਤਾਨ ਲੋਧੀ ਨੂੰ ਇਸ ਚਮਤਕਾਰ ਦਾ ਪਤਾ ਲੱਗਾ ਤਾਂ ਉਸ ਨੇ ਕਿਹਾ ਕਿ ਹਾਥੀ ਨੂੰ ਮੇਰੇ ਕੋਲ ਲਿਆਵੋ। ਬਾਦਸ਼ਾਹ ਹਾਥੀ ਤੇ ਬੈਠ ਕੇ ਗੁਰੂ ਜੀ ਕੋਲ ਆਇਆ ਅਤੇ ਪੁੱਛਿਆ ਕਿ ਤੁਸੀਂ ਹੀ ਹੋ ਜਿਨਾਂ ਨੇ ਇਸ ਹਾਥੀ ਨੂੰ ਜਿਉਂਦਾ ਕੀਤਾ ਹੈ? ਗੁਰੂ ਜੀ ਨੇ ਉੱਤਰ ਦਿੱਤਾ, 'ਪ੍ਰਮਾਤਮਾ ਹੀ ਹੈ, ਜੋ ਮਾਰਨ ਵਾਲਾ ਅਤੇ ਜਿਉਂਦਾ ਕਰਨ ਵਾਲਾ ਹੈ। ਫਕੀਰ ਤਾਂ ਸਿਰਫ ਅਰਦਾਸ ਹੀ ਕਰ ਸਕਦੇ ਹਨ ਅਤੇ ਉਸ ਵਾਹਿਗੁਰੂ ਦਾ ਕੰਮ ਹੈ ਮੇਹਰ ਕਰਨੀ।' ਫੇਰ ਸੁਲਤਾਨ ਨੇ ਪੁੱਛਿਆ ਕਿ ਜੇ ਹਾਥੀ ਮਰ ਜਾਵੇ ਤਾਂ ਕੀ ਤੁਸੀਂ ਉਸ ਵਿਚ ਦੁਬਾਰਾ ਜਾਨ ਪਾ ਸਕਦੇ ਹੋ ? ਗੁਰੂ ਜੀ ਇਹ ਨਹੀਂ ਸੀ ਚਾਹੁੰਦੇ ਕਿ ਕੋਈ ਸਾਨੂੰ ਮਦਾਰੀ ਸਮਝੇ, ਇਸ ਲਈ ਉਹਨਾਂ ਨੇ ਹੇਠ ਲਿਖਿਆ ਉੱਤਰ ਦਿੱਤਾ :

'ਮਾਰੈ ਆਪਿ ਜੀਵਾਲੈ ਸੋਈ।
ਨਾਨਕ ਏਕਸ ਬਿਨ ਅਵਰੁ ਨ ਕੋਈ।'

ਹਾਥੀ ਫੇਰ ਮਰ ਗਿਆ। ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਗੁਰੂ ਜੀ ਦੀ ਮਰਜੀ ਨਾਲ ਹੀ ਮਰਿਆ ਸੀ, ਜਿਵੇਂ ਪਹਿਲਾਂ ਗੁਰੂ ਜੀ ਨੇ ਜਿਉਂਦਾ ਕੀਤਾ ਸੀ। ਬਾਦਸ਼ਾਹ ਨੇ ਹੁਕਮ ਦਿੱਤਾ ਕਿ ਇਸਨੂੰ ਫੇਰ ਜਿਉਂਦਾ ਕਰੋ। ਗੁਰੂ ਜੀ ਨੇ ਉੱਤਰ ਦਿੱਤਾ, 'ਬਾਦਸ਼ਾਹ ਸਲਾਮਤ, ਜਦੋਂ ਲੋਹਾ ਅੱਗ ਵਿੱਚ ਰੱਖੀਏ ਤਾਂ ਉਹ ਲਾਲ ਹੋ ਜਾਂਦਾ ਹੈ ਅਤੇ ਅਸੀਂ ਥੋੜ੍ਹੀ ਦੇਰ ਲਈ ਵੀ ਉਸਨੂੰ ਹੱਥ ਵਿੱਚ ਨਹੀਂ ਫੜ ਸਕਦੇ। ਏਸ ਤਰ੍ਹਾਂ ਫਕੀਰ ਵੀ ਪ੍ਰਮਾਤਮਾ ਦੇ ਪਿਆਰ ਦੀ ਤਪਸ਼ ਵਿੱਚ ਆ ਕੇ ਲਾਲ ਹੋ ਜਾਂਦੇ ਹਨ ਅਤੇ ਉਹਨਾਂ ਕੋਲੋਂ ਜ਼ੋਰ ਨਾਲ ਕੰਮ ਨਹੀਂ ਲਿਆ ਜਾ ਸਕਦਾ।' ਦੱਸਦੇ ਹਨ ਕਿ ਸੁਲਤਾਨ ਗੁਰੂ ਜੀ ਦੇ ਇਸ ਉੱਤਰ ਤੇ ਖੁਸ਼ ਹੋਇਆ ਅਤੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੇਰੀ ਭੇਟਾ ਪ੍ਰਵਾਨ ਕਰੋ। ਇਸ ਤੇ ਗੁਰੂ ਜੀ ਇਹ ਜਵਾਬ ਦਿੱਤਾ :

'ਨਾਨਕ ਭੁਖ ਖੁਦਾਇ ਕੀ ਬਿਆ ਬੇ ਪਰਵਾਹੀ।
ਅਸਾਂ ਤਲਬ ਦੀਦਾਰ ਕੀ ਬਿਆ ਤਲਬ ਨ ਕਾਈ।

ਬਾਦਸ਼ਾਹ ਆਪਣੇ ਮਹਿਲਾਂ ਨੂੰ ਵਾਪਸ ਚਲਾ ਗਿਆ ਅਤੇ ਗੁਰੂ ਜੀ ਨੇ ਆਪਣੀ ਅਗਲੀ ਯਾਤਰਾ ਅਰੰਭ ਦਿੱਤੀ।

ਬਿੰਦਰਾਬਨ ਵਿੱਚ

ਫੇਰ ਗੁਰੂ ਜੀ ਬਿੰਦਰਾਬਨ 'ਚ ਜਾ ਪਹੁੰਚੇ। ਉਥੇ ਗੁਰੂ ਜੀ ਨੇ ਵੇਖਿਆ ਕਿ ਕ੍ਰਿਸ਼ਨ ਦੀ ਲੀਲਾ ਵਿੱਚ ਸ੍ਰੀ ਕ੍ਰਿਸ਼ਨ ਮਹਾਰਾਜ ਦੇ ਚਰਿੱਤਰਾਂ ਬਾਰੇ ਦੱਸਦੇ ਹਨ ਕਿ ਕਿਵੇਂ ਕ੍ਰਿਸ਼ਨ ਨੇ ਗੋਪੀਆਂ ਨਾਲ ਚੋਜ ਕੀਤੇ ਅਤੇ ਕਿਸ ਤਰ੍ਹਾਂ ਉਹਨਾਂ ਗੋਪੀਆਂ ਦੇ ਕੱਪੜੇ ਚੁੱਕੇ ਜਦੋਂ ਉਹ ਇਸ਼ਨਾਨ ਕਰ ਰਹੀਆਂ ਸਨ ਅਤੇ ਕਿਵੇਂ ਉਹਨਾਂ ਨੇ ਮਾਮੇ ਕੰਸ ਨੂੰ ਮਾਰਿਆ। 'ਰੱਬ ਤਾਂ ਇਕ ਹੀ ਹੈ।' ਫੇਰ ਮਰਦਾਨੇ ਨੇ ਆਪਣੇ ਸਵਾਲ ਨੂੰ ਦੁਹਰਾਇਆ, 'ਇਸ ਆਦਮੀ ਨੂੰ ਕਿਸ ਨੇ ਜਨਮ ਦਿੱਤਾ ਹੈ ਜੋ ਆਰਾਮ ਨਾਲ ਪਾਲਕੀ 'ਚ ਬੈਠਾ ਜਾ ਰਿਹਾ ਹੈ ਅਤੇ ਕਹਾਰ ਪੈਰਾਂ ਤੋਂ ਨੰਗੇ ਹਨ। ਉਹਨਾਂ ਦੀਆਂ ਲੱਤਾਂ ਵੀ ਨੰਗੀਆਂ ਹਨ ਅਤੇ ਉਹ ਸ਼ੇਖ ਨੂੰ ਮੁੱਠੀਆਂ ਭਰਦੇ ਹਨ ਅਤੇ ਪੱਖੇ ਦੀ ਝੱਲ ਮਾਰਦੇ ਹਨ।' ਗੁਰੂ ਜੀ ਨੇ ਜਵਾਬ ਵਿੱਚ ਹੇਠ ਲਿਖਿਆ ਸ਼ਬਦ ਉਚਾਰਿਆ:

'ਪੂਰਬ ਜਨਮ ਕੇ ਤਪੀਏ ਪਾਲੇ ਸਹਿਆ ਡੰਗ।
ਤਬ ਕੇ ਥਕੇ ਨਾਨਕਾ ਅਬ ਮੰਡਾਵਨਿ[1] ਅੰਗ।

ਫੇਰ ਗੁਰੂ ਜੀ ਨੇ ਕਿਹਾ, 'ਮਰਦਾਨਿਆਂ ਜੋ ਮਾਂ ਦੇ ਪੇਟੋਂ ਜਨਮ ਲੈਂਦਾ ਹੈ, ਨੰਗਾ ਹੀ ਆਉਂਦਾ ਹੈ ਇਹ ਦੁੱਖ ਸੁੱਖ ਤਾਂ ਪਿਛਲੇ ਜਨਮਾਂ ਦੇ ਕਰਮਾਂ ਦਾ ਹੀ ਫਲ ਹੈ।' ਮਰਦਾਨਾ ਇਹ ਸੁਣ ਕੇ ਗੁਰੂ ਜੀ ਦੇ ਕਦਮਾਂ ਤੇ ਗਿਰ ਗਿਆ।

ਗੋਰਖ ਮਤੇ ਦੀ ਸਾਖੀ

ਗੁਰੂ ਜੀ ਤੇ ਮਰਦਾਨਾ ਤੁਰਦੇ ਤੁਰਦੇ 'ਗੋਰਖ ਮਤੇ' ਜਾ ਪਹੁੰਚੇ। ਗੋਰਖਮਤਾ[2] ਸ਼ੂ ਪੀ. ਵਿਚ ਪੀਲੀਭੀਤ ਤੋਂ ਵੀਹ ਕੁ ਮੀਲ ਦੀ ਵਿਥ ਉੱਤੇ ਉੱਤਰ ਵਾਲੇ ਪਾਸੇ ਹੈ। ਉਥੇ ਗੁਰੂ ਜੀ ਤੇ ਮਰਦਾਨੇ ਨੇ ਇਕ ਪਿੱਪਲ ਦਾ ਦਰਖਤ ਵੇਖਿਆ ਜਿਹੜਾ ਕਈ ਮਜ਼ਹਬਾਂ ਦੇ ਇਤਿਹਾਸ ਨੂੰ ਯਾਦ ਕਰਵਾਉਂਦਾ ਹੈ। ਕਈ ਸਾਲ ਹੋ ਗਏ, ਜ਼ਿਆਦਾ ਉਮਰ ਹੋਣ ਦੇ ਕਾਰਨ ਸੁੱਕ ਗਿਆ ਸੀ ਪਰ ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਜੀ ਉਸਦੇ ਥੱਲੇ ਜਾ ਕੇ ਬੈਠੇ ਤਾਂ ਉਹ ਦਰਖਤ ਹਰਾ ਹੋ ਗਿਆ। ਗੁਰੂ ਨਾਨਕ ਦੇਵ ਜੀ ਦਾ ਜੀਵਨ ਚਰਿੱਤਰ ਲਿਖਣ ਵਾਲਾ ਲਿਖਦਾ ਹੈ ਕਿ ਇਸ ਵਕਤ ਗੁਰੂ ਜੀ ਕੋਲ ਸਿਧ ਆਏ ਅਤੇ ਗੁਰੂ ਜੀ ਨੂੰ ਪੁੱਛਣ ਲੱਗੇ, 'ਹੇ ਬਾਲੇ, ਤੂੰ ਕਿਸ ਦਾ ਚੇਲਾ ਹੈਂ ਅਤੇ ਕਿਸ ਕੋਲੋਂ ਦੀਖਿਆ ਲਈ ਹੈ?' ਗੁਰੂ ਜੀ ਨੇ ਇਹ ਸ਼ਬਦ ਫੁਰਮਾਇਆ :

'ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ।
ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ।੧।
ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ।
ਤੂੰ ਜਲਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ।੧।ਰਹਾਉ।
ਮਨੁ ਤਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ।
ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ।੨।
ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ।
ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ।੩।
ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ।
ਤਾਕੀ ਸੰਗਤਿ ਨਾਨਕੁ ਰਹਦਾ ਕਿਉਂ ਕਰਿ ਮੂੜਾ ਪਾਵੈ।੪।੨।੯।

(ਆਦਿ ਗ੍ਰੰਥ, ਪੰ:, ੧੩੦-੩੧) (ਸੁਹੀ ਮਹਲਾ ੧)

ਸਿੱਧਾਂ ਨੇ ਕਿਹਾ, 'ਹੇ ਬਾਲੇ ਤੂੰ ਸਾਡਾ ਮੱਤ ਅਪਨਾ ਲੈ ਅਤੇ ਸਾਡੇ ਨਾਲ ਜੋਗੀ ਬਣ ਜਾ ਤਾਂ ਜੋ ਤੈਨੂੰ ਸੱਚੇ ਰਾਹ ਦਾ ਪਤਾ ਲੱਗ ਜਾਵੇ ਅਤੇ ਧਰਮ ਦੇ ਗੁਣਾਂ ਨੂੰ ਅਪਨਾ ਲਵੇਂ।' ਗੁਰੂ ਜੀ ਨੇ ਹੇਠ ਲਿਖੇ ਸ਼ਬਦ ਵਿਚ ਜਵਾਬ ਦਿੱਤਾ :

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ।

1. ਅੰਗ ਮੰਡਾਵਨੇ—ਮੁਠੀਆਂ ਭਰਨੀਆਂ।
2. ਗੋਰਖ-ਮਤੇ ਨੂੰ ਅੱਜ ਕਲ ਨਾਨਕ ਮਤਾ ਕਿਹਾ ਜਾਂਦਾ ਹੈ।

ਜੋਗੁ ਨ ਮੁੰਦੀ ਮੂੰਡਿ ਮੂੰਡਾਇਐ ਜੋਗੁ ਨ ਸਿੰਙੀ ਵਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ।੧।
ਗਲੀ ਜੋਗੁ ਨ ਹੋਈ।
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ।੧। ਰਹਾਉ।
ਜੋਗ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ।
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥ ਨਾਈਐ।
ਅੰਜਨ ਮਾਹਿ ਨਿਰੰਜਨ ਰਹੀਐ ਜੋਗੁ ਜੁਗਤਿ ਇਵ ਪਾਈਐ।੨।
ਸਤਿਗੁਰ ਭੇਟੈ ਤਾ ਸਹਸਾ ਚੂਟੇ ਧਾਵਤੁ ਵਰਜਿ ਰਹਾਈਐ।
ਨਿਝਰੁ ਝਰੈ ਸਹਜ ਧੁਨਿ ਲਾਗੈ ਘਰੁ ਹੀ ਪਰਚਾ ਪਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।੩।
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ।
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ।੪।੮।

(ਆ: ਗ੍ਰੰ: ਪੰ: ੧੩੦) (ਸੂਹੀ ਮਹਲਾ ੧ ਘਰ ੭)

ਸਿੱਧਾਂ ਨੇ ਇਹ ਸ਼ਬਦ ਸੁਣ ਕੇ ਗੁਰੂ ਜੀ ਨੂੰ ਪ੍ਰਣਾਮ ਕੀਤਾ। ਗੁਰੂ ਜੀ ਉਸ ਪਿੱਪਲ ਥੱਲੇ ਬੈਠੇ ਹੋਣ ਕਰਕੇ ਅਤੇ ਦਰਖਤ ਦੇ ਹਰਾ ਹੋ ਜਾਣ ਨਾਲ ਸਿੱਧਾਂ ਸਮਝਿਆ ਕਿ ਗੁਰੂ ਜੀ ਜ਼ਰੂਰ ਹੀ ਕੋਈ ਮਹਾਤਮਾ ਪੁਰਸ਼ ਹਨ।

ਬਨਾਰਸ ਦੀ ਸਾਖੀ

ਇਸ ਪਿੱਛੋਂ ਗੁਰੂ ਜੀ ਅਤੇ ਮਰਦਾਨਾ (ਕਾਂਸ਼ੀ) ਬਨਾਰਸ ਨੂੰ ਚਲੇ ਗਏ। ਬਨਾਰਸ ਹਿੰਦੂਆਂ ਦਾ ਗੜ੍ਹ ਹੈ ਅਤੇ ਉੱਘੇ ਭਗਤ ਕਬੀਰ ਜੀ ਭਾਵੇਂ ਚਲਾਣਾ[1] ਕਰ ਚੁੱਕੇ ਸਨ ਪਰ ਲੋਕ ਅਜੇ ਤੱਕ ਉਹਨਾਂ ਨੂੰ ਭੁੱਲੇ ਨਹੀਂ ਸਨ।

ਗੁਰੂ ਜੀ ਤੇ ਮਰਦਾਨਾ ਸ਼ਹਿਰ ਦੇ ਇੱਕ ਚੁਰਸਤੇ 'ਚ ਬੈਠ ਗਏ। ਉਸ ਸਮੇਂ ਇਸ ਪਵਿੱਤਰ ਸ਼ਹਿਰ ਦਾ ਵੱਡਾ ਪੰਡਿਤ ਚਤਰ ਦਾਸ ਸੀ। ਜਦੋਂ ਉਹ ਇਸ਼ਨਾਨ ਲਈ ਜਾ ਰਿਹਾ ਸੀ ਤਾਂ ਗੁਰੂ ਜੀ ਨੂੰ ਵੇਖ ਕੇ 'ਰਾਮ ਰਾਮ' ਕਰਨ ਲੱਗ ਗਿਆ। ਗੁਰੂ ਜੀ ਦਾ ਪਹਿਰਾਵਾ ਵੇਖ ਕੇ ਗਰਮ ਹੋ ਕੇ ਪੁੱਛਿਆ, 'ਤੂੰ ਭਗਤ ਬਣਿਆ ਫਿਰਦਾ ਹੈਂ, ਨਾ ਤੇਰੇ ਕੋਲ ਸਾਲਗਰਾਮ ਹੈ ਅਤੇ ਨਾ ਹੀ ਤੇਰੇ ਗਲ 'ਚ ਤੁਲਸੀ ਦੀ ਮਾਲਾ ਪਾਈ ਹੋਈ ਹੈ। ਨਾ ਤੇਰੇ ਕੋਲ ਸਿਮਰਨੀ ਹੈ, ਤੂੰ ਕਿਧਰਲਾ ਸੰਤਪੁਣਾ ਲਈ ਫਿਰਦਾ ਹੈਂ ?' ਗੁਰੂ ਜੀ ਨੇ ਫੇਰ ਹੇਠ ਲਿਖਿਆ ਸ਼ਬਦ ਉਚਾਰਿਆ :

'ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ।

1. ਮੈਕਾਲਿਫ਼ ਜੀ ਨੇ ਇੱਥੇ ਗਲਤ ਲਿਖਿਆ ਹੈ ਕਿ ਕਬੀਰ ਜੀ ਉਸ ਸਮੇਂ ਜਿਊਂਦੇ ਸਨ। ਅੱਗੇ ਜਾ ਕੇ ਛੇਵੀਂ ਜਿਲਦ ਵਿੱਚ ਮੈਕਾਲਿਫ਼ ਜੀ ਨੇ ਆਪ ਹੀ ਲਿਖਿਆ ਹੈ ਕਿ ਕਬੀਰ ਜੀ ਦਾ ਜਨਮ 1398 ਈ. ਅਤੇ ਚਲਾਣਾ 1518 ਈ. 'ਚ ਹੋਇਆ। ਗੁਰੂ ਜੀ ਦਾ ਜਨਮ 1469 ਈ. ਦਾ ਸੀ।

ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ।੧।
ਕਾਹੇ ਨਾਮੁ ਕਲਰਾ ਸਿੰਚਹੁ ਜਨਮੁ ਗਵਾਵਹੁ।
ਕਾਚੀ ਢਹਿਰਾ ਦਿਵਾਲ ਕਾਹੇ ਗਚੁ ਲਾਵਹੁ।੧। ਰਹਾਉ। (ਆ: ਗ੍ਰੰ: ਪੰ: ੧੧੭੧)

ਪੰਡਤ ਚਤਰ ਦਾਸ ਜੀ ਬੋਲੇ, 'ਮਹਾਤਮਾ ਜੀ, ਸਾਲਿਗਰਾਮ ਅਤੇ ਤੁਲਸੀ ਦੀ ਮਾਲਾ ਤਾਂ ਮੰਨਿਆ ਕਿ ਏਵੇਂ ਫਾਲਤੂ ਹੋਣਗੀਆਂ ਜਿਵੇਂ ਕਲਰ ਜ਼ਮੀਨ 'ਚ ਪਾਣੀ ਦੇਣਾ, ਪਰ ਇਹ ਦੱਸੋ ਕਿ ਧਰਤੀ ਕਿਸਦੀ ਤਿਆਰ ਕੀਤੀ ਜਾਵੇ ਅਤੇ ਪ੍ਰਮਾਤਮਾ ਨੂੰ ਕਿਸ ਤਰ੍ਹਾਂ ਹਾਸਲ ਕਰੀਏ ? ਗੁਰੂ ਜੀ ਨੇ ਇਸ ਤਰ੍ਹਾਂ ਜਵਾਬ ਦਿੱਤਾ :

ਕਰ ਹਰਿ ਹਟ ਮਾਲ ਟਿੰਡ ਪਰੋਵਹੁ ਤਿਸ ਭੀਤਰਿ ਮਨੁ ਜੋਵਹੁ।
ਅੰਮ੍ਰਿਤ ਸਿਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ।੨। (ਆ: ਗ੍ਰੰ: ਪੰ: ੧੧੭੧)

ਅਰਥ—ਵਾਹਿਗੁਰੂ ਨੂੰ ਖੂਹ ਸਮਝੋ ਅਤੇ ਟਿੰਡਾਂ ਦੀ ਥਾਂ ਪ੍ਰਮਾਤਮਾ ਦੇ ਨਾਮ ਦੀ ਮਾਹਲ ਲਵੋ। ਆਪਣੇ ਮਨ ਨੂੰ ਬੈਲਦਾਂ ਦਾ ਰੂਪ ਸਮਝ ਕੇ ਉਸ ਅੱਗੇ ਜੋਤ ਦਿਉ। ਅੰਮ੍ਰਿਤ ਨੂੰ ਸਿੰਜ ਕੇ ਕਿਆਰੇ ਭਰੋ, ਫੇਰ ਇਸ ਤਰ੍ਹਾਂ ਨਾਲ ਤੁਸੀਂ ਪ੍ਰਮਾਤਮਾ ਨੂੰ ਪਾ ਲਵੋਗੇ।

ਇਸ ਪਿਛੋਂ ਪੰਡਤ ਨੇ ਫੇਰ ਪੁਛਿਆ, 'ਜ਼ਮੀਨ ਤਾਂ ਸਿੰਜੀ ਜਾਵੇਗੀ ਪਰ ਜਦ ਤਕ ਬੀਜ ਪਾਉਣ ਲਈ ਪੁੱਟੀ ਨਾ ਜਾਵੇ, ਸੰਵਾਰਿਆ ਨਾ ਜਾਵੇ, ਫੇਰ ਉਹ ਪੈਦਾਵਾਰ ਕਿਵੇਂ ਦੇ ਸਕਦੀ ਹੈ ?' ਗੁਰੂ ਜੀ ਨੇ ਇਸ ਤਰ੍ਹਾਂ ਜਵਾਬ ਦਿੱਤਾ :

'ਕਾਮ ਕ੍ਰੋਧ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ।
ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ।੩।'

(ਆ: ਗ੍ਰੰ: ਪੰ: ੧੧੭੧)

ਪੰਡਤ ਚਰਨ ਦਾਸ ਨੇ ਕਿਹਾ : ਮੈਂ ਤਾਂ ਬਗਲਾ ਹਾਂ ਆਪ ਪ੍ਰਮਾਤਮਾ ਦੇ ਹੰਸ ਹੋ ਪਰ ਮੇਰੀ ਮਤ ਨੂੰ ਇੰਦਰੀਆਂ ਨੇ ਜਿੱਤਿਆ ਹੋਇਆ ਹੈ। ਗੁਰੂ ਜੀ ਨੇ ਇਸ ਤਰ੍ਹਾਂ ਕਿਹਾ:

'ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ।
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ।

(ਆ: ਗ੍ਰੰ: ਪੰ: ੧੧੭੧)

(ਮ: ੧ ਬਸੰਤੁ ਹਿੰਡੋਲ ਘਰੁ ੨)

ਇਹ ਸੁਣ ਕੇ ਪੰਡਤ ਨੇ ਮੰਨ ਲਿਆ ਕਿ ਗੁਰੂ ਜੀ ਪ੍ਰਮਾਤਮਾ ਦੇ ਆਪਣੇ ਬੰਦੇ ਹਨ ਅਤੇ ਉਹਨਾਂ ਨੂੰ ਕਿਹਾ, 'ਮਹਾਰਾਜ ਆਪ ਇਸ ਨਗਰ ਤੇ ਮੇਹਰ ਬਖਸ਼ੋ ਅਤੇ ਇਸ ਦੀ ਵਡਿਆਈ ਕਰੋ।' ਗੁਰੂ ਜੀ ਨੇ ਪੁੱਛਿਆ ਕਿ ਇਥੋਂ ਦਾ ਵਿਸ਼ੇਸ਼ ਗੁਣ ਕੀ ਹੈ? ਪੰਡਤ ਨੇ ਕਿਹਾ, 'ਵਿਦਿਆ ਹੈ ਜਿਸ ਦੇ ਪੜ੍ਹਨ ਨਾਲ ਰਿਧੀਆਂ ਪ੍ਰਾਪਤ ਹੁੰਦੀਆਂ ਹਨ। ਰਿਧੀਆਂ ਵਾਲਾ ਜਦੋਂ ਇਸ ਧਰਤੀ ਤੇ ਹੁੰਦਾ ਹੈ ਤਾਂ ਸੰਸਾਰ ਉਸ ਦੀ ਹਰ ਗੱਲ ਮੰਨਦਾ ਹੈ। ਆਪਣੇ ਮਨ ਨੂੰ ਵਿਦਿਆ ਵਲ ਲਾਉਗੇ ਤਾਂ ਤੁਸੀਂ ਬਹੁਤ ਬੜੇ ਵਿਦਵਾਨ ਪੰਡਤ ਬਣ ਸਕਦੇ ਹੋ।' ਗੁਰੂ ਜੀ ਨੇ ਅਲੰਕਾਰਾਂ ਦੀ ਲੜੀ ਨਾਲ ਬੱਲੇ ਲਿਖਿਆ ਜਵਾਬ ਦਿੱਤਾ :

'ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ।
ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ।੧।

ਸੁਆਮੀ ਪੰਡਿਤਾ ਤੁਮ ਦੇਹੁ ਮਤੀ।
ਕਿਨਬਿਧਿ ਪਾਵਉ ਪ੍ਰਾਨ ਪਤੀ।੧।ਰਹਾਉ।
ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ।
ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ।੨।
ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ।
ਤਾਕੈ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ।੩।
ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾਹੀ ਸੇਤੀ ਵਾਸਾ।
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ।੪।੩।੧।

(ਆਃ ਗ੍ਰੰਃ ਪੰਃ ੧੧੭੧)

(ਬਸੰਤ ਮਃ ੧ ਦੱਖਣੀ ਓਅੰਃ)

ਜਦੋਂ ਪੰਡਿਤ ਨੇ ਓਅੰਕਾਰ ਦੀਆਂ ਸਾਰੀਆਂ ਪਉੜੀਆਂ ਸੁਣੀਆਂ ਤਾਂ ਗੁਰੂ ਜੀ ਦੇ ਕਦਮਾਂ ਤੇ ਗਿਰ ਗਿਆ। ਉਹ ਸਿੱਖ ਬਣ ਗਿਆ ਅਤੇ ਉਸ ਨੂੰ ਪ੍ਰਮਾਤਮਾ ਦੇ ਨਾਮ ਦੀ ਪ੍ਰਾਪਤੀ ਮਿਲ ਗਈ।

ਜਦੋਂ ਗੁਰੂ ਜੀ ਬਨਾਰਸ ਵਿਚ ਹੀ ਸਨ ਤਾਂ ਉਨ੍ਹਾਂ ਕੋਲ ਦੋ ਚੰਗੇ ਨੌਜਵਾਨ ਪੰਡਤ ਕ੍ਰਿਸ਼ਨ ਲਾਲ ਅਤੇ ਹਰਦਿਆਲ ਆਏ ਅਤੇ ਗੁਰੂ ਜੀ ਨੇ ਉਹਨਾਂ ਨੂੰ ਉਪਦੇਸ਼ ਦਿੱਤਾ ਅਤੇ ਆਪਣੇ ਧਰਮ ਦੇ ਮੁਢਲੇ ਅਸੂਲਾਂ ਬਾਰੇ ਜਾਣੂ ਕਰਵਾਇਆ।

ਗਇਆ ਜਾਣ ਦੀ ਸਾਖੀ

ਬਨਾਰਸ ਤੋਂ ਬਾਦ ਗੁਰੂ ਜੀ ਗਇਆ ਪਹੁੰਚੇ। ਗਇਆ ਉਹ ਉੱਘਾ ਤੀਰਥ ਹੈ, ਜਿੱਥੇ ਪੁਰਾਣੇ ਸਮੇਂ ਵਿੱਚ ਮਹਾਤਮਾ ਬੁੱਧ ਨੇ ਆਪਣਾ ਵੱਡਾ ਮਕਾਨ ਬਣਾਇਆ ਸੀ ਅਤੇ ਉੱਥੇ ਹੀ ਭਾਰੀ ਤਪੱਸਿਆ ਕੀਤੀ ਸੀ। ਜਦੋਂ ਗੁਰੂ ਜੀ ਉੱਥੇ ਪਹੁੰਚੇ ਤਾਂ ਉੱਥੇ ਦੇ ਰਹਿਣ ਵਾਲੇ ਪਾਂਡਿਆਂ ਨੇ ਗੁਰੂ ਜੀ ਨੂੰ ਕਿਹਾ ਕਿ ਪਿੱਤਰਾਂ ਲਈ ਹਿੰਦੂਆਂ ਵਾਲੀਆਂ ਰੀਤਾਂ ਵਰਤੋ। ਗੁਰੂ ਜੀ ਨੇ ਜਵਾਬ ਵਿੱਚ ਹੇਠ ਲਿਖਿਆ ਸ਼ਬਦ ਕਿਹਾ :

"ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥੧॥
ਲੋਕਾ ਮਤ ਕੋ ਫਕੜਿ ਪਾਇ॥
ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥੮॥ ਰਹਾਉ॥
ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮ ਕਰਤਾਰੁ॥
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ॥੨॥
ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥
ਸੱਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ॥੩॥
ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣ ਵਟਿ-ਪਿੰਡੁ ਖਾਇ।
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ।੪।੨।੩੨।

(ਆਃ ਗ੍ਰੰਃ ਪੰਃ ੩੫੮) (ਆਸਾ ਮਹਲਾ ੧ ਘਰੁ ੩)

ਵਣਜਾਰੇ ਦੀ ਸਾਖੀ

ਗੁਰੂ ਜੀ ਤੇ ਮਰਦਾਨਾ ਤੁਰਦੇ ਤੁਰਦੇ ਅਨਾਜ ਦਾ ਵਪਾਰ ਕਰਨ ਵਾਲੇ ਵਣਜਾਰੇ ਦੇ ਘਰ ਚਲੇ ਗਏ। ਵਣਜਾਰੇ ਦੇ ਰਿਸ਼ਤੇਦਾਰਾਂ ਵਿਚੋਂ ਇੱਕ ਦੇ ਘਰ ਉਸੇ ਵਕਤ ਇਕ ਲੜਕਾ ਜੰਮਿਆ ਸੀ ਅਤੇ ਬਹੁਤ ਸਾਰੇ ਲੋਕ ਉਸਨੂੰ ਵਧਾਈਆਂ ਦੇਣ ਲਈ ਪਹੁੰਚੇ ਹੋਏ ਸਨ। ਖੁਸ਼ੀ ਵਿਚ ਕਈ ਨੱਚ ਰਹੇ ਸਨ ਅਤੇ ਆਂਢੀਆਂ ਗੁਆਂਢੀਆਂ ਦੇ ਘਰੋਂ ਵਧਾਈ ਦੀਆਂ ਅਸੀਸਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ। ਮਰਦਾਨਾ ਤਮਾਸ਼ਾ ਵੇਖ ਰਿਹਾ ਸੀ। ਜਦੋਂ ਸ਼ਾਮ ਨੂੰ ਵਣਜਾਰਾ ਖੁਸ਼ੀਆਂ ਤੋਂ ਵਿਹਲਾ ਹੋਇਆ ਤਾਂ ਉਹ ਆਪਣੇ ਅੰਦਰ ਗਿਆ ਅਤੇ ਉਸਨੇ ਮਰਦਾਨੇ ਵਲ ਕੋਈ ਵੀ ਧਿਆਨ ਨਾ ਦਿੱਤਾ। ਗੁਰੂ ਜੀ ਵੀ ਕੁਝ ਫਾਸਲੇ ਤੇ ਬੈਠੇ ਸਨ। ਮਰਦਾਨੇ ਨੇ ਉਹਨਾਂ ਕੋਲ ਜਾ ਕੇ ਬੱਚੇ ਦੇ ਜਨਮ ਬਾਰੇ ਦੱਸਿਆ ਅਤੇ ਉਥੇ ਹੋ ਰਹੀਆਂ ਖੁਸ਼ੀਆਂ ਅਤੇ ਮਿਲ ਰਹੀਆਂ ਵਧਾਈਆਂ ਬਾਰੇ ਵੀ ਦੱਸਿਆ। ਗੁਰੂ ਜੀ ਨੇ ਹੱਸ ਕੇ ਜਵਾਬ ਦਿੱਤਾ, "ਇਹ ਵਣਜਾਰੇ ਦੇ ਘਰ ਪੁੱਤਰ ਨਹੀਂ ਆਇਆ ਇਹ ਤਾਂ ਇਕ ਲਹਿਣੇਦਾਰ ਹੈ ਜੋ ਆਪਣਾ ਹਿਸਾਬ ਕਿਤਾਬ ਨਬੇੜ ਕੇ ਇਕ ਰਾਤ ਰਹਿਕੇ ਸਵੇਰ ਨੂੰ ਚਲਾ ਜਾਵੇਗਾ।" ਗੁਰੂ ਜੀ ਨੇ ਮਰਦਾਨੇ ਨੂੰ ਕਿਹਾ ਕਿ ਰਬਾਬ ਬਜਾਵੇ ਅਤੇ ਗੁਰੂ ਜੀ ਨੇ ਰਬਾਬ ਦੀ ਸੁਰ ਨਾਲ ਇਹ ਸ਼ਬਦ ਉਚਾਰਿਆ :—

"ਪਹਿਲੈ ਪਹਰੈ ਰੈਣਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ।
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ।
ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ॥
ਨਾਮ ਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ॥
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ।
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ।੧।
ਦੂਜੇ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਿਆ ਧਿਆਨੁ।
ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ।
ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ।
ਚੇਤਿ ਅਚੇਤ ਮੂੜ ਮਨ ਮੇਰੇ ਅੰਤ ਨਹੀਂ ਕਛੁ ਤੇਰਾ।
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰ ਧਰਿ ਗਿਆਨੁ।
ਕਹੁ ਨਾਨਕ ਪ੍ਰਾਣੀ ਦੂਜੇ ਪਹਰੈ ਵਿਸਰਿ ਗਇਆ ਧਿਆਨੁ।੨।
ਤੀਜੈ ਪਹਰੈ ਰੈਣਿ ਕੇ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ।
ਹਰਿ ਕਾ ਨਾਮ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ।
ਹਰਿ ਕਾ ਨਾਮ ਨ ਚੇਤੈ ਪ੍ਰਾਣੀ ਬਿਕੁਲ ਭਇਆ ਸੰਗਿ ਮਾਇਆ।
ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ।
ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ।
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ।੩।
ਚਉਥੈ ਪਹਰੈ ਰੈਣਿ ਕੇ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ।
ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ।

ਭੇਡੁ ਚੋਰੁ ਹਰਿ ਕਿਸੈ ਨ ਸਿਲਿਓ ਜਾ ਜਮਿ ਪਕੜਿਆ ਚਲਾਇਆ।
ਝੂਠਾ ਰੁਦਨੁ ਹੋਆ ਦੁਆਲੈ ਖਿਨ ਮਹਿ ਭਇਆ ਪਰਾਇਆ।
ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤ।
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤ।੪।੧।

(ਆਃ ਗ੍ਰੰਃ ਪੰਃ ੭੪-੭੫) (ਸਿਰੀ ਰਾਗੁ ਪਹਰੇ ਮਃ ੧ ਘਰੁ ੧)

ਜਦੋਂ ਦਿਨ ਚੜ੍ਹਿਆ ਤਾਂ ਵਣਜਾਰੇ ਦਾ ਬੱਚਾ ਮਰ ਗਿਆ। ਵਣਜਾਰਾ ਅਤੇ ਉਸਦੇ ਰਿਸ਼ਤੇਦਾਰ ਰੋਣ ਪਿੱਟਣ ਲੱਗੇ। ਗੁਰੂ ਜੀ ਤੋਂ ਮਰਦਾਨੇ ਨੇ ਪੁੱਛਿਆ, "ਇਹ ਲੋਕ ਜੋ ਕਲ ਖੁਸ਼ੀਆਂ ਮਾਣਦੇ ਸਨ ਅਤੇ ਸ਼ਗਨ ਮਨਾਉਂਦੇ ਸੀ ਇਨ੍ਹਾਂ ਦੇ ਕਰਮਾਂ ਵਿੱਚ ਇਹ ਇਕ ਦਮ ਕਿਸ ਤਰ੍ਹਾਂ ਦੀ ਹਾਰ ਆ ਗਈ ? ਗੁਰੂ ਜੀ ਨੇ ਮਨੁੱਖ ਦੇ ਦੁੱਖਾਂ ਸੁੱਖਾਂ ਤੇ ਇਹ ਸ਼ਬਦ ਉਚਾਰਿਆ :—

'ਜਿਤੁ ਮੁਹਿ ਮਿਲਨਿ ਮੁਬਾਰਖੀਂ ਲਖ ਲਖ ਮਿਲੈ ਅਸੀਸ।
ਤੇ ਮੁਹੁ ਫਿਰਿ ਪਿਟਾਈਅਨਿ ਮਨੁ ਤਨੁ ਸਹੇ ਕਸੀਸ।
ਇਕ ਮੁਏ ਇਕ ਦਬੀਅਹਿ ਇਕ ਦਿਤੇ ਨਦੀ ਬਹਾਇ।
ਗਇਆ ਮੁਬਾਰਖ ਨਾਨਕਾ ਭੀ ਸਚੇ ਨੂੰ ਸਲਾਹਿ। *(ਜਨਮ ਸਾਖੀ)*

ਛੋਲਿਆਂ ਦੇ ਰਖਵਾਲੇ ਨੂੰ ਉਪਦੇਸ਼ ਦੇਣਾ

ਗੁਰੂ ਜੀ ਤੇ ਮਰਦਾਨਾ ਅੱਗੇ ਚਲੇ ਗਏ। ਰਾਹ ਵਿਚ ਉਹਨਾਂ ਨੇ ਇੱਕ ਛੋਲਿਆਂ ਦਾ ਖੇਤ ਵੇਖਿਆ। ਖੇਤ ਦਾ ਰਾਖਾ ਖਾਣ ਲਈ ਹੋਲਾਂ ਭੁੰਨਣ ਲੱਗਾ। ਗੁਰੂ ਜੀ ਤੇ ਮਰਦਾਨਾ ਕੁਝ ਦੂਰ ਖੜੇ ਉਸਨੂੰ ਵੇਖਣ ਲੱਗ ਗਏ ਜਦੋਂ ਉਹ ਰਖਵਾਲਾ ਹੋਲਾਂ ਖਾਣ ਲੱਗਾ ਤਾਂ ਉਸਨੇ ਉਹਨਾਂ ਨੂੰ ਵੇਖਿਆ ਉਸਦੇ ਦਿਲ 'ਚ ਆਇਆ ਕਿ ਗੁਰੂ ਜੀ ਤੇ ਮਰਦਾਨਾ ਇਨ੍ਹਾਂ ਹੋਲਾਂ ਨਾਲੋਂ ਕੋਈ ਹੋਰ ਸੁਵਾਦੀ ਚੀਜ਼ ਖਾਣਾ ਚਾਹੁੰਦੇ ਹਨ ਇਸ ਲਈ ਉਸਨੇ ਦਿਲ 'ਚ ਵਿਚਾਰਿਆ ਕਿ ਘਰੋਂ ਜਾ ਕੇ ਕੋਈ ਚੰਗੀ ਚੀਜ਼ ਲਿਆ ਦਿਆਂ ਅਤੇ ਨਾਲੇ ਉਹਨਾਂ ਦੇ ਆਰਾਮ ਲਈ ਬਿਸਤਰਾ ਲੈ ਆਵਾਂ।

ਜਦੋਂ ਉਹ ਉਠਿਆ ਤਾਂ ਗੁਰੂ ਜੀ ਨੇ ਉਸਨੂੰ ਐਨੀ ਤਕਲੀਫ ਦੇਣੀ ਚੰਗੀ ਨਾ ਸਮਝੀ ਅਤੇ ਪੁਛਿਆ "ਤੂੰ ਕਿੱਥੇ ਜਾ ਰਿਹਾ ਹੈਂ?" ਜਦੋਂ ਉਸਨੇ ਮਨ ਦੀ ਗੱਲ ਦੱਸੀ ਤਾਂ ਗੁਰੂ ਜੀ ਨੇ ਇਹ ਸ਼ਬਦ ਕਿਹਾ :—

'ਸਥਰ ਤੇਰਾ ਲੇਫ ਨਿਹਾਲੀ ਭਾਉ ਤੇਰਾ ਪਕਵਾਨ।
ਨਾਨਕ ਸਿਫਤੀ ਤ੍ਰਿਪਤਿਆ ਬਹੁ ਰੇ ਸੁਲਤਾਨ।

ਉਸ ਸਮੇਂ ਰਖਵਾਲੇ ਨੇ ਗੁਰੂ ਜੀ ਦੇ ਲਈ ਸ਼ੁਭ ਭਾਵਾਂ ਬਦਲੇ, ਆਤਮਕ ਉਚ ਪਦਵੀ ਹਾਸਲ ਕੀਤੀ।

ਬੁਰੇ ਭਲੇ ਕਰਮਾਂ ਦਾ ਫਲ

ਉਹਨਾਂ ਦਿਨਾਂ 'ਚ ਉਥੇ ਹੀ ਇਕ ਹਟਵਾਣੀਆਂ ਰਹਿੰਦਾ ਸੀ। ਉਸਦਾ ਮਨ ਧਰਮ ਵਲ ਲੱਗਾ ਰਹਿੰਦਾ ਸੀ। ਉਸਦੀ ਇਹ ਖਾਹਸ਼ ਸੀ ਕਿ ਉਸਨੂੰ ਕੋਈ ਗੁਰੂ ਮਿਲੇ। ਉਸਨੂੰ

ਇਹ ਵੀ ਪਤਾ ਲੱਗਾ ਕਿ ਗੁਰੂ ਨਾਨਕ ਦੇਵ ਜੀ ਇੱਥੇ ਆਏ ਹੋਏ ਹਨ। ਹਟਵਾਣੀਏ ਨੇ ਇਹ ਇਰਾਦਾ ਕੀਤਾ ਕਿ "ਗੁਰੂ ਜੀ ਨੂੰ ਮਿਲੇ ਤੋਂ ਬਿਨਾਂ ਮੈਂ ਕੁਝ ਵੀ ਖਾਵਾਂ ਪੀਵਾਂਗਾ ਨਹੀਂ।" ਉਸਨੇ ਇਕ ਦਿਨ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਫੇਰ ਰੋਜ਼ਾਨਾ ਹੀ ਗੁਰੂ ਜੀ ਤੋਂ ਉਪਦੇਸ਼ ਲੈਣ ਲਈ ਜਾਣ ਲੱਗ ਗਿਆ। ਜਦੋਂ ਉਸਦੇ ਗ਼ਵਾਂਢੀ ਹਟਵਾਣੀਏ ਨੂੰ ਪਤਾ ਲੱਗਾ ਕਿ ਮੇਰਾ ਗਵਾਂਢੀ ਰੋਜ਼ ਗੁਰੂ ਜੀ ਕੋਲ ਜਾਂਦਾ ਹੈ ਤਾਂ ਉਹ ਵੀ ਕਹਿਣ ਲੱਗਾ ਕਿ ਮੈਂ ਵੀ ਗੁਰੂ ਜੀ ਦੇ ਦਰਸ਼ਨਾਂ ਲਈ ਜਾਇਆ ਕਰਾਂਗਾ। ਦੋਨੋਂ ਜਾਣੇ ਗੁਰੂ ਜੀ ਦੇ ਦਰਸ਼ਨਾਂ ਲਈ ਤੁਰ ਪਏ। ਰਾਹ ਵਿਚ ਦੂਜੇ ਹਟਵਾਣੀਏ ਨੇ ਇਕ ਔਰਤ ਨੂੰ ਵੇਖ ਕੇ ਦਿਲ 'ਚ ਬੁਰਾ ਵਿਚਾਰਿਆ ਅਤੇ ਇਸ ਲਈ ਉਹ ਉਸ ਦਿਨ ਗੁਰੂ ਜੀ ਦੇ ਦਰਸ਼ਨਾਂ ਲਈ ਨਾ ਜਾ ਸਕਿਆ। ਰੋਜ਼ਾਨਾ ਦੋਵੇਂ ਹਟਵਾਣੀਏ ਘਰੋਂ ਕੱਠੇ ਹੀ ਤੁਰ ਪਿਆ ਕਰਨ। ਇਕ ਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਚਲਾ ਜਾਇਆ ਕਰੇ ਅਤੇ ਦੂਜਾ ਹਟਵਾਣੀਆ ਆਪਣੀ ਪ੍ਰੇਮਿਕਾ ਕੋਲ ਮਿਲਣ ਚਲਾ ਜਾਇਆ ਕਰੇ। ਦੂਜੇ ਹਟਵਾਣੀਏ ਨੇ ਪਹਿਲੇ ਨੂੰ ਕਿਹਾ, "ਅੱਜ ਆਪਾਂ ਆਪਣੇ ਕਰਮਾਂ ਦੀ ਪਰਖ ਕਰੀਏ। ਤੂੰ ਚੰਗਾ ਕੰਮ ਕਰਦਾ ਹੈਂ ਅਤੇ ਮੈਂ ਬੁਰਾ ਕਰਦਾ ਹਾਂ। ਵੇਖਦੇ ਹਾਂ ਅੱਜ ਤੇਰੇ ਨਾਲ ਅਤੇ ਮੇਰੇ ਨਾਲ ਕੀ ਕੁਝ ਬੀਤੇਗਾ। ਜੇ ਤੂੰ ਪਹਿਲਾਂ ਆ ਜਾਵੇਂ ਤਾਂ ਮੈਨੂੰ ਉਡੀਕੀਂ ਅਤੇ ਜੇ ਮੈਂ ਪਹਿਲਾਂ ਆ ਗਿਆ ਤਾਂ ਤੈਨੂੰ ਉਡੀਕਾਂਗਾ।" ਦੋਨਾਂ ਨੇ ਆਪਸ ਵਿਚ ਇਹ ਫੈਸਲਾ ਕਰ ਲਿਆ। ਦੂਜਾ ਹਟਵਾਣੀਆ ਰੋਜ਼ਾਨਾ ਦੀ ਤਰ੍ਹਾਂ ਆਪਣੀ ਪ੍ਰੇਮਿਕਾ ਕੋਲ ਗਿਆ ਪਰ ਅੱਜ ਉਸਨੂੰ ਉਹ ਘਰ ਨਹੀਂ ਸੀ ਮਿਲੀ। ਤੇ ਫਿਰ ਉਹ ਉਥੇ ਆ ਕੇ ਬੈਠ ਗਿਆ ਜਿੱਥੇ ਉਸਨੇ ਪਹਿਲੇ ਹਟਵਾਣੀਏ ਨੂੰ ਮਿਲਣ ਦਾ ਵਾਅਦਾ ਕੀਤਾ ਸੀ ਪਰ ਉਸਦਾ ਦੋਸਤ (ਪਹਿਲਾ ਹਟਵਾਣੀਆ) ਗੁਰੂ ਜੀ ਕੋਲ ਜ਼ਿਆਦਾ ਦੇਰ ਰੁਕਣ ਕਰਕੇ ਉਥੇ ਨਹੀਂ ਸੀ ਪਹੁੰਚਿਆ। ਦੂਜਾ ਹਟਵਾਣੀਆ ਕੱਲਾ ਬੈਠਾ ਆਪਣੀ ਛੁਰੀ ਨਾਲ ਧਰਤੀ ਖੁਰਚਣ ਲੱਗ ਗਿਆ, ਧਰਤੀ 'ਚੋਂ ਉਸਨੂੰ ਇਕ ਸੋਨੇ ਦੀ ਲਿਸ਼ਕਦੀ ਹੋਈ ਮੋਹਰ ਮਿਲੀ। ਜਦੋਂ ਉਹਨੇ ਥੋੜਾ ਜਿਹਾ ਹੋਰ ਖੁਰਚਿਆ ਤਾਂ ਉਸਨੂੰ ਇੱਕ ਘੜਾ ਮਿਲਿਆ ਜੋ ਕੇਵਲ ਕੋਲਿਆਂ ਨਾਲ ਭਰਿਆ ਹੋਇਆ ਸੀ। ਇਹ ਵੇਖ ਕੇ ਉਹ ਬਹੁਤ ਦੁਖੀ ਹੋਇਆ ਸੀ। ਪਰ ਫੇਰ ਵੀ ਉਸਨੂੰ ਆਪਣੀ ਮੇਹਨਤ ਦਾ ਫਲ ਤਾਂ ਕੁਝ ਨਾ ਕੁਝ ਤਾਂ ਮਿਲਿਆ ਹੀ ਸੀ। ਐਨੇ ਨੂੰ ਪਹਿਲਾ ਹਟਵਾਣੀਆ ਦੁਖਦਾਈ ਹਾਲਤ ਵਿੱਚ ਉੱਥੇ ਆ ਪਹੁੰਚਿਆ। ਜਦੋਂ ਉਹ ਗੁਰੂ ਜੀ ਕੋਲੋਂ ਆਉਣ ਲੱਗਾ ਸੀ ਤਾਂ ਉਸਦੇ ਪੈਰ ਵਿਚ ਕੰਡਾ ਲੱਗ ਗਿਆ ਸੀ। ਉਸਨੇ ਕੱਪੜੇ ਨਾਲ ਆਪਣਾ ਪੈਰ ਬੰਨ੍ਹਿਆ ਹੋਇਆ ਸੀ ਅਤੇ ਬੜੀ ਮੁਸ਼ਕਲ ਨਾਲ ਦੱਸੀ ਹੋਈ ਥਾਂ ਤੇ ਪਹੁੰਚਿਆ। ਉਸਦੇ ਦੂਜੇ ਦੋਸਤ ਹਟਵਾਣੀਏ ਨੇ ਕਿਹਾ ਕਿ ਮੇਰੇ ਕਰਮ ਤਾਂ ਤੇਰੇ ਨਾਲੋਂ ਚੰਗੇ ਹੀ ਨਿਕਲੇ। ਦੋਨਾਂ ਨੇ ਵੇਖਿਆ ਕਿ ਜੋ ਤਾਂ ਗੁਰੂ ਜੀ ਕੋਲ ਪ੍ਰਮਾਤਮਾ ਦਾ ਨਾਉਂ ਲੈਣ ਅਤੇ ਬੰਦਗੀ ਕਰਨ ਜਾਂਦਾ ਸੀ ਉਸਨੂੰ ਤਾਂ ਦੁਖ ਮਿਲਿਆ ਪਰ ਜੋ ਰੋਜ਼ ਪਾਪ ਕਰਦਾ ਸੀ ਉਸਨੂੰ ਲਾਭ ਹੋਇਆ। ਉਹਨਾਂ ਦੋਨਾਂ ਨੇ ਇਹ ਨਿਰਣਾ ਕੀਤਾ ਕਿ ਗੁਰੂ ਜੀ ਕੋਲੋਂ ਇਸਦਾ ਕਾਰਨ ਪੁੱਛੀਏ ਕਿ ਸਾਡੇ ਕੰਮਾਂ ਦਾ ਫਲ ਉਲਟ ਕਿਉਂ ਹੈ ?

ਜਦੋਂ ਉਹ ਗੁਰੂ ਜੀ ਕੋਲ ਗਏ ਅਤੇ ਪੁੱਛਿਆ ਤਾਂ ਜਵਾਬ ਮਿਲਿਆ ਕਿ ਇਸ ਪਾਪ ਕਰਨ ਵਾਲੇ ਹਟਵਾਣੀਏ ਨੇ ਆਪਣੇ ਅਗਰਲੇ ਜਨਮ ਵਿੱਚ ਇਕ ਫਕੀਰ ਨੂੰ ਸੋਨੇ ਦੀ

ਮੋਹਰ ਦਿੱਤੀ ਸੀ ਉਸ ਦੇ ਬਦਲੇ ਦਾਨ ਵਾਲੀ ਇਕ ਮੋਹਰ ਤੋਂ ਕਿੰਨੀਆਂ ਹੀ ਸੋਨੇ ਦੀਆਂ ਮੋਹਰਾਂ ਬਣ ਗਈਆਂ ਪਰ ਜਦੋਂ ਤੋਂ ਇਹ ਪਾਪ ਕਰਨ ਲੱਗ ਗਿਆ ਉਸੇ ਦਿਨ ਤੋਂ ਸਾਰੀਆਂ ਸੋਨੇ ਦੀਆਂ ਮੋਹਰਾਂ ਕੋਲੇ ਹੋ ਗਈਆਂ ਅਤੇ ਪਹਿਲੀ ਮੋਹਰ ਜੋ ਉਸਨੇ ਦਾਨ ਵਿੱਚ ਦਿੱਤੀ ਸੀ ਉਸਨੂੰ ਵਾਪਸ ਮਿਲ ਗਈ। ਪਹਿਲੇ ਹਟਵਾਣੀਏ ਨੂੰ ਕਿਹਾ ਜੋ ਰੋਜ਼ ਗੁਰੂ ਜੀ ਕੋਲ ਆਉਂਦਾ ਸੀ ਕਿ ਤੂੰ ਪਿਛਲੇ ਜਨਮ 'ਚ ਠੱਗੀਆਂ ਕੀਤੀਆਂ ਸਨ ਅਤੇ ਜ਼ਿਆਦਾ ਸੂਦ ਲੈਣ ਦੇ ਬਦਲੇ ਤੇਰੇ ਭਾਗਾਂ 'ਚ ਹੁਣ ਸੂਲੀ ਲਿਖੀ ਹੋਈ ਸੀ ਪਰ ਜੋ ਤੂੰ ਭਲੇ ਕੰਮ ਕਰਦਾ ਰਿਹਾ ਹੈਂ ਤਾਂ ਤੇਰੀ ਇਹ ਸੂਲੀ ਘਟ ਕੇ ਇਕ ਕੰਡਾ ਰਹਿ ਗਈ। ਤੇ ਇਸ ਤਰ੍ਹਾਂ ਇਕ ਕੰਡਾ ਚੁਭਣ ਨਾਲ ਉਸਦੇ ਪਿਛਲੇ ਜਨਮਾਂ 'ਚ ਕੀਤੇ ਸਾਰੇ ਪਾਪ ਧੋਤੇ ਗਏ।

ਇਹ ਸੁਣ ਕੇ ਉਹਨਾਂ ਨੂੰ ਚੰਗੀ ਤਰ੍ਹਾਂ ਪਤਾ ਲੱਗ ਗਿਆ ਕਿ ਸਾਡੇ ਇਸ ਲਾਭ ਤੇ ਹਾਣ ਦਾ ਕੀ ਮਤਲਬ ਸੀ। ਪਾਪੀ ਅਤੇ ਧਰਮੀ ਸੇਵਕ ਦੋਨੋਂ ਹੀ ਗੁਰੂ ਜੀ ਦੇ ਸੱਚੇ ਉਪਾਸ਼ਕ ਬਣ ਗਏ। ਫੇਰ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ :

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ।
ਜਿਉ ਜਿਉ ਕਿਰਤ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ।੧।
ਚਿਤ ਚੇਤਸਿ ਕੀ ਨਹੀਂ ਬਾਵਰਿਆ।
ਹਰਿ ਬਿਸਰਤ ਤੇਰੇ ਗੁਣ ਗਲਿਆ।੧। ਰਹਾਉ।
ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ।
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ।੨।
ਕਾਇਆ ਆਰਣੁ ਮਨੁ ਵਿਚ ਲੋਹਾ ਪੰਚ ਅਗਨਿ ਤਿਤ ਲਾਗਿ ਰਹੀ।
ਕੋਇਲ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨੀ ਚਿੰਤ ਭਈ।੩।
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ।
ਏਕੁ ਨਾਮੁ ਅੰਮ੍ਰਿਤ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ।੪।੩।

(ਆ: ਗ੍ਰੰ: ਪੰ: ੯੬੦)

ਗੁਰੂ ਜੀ ਨੇ ਫੇਰ ਉਸੇ ਵੇਲੇ ਉਸ ਪਾਪੀ ਹਟਵਾਣੀਏ ਨੂੰ ਸਮਝਾਇਆ, "ਜਦੋਂ ਆਦਮੀ ਕਿਸੇ ਅਵਾਰਾ ਜਨਾਨੀ ਨੂੰ ਵੇਖਦਾ ਹੈ ਤਾਂ ਦਿਲ ਡੋਲ ਜਾਂਦਾ ਹੈ ਅਤੇ ਆਪਣੀ ਕਾਮ ਵਾਸ਼ਨਾ ਪੂਰੀ ਕਰਨਾ ਚਾਹੁੰਦਾ ਹੈ। ਕਾਮ ਰੋਕ ਨਹੀਂ ਹੁੰਦਾ ਅਤੇ ਫੇਰ ਉਸ ਔਰਤ ਦਾ ਸੰਗ ਕਰਨ ਨਾਲ ਆਦਮੀ ਆਪਣਾ ਜੀਵਨ ਬਰਬਾਦ ਕਰ ਬੈਠਦਾ ਹੈ। ਧਰਮਾਂ ਤੋਂ ਬਿਨਾਂ ਉਹ ਆਦਮੀ ਨਰਕਾਂ ਦਾ ਭਾਗੀ ਬਣਦਾ ਹੈ ਜਿੱਥੇ ਉਸਨੂੰ ਸਜ਼ਾ ਮਿਲਦੀ ਹੈ ਅਤੇ ਆਪਣੇ ਕੀਤੇ ਕੰਮਾਂ ਤੇ ਰੋਂਦਾ ਹੈ। ਇਸ ਲਈ ਹੇ ਮਨੁੱਖ ਤੂੰ ਉਸ ਔਰਤ ਨੂੰ ਛੱਡ ਦੇਹ ਅਤੇ ਸਤਿਸੰਗ ਸ਼ੁਰੂ ਕਰ ਦੇਹ।"

ਠੱਗਾਂ ਦਾ ਸੁਧਾਰ

ਇਸ ਤੋਂ ਬਾਦ ਸਾਰੇ ਹੀ ਵਿਛੜ ਗਏ ਅਤੇ ਗੁਰੂ ਜੀ ਤੇ ਮਰਦਾਨਾ ਵੀ ਆਪਣੀ ਮੰਜਲ ਵੱਲ ਤੁਰ ਪਏ। ਰਾਹ ਵਿਚ ਗੁਰੂ ਜੀ ਤੇ ਮਰਦਾਨੇ ਨੂੰ ਠੱਗ ਟੱਕਰੇ। ਜਦੋਂ ਠੱਗਾਂ ਨੇ ਗੁਰੂ ਜੀ ਨੂੰ ਵੇਖਿਆ ਤਾਂ ਆਪਸ 'ਚ ਕਹਿਣ ਲੱਗੇ ਕਿ ਜਿਨ੍ਹਾਂ ਲੋਕਾਂ ਦੇ ਮੁਖੜੇ ਤੇ ਇਸ ਤਰ੍ਹਾਂ ਦੀ ਝਲਕ ਹੋਵੇ ਉਹਨਾਂ ਕੋਲ ਕਦੇ ਵੀ ਧਨ ਦੀ ਤੋਟ ਨਹੀਂ ਹੁੰਦੀ। ਉਹ ਠੱਗ ਗੁਰੂ

ਜੀ ਦੇ ਆਸ ਪਾਸ ਜਾ ਖੜੇ ਹੋਏ। ਜਿਸ ਵਕਤ ਉਹਨਾਂ ਨੇ ਗੁਰੂ ਜੀ ਨੂੰ ਵੇਖਿਆ ਕਿਉਂਕਿ ਉਸ ਵੇਲੇ ਦਿਨ ਚੜ੍ਹ ਆਇਆ ਸੀ ਇਸ ਲਈ ਉਹਨਾਂ ਨੇ ਗੁਰੂ ਜੀ ਨੂੰ ਚੰਗੀ ਤਰ੍ਹਾਂ ਵੇਖਿਆ। ਗੁਰੂ ਜੀ ਨੇ ਪੁਛਿਆ, 'ਤੁਸੀਂ ਕੌਣ ਹੋ? ਅਤੇ ਤੁਹਾਨੂੰ ਕੀ ਚਾਹੀਦਾ ਹੈ? ਠੱਗਾਂ ਨੇ ਮੰਨ ਲਿਆ ਕਿ ਅਸੀਂ ਠੱਗ ਹਾਂ ਅਤੇ ਤੁਹਾਨੂੰ ਠੱਗਣ ਆਏ ਹਾਂ। ਫੇਰ ਗੁਰੂ ਜੀ ਨੇ ਉਹਨਾਂ ਨੂੰ ਉਪਦੇਸ਼ ਦਿੱਤਾ, 'ਜੇ ਤੁਸੀਂ ਇਹ ਬੁਰੇ ਕੰਮਾਂ ਨੂੰ ਤਿਆਗ ਦੇਵੋ, ਖੇਤੀ ਦਾ ਕੰਮ ਕਰਨਾ ਸ਼ੁਰੂ ਕਰ ਦੇਵੋ ਅਤੇ ਲੁਟਿਆ ਹੋਇਆ ਮਾਲ ਦਾਨ ਕਰ ਦੇਵੋ ਤਾਂ ਤੁਹਾਡੇ ਕੀਤੇ ਹੋਏ ਜ਼ੁਲਮਾਂ ਤੇ ਪਰਦਾ ਪੈ ਸਕਦਾ ਹੈ।'

ਠੱਗਾਂ ਨੇ ਗੁਰੂ ਜੀ ਦੀਆਂ ਗੱਲਾਂ ਸੁਣੀਆਂ ਅਤੇ ਉਹਨਾਂ ਨੂੰ ਅਮਲ ਵਿਚ ਲਿਆਂਦਾ। ਨਾਮ ਜਪਣ ਲੱਗ ਗਏ ਜਿਸ ਨਾਲ ਉਹਨਾਂ ਨੇ ਆਪਣੀ ਜ਼ਿੰਦਗੀ ਸੁਧਾਰ ਲਈ। ਗੁਰੂ ਜੀ ਨੇ ਉਸ ਵਕਤ ਇਹ ਸ਼ਬਦ ਕਿਹਾ :

'ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ।
ਪਰਨਿੰਦਾ ਪਰਮਲੁ ਮੁਖ ਸੁਧੀ ਅਗਨਿ ਕ੍ਰੋਧਿ ਚੰਡਾਲੁ।
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ।੧।
ਬਾਬਾ ਬੋਲੀਐ ਪਤਿ ਹੋਇ।
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿਰੋਇ।੧। ਰਹਾਉ।
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ।
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ।
ਏਤੇ ਰਸ ਸਗੀਰਕੇ ਕੈ ਘਟਿ ਨਾਮੁ ਨਿਵਾਸੁ।੨।
ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ।
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ।
ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ।੩।
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ।
ਤਿਨ ਕਾ ਕਿਆ ਸਲਾਹਣਾ ਅਵੁਰ ਸੁਆਲਿਉ ਕਾਇ।
ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ।੪।੪। *(ਆ: ਗ੍ਰੰ: ਪੰ: ੧੫)*
(ਸਿਰੀ ਰਾਗੁ ਮਹਲਾ ੧)

ਪਿਛੋਂ ਗੁਰੂ ਜੀ ਨੇ ਖੇਤੀ ਦੇ ਕੰਮ ਦੀ ਮੇਹਨਤ ਕਰਨ ਲਈ ਹੇਠ ਲਿਖਿਆ ਸ਼ਬਦ ਕਿਹਾ :—

'ਬਲਦ ਮਸਾਇਕ ਹਾਲੀ ਸੇਖ।
ਧਰਤ ਕਤੇਬਾ ਵੁੜੀ ਲੇਖ।
ਚੋਟੀ ਕਾ ਪਰਸੇਉ ਅਤੀ ਜਾਇ।
ਤਾਂ ਕਾ ਖਟਿਆ ਸਭੁ ਕੋ ਖਾਇ।
ਘਾਲਿ ਖਾਇ ਕਿਛ ਹਥਹੁ ਦੇਇ।
ਨਾਨਕ ਰਾਹੁ ਪਛਾਣੈ ਸੇਇ।' *(ਜਨਮ ਸਾਖੀ)*

ਇਹ ਉਪਦੇਸ਼ ਦੇ ਕੇ ਗੁਰੂ ਜੀ ਅੱਗੇ ਚਲੇ ਗਏ।

ਕਾਂਡ—4

ਕਾਮ ਰੂਪ ਦੇ ਦੇਸ਼ ਦੀ ਯਾਤਰਾ
ਨੂਰ ਸ਼ਾਹ ਨੂੰ ਉਪਦੇਸ਼ ਦੇਣਾ !!

ਗੁਰੂ ਜੀ ਤੇ ਮਰਦਾਨਾ ਤੁਰਦੇ ਤੁਰਦੇ ਕਾਮਰੂਪ ਦੇ ਦੇਸ਼ 'ਚ ਜਾ ਵੜੇ। ਇਥੋਂ ਦੀਆਂ ਔਰਤਾਂ ਜੰਤਰ-ਮੰਤਰ ਅਤੇ ਟੂਣਿਆਂ ਵਿੱਚ ਬਹੁਤ ਚਤੁਰ ਸਨ। ਸਿੱਖ ਇਤਿਹਾਸ ਵਿੱਚ ਲਿਖਿਆ ਹੈ ਕਿ ਇੱਥੇ ਕਾਮਰੂਪ ਦੇਸ਼ 'ਚ ਇੱਕ ਰਾਣੀ ਨੂਰਸ਼ਾਹ ਦਾ ਰਾਜ ਸੀ। ਨੂਰਸ਼ਾਹ ਆਪਣੇ ਨਾਲ ਆਪਣੀਆਂ ਸਹੇਲੀਆਂ ਨੂੰ ਲੈ ਕੇ ਗੁਰੂ ਜੀ ਕੋਲ ਆਈ ਅਤੇ ਆਪਣਾ ਜਾਦੂ ਗੁਰੂ ਜੀ ਤੇ ਚਲਾਉਣ ਦੀ ਕੋਸ਼ਿਸ਼ ਕਰਨ ਲੱਗੀ। ਗੁਰੂ ਜੀ ਨੇ ਉਸ ਸਮੇਂ ਇਹ ਸ਼ਬਦ ਉਚਾਰਿਆ :—

'ਕਲਰ ਕੀਆਂ ਵਣਜਾਰੀਆ ਝੂਠੈ ਮੁਸਕੁ ਮੰਗੇਨ।
ਅਮਲਾ ਬਾਝੁ ਨਾਨਕਾ ਕਿਉਂ ਕਰਿ ਖਸਮਿ ਮਿਲੇਨ।[1] *(ਮਃ ੧)*

ਗੁਰੂ ਜੀ ਨੇ ਇਕ ਸ਼ਬਦ ਹੋਰ ਕਿਹਾ :

'ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ।
ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਏ।੧।
ਮੇਰਾ ਕੰਤੁ ਗੀਸਾਲੂ ਕੀ ਧਨ ਅਵਰਾ ਰਾਵੇ ਜੀ।੧। ਰਹਾਉ।
ਕਰਨੀ ਕਾਮਣ ਜੇ ਥੀਐ ਜੇ ਮਨੁ ਧਾਗਾ ਹੋਇ।
ਮਾਣਕੁ ਮੁਲਿ ਨ ਪਾਈਐ ਲੀਜੈ ਚਿਤਿ ਪਰੋਇ।੨।
ਰਾਹੁ ਦਸਾਈ ਨ ਜੁਲਾਂ ਆਧਾ ਅੰਮੜੀਆਸੁ।
ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰਵਾਸੁ।੩।
ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ। *(ਆਃ ਗ੍ਰੰਃ ਪੰਃ ੫੫੭)*
ਤੈ ਸਹ ਲਗੀ ਜੇ ਕਹੈ ਭੀ ਸਹੁ ਰਾਵੈ ਸੋਇ।੪।੨।' *(ਵਡਹੰਸ ਮਹਲਾ ੧)*

ਨੂਰਸ਼ਾਹ ਨੇ ਵੇਖਿਆ ਕਿ ਮੇਰੇ ਰਾਜ ਦੀਆਂ ਸਾਰੀਆਂ ਜ਼ਨਾਨੀਆਂ ਨੇ ਪੂਰਾ ਜ਼ੋਰ ਲਾ ਲਿਆ ਹੈ ਪਰ ਗੁਰੂ ਜੀ ਤੇ ਕੋਈ ਜਾਦੂ ਦਾ ਅਸਰ ਨਹੀਂ ਹੁੰਦਾ। ਗੁਰੂ ਜੀ ਨੇ ਉਹਨਾਂ ਦੇ ਸਾਰੇ ਤਰੀਕੇ ਖਾਲੀ ਜਾਂਦੇ ਵੇਖ ਕੇ ਕੇ ਇਹ ਸ਼ਬਦ ਉਚਾਰਿਆ ਜੋ ਸੂਹੀ ਰਾਗ ਵਿਚੋਂ "ਕੁਚਜੀ" ਦੇ ਸਿਰਲੇਖ ਥੱਲੇ ਹੈ :

"ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ।
ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ।

1. ਇਹ ਸ਼ਬਦ ਆਦਿ ਗ੍ਰੰਥ ਵਿਚ ਨਹੀਂ ਹੈ।

ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ।
ਸੇ ਗੁਣ ਮੰਝੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ।
ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ।
ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ।
ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ।
ਸੇ ਵਸਤੂ ਸਹਿ ਦਿਤੀਆ ਮੈਂ ਤਿਨ ਸਿਉ ਲਾਇਆ ਚਿਤੁ ਜੀਉ।
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ।
ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ।
ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ।
ਸਾਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ।
ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ।
ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ।
ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ।
ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ।੧।

(ਆ: ਗ੍ਰੰ: ਪੰ: ੭੬੨) (ਰਾਗੁ ਸੂਹੀ ਮਹਲਾ ੧ ਕੁਚਜੀ)

ਨੂਰਸ਼ਾਹ ਦੀਆਂ ਸਾਰੀਆਂ ਕੋਸ਼ਿਸ਼ਾਂ ਜਦੋਂ ਅਸਫਲ ਰਹੀਆਂ ਤਾਂ ਉਸਨੇ ਅਨੁਭਵ ਕੀਤਾ ਕਿ ਮੇਰੀ ਇਸ ਅਸਫਲਤਾ ਦਾ ਕਾਰਨ ਮੇਰੀਆਂ ਬੁਰਾਈਆਂ ਹਨ। ਇਸ ਪਿਛੋਂ ਨੂਰਸ਼ਾਹ ਦੇ ਨਾਲ ਦੀਆਂ ਔਰਤਾਂ ਨੇ ਢੋਲਕੀ ਵਜਾਉਣੀ ਸ਼ੁਰੂ ਰਕ ਦਿੱਤੀ ਅਤੇ ਗੁਰੂ ਜੀ ਦੇ ਸਾਹਮਣੇ ਆ ਕੇ ਨੱਚਣ ਤੇ ਗਾਣ ਲੱਗ ਗਈਆਂ। ਫੇਰ ਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ :

'ਬਾਲ ਮਦੀਰੇ ਘਟ ਕੇ ਘਾਟ।
ਢੋਲਕ ਦੁਨੀਆ ਵਾਜਹਿ ਵਾਜ।
ਨਾਰਦੁ ਨਾਚੈ ਕਲਿ ਕਾ ਭਾਉ।
ਜਤੀ ਸਤੀ ਕਹ ਰਾਖਹਿ ਪਾਉ।੧।
ਨਾਨਕ ਨਾਮ ਵਿਟਹੁ ਕੁਰਬਾਣੁ।
ਅੰਧੀ ਦੁਨੀਆ ਸਾਹਿਬੁ ਜਾਣ।੧।ਰਹਾਉ।
ਗੁਰੂ ਪਾਸਹੁ ਫਿਰਿ ਚੇਲਾ ਖਾਇ।
ਤਾਮਿ ਪਰੀਤਿ ਵਸੈ ਘਰਿ ਆਇ।
ਜੇ ਸਉ ਵਰ੍ਹਿਆ ਜੀਵਨ ਖਾਣੁ।
ਖਸਮ ਪਛਾਣੈ ਸੋ ਦਿਨੁ ਪਰਵਾਣੁ।੨।
ਦਰਸਨਿ ਦੇਖਿਐ ਦਇਆ ਨ ਹੋਇ।
ਲਏ ਦਿਤੇ ਵਿਣੁ ਰਹੇ ਨ ਕੋਇ।
ਰਾਜਾ ਨਿਆਉ ਕਰੇ ਹਥਿ ਹੋਇ।
ਕਹੈ ਖੁਦਾਇ ਨ ਮਾਨੈ ਕੋਇ।੩।

ਮਾਣਸ ਮੂਰਤਿ ਨਾਨਕ ਨਾਮੁ।
ਕਰਣੀ ਕੁਤਾ ਦਰਿ ਫੁਰਮਾਨੁ।
ਗੁਰ ਪਰਸਾਦਿ ਜਾਣੈ ਮਿਹਮਾਨੁ।
ਤਾ ਕਿਛੁ ਦਰਗਹ ਪਾਵੈ ਮਾਨੁ।੪।੪।[1] (ਆਸਾ ਮਹਲਾ ੧)

ਇਕ ਸ਼ਬਦ ਗੁਰੂਜੀ ਨੇ ਹੋਰ ਉਚਾਰਿਆ :

'ਗਲੀ ਅਸੀ ਚੰਗੀਆ ਆਚਾਰੀ ਬੁਰੀਆਹ।
ਮਾਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ।
ਗੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ।
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ।
ਹੋਦੇ ਤਾਣਿ ਨਿਤਾਣੀਆ ਹਰਿ ਨਿਮਾਨਣੀਆਹ।
ਨਾਨਕ ਜਨਮੁ ਸਕਾਰਥਾ ਜੇ ਤਿਨਕੈ ਸੰਗ ਮਿਲਾਹ।੨।' (ਆਃ ਗ੍ਰੰ: ਪੰ: ੯੫)
(ਵਾਰ ਸਿਰੀ ਰਾਗ ਮਹਲਾ ੧)

ਜਦੋਂ ਗੁਰੂ ਜੀ ਨੇ ਇਹ ਸ਼ਬਦ ਪੜ੍ਹਿਆ ਤਾਂ ਨੂਰਸ਼ਾਹ ਨੇ ਖਿਆਲ ਕੀਤਾ ਕਿ ਗੁਰੂ ਜੀ ਨੂੰ ਮਾਇਆ ਦਾ ਲਾਲਚ ਦੇ ਕੇ ਵਸ 'ਚ ਕਰੀਏ। ਉਸ ਦੀਆਂ ਨੌਕਰਾਣੀਆਂ ਨੇ ਮੋਤੀ, ਹੀਰੇ, ਸੋਨਾ, ਰੁਪਈਏ ਅਤੇ ਹੋਰ ਬਹੁਤ ਸਾਰੀਆਂ ਕੀਮਤੀ ਚੀਜ਼ਾਂ ਅਤੇ ਪੁਸ਼ਾਕਾਂ ਗੁਰੂ ਜੀ ਕੋਲ ਲਿਆ ਰੱਖੀਆਂ। ਗੁਰੂ ਜੀ ਨੇ ਉਹ ਸਭ ਚੀਜ਼ਾਂ ਵਾਪਸ ਕਰ ਦਿੱਤੀਆਂ ਅਤੇ ਮਰਦਾਨੇ ਨੇ ਰਬਾਬ ਨਾਲ ਹੇਠ ਲਿਖਿਆ ਸ਼ਬਦ ਪੜ੍ਹਿਆ :

'ਇਆਨੜੀਏ ਮਾਨੜਾ ਕਾਇ ਕਰੇਇ।
ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ।
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ।
ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ।
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ।੧।
ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ।
ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ।
ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ।
ਲਭ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ।
ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ।੨।
ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ।
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮ ਚਕਾਈਐ।
ਜਾ ਕੈ ਪ੍ਰੇਮਿ ਪਦਾਰਥ ਪਾਈਐ ਤਉ ਚਰਣੀ ਚਿਤੁ ਲਾਈਐ।
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਅਲੁ ਲਾਈਐ॥
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ।੩।

1. ਇਹ ਸ਼ਬਦ ਵੀ ਸ਼੍ਰੀ ਗੁਰ ਗ੍ਰੰਥ ਸਾਹਿਬ ਵਿਚੋਂ ਨਹੀਂ ਹੈ।

ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ।
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉਨਿਧਿ ਪਾਈ।
ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ।
ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ।
ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ।੪।੨।੪।(ਤਿਲੰਗ ਮ: ੧)
(ਆ: ਗ੍ਰੰ: ਪੰ: ੭੨੨)

ਜਦੋਂ ਨੂਰਸ਼ਾਹ ਅਤੇ ਉਸਦੀਆਂ ਨੌਕਰਾਣੀਆਂ ਨੇ ਇਹ ਸ਼ਬਦ ਸੁਣਿਆ ਤਾਂ ਗਲ 'ਚ ਪੱਲਾ ਪਾ ਕੇ ਗੁਰੂ ਜੀ ਦੇ ਚਰਨਾਂ ਤੇ ਗਿਰ ਗਈਆਂ ਅਤੇ ਕਹਿਣ ਲੱਗੀਆਂ : "ਗੁਰੂ ਜੀ ਸਾਡੀ ਗਤੀ ਕਿਵੇਂ ਹੋਵੇਗੀ?" ਗੁਰੂ ਜੀ ਨੇ ਜਵਾਬ ਦਿੱਤਾ :

'ਪ੍ਰਮਾਤਮਾ ਦਾ ਨਾਮ ਜਪੋ। ਆਪਣੇ ਘਰ ਦੇ ਕੰਮਾਂ ਨੂੰ ਸਹੀ ਢੰਗ ਕਰੋ। ਜਾਦੂ ਟੂਣੇ ਛੱਡ ਦੇਵੋ। ਤਾਂ ਤੁਹਾਨੂੰ ਅਗਾਂਹ ਲਈ ਸੁਖ ਮਿਲ ਸਕਦਾ ਹੈ।' ਕਿਹਾ ਜਾਂਦਾ ਹੈ ਕਿ ਉਹਨਾਂ ਨੇ ਗੁਰੂ ਜੀ ਦੇ ਉਪਦੇਸ਼ਾਂ ਨੂੰ ਮੰਨ ਲਿਆ ਅਤੇ ਮੁਕਤੀ ਪਾ ਲਈ।

ਕਲਜੁਗ ਦੀ ਸਾਖੀ

ਕਾਮਰੂਪ ਦੇਸ਼ 'ਚੋਂ ਨਿਕਲ ਕੇ ਗੁਰੂ ਜੀ ਇਕ ਸੁੰਨਸਾਨ ਜੰਗਲ ਵਿੱਚ ਚਲੇ ਗਏ। ਉਥੇ ਉਹਨਾਂ ਨੂੰ ਇਕ ਕਲਜੁਗ[1] ਠੱਗਣ ਲਈ ਆ ਗਿਆ। ਮਰਦਾਨਾ ਡਰ ਗਿਆ ਅਤੇ ਗੁਰੂ ਜੀ ਨੇ ਮਰਦਾਨੇ ਨੂੰ ਗੁੱਸੇ 'ਚ ਆ ਕੇ ਕਿਹਾ, "ਤੂੰ ਕਲਜੁਗ ਤੋਂ ਕਿਉਂ ਡਰਦਾ ਹੈਂ, ਜੇ ਤੈਨੂੰ ਕੋਈ ਡਰ ਹੈ ਤਾਂ ਉਸ ਪ੍ਰਮਾਤਮਾ ਦਾ ਚਾਹੀਦਾ ਹੈ।" ਗੁਰੂ ਜੀ ਨੇ ਫੇਰ ਇਹ ਸ਼ਬਦ ਉਚਾਰਿਆ :

'ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ।
ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ।
ਤੁਧੁ ਬਿਨੁ ਦੂਜੀ ਨਾਹੀ ਜਾਇ।
ਜੋ ਕਿਛੁ ਵਰਤੈ ਸਭ ਤੇਰੀ ਰਜਾਇ।੧।
ਡਰੀਐ ਜੇ ਡਰੁ ਹੋਵੈ ਹੋਰੁ।
ਡਰਿ ਡਰਿ ਡਰਣਾ ਮਨਕਾ ਸੋਰੁ।੧। ਰਹਾਉ।
ਨਾ ਜੀਉ ਮਰੈ ਨ ਡੂਬੈ ਤਰੈ।
ਜਿਨਿ ਕਿਛੁ ਕੀਆ ਸੋ ਕਿਛੁ ਕਰੈ।
ਹੁਕਮੇ ਆਵੈ ਹੁਕਮੇ ਜਾਇ।
ਆਗੈ ਪਾਛੈ ਹੁਕਮਿ ਸਮਾਇ।੨।
ਹੰਸੁ ਹੇਤ ਆਸਾ ਅਸਮਾਨ।
ਤਿਸੁ ਵਿਚਿ ਭੂਖ ਬਹੁਤੁ ਨੈ ਸਾਨੁ।
ਭਉ ਖਾਣਾ ਪੀਣਾ ਆਧਾਰੁ।
ਵਿਣੁ ਖਾਧੇ ਮਰਿ ਹੋਹਿ ਗਵਾਰ।੩।
ਜਿਸਕਾ ਕੋਇ ਕੋਈ ਕੋਇ ਕੋਇ।

1. ਕਲਜੁਗ ਦੇ ਅਰਥ ਸ਼ੈਤਾਨ ਹਨ। (ਮੈਕਾਲਿਫ)

ਸਭੁ ਕੋ ਤੇਰਾ ਤੂੰ ਸਭਨਾ ਕਾ ਸੋਇ।
ਜਾ ਕੇ ਜੀਅ ਜੰਤ ਧਨੁ ਮਾਲੁ। (ਆਃ ਗ੍ਰੰਃ ਪੰਃ ੧੫੧)
ਨਾਨਸ ਆਖਣੁ ਬਿਖਮੁ ਬੀਚਾਰ।੪।੨।' (ਗਉੜੀ ਮਹਲਾ ੧)

ਮਰਦਾਨੇ ਨੇ ਗੁਰੂ ਜੀ ਤੋਂ ਪੁੱਛਿਆ ਕਿ ਕਲਜੁਗ ਕੌਣ ਹੈ ? ਕਿਹੜੇ ਚਿੰਨ੍ਹਾਂ ਤੋਂ ਲੋਕ ਉਸ ਨੂੰ ਪਛਾਣਦੇ ਹਨ ਅਤੇ ਇਸ ਕੋਲ ਜ਼ਰੂਰੀ ਅਧਿਕਾਰ ਕਿਹੜੇ ਹਨ ਜੋ ਇਹ ਵਰਤਦਾ ਹੈ? ਗੁਰੂ ਜੀ ਨੇ ਜਵਾਬ ਦਿੱਤਾ :

'ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ।
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ।੩।' (ਆਃ ਗ੍ਰੰਃ ਪੰਃ ੯੦੨)
(ਰਾਮਕਲੀ ਮਃ ੧ ਅਸ਼ਟਪਦੀ)

ਕਲਜੁਗ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਆਪਣਾ ਇਹ ਪ੍ਰਚਾਰ ਛੱਡ ਦੇਵੋ ਤਾਂ ਮੈਂ ਦੁਨੀਆਂ ਦੀਆਂ ਸਾਰੀਆਂ ਚੀਜ਼ਾਂ ਆਪ ਜੀ ਦੀ ਭੇਟ ਕਰ ਦੇਵਾਂਗਾ। ਉਸ ਨੇ ਫੇਰ ਕਿਹਾ, 'ਮੇਰੇ ਕੋਲ ਸਾਰਾ ਕੁਝ ਹੈ, ਬੱਸ ਇਕ ਵਾਰ ਆਗਿਆ ਦੇਵੋ। ਮੈਂ ਮੋਤੀਆਂ ਦਾ ਮਹਿਲ ਖੜਾ ਕਰ ਦੇਵਾਂ ਉਸ ਵਿਚ ਰਤਨ ਅਤੇ ਲਾਲ ਜੜ ਦੇਵਾਂ ਅਤੇ ਖੁਸ਼ਬੋ ਭਰੀ ਚੰਦਨ ਦੀ ਵਿਚ ਲੇਪ ਕਰ ਦੇਵਾਂ ਅਤੇ ਤੁਹਾਡੇ ਲਈ ਸੋਹਣੀਆਂ ਜ਼ਨਾਨੀਆਂ ਲਿਆ ਦੇਵਾਂ। ਦੁਨੀਆਂ ਦੀ ਹਰ ਚੀਜ਼ ਤੁਹਾਡੇ ਕਦਮਾਂ 'ਚ ਲਿਆ ਰੱਖਾਂ। ਕਰਾਮਾਤ ਦੀ ਤਾਕਤ ਅਤੇ ਸਾਰੀ ਦੁਨੀਆਂ ਦੀ ਬਾਦਸ਼ਾਹੀ ਤੁਹਾਨੂੰ ਸੌਂਪ ਦੇਵਾਂ। ਜੋ ਕੁਝ ਵੀ ਤੁਹਾਨੂੰ ਚਾਹੀਦਾ ਹੈ ਮੰਗ ਲਵੋ।' ਗੁਰੂਜੀ ਨੇ ਕਲਜੁਗ ਨੂੰ ਜਵਾਬ ਦਿੱਤਾ ਕਿ ਅਸੀਂ ਆਪਣੀ ਸਾਰੀ ਬਾਦਸ਼ਾਹੀ ਛੱਡੀ ਹੋਈ ਹੈ ਜੋ ਕੁਝ ਤੂੰ ਸਾਨੂੰ ਦਿੰਦਾ ਹੈ ਉਹ ਸਾਡੇ ਕਿਸ ਕੰਮ ਹੈ ਜਦੋਂ ਕਿ ਇਨ੍ਹਾਂ ਚੀਜ਼ਾਂ ਤੇ ਹੱਕ ਵੀ ਕਿਸੇ ਹੋਰ ਦਾ ਹੈ। ਗੁਰੂ ਜੀ ਨੇ ਇਹ ਸ਼ਬਦ ਪੜ੍ਹਿਆ :

'ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।੧।
ਹਰਿ ਬਿਨੁ ਜੀਉ ਜਲਿ ਬਲਿ ਜਾਉ।
ਮੈਂ ਆਪਣਾ ਗੁਰੂ ਪੂਛਿ ਦੇਖਿਆ ਅਵਰੁ ਨਾਹੀ ਥਾਉ।੧। ਰਹਾਉ।
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ।
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।੨।
ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ।
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।੩।
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।
ਹੁਕਮੁ ਹਾਸਲੁ ਕਰੀ ਬੈਠਾ ਨਾਨਕ ਸਭ ਵਾਉ।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।੪।' (ਆਃ ਗ੍ਰੰਃ ਪੰ :੧੪)

ਇਹ ਸੁਣ ਕੇ ਕਲਜੁਗ ਨੇ ਗੁਰੂ ਜੀ ਦੇ ਉਪਦੇਸ਼ ਨੂੰ ਮੰਨਿਆ ਅਤੇ ਉਹਨਾਂ ਦ ਕਦਮਾਂ ਤੇ ਗਿਰ ਗਿਆ ਅਤੇ ਗੁਰੂ ਜੀ ਤੋਂ ਆਗਿਆ ਲੈ ਕੇ ਚਲਾ ਗਿਆ।

ਬੁਰਿਆਰਾਂ ਦੇ ਪਿੰਡ ਵਿਚ

ਰਾਹ ਵਿਚ ਮਰਦਾਨੇ ਤੇ ਗੁਰੂ ਜੀ ਨੇ ਇਕ ਪਿੰਡ ਵਿਚ ਰਾਤ ਕੱਟਣੀ ਚਾਹੀ ਪਰ ਉਸ ਪਿੰਡ ਦੇ ਲੋਕਾਂ ਨੇ ਉਹਨਾਂ ਨੂੰ ਉਥੇ ਰਹਿਣ ਨਾ ਦਿੱਤਾ ਅਤੇ ਉਥੋਂ ਦੇ ਵਸਨੀਕ ਗੁਰੂਜੀ ਤੇ ਮਰਦਾਨੇ ਨੂੰ ਟਿਚਰਾਂ ਕਰਨ ਲੱਗੇ। ਉਸ ਸਮੇਂ ਗੁਰੂ ਜੀ ਨੇ ਇਹ ਸ਼ਬਦ ਪੜ੍ਹਿਆ :

'ਚੁਪ ਕਰਾਂ ਤਾਂ ਆਖੀਐ ਇਸ ਘਟਿ ਨਾਹੀਂ ਮਤਿ।
ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤੁ।
ਜੇ ਬਹਾਂ ਤਾਂ ਆਖੀਐ ਬੈਠਾ ਸਥਰੁ ਘਤਿ।
ਉਠ ਚਲਾਂ ਤਾਂ ਆਖੀਐ ਨਿਉ ਨਿਉ ਕਰੈ ਭਗਤਿ।
ਕਾਲੀ ਗਈ ਨ ਮੇਵਨੀ ਜਿਤੁ ਬਹਿ ਕਟੀ ਝਤਿ।
ਏਥੋ ਓਥੈ ਨਾਨਕਾ ਕਰਤਾ ਰਖੈ ਪਤਿ।[1]

ਇਸ ਪਿਛੋਂ ਗੁਰੂ ਜੀ ਨੇ ਮਲਾਰ ਰਾਗ 'ਚ ਇਸ ਤਰ੍ਹਾਂ ਉਚਾਰਿਆ :

'ਖਾਣਾ ਪੀਣਾ ਹਸਣਾ ਸਾਉਣਾ ਵਿਸਰਿ ਗਇਆ ਹੈ ਮਰਣਾ।
ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਿਣਾ।
ਪ੍ਰਾਣੀ ਏਕੋ ਨਾਮੁ ਧਿਆਵਹੁ।
ਆਪਨੀ ਪਤਿ ਸੇਤੀ ਘਰਿ ਜਾਵਹੁ।੧। ਰਹਾਉ।
ਤੁਧਨੋ ਸੇਵਹਿ ਤੁਝੁ ਕਿਆ ਦੇਵਹਿ ਮਾਂਗਹਿ ਲੇਵਹਿ ਰਹਹਿ ਨਹੀਂ।
ਤੂੰ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ।੨।
ਗੁਰਮੁਖਿ ਧਿਆਵਹਿ ਸਿ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਹੀ।
ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲੇ ਹਛੇ ਹੋਹੀ।੩।
ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ। *(ਆ: ਗ੍ਰੰ: ਪੰ: ੧੨੫੪)*
ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੋਹੀ।੪।੧। (ਮਲਾਰ ਮਹਲਾ ੧)

ਗੁਰੂ ਜੀ ਤੇ ਮਰਦਾਨਾ ਉਥੇ ਬਹੁਤੀ ਦੇਰ ਨਾ ਅਟਕੇ। ਮਰਦਾਨੇ ਨੇ ਗੁਰੂ ਜੀ ਤੋਂ ਪੁੱਛਿਆ, 'ਗੁਰੂ ਜੀ ਆਪ ਇਥੋਂ ਦੇ ਵਸਨੀਕਾਂ ਲਈ ਕੀ ਹੁਕਮ ਦਿੱਤਾ ਹੈ?' ਤਾਂ ਗੁਰੂ ਜੀ ਨੇ ਜਵਾਬ ਦਿੱਤਾ, 'ਹੇ ਮਰਦਾਨਿਆਂ ਇਹ ਲੋਕ ਇਥੇ ਹੀ ਵਸਦੇ ਰਹਿਣ।'

ਪਿੰਡ ਦੇ ਚੰਗੇ ਵਸਨੀਕਾਂ ਦੀ ਸਾਖੀ

ਪਹਿਲੇ ਪਿੰਡ 'ਚ ਉਹ ਸ਼ਬਦ ਪੜ੍ਹ ਕੇ ਅਗਲੇ ਪਿੰਡ ਵਿੱਚ ਆ ਗਏ। ਉਥੋਂ ਦੇ ਲੋਕਾਂ ਨੇ ਗੁਰੂ ਜੀ ਦੀ ਬਹੁਤ ਦੇਖਭਾਲ ਕੀਤੀ। ਗੁਰੂ ਜੀ ਤੇ ਮਰਦਾਨਾ ਉਥੇ ਇਕ ਰਾਤ ਰੁਕੇ ਅਤੇ ਦੂਜੇ ਦਿਨ ਚਲੇ ਗਏ। ਜਾਣ ਲੱਗੇ ਗੁਰੂ ਜੀ ਨੇ ਇਸ ਤਰ੍ਹਾਂ ਕਿਹਾ, "ਇਹ ਪਿੰਡ ਉਜੜ ਜਾਵੇ।" ਇਹ ਸੁਣ ਕੇ ਮਰਦਾਨੇ ਨੇ ਪੁਛਿਆ, 'ਗੁਰੂ ਜੀ ਜਿਸ ਪਿੰਡ ਨੇ ਸਾਨੂੰ ਰਹਿਣ ਲਈ ਥਾਂ ਨਹੀਂ ਦਿੱਤੀ ਉਥੋਂ ਦਿਆਂ ਵਸਨੀਕਾਂ ਨੂੰ ਤੁਸੀਂ ਵਰ ਦਿੱਤਾ ਹੈ ਕਿ ਵਸਦੇ ਰਹਿਣ ਅਤੇ ਜਿਥੋਂ ਦੇ ਲੋਕਾਂ ਨੇ ਸਾਡੀ ਇਜ਼ੱਤ ਅਤੇ ਸੇਵਾ ਕੀਤੀ ਹੈ ਉਹਨਾਂ ਨੂੰ ਤੁਸੀਂ ਉਜੜ ਜਾਣ ਦਾ ਸਰਾਪ ਦੇ ਆਏ ਹੋ!' ਗੁਰੂ ਜੀ ਨੇ ਕਿਹਾ, 'ਹੇ ਮਰਦਾਨਿਆਂ ਜੋ ਪਹਿਲੇ

1. ਇਹ ਸ਼ਬਦ ਵੀ ਆਦਿ ਗ੍ਰੰਥ ਵਿੱਚ ਨਹੀਂ ਹੈ।

ਪਿੰਡ ਦੇ ਵਸਨੀਕ ਕਿਸੇ ਹੋਰ ਥਾਂ ਜਾਣਗੇ ਤਾਂ ਉਥੋਂ ਦੇ ਲੋਕਾਂ ਨੂੰ ਵੀ ਖਰਾਬ ਕਰਨਗੇ, ਪਰ ਜੇ ਇਸ ਪਿੰਡ ਦੇ ਲੋਕ ਕਿਤੇ ਹੋਰ ਜਾਣਗੇ ਤਾਂ ਉਨ੍ਹਾਂ ਨੂੰ ਵੀ ਇਨ੍ਹਾਂ ਦੇ ਨਾਲ ਹੀ ਗਤੀ ਮਿਲ ਜਾਵੇਗੀ।

ਜਗਨ ਨਾਥ ਪੁਰੀ 'ਚ ਆਰਤੀ

ਕਾਮ ਰੂਪ ਦੇਸ਼ ਤੋਂ ਗੁਰੂ ਜੀ ਬ੍ਰਹਮਪੁੱਤਰ ਦਰਿਆ ਦੇ ਰਾਹ ਮੁੜੇ ਅਤੇ ਸਮੁੰਦਰ ਦੇ ਕਿਨਾਰੇ ਕਿਨਾਰੇ ਪੁਰੀ ਤੀਰਥ ਜਾ ਪਹੁੰਚੇ। ਪੁਰੀ ਤੀਰਥ ਬੰਗਾਲ ਦੀ ਖਾੜੀ ਤੇ ਬਿਰਾਜਮਾਨ ਹੈ। ਇਥੇ ਵਿਸ਼ਨੂੰ, ਕ੍ਰਿਸ਼ਨ ਜੀ ਮਹਾਰਾਜ ਦੀ ਜਗਨਨਾਥ ਦੇ ਨਾਉਂ ਨਾਲ ਪੂਜਾ ਹੁੰਦੀ ਹੈ। ਰਾਤ ਨੂੰ ਜਦੋਂ ਦੀਵੇ ਜਗਣ ਲੱਗੇ ਤਾਂ ਉਥੋਂ ਦੇ ਮੁਖੀ ਸੰਤ ਨੇ ਗੁਰੂ ਜੀ ਨੂੰ ਆ ਕੇ ਕਿਹਾ ਕਿ ਆਓ ਇਥੇ ਖੜ ਕੇ ਸਾਡੇ ਨਾਲ ਜਗਨਨਾਥ ਦੀ ਆਰਤੀ 'ਚ ਸ਼ਾਮਲ ਹੋਵੋ। ਆਰਤੀ ਬੜੀ ਧੂਮਧਾਮ ਤੇ ਰੌਣਕੀ ਤਰੀਕੇ ਨਾਲ ਹੁੰਦੀ ਸੀ : ਉਸ ਕੀਮਤੀ ਮੰਦਰ ਵਿੱਚ ਜੋ ਮੂਰਤੀਆਂ ਨੂੰ ਚੜ੍ਹਾਵਾ ਚੜ੍ਹਦਾ ਸੀ ਉਹ ਮੋਤੀਆਂ ਦੇ ਜੜੇ ਥਾਲਾਂ ਵਿੱਚ ਰੱਖ ਕੇ ਭੇਟਾ ਕਰਦੇ ਸਨ। ਇਨ੍ਹਾਂ ਥਾਲਾਂ ਵਿੱਚ ਧੂਪ ਦਾਨ ਅਤੇ ਫੁੱਲ ਆਦਿ ਰੱਖੇ ਜਾਂਦੇ ਸਨ। ਧੂਪ ਜਲਾਉਣ ਲਈ ਪੱਖਾ ਲਾਇਆ ਹੁੰਦਾ ਸੀ ਅਤੇ ਆਸ ਪਾਸ ਦੇ ਦੀਵਿਆਂ ਦੀ ਰੋਸ਼ਨੀ ਮੰਦਰ ਤੇ ਪੈਂਦੀ ਸੀ। ਪਰ ਇਨ੍ਹਾਂ ਸਾਰੀਆਂ ਚੀਜ਼ਾਂ ਨਾਲ ਜੋ ਆਰਤੀ ਹੁੰਦੀ ਸੀ ਬਿਲਕੁਲ ਨਕਲੀ ਆਰਤੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਅਨੁਸਾਰ ਉਸ ਪ੍ਰਮਾਤਮਾ, ਰਚਨਹਾਰ ਦੀ ਪਵਿੱਤਰ ਆਰਤੀ ਲਈ ਅਸਮਾਨ ਦਾ ਥਾਲ, ਸੂਰਜ, ਚੰਦ ਤੇ ਤਾਰਿਆਂ ਦਾ ਜਲੂਸ ਅਤੇ ਕੁਦਰਤੀ ਚੰਦਨ ਦੀ ਖੁਸ਼ਬੋ, ਹਵਾ ਅਤੇ ਜੰਗਲ ਆਦਿ ਕੁਦਰਤੀ ਵਸਤੂਆਂ ਦੀ ਸਮੱਗਰੀ ਸੀ। ਇਸ ਲਈ ਗੁਰੂ ਜੀ ਨੇ ਉਸ ਸੰਤ ਦੇ ਬੁਲਾਵੇ ਤੇ ਜਾਣ ਦੀ ਥਾਂ ਆਪਣੀ ਨਿਗ੍ਹਾ ਅਸਮਾਨ ਵੱਲ ਕੀਤੀ ਤੇ ਇਹ ਆਰਤੀ ਪੜ੍ਹੀ :

'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ।
ਧੂਪੁ ਮਲਿਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ।੧।
ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ।
ਅਨਹਤਾ ਸਬਦ ਵਾਜੰਤ ਭੇਰੀ।੧ ਰਹਾਉ।
ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ—
ਸਹਸ ਮੂਰਤਿ ਨਨਾ ਏਕ ਤੋਹੀ।
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ।
ਸਹਸ ਤਵ ਗੰਧ ਇਵ ਚਲਤ ਮੋਹੀ।੨।
ਸਭ ਮਹਿ ਜੋਤਿ ਜੋਤਿ ਹੈ ਸੋਇ।
ਤਿਸਕੈ ਚਾਨਣਿ ਸਭ ਮਹਿ ਚਾਨਣੁ ਹੋਇ।
ਗੁਰਸਾਖੀ ਜੋਤਿ ਪਰਗਟੁ ਹੋਇ।

ਜੋ ਤਿਸੁ ਭਾਵੈ ਸੁ ਆਰਤੀ ਹੋਇ।੩।
ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ
ਅਨਦਿਨੋ ਮੋਹਿ ਆਹੀ ਪਿਆਸਾ।
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ (ਆਃ ਗ੍ਰੰਃ ਪੰਃ ੬੬੩)
ਹੋਇ ਜਾ ਤੇ ਤੇਰੈ ਨਾਮਿ ਵਾਸਾ।' (ਰਾਗ ਧਨਾਸਰੀ ਮਃ ੧)

ਜਗਨਨਾਥ ਵਿਚ ਗੁਰੂ ਜੀ ਦਾ ਇਕ ਬ੍ਰਾਹਮਣ ਨੂੰ ਉਪਦੇਸ਼

ਗੁਰੂ ਜੀ ਅਜੇ ਜਗਨਨਾਥ 'ਚ ਹੀ ਸਨ ਤਾਂ ਉਹ ਇਕ ਬ੍ਰਾਹਮਣ ਨੂੰ ਮਿਲੇ। ਉਹ ਆਪਣੀਆਂ ਅੱਖਾਂ ਤੇ ਨੱਕ ਬੰਦ ਰੱਖਦਾ ਸੀ ਮਤਲਬ ਕਿ ਉਹ ਇਨ੍ਹਾਂ ਅੰਗਾਂ ਰਾਹੀਂ ਕੋਈ ਵੀ ਕਾਮਵਾਸ਼ਨਾ ਦੀ ਖੁਸ਼ੀ ਨਹੀਂ ਸੀ ਹਾਸਲ ਕਰਦਾ। ਉਹ ਬ੍ਰਾਹਮਣ ਆਪਣੇ ਬਾਰੇ 'ਚ ਇਹ ਵੀ ਕਹਿੰਦਾ ਸੀ ਕਿ ਇਥੇ ਇਸੇ ਤਰ੍ਹਾਂ ਬੈਠ ਕੇ ਉਹ ਆਪਣੀ ਅੰਦਰੂਨੀ ਨਜ਼ਰਾਂ ਨਾਲ ਦੁਨੀਆਂ ਦੀਆਂ ਗੁਪਤ ਗੱਲਾਂ ਵੀ ਜਾਣ ਲੈਂਦਾ ਹੈ। ਗੁਰੂ ਜੀ ਨੇ ਉਸਦੀ ਗਫ਼ਵੀ ਚੁੱਕਾ ਕੇ ਲੁਕੋ ਦਿੱਤੀ ਅਤੇ ਉਹ ਬ੍ਰਾਹਮਣ ਉਸ ਨੂੰ ਨਾ ਭਾਲ ਸਕਿਆ ਇਸ ਤੇ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ :

'ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ।
ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ।੧।
ਕਲ ਮਹਿ ਰਾਮ ਨਾਮੁ ਸਾਰੁ।
ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰ।੧। ਰਹਾਉ।
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ।
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮ ਅਲੋਅ।
ਖਤ੍ਰੀਆ ਤ ਧਰਮੁ ਛੋਡਿ ਅ ਮਲੇਛ ਭਾਖਿਆ ਗਹੀ।
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ।੩।
ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ।
ਬਿਨੁ ਨਾਮ ਹਰਿ ਕੇ ਮੁਕਤਿ ਨਾਹੀ
ਕਹੈ ਨਾਨਕ ਦਾਸੁ।੪।੧।੬।੮। (ਆਃ ਗ੍ਰੰਃ ਪੰਃ ੬੨੩)

ਕਾਂਡ—5

ਸ਼ੇਖ ਬ੍ਰਹਮ ਨੂੰ ਮਿਲਣਾ ਅਤੇ ਉਸ ਨਾਲ ਗਿਆਨ ਚਰਚਾ

ਗੁਰੂ ਨਾਨਕ ਦੇਵ ਜੀ ਤੇ ਮਰਦਾਨਾ ਪੂਰਬ ਦੀ ਯਾਤਰਾ ਤੋਂ ਵਾਪਸ ਆ ਕੇ ਪੰਜਾਬ 'ਚ ਚਲੇ ਗਏ ਅਤੇ ਸ਼ੇਖ ਫਰੀਦ ਜੀ ਦੀ ਦਰਗਾਹ ਨੂੰ ਵੇਖਣ ਲਈ ਚਲੇ ਗਏ। ਸ਼ੇਖ ਫਰੀਦ ਇਕ ਫਕੀਰ ਹੋਏ ਹਨ ਜੋ ਮੁਸਲਮਾਨ ਸਨ ਇਨ੍ਹਾਂ ਦੀ ਦਰਗਾਹ ਪਾਕਪਟਨ ਵਿੱਚ ਹੈ ਜਿਸ ਨੂੰ ਉਸ ਵਕਤ ਅਜੋਧਾਨ ਕਿਹਾ ਜਾਂਦਾ ਸੀ। ਪਾਕਪਟਨ ਪੰਜਾਬ ਦੇ ਦੱਖਣ ਵੱਲ ਹੈ। ਸ਼ੇਖ ਬ੍ਰਹਮ ਉਸ ਵਕਤ (ਸ਼ੇਖ ਫਰੀਦ ਦੀ ਗੱਦੀ ਤੇ) ਉਸ ਦਰਗਾਹ ਦੇ ਪੀਰ ਸਨ। ਗੱਲ ਸ਼ੇਖ ਬ੍ਰਹਮ ਨੇ ਸ਼ੁਰੂ ਕੀਤੀ। ਸ਼ੇਖ ਜੀ ਜਾਣਦੇ ਸਨ ਕਿ ਗੁਰੂ ਜੀ ਇਕ ਸੰਤ ਹਨ ਅਤੇ ਗੁਰੂ ਜੀ ਨੂੰ ਇਸ ਆਮ ਲੋਕਾਂ ਦੇ ਪਹਿਰਾਵੇ 'ਚ ਵੇਖ ਕੇ ਸ਼ੇਖ ਨੇ ਕਿਹਾ:

'ਅਕੈ ਤਾਂ ਲੋੜ੍ਹ ਮੁਕਦਮੀ ਅਕੈ ਤਾਂ ਅਲਹੁ ਲੋੜ।
ਦੁਹੁ ਬੇੜੀ ਨਾ ਲਤ ਧਰੁ ਮਤੁ ਵੰਞਹੁ ਵਖਰੁ ਬੋੜਿ।'

ਅਰਥ—ਜਾਂ ਤਾਂ ਦੁਨੀਆਂ ਦੀ ਪਦਵੀ ਨੂੰ ਸਵੀਕਾਰ ਕਰ ਜਾਂ ਪ੍ਰਮਾਤਮਾ ਨੂੰ ਦੋਨਾਂ ਬੇੜੀਆਂ ਤੇ ਲੱਤਾਂ ਨਾ ਧਰ ਕਿਤੇ ਇਸ ਤਰ੍ਹਾਂ ਨਾ ਹੋਵੇ ਕਿ ਆਪਣਾ ਸਾਰਾ ਮਾਲ ਡੁਬੋ ਬੈਠੋਂ :

ਗੁਰੂ ਜੀ ਨੇ ਜਵਾਬ ਦਿੱਤਾ :

'ਦੇਹਿ ਬੇੜੀ ਲਤ ਧਰੁ ਦੁਹੀ ਵਖਰ ਚਾੜਿ।
ਕੋਈ ਬੇੜੀ ਡੁਬਸੀ ਕੋਈ ਲੰਘੇ ਪਾਰਿ।
ਨਾ ਪਾਣੀ ਨਾ ਬੇੜੀਆ ਨਾ ਡੂਬੇ ਨਾ ਜਾਇ।
*ਨਾਨਕ ਵਖਰੁ ਸਚੁ ਧਨੁ ਸਹਿਜੇ ਰਹਿਆ ਸਮਾਇ।'**

ਸ਼ੇਖ ਨੇ ਜਵਾਬ ਦਿੱਤਾ :

"ਫਰੀਦਾ ਚੂੜੇਲੀ ਸਿਉ ਰਤਿਆ ਦੁਨੀਆਂ ਕੂੜੇ ਭੇਤੁ।
*ਨਾਨਕ ਅਖੀਂ ਦੇਖਦਿਆਂ ਉਜੜਿ ਵੰਞੈ ਖੇਤੁ।"**

ਸਤਿਗੁਰ ਜੀ ਨੇ ਫੇਰ ਜਵਾਬ 'ਚ ਕਿਹਾ :

'ਫਰੀਦਾ ਧੁਰਹੁ ਧਰਹੁ ਹੋਦਾ ਆਇਆ ਚੂੜੇਲੀ ਸਿਉ ਹੇਤੁ।
*ਨਾਨਕ ਖੇਤੁ ਨ ਉਜੜੇ ਜੇ ਰਾਜਾ ਹੋਇ ਸੁਚੇਤ।'**

ਸ਼ੇਖ ਬ੍ਰਹਮ ਜੀ :

'ਫਰੀਦਾ ਤਨੁ ਰਹਿਆ ਮਨੁ ਫਟਿਆ ਤਾਗਤ ਰਹੀ ਨ ਕਾਈ।
*ਪਿਰੀ ਤਬੀਬ ਥੀਉ ਕਾਰੀ ਦਾਰੂ ਲਾਇ।'**

*ਮੈਕਾਲਿਫ ਵਲੋਂ ਆਦਿ ਗ੍ਰੰਥ ਤੋਂ ਬਾਹਰਲੀ ਬਾਣੀ ਦੇ ਹਵਾਲੇ ਤਰਕ-ਰਹਿਤ ਤੇ ਭੁਲੇਖਾ ਪਾਊ ਹਨ।

ਗੁਰੂ ਜੀ ਨੇ ਫੇਰ ਸ਼ੇਖ ਜੀ ਨੂੰ ਉਪਦੇਸ਼ ਦਿੱਤਾ :

'ਸਜਣੁ ਸਚ ਪਰਪ ਮੁਖੁ ਅਲਾਵਣ ਥੋਥਰਾ।
ਨਾਨਕ ਮਨਿ ਮਝਾਹੁ ਲਖ ਤੁਧਹੁ ਦੂਰਿ ਨਾ ਮਾ ਪਿਰੀ।'

ਸ਼ੇਖ ਜੀ ਦਾ ਉੱਤਰ :

'ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ :
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ।੧।
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ।੧। ਰਹਾਉ।
ਇਕ ਆਪੀਨੈ ਪਤਲੀ ਸਹਕੇਰੇ ਬੋਲਾ।
ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ।੨।
ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ। *(ਆ: ਗ੍ਰੰ: ਪੰ :੧੯੪)*
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ।੩।੨। *(ਸੂਹੀ ਸ਼ੇਖ ਫਰੀਦ ਜੀ)*

ਗੁਰੂ ਜੀ ਨੇ ਰਾਗ ਸੂਹੀ ਵਿਚ ਹੇਠ ਲਿਖਿਆ ਸ਼ਬਦ ਜਵਾਬ ਵਿਚ ਉਚਾਰਿਆ :

'ਜਪ ਤਪ ਕਾ ਬੰਧੁ ਬੇੜੁਲਾ ਜਿਤ ਲੰਘਹਿ ਵਹੇਲਾ।
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ।੧।
ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ
ਸਦ ਰੰਗ ਢੋਲਾ।੧।ਰਹਾਉ।
ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ।
ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ।੨।
ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ।
ਆਵਾਗਉਣੁ ਨਿਵਾਰਿਆ ਹੈ ਸਾਚਾ ਸੋਈ।੩।
ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ।
ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ।੪।
ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ। *(ਆ: ਗ੍ਰੰ: ਪੰ: ੭੨੯)*
ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ।੫।੨।੪।' *(ਰਾਗ ਸੂਹੀ ਮ: ੧)*

ਇਹ ਸੁਣ ਕੇ ਸ਼ੇਖ ਬ੍ਰਹਮ ਜੀ ਨੇ ਇਸ ਤਰ੍ਹਾਂ ਕਿਹਾ :

'ਦਿਲਹੁ ਮੁਹਬਤਿ ਜਿਨੁ ਸੇਈ ਸਚਿਆ।
ਜਿਨੁ ਮਨਿ ਹੋਰ ਮੁਖਿ ਹੋਰੁ ਸਿ ਕਾਂਢੇ ਰਚਿਆ।੧।
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ।
ਵਿਸਰਿਆ ਜਿਨੁ ਨਾਮੁ ਤੇ ਭੁਇ ਭਾਰੁ ਥੀਏ।੧। ਰਹਾਉ।
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ।
ਤਿਨੁ ਧੰਨੁ ਜਣੇਦੀ ਮਾਉ ਆਏ ਸਫਲੁ ਸੇ।੨।
ਪਰਵਦਗਾਰ ਅਪਾਰ ਅਗਮ ਬੇਅੰਤ ਤੂੰ।
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ।੩।

ਤੇਰੀ ਪਨਹ ਖੁਦਾਇ ਤੂੰ ਬਖਸੰਦਗੀ।
ਸ਼ੇਖ ਫਰੀਦੈ ਖੈਰੁ ਦੀਜੈ ਬੰਦਗੀ।੪।੧। (ਆ: ਗ੍ਰੰ: ਪੰ: ੪੮੮) (ਆਸਾ ਫਰੀਦ ਜੀ)

ਗੁਰੂ ਜੀ ਨੇ 'ਸੁਚਜੀ' ਸਿਰਲੇਖ ਹੇਠ ਸੂਹੀ ਰਾਗ ਵਿਚ ਇਹ ਸ਼ਬਦ ਉਚਾਰਿਆ :

'ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ।
ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ।
ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ।
ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ।
ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ।
ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ।
ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ।
ਤੂ ਸਹੁ ਅਗਮ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ।
ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ।
ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ।੨।

(ਆ: ਗ੍ਰੰ: ਪੰ: ੭੬੨) (ਸੂਹੀ ਮ: ੧)

ਸਤਿਗੁਰੂ ਜੀ ਤੇ ਸ਼ੇਖ ਬ੍ਰਹਮ ਉਸ ਰਾਤ ਨੂੰ ਕੱਠੇ ਹੀ ਇਕ ਜੰਗਲ 'ਚ ਰਹੇ। ਇਕ ਖੁਲ੍ਹੇ ਦਿਲ ਵਾਲੇ ਅਤੇ ਦਇਆਵਾਨ ਨੇ ਉਹਨਾਂ ਦੋਨਾਂ ਨੂੰ ਵੇਖਿਆ ਅਤੇ ਉਹ ਮੂੰਹ ਨ੍ਹੇਰੇ ਹੀ ਗੁਰੂ ਜੀ ਅਤੇ ਸ਼ੇਖ ਬ੍ਰਹਮ ਲਈ ਇਕ ਬਰਤਨ ਦੁੱਧ ਦਾ ਭਰ ਲਿਆਇਆ। ਸ਼ੇਖ ਬ੍ਰਹਮ ਨੇ ਆਪਣੇ ਹਿੱਸੇ ਦਾ ਦੁੱਧ ਵਖਰਾ ਕਰ ਲਿਆ ਅਤੇ ਇਹ ਸਲੋਕ ਪੜ੍ਹਿਆ :

'ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ।
ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ।

ਫੇਰ ਗੁਰੂ ਜੀ ਨੇ ਉਚਾਰਿਆ :

'ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ।
ਇਕ ਜਾਗੰਦੇ ਨਾ ਲਹਨਿ ਇਕਨਾ ਸੁਤਿਆ ਦੇਇ ਉਠਾਲਿ।'

(ਆ: ਗ੍ਰੰ: ਪੰ: ੧੩੮੪) (ਸ੍ਰੀ ਰਾਗ ਸ੍ਰੀ ਵਾਰ ਮ: ੧)

ਫੇਰ ਗੁਰੂ ਜੀ ਨੇ ਸ਼ੇਖ ਜੀ ਨੂੰ ਕਿਹਾ ਕਿ ਦੁੱਧ 'ਚ ਹੱਥ ਪਾਕੇ ਵੇਖੋ ਕਿ ਕੀ ਹੈ ? ਸ਼ੇਖ ਜੀ ਨੇ ਜਦੋਂ ਵੇਖਿਆ ਤਾਂ ਦੇਖਿਆ ਕਿ ਉਸ ਦੀ ਥਾਂ ਤੇ ਮੋਹਰਾਂ ਪਈਆਂ ਸਨ। ਜਦੋਂ ਉਸ ਦਇਆਵਾਨ ਨੇ ਇਹ ਗੱਲ ਵੇਖੀ ਤਾਂ ਉਸ ਨੇ ਸਮਝਿਆ ਕਿ ਮੈਂ ਇਥੋਂ ਜਾਦੂਗਰਾਂ ਦੇ ਹੱਥਾਂ ਵਿੱਚ ਆ ਗਿਆ ਹਾਂ। ਉਸ ਨੇ ਦੁੱਧ ਵਾਲਾ ਬਰਤਨ ਉਥੇ ਹੀ ਛੱਡ ਦਿੱਤਾ ਅਤੇ ਤੁਰ ਪਿਆ। ਗੁਰੂ ਜੀ ਨੇ ਇਹ ਸ਼ਬਦ ਫੁਰਮਾਇਆ :

'ਪਹਿਲੇ ਪਹਰੈ ਨੈਣ ਸਲੋਕੜੀਏ ਰੈਣਿ ਅੰਧਿਆਰੀ ਰਾਮ।
ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ।
ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ।
ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰ ਪੜੈ ਘਰੁ ਮੂਸਏ।

ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ।
ਨਾਨਕ ਮੂਰਖੁ ਕਬਰਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ।੧।'
(ਆ: ਗ੍ਰੰ: ਪੰ: ੧੧੧੦) (ਤੁਖਾਰੀ ਮਹਲਾ ੧)

ਜਦੋਂ ਗੁਰੂ ਜੀ ਅਤੇ ਸ਼ੇਖ ਜੀ ਉਸ ਜੰਗਲ 'ਚੋਂ ਤੁਰ ਗਏ ਤਾਂ ਉਹ ਆਦਮੀ ਆਪਣਾ ਬਰਤਨ ਲੈਣ ਆਇਆ। ਕਿਹਾ ਜਾਂਦਾ ਹੈ ਕਿ ਜਦੋਂ ਉਸ ਨੇ ਬਰਤਨ ਚੁਕਿਆ ਤਾਂ ਉਸਨੇ ਵੇਖਿਆ ਕਿ ਬਰਤਨ ਸੋਨੇ ਦਾ ਹੋ ਗਿਆ ਸੀ। ਅਤੇ ਮੋਹਰਾਂ ਨਾਲ ਭਰਿਆ ਹੋਇਆ ਸੀ। ਇਹ ਵੇਖ ਕੇ ਉਹ ਆਪਣੇ ਕੀਤੇ ਸ਼ੱਕ ਤੇ ਪਛਤਾਇਆ ਅਤੇ ਉਸ ਨੂੰ ਵਿਸ਼ਵਾਸ ਹੋ ਗਿਆ ਕਿ ਉਹ ਤਾਂ ਸੰਤ ਸਨ। ਉਸਨੇ ਦਿਲ 'ਚ ਕਿਹਾ ਕਿ ਜੇ ਮੈਂ ਪ੍ਰਮਾਤਮਾ ਨੂੰ ਦਿਲ 'ਚ ਧਾਰ ਕੇ ਆਉਂਦਾ ਤਾਂ ਮੈਨੂੰ ਵੀ ਸ਼ੁਧ ਆਤਮਕ ਸ਼ਕਤੀ ਮਿਲ ਜਾਂਦੀ। ਮੈਂ ਦਿਲ 'ਚ ਮਾਇਆ ਧਾਰ ਕੇ ਆਇਆ ਸੀ ਤੇ ਮਾਇਆ ਹੀ ਮਿਲ ਗਈ ਹੈ। ਉਹ ਆਪਣਾ ਬਰਤਨ ਚੁੱਕ ਕੇ ਚਲਾ ਗਿਆ।

ਸ਼ੇਖ ਨੇ ਗੁਰੂ ਜੀ ਨੂੰ ਕਿਹਾ ਕਿ ਜੋ ਮਾਇਆ ਨਾਲ ਪਿਆਰ ਕਰਦੇ ਹਨ ਉਨ੍ਹਾਂ ਲਈ ਮੁਕਤੀ ਹਾਸਲ ਕਰਨੀ ਬਹੁਤ ਔਖੀ ਹੈ। ਸ਼ੇਖ ਜੀ ਨੇ ਗੁਰੂ ਜੀ ਤੋਂ ਪੁੱਛਿਆ ਕਿ ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਹੋਰ ਆਮ ਕਿਸ ਚੀਜ਼ ਦੀ ਜ਼ਰੂਰਤ ਹੈ ਜਿਸ ਦੇ ਸਦਕਾ ਅੱਗੇ ਲਈ ਸੁੱਖ ਤੇ ਖੁਸ਼ੀ ਮਿਲ ਸਕਦੀ ਹੈ ? ਜਵਾਬ ਵਿਚ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ :

'ਮਿਲਿ ਮਾਤ ਪਿਤਾ ਪਿੰਡੁ ਕਮਾਇਆ।
ਤਿਨਿ ਕਰਤੈ ਲੇਖੁ ਲਿਖਾਇਆ।
ਲਿਖੁ ਦਾਤਿ ਜੋਤਿ ਵਡਿਆਈ।
ਮਿਲ ਪਾਇਆ ਸੁਰਿਤ ਗਵਾਈ।੧।
ਮੂਰਖ ਮਨ ਕਾਹੈ ਕਰਸਹਿ ਮਾਣਾ।
ਉਠਿ ਚਲਣਾ ਖਸਮੈ ਭਾਣਾ।੧ ਰਹਾਉ।
ਤਜਿ ਸਾਦ ਸਹਜ ਸੁਖ ਹੋਈ।
ਘਰ ਛਡ ਰਹੈ ਨ ਕੋਈ।
ਕਿਛੁ ਖਾਜੈ ਕਿਛੁ ਧਰਿ ਜਾਈਐ।
ਜੇ ਬਾਹੁੜਿ ਦੁਨੀਆ ਆਈਐ।੧।
ਸਜੁ ਕਾਇਆ ਪਟੁ ਹਢਾਏ।
ਫੁਰਮਾਇਸੀ ਬਹੁਤੁ ਚਲਾਏ।
ਕਰਿ ਸੇਜ ਸੁਖਾਲੀ ਸੋਵੈ। ਹਥੀ ਪਉਦੀ ਕਾਹੇ ਰੋਵੈ।੩।
ਘਰ ਘੁੰਮਣਵਾਣੀ ਭਾਈ। ਪਾਪ ਪਥਰ ਤਰਣੁ ਨ ਜਾਈ : (ਆ: ਗ੍ਰੰ: ਪੰ: ੯੬੯)
ਭਉ ਬੇੜਾ ਜੀਉ ਚੜਾਊ। ਕਹੁ ਨਾਨਕ ਦੇਵੈ ਕਾਹੁ।੪।੨।' (ਮਾਰੂ ਮਹਲਾ ੧)

ਇਸ ਵਕਤ ਸ਼ੇਖ ਬ੍ਰਹਮ ਅਤੇ ਗੁਰੂ ਜੀ ਲਈ ਲੋਕ ਰੋਟੀ ਲੈ ਆਏ। ਪਰ ਸ਼ੇਖ ਜੀ ਨੇ ਜਵਾਬ ਦਿੱਤਾ ਕਿ ਮੈਂ ਰੋਟੀ ਖਾ ਚੁੱਕਾ ਹਾਂ। ਲੋਕਾਂ ਨੇ ਇਹ ਖਿਆਲ ਕੀਤਾ ਸਾਡੀ ਰੋਟੀ ਨੂੰ

ਇਨ੍ਹਾਂ ਨੇ ਠੁਕਰਾਇਆ ਹੈ ਅਤੇ ਗੁੱਸੇ 'ਚ ਆ ਕੇ ਕਹਿਣ ਲੱਗੇ, 'ਤੂੰ ਜਰੂਰ ਉਸ ਦੇਸ਼ ਦਾ ਕੂੜਿਆਰ ਲਗਦਾ ਹੈਂ ਜਿਥੇ ਕਾਠ ਦੀ ਰੋਟੀ ਨੂੰ ਪੇਟ ਤੇ ਬੰਨ੍ਹ ਕੇ ਫਰੀਦ ਦੀ ਪੀਰੀ ਫਕੀਰੀ ਦਾ ਬਹੁਤਾ ਜੋਰ ਹੈ। ਜਦੋਂ ਫਰੀਦ ਜੀ ਨੂੰ ਕੋਈ ਰੋਟੀ ਬਖਸ਼ਦਾ ਸੀ ਤਾਂ ਉਹ ਵੀ ਇਹ ਹੀ ਕਹਿੰਦੇ ਸਨ ਕਿ ਮੈਂ ਖਾਧੀ ਹੋਈ ਹੈ।' ਸ਼ੇਖ ਜੀ ਨੇ ਕਿਹਾ, 'ਦਸੋ ਭਲਾ ਮੇਰਾ ਕੀ ਹਾਲ ਹੋਵੇਗਾ? ਮੈਂ ਹਰ ਵੇਲੇ ਇਹ ਹੀ ਕਹਿੰਦਾ ਹਾਂ ਕਿ ਮੈਂ ਰੋਟੀ ਖਾ ਚੁੱਕਾ ਹਾਂ ਪਰ ਅਸਲ ਗੱਲ ਇਹ ਹੈ ਕਿ ਮੈਂ ਰੋਜ਼ਾ ਰੱਖਿਆ ਹੁੰਦਾ ਹੈ।' ਗੁਰੂ ਜੀ, ਸ਼ੇਖ ਜੀ ਦੀ ਇਸ ਤਰ੍ਹਾਂ ਦੀ ਕੋਮਲ ਆਤਮਾ ਨੂੰ ਵੇਖ ਕੇ ਬਹੁਤ ਖੁਸ਼ ਹੋਏ ਅਤੇ ਕਹਿਣ ਲੱਗੇ, 'ਹੇ ਸ਼ੇਖ ਬ੍ਰਹਮ ਤੇਰੇ 'ਚ ਪ੍ਰਮਾਤਮਾ ਵਸਦਾ ਹੈ।' ਫੇਰ ਸ਼ੇਖ ਜੀ ਨੇ ਗੁਰੂ ਜੀ ਕੋਲੋਂ ਪੁੱਛਿਆ ਕਿ ਮੈਨੂੰ ਰੱਬ ਬਾਰੇ ਦੱਸੋ ਅਤੇ ਇਹ ਵੀ ਦੱਸੋ ਕਿ ਉਹ ਕਿਹੜੇ ਗੁਣ ਅਤੇ ਨੇਕੀਆਂ ਹਨ ਜਿਨ੍ਹਾਂ ਨੂੰ ਅਪਨਾ ਕੇ ਪ੍ਰਮਾਤਮਾ ਨੂੰ ਪਾਇਆ ਜਾਂਦਾ ਹੈ? ਗੁਰੂ ਜੀ ਨੇ ਜਵਾਬ ਦਿੱਤਾ :

'ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ।
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ।
ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ।੧।
ਕਰਤਾ ਸਭੁ ਕੋ ਤੇਰੈ ਜੋਰਿ।
ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ : ੧। ਰਹਾਉ।
ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ।
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ।
ਪਿਰੁ ਰੀਸਾਲੂ ਤਾ ਮਿਲੈ ਜਾ ਗੁਰਕਾ ਸਬਦੁ ਸੁਣੀ।੨।
ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ।
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ. ਦਿਨ ਰਾਤਿ।
ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਂਤਿ।੩।
ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ।
ਸੁਰਤਿ ਹੋਵੈ ਪਾਤਿ ਊਗਵੈ ਗੁਰਬਚਨੀ ਭਉ ਖਾਇ। (ਆ: ਗ੍ਰੰ: ਪੰ: ੧੭-੧੮)
ਨਾਨਕ ਸਚਾ ਪਾਤਸ਼ਾਹੁ ਆਪੇ ਲਏ ਮਿਲਾਇ।੪।੧੦।' (ਸ੍ਰੀ ਰਾਗ ਮਹਲਾ ੧)

ਝੰਡੇ ਦੀ ਸਾਖੀ

ਗੁਰੂ ਜੀ ਨੇ ਸ਼ੇਖ ਬ੍ਰਹਮ ਜੀ ਨਾਲ ਬੜੀ ਖੁਸ਼ੀ ਭਰੀ ਗੋਸ਼ਟੀ ਕੀਤੀ। ਉਸ ਦੇ ਇਲਾਕੇ 'ਚ ਯਾਤਰਾ ਕੀਤੀ ਅਤੇ ਉਥੋਂ ਦੇ ਕੁਝ ਲੋਕਾਂ ਨੂੰ ਆਪਣਾ ਖਿਆਲਾਂ ਦੇ ਅਨੁਸਾਰ ਢਾਲ ਕੇ ਗੁਰੂ ਜੀ ਬਿਸ਼ਿਆਰ ਨਾਉਂ ਦੇ ਇਕ ਦੇਸ਼ 'ਚ ਚਲੇ ਗਏ। ਸੌ ਫੀਸਦੀ ਬਿਸ਼ਿਆਰ ਹਿਮਾਲੀਆ ਦੀ ਬੁਸ਼ਹਿਰ ਰਿਆਸਤ ਦਾ ਨਾਂ ਸੀ। ਇਥੇ ਗੁਰੂ ਜੀ ਨੂੰ ਆਦਰ ਸਤਿਕਾਰ ਨ ਮਿਲਿਆ। ਉਥੋਂ ਦੇ ਵਸਨੀਕ, ਜਿਥੇ ਗੁਰੂ ਜੀ ਜਾ ਖੜੋਂਦੇ ਥਾਂ ਨੂੰ ਅਪਵਿੱਤਰ ਸਮਝ ਕੇ ਉਸ ਜਗ੍ਹਾ ਨੂੰ ਸਾਫ ਕਰਕੇ ਚੌਂਕਾ ਦੇ ਦਿੰਦੇ ਸਨ। ਸਿਰਫ ਇਕ ਆਦਮੀ ਝੰਡਾ ਜੋ ਤਰਖਾਣ ਸੀ, ਉਸੇ ਨੇ ਹੀ ਗੁਰੂ ਜੀ ਦੀ ਆਦਰ ਮਾਣ ਨਾਲ ਪ੍ਰਾਹੁਣਾਚਾਰੀ ਕੀਤੀ। ਝੰਡਾ ਗੁਰੂ

ਜੀ ਨੂੰ ਆਪਣੇ ਘਰ ਲੈ ਗਿਆ। ਗੁਰੂ ਜੀ ਦੇ ਚਰਨ ਧੋਤੇ ਅਤੇ ਉਹ ਚਰਨਾਮ੍ਰਿਤ ਪੀਤਾ। ਜਦੋਂ ਉਸ ਨੇ ਗੁਰੂ ਜੀ ਦੇ ਚਰਨ ਧੋ ਕੇ ਪੀਤੇ ਤਾਂ ਉਸਨੂੰ ਇਹ ਗੱਲ ਦਾ ਗਿਆਨ ਮਿਲਿਆ ਕਿ ਇਹ ਇਕ ਗੁਰੂ ਹਨ ਤਾਂ ਉਹ ਵੀ ਗੁਰੂ ਜੀ ਨਾਲ ਮਿਲ ਕੇ ਯਾਤਰਾ ਲਈ ਤੁਰ ਪਿਆ।

ਗੁਰੂ ਜੀ ਆਪਣੇ ਸਾਥੀਆਂ ਦੇ ਨਾਲ ਪੂਰਬ ਵੱਲ ਨੂੰ ਚੱਲ ਪਏ। ਉਹ ਸਮੁੰਦਰ 'ਚ ਇਕ ਟਾਪੂ 'ਚ ਜਾ ਪਹੁੰਚੇ। ਉਥੇ ਉਹਨਾਂ ਨੂੰ ਕੁਝ ਖਾਣ ਨੂੰ ਨਾ ਮਿਲੇ। ਗੁਰੂ ਜੀ ਨੇ ਉਥੋਂ ਜੁਗਾਵਲੀ ਨਾਉਂ ਦੀ ਬਾਣੀ ਉਚਾਰੀ ਜੋ ਸੰਸਾਰ ਦੇ ਜੁਗਾਂ ਦੇ ਸਬੰਧ 'ਚ ਸੀ। (ਪਰ ਅੱਜ ਕੱਲ ਪ੍ਰਚਲਤ ਨਹੀਂ ਹੈ)। ਝੰਡੇ ਤਰਖਾਣ ਨੇ ਵੀ ਇਹ ਬਾਣੀ ਲਿਖੀ ਅਤੇ ਇਸ ਨੂੰ ਪ੍ਰਚਲਤ ਕੀਤਾ। ਝੰਡਾ ਇਸ ਨਵੀਂ ਲਿਖਤ ਨੂੰ ਆਪਣੇ ਨਾਲ ਲੈ ਆਇਆ ਅਤੇ ਆਪਣੇ ਦੇਸ਼ ਨੂੰ ਵਾਪਸ ਆ ਗਿਆ। ਗੁਰੂ ਜੀ ਅਤੇ ਮਰਦਾਨੇ ਨੂੰ ਬਾਕੀ ਸਫਰ ਲਈ ਜੰਗਲ 'ਚ ਹੀ ਛੱਡ ਆਇਆ।

ਭਿਆਨਕ ਜੰਗਲ ਦੀ ਸਾਖੀ

ਗੁਰੂ ਜੀ ਤੇ ਮਰਦਾਨਾ ਜਲਦੀ ਹੀ ਇਕ ਉਜਾੜ ਜੰਗਲ 'ਚ ਜਾ ਪਹੁੰਚੇ। ਮਰਦਾਨੇ ਨੂੰ ਭੁੱਖ ਨੇ ਬਹੁਤ ਸਤਾਇਆ ਅਤੇ ਗੁਰੂ ਜੀ ਕੋਲ ਅਰਜ਼ ਕਰਨ ਲੱਗਾ, 'ਮਹਾਰਾਜ ਅਸੀਂ ਇਸ ਵਿਸ਼ਾਲ ਜੰਗਲ 'ਚ ਆ ਕੇ ਫਸ ਗਏ ਹਾਂ ਇਥੋਂ ਰੱਬ ਹੀ ਬਚਾਵੇ ਤਾਂ ਨਿਕਲੀਏ। ਮੈਂ ਤਾਂ ਇਥੇ ਜੰਗਲੀ ਜਾਨਵਰ ਦੇ ਕਬਜੇ 'ਚ ਆ ਜਾਵਾਂਗਾ। ਜੋ ਮੈਨੂੰ ਮਾਰ ਕੇ ਖਾ ਲਵੇਗਾ।' ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, 'ਥੋੜਾ ਧਿਆਨ ਰੱਖ, ਕੋਈ ਵੀ ਅਜਿਹੀ ਚੀਜ਼ ਤੇਰੇ ਨੇੜੇ ਨਹੀਂ ਭਟਕੇਗੀ।' ਗੁਰੂ ਜੀ ਨੇ ਇਹ ਕਹਿ ਕੇ ਫੇਰ ਤਸੱਲੀ ਦਿੱਤੀ ਕਿ ਅਸੀਂ ਉਜਾੜ ਵਿੱਚ ਨਹੀਂ ਕਿਉਂਕਿ ਜਿਸ ਥਾਂ ਤੇ ਪ੍ਰਮਾਤਮਾ ਦਾ ਨਾਮ ਜਪਿਆ ਜਾਵੇ ਉਥੇ ਸਦਾ ਹੀ ਵਸੋਂ ਹੁੰਦੀ ਹੈ। ਫੇਰ ਗੁਰੂ ਜੀ ਨੇ ਦੱਸਿਆ ਕਿ ਸਾਡੇ ਨਾਲੋਂ ਚੰਗਿਆਂ ਚੰਗਿਆਂ ਬੰਦਿਆਂ ਨੇ ਇਸ ਤੋਂ ਵੀ ਵਧੇਰੀਆਂ ਮੁਸ਼ਕਲਾਂ ਕੱਟੀਆਂ ਹਨ। ਗੁਰੂ ਜੀ ਨੇ ਫੇਰ ਇਹ ਸ਼ਬਦ ਉਚਾਰਨ ਕੀਤਾ :

'ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ।
ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ।੧।
ਤਉ ਕਾਰਣਿ ਸਾਹਿਬਾ ਰੰਗਿ ਰਤੇ।
ਤੇਰੇ ਨਾਮ ਅਨੇਕ ਰੂਪ ਅਨੰਤਾ
ਕਹਣ ਨ ਜਾਹੀ ਤੇਰੇ ਗੁਣ ਕੇਤੇ।੧ ਰਹਾਉ।
ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤ ਦੇਸ ਗਏ॥
ਪੀਰ ਪੈਕਾਬਰ ਸਾਲਿਕ ਸਾਦਿਕ ਛੋਡਿ ਦੁਨੀਆ ਥਾਇ ਪਏ।੨।
ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ।
ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ।
ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨੀ।
ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ।੪।੧।੩੩।'

(ਆ: ਗ੍ਰੰ: ਪੰ: ੩੫੮) (ਆਸਾ ਮ: ੧)

ਫੇਰ ਗੁਰੂ ਜੀ ਨੇ ਮਰਦਾਨੇ ਨੂੰ ਸਮਝਾਇਆ ਕਿ ਪ੍ਰਮਾਤਮਾ ਦੀ ਬਾਣੀ ਤੋਂ ਬਿਨਾਂ ਸਾਡਾ ਸਰ ਨਹੀਂ ਸਕਦਾ, ਕੋਈ ਸ਼ਬਦ ਯਾਦ ਕਰ ਅਤੇ ਰਬਾਬ ਵਜਾ। ਮਰਦਾਨੇ ਨੇ ਕਿਹਾ, "ਮੇਰਾ ਤਾਂ ਭੁੱਖ ਨਾਲ ਮੂੰਹ ਸੁਕਿਆ ਪਿਆ ਹੈ, ਬਜਾਉਣਾ ਤਾਂ ਕਿਥੇ ਮੇਰੇ ਤੋਂ ਤਾਂ ਹਿਲ ਵੀ ਨਹੀਂ ਹੁੰਦਾ।" ਗੁਰੂ ਜੀ ਨੇ ਇਕ ਦਰਖਤ ਵੱਲ ਉਂਗਲ ਕਰਕੇ ਕਿਹਾ ਕਿ ਉਸ ਦਰਖਤ ਦਾ ਫਲ ਰਜ ਕੇ ਖਾ ਲੈ। ਇਕ ਗੱਲ ਯਾਦ ਰੱਖੀਂ ਕਿ ਪੱਲੇ 'ਚ ਨਾ ਪਾਵੀਂ। ਮਰਦਾਨਾ ਜਦੋਂ ਹੀ ਫਲ ਖਾਣ ਲੱਗ ਗਿਆ। ਫਲ ਐਨੇ ਸਵਾਦ ਲੱਗੇ ਕਿ ਉਸ ਨੇ ਆਖਿਆ ਜਿੰਨੇ ਖਾ ਹੁੰਦੇ ਹਨ ਖਾ ਲਵਾਂ ਅਤੇ ਪੱਲੇ 'ਚ ਵੀ ਬੰਨ ਕੇ ਲੈ ਜਾਵਾਂ ਕਿਤੇ ਫੇਰ ਇਕਦਮ ਇਸ ਤਰ੍ਹਾਂ ਦਾ ਬੁਰਾ ਹਾਲ ਨਾ ਹੋ ਜਾਵੇ।

ਗੁਰੂ ਜੀ ਤੇ ਮਰਦਾਨਾ ਫੇਰ ਉਥੋਂ ਅਗਲੇ ਸਫਰ ਤੇ ਤੁਰ ਪਏ। ਮਰਦਾਨੇ ਨੂੰ ਜਦੋਂ ਫੇਰ ਭੁੱਖ ਲੱਗੀ ਤਾਂ ਉਸਨੇ ਪੱਲੇ ਬੰਨੇ ਹੋਏ ਫਲ ਖੋਲ੍ਹੇ ਅਤੇ ਖਾਣ ਸਾਰ ਹੀ ਗਿਰ ਗਿਆ। ਗੁਰੂ ਜੀ ਨੇ ਪੁਛਿਆ, 'ਮਰਦਾਨਿਆਂ ਕੀ ਹੋਇਆ?' ਮਰਦਾਨੇ ਨੇ ਮੰਨ ਲਿਆ ਕਿ ਮੈਂ ਤੁਹਾਡੇ ਹੁਕਮ ਦਾ ਪਾਲਣ ਨਹੀਂ ਕੀਤਾ। ਤੁਹਾਡੇ ਮਨ੍ਹਾਂ ਕਰਨ ਤੇ ਵੀ ਮੈਂ ਫਲ ਲੈ ਆਇਆ ਹਾਂ ਅਤੇ ਉਹ ਖਾ ਲਏ । ਗੁਰੂ ਜੀ ਨੇ ਮਰਦਾਨੇ ਨੂੰ ਹੁਕਮ ਭੰਗ ਨ ਕਰਨ ਦਾ ਇਸ਼ਾਰਾ ਕੀਤਾ। ਫੇਰ ਗੁਰੂ ਜੀ ਨੇ ਦਸਿਆ ਕਿ ਇਹ ਬਿਖ-ਫਲ ਸਨ ਪਰ ਅਸੀਂ ਵਰ ਦੇ ਕੇ ਉਸ ਵਕਤ ਖਾਣ ਯੋਗ ਬਣਾਏ ਸਨ। ਗੁਰੂ ਜੀ ਨੇ ਮਰਦਾਨੇ ਦੇ ਮੱਥੇ ਤੇ ਪੈਰ ਛੁਹਾਇਆ ਜਦੋਂ ਕਿ ਉਹ ਜ਼ਮੀਨ ਤੇ ਲੇਟਿਆ ਪਿਆ ਸੀ ਅਤੇ ਮਰਦਾਨਾ ਉਸੇ ਵੇਲੇ ਚੰਗਾ ਭਲਾ ਹੋ ਕੇ ਉਠ ਖੜਾ ਹੋਇਆ।

ਕਾਂਡ—6

ਘਰ ਨੂੰ ਪਰਤਣਾ ਅਤੇ ਮਰਦਾਨੇ ਦੀ ਭੁੱਖ ਮਿਟਾਈ

ਮਰਦਾਨਾ ਹੁਣ ਤੱਕ ਬਹੁਤ ਯਾਤਰਾ ਕਰ ਚੁੱਕਾ ਸੀ, ਬਹੁਤ ਦੁੱਖ ਅਤੇ ਭੁੱਖ ਸਹਿ ਚੁੱਕਾ ਸੀ। ਉਸ ਨੇ ਹੁਣ ਗੁਰੂ ਜੀ ਨੂੰ ਕਿਹਾ, 'ਮਹਾਰਾਜ, ਤੁਹਾਡੀ ਧੰਨ ਹੈ ਇਹ ਭਗਤੀ ਅਤੇ ਧੰਨ ਹੈ ਇਹ ਕਮਾਈ ਤੁਸੀਂ ਅਤੀਤ ਮਹਾਂਪੁਰਸ਼ ਹੋ। ਨਾ ਹੀ ਤੁਸੀਂ ਕੁਝ ਖਾਂਦੇ ਹੋ ਨਾ ਹੀ ਤੁਸੀਂ ਕੁਝ ਪੀਂਦੇ ਹੋ ਅਤੇ ਨਾ ਹੀ ਤੁਸੀਂ ਵਸੋਂ ਵਾਲੀ ਥਾਂ ਜਾਂਦੇ ਹੋ ਪਰ ਮੈਂ ਤੁਹਾਡੇ ਨਾਲ ਕਿਵੇਂ ਰਹਿ ਸਕਦਾ ਹਾਂ?' ਮਰਦਾਨਿਆਂ ਤੂੰ ਕਿਸੇ ਸ਼ਰਤ ਤੇ ਆਪਣੇ ਇਸ ਫੈਸਲੇ ਨੂੰ ਬਦਲ ਕੇ ਰਹਿ ਵੀ ਸਕਦਾ ਹੈਂ ਕਿ ਨਹੀਂ?' ਗੁਰੂ ਜੀ ਨੇ ਪੁੱਛਿਆ। ਮਰਦਾਨੇ ਨੇ ਜਵਾਬ ਦਿੱਤਾ, 'ਜੀ ਮੈਂ ਤਾਂ ਹੀ ਰਹਿ ਸਕਾਂਗਾ ਜੇ ਤੁਸੀਂ ਮੇਰੀ ਭੁਖ ਦੂਰ ਕਰੋ। ਜਿਸ ਤਰ੍ਹਾਂ ਤੁਸੀਂ ਤ੍ਰਿਪਤ ਹੋਏ ਹੋ, ਉਸੇ ਤਰ੍ਹਾਂ ਮੈਂ ਵੀ ਤ੍ਰਿਪਤ ਹੋ ਜਾਵਾਂ ਅਤੇ ਇਹ ਵੀ ਵਰ ਦੇਵੋ ਕਿ ਤੁਸੀਂ ਮੇਰੇ ਕਰਮਾਂ ਨੂੰ ਨਹੀਂ ਵਿਚਾਰੋਗੇ।' ਗੁਰੂ ਜੀ ਨੇ ਮਰਦਾਨੇ ਦੀਆਂ ਇਹ ਸ਼ਰਤਾਂ ਮੰਨ ਲਈਆਂ ਤੇ ਕਿਹਾ, 'ਮਰਦਾਨਿਆਂ ਤੂੰ ਇਸ ਜਹਾਨ ਵਿੱਚ ਅਤੇ ਅਗਲੇ ਦੋ ਹੋਰ ਜਨਮਾਂ ਵਿੱਚ ਸੁਖੀ ਵਸੇਂਗਾ।' ਇਹ ਸੁਣ ਕੇ ਮਰਦਾਨਾ ਗੁਰੂ ਜੀ ਦੇ ਕਦਮਾਂ ਤੇ ਗਿਰ ਗਿਆ।

ਪਰ ਪਤਾ ਲੱਗਦਾ ਹੈ ਕਿ ਮਰਦਾਨਾ ਫੇਰ ਜਲਦੀ ਹੀ ਗੁਰੂ ਜੀ ਨੂੰ ਪ੍ਰਾਰਥਨਾ ਕਰਨ ਲੱਗ ਗਿਆ, 'ਮਹਾਰਾਜ ਹੁਣ ਤਾਂ ਘਰ ਮੁੜਨਾ ਹੀ ਚੰਗਾ ਹੈ। ਬਾਰਾਂ ਸਾਲ ਤੁਹਾਨੂੰ ਸਫਰ ਕਰਦਿਆਂ ਲੰਘ ਗਏ ਹਨ ਹੁਣ ਜਾਂ ਤੁਹਾਨੂੰ ਮਾਤਾ ਪਿਤਾ ਜੀ ਨੂੰ ਵੀ ਮਿਲਣਾ ਹੀ ਚਾਹੀਦਾ ਹੈ।' ਗੁਰੂ ਜੀ ਨੇ ਮਰਦਾਨੇ ਦੀ ਗੱਲ ਮੰਨ ਲਈ ਅਤੇ ਤਲਵੰਡੀ ਵਲ ਨੂੰ ਚਲ ਪਏ ਰਾਹ ਵਿਚ ਤਲਵੰਡੀ ਤੋਂ ਤਿੰਨ ਕੁ ਮੀਲ ਦੇ ਫਾਸਲੇ ਤੇ ਇਕ ਜੰਗਲ 'ਚ ਜਾ ਕੇ ਰੁਕੋ। ਮਰਦਾਨੇ ਨੇ ਗੁਰੂ ਜੀ ਨੂੰ ਕਿਹਾ ਕਿ ਜੇ ਕਹੋ ਤਾਂ ਮੈਂ ਘਰ ਜਾ ਕੇ ਇਹ ਪਤਾ ਕਰਾਂ ਕਿ ਮੇਰੇ ਸਾਕ-ਸਬੰਧੀ ਮਰ ਗਏ ਹਨ ਜਾਂ ਜਿਉਂਦੇ ਹਨ। ਗੁਰੂ ਜੀ ਨੇ ਕਿਹਾ, 'ਮਰਦਾਨਿਆਂ ਜੇ ਤੇਰੀ ਇਹ ਹੀ ਤਮੰਨਾ ਹੈ ਤਾਂ ਜਾਹ ਅਤੇ ਆਪਣੇ ਘਰ ਮਿਲ ਆ। ਮੇਰੇ ਪਿਤਾ ਕਾਲੂ ਜੀ ਨੂੰ ਵੀ ਮਿਲ ਆਵੀਂ ਪਰ ਮੇਰਾ ਨਾਓਂ ਨਾ ਲਈਂ ਜਲਦੀ ਹੀ ਵਾਪਸ ਆ ਜਾਵੀਂ।

ਜਦੋਂ ਮਰਦਾਨਾ ਘਰ ਗਿਆ ਤਾਂ ਕਿੰਨੇ ਹੀ ਲੋਕ ਆ ਇਕੱਠੇ ਹੋਏ ਅਤੇ ਸਾਰਿਆਂ ਨੇ ਮਰਦਾਨੇ ਦਾ ਆਦਰ-ਸਤਿਕਾਰ ਕੀਤਾ ਅਤੇ ਕਹਿਣ ਲੱਗੇ ਕਿ ਮਰਦਾਨਾ ਤਾਂ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਹੋ ਗਿਆ ਹੈ। ਇਹ ਹੁਣ ਵੱਡਾ ਆਦਮੀ ਬਣ ਗਿਆ ਹੈ, ਪਹਿਲਾਂ ਵਾਂਗ ਮਾਮੂਲੀ ਆਦਮੀ ਨਹੀਂ।

ਮਰਦਾਨਾ ਆਪਣੇ ਘਰਦਿਆਂ ਨੂੰ ਮਿਲ ਕੇ ਕਾਲੂ ਜੀ ਦੇ ਘਰ ਪਹੁੰਚਿਆ ਅਤੇ ਵਿਹੜੇ 'ਚ ਜਾ ਬੈਠਾ। ਗੁਰੂ ਜੀ ਦੇ ਮਾਤਾ ਜੀ ਨੇ ਜਦੋਂ ਵੇਖਿਆ ਤਾਂ ਮਰਦਾਨੇ ਦੇ ਗਲੇ

ਆ ਲੱਗੇ ਅਤੇ ਖੁਸ਼ੀ ਨਾਲ ਉਨ੍ਹਾਂ ਦੀਆਂ ਅੱਖਾਂ 'ਚੋਂ ਹੰਝੂ ਵਗ ਤੁਰੇ, ਉਹਨਾਂ ਨੇ ਪੁੱਛਿਆ, ਮਰਦਾਨਿਆਂ ਮੇਰੇ ਪੁੱਤਰ ਨਾਨਕ ਦੀ ਵੀ ਕੋਈ ਖਬਰ ਦੱਸ?' ਏਨੇ ਨੂੰ ਬਹੁਤ ਸਾਰੇ ਲੋਕ ਆ ਕੱਠੇ ਹੋਏ ਅਤੇ ਹਰ ਕੋਈ ਗੁਰੂ ਜੀ ਬਾਰੇ ਪੁੱਛਣ ਲੱਗਾ। ਮਰਦਾਨੇ ਨੂੰ ਜੋ ਵੀ ਕੁਝ ਪੁਛਦੇ ਉਹ ਟਾਲ ਦਿੰਦਾ। ਸਿਰਫ ਐਨਾ ਹੀ ਲੋਕਾਂ ਨੂੰ ਦਸਦਾ ਕਿ ਗੁਰੂ ਜੀ ਨਾਲ ਰਿਹਾ ਹਾਂ। ਮਰਦਾਨਾ ਫੇਰ ਉਠਕੇ ਤੁਰ ਪਿਆ। ਗੁਰੂ ਜੀ ਦੇ ਮਾਤਾ ਜੀ ਨੇ ਇਹ ਤਾੜ ਲਿਆ ਕਿ ਮਰਦਾਨਾ ਜੋ ਐਨੀ ਜਲਦੀ ਜਾ ਰਿਹਾ ਹੈ, ਇਹ ਜ਼ਰੂਰ ਕੋਈ ਗੱਲ ਹੈ ਅਤੇ ਮੇਰਾ ਪੁੱਤਰ ਕੋਈ ਦੂਰ ਨਹੀਂ ਹੋਣਾ। ਮਾਤਾ ਜੀ ਵੀ ਉਠੇ ਅਤੇ ਗੁਰੂ ਜੀ ਲਈ ਕੱਪੜੇ ਅਤੇ ਮਠਿਆਈ ਲੈ ਕੇ ਮਰਦਾਨੇ ਦੇ ਪਿੱਛੇ ਪਿੱਛੇ ਤੁਰ ਪਏ ਅਤੇ ਮਰਦਾਨੇ ਨਾਲ ਜਾ ਮਿਲੇ। ਮਾਤਾ ਜੀ ਨੇ ਮਰਦਾਨੇ ਨੂੰ ਬਹੁਤ ਜ਼ੋਰ ਲਾਇਆ ਕਿ ਮੈਨੂੰ ਮੇਰੇ ਪੁੱਤਰ ਕੋਲ ਲੈ ਚਲ। ਮਰਦਾਨੇ ਨੇ ਕੋਈ ਉੱਤਰ ਨਾ ਦਿੱਤਾ, ਤੁਰਦਾ ਗਿਆ। ਮਾਤਾ ਜੀ ਵੀ ਪਿੱਛੇ ਪਿੱਛੇ ਚਲੇ ਗਏ।

ਜਦੋਂ ਗੁਰੂ ਜੀ ਨੇ ਆਪਣੇ ਮਾਤਾ ਜੀ ਨੂੰ ਆਉਂਦੇ ਵੇਖਿਆ ਤਾਂ ਆਦਰ ਨਾਲ ਉਠ ਖੜੇ ਹੋਏ ਅਤੇ ਮਾਤਾ ਜੀ ਨੂੰ ਬੜੇ ਅਦਬ ਨਾਲ ਬੰਦਨਾ ਕੀਤੀ। ਮਾਤਾ ਜੀ ਨੇ ਗੁਰੂ ਜੀ ਦੇ ਮੱਥੇ ਨੂੰ ਚੁੰਮਿਆ, ਪਿਆਰ ਦਿੱਤਾ ਅਤੇ ਰੁਦਨ ਕਰਦੇ ਹੋਏ ਕਹਿਣ ਲੱਗੇ, 'ਬੇਟਾ ਮੈਂ ਤੇਰੇ ਤੋਂ ਕੁਰਬਾਨ ਜਾਵਾਂ, ਸਦਕੇ ਜਾਵਾਂ, ਵਾਰੀ ਜਾਵਾਂ ਉਸ ਥਾਂ ਤੋਂ ਸਦਕੇ ਜਿੱਥੇ ਨੂੰ ਪੈਰ ਰੱਖਦਾ ਏ। ਤੂੰ ਆਪਣਾ ਮੁਖ ਵਿਖਾ ਕੇ ਮੈਨੂੰ ਖੁਸ਼ ਕੀਤਾ ਏ। ਹੁਣ ਮੈਂ ਇਹ ਹੀ ਚਾਹੁੰਦੀ ਹਾਂ ਕਿ ਤੂੰ ਬਾਹਰ ਘੁੰਮਣਾ ਫਿਰਨਾ ਛੱਡ ਦੇ ਅਤੇ ਸਾਡੇ ਕੋਲ ਹੀ ਰਹਿ। ਕੰਮ ਅਤੇ ਵਪਾਰ ਵਿਚ ਮਨ ਲਾਓ।' ਗੁਰੂ ਜੀ ਵੀ ਆਪਣੇ ਮਾਤਾ ਜੀ ਨੂੰ ਵੇਖ ਕੇ ਕਾਫੀ ਖੁਸ਼ ਹੋ ਗਏ ਸਨ। ਮਰਦਾਨੇ ਨੂੰ ਕਿਹਾ, 'ਮਰਦਾਨਿਆਂ ਰਬਾਬ ਵਜਾ।' ਤਾਂ ਗੁਰੂ ਜੀ ਨੇ ਇਹ ਹੇਠ ਲਿਖਿਆ ਪਿਆਰ ਨਾਲ ਸ਼ਬਦ ਪੜ੍ਹਿਆ :

ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ।
ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ।੧।
ਹਉ ਵਾਰੀ ਵੰਞਾ ਖੰਨੀਐ ਵੰਞਾ ਤਉ ਸਾਹਿਬ ਕੇ ਨਾਵੈ।੧ ਰਹਾਉ।
ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤ ਜਾਕਾ ਨਾਉ।
ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ।੨।
ਮੈਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ।
ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ।੩।
ਨਾਨਕ ਤੇਰਾ ਬਾਣੀਆ ਤੂੰ ਸਾਹਿਬੁ ਪੈ ਰਾਸਿ। *(ਆ: ਗ੍ਰੰ: ਪੰ: ੫੫੭)*
ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ।੪।੧। *(ਵਡਹੰਸ ਮਹਲਾ ੧)*

ਫੇਰ ਮਾਤਾ ਜੀ ਨੇ ਜੋ ਮਠਿਆਈ ਅਤੇ ਨਵੇਂ ਕੱਪੜੇ ਆਦਿ ਲੈ ਕੇ ਗਏ ਸਨ, ਉਹ ਗੁਰੂ ਜੀ ਅੱਗੇ ਰੱਖ ਦਿੱਤੇ ਅਤੇ ਗੁਰੂ ਜੀ ਨੂੰ ਮਠਿਆਈ ਖਾਣ ਲਈ ਕਿਹਾ। ਗੁਰੂ ਜੀ ਨੇ ਕਿਹਾ ਕਿ ਮੈਨੂੰ ਕਿਸੇ ਵੀ ਖਾਣ ਵਾਲੀ ਚੀਜ਼ ਦੀ ਜਰੂਰਤ ਨਹੀਂ ਹੈ। ਫੇਰ ਮਾਤਾ ਜੀ ਨੇ ਪੁੱਛਿਆ ਕਿ ਤੂੰ ਰੋਟੀ ਕਿਥੋਂ ਖਾਧੀ ਹੈ? ਤਾਂ ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਬਜਾਉਣ

ਲਈ ਕਿਹਾ ਤੇ ਹੇਠ ਲਿਖਿਆ ਸ਼ਬਦ ਪੜ੍ਹਿਆ :

'ਸਭ ਰਸ ਮਿਠੈ ਮੰਨਿਐ ਸੁਣਿਐ ਸਾਲੋਣੇ।
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ।
ਛਤੀਹ ਅੰਮ੍ਰਿਤ ਭਾਉ ਏਕ ਜਾਕਉ ਨਦਰਿ ਕਰੇਇ।੧।
ਬਾਬਾ ਹੋਰੁ ਖਾਣਾ ਖੁਸੀ ਖਵਾਰੁ।
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।੧ ਰਹਾਉ।

(ਆ: ਗ੍ਰੰ: ਪੰ: ੧੬) (ਸਿਰੀ ਰਾਗ ਮਹਲਾ ੧)

ਫੇਰ ਮਾਤਾ ਜੀ ਨੇ (ਪਿਆਰ ਨਾਲ) ਗੁਰੂ ਜੀ ਨੂੰ ਕਿਹਾ ਕਿ ਇਹ ਫਕੀਰਾਂ ਵਾਲੇ ਕੱਪੜੇ ਜੋ ਤੂੰ ਪਾਏ ਹੋਏ ਹਨ ਲਾਹ ਦੇਹ ਅਤੇ ਨਵੇਂ ਸੋਹਣੇ ਕੱਪੜੇ ਮੈਂ ਲੈ ਕੇ ਆਈ ਹਾਂ ਇਹ ਪਾ ਲੈ। ਗੁਰੂ ਜੀ ਨੇ ਜਵਾਬ ਵਿਚ ਇਸ ਤਰ੍ਹਾਂ ਕਿਹਾ :

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ।
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ।
ਕਮਰਬੰਦ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ।੨।
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ।
ਜਿਤੁ ਪੈਧੇ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।੧ ਰਹਾਉ।

(ਆ: ਗ੍ਰੰ: ਪੰ: ੧੬) (ਸਿਰੀ ਰਾਗ ਮ: ੧)

ਜਦੋਂ ਗੁਰੂ ਜੀ ਦੇ ਪਿਤਾ ਕਾਲੂ ਜੀ ਨੂੰ ਵੀ ਗੁਰੂ ਨਾਨਕ ਦੇਵ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਵੀ ਘੋੜੇ ਤੇ ਚੜ੍ਹਕੇ ਗੁਰੂ ਜੀ ਨੂੰ ਮਿਲਣ ਲਈ ਆਏ। ਗੁਰੂ ਜੀ ਨੇ ਉਹਨਾਂ ਨੂੰ ਲਿਫ ਕੇ ਪੈਰੀ ਹੱਥ ਲਾਇਆ। ਕਾਲੂ ਜੀ ਖੁਸ਼ੀ ਨਾਲ ਝੂਮ ਉਠੇ ਅਤੇ ਖੁਸ਼ੀ ਨਾਲ ਅੱਖਾਂ 'ਚੋਂ ਹੰਝੂ ਆ ਗਏ। ਕਾਲੂ ਜੀ ਨੇ ਕਿਹਾ ਕਿ ਜਿਸ ਘੋੜੇ ਤੇ ਅਸੀਂ ਚੜ੍ਹ ਕੇ ਆਏ ਹਾਂ ਇਸੇ ਤੇ ਹੁਣ ਤੂੰ ਚੜ੍ਹ ਕੇ ਸਾਡੇ ਨਾਲ ਘਰ ਨੂੰ ਚੱਲ। ਗੁਰੂ ਜੀ ਨੇ ਕਿਹਾ ਕਿ ਮੈਨੂੰ ਕੋਈ ਘੋੜੇ ਦੀ ਜਰੂਰਤ ਨਹੀਂ ਅਤੇ ਫੇਰ ਇਹ ਸ਼ਬਦ ਉਚਾਰਿਆ :

'ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ।
ਤਰਕਸ ਤੀਰ ਕਮਾਣ ਸਾਂਗ ਤੇਗ ਬੰਦ ਗੁਣ ਧਾਤੁ।
ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਗ ਮੇਰੀ ਜਾਤਿ।੩।
ਬਾਬਾ ਹੋਰੁ ਚੜਣਾ ਖੁਸੀ ਖੁਆਰੁ।
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।੧ ਰਹਾਉ।

(ਆ: ਗ੍ਰੰ: ਪੰ: ੧੬)

ਕਾਲੂ ਜੀ ਨੇ ਫੇਰ ਦੁਬਾਰਾ ਜ਼ੋਰ ਪਾਇਆ ਕਿ ਇਕ ਵਾਰ ਮੇਰੇ ਨਾਲ ਚੱਲ। ਨਵੇਂ ਘਰ ਪਾਏ ਹਨ। ਤੂੰ ਬਹੁਤ ਦੇਰ ਬਾਅਦ ਆਇਆ ਹੈਂ ਮੈਂ ਚਾਹੁੰਦਾ ਹਾਂ ਤੂੰ ਜਾ ਕੇ ਵੇਖ ਤਾਂ ਸਹੀ। ਘਰ ਤੇਰੀ ਪਤਨੀ ਹੈ ਤੇਰੇ ਬੱਚੇ ਹਨ ਤੈਨੂੰ ਉਹਨਾਂ ਨੂੰ ਜਾ ਕੇ ਮਿਲਣਾ ਚਾਹੀਦਾ ਹੈ। ਫੇਰ ਜੇ ਤੇਰੀ ਇਹੋ ਹੀ ਇੱਛਾ ਹੋਈ ਤਾਂ ਆਪਣਾ ਸਫਰ ਜਾਰੀ ਰੱਖੀਂ। ਪਰ ਹੁਣ ਇੱਕ ਵਾਰ ਜ਼ਰੂਰ ਘਰ ਚੱਲ। ਗੁਰੂ ਜੀ ਨੇ ਕਿਹਾ :

'ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ।

ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤ ਅਪਾਰੁ।
ਨਾਨਕ ਸਚਾ ਪਾਤਿਸਾਹ ਪੂਛਿ ਨ ਕਰੈ ਬੀਚਾਰੁ।੪।
ਬਾਬਾ ਹੋਰ ਸਉਣਾ ਖੁਸ਼ੀ ਖੁਆਰੁ।
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।੧ ।ਰਹਾਉ।੪ ।੭।
(ਆਃ ਗ੍ਰੰਃ ਪੰਃ ੧੬) (ਸਿਰੀ ਰਾਗ ਮਹਲਾ ੧)

ਕਾਲੂ ਜੀ ਨੇ ਫੇਰ ਕਿਹਾ, 'ਬੇਟਾ ਬੋਲ ਤਾਂ ਸਹੀ ਤੇਰਾ ਦਿਲ ਕਿਹੜੀ ਗੱਲ ਤੋਂ ਖੱਟਾ ਹੋਇਆ ਹੋਇਆ ਹੈ। ਜੇ ਚਾਹੁੰਦਾ ਹੈਂ ਤਾਂ ਹੋਰ ਵਿਆਹ ਕਰ ਦਿੰਦੇ ਹਾਂ?' ਗੁਰੂ ਜੀ ਨੇ ਇਸ ਦੇ ਜਵਾਬ 'ਚ ਕਿਹਾ :

ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ।
ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ।
ਚੰਦੋ ਦੀਪਾਇਆ ਦਾਨਿ ਹਰਿਕੈ ਦੁਖੁ ਅੰਧੇਰਾ ਉਠਿ ਗਇਆ।
ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ।
ਵਿਵਾਹੁ ਹੋਆ ਸਭੋ ਸੇਤੀ ਪੰਚ ਸਬਦੀ ਆਇਆ।
ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ॥੧॥
ਹਉ ਬਲਿਹਾਰੀ ਸਾਜਨਾ ਮੀਤਾ ਅਵਗੀਤਾ॥
ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ।
ਲੀਆ ਤ ਦੀਆ ਮਾਨੁ ਜਿਨ ਸਿਉ ਸੇ ਸਜਨ ਕਿਉ ਵੀਸਰਹਿ।
ਜਿਨਿ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ।
ਸਗਲ ਗੁਣ ਅਵਗੁਣੁ ਨ ਕੋਈ ਹੋਹਿ ਨੀਤਾ ਨੀਤਾ।
ਹਉ ਬਲਿਹਾਰੀ ਸਾਜਨਾ ਮੀਤਾ ਅਵਗੀਤਾ।੨।
ਗੁਣਾ ਕਾ ਹੋਵੇ ਵਾਸੁਲਾ ਕਢਿ ਵਾਸੁ ਲਈਜੈ।
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ।
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ।
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ।
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤ ਪੀਜੈ।
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ।੩।
ਆਪਿ ਕਰੈ ਕਿਸੁ ਆਖੀਐ ਹੋਰੁ ਕਰੈ ਨ ਕੋਈ।
ਆਖਣ ਤਾਕਉ ਜਾਈਐ ਜੇ ਭੂਲੜਾ ਹੋਈ।
ਜੇ ਹੋਇ ਭੂਲਾ ਜਾਇ ਕਹੀਐ ਆਪ ਕਰਤਾ ਕਿਉ ਭੂਲੈ।
ਸੁਣੈ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ।
ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ। (ਆਃ ਗ੍ਰੰਃ ਪੰਃ ੭੬੬)
ਆਪਿ ਕਰੇ ਕਿਸੁ ਆਖੀਐ ਹੋਰ ਕਰੇ ਨ ਕੋਈ।੪।੧।੪। (ਸੂਹੀ ਮਹਲਾ ੧)

ਫੇਰ ਗੁਰੂ ਜੀ ਨੇ ਆਪਣੇ ਪਿਤਾ ਕਾਲੂ ਜੀ ਨੂੰ ਕਿਹਾ : 'ਪਿਆਰੇ ਪਿਤਾ ਜੀ ਉਹ ਪ੍ਰਮਾਤਮਾ ਬਿਧੀਆਂ ਜੋੜਦਾ ਹੈ (ਉਹ ਬਿਧਾਤਾ ਪੁਰਖ ਹੈ)। ਉਹ ਭੁਲਣ ਵਿੱਚ ਨਹੀਂ।

ਜਿਸਦਾ ਉਸ (ਪ੍ਰਮਾਤਮਾ) ਨੇ ਇਕ ਵਾਰ ਸੰਜੋਗ ਕਰ ਦਿੱਤਾ ਉਹ ਸਦਾ ਲਈ ਹੀ ਹੈ।' ਸ਼ਾਇਦ ਇਸ ਜਵਾਬ ਤੋਂ ਭਾਵ ਉਹਨਾਂ ਦਾ ਇਕੋ ਵਿਆਹ ਦੀ ਰਸਮ ਕਾਇਣ ਰੱਖਣ ਤੋਂ ਸੀ। ਗੁਰੂ ਜੀ ਦੇ ਮਾਤਾ ਜੀ ਨੇ ਗੱਲ ਨੂੰ ਵਿਚੋਂ ਟੋਕ ਕੇ ਕਿਹਾ, 'ਉਠ ਬੇਟਾ, ਚੱਲ ਸਾਡੇ ਨਾਲ ਚੱਲ ਅਤੇ ਇਸ ਤਰ੍ਹਾਂ ਦੀਆਂ ਕੁਵੱਲੀਆਂ ਗੱਲਾਂ ਕਰਨੀਆਂ ਛੱਡ ਦੇਹ। ਤੈਨੂੰ ਵਿਵਹਾਰਕ ਕੰਮ ਕਰਨ ਨਾਲ ਧੰਨ ਪ੍ਰਾਪਤ ਹੋਵੇਗਾ।' ਗੁਰੂ ਜੀ ਨੇ ਫੇਰ ਜਵਾਬ ਵਿੱਚ ਹੇਠ ਲਿਖਿਆ ਸ਼ਬਦ ਉਚਾਰਿਆ :

'ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ।
ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ।
ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ।੧।
ਬਾਬਾ ਮੈ ਕਰਣ ਹੀਣ ਕੂੜਿਆਰ।
ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨੁ ਮੇਰਾ।੧। ਰਹਾਉ।
ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਪਾਇ।
ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ।੨।
ਵਿਛੁੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ।
ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ।੩।
ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ। (ਆ: ਗ੍ਰੰ: ਪੰ: ੯੯੯)
ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ।੪।੧। (ਮਾਰੂ ਮਹਲਾ ੧)

ਕਾਲੂ ਜੀ ਨੇ ਸੋਚਿਆ ਮੇਰੀਆਂ ਇਸ ਤਰ੍ਹਾਂ ਸਾਰੀਆਂ ਦਲੀਲਾਂ ਫਜ਼ੂਲ ਹਨ, ਅਤੇ ਕਿਹਾ, 'ਬੇਟਾ ਆਪਣੇ ਸਰੀਰ ਅਤੇ ਜਾਨ ਦੇ ਬਚਾਅ ਦਾ ਤਾਂ ਧਿਆਨ ਕਰ। ਵੇਖ ਤੂੰ ਕਿੰਨੀ ਅਣਗਹਿਲੀ ਕਰਦਾ ਹੈਂ।' ਗੁਰੂ ਜੀ ਨੇ ਫੇਰ ਜਵਾਬ ਦਿੱਤਾ :

ਮਰਣੈ ਕੀ ਚਿੰਤਾ ਨਹੀਂ ਜੀਵਣ ਕੀ ਨਹੀਂ ਆਸ।
ਤੂੰ ਸਰਬ ਜੀਆ ਪ੍ਰਤਿਪਾਲ ਹੀ ਲੇਖੈ ਸਾਸ ਗਿਰਾਸ।
ਅੰਤਰਿ ਗੁਰਮੁਖਿ ਤੂੰ ਵਸਹਿ ਜਿਉ ਭਾਵੈ ਤਿਉ ਨਿਰਜਾਸਿ।੧।
ਜੀਅਰੇ ਰਾਮ ਜਪਤ ਮਨੁ ਮਾਨੁ।
ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ।੧।ਰਹਾਉ।
(ਆ: ਗ੍ਰੰ: ਪੰ: ੨੦) (ਸਿਰੀ ਰਾਗੁ ਮਹਲਾ ੧)

ਗੁਰੂ ਜੀ ਨੇ ਫੇਰ ਆਪਣੇ ਮਾਤਾ ਪਿਤਾ ਨੂੰ ਕਿਹਾ, 'ਪਿਆਰੇ ਪਿਤਾ ਜੀ ਤੇ ਮਾਤਾ ਜੀ, ਮੈਂ ਹੁਣ ਭਾਵੇਂ ਘਰ ਪਰਤ ਆਇਆ ਹਾਂ ਪਰ ਅਜੇ ਮੈਂ ਸਾਧ ਹਾਂ। ਪ੍ਰਮਾਤਮਾ ਦਾ ਹੁਕਮ ਮੰਨੋ ਅਤੇ ਮੈਨੂੰ ਫੇਰ ਚਲੇ ਜਾਣ ਦੇਵੋ।' ਮਾਤਾ ਜੀ ਨੇ ਕਿਹਾ, 'ਪੁੱਤਰ। ਤੂੰ ਬਾਰਾਂ ਸਾਲਾਂ ਪਿਛੋਂ ਤਾਂ ਹੁਣੇ ਘਰ ਆਇਆ ਸੀ (ਜੇ ਹੁਣ ਫੇਰ ਵਿਛੜ ਗਿਆ ਤਾਂ) ਮੈਂ ਕਿਸ ਤਰ੍ਹਾਂ ਸਬਰ ਕਰਾਂਗੀ?'

ਗੁਰੂ ਜੀ ਨੇ ਕਿਹਾ, 'ਮਾਤਾ ਜੀ ਜੋ ਕੁਝ ਮੈਂ ਕਹਿੰਦਾ ਹਾਂ ਉਸ ਨੂੰ ਮੰਨੋ, ਤੁਹਾਨੂੰ ਜਰੂਰ ਸਬਰ ਆ ਜਾਵੇਗਾ।' ਮਾਤਾ ਜੀ ਇਹ ਵਿਚਾਰ ਕੇ ਕਿ ਹੋਰ ਕੁਝ ਸਮਝਾਉਣਾ ਬਿਲਕੁਲ ਫਜ਼ੂਲ ਹੈ, ਚੁੱਪ ਹੋ ਗਏ।

ਕਾਂਡ—7
ਪੱਛਮ ਦੀ ਯਾਤਰਾ
ਸ਼ੇਖ ਬ੍ਰਹਮ ਨਾਲ ਦੁਬਾਰਾ ਮੁਲਾਕਾਤ

ਗੁਰੂ ਜੀ ਤੇ ਮਰਦਾਨਾ ਫੇਰ ਆਪਣੇ ਸਫਰ ਲਈ ਚਲ ਪਏ। ਕਹਿੰਦੇ ਹਨ ਗੁਰੂ ਜੀ ਤੇ ਮਰਦਾਨਾ ਪੱਛਮ ਦੀ ਯਾਤਰਾ ਲਈ ਗਏ। ਰਾਵੀ ਅਤੇ ਝਨਾਂ ਦਰਿਆਵਾਂ ਨੂੰ ਪਾਰ ਕਰਕੇ ਉਜਾੜ ਦੇਸ਼ਾਂ 'ਚੋਂ ਦੀ ਲੰਮੇ ਚੱਕਰ ਲਾਉਂਦੇ ਫੇਰ ਪਾਕਪਟਨ ਵਿੱਚ ਸ਼ੇਖ ਜੀ ਨੂੰ ਦੁਬਾਰਾ ਮਿਲਣ ਲਈ ਆਏ। ਸ਼ਹਿਰ ਪਾਕਪਟਨ ਤੋਂ ਕੋਈ ਚਾਰ ਕੁ ਮੀਲ ਦੇ ਫਾਸਲੇ ਤੇ ਆਰਾਮ ਲਈ ਬੈਠ ਗਏ। ਸ਼ੇਖ ਕਮਾਲ, ਸ਼ੇਖ ਬ੍ਰਹਮ ਦਾ ਮੁਰੀਦ ਸੀ। ਸ਼ੇਖ ਕਮਾਲ ਬਹੁਤ ਸ਼ਰੀਫ ਅਤੇ ਰੱਬ ਦਾ ਭੈ ਰੱਖਣ ਵਾਲਾ ਆਦਮੀ ਸੀ। ਜਦੋਂ ਉਹ ਜੰਗਲ 'ਚੋਂ ਲੱਕੜਾਂ ਲੈਣ ਗਿਆ ਤਾਂ ਉਸ ਨੇ ਗੁਰੂ ਜੀ ਤੇ ਮਰਦਾਨੇ ਨੂੰ ਵੇਖਿਆ। ਮਰਦਾਨਾ ਰਬਾਬ ਵਜਾਉਂਦਾ ਸੀ ਤੇ ਇਹ ਸ਼ਬਦ ਗਾ ਰਿਹਾ ਸੀ :

'ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ। *(ਆਃ ਗ੍ਰੰਃ ਪੰਃ ੧੨੯੧)*

ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ।੨। *(ਮਲਾਰ ਕੀ ਵਾਰ ਮਃ ੧)*

ਸ਼ੇਖ ਕਮਾਲ ਨੇ ਸਲਾਮ ਕੀਤੀ ਅਤੇ ਗੁਰੂ ਜੀ ਤੇ ਮਰਦਾਨੇ ਕੋਲ ਜਾ ਕੇ ਬੈਠ ਗਿਆ। ਕਹਿਣ ਲੱਗਾ ਕਿ ਇਹ ਸ਼ਬਦ ਫੇਰ ਪੜ੍ਹੋ। ਮਰਦਾਨੇ ਨੇ ਫੇਰ ਪੜ੍ਹਿਆ ਅਤੇ ਸ਼ੇਖ ਕਮਾਲ ਨੇ ਜ਼ਬਾਨੀ ਯਾਦ ਕਰ ਲਿਆ ਅਤੇ ਆਪਣੀਆਂ ਕੱਠੀਆਂ ਕੀਤੀਆਂ ਲੱਕੜਾਂ ਲੈ ਕੇ ਵਾਪਸ ਘਰ ਆ ਗਿਆ। ਸ਼ੇਖ ਕਮਾਲ ਨੇ ਸ਼ੇਖ ਬ੍ਰਹਮ ਨੂੰ ਸਾਰੀ ਕਹਾਣੀ ਦੱਸੀ ਅਤੇ ਉਹ ਹੀ ਸ਼ਲੋਕ ਪੜ੍ਹ ਕੇ ਸੁਣਾਇਆ।

ਸ਼ੇਖ ਬ੍ਰਹਮ ਜੀ ਬਹੁਤ ਖੁਸ਼ ਹੋਏ ਕਿ ਗੁਰੂ ਜੀ ਨੇ ਫੇਰ ਇਸ ਮੇਰੇ ਸ਼ਹਿਰ 'ਚ ਪੈਰ ਪਾਏ ਹਨ। ਉਹ ਜਲਦੀ ਹੀ ਉਠ ਖੜਾ ਹੋਇਆ ਅਤੇ ਗੁਰੂ ਜੀ ਹੁਣਾਂ ਨੂੰ 'ਜੀ ਆਇਆਂ' ਕਹਿਣ ਲਈ ਤੁਰ ਪਿਆ। ਉਥੇ ਜਾ ਕੇ ਆਪਸ ਵਿਚ ਨਮਸਕਾਰ ਕੀਤਾ ਅਤੇ ਗੁਰੂ ਜੀ ਨੇ ਪ੍ਰਮਾਤਮਾ ਦਾ ਧੰਨਵਾਦ ਕੀਤਾ ਜਿਸ ਨੇ ਸ਼ੇਖ ਬ੍ਰਹਮ ਜੀ ਦੇ ਦਰਸ਼ਨ ਕਰਵਾ ਦਿੱਤੇ ਸਨ। ਦੋਸਤਾਂ ਵਰਗੀਆਂ ਗੱਲਾਂ ਕਰਨ ਪਿਛੋਂ ਸ਼ੇਖ ਬ੍ਰਹਮ ਨੇ ਕਿਹਾ ਕਿ ਮੈਨੂੰ ਉਸ ਸਲੋਕ ਦਾ ਅਰਥ ਸਮਝਾ ਦੇਵੋ।

ਸ਼ੇਖ ਜੀ ਨੇ ਪੁਛਿਆ ਕਿ ਤੁਸੀਂ ਕਹਿੰਦੇ ਹੋ 'ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ' ਪਰ ਮੈਂ ਕਹਿੰਦਾ ਹਾਂ :

'ਏਕ ਸਾਹਿਬੁ ਤੈ ਦੁਇ ਹਦੀਂ। ਕੇਹੜਾ ਸੇਵੀ ਤੇ ਕੇਹੜਾ ਰਦੀਂ।'

ਗੁਰੂ ਜੀ ਨੇ ਜਵਾਬ ਦਿੱਤਾ :

'ਇਕੋ ਸਾਹਿਬ ਇਕਾ ਹਦਿ।
ਇਕੋ ਸੇਵਹਿ ਤੇ ਦੂਜਾ ਰਦਿ।

ਦੂਜਾ ਕਾਹੇ ਸੇਵੀਐ ਜੰਮੈ ਤੇ ਮਰ ਜਾਇ।
ਏਕੋ ਸਿਮਰਹੁ ਨਾਨਕਾ ਜੋ ਜਲਿ ਥਲਿ ਰਹਿਆ ਸਮਾਇ।'

ਸ਼ੇਖ ਬ੍ਰਹਮ ਜੀ ਨੇ ਜਵਾਬ 'ਚ ਕਿਹਾ :

'ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ।
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ।' *(ਆ: ਗ੍ਰੰ: ਪੰ: ੧੩੮੩)*

ਗੁਰੂ ਜੀ ਨੇ ਇਸ ਦਾ ਖੰਡਨ ਕੀਤਾ ਅਤੇ ਕਿਹਾ ਕਿ 'ਮੈਂ ਇਹ ਜ਼ਰੂਰੀ ਨਹੀਂ ਸਮਝਦਾ ਕਿ ਮੈਂ ਆਪਣੇ ਕਪੜੇ ਪਾੜ ਕੇ ਮਜ਼ਬੂਤੀ ਭੇਖ ਬਣਾ ਲਵਾਂ। ਉਹ ਆਦਮੀ ਵੀ ਜੋ ਭਾਵੇਂ ਆਪਣੇ ਘਰ 'ਚ ਹੀ ਰਹਿੰਦੇ ਹੋਣ ਅਤੇ ਆਮ ਕੱਪੜੇ ਪਾਈ ਰੱਖਦੇ ਹੋਣ ਪਰ ਜੇ ਉਹ ਆਪਣਾ ਮਨ ਸਾਫ ਰੱਖਣ ਤਾਂ ਉਹ ਜ਼ਰੂਰ ਪ੍ਰਮਾਤਮਾ ਨੂੰ ਪਾ ਲੈਣਗੇ।'

'ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਹਿ ।
ਨਾਨਕ ਘਰਿ ਹੀ ਬੈਠਿਆ ਸਹੁ ਮਿਲੈ ਜੇ ਨੀਅਤ ਰਾਸਿ ਕਰੇਇ[1]।
ਘਰਿ ਹੀ ਮੁੰਧ ਵਿਦੇਸਿ ਪਿਰੁ ਨਿਤੁ ਝੂਰੇ ਸੰਮਾਲੇ। *(ਆ: ਗ੍ਰੰ: ਪੰ: ੧੩੮੩)*
ਮਿਲਦਿਆ ਢਿਲ ਨ ਹੋਵਈ ਜੇ ਨੀਅਤ ਰਾਸਿ ਕਰੇਇ। *(ਆ: ਗ੍ਰੰ: ਪੰ: ੫੯੪)*
(ਸਲੋਕ ਮ: ੧ ਵਡਹੰਸ ਕੀ ਵਾਰ)

ਸ਼ੇਖ ਜੀ ਨੇ ਮਗਰਲੇ ਸਲੋਕ ਦਾ ਉੱਤਰ ਦਿੱਤਾ :

'ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ। *(ਆ: ਗ੍ਰੰ: ਪੰ: ੧੩੮੦)*
ਧਨ ਕੂਕੇਂਦੀ ਗੋਰ ਮੇਂ ਤੈ ਸਹ ਨ ਮਿਲੀਆਸੁ।' *(੫੪ ਸਲੋਕ ਫਰੀਦ)*

ਫੇਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੇਠ ਲਿਖਿਆ ਸਲੋਕ ਉਚਾਰਿਆ ਅਤੇ ਦਸਿਆ ਕਿ ਮੁਕਤੀ ਗੁਣਾਂ ਕਰਕੇ ਮਿਲਦੀ ਹੈ, ਬਾਹਰਲੇ ਪਹਿਰਾਵੇ ਸੁਹੱਪਣ ਜਾਂ ਸੁਘੜ ਪੁਣੇ ਕਰਕੇ ਨਹੀਂ ਮਿਲਦੀ :

'ਮਹਲ[2] ਕੁਚਜੀ ਮੜਵੜੀ[3] ਕਾਲੀ ਮਨਹੁ ਕਸੁਧ।
ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ[4] ਮੁੰਧ। *(ਆ: ਗ੍ਰੰ: ਪੰ: ੧੦੮੮)*
(ਸਲੋਕ ਮ: ੧ ਮਾਰੂ ਵਾਰ)

ਇਹ ਸੁਣ ਕੇ ਸ਼ੇਖ ਬ੍ਰਹਮ ਜੀ ਨੇ ਹੇਠ ਲਿਖੇ ਸਵਾਲ ਕੀਤੇ :

'ਕਵਣੁ ਸੁ ਅਖਰੁ ਕਵਣ ਗੁਣੁ ਕਵਣ ਸੁ ਮਣੀਆ ਮੰਤੁ। *(ਆ: ਗ੍ਰੰ: ਪੰ: ੧੩੮੪)*
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿਆਵੀ ਕੰਤੁ।' *(ਸਲੋਕ ੧੨੬ ਫਰੀਦ ਜੀ)*

1. ਗੁਰੂ ਜੀ ਦੇ ਇਸ ਉੱਤਰ ਦੀ ਤਾਈਦ ਸ੍ਰੀ ਗੁਰੂ ਅਮਰਦਾਸ ਜੀ ਤੀਜੀ ਪਾਤਸ਼ਾਹੀ ਨੇ ਇਸ ਤਰ੍ਹਾਂ ਕੀਤੀ ਹੈ :
'ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਈ।
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਈ।' (ਸ੍ਰੀ ਗੁਰੂ ਗ੍ਰੰਥ ਸਾਹਿਬ)
2. ਇਸਤ੍ਰੀ।
3. ਬੇਵਕੂਫ।
4. ਔਰਤ ਵਿਚ ਅਵਗੁਣ ਹਨ।

ਗੁਰੂ ਜੀ ਨੇ ਜਵਾਬ ਦਿੱਤਾ :

'ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ। (ਆਃ ਗ੍ਰੰਃ ਪੰਃ ੧੩੮੪)
ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ।' (੧੨੭ ਸਲੋਕ ਫਰੀਦ)
'ਸੇਵਾ ਕਰੇ ਜੋ ਕੰਤ ਕੀ ਕੰਤ ਤਿਸੀ ਕਾ ਹੋਇ।
ਨਾਨਕ ਸਭੇ ਸਹੀਆਂ ਛੋਡਿ ਕੰਤ ਤਿਸੀ ਪਹਿ ਹੋਇ।

ਸ਼ੇਖ ਜੀ ਨੇ ਕਿਹਾ, 'ਮੈਨੂੰ ਇਕ ਕਾਤੀ ਛੁਰੀ ਦੀ ਲੋੜ ਹੈ। ਉਹ ਇਸ ਤਰ੍ਹਾਂ ਦੀ ਹੋਵੇ ਕਿ ਜਿਸ ਨਾਲ ਕੁਠੇ ਹੋਏ ਰੱਬ ਦੇ ਦਰ ਤੇ ਕਬੂਲ ਪੈਣ। ਮਾਮੂਲੀ ਰੋਜ਼ ਵਰਤਨ ਵਾਲੀ ਛੁਰੀ ਨਾਲ ਜਾਨਵਰ ਕੋਹੀਦੇ ਹਨ ਪਰ ਜੇ ਆਦਮੀ ਦਾ ਗਲਾ ਇਹਦੇ ਨਾਲ ਕੱਟਿਆ ਜਾਵੇ ਤਾਂ ਹਰਾਮ ਹੋ ਜਾਂਦਾ ਹੈ :

'ਸਚ ਕੀ ਕਾਤੀ ਸਚੁ ਸਭੁ ਸਾਰੁ।
ਘਾੜਤ ਤਿਸਕੀ ਅਪਰ ਅਪਾਰ।
ਸਬ ਦੇ ਸਾਣ ਰਖਾਈ ਲਾਇ।
ਗੁਣ ਕੀ ਥੇਕੈ ਵਿਚਿ ਸਮਾਇ।
ਤਿਸ ਕਾ ਕੁਠਾ ਹੋਵੈ ਸੇਖੁ।
ਲੋਹੂ ਲਬੁ ਨਿਕਥਾ ਵੇਖੁ।
ਹੋਇ ਹਲਾਲੁ ਲਗੈ ਹਕਿ ਜਾਇ। (ਆਃ ਗ੍ਰੰਃ ਪੰਃ ੯੫੬)
ਨਾਨਕ ਦਰਿ ਦੀਦਾਰਿ ਸਮਾਇ। (ਰਾਮ ਕਲੀ ਕੀ ਵਾਰ ਮਃ ੧)

ਜਦੋਂ ਸ਼ੇਖ ਜੀ ਨੇ ਇਹ ਸੁਣਿਆ ਤਾਂ ਹੈਰਾਨ ਰਹਿ ਗਏ ਅਤੇ ਸਿਰ ਹਿਲਾ ਕੇ ਕਹਿਣ ਲੱਗੇ 'ਵਾਹ, ਜੀ ਤੁਸੀਂ ਤਾਂ ਪ੍ਰਮਾਤਮਾ ਦੇ ਦਰਸ਼ਨ ਕਰਾ ਦਿੱਤੇ ਅਤੇ ਉਸ ਦੇ (ਰੱਬ ਦੇ) ਪਿਆਰੇ ਹੋ। ਰੱਬ ਨੇ ਬਹੁਤ ਕਿਰਪਾ ਕੀਤੀ ਹੈ ਕਿ ਮੈਨੂੰ ਵੀ ਤੁਹਾਡੇ ਦਰਸ਼ਨ ਕਰਵਾ ਦਿੱਤੇ ਹਨ। ਰੱਬ ਦੇ ਇਸ ਤਰ੍ਹਾਂ ਦੇ ਪ੍ਰੇਮੀਆਂ ਕੋਲੋਂ ਹੋਰ ਸਵਾਲ ਪੁੱਛਣੇ ਅਵਗਿਆ ਕਰਨੀ ਹੈ। ਫੇਰ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਿਆ :

ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ।
ਲਬੈ ਮਾਲੈ ਘੁਲਿ ਮਿਲਿ ਮਿਚਲਿ ਉਂਘੈ ਸਉੜਿ ਪਲੰਘੁ।
ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੈ ਅੰਧੁ। (ਆਃ ਗ੍ਰੰਃ ਪੰਃ ੧੨੮੮)
ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ। (ਮਲਾਰ ਕੀ ਵਾਰ ਮਃ ੧)

ਸ਼ੇਖ ਬ੍ਰਹਮ ਜੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਵੀ ਰੱਬ ਦੀ ਪ੍ਰਕਰਮਾਂ ਦੇ ਗੀਤ ਸੁਣਾ ਦੇਵੋ ਅਤੇ ਕਿਹਾ 'ਮੇਰਾ ਮਤਲਬ ਹੈ ਕਿ ਸਿਫਤ ਸਲਾਹ ਰੱਬ ਅਤੇ ਪੈਗੰਬਰ ਦੋਨਾਂ ਤੋਂ ਬਿਨਾਂ ਨਹੀਂ ਹੁੰਦੀ। ਮੈਂ ਇਹ ਵੇਖਣਾ ਚਾਹੁੰਦਾ ਹਾਂ ਕਿ ਤੁਸੀਂ (ਰੱਬ ਨੂੰ ਮਿਲਣ ਲਈ) ਆਪਣਾ ਵਿਚੋਲਾ ਕਿਸ ਨੂੰ ਬਣਾਓਗੇ।' ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, ਮਰਦਾਨਿਆਂ ਰਬਾਬ ਵਜਾ ਅਤੇ ਆਸਾ ਦੀ ਵਾਰ ਦਾ ਸ਼ਲੋਕ ਅਤੇ ਪਉੜੀ ਪੜ੍ਹੀ :

'ਬਲਿਹਾਰੀ ਗੁਰੂ ਆਪਣੇ ਦਿਉਹਾੜੀ ਸਦਵਾਰ।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।

'ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ।

ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ।
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ।
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹੁ।੩।ਪਉੜੀ।
ਆਪੀਨੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ।
ਦੁਯੀ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ।
ਤੂੰ ਜਾਣੋਈ ਸਭ ਸੈ ਦੇ ਲੈਸਹਿ ਜਿੰਦੁ ਕਵਾਉ।
ਕਰਿ ਆਸਣੁ ਡਿਠੋ ਚਾਉ।੧। (ਆ: ਗ੍ਰੰ: ਪੰ: ੪੬੨) (ਆਸਾ ਦੀ ਵਾਰ ਮ: ੧)

ਫੇਰ ਸ਼ੇਖ ਬ੍ਰਹਮ ਜੀ ਨੇ ਗੁਰੂ ਜੀ ਕੋਲ ਬੇਨਤੀ ਕੀਤੀ ਕਿ ਮੈਨੂੰ ਸਿਖਿਆ ਦੀ ਦਾਤ ਬਖਸ਼ੋ। ਗੁਰੂ ਜੀ ਨੇ ਨਿਮਰਤਾ ਦੇ ਆਧਾਰ ਤੇ ਉਪਦੇਸ਼ ਕੀਤਾ ਅਤੇ ਕਿਹਾ ਕਿ ਜਿਵੇਂ ਪਾਣੀ ਧਰਤੀ ਤੋਂ ਨੀਵਾਂ ਰਹਿੰਦਾ ਹੈ ਪਰ ਦਬਾਉ ਨਾਲ ਹਵਾ ਵਿਚ ਚਮਕਦੇ ਹੋਏ ਫੁਆਰੇ (ਸੋਮੇ) ਬਣਕੇ ਉਠਦਾ ਹੈ ਇਸੇ ਤਰ੍ਹਾਂ ਜੋ ਇਨਸਾਨ ਆਪਣੇ ਮਨ ਨੂੰ ਨੀਵਾਂ ਰਖਦੇ ਹਨ ਉਹ ਰੱਬ ਦੀ ਦਰਗਾਹ 'ਚ ਉੱਚੀ ਤੋਂ ਉੱਚੀ ਥਾਂ ਤੇ ਪਹੁੰਚ ਜਾਂਦੇ ਹਨ।

ਸ਼ੇਖ ਬ੍ਰਹਮ ਜੀ ਵਿਦਾਇਗੀ ਲਈ ਉਠੇ ਅਤੇ ਕਹਿਣ ਲੱਗੇ, 'ਹੇ ਗੁਰੂ ਨਾਨਕ ਜੀ, ਤੁਸੀਂ ਪਰਮਾਤਮਾ ਨੂੰ ਪਾ ਲਿਆ ਹੈ। ਤੁਹਾਡੇ ਅਤੇ ਉਸ (ਪ੍ਰਮਾਤਮਾ) 'ਚ ਕੋਈ ਫਰਕ ਨਹੀਂ। ਮੇਹਰ ਕਰੋ ਕਿ ਮੇਰੀ ਆਤਮਾ ਵੀ ਖੁਦਾ ਨਾਲ ਜੁੜ ਜਾਵੇ। ਗੁਰੂ ਜੀ ਨੇ ਜਵਾਬ ਦਿੱਤਾ, 'ਸ਼ੇਖ ਬ੍ਰਹਮ ਜੀ ਤੁਹਾਡੀ ਖੇਪ ਪ੍ਰਮਾਤਮਾ ਪੂਰੀ ਕਰੇਗਾ।' ਇਸਦਾ ਮਤਲਬ ਸੀ ਕਿ ਸ਼ੇਖ ਬ੍ਰਹਮ ਦੀ ਬੰਦਗੀ ਪ੍ਰਮਾਤਮਾ ਦੇ ਦਰ ਤੇ ਕਬੂਲ ਹੋਵੇਗੀ। ਸ਼ੇਖ ਬ੍ਰਹਮ ਜੀ ਨੇ ਗੁਰੂ ਜੀ ਅੱਗੇ ਅਰਦਾਸ ਕੀਤੀ ਕਿ ਮੈਨੂੰ ਕੋਈ ਪੱਕਾ ਵਾਅਦਾ ਦੇਵੋ। ਗੁਰੂ ਜੀ ਨੇ ਵਿਸ਼ਵਾਸ ਦਿਵਾਇਆ ਅਤੇ ਫੇਰ ਦੋਨਾਂ ਨੇ ਹੱਥ ਮਿਲਾਏ।

ਚੋਅਲੇ ਸਾਹਿਬ ਦੀ ਸਾਖੀ

ਗੁਰੂ ਜੀ ਫੇਰ ਦੀਪਾਲਪੁਰ ਨੂੰ ਚਲੇ ਗਏ। ਰਾਹ ਵਿੱਚ ਇੱਕ ਸੰਨਿਆਸੀ ਨੇ ਪੁੱਛਿਆ, 'ਉਦਾਸ' ਪਦ ਦੇ ਕੀ ਮਤਲਬ ਹਨ? ਗੁਰੂ ਜੀ ਨੇ ਜਵਾਬ ਦਿੱਤਾ, 'ਦੁਨੀਆਂ ਦੀਆਂ ਸਾਰੀਆਂ ਵਸਤੂਆਂ ਨੂੰ ਵਰਤਣਾ ਅਤੇ ਉਹਨਾਂ ਨੂੰ ਆਪਣਾ ਕਰਕੇ ਨਾ ਸਮਝਣਾ ਸਗੋਂ ਸਿਰਫ ਪ੍ਰਮਾਤਮਾ ਨੂੰ ਮਿਲਣ ਲਈ ਸਦਾ ਦਿਲ 'ਚ ਇਹੋ ਲਾਲਸਾ ਰੱਖਣੀ ਇਸੇ ਦਾ ਨਾਂ ਹੀ 'ਉਦਾਸ' ਹੈ।

ਗੁਰੂ ਜੀ ਫੇਰ ਕਾਂਝਣ ਪੁਰ, ਕਸੂਰ ਅਤੇ ਪੱਟੀ (ਲਾਹੌਰ ਜ਼ਿਲ੍ਹੇ 'ਚ) ਗਏ। ਇਥੋਂ ਫੇਰ ਵਿੰਡਪੁਰ[1] ਗਏ। ਵਿੰਡਪੁਰ ਅੱਜ ਕੱਲ੍ਹ ਦੇ ਪਿੰਡ ਚੋਹਲਾ ਸਾਹਿਬ ਜੋ ਤਹਿਸੀਲ ਤਰਨਤਾਰਨ ਅੰਮ੍ਰਿਤਸਰ ਜ਼ਿਲ੍ਹੇ ਤੋਂ ਕੋਈ ਬਹੁਤਾ ਦੂਰ ਨਹੀਂ। ਗੁਰੂ ਜੀ ਉਥੋਂ ਦੇ ਕੁਝ ਖਤਰੀਆਂ ਨੂੰ ਮਿਲੇ। ਪਰ ਜਦੋਂ ਉਹਨਾਂ ਨੇ ਗੁਰੂ ਜੀ ਨੂੰ ਇਨ੍ਹਾਂ ਸੰਤਾਂ ਵਾਲੇ ਲਬਾਸ ਵਿੱਚ ਵੇਖਿਆ ਅਤੇ

1. ਚੋਹਲੇ ਸਾਹਿਬ ਤੋਂ ਤਿੰਨ ਮੀਲ ਤੇ ਡੇਰਾ ਸਾਹਿਬ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ ਅਤੇ ਉਸਦਾ ਪੁਰਾਣਾ ਨਾਂ ਭਿਖੀਵਿੰਡ ਸੀ ਹੁਣ ਉੱਥੇ ਸਿਰਫ ਇਕ ਥੇਹ ਹੈ ਅਤੇ ਗੁਰਦੁਆਰਾ ਤੇ ਇਕ ਸਕੂਲ ਹੈ। ਮੈਕਾਲਿਫ਼ ਸਾਹਿਬ ਦਾ ਮਤਲਬ ਇਸੇ ਪਿੰਡ ਤੋਂ ਹੋਵੇਗਾ ਕਿਉਂਕਿ ਅਸਲ ਸੂਰਜ ਪ੍ਰਕਾਸ਼ 'ਚ ਲਿਖਿਆ ਹੈ ਕਿ ਗੁਰੂ ਜੀ ਦਾ ਅਸਲੀ ਪਿੰਡ ਭਿਖੀਵਿੰਡ ਹੀ ਸੀ ਤੇ ਇਥੋਂ ਹੀ ਉਨ੍ਹਾਂ ਦੇ ਪਿਤਾ ਕਾਲੂ ਜੀ ਪਟਵਾਰੀ ਬਣੇ ਸਨ। ਪਰ ਮੈਕਾਲਿਫ਼ ਸਾਹਿਬ ਗੱਲ ਨੂੰ ਨਹੀਂ ਮੰਨਦੇ।

ਮਰਦਾਨੇ ਨੂੰ ਰਬਾਬ ਨਾਲ ਗਾਉਂਦੇ ਸੁਣਿਆ ਤਾਂ ਉਹ ਉਹਨਾਂ ਦਾ ਇਸ ਤਰ੍ਹਾਂ ਦਾ ਪਹਿਰਾਵਾ ਵੇਖ ਕੇ ਨਾਰਾਜ਼ ਹੋਏ ਅਤੇ ਗੁਰੂ ਜੀ ਨੂੰ ਕਹਿਣ ਲੱਗੇ, 'ਇਹ ਕੀ ਭੇਸ ਬਣਾਇਆ ਹੈ? ਤੂੰ ਸੰਤ ਬਣਕੇ ਆਪਣੀ ਜ਼ਾਤ ਨੂੰ ਕਲੰਕ ਲਾਇਆ ਹੈ ਅਤੇ ਦੁਨੀਆਂ ਨੂੰ ਕੁਰਾਹੇ ਪਾਇਆ ਹੈ। ਜਾਹ ਇਥੋਂ ਚਲਾ ਜਾਹ।' ਗੁਰੂ ਜੀ ਨੇ ਕਿਹਾ, 'ਅਸੀਂ ਇਕ ਰਾਤ ਰਹਿਣਾ ਹੈ ਕੱਲ ਨੂੰ ਸਵੇਰੇ ਹੀ ਚਲੇ ਜਾਵਾਂਗੇ।' ਫੇਰ ਗੁਰੂ ਜੀ ਨੇ ਕਿਹਾ ਕਿ ਮੈਂ ਕੁਰਾਹੇ ਨਹੀਂ ਪਾ ਰਿਹਾ ਸਗੋਂ ਲੋਕਾਂ ਨੂੰ ਮੁਕਤੀ ਦਾ ਰਾਹ ਦੱਸ ਰਿਹਾ ਹਾਂ। ਉਹਨਾਂ ਖੱਤਰੀਆਂ ਨੇ ਉੱਤਰ ਦਿੱਤਾ, 'ਅਸੀਂ ਆਪਣੇ ਪਿੰਡ 'ਚ ਤੈਨੂੰ ਇਕ ਪਲ ਵੀ ਨਹੀਂ ਰੁਕਣ ਦੇਵਾਂਗੇ। ਤੂੰ ਜਲਦੀ ਇਥੋਂ ਚਲਾ ਜਾਹ, ਨਹੀਂ ਤਾਂ ਤੈਨੂੰ ਅਸੀਂ ਜ਼ੋਰ ਨਾਲ ਕੱਢ ਦੇਵਾਂਗੇ। ਗੁਰੂ ਜੀ ਨੇ ਉਹਨਾਂ ਦਾ ਇਹ ਅਪਮਾਨ ਭਰਿਆ ਹੁਕਮ ਸੁਣਿਆ ਅਤੇ ਮੰਨ ਲਿਆ। ਗੁਰੂ ਜੀ ਨੇ ਕਿਹਾ ਕਿ ਸਾਡਾ ਅਸਥਾਨ ਇਥੇ ਅਟੱਲ ਰਹੇਗਾ।

ਇਕ ਕੋਹੜੀ ਦੇ ਘਰ ਰੁਕਣਾ

ਉਥੋਂ ਗੁਰੂ ਜੀ ਇਕ ਪਿੰਡ ਪਹੁੰਚੇ ਜੋ ਅੱਜ ਕੱਲ ਗੋਇੰਦਵਾਲ ਅਖਵਾਉਂਦਾ ਹੈ। ਇੱਥੇ ਗੁਰੂ ਜੀ ਰੁਕਣਾ ਚਾਹੁੰਦੇ ਸਨ ਪਰ ਇਕ ਅਨਾਥ ਕੋਹੜੀ ਤੋਂ ਸਿਵਾ ਕਿਸੇ ਨੇ ਵੀ ਗੁਰੂ ਜੀ ਦਾ ਸਤਿਕਾਰ ਨਾ ਕੀਤਾ ਅਤੇ ਨਾ ਹੀ ਕਿਸੇ ਨੇ ਗੁਰੂ ਜੀ ਨੂੰ ਰਹਿਣ ਲਈ ਥਾਂ ਦਿੱਤੀ। ਕੋਹੜੀ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ ਅਤੇ ਉਸਨੇ ਗੁਰੂ ਜੀ ਦੀ ਚੰਗੀ ਸੇਵਾ ਅਤੇ ਆਦਰ-ਸਤਿਕਾਰ ਕੀਤਾ। ਕੋਹੜੀ ਨੇ ਪ੍ਰਮਾਤਮਾ ਦਾ ਸ਼ੁਕਰ ਕੀਤਾ ਕਿ ਮੈਂ ਆਦਮੀ ਦੀ ਸੂਰਤ ਵੇਖੀ ਹੈ, ਮੇਰੇ ਕੋਲੋਂ ਤਾਂ ਜਾਨਵਰ ਵੀ ਦੂਰ ਭਜਦੇ ਸਨ। ਜਦੋਂ ਉਹ ਕੋਹੜੀ ਆਪਣੇ ਮੰਦੇ ਭਾਗਾਂ ਤੇ ਹੋਰ ਸੋਚਣ ਲੱਗਾ ਤਾਂ ਗੁਰੂ ਜੀ ਨੇ ਸ਼ਬਦ ਫੁਰਮਾਇਆ:

'ਜੀਉ ਤਪਤੁ ਹੈ ਬਾਰੋਬਾਰ। ਤਪਿ ਤਪਿ ਖਪੈ ਬਹੁਤੁ ਬੇਕਾਰ।
ਜੈ ਤਨਿ ਬਾਣੀ ਵਿਸਰਿ ਜਾਇ। ਜਿਉ ਪਕਾ ਰੋਗੀ ਵਿਲ ਲਾਇ।੧।
ਬਹੁਤਾ ਬੋਲਣੁ ਝਖਣੁ ਹੋਇ। ਵਿਣੁ ਬੋਲੇ ਜਾਣੈ ਸਭੁ ਸੋਇ।੧। ਰਹਾਉ।
ਜਿਨਿ ਕੰਨ ਕੀਤੇ ਅਖੀ ਨਾਕੁ। ਜਿਨਿ ਜਿਹਵਾ ਦਿਤੀ ਬੋਲ ਤਾਤੁ।
ਜਿਨਿ ਮਨੁ ਰਾਖਿਆ ਅਗਨੀ ਪਾਇ। ਵਾਜੈ ਪਵਣੁ ਆਪੈ ਸਭ ਜਾਇ।੨।
ਜੇਤਾ ਮੋਹੁ ਪਰੀਤਿ ਸੁਆਦ। ਸਭਾ ਕਾਲਖ ਦਾਗਾ ਦਾਗ।
ਦਾਗ ਦੋਸ ਮੁਹਿ ਚਲਿਆ ਲਾਇ। ਦਰਗਾਹ ਬੈਸਣ ਨਾਈ ਜਾਇ।੩।
ਕਰਮਿ ਮਿਲੈ ਆਖਣੁ ਤੇਰਾ ਨਾਉ।
ਜਿਤੁ ਲਗਿ ਤਰਣਾ ਹੋਰੁ ਨਹੀ ਥਾਉ।
ਜੇਕੋ ਡੁਬੈ ਫਿਰਿ ਹੋਵੈ ਸਾਰ। *(ਆਃ ਗ੍ਰੰਃ ਪੰਃ ੬੬੧-੬੨)*
ਨਾਨਕ ਸਾਚਾ ਸਰਬ ਦਾਤਾਰ।੪।੩।੫। *(ਧਨਾਸਰੀ ਮਃ ੧)*

ਗੁਰੂ ਜੀ ਉਸ ਕੋਹੜੀ ਤੇ ਦਿਆਲ ਹੋ ਗਏ ਅਤੇ ਵਰ ਦਿੱਤਾ। ਕੋਹੜੀ ਦਾ ਰੋਗ ਬਿਲਕੁਲ ਹਟ ਗਿਆ ਅਤੇ ਉਹ ਗੁਰੂ ਜੀ ਦੇ ਕਦਮਾਂ ਤੇ ਗਿਰ ਗਿਆ ਅਤੇ ਨਾਮ ਜਪਣ ਲੱਗ ਗਿਆ।

ਇਥੋਂ ਫੇਰ ਗੁਰੂ ਜੀ ਸੁਲਤਾਨਪੁਰ[1] ਵੈਰੋਵਾਲ, ਅਤੇ ਜਲਾਲਾਬਾਦ ਵਿਚੀਂ ਹੁੰਦੇ ਹੋਏ, ਪਠਾਨ ਕੀ ਨਾਮੇਂ ਅਸਥਾਨ ਜ਼ਿਲ੍ਹਾ ਅੰਮ੍ਰਿਤਸਰ 'ਚ ਆ ਪਹੁੰਚੇ। ਇਥੇ ਗੁਰੂ ਜੀ ਨੂੰ ਬਹੁਤ ਸਾਰੇ ਪਠਾਨ ਸਿੱਖ ਮਿਲੇ। ਉਹ ਸਾਜਾਂ ਨਾਲ ਗੁਰੂ ਜੀ ਦੇ ਦਰ ਤੇ ਮਹਿਮਾਂ ਕਰਿਆ ਕਰਨ ਅਤੇ ਗਾਉਂਦੇ ਕਿਹਾ ਕਰਨ 'ਦਮ ਸ਼ਹੁ ਨਾਨਕ' ਗੁਰੂ ਜੀ ਨੇ ਫੇਰ ਇਕ ਸ਼ਬਦ ਉਚਾਰਿਆ :

'ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ।
ਆਪੇ ਜਾਣੈ ਕਰੇ ਆਪਿ ਜਿਨਿ ਵਾਡੀ ਹੈ ਲਾਈ।੧।
ਰਾਇਸਾ ਪਿਆਰੇ ਕਾਰਾਇਸਾ ਜਿਤੁ ਸਦਾ ਸੁਖੁ ਹੋਈ। ਰਹਾਉ।
ਜਿਨ ਰੰਗਿ ਕੰਤੁ ਨ ਰਾਵਿਆ ਸਾ ਪੁਛੋ ਰੇ ਤਾਣੀ।
ਹਾਥ ਪਛੋੜੈ ਸਿਰੁ ਪੁਣੈ ਜਬ ਰੈਣਿ ਵਿਹਾਣੀ।੨।
ਪਛੋਤਾਵਾ ਨਾ ਮਿਲੈ ਜਬ ਚੁਕੈਗੀ ਸਾਰੀ।
ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ।੩।
ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀ ਏਹ।
ਸੈ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ।੪।
ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਇ।
ਪਾਇ ਲਗਾਉ ਬੇਨਤੀ ਕਰਉ ਲਿਉਗੀ ਪੰਥੁ ਬਤਾਇ।੫।
ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ।
ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ।੬।
ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ।
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ।੭।
ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ।
ਗੁਰ ਪ੍ਰਸਾਦੀ ਜਾਣੀਐ ਤਉ ਅਨਭਉ ਪਾਵੈ।੮।
ਪਾਨਾਵਾੜੀ ਹੋਇ ਘਰਿ ਖਰੁਸਾਰ ਨ ਜਾਣੈ।
ਰਸੀਐ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ।੯।
ਅਪਿਓ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ। *(ਆ: ਗ੍ਰੰ: ਪੰ: ੭੨੩-੨੪)*
ਸਹਜੇ ਸਹਜੇ ਮਿਲਿ ਰਹੈ ਅਮਰਾਪਦੁ ਪਾਵੈ।੧੦। *(ਤਿਲੰਗ ਮ: ੧)*
ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ।
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ।੧।
ਤੇਰੇ ਲਾਲੇ ਕਿਆ ਚਤੁਰਾਈ।
ਸਾਹਿਬ ਕਾ ਹੁਕਮੁ ਨ ਕਰਣਾ ਜਾਈ।੧। ਰਹਾਉ।
ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ।
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ।੨।

1. ਇਹ ਉਹ ਹੀ ਥਾਂ ਹੈ ਜਿਥ ਗੁਰੂ ਜੀ ਆ ਕੇ ਮੋਦੀ ਬਣੇ ਸਨ।

ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣੁ ਜਾਉ।
ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ।੩।
ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ।
ਆਦਿ ਜੁਗਾਦਿ ਦਇਆ ਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ।੪।੬।

(ਆ: ਗ੍ਰੰ: ਪੰ: ੯੬੧) (ਮਾਰੂ ਮਹਲਾ ੧)

ਸੈਦਪੁਰ ਨੂੰ ਦੁਬਾਰਾ ਜਾਣਾ ਅਤੇ ਬਾਬਰ ਨਾਲ ਮੁਲਾਕਾਤ

ਗੁਰੂ ਜੀ ਘੁੰਮਦੇ ਘੁੰਮਾਉਂਦੇ ਵਟਾਲੇ, ਜ਼ਿਲ੍ਹਾ ਗੁਰਦਾਸਪੁਰ 'ਚ ਆਏ। ਇਥੋਂ ਦੁਬਾਰਾ ਗੁਰੂ ਜੀ ਸੈਦਪੁਰ ਨੂੰ ਗਏ। ਉਥੇ ਗੁਰੂ ਜੀ ਨੂੰ ਫੇਰ ਭਾਈ ਲਾਲੋ ਜੀ ਮਿਲੇ। ਲਾਲੋ ਨੇ ਗੁਰੂ ਜੀ ਨੂੰ ਪਠਾਣਾਂ ਦੇ ਅਤਿਆਚਾਰ ਦੇ ਦੁੱਖਾਂ ਬਾਰੇ ਦੱਸਿਆ। ਗੁਰੂ ਜੀ ਨੇ ਕਿਹਾ ਕਿ ਇਨ੍ਹਾਂ ਦਾ ਰਾਜ ਹੁਣ ਬਹੁਤੀ ਦੇਰ ਨਹੀਂ ਰਹਿਣਾ ਕਿਉਂਕਿ ਬਾਬਰ ਭਾਰਤ ਨੂੰ ਜਿੱਤਣ ਲਈ ਆ ਰਿਹਾ ਹੈ। ਗੁਰੂ ਜੀ ਨੇ ਲਾਲੋ ਜੀ ਅੱਗੇ ਹੇਠ ਲਿਖਿਆ ਸ਼ਬਦ ਪੜ੍ਹਿਆ :

'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।
ਕਾਜੀਆ ਬਾਮਣਾ ਕੀ ਗਲਿ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।
ਮੁਸਲਮਾਨੀ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ।
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ।
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ।੧।
ਸਾਹਿਬ ਕੇ ਗੁਣ ਨਾਨਕ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ।
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਪੈ ਵਪਿ ਇਕੇਲਾ।
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ।
ਕਾਇਆ ਕਪੜ ਟੁਕ ਟੁਕ ਹੋਸੀ ਹਿੰਦੁਸਤਾਨ ਸਮਾਲਸੀ ਬੋਲਾ॥
ਕਾਇਆ ਕਪੜੁ ਟੁਕ ਟੁਕ ਹਸੀ ਹਿੰਦੁਸਤਾਨ ਸਮਾਲਸੀ ਬੋਲਾ।
ਆਵਨਿ ਅਠਤਰੇ ਜਾਨਿ ਸਤਾਨਵੇ ਹੋਰ ਭੀ ਉਠਸੀ ਮਰਦ ਕਾ ਚੇਲਾ।
ਸਚੁ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ।੨।੩।੫।

(ਆ: ਗ੍ਰੰ: ਪੰ: ੭੨੨) (ਤਿਲੰਗ ਮਹਲਾ ੧)

ਭਾਈ ਲਾਲੋ ਨੇ ਗੁਰੂ ਜੀ ਤੋਂ ਇਸ ਸ਼ਬਦ ਦਾ ਅਰਥ ਪੁਛਿਆ :

'ਜਿਨਿ ਉਪਾਈ ਰੰਗਿ ਰਵਾਈ।'

ਗੁਰੂ ਜੀ ਨੇ ਜਵਾਬ ਦਿੱਤਾ :

ਸੀਹਾ ਬਾਜਾਂ ਚਰਗਾ ਕੁਹੀਆ ਏਨਾ ਖਵਾਲੇ ਘਾਹ।
ਘਾਹ ਖਾਨਿ ਤਿਨਾ ਮਾਸੁ ਖੵਾਲੇ ਏਹਿ ਚਲਾਏ ਰਾਹ।
ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ।
ਕੀੜਾ ਥਾਪ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ।

ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ।
ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਗਾਹ।੧।
(ਆਃ ਗ੍ਰੰਃ ਪੰਃ ੧੪੪) (ਵਾਰ ਮਾਝ ਮਹਲਾ ੧)

ਇਕ ਬ੍ਰਾਹਮਣ ਉਸ ਵਕਤ ਗੁਰੂ ਜੀ ਕੋਲ ਆਇਆ ਅਤੇ ਫਲਾਂ ਦੀ ਇਕ ਚੰਗੇਰ ਗੁਰੂ ਜੀ ਨੂੰ ਲਿਆ ਭੇਟਾ ਕੀਤੀ ਅਤੇ ਕਿਹਾ "ਮਹਾਰਾਜ, ਤੁਸੀਂ ਤਾਂ ਬਹੁਤ ਜ਼ੁਲਮ ਭਰੇ ਸ਼ਬਦ ਕਹਿ ਰਹੇ ਹੋ?" ਗੁਰੂ ਜੀ ਨੇ ਜਵਾਬ ਵਿੱਚ ਕਿਹਾ, "ਭਗਤ ਜੀ, ਇਥੇ ਨਾ ਰਹੋ, ਇਥੋਂ ਤਿੰਨ ਕੁ ਮੀਲ ਦੇ ਫਾਸਲੇ ਤੇ ਛੱਪੜ ਹੈ ਆਪਣੇ ਕੁਟੰਬ ਨੂੰ ਉਥੇ ਲੈ ਕੇ ਚਲੇ ਜਾਵੋ। ਜਿਹੜੇ ਇਥੇ ਰਹਿਣਗੇ ਉਹ ਸਾਰੇ ਮਾਰੇ ਜਾਣਗੇ।" ਬ੍ਰਾਹਮਣ ਨੇ ਗੁਰੂ ਜੀ ਦੀ ਇਸ ਗੱਲ ਨੂੰ ਮੰਨ ਲਿਆ।

ਬਾਬਰ ਨੇ ਏਮਨਾਬਾਦ ਨੂੰ ਲੁੱਟਣਾ

ਕੁਝ ਦਿਨਾਂ ਪਿਛੋਂ ਬਾਬਰ ਨੇ ਸੈਦਪੁਰ (ਏਮਨਾਬਾਦ) ਸ਼ਹਿਰ ਤੇ ਹਮਲਾ ਕਰਕੇ ਉਸਨੂੰ ਉਜਾੜ ਕੇ ਤਬਾਹ ਕਰ ਦਿੱਤਾ। ਆਸ ਪਾਸ ਦੇ ਕਈ ਪਿੰਡਾਂ ਨੂੰ ਵੀ ਲੁੱਟ ਕੇ ਬਰਬਾਦ ਕਰ ਦਿੱਤਾ। ਲੋਕਾਂ ਦਾ ਕਤਲਾਮ ਕੀਤਾ ਗਿਆ। ਪਠਾਨਾਂ ਅਤੇ ਹਿੰਦੂਆਂ ਦੇ ਘਰਾਂ ਨੂੰ ਲੁੱਟ ਕੇ ਅਤੇ ਢਾਹ ਕੇ ਮਿੱਟੀ 'ਚ ਮਿਲਾ ਦਿੱਤਾ।

ਗੁਰੂ ਜੀ ਅਤੇ ਮਰਦਾਨੇ ਨੂੰ ਜਾਨ ਤੋਂ ਨਾ ਮਾਰਿਆ ਗਿਆ, ਸ਼ਾਇਦ ਇਸ ਲਈ ਕਿ ਉਹ ਮੁਸਾਫਰ ਸਨ ਪਰ ਉਨ੍ਹਾਂ ਨੂੰ ਕੈਦ ਕਰਕੇ ਬਾਬਰ ਦੀ ਫੌਜ ਦੇ ਸਰਦਾਰ ਮੀਰਖਾਨ ਦੀ ਨਿਗਰਾਨੀ ਹੇਠਾਂ ਰੱਖਿਆ ਗਿਆ। ਜਦੋਂ ਮੀਰਖਾਨ ਨੇ ਗੁਰੂ ਜੀ ਅਤੇ ਮਰਦਾਨੇ ਨੂੰ ਵੇਖਿਆ ਤਾਂ ਉਸਨੇ, ਉਹਨਾਂ ਨੂੰ ਹੁਕਮ ਦਿੱਤਾ, "ਇਨ੍ਹਾਂ ਗੁਲਾਮਾਂ ਨੂੰ ਵੀ ਕੰਮ ਤੇ ਲਾਓ।" ਮਰਦਾਨੇ ਨੂੰ ਸਈਸੀ ਦਾ ਕੰਮ ਅਤੇ ਗੁਰੂ ਜੀ ਨੂੰ ਭਾਰ ਢੋਣ ਤੇ ਲਾਇਆ ਗਿਆ। ਗੁਰੂ ਜੀ ਨੇ ਇਸ ਵੇਲੇ ਇਹ ਸ਼ਬਦ ਫੁਰਮਾਇਆ :—

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ।
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤ ਲਾਇਆ ਤਿਤੁ ਲਾਗਾ।੧।
ਤੇਰੇ ਲਾਲੇ ਕਿਆ ਚਤੁਰਾਈ।
ਸਾਹਿਬ ਕਾ ਹੁਕਮੁ ਨ ਕਰਣਾ ਜਾਈ।੧ ਰਹਾਉ।
ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ।
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ।੨।
ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣੁ ਜਾਉ।
ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ।੩।
ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ।
ਆਦਿ ਜੁਗਾਦਿ ਦਇਆ ਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ।
(ਆਃ ਗ੍ਰੰਃ ਪੰਃ ੯੯੧) (ਮਾਰੂ ਮਹਲਾ ੧)

ਜਦੋਂ ਗੁਰੂ ਜੀ ਇਹ ਸ਼ਬਦ ਪੜ੍ਹ ਚੁਕੇ ਤਾਂ ਕੁਝ ਔਰਤਾਂ ਰੋਂਦੀਆਂ ਤੁਰੀਆਂ ਜਾਂਦੀਆਂ ਮਰਦਾਨੇ ਨੇ ਵੇਖੀਆਂ ਤਾਂ ਉਸਨੇ ਗਰੂ ਜੀ ਤੋਂ ਪੁੱਛਿਆ ਕਿ ਇਨ੍ਹਾਂ ਨਾਲ ਕਿਸ ਤਰ੍ਹਾਂ ਦਾ ਵਰਤਾਉ ਹੋਇਆ ਹੈ? ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ।

ਮਰਦਾਨੇ ਨੇ ਕਿਹਾ, "ਮਹਾਰਾਜ ਮੈਂ ਰਬਾਬ ਕਿਸ ਤਰ੍ਹਾਂ ਵਜਾ ਸਕਦਾ ਹਾਂ, ਮੈਂ ਤਾਂ ਘੋੜੇ ਨੂੰ ਫੜਿਆ ਹੋਇਆ ਹੈ। ਗੁਰੂ ਜੀ ਨੇ ਕਿਹਾ, "ਪ੍ਰਮਾਤਮਾ ਨੂੰ ਧਿਆ ਅਤੇ ਘੋੜਾ ਛੱਡ ਦੇਹ।" ਮਰਦਾਨੇ ਨੇ ਹੁਕਮ ਦਾ ਪਾਲਣ ਕੀਤਾ ਅਤੇ ਰਾਗ ਆਸਾ ਦੀ ਸੁਰ ਕੱਢੀ ਅਤੇ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਪੜ੍ਹਿਆ :

'ਜਿਨਿ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ।
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ।
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਹਿ ਹਦੂਰਿ।੧।
ਆਦੇਸੁ ਬਾਬਾ ਆਦੇਸੁ।
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ।੧ ਰਹਾਉ।
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ।
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ।
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ।੨।
ਇਕੁ ਲਖੁ ਲਹਨਿ ਬਹਿਠੀਆਂ ਲਖੁ ਲਹਨਿ ਖੜੀਆ।
ਗਰੀ ਛੁਹਾਰੇ ਖਾਂਦੀਆਂ ਮਾਣਨਿ ਸੇਜੜੀਆ।
ਤਿਨ੍ ਗਲਿ ਸਿਲਕਾ ਪਾਈਆ ਤੁਟਨਿ ਮੋਤਸਰੀਆ।
ਧਨੁ ਜੋਬਨਿ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ।
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ।
ਜੇ ਤਿਸੁ ਭਾਵੈ ਦੇ ਵਡਿਆਈ ਰੰਗੁ ਤਮਾਸੈ ਚਾਇ।
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ।੫।
ਇਕਨਾ ਵਖਤ ਖੁਆਈਅਹਿ ਇਕਨਾ ਪੂਜਾ ਜਾਇ।
ਚਉਕੇ ਵਿਣੁ ਹਿੰਦੁਵਾਣੀਆ ਕਿਉ ਟਿਕੇ ਕਢਹਿ ਨਾਇ।
ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੇ ਖੁਦਾਇ।੬।
ਇਕ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ।
ਇਕਨਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ। *(ਆਃ ਗ੍ਰੰਃ ਪੰਃ ੪੧੭)*
ਜੋ ਤਿਸੁ ਭਾਵੈ ਸੋ ਥੀਆ ਨਾਨਕ ਕਿਆ ਮਾਨੁਖ।੭। *(ਆਸਾ ਮਹਲਾ ੧)*

ਐਨੇ ਨੂੰ ਮੀਰਖਾਨ ਬੰਦੀਖਾਨੇ ਦਾ ਹਾਕਮ ਉਥੇ ਆ ਗਿਆ। ਉਹਨੇ ਵੇਖਿਆ ਕਿ ਗੁਰੂ ਜੀ ਜੋ ਪੰਡ ਚੁੱਕੀ ਜਾਂਦੇ ਹਨ, ਪੰਡ ਉਹਨਾਂ ਦੇ ਸਿਰ ਤੋਂ ਇਕ ਗਿੱਠ ਉੱਚੀ ਹੈ, ਕੋਈ ਵੀ ਸਹਾਰਾ ਵਿਖਾਈ ਨਹੀਂ ਦਿੰਦਾ ਅਤੇ ਜੋ ਘੋੜਾ ਮਰਦਾਨੇ ਨੂੰ ਫੜਾਇਆ ਗਿਆ ਸੀ ਉਹ ਵੀ ਆਪਣੇ ਆਪ ਹੀ ਮਰਦਾਨੇ ਦੇ ਮਗਰ ਮਗਰ ਜਾਈ ਜਾਂਦਾ ਹੈ, ਮਰਦਾਨਾ ਪਵਿੱਤਰ ਰਾਗ ਨਾਲ ਰਬਾਬ ਵਜਾ ਰਿਹਾ ਹੈ। ਮੀਰਖਾਨ ਨੇ ਇਹ ਸੂਚਨਾ ਬਾਬਰ ਨੂੰ ਜਾ ਸੁਣਾਈ। ਬਾਬਰ ਨੇ ਕਿਹਾ ਜੇ ਮੈਨੂੰ ਐਨਾ ਪਤਾ ਹੁੰਦਾ ਕਿ ਇੱਥੇ ਇਸ ਤਰ੍ਹਾਂ ਦੇ ਸੰਤ-ਪੁਰਸ਼ ਵਸਦੇ ਹਨ ਤਾਂ ਮੈਂ ਇਸ ਸ਼ਹਿਰ ਨੂੰ ਕਦੇ ਵੀ ਨਾ ਲੁੱਟਦਾ। ਮੀਰਖਾਨ ਦੇ ਆਖਣਤੇ ਬਾਬਰ ਬੰਦੀਖਾਨੇ 'ਚ ਆਪ ਗਿਆ ਜੋ ਉਥੋਂ ਦੋ ਮੀਲ ਦੇ ਫਾਸਲੇ ਤੇ ਸੀ। ਉਥੇ ਪਠਾਨਾਂ ਦੀਆਂ

ਔਰਤਾਂ ਅਤੇ ਹਿੰਦੂਆਂ ਦੀਆਂ ਜਨਾਨੀਆਂ ਕੱਠੀਆਂ ਹੀ ਕੈਦ ਕੀਤੀਆਂ ਹੋਈਆਂ ਸਨ ਅਤੇ ਦਾਣੇ ਪੀਸ ਰਹੀਆਂ ਸਨ। ਗੁਰੂ ਜੀ ਨੂੰ ਵੀ ਇਹ ਹੀ ਕੰਮ ਕਰਨ ਲਈ ਚੱਕੀ ਦਿੱਤੀ ਹੋਈ ਸੀ। ਕਿਹਾ ਜਾਂਦਾ ਹੈ ਕਿ ਚੱਕੀ ਆਪਣੇ ਆਪ ਚੱਲੀ ਜਾਂਦੀ ਸੀ ਤੇ ਗੁਰੂ ਜੀ ਉਸ 'ਚ ਦਾਣੇ ਪਾਈ ਜਾਂਦੇ ਸਨ। ਬਾਬਰ ਨੇ ਗੁਰੂ ਜੀ ਨੂੰ ਬੁਲਾਇਆ, ਪਰ ਗੁਰੂ ਜੀ ਆਪਣੀ ਭਗਤੀ 'ਚ ਮਸਤ ਸਨ ਆਪਣੇ ਨਿਰਦੋਸ਼ ਦੇਸ਼ਵਾਸੀ ਵੀਰਾਂ ਦਾ ਅੱਖੀਂ ਕਤਲਾਮ ਹੁੰਦਾ ਵੇਖ ਸੋਚਾਂ 'ਚ ਡੁੱਬੇ ਹੋਏ ਸਨ। ਜਦੋਂ ਗੁਰੂ ਜੀ ਦੀ ਸਮਾਧੀ ਖੁਲ੍ਹੀ ਤਾਂ ਗੁਰੂ ਜੀ ਨੇ ਇਹ ਹੇਠਲਾ ਸ਼ਬਦ ਪੜ੍ਹਿਆ। ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਨਹੀਂ ਹੈ। ਇੰਗਲੈਂਡ ਵਾਲੀ ਜਨਮ ਸਾਖੀ ਵਿਚੋਂ ਹੈ :

ਜਿਸ ਤੂੰ ਰਖਹਿ ਮੇਹਰਵਾਨ ਕੋਈ ਨ ਸਕੈ ਮਾਰੇ।
ਤੇਰੀ ਉਪਮਾ ਕਿਆ ਗਨੀ ਤਉ ਅਗਨਤ ਉਧਾਰੇ।੧।
ਰਾਖਿ ਲੇਹਿ ਪਿਆਰੇ ਰਾਖਿ ਲੇਹਿ ਮੈਂ ਦਾਸਰਾ ਤੇਰਾ।
ਜਲਿ ਥਲਿ ਮਹੀਅਲੁ ਰਵਿ ਰਹਿਆ ਸਚਾ ਠਾਕੁਰ ਮੇਰਾ। ਰਹਾਉ।
ਜੈ ਦੇਉ ਨਾਮਾ ਤੈਂ ਰਾਖਿ ਲੀਏ ਤੇਰੇ ਭਗਤ ਪਿਆਰੇ।
ਜਿਨ ਕਉ ਤੈ ਆਪਣਾ ਨਾਮੁ ਦੀਆ ਸੇ ਤੈ ਪਾਰਿ ਉਤਾਰੇ।੨।
ਨਾਮਾਸੈਨੁ ਕਬੀਰ ਤ੍ਰਿਲੋਚਨੁ ਤਉ ਰਾਖਿ ਲੀਏ ਤੇਰੇ ਨਾਮ ਸੰਗ ਬਨਿਆ।
ਰਵਿਦਾਸ ਚੁਮਾਰੁ ਤਉ ਰਾਖਿ ਲੀਆ ਤੇਰਿਆ ਭਗਤਾਂ ਸੰਗਤ ਗਨਿਆ।੩।
ਨਾਨਕ ਕਰਤਾ ਬੇਨਤੀ ਕੁਲ ਜਾਤਿ ਨ ਹੀਨਾ।
ਸੰਸਾਰ ਸਾਗਰ ਤੇ ਕਾਢਿ ਕੇ ਅਪੁਨਾ ਕਰਿ ਲੀਨਾ।੪। (ਰਾਗ ਤਿਲੰਗ ਮਹਲਾ ੧)

ਲਿਖਿਆ ਗਿਆ ਹੈ ਕਿ ਬਾਬਰ ਨੇ ਜਦੋਂ ਇਹ ਸ਼ਬਦ ਸੁਣਿਆ ਤਾਂ ਉਹ ਗੁਰੂ ਜੀ ਦੇ ਚਰਨੀ ਪੈ ਗਿਆ ਅਤੇ ਕਹਿਣ ਲੱਗਾ ਕਿ ਗੁਰੂ ਜੀ ਦੇ ਦਰਸ਼ਨਾਂ ਤੋਂ ਪ੍ਰਮਾਤਮਾ ਦਾ ਦੀਦਾਰ ਪ੍ਰਾਪਤ ਹੁੰਦਾ ਹੈ। ਫੇਰ ਬਾਬਰ ਦੇ ਸਾਰੇ ਅਮੀਰਾਂ ਵਜ਼ੀਰਾਂ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਬਾਬਰ ਨੇ ਗੁਰੂ ਜੀ ਨੂੰ ਕਿਹਾ, "ਮਹਾਰਾਜ ਮੇਰੀ ਕੁਝ ਭੇਟਾ ਪ੍ਰਵਾਨ ਕਰੋ।" ਗੁਰੂ ਜੀ ਨੇ ਕਿਹਾ ਮੈਨੂੰ ਕਿਸੇ ਚੀਜ਼ ਦੀ ਜਰੂਰਤ ਨਹੀਂ ਪਰ ਇਹ ਸੈਦਪੁਰ ਦੇ ਜੋ ਕੈਦੀ ਬਣਾਏ ਗਏ ਹਨ ਛਡ ਦਿਉ। ਬਾਬਰ ਨੇ ਉਸ ਵਕਤ ਹੁਕਮ ਦਿੱਤਾ ਕਿ ਇਨ੍ਹਾਂ ਸਾਰੇ ਕੈਦੀਆਂ ਨੂੰ ਰਿਹਾ ਕਰ ਦੇਵੋ ਅਤੇ ਇਨ੍ਹਾਂ ਦਾ ਸਾਰਾ ਸਮਾਨ ਵਾਪਸ ਦੇ ਦੋਵੇ ਪਰ ਉਹ ਬੰਦੀ ਗੁਰੂ ਜੀ ਤੋਂ ਬਗੈਰ ਨਾ ਗਏ, ਫੇਰ ਗੁਰੂ ਜੀ ਨੂੰ ਵੀ ਉਨ੍ਹਾਂ ਦੇ ਨਾਲ ਜਾਣ ਲਈ ਕਿਹਾ। ਉਹ ਸਾਰੇ ਲੋਕ ਸ਼ਹਿਰ ਵਿਚ ਆਪਣੇ ਆਪਣੇ ਘਰ ਚਲੇ ਗਏ। ਉਨ੍ਹਾਂ ਲੋਕਾਂ ਨੇ ਉੱਥੇ ਜਾ ਕੇ ਵੇਖਿਆ ਕਿ ਸੈਦਪੁਰ 'ਚ ਰਹੇ ਸਾਰੇ ਲੋਕ ਮਾਰੇ ਗਏ ਸਨ। ਮਰਦਾਨੇ ਨੇ ਗੁਰੂ ਜੀ ਨੂੰ ਕਿਹਾ ਕਿ ਜਿਸ ਤਰ੍ਹਾਂ ਪ੍ਰਮਾਤਮਾ ਦਾ ਹੁਕਮ ਸੀ ਸਭ ਕੁਝ ਉਸੇ ਤਰ੍ਹਾਂ ਹੀ ਹੋਇਆ ਹੈ, ਫੇਰ ਗੁਰੂ ਜੀ ਨੇ ਮਰਦਾਨੇ ਦੀ ਰਬਾਬ ਦੀ ਸੁਰ ਨਾਲ ਇਹ ਸ਼ਬਦ ਪੜ੍ਹਿਆ :

ਕਹਾ ਸੁ ਖੇਲ ਤਬਲਾ ਘੋੜੇ ਕਹਾ ਭੇਰੀ ਸਹਨਾਈ।
ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ।
ਕਹਾ ਸੁ ਆਰਸੀਆ ਮੁਹ ਬੰਕੇ ਐਥੇ ਦਿਸਹਿ ਨਾਹੀ।੧।

ਇਹੁ ਜਗ ਤੇਰਾ ਤੂ ਗੋਸਾਈ।
ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ।੧ ।ਰਹਾਉ।
ਕਹਾ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ।
ਕਹਾ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖ ਨੀਦ ਨ ਪਾਈ।
ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ।੨।
ਇਸੁ ਜਰਿ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ।
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ।
ਜਿਸਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ।੩।
ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ।
ਥਾਨ ਮੁਕਾਮ ਜਲੇ ਬਿਜ ਮੰਦਰ ਪੁਛਿ ਪੁਛਿ ਕੁਇਰ ਰਲਾਇਆ।
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ।੪।
ਮੁਗਲ ਪਠਾਣਾ ਭਾਈ ਲੜਾਈ ਰਣ ਮਹਿ ਤੇਗ ਵਗਾਈ।
ਓਨ੍ਹੀ ਤੁਪਕ ਤਾਣਿ ਚਲਾਈ ਓਨੀ ਹਸਤਿ ਚਿੜਾਈ।
ਜਿਨ ਕੀ ਚੀਰੀ ਦਰਗਹ ਪਾਟੀ ਤਿਨਾ ਮਰਣਾ ਭਾਈ।੫।
ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ।
ਇਕਨਾ ਪੇਰਣ ਸਿਰ ਖੁਰ ਪਾਟੇ ਇਕਨਾ ਵਾਸੁ ਮਸਾਣੀ।
ਜਿਨ ਕੇ ਬੰਕੇ ਘਰੀ ਨ ਆਇਆ ਤਿਨ ਕਿਉ ਰੈਣਿ ਵਿਹਾਣੀ।੬।
ਆਪੇ ਕਰੇ ਕਰਾਏ ਕਰਤਾ ਕਿਸਨੋ ਆਖਿ ਸੁਣਾਈਐ।
ਦੁਖੁ ਸੁਖੁ ਤੇਰੈ ਭਾਣੇ ਹੋਵੈ ਕਿਸਥੈ ਜਾਇ/ਕੁਆਈਐ।
ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ।੭।੧੨।

(ਆਃ ਗ੍ਰੰਃ ਪੰਃ ੪੧੮) (ਰਾਗ ਆਸਾ ਮਹਲਾ ੧ ਅਸ਼ਟਪਦੀਆਂ)

ਫੇਰ ਭਾਰਤ ਦੀ ਹਾਲਤ ਬਦਲਣ ਦੇ ਬਾਰੇ ਵਿਚ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ:

ਨਉਸਤ ਚਉਦਹ ਤੀਨਿ ਕਰਿ ਮਹਲਤਿ ਚਾਰਿ ਬਹਾਲੀ।
ਚਾਰੇ ਦੀਵੇ ਚਹੁ ਹਥ ਦੀਏ ਏਕਾ ਏਕੀ ਵਾਰੀ।੧।
ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਹਾਰੀ।੧ ।ਰਹਾਉ।
ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮ ਕਰੇ ਸਿਕਦਾਰੀ।
ਧਰਤੀ ਦੇਗ ਮਿਲੈ ਇਕ ਵੇਰਾ ਭਾਗ ਤੇਰਾ ਭੰਡਾਰੀ।੨।
ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ।
ਲਬੁ ਅੰਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ।੩।
ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੁੋਟਵਾਰੀ।
ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਹਾਰੀ।੪।
ਆਦਿ ਪੁਰਖ ਕਉ ਅਲਹੁ ਕਹੀਐ ਸੇਖਾ ਆਈ ਵਾਰੀ।
ਦੇਵਲ ਦੇਵਤਿਆਂ ਕਰੁ ਲਾਗਾ ਐਸੀ ਕੀਰਤਿ ਚਾਲੀ।੫।

ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ।
ਘਰਿ ਘਰਿ ਮੀਆ ਸਭਨਾ ਜੀਆਂ ਬੋਲੀ ਅਵਰ ਤੁਮ੍ਹਾਰੀ।੬।
ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ।
ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਹਾਰੀ।੭।
ਤੀਰਥ ਸਿਮ੍ਰਿਤ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ।
ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮ੍ਹਾਲੀ।੮।੧।੮।

(ਆ: ਗ੍ਰੰ: ਪੰ: ੧੧੯੦-੯੧) (ਬਸੰਤੁ ਹਿੰਡੋਲ ਮ: ੧)

ਹਿੰਦੂ ਅਤੇ ਮੁਸਲਮਾਨ ਜੋ ਸੈਦਪੁਰ ਨੂੰ ਮੁੜ ਆਏ ਸਨ, ਆਪਣੇ ਆਪਣੇ ਮਰੇ ਸਬੰਧੀਆਂ ਨੂੰ ਜਲਾਉਣ ਅਤੇ ਦਬਾਉਣ ਲੱਗੇ। ਘਰ ਘਰ ਰੋਣ ਸ਼ੁਰੂ ਹੋ ਗਿਆ ਅਤੇ ਹਰ ਘਰ ਵਿਚ ਸੋਗ ਪੈ ਗਿਆ। ਲੋਕ ਕਹਿਣ ਲੱਗੇ ਕਿ ਉਹ ਜੋ ਸੁਵਰਗਵਾਸ ਹੋਇਆ, ਇਨ੍ਹਾਂ ਗੁਣਾਂ ਵਾਲਾ ਸੀ ਅਤੇ ਫਲਾਣਾ ਇਸ ਤਰ੍ਹਾਂ ਦਾ ਸੀ। ਇਸ ਤਰ੍ਹਾਂ ਦੀ ਹਾਲਤ ਵੇਖ ਕੇ ਗਰੂ ਜੀ ਨੇ ਵਿਸਮਾਦੀ ਹਾਲਤ ਵਿਚ ਆ ਕੇ ਇਹ ਸ਼ਬਦ ਉਚਾਰਨ ਕੀਤਾ :

ਜੈਸੇ ਗੋਇਲੁ ਗੋਇਲੀ ਤੈਸੇ ਸੰਸਾਰਾ।
ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ।੧।
ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ।੧ ।ਰਹਾਉ।
ਨੀਤ ਨੀਤ ਘਰ ਬਾਂਧਅਹਿ ਜੇ ਰਹਣਾ ਹੋਈ।
ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ।੨।
ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ।
ਤੁਮ ਰੋਵਹੁਗੀ ਓਸਨੋ ਤੁਮ ਕਉ ਕਉਣ ਰੋਈ।੩।
ਧੰਧਾ ਪਿਟਹੁ ਭਾਈਹੋ ਤੁਮੁ ਕੂੜੁ ਕਮਾਵਹੁ।
ਉਹ ਨ ਸੁਣਈ ਕਤ ਹੀ ਤੁਮ ਲੋਕ ਸੁਣਾਵਹੁ।੪।
ਜਿਸਤੇ ਸੁਤਾ ਨਾਨਕਾ ਜਾਗਾਏ ਸੋਈ।
ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ।੫।
ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ।
ਤਾ ਧਨੁ ਸੰਚਹੁ ਦੇਖਿਕੈ ਬੂਝਹੁ ਵੀਚਾਰੇ।੬।
ਵਣਜੁ ਕਰਹੁ ਮਖਸੂਦ ਲੈਹੁ ਮਤ ਪਛੋਤਾਵਹੁ।
ਅਉਗੁਣ ਛੋਡਹੁ ਗੁਣਕਰਹੁ ਐਸੇ ਤਤੁ ਪਰਾਵਹੁ।੭।
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ।
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ।੮।
ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ।
ਨਾਮੁ ਵਖਾਣੈ ਸੁਣੈ ਨਾਮੁ ਨਾਮੇ ਬਿਉਹਾਰਾ।੯।
ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ। (ਆ: ਗ੍ਰੰ: ਪੰ: ੪੧੮)
ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ।੧੦।੧੩। (ਆਸਾ ਕਾਫੀ ਮ: ੧)

ਇਕ ਦਿਨ ਮਰਦਾਨੇ ਦੇ ਦਿਲ 'ਚ ਸੈਦਪੁਰ 'ਚ ਹੋਏ ਕਤਲਾਮ ਦੇ ਬਾਰੇ 'ਚ ਗੁਰੂ ਜੀ ਤੋਂ ਪੁੱਛਣ ਦਾ ਵਿਚਾਰ ਉਠਿਆ। ਉਸਨੇ ਗੁਰੂ ਜੀ ਨੂੰ ਕਿਹਾ ਕਿ ਮਹਾਰਾਜ! ਕਸੂਰ ਤਾਂ ਸਿਰਫ ਕੁਝ ਕੁ ਪਠਾਣਾਂ ਦਾ ਹੀ ਸੀ ਪਰ ਉਹਨਾਂ ਦੇ ਕਾਰਨ ਬਾਕੀ ਹੋਰ ਐਨੇ ਸਾਰੇ ਲੋਕ ਕਿਉਂ ਮਾਰੇ ਗਏ ? ਗੁਰੂ ਜੀ ਨੇ ਕਿਹਾ, "ਮਰਦਾਨਿਆਂ ਉਹ ਦਰਖਤ ਥੱਲੇ ਜਾ ਕੇ ਸੌਂ ਜਾ, ਜਦੋਂ ਤੂੰ ਸੁੱਤਾ ਪਿਆ ਉਠੇਂਗਾ ਤਾਂ ਤੈਨੂੰ ਤੇਰੇ ਸਵਾਲ ਦਾ ਜਵਾਬ ਦੇ ਦੇਵਾਂਗੇ।" ਮਰਦਾਨਾ ਹੁਕਮ ਸੁਣ ਕੇ ਦਰਖਤ ਦੇ ਥੱਲੇ ਜਾ ਕੇ ਸੌਂ ਗਿਆ। ਦਰਖਤ ਤੋਂ ਸ਼ਹਿਦ (ਮਾਖੀਓ) ਦਾ ਇਕ ਤੁਪਕਾ ਮਰਦਾਨੇ ਦੀ ਨੰਗੀ ਛਾਤੀ ਤੇ ਆ ਕੇ ਗਿਰ ਗਿਆ। ਜਦੋਂ ਉਹ ਸੁੱਤਾ ਹੋਇਆ ਸੀ ਤਾਂ ਕੀੜੀਆਂ ਸ਼ਹਿਦ ਖਾਣ ਲਈ ਮਰਦਾਨੇ ਦੀ ਛਾਤੀ ਤੇ ਆ ਚੜ੍ਹੀਆਂ। ਇਕ ਕੀੜੀ ਨੇ ਮਰਦਾਨੇ ਦੀ ਛਾਤੀ ਤੇ ਦੰਦੀ ਵੱਢੀ। ਮਰਦਾਨੇ ਨੇ ਅੱਧ-ਸੁਤੇ ਪਏ ਨੇ ਹੀ ਹੱਥ ਨਾਲ ਸਾਰੀਆਂ ਕੀੜੀਆਂ ਮਸਲ ਸੁੱਟੀਆਂ। ਜਦੋਂ ਉਹ ਸੁੱਤਾ ਉੱਠ ਕੇ ਗੁਰੂ ਜੀ ਕੋਲ ਆਇਆ ਤਾਂ ਗੁਰੂ ਜੀ ਨੇ ਪੁੱਛਿਆ, "ਮਰਦਾਨਿਆਂ ਕੀ ਕਰਕੇ ਆਇਆ ਏਂ?" ਮਰਦਾਨੇ ਨੇ ਜਵਾਬ ਦਿੱਤਾ, 'ਜੀ ਮੈਨੂੰ ਇੱਕ ਕੀੜੀ ਨੇ ਦੰਦੀ ਵੱਢੀ ਸੀ ਮੈਂ ਸਾਰੀਆਂ ਹੀ ਮਾਰ ਦਿੱਤੀਆਂ।' ਗੁਰੂ ਜੀ ਨੇ ਕਿਹਾ "ਇਸੇ ਤਰ੍ਹਾਂ ਸੈਦਪੁਰ ਦੇ ਵਸਨੀਕ ਮਾਰੇ ਗਏ ਹਨ।" ਇਹ ਸੁਣ ਕੇ ਮਰਦਾਨਾ ਗੁਰੂ ਜੀ ਦੇ ਚਰਨੀ ਪੈ ਗਿਆ ਅਤੇ ਸੈਦਪੁਰ ਦੇ ਬਾਕੀ ਬਚੇ ਵਸਨੀਕ ਗੁਰੂ ਜੀ ਦੇ ਸਿੱਖ ਬਣ ਗਏ।

ਇਸ ਪਿਛੋਂ ਗੁਰੂ ਜੀ ਬਾਬਰ ਬਾਦਸ਼ਾਹ ਨੂੰ ਮਿਲਣ ਬਾਦਸ਼ਾਹ ਦੇ ਦਰਬਾਰ 'ਚ ਗਏ। ਫੇਰ ਕੈਦਖਾਨੇ 'ਚ ਗਏ ਅਤੇ ਕੈਦੀਆਂ ਨਾਲ ਹੋ ਰਹੇ ਬੁਰੇ ਵਰਤਾਉ ਨੂੰ ਵੇਖ ਕੇ ਗੁਰੂ ਜੀ ਨੂੰ ਬਹੁਤ ਦੁੱਖ ਹੋਇਆ ਤੇ ਇਸੇ ਹਾਲਤ ਵਿੱਚ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ :

'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।
ਏਤੀ ਮਾਰ ਪਈ ਕਰਲਾਣੈ ਤੈਂ ਕੀ ਦਰਦੁ ਨ ਆਇਆ।੧।
ਕਰਤਾ ਤੂ ਸਭਨਾ ਕਾ ਸੋਈ।
ਜੇ ਸਕਤਾ ਸਕਤੇ ਕਉ ਮਾਰੇ ਤਾਂ ਮਨਿ ਰੋਸੁ ਨ ਹੋਈ।੧ ਰਹਾਉ।
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।
ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ।
ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ।੨।
ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ।
ਖਸਮੈ ਨਦਰਿ ਕੀੜਾ ਆਵੈ ਜੇਤੇ ਚੁਰੀ ਦਾਣੇ।
ਮਰਿ ਮਰਿ ਜੀਵੈ ਤਾਂ ਕਿਛੁ ਪਾਏ ਨਾਨਕ ਨਾਮੁ ਵਿਖਾਣੇ।੩।੫।੩੯।

(ਆ: ਗ੍ਰੰ: ਪੰ: ੩੬੦) (ਆਸਾ ਮ: ੧)

ਜਦੋਂ ਬਾਬਰ ਨੇ ਇਹ ਸ਼ਬਦ ਸੁਣਿਆ ਤਾਂ ਉਸ ਨੇ ਹੁਕਮ ਘੱਲਿਆ ਕਿ ਗੁਰੂ ਜੀ ਨੂੰ ਮੇਰੇ ਕੋਲ ਲੈ ਕੇ ਆਵੋ। ਜਦੋਂ ਗੁਰੂ ਜੀ ਨੂੰ ਬਾਬਰ ਬਾਦਸ਼ਾਹ ਦੇ ਸਾਹਮਣੇ ਲਿਆਂਦਾ ਗਿਆ ਤਾਂ ਬਾਬਰ ਨੇ ਗੁਰੂ ਜੀ ਨੂੰ ਕਿਹਾ ਕਿ ਉਹ ਸ਼ਬਦ ਫੇਰ ਗਾਵੋ। ਗੁਰੂ ਜੀ ਨੇ ਸ਼ਬਦ ਫੇਰ

ਪੜ੍ਹਿਆ। ਇਹ ਲਿਖਿਆ ਹੈ ਕਿ ਉਹ ਸ਼ਬਦ ਸੁਣ ਕੇ ਬਾਬਰ ਦੇ ਕੰਨ ਖੁੱਲ੍ਹ ਗਏ ਅਤੇ ਉਹ ਰੂਹਾਨੀ ਸੱਚਾਈ ਨੂੰ ਅਪਨਾਉਣ ਲਈ ਤਿਆਰ ਹੋ ਉਠਿਆ। ਉਹ ਗੁਰੂ ਜੀ ਦੀ ਵਡਿਆਈ ਕਰਨ ਲੱਗਾ ਅਤੇ ਭੰਗ ਦੀ ਪੋਟਲੀ ਖੋਲ੍ਹ ਕੇ ਗੁਰੂ ਜੀ ਨੂੰ ਥੋੜੀ ਭੰਗ ਦੇਣ ਲੱਗਾ। ਗੁਰੂ ਜੀ ਨੇ ਜਵਾਬ 'ਚ ਕਿਹਾ, 'ਮੈਂ ਇਸ ਤਰ੍ਹਾਂ ਦੀ ਭੰਗ ਪੀ ਚੁਕਾ ਹਾਂ ਜਿਸਦਾ ਨਸ਼ਾ ਕਦੇ ਉਤਰਦਾ ਨਹੀਂ।' ਬਾਬਰ ਨੇ ਪੁੱਛਿਆ ਕਿ ਉਹ ਭੰਗ ਕਿਸ ਤਰ੍ਹਾਂ ਦੀ ਹੈ। ਗੁਰੂ ਜੀ ਨੇ ਜਵਾਬ 'ਚ ਇਹ ਹੇਠਲਾ ਸ਼ਬਦ ਪੜ੍ਹਿਆ :

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ।
ਮੈ ਦਾਵਾਨਾ ਭਇਆ ਅਤੀਤੁ।
ਕਰ ਕਾਸਾ ਦਰਸਨ ਕੀ ਭੂਖ।
ਮੈ ਦਰਿ ਮਾਗਉ ਨੀਤਾ ਨੀਤ।੧।
ਤਉ ਦਰਸਨ ਕੀ ਕਰਉ ਸਮਾਇ।
ਮੈ ਦਰਿ ਮਾਗਤੁ ਭੀਖਿਆ ਪਾਇ।੧ ।ਰਹਾਉ।
ਕੇਸਰਿ ਕੁਸਮ ਮਿਰਗ ਮੈ ਹਰਣਾ ਸਰਬ ਸਰੀਰੀ ਚੜਣਾ।
ਚੰਦਨ ਭਗਤਾ ਜੋਤਿ ਇਨੇ ਹੀ ਸਰਬੇ ਪਰਮਲੁ ਕਰਣਾ।੨।
ਘਿਅ ਪਟ ਭਾਂਡਾ ਕਹੈ ਨ ਕੋਇ।
ਐਸਾ ਭਗਤੁ ਵਰਨ ਮਹਿ ਹੋਇ।
ਤੇਰੇ ਨਾਮਿ ਨਿਵੇ ਰਹੇ ਲਿਵ ਲਾਇ। *(ਆਃ ਗ੍ਰੰਃ ਪੰਃ ੭੨੧)*
ਨਾਨਕ ਤਿਨ ਦਰਿ ਭੀਖਿਆ ਪਾਇ।੩। *(ਤਿਲੰਗ ਮਹਲਾ ੧)*

ਬਾਬਰ ਬਾਦਸ਼ਾਹ ਗੁਰੂ ਜੀ ਤੇ ਐਨਾ ਖੁਸ਼ ਹੋਇਆ ਕਿ ਉਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਇਥੇ ਮੇਰੇ ਕੋਲ ਹੀ ਰਹੋ। ਪਹਿਲਾਂ ਤਾਂ ਗੁਰੂ ਜੀ ਨੇ ਇਕੋ ਦਿਨ ਰਹਿਣ ਦਾ ਇਕਰਾਰ ਕੀਤਾ ਪਰ ਜਦੋਂ ਉਸਨੇ ਕਿਹਾ ਕਿ ਘੱਟੋ ਘੱਟ ਤਿੰਨ ਦਿਨ ਜ਼ਰੂਰ ਰਹੋ ਤਾਂ ਅਖੀਰ ਗੁਰੂ ਜੀ ਮੰਨ ਗਏ। ਜਦੋਂ ਗੁਰੂ ਜੀ ਕੈਦੀਆਂ ਵੱਲ ਤਕਦੇ ਤਾਂ ਉਹ ਬਹੁਤ ਦੁਖੀ ਹੁੰਦੇ ਸਨ। ਉਪਰਲਾ ਸ਼ਬਦ ਗੁਰੂ ਜੀ ਨੇ ਤਿੰਨ ਵਾਰ ਗਾਇਆ ਅਤੇ ਬਿਸਮਾਦ ਹਾਲਤ 'ਚ ਆ ਕੇ ਬੇਹੋਸ਼ ਹੋ ਗਏ। ਬਾਬਰ ਗੁਰੂ ਜੀ ਕੋਲ ਆਇਆ ਅਤੇ ਕੋਲ ਖੜੇ ਲੋਕਾਂ ਨੂੰ ਪੁੱਛਿਆ ਕਿ ਕੀ ਹੋਇਆ ਹੈ ? ਉਨ੍ਹਾਂ ਨੇ ਜਵਾਬ ਦਿੱਤਾ ਕਿ ਗੁਰੂ ਜੀ ਰੱਬ ਦਾ ਅਤਿਆਚਾਰ ਹੁੰਦਾ ਵੇਖ ਕੇ ਦੁਖੀ ਹੋਏ ਹਨ ਅਤੇ ਇਸ ਲਈ ਬੇਹੋਸ਼ ਹੋ ਗਏ ਹਨ। ਬਾਬਰ ਬਾਦਸ਼ਾਹ ਨੂੰ ਗੁਰੂ ਜੀ ਦੀ ਜਾਨ ਦਾ ਫਿਕਰ ਪੈ ਗਿਆ ਅਤੇ ਕੋਲ ਖੜੇ ਲੋਕਾਂ ਨੂੰ ਕਿਹਾ ਕਿ ਇਨ੍ਹਾਂ ਦੇ ਠੀਕ ਹੋ ਜਾਣ ਲਈ ਰੱਬ ਅੱਗੇ ਅਰਦਾਸ ਕਰੋ। ਗੁਰੂ ਜੀ ਉਸੇ ਵਕਤ ਉਠ ਖੜੇ ਹੋਏ ਅਤੇ ਉਥੇ ਰੋਸ਼ਨੀ ਦਾ ਐਨਾ ਪ੍ਰਕਾਸ਼ ਹੋਇਆ ਜਿਵੇਂ ਹਜ਼ਾਰਾਂ ਸੂਰਜ ਚੜ੍ਹ ਪੈਣ। ਬਾਬਰ ਨੇ ਗਰੂ ਜੀ ਨੂੰ ਸਲਾਮ ਕੀਤਾ ਅਤੇ ਅਰਜ ਕੀਤੀ ਕਿ ਮੇਰੇ ਤੇ ਮੇਹਰ ਕਰੋ। ਗੁਰੂ ਜੀ ਨੇ ਜਵਾਬ ਦਿੱਤਾ, "ਹੇ ਬਾਦਸ਼ਾਹ ਜੇ ਤੂੰ ਮੇਹਰ ਚਾਹੁੰਦਾ ਹੈਂ ਤਾਂ ਆਪਣੇ ਸਾਰੇ ਕੈਦੀ ਛੱਡ ਦੇ।" ਬਾਬਰ ਬਾਦਸ਼ਾਹ ਨੇ ਕਿਹਾ ਕਿ ਮੈਂ ਇਕ ਸ਼ਰਤ ਤੇ ਇਹ ਗੱਲ ਮੰਨ ਸਕਦਾ ਹਾਂ, ਉਹ ਇਹ ਕਿ ਤੁਸੀਂ ਮੈਨੂੰ ਬਚਨ ਦੇਵੋ ਕਿ ਮੇਰਾ ਰਾਜ ਪੀੜ੍ਹੀਆਂ ਤੋਂ ਪੀੜ੍ਹੀਆਂ ਤੱਕ ਰਹੇਗਾ। ਗੁਰੂ ਜੀ ਨੇ

ਬਚਨ ਦਿੱਤਾ ਕਿ ਤੇਰਾ ਰਾਜ ਕੁਝ ਅਰਸੇ ਤੱਕ ਰਹੇਗਾ।" ਬਾਬਰ ਨੇ ਫੇਰ ਹੁਕਮ ਦਿੱਤਾ ਕਿ "ਸਾਰੇ ਬੰਦੀਆਂ ਨੂੰ ਸਰੋਪਾ ਦਿਉ ਅਤੇ ਰਿਹਾ ਕਰ ਦੇਵੋ।" ਗੁਰੂ ਜੀ ਨੇ ਕਿਹਾ ਕਿ "ਫੈਸਲੇ ਇਨਸਾਫ ਨਾਲ ਕਰਿਆ ਕਰੋ, ਮਹਾਂਪੁਰਸ਼ਾਂ ਦਾ ਆਦਰ ਸਤਿਕਾਰ ਕਰੋ। ਸ਼ਰਾਬ ਅਤੇ ਜੂਆ ਬਿਲਕੁਲ ਨਾ ਖੇਡਣ ਦੀ ਕਸਮ ਖਾਵੋ। ਜੋ ਬਾਦਸ਼ਾਹ ਇਨ੍ਹਾਂ ਬੁਰਾਈਆਂ 'ਚ ਪੈ ਜਾਂਦਾ ਹੈ ਉਹ ਜੇ ਜਿਉਂਦਾ ਰਹੇ ਤਾਂ ਆਪਣੇ ਮੰਦੇ ਕਰਮਾਂ ਤੇ ਜਰੂਰ ਪਛਤਾਉਂਦਾ ਹੈ। ਹਾਰੇ ਹੋਏ ਤੇ ਤਰਸ ਕਰੋ ਅਤੇ ਸੱਚੇ ਦਿਲ ਨਾਲ ਪਰਮਾਤਮਾ ਨੂੰ ਧਿਆਓ।"

ਅਖੀਰ 'ਚ ਜਦੋਂ ਗੁਰੂ ਜੀ ਵਿਛੜਨ ਲੱਗੇ ਤਾਂ ਬਾਬਰ ਬਾਦਸ਼ਾਹ ਨੇ ਇਹ ਜੋਰ ਪਾ ਕੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਮੁਸਲਮਾਨੀ ਮਜ਼ਬ ਅਪਨਾ ਲਵੋ ਜਿਸ ਤਰ੍ਹਾਂ ਕਿ ਆਪ ਹੀ ਉਪਦੇਸ਼ ਦਿੰਦੇ ਹੋ ਕਿ ਇਹ ਮਜ਼ਬ ਸਿਰਫ ਇਕ ਹੀ ਪਰਮਾਤਮਾ ਨੂੰ ਮੰਨਦਾ ਹੈ ਇਸ ਲਈ ਤੁਹਾਨੂੰ ਮੁਕਤੀ ਅਤੇ ਪਰਮਾਰਥ ਦੇ ਲਈ ਬਹੁਤੇ ਦੂਰ ਦਾ ਸਫਰ ਨਹੀਂ ਕਰਨਾ ਪਵੇਗਾ। ਇਸ ਤੋਂ ਇਲਾਵਾ ਤੁਹਾਨੂੰ ਇਹ ਵੀ ਫਾਇਦਾ ਹੋਵੇਗਾ ਕਿ ਰੱਬ ਦੇ ਭੇਜੇ ਹੋਏ ਪਵਿੱਤਰ ਅਤੇ ਅਖੀਰਲੇ ਪੈਗੰਬਰ ਮੁਹੰਮਦ ਸਾਹਿਬ ਤੁਹਾਡੀ ਰੱਬ ਕੋਲ ਸਿਫਾਰਸ਼ ਕਰ ਦੇਣਗੇ। ਗੁਰੂ ਜੀ ਨੇ ਇਸ ਦਾ ਜਵਾਬ ਇਸ ਤਰ੍ਹਾਂ ਦਿੱਤਾ :

"ਲੱਖਾਂ ਹੀ ਮੁਹੰਮਦ ਆਏ ਹਨ, ਪਰ ਪ੍ਰਭੂ ਸਿਰਫ ਇਕ ਹੀ ਹੈ। ਅਣਵੇਖਿਆ ਪ੍ਰਮਾਤਮਾ ਸੱਚਾ ਹੈ ਅਤੇ ਉਸ ਨੂੰ ਕਿਸੇ ਦੀ ਚਿੰਤਾ ਨਹੀਂ। ਕਿੰਨੇ ਹੀ ਮੁਹੰਮਦ ਉਸ ਦੇ ਦਰ ਤੇ ਖੜੇ ਹਨ, ਐਨੇ ਕਿ ਗਿਣੇ ਵੀ ਨਹੀਂ ਜਾਂਦੇ।"

ਰਸੂਲ ਰਸਾਲ ਅਨਿਕ ਜਗ ਆਏ। ਜਬ ਚਾਹੇ ਤਬ ਪਕੜ ਮੰਗਾਏ।
ਇਉਂ ਸਹੀ ਕੀਆ ਹੈ ਨਾਨਕ ਬੰਦੇ। ਪਾਕ ਖੁਦਾ ਔਰ ਸਭ ਗੰਦੇ।

ਬਾਬਰ ਨੇ ਜਦੋਂ ਗੁਰੂ ਜੀ ਤੋਂ ਇਸ ਤਰ੍ਹਾਂ ਦਾ ਖਰਾ ਉੱਤਰ ਸੁਣਿਆ ਤਾਂ ਉਹ ਗੁੱਸੇ ਹੋਣ ਦੀ ਬਜਾਏ ਗੁਰੂ ਜੀ ਕੋਲ ਬੇਨਤੀ ਕੀਤੀ ਕਿ ਮੇਰੇ ਕੋਲੋਂ ਕੁਝ ਮੰਗੋ। ਗੁਰੂ ਜੀ ਨੇ ਰਬਾਬ ਨਾਲ ਇਹ ਸ਼ਬਦ ਪੜ੍ਹਿਆ :

'ਐਸਾ ਦੀਆ ਏਕ ਖੁਦਾਇ। ਜਿਸਕਾ ਦੀਆ ਸਭ ਕੋਈ ਖਾਇ।
ਬੰਦੇ ਕੀ ਜੋ ਲੇਵੈ ਓਟ। ਦੀਨ ਦੁਨੀ ਮੈਂ ਤਾਕਉ ਤੋਟ।
ਇਕ ਦਾਤਾ ਸਭ ਜਗਤ ਭਿਖਾਰੀ।
ਤਿਸ ਕੋ ਛਾਡ ਅਵਰ ਕਉ ਲਾਗੇ। ਤਿਨ ਸਗਲੀ ਪਤਿ ਹਾਰੀ।
ਸਾਹ ਬਾਦਸ਼ਾਹ ਸਭ ਤਿਸਕੇ ਕੀਏ। ਤਿਸਕੇ ਸਾਤ ਨ ਕੋਈ ਰਲੀਏ।
ਕਹਿ ਨਾਨਕ ਸੁਣ ਬਾਬਰ ਮੀਰ। ਤੁਝਤੇ ਮਾਂਗੇ ਸੋ ਅਹਿਮਕ ਫਕੀਰ। (ਮਹਲਾ ੧)

ਕਾਂਡ—8

ਸਿਆਲਕੋਟ 'ਚ ਭਾਈ ਮੂਲੇ ਦੀ ਸਾਖੀ

ਫੇਰ ਗੁਰੂ ਜੀ ਪਸਰੂਰ ਨੂੰ ਚਲੇ ਗਏ ਅਤੇ ਉਥੋਂ ਸਿਆਲਕੋਟ ਗਏ। ਸਿਆਲਕੋਟ ਸਿਆਲ ਦੀ ਕੌਮ ਦਾ ਕੋਟ ਜਾਂ ਗੜ੍ਹ ਸੀ। ਪੰਜਾਬ ਦੇ ਉੱਤਰ 'ਚ ਹੈ ਅਤੇ ਹੁਣ ਉਥੇ ਛਾਉਣੀ ਹੈ। ਗੁਰੂ ਜੀ ਨੇ ਇਕ ਬੇਰੀ ਦੇ ਦਰਖਤ ਥੱਲੇ ਜਾ ਕੇ ਆਰਾਮ ਕੀਤਾ ਅਤੇ ਉਹ ਬੇਰੀ ਹੁਣ ਵੀ ਸ਼ਹਿਰ ਦੇ ਬਾਹਰ ਹੈ। ਕੁਝ ਖਾਣ ਪੀਣ ਪਿੱਛੋਂ ਗੁਰੂ ਜੀ ਨੇ ਮਰਦਾਨੇ ਨੂੰ ਬਾਜਾਰ 'ਚ ਘੱਲਿਆ ਕਿ ਇੱਕ ਪੈਸੇ ਦਾ ਸੱਚ ਅਤੇ ਇੱਕ ਪੈਸੇ ਦਾ ਝੂਠ ਖਰੀਦ ਲਿਆਵੇ। ਮਰਦਾਨਾ ਬਾਜ਼ਾਰ 'ਚ ਪਹੁੰਚ ਕੇ ਦੁਕਾਨ ਦੁਕਾਨ ਤੇ ਪੈਸੇ ਦਾ ਝੂਠ ਅਤੇ ਪੈਸੇ ਦਾ ਸੱਚ ਮੰਗਣ ਲੱਗਾ ਪਰ ਉਸ ਦੀ ਇਸ ਗੱਲ ਦਾ ਕੋਈ ਵੀ ਮਤਲਬ ਨਾ ਸਮਝੇ ਫੇਰ ਉਹ ਇੱਕ ਛੋਟੇ ਹਟਵਾਣੀਏ ਕੋਲ ਆਇਆ। ਮੂਲੇ ਕਰਾੜ ਜਾਂ ਮੂਲੇ ਨੇ ਦੱਸਿਆ ਕਿ ਮਰਨਾ ਸੱਚ ਹੈ ਅਤੇ ਜਿਊਣਾ ਝੂਠ। ਮਰਦਾਨਾ ਇਹ ਸੁਣਕੇ ਗੁਰੂ ਜੀ ਕੋਲ ਆ ਗਿਆ ਅਤੇ ਗੁਰੂ ਜੀ ਨੂੰ ਦੱਸਿਆ। ਗੁਰੂ ਜੀ ਅਤੇ ਮੂਲੇ ਦੀ ਫੇਰ ਆਪਸ 'ਚ ਚੰਗੀ ਦੋਸਤੀ ਪੈ ਗਈ ਅਤੇ ਫੇਰ ਮੂਲਾ ਗੁਰੂ ਜੀ ਨੂੰ ਕਾਬਲ ਲੈ ਗਿਆ। ਇੱਕ ਵਾਰ ਫੇਰ ਜਦੋਂ ਗੁਰੂ ਜੀ ਅਤੇ ਮਰਦਾਨਾ ਸਿਆਲਕੋਟ ਆਏ ਤਾਂ ਮਰਦਾਨਾ ਮੂਲੇ ਦੇ ਘਰ ਗਿਆ। ਮੂਲੇ ਦੇ ਘਰ ਵਾਲੀ ਨੇ ਇਹ ਸਮਝ ਕੇ ਕਿ ਮੇਰਾ ਪਤੀ ਫੇਰ ਮੈਨੂੰ ਛੱਡ ਕੇ ਚਲਾ ਜਾਵੇਗਾ, ਮੂਲੇ ਨੂੰ ਅੰਦਰ ਹੀ ਛੁਪਾ ਲਿਆ ਅਤੇ ਮਰਦਾਨੇ ਨੂੰ ਕਹਿ ਦਿੱਤਾ ਕਿ ਮੂਲਾ ਘਰ ਨਹੀਂ ਹੈ। ਜਦੋਂ ਮੂਲਾ ਅੰਦਰ ਲੁਕਿਆ ਹੋਇਆ ਸੀ ਤਾਂ ਉਸ ਦੇ ਸੱਪ ਲੜ ਗਿਆ ਅਤੇ ਮੂਲੇ ਦੀ ਮੌਤ ਹੋ ਗਈ। ਗੁਰੂ ਜੀ ਨੇ ਉਸ ਵੇਲੇ ਇਹ ਸ਼ਬਦ ਉਚਾਰਿਆ :

'ਨਾਲਿ ਕਿਰਾੜਾਂ ਦੋਸਤੀ ਕੂੜੇ ਕੂੜੀ ਪਾਇ।
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ।੨। *(ਆਃ ਗ੍ਰੰਃ ਪੰਃ ੧੪੧੨)*
(ਸਲੋਕ ਵਾਰਾਂ ਅਤੇ ਵਧੀਕ ਮਹਲਾ ੧)

ਮੀਆਂ ਮਿੱਠੇ ਦੀ ਸਾਖੀ

ਜਦੋਂ ਸਿਆਲਕੋਟ 'ਚੋਂ ਗੁਰੂ ਜੀ ਦਾ ਕੰਮ ਪੂਰਾ ਹੋ ਗਿਆ ਤਾਂ ਗੁਰੂ ਜੀ ਪੰਜਾਬ ਦੇ ਦੱਖਣ ਵੱਲ ਜਾਂਦੇ ਜਾਂਦੇ ਮਿਠਨਕੋਟ ਪਹੁੰਚੇ। ਮਿਠਨਕੋਟ ਹੁਣ ਡੇਰਾ ਗਾਜ਼ੀਖਾਨ ਦੇ ਜ਼ਿਲੇ ਵਿੱਚ ਹੈ। ਇਥੇ ਪੀਰ ਮੀਆਂ ਮਿੱਠਾ ਇੱਕ ਪ੍ਰਸਿੱਧ ਮੁਸਲਮਾਨ ਰਹਿੰਦਾ ਸੀ। ਗੁਰੂ ਜੀ ਨੇ ਸ਼ਹਿਰ ਦੇ ਲਾਗੇ ਇਕ ਬਾਗ ਵਿੱਚ ਡੇਰਾ ਲਾ ਲਿਆ। ਮੀਆਂ ਮਿੱਠੇ ਨੇ ਗੁਰੂ ਜੀ

ਦੇ ਆਉਣ ਦੀ ਖਬਰ ਸੁਣੀ ਅਤੇ ਉਸ ਨੇ ਕਿਹਾ, 'ਗੁਰੂ ਨਾਨਕ ਦੇਵ ਜੀ ਚੰਗੇ ਸੰਤ ਹਨ ਪਰ ਜੇ ਮੈਨੂੰ ਮਿਲ ਜਾਣ ਤਾਂ ਮੈਂ ਉਹਨਾਂ ਨੂੰ ਨਿੰਬੂ ਵਾਂਗ ਨਿਚੋੜ ਦੇਵਾਂ।' ਮਰਦਾਨੇ ਨੇ ਮੀਆਂ ਮਿੱਠੇ ਦੀ ਗੱਲ ਸੁਣੀ ਅਤੇ ਗੁਰੂ ਜੀ ਨੂੰ ਜਾ ਦੱਸੀ ਅਤੇ ਇਹ ਵੀ ਕਿਹਾ ਕਿ ਮੀਆਂ ਮਿੱਠਾ ਤੁਹਾਡਾ ਜੰਤੂ ਹੈ, ਵਜਾਇਆਂ ਵਜਦਾ ਹੈ।

ਮੀਆਂ ਮਿੱਠਾ ਆਪਣੀਆਂ ਹੀ ਮਾਰੀ ਜਾਵੇ ਅਤੇ ਕਿਹਾ, 'ਮੈਂ ਨਾਨਕ ਕੋਲ ਜਾਵਾਂਗਾ ਜੇ ਉਹ ਮੈਨੂੰ ਮਿਲ ਜਾਵੇ ਤਾਂ ਮੈਂ ਉਸ ਤੋਂ ਇਸ ਤਰ੍ਹਾਂ ਮਲਾਈ ਉਤਾਰ ਦੇਵਾਂਗਾ ਜਿਵੇਂ ਦੁੱਧ ਤੋਂ ਉਤਾਰ ਲਈ ਦੀ ਹੈ।'

ਮੀਆਂ ਮਿੱਠਾ ਗੁਰੂ ਜੀ ਨੂੰ ਜਾ ਮਿਲਿਆ, ਅਤੇ ਮੁਸਲਮਾਨੀ ਢੰਗ ਨਾਲ ਸਲਾਮ ਕਰਕੇ ਬੈਠ ਗਿਆ। ਫੇਰ ਲਲਕਾਰ ਕੇ ਗੁਰੂ ਜੀ ਨੂੰ ਇਹ ਸਲੋਕ ਪੜ੍ਹ ਕੇ ਸੁਣਾਇਆ :

ਅਵਲਿ ਨਾਉ ਖੁਦਾਇਕਾ ਦੂਜਾ ਨਬੀ ਰਸੂਲ।
ਨਾਨਕ ਕਲਮਾ ਜੇ ਪੜਹਿ ਤਾਂ ਦਰਗਹ ਪਵਹਿ ਕਬੂਲੁ।

ਗੁਰੂ ਜੀ ਨੇ ਉੱਤਰ ਦਿੱਤਾ :

'ਅਵਲਿ ਨਾਉ ਖੁਦਾਇਕਾ ਦਰਿ ਦਰਵਾਨ ਰਸੂਲੁ।
ਸੇਖਾ ਨੀਅਤਿ ਰਾਸਿ ਕਰਿ ਤਾਂ ਦਰਗਹ ਪਵਹਿ ਕਬੂਲਿ।੧।'

ਗੁਰੂ ਜੀ ਨੇ ਆਪਣਾ ਕਥਨ ਚਾਲੂ ਰਖਦਿਆਂ ਕਿਹਾ, 'ਮੀਆਂ ਮਿਠਿਆ, ਰੱਬ ਦੀ ਦਰਗਾਹ 'ਚ ਕਿਸੇ ਵੀ ਪੀਰ ਪੈਗੰਬਰ ਲਈ ਠਹਿਰ ਨਹੀਂ। ਉਥੇ ਜੋ ਵੀ ਕੋਈ ਰਹਿੰਦਾ ਹੈ ਉਹ ਇਕੋ ਪ੍ਰਮਾਤਮਾ ਹੈ।' ਫੇਰ ਮੀਆਂ ਮਿੱਠੇ ਨੇ ਗੁਰੂ ਜੀ ਤੇ ਦੋ ਸਵਾਲ ਕੀਤੇ :

'ਤੇਲ ਤੋਂ ਬਗੈਰ ਦੀਵਾ ਕਿਵੇਂ ਜਲ ਸਕਦਾ ਹੈ ? ਅਤੇ ਰੱਬ ਦੀ ਦਰਗਾਹ 'ਚ ਆਦਮੀ ਨੂੰ ਕਿਸ ਤਰ੍ਹਾਂ ਜਗ੍ਹਾ ਮਿਲ ਸਕਦੀ ਹੈ ?

ਗੁਰੂ ਜੀ ਨੇ ਇਸ ਦੇ ਜਵਾਬ 'ਚ ਕਿਹਾ :

'ਪੋਥੀ ਪੁਰਾਣ ਕਮਾਈਐ। ਭਉ ਵਟੀ ਇਤੁ ਤਨਿ ਪਾਇਐ।
ਸਚੁ ਬੁਝਣੁ ਆਇਣ ਜਲਾਈਐ।੨।
ਇਹੁ ਤੇਲੁ ਦੀਵਾ ਇਉ ਜਲੈ।
ਕਰਿ ਚਾਨਣੁ ਸਾਹਿਬ ਤਉ ਮਿਲੈ।੧।ਰਹਾਉ।
ਇਤ ਤਨਿ ਲਾਗੈ ਬਾਣੀਆ। ਸੁਖੁ ਹੋਵੈ ਸੇਵ ਕਮਾਣੀਆ।
ਸਭ ਦੁਨੀਆ ਆਵਣ ਜਾਣੀਆ।੩।
ਵਿਚ ਦੁਨੀਆ ਸੇਵ ਕਮਾਈਐ। ਤਾ ਦਰਗਹ ਬੈਸਣੁ ਪਾਈਐ।(ਆਃ ਗ੍ਰੰਃ ਪੰਃ ੨੬)
ਕਹੁ ਨਾਨਕ ਬਾਹ ਲੁਡਾਈਐ।੪। *(ਸਿਰੀ ਰਾਗ ਮਹਲਾ ੧ ਘਰੁ ੫)*

ਮੀਆਂ ਮਿੱਠੇ ਨੇ ਗੁਰੂ ਜੀ ਤੋਂ ਹੇਠ ਲਿਖੇ ਸ਼ਬਦ ਦੀ ਪਹਿਲੀ ਲਾਈਨ 'ਚ ਲਿਖਿਆ ਹੋਇਆ ਸਵਾਲ ਪੁਛਿਆ। ਉਸ ਨੇ ਇਹ ਵੀ ਪੁੱਛਿਆ ਕਿ ਮਰਨ ਤੋਂ ਪਿਛੋਂ ਬੁਰੇ ਆਦਮੀਆਂ ਦੀ ਆਤਮਾ ਦਾ ਕੀ ਹਾਲ ਹੁੰਦਾ ਹੈ?

[1]ਮੇਰੇ ਭਾਈ ਸਲਾਮ, ਅਲੇਕਮ ਖ਼ੁਦਾ ਦੇ ਲਈ ਮੈਨੂੰ ਸਹੀ ਦੱਸ ਕਿ ਪ੍ਰਮਾਤਮਾ ਦੀ ਦਰਗਾਹ 'ਚ ਆਦਮੀ ਨੂੰ ਰੱਬ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ।

ਇਨਸਾਨ ਜੋ ਬੀਜਦਾ ਹੈ ਉਹ ਹੀ ਕੱਟਦਾ ਹੈ, ਉਹ ਉਹ ਹੀ ਖਾਏਗਾ ਜੋ ਉਹ ਸੱਚੇ ਵਾਹਿਗੁਰੂ ਤੋਂ ਹਾਸਲ ਕਰੇਗਾ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸੱਚੇ ਨਾਉਂ ਤੋਂ ਬਗੈਰ ਆਦਮੀ ਬੰਧਨਾਂ 'ਚ ਫਸਿਆ ਰਹੇਗਾ ਅਤੇ ਉਸਨੂੰ ਦੁੱਖ ਝੱਲਣੇ ਪੈਣਗੇ।

ਦਿਆਨਤਦਾਰੀ ਨੂੰ ਘੋੜਾ ਬਣਾ ਸੱਚਾਈ ਨੂੰ ਕਾਠੀ ਅਤੇ ਪ੍ਰਹੇਜਗਾਰੀ ਨੂੰ ਸੰਜੋਅ ਬਣਾ ਲੈ। ਪੰਜ ਗੁਣ (ਸੰਤੋਖ, ਦਇਆ, ਧਰਮ, ਸਬਰ ਤੇ ਸੁਧਾਚਾਰ) ਨੂੰ ਤੀਰ ਬਣਾ ਅਤੇ ਸੱਚ ਤਲਵਾਰ ਤੇ ਢਾਲ ਬਣਾ। (ਗੁਰੂ) ਨਾਨਕ (ਜੀ ਦੱਸਦੇ ਹਨ) ਇਹੋ ਜਿਹੇ ਪਵਿੱਤਰ ਇਨਸਾਨ ਜਿਨ੍ਹਾਂ ਦੇ ਦਿਲ 'ਚ ਸੱਚ ਦਾ ਵਾਸਾ ਹੈ ਪ੍ਰਮਾਤਮਾ ਦੀ ਦਰਗਾਹ 'ਚ ਵਾਹਿਗੁਰੂ ਦੀ ਨਦਰਿ ਪ੍ਰਾਪਤ ਕਰਨਗੇ।

ਬ੍ਰਹਮਾ—ਜਿਸਨੇ ਦੁਨੀਆਂ ਤੇ ਆ ਕੇ ਵੇਦ ਰਚੇ ਹਨ। ਪ੍ਰਮਾਤਮਾ ਦਾ ਵਰਨਣ ਨਹੀਂ ਕਰ ਸਕਦਾ। ਕ੍ਰਿਸ਼ਨ ਵੀ ਵਿਚਾਰਾ ਕੀ ਹੈ, ਜੋ ਪ੍ਰਮਾਤਮਾ ਦੀ ਮਰਜ਼ੀ ਨਾਲ ਜ਼ਮੀਨ ਤੇ ਆਇਆ।

ਸ਼ਿਵ ਅਤੇ ਹੋਰ ਅਣਗਿਣਤ ਦੇਵਤੇ ਤੇਰੇ ਦਰਵਾਜ਼ੇ ਤੇ ਤੇਰੀ ਉਪਮਾਂ ਦੇ ਗੀਤ ਗਾ ਰਹੇ ਹਨ।

ਉਹ ਜੋ, ਰੱਬ ਤੋਂ ਵਿਛੜ ਜਾਂਦਾ ਹੈ ਦੁੱਖਾਂ 'ਚ ਭਟਕਦਾ ਰਹੇਗਾ। ਸੱਚਾ ਪ੍ਰਮਾਤਮਾ ਸਦਾ ਬਖਸ਼ਣਹਾਰ ਹੈ।'

ਮੀਆਂ ਮਿੱਠੇ ਨੇ ਇਹ ਸੁਣ ਕੇ ਕਿਹਾ, 'ਤੁਸੀਂ ਜਿਨ੍ਹਾਂ ਨੇ ਨਾਮ ਦੀ ਐਨੀ ਸਿਫਤ ਕੀਤੀ ਹੈ ਉਹ ਕੀ ਹੈ?' ਗੁਰੂ ਜੀ ਨੇ ਜਵਾਬ ਦਿੱਤਾ, 'ਮੀਆਂ ਮਿਠਿਆ ਉਸ ਨਾਮ ਦੀ ਕੀਮਤ ਕਿਸ ਨੇ ਪਾਈ ਹੈ।' ਮੀਆਂ ਮਿੱਠੇ ਨੇ ਅਰਜ਼ ਕੀਤੀ ਕਿ ਮੇਰੇ ਤੇ ਮੇਹਰ ਕਰੋ ਅਤੇ ਮੈਨੂੰ ਚੰਗੀ ਤਰ੍ਹਾਂ ਸਮਝਾ ਦਿਓ। ਮੀਆਂ ਮਿੱਠੇ ਦੀ ਬਾਂਹ ਫੜ ਕੇ ਗੁਰੂ ਜੀ ਇੱਕ ਪਾਸੇ ਲੈ ਗਏ ਅਤੇ ਕਿਹਾ, 'ਮੀਆਂ ਮਿੱਠੇ, ਕੀ ਤੂੰ ਇਕ ਰੱਬ ਦਾ ਨਾਮ ਸੁਣਦਾ ਹੈਂ?' ਜਦੋਂ ਉਹ

1. ਮੈਕਾਲਿਫ਼ ਸਾਹਿਬ ਨੇ ਇਸ ਥਾਂ ਤੇ ਬੈਠੇ ਦੀ ਬੀੜ 'ਚੋਂ ਇੱਕ ਵੱਡਾ ਸ਼ਬਦ ਦਿੱਤਾ ਹੈ। ਜਿਸਦੀਆਂ ਚਾਰ ਲਾਈਨਾਂ ਪਹਿਲੀਆਂ ਅਤੇ ਛੇ ਮਗਰਲੀਆਂ ਲਾਈਨਾਂ ਦੇ ਅਰਥ ਉਪਰ ਲਿਖ ਦਿੱਤੇ ਹਨ। ਪੂਰਾ ਸ਼ਬਦ ਨਹੀਂ ਲਿਖਿਆ।

ਵਲੈਤ ਵਾਲੀ ਜਨਮ ਸਾਖੀ ਜੋ ਹੁਣੇ ਹੀ ਵਜੀਰ ਹਿੰਦ ਪ੍ਰੈਸ 'ਚ ਛਪ ਚੁਕੀ ਹੈ ਉਸ 'ਚ ਇੱਥੇ ਮਾਰੂ ਮਹਲਾ ੫ ਦਾ 'ਅਲਹੁ ਅਗਮ ਖੁਦਾਈ ਬੰਦੇ। ਛੋਡਿ ਖਿਆਲ ਦੁਨੀਆ ਕੇ ਧੰਧੇ।' ਛਪਿਆ ਹੈ। ਪਰ ਬੱਲੇ ਇਹ ਨੋਟ ਲਿਖ ਦਿੱਤਾ ਹੈ ਕਿ ਇਹ ਸ਼ਬਦ ਪੰਜਵੇਂ ਪਾਤਸ਼ਾਹ ਲਿਖਾਰੀ ਦੀ ਗਲਤੀ ਨਾਲ ਲਿਖਿਆ ਲੱਗਦਾ ਹੈ। ਅਸਲ 'ਚ ਇਸ ਥਾਂ ਤੇ ਇਹ ਸ਼ਬਦ ਹੋਣਾ ਹੈ :

ਸਲੋਕ ਮਹਲਾ ੧ ਵਾਰ ਮਾਝ
ਮਿਹਰ ਮਸੀਤਿ ਸਿਦਕ ਮੁਸਲਾ ਹਕੁ ਹਲਾਲੁ ਕਰਾਣੁ।
ਸਰਮ ਸੁਨਤਿ ਸੀਲ ਰੋਜਾ ਹੋਹੁ ਮੁਸਲਮਾਣੁ।
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ।
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।੧।

ਗੱਲਾਂ ਕਰਦੇ ਸਨ ਤਾਂ ਅਨਹਦ ਧੁਨੀ ਵਿਚ ਰਸੂਲ ਦਾ ਨਾਉਂ ਅਲੋਪ ਹੋ ਗਿਆ ਅਤੇ ਜਦੋਂ ਉਹਨਾਂ ਨੇ ਮੁੜ ਕੇ ਵੇਖਿਆ ਤਾਂ ਉਸ ਥਾਂ ਤੇ ਸਿਰਫ ਇਕ ਸੁਆਹ ਦੀ ਢੇਰੀ ਸੀ। ਫੇਰ ਅਸਮਾਨ 'ਚੋਂ ਆਵਾਜ਼ਾਂ ਆਈਆਂ, 'ਅੱਲਾਹੁ, ਅੱਲਾਹ' ਤਾਂ ਸ਼ੇਖ ਮਿੱਠਾ ਉਠ ਖੜਾ ਹੋਇਆ ਅਤੇ ਉਸ ਨੇ ਗੁਰੂ ਜੀ ਦੇ ਪੈਰ ਫੜ ਲਏ। ਗੁਰੂ ਜੀ ਫੇਰ ਵਿਸਮਾਦ ਹਾਲਤ 'ਚ ਆ ਗਏ ਅਤੇ ਕਿਸ ਤਰ੍ਹਾਂ ਉਚਾਰਨ ਕੀਤਾ :

[1]ਨਸੀਹਤ ਨਾਮਾ

ਹਾਜਰ ਕੂ ਮੇਹਰ ਹੈ। ਬੇ-ਹਾਜਰਾਂ ਕੁਉ ਬੇਮੇਹਰ ਹੈ।
ਈਮਾਨ ਦੋਸਤ ਹੈ। ਬੇਈਮਾਨ ਕਾਫ਼ਰੁ ਹੈ।
ਤਿਕੱਬਰੁ ਕੈਹਰ ਹੈ। ਗੁੱਸਾ ਹਰਾਮ ਹੈ।
ਨ.ਫ਼ਸਯ ਸੈਤਾਨ ਹੈ। ਗੁਮਾਨ ਕੁਫ਼ਰ ਹੈ।
[2]ਪਸ-ਗੈਬਤਿ ਕਾ ਮੁਹੁ ਕਾਲਾ ਹੈ। ਬੇਈਮਾਨ ਨਾਪਾਕ ਹੈ।
ਸੋਮ ਦਿਲ ਪਾਕ ਹੈ। ਇਲਮੁ ਹਲੀਮੀ ਹੈ।
ਬੇ-ਹਿਰਸ ਅਉਲੀਆ ਹੈ। ਹਿਰਸੀ ਹਰਾਨ ਹੈ।
ਬੇ-ਦਿਆਨਤਿ ਨਾ ਸੁਰਖਰੂ ਹੈ। ਅਕਿਰਤਿਘਣ ਜਰਦਰੂ ਹੈ।
ਸੱਚ ਭਿਸਤੁ ਹੈ। ਦਰੋਸ ਦੋਸਕੁ ਹੈ।
ਹਲੀਮੀ ਹਲੂਫਾ ਹੈ। ਜੋਰ ਜੁਲਮ ਹੈ।
ਇਨਸਾਫ਼ [3]ਮਸਾਫ਼ ਹੈ। ਸਿਫ਼ਤਿ ਵੁਜੂ ਹੈ।
ਬਾਂਗ [4]ਬੇਲੋਕ ਹੈ। ਚੋਰੀ ਲਾਲਚ ਹੈ।
ਨਾ-ਸਬੂਰੀ ਮਕਰੂਹ ਹੈ। ਰਾਹੁ ਪੀਰਾਂ ਹੈ।
ਬੇ-ਰਾਹ ਬੇ ਪੀਰਾਂ ਹੈ। [5]ਦਿਆਨਤਿ ਦੋਸਤ ਹੈ।
[6]ਬੇ-ਦਿਆਨਤਿ ਨਕਾਰੂ ਹੈ। ਤੇਗ ਮਰਦਾਂ ਹੈ।
ਅਦਲੁ ਪਾਤਿਸਾਹ ਹੈ।
ਇਤਨੇ ਬੋਲ ਜੋ ਜਾਣਿ ਜਣਾਵੈ। ਤਉ ਨਾਨਕ ਦਾਨਸਮੰਦ ਕਹਾਵੈ।

ਇਸ ਤੋਂ ਪਿੱਛੋਂ ਗੁਰੂ ਜੀ ਤੇ ਮੀਆਂ ਮਿੱਠਾ ਇਕ ਦੂਜੇ ਤੋਂ ਵਿਦਾ ਹੋ ਗਏ।

1. ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਹੈ, ਇਸ ਲਈ ਇਤਿਹਾਸਿਕ ਪੁਸਤਕਾਂ ਅਤੇ ਜਨਮ-ਸਾਖੀਆਂ ਵਿੱਚ ਆਏ ਇਹ ਸ਼ਬਦ ਭਿੰਨਤਾ ਵਾਲੇ ਹਨ।

2. ਮੈਕਾਲਿਫ਼ ਦੀ ਪੁਸਤਕ ਵਿੱਚ ਇਹ ਤੁੱਕਾਂ ਹਨ—ਇਹ ਵਾਕ ਜਨਮ ਸਾਖੀ ਵਿੱਚ ਨਹੀਂ ਮਿਲਦਾ।

3. ਪਵਿੱਤ੍ਰ।

4. ਰੌਲਾ।

5. ਦਯਾ ਦੌਲਤ ਹੈ।

6. ਬੇ-ਦਇਆ ਫਜ਼ੂਲ ਹੈ।

ਕਾਂਡ—9

ਦੁਨੀ ਚੰਦ ਦੇ ਪਿਉ ਦਾ ਸਰਾਧ

ਗੁਰੂ ਜੀ ਦਰਿਆ ਰਾਵੀ ਵੱਲ ਨੂੰ ਤੁਰ ਗਏ ਤੇ ਫੇਰ ਉਸ ਦੇ ਕੰਢੇ ਕੰਢੇ ਲਾਹੌਰ ਆ ਪਹੁੰਚੇ। ਦੁਨੀ ਚੰਦ ਨਾਉਂ ਦੇ ਇੱਕ ਕਰੋੜਪਤੀ ਨੇ ਲਾਹੌਰ ਦਾ ਪਰਗਨਾ ਬਾਦਸ਼ਾਹ ਤੋਂ ਠੇਕੇ ਤੇ ਲੈ ਰਖਿਆ ਸੀ। ਜਦ ਗੁਰੂ ਨਾਨਕ ਦੇਵ ਜੀ ਓਥੇ ਪਹੁੰਚੇ ਤਾਂ ਉਹ ਆਪਣੇ ਪਿਤਾ ਦਾ ਸਰਾਧ ਕਰ ਰਿਹਾ ਸੀ। ਉਹ ਬੜੇ ਤਪਾਕ ਨਾਲ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ ਤੇ ਬੜਾ ਸਤਿਕਾਰ ਭਰਿਆ ਸਲੂਕ ਕੀਤਾ। ਜਦੋਂ ਸਰਾਧ ਦੀਆਂ ਸਭ ਚੀਜ਼ਾਂ ਤਿਆਰ ਹੋ ਗਈਆਂ ਤਾਂ ਦੁਨੀ ਚੰਦ ਨੇ ਬ੍ਰਾਹਮਣਾਂ ਨੂੰ ਭੋਜਣ ਖਿਲਾਉਣਾ ਅਰੰਭ ਕੀਤਾ। ਉਸ ਨੇ ਜਦ ਗਰੂ ਜੀ ਨੂੰ ਵੀ ਸੱਦਿਆ ਤਾਂ ਉਹਨਾਂ ਨੇ ਉਸਨੂੰ ਪੁੱਛਿਆ ਕਿ ਕੀ ਗੱਲ ਹੈ? ਤਾਂ ਦੁਨੀ ਚੰਦ ਨੇ ਕਿਹਾ, "ਗੁਰੂ ਜੀ ਮੇਰੇ ਪਿਤਾ ਦਾ ਸਰਾਧ ਹੈ ਤੇ ਮੈਂ ਉਹਨਾਂ ਦੇ ਨਾਂ ਤੇ ਇਕ ਸੌ ਬ੍ਰਾਹਮਣਾਂ ਨੂੰ ਖਾਣਾ ਖਿਲਾ ਦਿੱਤਾ ਹੈ।' ਗੁਰੂ ਜੀ ਨੇ ਆਖਿਆ, 'ਦੁਨੀ ਚੰਦ! ਤੇਰੇ ਪਿਤਾ ਨੂੰ ਤਾਂ ਦੋ ਦਿਨਾਂ ਤੋਂ ਖਾਣ ਨੂੰ ਕੁਝ ਵੀ ਨਹੀਂ ਮਿਲਿਆ, ਤੂੰ ਆਖਦੈਂ ਕਿ ਤੂੰ ਉਹਦੇ ਨਾਂ ਤੇ ਸੌ ਬ੍ਰਾਹਮਣਾਂ ਨੂੰ ਖਾਣਾ ਖੁਆ ਚੁਕਿਐਂ!'

ਇਹ ਸੁਣ ਕੇ ਦੁਨੀ ਚੰਦ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ, 'ਮਹਾਰਾਜ ! ਕਿਰਪਾ ਕਰਕੇ ਤੁਸੀਂ ਦੱਸੋ ਉਹ ਕਿੱਥੇ ਹਨ ?'

ਸਤਿਗੁਰੂ ਜੀ ਨੇ ਉੱਤਰ ਦਿੱਤਾ, 'ਤੇਰੇ ਪਿਤਾ ਤਾਂ ਹੁਣ ਬਘਿਆੜ ਦੀ ਜੂਨ ਵਿੱਚ ਹੈ ਤੇ ਉਹ ਏਥੋਂ ਛੇ ਮੀਲਾਂ ਦੇ ਫਾਸਲੇ ਤੇ ਦਰਖਤਾਂ ਦੇ ਇੱਕ ਝੁੰਡ ਵਿੱਚ ਰਹਿੰਦਾ ਹੈ। ਉਸਦੀ ਰੂਹ ਨੂੰ ਬਘਿਆੜ ਦੀ ਜੂਨ ਵਿੱਚ ਇਸ ਲਈ ਪੈਣਾ ਪਿਆ ਹੈ, ਕਿਉਂਕਿ ਉਹ ਜਦ ਮਨੁੱਖ ਸੀ, ਤਾਂ ਉਸ ਨੇ ਇੱਕ ਸਿੱਖ ਨੂੰ ਜੋ ਮਾਸ ਰਿੰਨ੍ਹ ਰਿਹਾ ਸੀ, ਦੇਖਿਆ ਸੀ ਅਤੇ ਮਾਸ ਖਾਣ ਦੀ ਡਾਢੀ ਲਾਲਸਾ ਕੀਤੀ ਸੀ ਤੇ ਇਸ ਤੋਂ ਪਿੱਛੋਂ ਉਹ ਇਸੇ ਲਾਲਸਾ ਵਿੱਚ ਮਰ ਗਿਆ ਸੀ।'

ਫੇਰ ਦੁਨੀ ਚੰਦ ਦੇ ਦਰਵਾਜੇ ਉੱਤੇ ਗੁਰੂ ਜੀ ਨੇ ਬਹੁਤ ਸਾਰੀਆਂ ਝੰਡੀਆਂ ਲੱਗੀਆਂ ਦੇਖੀਆਂ। ਉਹਨਾਂ ਨੇ ਪੁਛਿਆ ਕਿ ਇਹ ਕਾਹਦੇ ਲਈ ਹਨ? ਇਹਨਾਂ ਦਾ ਕੀ ਮਤਲਬ ਹੈ? ਉਹਨਾਂ ਨੂੰ ਦੱਸਿਆ ਗਿਆ ਕਿ ਇੱਕ ਝੰਡੀ ਦਾ ਮਤਲਬ ਇੱਕ ਲੱਖ ਰੁਪਿਆ ਹੈ। ਜਿੰਨੀਆਂ ਇਹ ਝੰਡੀਆਂ ਹਨ, ਓਨੇ ਹੀ ਲੱਖ ਰੁਪਿਆ ਦੁਨੀ ਚੰਦ ਕੋਲ ਹੈ। ਇਹ ਸੁਣ ਕੇ ਗੁਰੂ ਜੀ ਨੇ ਦੁਨੀ ਚੰਦ ਨੂੰ ਇੱਕ ਸੂਈ ਦਿੰਦਿਆਂ ਕਿਹਾ ਕਿ ਇਹ ਸਾਡੀ ਅਮਾਨਤ ਨੂੰ ਆਪਣੇ ਕੋਲ ਰੱਖ ਲੈ, ਅਸੀਂ ਅੱਗੇ ਜਾ ਕੇ ਤੈਥੋਂ ਲੈ ਲਵਾਂਗੇ। ਦੁਨੀ ਚੰਦ ਸੂਈ ਲੈ ਕੇ ਆਪਣੀ ਪਤਨੀ ਕੋਲ ਗਿਆ ਤੇ ਕਿਹਾ ਕਿ ਆਹ ਸੂਈ ਗੁਰੂ ਜੀ ਦੀ ਅਮਾਨਤ ਹੈ, ਰੱਖ

ਛੱਡ, ਉਹ ਅੱਗੇ ਜਾ ਕੇ ਸਾਥੋਂ ਲੈ ਲੈਣਗੇ। ਇਹ ਸੁਣ ਕੇ ਉਸਦੀ ਪਤਨੀ ਉਸਨੂੰ ਆਖਣ ਲੱਗੀ, 'ਤੂੰ ਤਾਂ ਪਾਗਲ ਹੋ ਗਿਐਂ, ਭਲਾ ਇਹ ਸੂਈ ਅਗਲੀ ਦੁਨੀਆਂ ਵਿੱਚ ਕਿਸ ਤਰ੍ਹਾਂ ਜਾ ਸਕਦੀ ਹੈ? ਲੈ ਫੜ ਗੁਰੂ ਜੀ ਨੂੰ ਇਹ ਮੋੜ ਦੇ।'

ਉਹ ਸੂਈ ਲੈ ਕੇ ਗੁਰੂ ਜੀ ਕੋਲ ਗਿਆ ਤੇ ਆਪਣੀ ਪਤਨੀ ਦੀ ਆਖੀ ਗੱਲ ਦੱਸ ਦਿੱਤੀ। ਇਹ ਸੁਣ ਗੁਰੂ ਜੀ ਆਖਣ ਲੱਗੇ : 'ਜੇ ਸੂਈ ਵਰਗੀ ਮਾਮੂਲੀ ਜਿਹੀ ਚੀਜ਼ ਅਗਲੀ ਦੁਨੀਆਂ ਵਿੱਚ ਨਹੀਂ ਜਾ ਸਕਦੀ ਤਾਂ ਫੇਰ ਦੁਨੀ ਚੰਦ ! ਤੇਰੀ ਐਨੀ ਭਾਰੀ ਦੌਲਤ ਕਿਸ ਤਰ੍ਹਾਂ ਤੇਰੇ ਨਾਲ ਜਾ ਸਕੇਗੀ?' ਇਹ ਗੱਲ ਸੁਣ ਕੇ ਉਹ ਗੁਰੂ ਜੀ ਦੇ ਕਦਮਾਂ ਤੇ ਡਿੱਗ ਪਿਆ ਤੇ ਕਹਿਣ ਲੱਗਾ, 'ਗੁਰੂ ਜੀ ! ਕਿਰਪਾ ਕਰਕੇ ਮੈਨੂੰ ਕੋਈ ਯਤਨ ਦੱਸੋ ਜਿਸ ਕਰਕੇ ਮੇਰੀ ਦੌਲਤ ਅਗਲੀ ਦੁਨੀਆਂ ਵਿੱਚ ਮੇਰੇ ਨਾਲ ਜਾ ਸਕੇ?'

ਇਹ ਸੁਣ ਕੇ ਗੁਰੂ ਜੀ ਉਸਨੂੰ ਆਖਣ ਲੱਗੇ : 'ਦੁਨੀ ਚੰਦ ! ਤੂੰ ਆਪਣੀ ਦੌਲਤ ਵਿਚੋਂ ਜੇ ਕੁਝ ਹਿੱਸਾ ਵਾਹਿਗੁਰੂ ਦੇ ਨਾਂ ਤੇ ਵੰਡ ਦੇਵੇਂ, ਗਰੀਬਾਂ ਨੂੰ ਖੁਆ ਦੇਵੇਂ ਤਾਂ ਤੇਰੀ ਦੌਲਤ ਤੇਰੇ ਨਾਲ ਜਾ ਸਕਦੀ ਹੈ। ਗੁਰੂ ਜੀ ਦੀ ਗੱਲ ਸੁਣਕੇ ਦੁਨੀ ਚੰਦ ਨੇ ਸੱਤ ਲੱਖ ਰੁਪਿਆ ਆਪਣੇ ਖਜ਼ਾਨੇ ਵਿੱਚੋਂ ਗਰੀਬ ਗੁਰਬੇ ਨੂੰ ਵੰਡ ਦਿੱਤਾ, ਕਿਉਂਕਿ ਉਸਨੂੰ ਨਿਸ਼ਚਾ ਸੀ ਕਿ ਜੇ ਉਸਨੇ ਗੁਰੂ ਜੀ ਦੀ ਆਗਿਆ ਨਾ ਮੰਨੀ ਤਾਂ ਉਸ ਦੀ ਮੁਕਤੀ ਨਹੀਂ ਹੋਵੇਗੀ। ਫੇਰ ਉਹ ਗੁਰੂ ਜੀ ਦਾ ਸਿੱਖ ਬਣ ਗਿਆ ਤੇ ਨਾਮ ਦਾ ਜਾਪ ਕਰਨ ਲੱਗਾ। ਉਸ ਸਮੇਂ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ :

'ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ।
ਕੂੜੁ ਮੰਡਪ ਕੂੜੁ ਮਾੜੀ ਕੂੜ ਬੈਸਣਹਾਰੁ।
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣਹਾਰੁ।
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪ ਅਪਾਰੁ।
ਕੂੜੁ ਮੀਆਂ ਕੂੜੁ ਬੀਵੀ ਖਪਿ ਹੋਏ ਖਾਰੁ।
ਕੂੜੁ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ।
ਕਿਸ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ।
ਕੂੜੁ ਮਿਠਾ ਕੂੜ ਮਾਖਿਉ ਕੂੜੁ ਡੋਬੇ ਪੂਰੁ। *(ਆ: ਗ੍ਰੰ: ਪੰ: ੪੬੮)*
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ। *(ਆਸਾ ਦੀ ਵਾਰ, ਮ: ੧)*

ਕਰਤਾਰਪੁਰ ਦੀ ਰਚਨਾ ਦੀ ਸਾਖੀ

ਫੇਰ ਉਥੋਂ ਗੁਰੂ ਜੀ ਉੱਤਰ-ਪੂਰਬ ਦੀ ਗੁੱਠ ਵੱਲ ਤੁਰ ਪਏ ਅਤੇ ਰਾਵੀ ਦਰਿਆ ਦੇ ਕੰਢੇ ਇੱਕ ਥਾਂ ਜਾ ਕੇ ਡੇਰਾ ਲਾ ਲਿਆ। ਗੁਰੂ ਜੀ ਦੇ ਉੱਥੇ ਪੁੱਜਣ ਕਾਰਨ ਲੋਕਾਂ ਵਿੱਚ ਬੜਾ ਉਤਸ਼ਾਹ ਪੈਦਾ ਹੋ ਗਿਆ। ਹਰ ਵਿਅਕਤੀ ਗੁਰੂ ਜੀ ਦੇ ਦਰਸ਼ਨਾਂ ਨੂੰ ਜਾਣ ਲੱਗਾ। ਸਾਰੇ ਲੋਕੀ ਗੁਰੂ ਜੀ ਨੂੰ ਵਾਹਿਗੁਰੂ ਦਾ ਸੱਚਾ ਸਨੇਹੀ ਸਮਝਣ ਲੱਗ ਪਏ। ਉਹ ਸਾਰੇ ਲੋਕੀ ਜੋ ਦਰਸ਼ਨਾਂ ਲਈ ਜਾਂਦੇ ਸਨ ਖੁਸ਼ੀ ਖੁਸ਼ੀ ਤੇ ਨਿਹਾਲ ਹੋ ਕੇ ਘਰਾਂ ਨੂੰ ਪਰਤਦੇ ਸਨ। ਜਿਹੜਾ ਵੀ ਸ਼ਬਦ ਗੁਰੂ ਜੀ ਆਪਣੇ ਮੁਖੋਂ ਉਚਾਰਦੇ, ਲੋਕੀਂ ਉਸਨੂੰ ਲਿਖ ਕੇ ਦੂਰ ਦੂਰ ਤੱਕ ਪੁਚਾ ਦਿੰਦੇ ਸਨ। ਗੁਰੂ ਜੀ ਹੇਠਾਂ ਦਿੱਤੇ ਸ਼ਬਦ ਅਨੁਸਾਰ ਆਪਣੀ

ਰਚਨਾ ਦਾ ਉਚਾਰਨ ਕਰਦੇ ਤੇ ਲੋਕੀਂ ਆਪਣੀਆਂ ਮੁਰਲੀਆਂ ਤੇ ਉਸ ਨੂੰ ਸੁਰ ਕਰਕੇ ਗਾਉਂਦੇ।

(ਆ: ਗ੍ਰੰ: ਪੰ: ੯੫੩)

'ਕੂੜੁ ਨਿਖੁਟੈ ਨਾਨਕਾ ਓੜਕਿ ਸਚਿ ਰਹੀ।' *(ਵਾਰ ਰਾਮਕਲੀ, ਮਹਲਾ ੧)*

ਗੁਰੂ ਜੀ ਦੇ ਡੇਰੇ ਤੇ ਵਾਹਿਗੁਰੂ ਨਾਮ ਦਾ ਹੀ ਚਰਚਾ ਹੁੰਦਾ ਤੇ ਲੋਕੀਂ ਗੁਰੂ ਜੀ ਦੀ ਬੜੀ ਮਹਿਮਾ ਕਰਦੇ ਸਨ।

ਓਥੋਂ ਲਾਗਲੇ ਪਿੰਡ ਵਿੱਚ ਇੱਕ ਹਾਕਮ ਰਹਿੰਦਾ ਸੀ ਜੋ ਕਿ ਕਰੋੜਾਂਪਤੀ ਸੀ। ਉਹ ਲੋਕਾਂ ਦੇ ਮਨਾਂ 'ਚੋਂ ਗੁਰੂ ਜੀ ਦੀ ਕਦਰ ਕੀਮਤ ਘਟਾਉਣ ਦਾ ਯਤਨ ਕਰਦਾ। ਉਹ ਆਖਣ ਲੱਗਾ :—"ਇਹ ਆਦਮੀ ਕੌਣ ਹੈ ਜਿਸ ਦਾ ਹਰ ਕੋਈ ਨਾਂ ਲੈਂਦਾ ਹੈ ਜਿਵੇਂ ਕਿ ਉਹ ਕੋਈ ਦੇਵਤਾ ਹੁੰਦੈ। ਉਹ ਤਾਂ ਸਾਡੇ ਵਰਗਾ ਹੀ ਸਾਧਾਰਣ ਆਦਮੀ ਹੈ। ਹਿੰਦੂ ਆਪਣੇ ਰਾਹੋਂ ਕੁਰਾਹੇ ਜਾ ਰਹੇ ਹਨ ਤੇ ਮੁਸਲਮਾਨ ਵੀ ਦੀਨੋਂ ਬੇ-ਦੀਨ ਹੁੰਦੇ ਜਾ ਰਹੇ ਹਨ। ਕਿਉਂ ਨਾ ਅਸੀਂ ਇਸਨੂੰ ਕੈਦ ਕਰ ਲਈਏ।" ਜਦ ਉਹ ਹਾਕਮ ਆਪਣੇ ਘੋੜੇ ਤੇ ਅਸਵਾਰ ਹੋ ਕੇ ਜਾਣ ਲੱਗਾ ਤਾਂ ਉਸ ਦੇ ਘੋੜੇ ਨੇ ਉਹਨੂੰ ਝੁਭਕ ਕੇ ਭੁੰਜੇ ਸੁੱਟ ਦਿੱਤਾ। ਦੂਜੇ ਦਿਨ ਉਹ ਫੇਰ ਸਵਾਰ ਹੋ ਕੇ ਜਾਣ ਲੱਗਾ ਪਰ ਰਾਹ ਵਿੱਚ ਹੀ ਅੰਨ੍ਹਾ ਹੋ ਗਿਆ ਤੇ ਉਸਨੂੰ ਆਪਣੇ ਘੋੜੇ ਤੋਂ ਉਤਰਨਾ ਪੈ ਗਿਆ। ਉਸ ਹਾਕਮ ਦੇ ਮੂੰਹੋਂ ਮੱਲੋ-ਮੱਲੀ ਇਹੋ ਨਿਕਲਿਆ ਕਿ ਗੁਰੂ ਨਾਨਕ ਦੇਵ ਜੀ ਸਚਮੁੱਚ ਇੱਕ ਬਹੁਤ ਵੱਡੇ ਸੰਤ ਹਨ। ਫਿਰ ਉਹ ਸਾਰੇ ਇਕੱਠੇ ਹੋ ਕੇ ਕਰੋੜਪਤੀ ਨੂੰ ਆਖਣ ਲੱਗੇ ਕਿ ਉਹ ਚੱਲਕੇ ਗੁਰੂ ਜੀ ਨੂੰ ਪ੍ਰਣਾਮ ਕਰੇ। ਇਹ ਸੁਣ ਕੇ ਉਹ ਕਰੋੜਪਤੀ ਹਾਕਮ ਗੁਰੂ ਜੀ ਦੀ ਮਹਿਮਾ ਗਾਉਣ ਲੱਗ ਪਿਆ ਤੇ ਜਿਹੜੇ ਸੰਗੀ ਉਹਦੇ ਨਾਲ ਸਨ ਉਹ ਵੀ ਗੁਰੂ ਜੀ ਨੂੰ ਪ੍ਰਣਾਮ ਕਰਨ ਲੱਗ ਪਏ। ਉਹ ਕਰੋੜ-ਪਤੀ ਫੇਰ ਆਪਣੇ ਘੋੜੇ ਤੇ ਅਸਵਾਰ ਹੋਇਆ ਤਾਂ ਜੋ ਗੁਰੂ ਜੀ ਕੋਲ ਜਾ ਕੇ ਬੇਨਤੀ ਕਰੇ, ਪਰ ਝੱਟ ਹੀ ਉਹ ਫੇਰ ਘੋੜੇ ਤੋਂ ਡਿੱਗ ਪਿਆ। ਉਸਦੇ ਸਾਥੀ ਉਹਨੂੰ ਕਹਿਣ ਲੱਗੇ, 'ਤੁਸੀਂ ਘੋੜੇ ਉੱਤੇ ਅਸਵਾਰ ਹੋ ਕੇ ਜਾਣ ਦੀ ਬਹੁਤ ਭਾਰੀ ਭੁੱਲ ਕੀਤੀ ਹੈ। ਤੁਸੀਂ ਪੈਦਲ ਜਾਓ, ਹੋ ਸਕਦੈ ਫੇਰ ਬਖਸ਼ੇ ਜਾਵੋ।' ਉਸਨੇ ਆਪਣੇ ਸਾਥੀਆਂ ਦੀ ਰਾਏ ਮੰਨ ਲਈ। ਜਦੋਂ ਉਹ ਓਥੇ ਪੁੱਜਿਆ ਜਿਥੋਂ ਕਿ ਗੁਰੂ ਜੀ ਦੇ ਨਿਵਾਸ ਵਾਲੀ ਥਾਂ ਦਿਸਦੀ ਸੀ, ਅਚਾਨਕ ਉਸ ਦੀਆਂ ਅੱਖਾਂ ਵਿੱਚ ਨਜ਼ਰ ਆ ਗਈ। ਉਹ ਗੁਰੂ ਜੀ ਵਾਲੇ ਪਾਸੇ ਡੰਡਾਉਤ ਕਰਨ ਲੱਗ ਪਿਆ। ਜਦੋਂ ਉਹ ਗੁਰੂ ਜੀ ਦੀ ਹਜ਼ੂਰੀ ਵਿੱਚ ਪਹੁੰਚਿਆ ਤਾਂ ਉਹਨਾਂ ਦੇ ਚਰਨਾਂ ਤੇ ਡਿੱਗ ਪਿਆ। ਗੁਰੂ ਜੀ ਉਸ ਤੇ ਤੁੱਠੇ ਪੈ ਤੇ ਤਿੰਨ ਦਿਨ ਉਸਨੂੰ ਆਪਣਾ ਮਹਿਮਾਨ ਬਣਾਈ ਰੱਖਿਆ। ਉਸ ਕਰੋੜਪਤੀ ਨੇ ਦਰਿਆ ਰਾਵੀ ਦੇ ਕੰਢੇ ਇੱਕ ਪਿੰਡ ਬੰਨ੍ਹਿਆ ਜਿਸਦਾ ਨਾਮ ਉਹਨੇ ਕਰਤਾਰਪੁਰ ਰੱਖਿਆ। ਉਸੇ ਪਿੰਡ ਵਿੱਚ ਉਸਨੇ ਇੱਕ ਧਰਮਸ਼ਾਲਾ ਬਣਵਾਈ ਤੇ ਦੋਵੇਂ ਚੀਜ਼ਾਂ ਗੁਰੂ ਜੀ ਦੇ ਨਾਂ ਤੇ ਅਰਪਣ ਕਰ ਦਿੱਤੀਆਂ।

ਸੁਚਮ ਭਿੱਟ ਦੀ ਤੇ ਚੌਂਕੇ ਦੀ ਸਾਖੀ

ਇੱਕ ਵਾਰੀ ਇੱਕ ਬਹੁਤ ਹੀ ਕੱਟੜ ਬ੍ਰਾਹਮਣ ਗੁਰੂ ਜੀ ਕੋਲ ਆਇਆ ਤੇ ਪੁੰਨਦਾਨ ਵਾਸਤੇ ਗੁਰੂ ਜੀ ਸਾਹਮਣੇ ਸਵਾਲ ਕੀਤਾ।

ਉਸ ਸਮੇਂ ਗੁਰੂ ਜੀ ਛਾਹ ਵੇਲੇ ਦਾ ਪ੍ਰਸ਼ਾਦ ਛਕਣ ਲਈ ਬੈਠੇ ਸਨ। ਉਹ ਬ੍ਰਾਹਮਣ ਨੂੰ ਆਖਣ ਲੱਗੇ, "ਮਿਸ਼ਰ ਜੀ ਆਓ ਪ੍ਰਸ਼ਾਦਾ ਤਿਆਰ ਹੈ ਸਾਡੇ ਨਾਲ ਰਲਕੇ ਛਕੋ।' ਬ੍ਰਾਹਮਣ ਨੇ ਆਖਿਆ, "ਮੈਂ ਇਹ ਪ੍ਰਸ਼ਾਦਾ ਨਹੀਂ ਖਾਂਦਾ, ਮੈਂ ਤਾਂ ਆਪਣੇ ਹੱਥ ਨਾਲ ਪਕਾ ਕੇ ਹੀ ਖਾ ਸਕਦਾ ਹਾਂ। ਮੈਂ ਖਾਣਾ ਪਕਾਉਣ ਤੋਂ ਪਹਿਲਾਂ ਇੱਕ ਹੱਥ ਡੂੰਘੀ ਧਰਤੀ ਪੁੱਟਾਂਗਾ ਤਾਂ ਕਿ ਉਸਦੇ ਉਪਰਲੀ ਅਪਵਿੱਤਰਤਾ ਖਤਮ ਹੋ ਜਾਏ ਅਤੇ ਫੇਰ ਉਸ ਤੇ ਚੌਂਕਾ ਦਿਆਂਗਾ, ਉਸ ਚੌਂਕੇ ਵਿੱਚ ਸਿਵਾਏ ਮੇਰੇ ਹੋਰ ਕੋਈ ਨਹੀਂ ਵੜੇਗਾ। ਫੇਰ ਇੱਕ ਗਿੱਠ ਡੂੰਘੀ ਮਿੱਟੀ ਪੁੱਟ ਕੇ ਚੁੱਲ੍ਹਾ ਬਣਾਵਾਂਗਾ, ਫੇਰ ਉਸ ਵਿੱਚ ਧੋ ਧੋ ਕੇ ਲੱਕੜਾਂ ਬਾਲਾਂਗਾ ਤਾਂ ਕਿ ਕੋਈ ਕੀੜਾ-ਮਕੌੜਾ ਨਾ ਸੜ ਜਾਏ। ਤੁਸੀਂ ਤਾਂ ਇਹ ਰਹੁ-ਰੀਤ ਰਤਾ ਵੀ ਨਹੀਂ ਨਿਭਾਈ। ਇਸ ਗੀਤ ਤੋਂ ਵੱਖਰੀ ਤਰ੍ਹਾਂ ਬਣੇ ਹੋਏ ਖਾਣੇ ਦੇ ਮੈਂ ਨੇੜੇ ਵੀ ਨਹੀਂ ਜਾਂਦਾ। ਗੁਰੂ ਜੀ ਨੇ ਆਖਿਆ, "ਮਿਸਰ ਜੀ ਅਸੀਂ ਤੁਹਾਨੂੰ ਕੋਰੀ ਰਸਦ ਦੇ ਦਿਆਂਗੇ ਤੇ ਤੁਸੀਂ ਆਪ ਰਸੋਈ ਬਣਾ ਲੈਣਾ।" ਫੇਰ ਬ੍ਰਾਹਮਣ ਕੋਰੀ ਰਸਦ ਲੈ ਕੇ ਬਾਹਰ ਜਾ ਕੇ, ਮਿੱਟੀ ਪੁੱਟਣ ਲੱਗ ਪਿਆ, ਪਰ ਉਹ ਜਿਥੋਂ ਵੀ ਧਰਤੀ ਪੁੱਟ ਉਥੋਂ ਹੱਡੀਆਂ ਹੀ ਨਿਕਲਣ, ਪਰ ਉਹ ਹੱਡੀਆਂ ਨੂੰ ਤਾਂ ਗੁਰੂ ਜੀ ਦੀ ਪੱਕੀ ਹੋਈ ਰੋਟੀ ਨਾਲੋਂ ਵੀ ਵਧੇਰੇ ਮਲੀਨ ਸਮਝਦਾ ਸੀ। ਉਹ ਸਾਰੀ ਦਿਹਾੜੀ ਧਰਤੀ ਪੁੱਟਦਾ ਰਿਹਾ, ਪਰ ਹਰ ਥਾਂ ਤੋਂ ਹੱਡੀਆਂ ਹੀ ਨਿਕਲਦੀਆਂ ਸਨ। ਜਦ ਅਖੀਰ ਭੁੱਖ ਨਾਲ ਬਹੁਤ ਹੀ ਪਰੇਸ਼ਾਨ ਹੋਇਆ ਤਾਂ ਉਹ ਗੁਰੂ ਜੀ ਦੇ ਚਰਨੀ ਆ ਡਿਗਿਆ ਅਤੇ ਗੁਰੂ ਜੀ ਤੋਂ ਉਹੀ ਰੋਟੀ ਮੰਗੀ ਜਿਸ ਨੂੰ ਖਾਣ ਤੋਂ ਉਹਨੇ ਪਹਿਲਾਂ ਇਨਕਾਰ ਕੀਤਾ ਸੀ। ਗੁਰੂ ਜੀ ਉਸਨੂੰ ਤ੍ਰਿਪਤ ਕਰਕੇ ਖੁਸ਼ ਹੋਏ ਤੇ ਉਹਨਾਂ ਨੇ ਸ਼ਬਦ ਉਚਾਰਿਆ :

ਸੁਇਨੇ ਕਾ ਚਉਕਾ ਕੰਚਨ ਕੁਆਰ।
ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ।
ਗੰਗਾ ਕਾ ਉਦਕ ਕਰੰਤੇ ਕੀ ਆਗਿ।
ਗਰੁੜਾ ਖਾਣਾ ਦੁਧ ਸਿਉ ਗਾਡਿ।
ਰੇ ਮਨ ਲੇਪੈ ਕਬਹੂ ਨ ਪਾਇ।
ਜਾਮਿ ਨ ਭੀਜੈ ਸਾਚ ਨਾਇ।੧ ਰਹਾਉ।
ਦਸ ਅਠ ਲੀਖੇ ਹੋਵਹਿ ਪਾਸਿ।
ਚਾਰੇ ਬੇਦਿ ਮੁਖਾਗਰ ਪਾਠਿ।
ਪੁਰਬੀ ਨਾਵੈ ਵਰਨਾ ਕੀ ਦਾਤਿ।
ਵਰਤ ਨੇਮ ਕਰੇ ਦਿਨ ਰਾਤਿ।੨।
ਕਾਜੀ ਮੁਲਾਂ ਹੋਵਹਿ ਸੇਖ।
ਜੋਗੀ ਜੰਗਮ ਭਗਵੇਂ ਭੇਖ।
ਕੋ ਗਿਰਹੀ ਕਰਮਾ ਕੀ ਸੰਧਿ।
ਬਿਨ ਬੂਝੇ ਭਸ ਖੜੀਅਸਿ ਬੰਧਿ।੩।
ਜੇਤੇ ਜੀਅ ਲਿਖੀ ਸਿਰਿ ਕਾਰ।

ਕਰਣੀ ਉਪਰਿ ਹੋਵਗਿ ਸਾਰ।
ਹੁਕਮਿ ਕਰਹਿ ਮੂਰਖ ਗਾਵਾਰ। *(ਆਃ ਗ੍ਰੰਃ ਪੰਃ ੧੧੬੯)*
ਨਾਨਕ ਸਾਚੈ ਕੇ ਸਿਫਤਿ ਭੰਡਾਰ।੪।੩। *(ਬਸੰਤ ਮਹਲਾ ੧)*

ਬਾਬਾ ਬੁੱਢਾ ਜੀ

ਗੁਰੂ ਜੀ ਨੇ ਰਾਤੀਂ ਪਿਛਲੇ ਪਹਿਰ ਕੀਰਤਨ ਕਰਨ ਦਾ ਰਿਵਾਜ ਅਰੰਭਿਆ। ਸੱਤ ਵਰ੍ਹਿਆਂ ਦਾ ਇੱਕ ਬਾਲਕ ਕੀਰਤਨ ਸੁਣਨ ਆਉਂਦਾ ਤੇ ਗੁਰੂ ਜੀ ਦੇ ਪਿੱਛੇ ਖੜ ਜਾਂਦਾ। ਜਦੋਂ ਕੀਰਤਨ ਸਮਾਪਤੀ ਦਾ ਭੋਗ ਪੈ ਜਾਂਦਾ ਤਾਂ ਚੁੱਪ ਚਾਪ ਚਲਿਆ ਜਾਂਦਾ। ਗੁਰੂ ਜੀ ਨੇ ਇੱਕ ਦਿਨ ਸੇਵਾਦਾਰਾਂ ਨੂੰ ਆਗਿਆ ਕੀਤੀ ਕਿ ਉਸ ਬਾਲਕ ਨੂੰ ਫੜ ਲੈਣਾ ਤਾਂ ਕਿ ਉਸ ਤੋਂ ਪੁੱਛਿਆ ਜਾਵੇ ਕਿ ਨਿੱਤ ਕੀਰਤਨ ਵਿੱਚ ਆਉਣ ਦਾ ਉਸ ਦਾ ਕੀ ਭਾਵ ਹੈ। ਗੁਰੂ ਜੀ ਦੇ ਹੁਕਮ ਅਨੁਸਾਰ ਉਸ ਬਾਲਕ ਨੂੰ ਫੜ ਕੇ ਗੁਰੂ ਜੀ ਕੋਲ ਲਿਆਂਦਾ ਗਿਆ। ਗੁਰੂ ਜੀ ਨੇ ਉਸ ਕੋਲੋਂ ਪੁੱਛਿਆ : 'ਹੇ ਬਾਲਕ ! ਤੂੰ ਏਨੇ ਸਾਜਰੇ ਸ਼ਬਦ ਸੁਣਨ ਲਈ ਕਿਉਂ ਆਉਣਾ ਏਂ? ਨਾਲੇ ਅਜੇ ਤਾਂ ਤੇਰੀ ਉਮਰ ਖਾਣ ਪੀਣ ਤੇ ਹੱਸਣ ਖੇਡਣ ਦੀ ਹੈ। ਬਾਲਕ ਨੇ ਉੱਤਰ ਦਿੱਤਾ, "ਹੇ ਮਹਾਰਾਜ ! ਮੇਰੀ ਮਾਤਾ ਨੇ ਮੈਨੂੰ ਇਕ ਦਿਨ ਅੱਗ ਬਾਲਣ ਲਈ ਆਖਿਆ, ਜਦ ਮੈਂ ਚੁਲ੍ਹੇ ਵਿਚ ਲੱਕੜੀਆਂ ਪਾਈਆਂ ਤੇ ਅੱਗ ਲਾਈ, ਤਾਂ ਪਹਿਲਾਂ ਨਿੱਕੀਆਂ ਲੱਕੜਾਂ ਨੂੰ ਅੱਗ ਲੱਗ ਗਈ ਤੇ ਉਸ ਤੋਂ ਪਿੱਛੋਂ ਮੋਟੀਆਂ ਨੂੰ। ਉਦੋਂ ਤੋਂ ਹੀ ਮੇਰੇ ਮਨ ਵਿੱਚ ਡਰ ਹੈ ਕਿ ਕਿਤੇ ਮੈਂ ਛੋਟੀ ਉਮਰੇ ਹੀ ਨਾ ਮਰ ਜਾਵਾਂ, ਕੀ ਪਤਾ ਵੱਡਾ ਹੋਵਾਂ ਕਿ ਨਾ। ਇਸੇ ਲਈ ਮੈਂ ਹਰ ਰੋਜ਼ ਆਪਦੇ ਦੀਵਾਨ ਵਿੱਚ ਆਉਂਦਾ ਹਾਂ। ਉਸ ਬਾਲਕ ਦੇ ਮੂੰਹੋਂ ਇਹ ਗੱਲ ਸੁਣ ਕੇ ਗੁਰੂ ਜੀ ਬਹੁਤ ਖੁਸ਼ ਹੋਏ ਤੇ ਕਹਿਣ ਲੱਗੇ, "ਤੂੰ ਤਾਂ ਇਸ ਤਰ੍ਹਾਂ ਗੱਲਾਂ ਕਰਦੈਂ ਜਿਵੇਂ ਕੋਈ ਬੁੱਢਾ ਕਰ ਰਿਹਾ ਹੋਵੇ। ਗੁਰੂ ਜੀ ਨੇ ਉਸ ਸਮੇਂ ਇਸ ਤਰ੍ਹਾਂ ਸ਼ਬਦ ਉਚਾਰਿਆ :

ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ।
ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ।
ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ।੧।
ਭਾਈ ਰੇ ਇਉ ਸਿਰਿ ਜਾਣਹੁ ਕਾਲੁ।
ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ।੧।ਰਹਾਉ।
ਸਭੁ ਜਗੁ ਬਾਧੇ ਕਾਲ ਕੇ ਬਿਨ ਗੁਰ ਕਾਲੁ ਅਫਾਰੁ।
ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ।
ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ।੨।
ਸੀਚਾਨੇ ਜਿਉ ਪੰਖੀਆਂ ਜਾਲੀ ਬਧਿਕ ਹਾਥੀ।
ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ।
ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ।੩।
ਸਚੇ ਸਚਾ ਆਖੀਐ ਸਚੇ ਸਚਾ ਥਾਨੁ।

ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ।
ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ।੪।
ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ।
ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਇ ਬਿਖੁ ਖਾਇ।
ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ।੫।
ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ।
ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ।
ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ।੬।
ਤੂੰ ਹੈ ਸਾਜਨੁ ਤੂੰ ਸੁਜਾਣੁ ਤੂੰ ਆਪੇ ਮੇਲਣਹਾਰੁ।
ਗੁਰਸਬਦੀ ਸਾਲਾਹੀਐ ਅੰਤ ਨ ਪਾਰਾਵਾਰੁ।
ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰ।੭।
ਹੁਕਮੀ ਸਭੈ ਊਪਜਹਿ ਹੁਕਮੀ ਕਰਾ ਕਮਾਹਿ।
ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ।
ਨਾਨਕ ਜੋ ਤਿਸੁ ਭਾਵੈ ਸੋ ਥੀਐ ਏਨਾ ਜੰਤਾ ਵਸਿ ਕਿਛੁ ਨਾਹਿ।੮।੪।

(ਆ: ਗ੍ਰੰ: ਪੰ: ੫੫) (ਸਿਰੀ ਰਾਗੁ ਮਹਲਾ ੧ ਅਸਟਪਦੀਆ)

ਜਿਸ ਬਾਲਕ ਬਾਰੇ ਗੁਰੂ ਜੀ ਨੇ ਉਤਲਾ ਸ਼ਬਦ ਉਚਾਰਿਆ ਸੀ ਗੁਰੂ ਜੀ ਵਲੋਂ ਉਸ ਬਾਰੇ ਮਾਣ-ਭਰੇ ਸ਼ਬਦ ਕਹੇ ਜਾਣ ਕਰਕੇ ਲੋਕ ਉਸਨੂੰ ਭਾਈ ਬੁੱਢਾ ਹੀ ਕਹਿਣ ਲੱਗ ਪਏ। ਭਾਈ ਬੁੱਢਾ ਜੀ ਦੀ ਏਨੀ ਮਾਣ-ਵਡਿਆਈ ਹੋਈ ਕਿ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਪਹਿਲਿਆਂ ਪੰਜਾਂ ਗੁਰੂਆਂ ਨੂੰ ਗੁਰਿਆਈ ਤਿਲਕ ਦੇਣ ਦਾ ਸਨਮਾਨ ਇਹਨਾਂ ਨੂੰ ਹੀ ਪ੍ਰਾਪਤ ਹੋਇਆ।

ਕਰਤਾਰਪੁਰ ਦੀ ਰਹੁ-ਰੀਤ

ਗੁਰੂ ਜੀ ਨੇ ਹੁਣ ਜਿੱਥੇ ਨਿਵਾਸ ਕਰ ਲਿਆ ਸੀ, ਮਹਿਤਾ ਕਾਲੂ ਆਪਣੇ ਸਬੰਧੀਆਂ ਸਮੇਤ ਓਥੇ ਆਪਣੇ ਸਪੁੱਤਰ ਗੁਰੂ ਜੀ ਕੋਲ ਗਏ। ਹੁਣ ਸਿੱਖ ਸੰਗਤਾਂ ਬਣਨ ਲੱਗ ਪਈਆਂ। ਗੁਰੂ ਜੀ ਨੇ ਆਪਣਾ ਅਜੀਬ ਜਿਹਾ ਪਹਿਰਾਵਾ ਉਤਾਰ ਕੇ ਸਾਧਾਰਣ ਰਿਵਾਜ ਅਨੁਸਾਰ ਕਪੜੇ ਪਹਿਨ ਲਏ ਸਨ। ਲੱਕ ਗਿਰਦੇ ਕਪੜਾ, ਮੋਢਿਆਂ ਉੱਤੇ ਚਾਦਰ ਅਤੇ ਸਿਰ ਤੇ ਪਗੜੀ ਬੰਨ੍ਹ ਲੈਣ ਕਾਰਨ ਗੁਰੂ ਜੀ ਇਕ ਮਹਾਨ ਆਤਮਾ ਵਾਲੇ ਪ੍ਰਤੀਤ ਹੁੰਦੇ ਸਨ। ਲੋਕ ਆਖਦੇ ਸਨ, 'ਗੁਰੂ ਜੀ ਦੀ ਮਹਿਮਾ ਦੀ ਗੁੱਡੀ ਅੱਜ ਕੱਲ੍ਹ ਆਕਾਸ਼ ਤੇ ਚੜ੍ਹੀ ਹੋਈ ਹੈ।' ਤੇ ਹਰ ਕੋਈ ਆਖਦਾ ਸੀ, "ਧੰਨ ਗੁਰੂ ਨਾਨਕ। ਇਹ ਤਾਂ ਦੁਨੀਆਂ ਤੇ ਇਕ ਮਹਾਨ ਆਤਮਾ ਪ੍ਰਗਟ ਹੋਈ ਹੈ।"

ਕਰਤਾਰਪੁਰ ਵਿੱਚ ਦਿਨ ਚੜ੍ਹਨ ਤੋਂ ਇਕ ਘੜੀ ਪਹਿਲਾਂ ਜਪੁਜੀ ਸਾਹਿਬ ਦਾ ਤੇ ਆਸਾ ਦੀ ਵਾਰ ਦਾ ਪਾਠ ਹੁੰਦਾ ਸੀ। ਉਸ ਤੋਂ ਬਾਅਦ ਸੂਰਜ ਨਿਕਲਣ ਪਿਛੋਂ ਸਵਾ ਪਹਿਰ ਤਕ ਗੁਰੂ ਜੀ ਦੀ ਬਾਣੀ ਪੜ੍ਹੀ ਜਾਂਦੀ ਤੇ ਉਸਦੀ ਕਥਾ ਹੁੰਦੀ ਅਤੇ ਫੇਰ 'ਗਗਨ

ਮੈ ਥਾਲੁ' ਆਰਤੀ ਪੜ੍ਹੀ ਜਾਂਦੀ। ਇਸ ਤੋਂ ਉਪਰੰਤ ਸਵੇਰ ਦਾ ਭੋਜਨ ਵੰਡਿਆ ਜਾਂਦਾ। ਤੀਜੇ ਪਹਿਰ ਸ਼ਬਦ ਕੀਰਤਨ ਕੀਤਾ ਜਾਂਦਾ ਤੇ ਫੇਰ ਆਥਣੇ ਸੋਦਰ ਦਾ ਪਾਠ ਕੀਤਾ ਜਾਂਦਾ। ਓਦੋਂ ਸਾਰੇ ਸ਼ਿਸ਼ ਇਕੱਠੇ ਪ੍ਰਸ਼ਾਦਾ ਛਕਦੇ ਸਨ। ਪ੍ਰਸ਼ਾਦਾ ਛਕਣ ਉਪਰੰਤ ਫੇਰ ਸ਼ਬਦ ਪੜ੍ਹੇ ਜਾਂਦੇ। ਪਹਿਰ ਭਰ ਰਾਤ ਬੀਤ ਜਾਣ ਤੇ ਕੀਰਤਨ ਸੋਹਿਲੇ ਦਾ ਪਾਠ ਕੀਤਾ ਜਾਂਦਾ ਤੇ ਫੇਰ ਸਾਰੇ ਸਉਂ ਜਾਂਦੇ।

ਕਰਤਾਰਪੁਰ ਵਿੱਚ ਜਦ ਗੁਰੂ ਜੀ ਭਜਨ ਬਾਣੀ ਤੋਂ ਰਤਾ ਵਿਹਲੇ ਹੁੰਦੇ ਤਾਂ ਜੋ ਕੋਈ ਓਥ ਆਉਂਦਾ ਉਸ ਨੂੰ ਉਪਦੇਸ਼ ਦੇਣ ਵਿੱਚ ਆਪਣਾ ਸਮਾਂ ਬਿਤਾਉਂਦੇ ਸਨ। ਆਪ ਜੀ ਨੇ ਮਾਲੋਂ ਅਤੇ ਭਾਗੋ ਨੂੰ ਹਿੰਦੂ ਮਤ ਅਨੁਸਾਰ ਤਪੱਸਿਆ ਨਾਲ ਸ਼ਰੀਰ ਨੂੰ ਦੁੱਖ ਸਹਾਰਣ ਦੇ ਵਿਸ਼ੇ ਤੇ ਇਸ ਤਰ੍ਹਾਂ ਉਪਦੇਸ਼ ਦਿੱਤਾ :

"ਧੂਣੇ ਤਾਪਣਾ, ਕਿੰਨਾ ਕਿੰਨਾ ਚਿਰ ਪਾਣੀ ਵਿੱਚ ਖੜੇ ਰਹਿਣਾ, ਵਰਤ ਰੱਖਣਾ, ਹੁਨਾਲੇ ਤੇ ਸਿਆਲੇ ਨੂੰ ਦੇਹ ਤੇ ਸਹਾਰਨਾ, ਬਾਹਾਂ ਨੂੰ ਹਮੇਸ਼ਾ ਉਤਾਂਹ ਵੱਲ ਚੁੱਕੀ ਰੱਖਣਾ, ਪੁਠੇ ਲਮਕ ਕੇ ਤਪੱਸਿਆ ਕਰਨੀ, ਇਕ ਟੰਗ ਆਸਰੇ ਕਿੰਨਾ ਕਿੰਨਾ ਚਿਰ ਖੜਿਆਂ ਰਹਿਣਾ, ਜੰਗਲੀ ਕੰਦ ਮੂਲ ਦਾ ਅਹਾਰ ਕਰਨਾ, ਦਰਿਆਵਾਂ ਕਿਨਾਰੇ ਜਾ ਕੇ ਰਹਿਣਾ, ਯਾਤਰੀਆਂ ਦੀ ਸ਼ਕਲ ਵਿੱਚ ਦੁਨੀਆਂ ਵਿੱਚ ਘੁੰਮਦੇ ਫਿਰਨਾ, ਪੂਰਨਮਾਸ਼ੀ ਦਾ ਵਰਤ ਰੱਖਣਾ, ਇਸ ਤਰ੍ਹਾਂ ਦੀਆਂ ਸਾਰੀਆਂ ਤਪੱਸਿਆਵਾਂ ਅਗਿਆਨਤਾ ਵਾਲੇ ਕੰਮ ਹਨ।'

ਸਿੱਖਾਂ ਦੀ ਭਗਤੀ ਦੇ ਸਾਧਨਾਂ ਬਾਰੇ ਗੁਰੂ ਜੀ ਨੇ ਇਸ ਤਰ੍ਹਾਂ ਫੁਰਮਾਨ ਕੀਤਾ : 'ਅਸਥਿਰ ਬਿਰਤੀਆਂ ਵਿੱਚ ਭਟਕਦੇ ਮਨ ਨੂੰ ਕਾਬੂ ਕਰਕੇ ਇਕਾਗਰ ਕਰਨਾ, ਤੇ ਫੇਰ ਉਸਨੂੰ ਗਿਆਨ ਦੇ ਧਿਆਨ ਵਿੱਚ ਲਾਉਣਾ, ਵਾਹਿਗੁਰੂ ਦੀ ਮਹਿਮਾ ਦੇ ਸ਼ਬਦਾਂ ਦਾ ਭਗਤੀ-ਭਾਵ ਨਾਲ ਕੀਰਤਨ ਕਰਨਾ ਤੇ ਸੁਣਨਾ, ਇਹ ਸਾਰੇ ਅਜਿਹੇ ਸ਼ੁਭ ਕੰਮ ਹਨ ਜੋ ਕਿ ਸੌਖ ਨਾਲ ਕੀਤੇ ਜਾ ਸਕਦੇ ਹਨ। ਇਹਨਾਂ ਤੇ ਮਿਹਨਤ ਤਾਂ ਘੱਟ ਹੁੰਦੀ ਹੈ ਪਰ ਫੱਲ ਵਧੇਰੇ ਮਿਲਦਾ ਹੈ। ਇਸ ਤੋਂ ਉਲਟ, ਹਿੰਦੂ ਮਤ ਅਨੁਸਾਰ ਤਪੱਸਿਆ ਵਿਚ ਕਸ਼ਟ ਵਧੇਰੇ ਸਹਿਣਾ ਪੈਂਦਾ ਹੈ ਤੇ ਇਸ ਬਦਲੇ ਫਲ ਬਹੁਤ ਥੋੜਾ ਮਿਲਦਾ ਹੈ।

ਸੰਤ ਜਨਾਂ ਦੇ ਸ਼ੁਭ ਗੁਣ

ਇੱਕ ਆਦਮੀ ਨੇ ਜਿਸਦਾ ਨਾਉਂ ਕਾਲੂ ਸੀ ਗੁਰੂ ਜੀ ਅੱਗੇ ਬੇਨਤੀ ਕੀਤੀ, 'ਗੁਰੂ ਜੀ! ਸੰਤ ਜਨ ਕਿਸਨੂੰ ਕਹਿੰਦੇ ਹਨ?' ਗੁਰੂ ਜੀ ਨੇ ਉੱਤਰ ਵਿੱਚ ਕਿਹਾ, 'ਜਿਸ ਵਿੱਚ ਮਿੱਤਰਤਾ, ਹਮਦਰਦੀ ਹੋਵੇ, ਜੋ ਦੂਜਿਆਂ ਦਾ ਹਿਤ ਹੁੰਦਾ ਦੇਖ ਕੇ ਖੁਸ਼ ਹੋਵੇ ਅਤੇ ਕੁਸੰਗਤ ਨੂੰ ਬੁਰਾ ਸਮਝੇ, ਉਸ ਪੁਰਸ਼ ਨੂੰ ਸੰਤ ਸਮਝੋ। ਪਹਿਲੀ ਗੱਲ ਤਾਂ ਇਹ ਹੈ ਕਿ ਸੰਤਾਂ ਦੀਆਂ ਇੱਛਾਵਾਂ ਪਵਿੱਤਰ ਤੇ ਨੇਕ ਹੁੰਦੀਆਂ ਹਨ। ਦੂਜੀ ਗੱਲ ਇਹ ਕਿ ਉਹ ਦੂਜਿਆਂ ਦੀ ਉਪਮਾ ਸੁਣ ਕੇ ਖੁਸ਼ ਹੁੰਦੇ ਹਨ। ਤੀਜੀ ਗੱਲ ਇਹ ਕਿ ਉਹ ਮਹਾਂਪੁਰਸ਼ਾਂ ਦੇ ਸੇਵਕ ਹੁੰਦੇ ਹਨ, ਚੌਥੀ ਗੱਲ ਇਹ ਕਿ ਜੋ ਉਨ੍ਹਾਂ ਨੂੰ ਵਿਦਿਆ ਤੇ ਨੇਕ ਰਾਏ ਦੇ ਸਕਦੇ ਹਨ ਉਹ ਉਹਨਾਂ ਨੂੰ ਸਨਮਾਨਦੇ ਹਨ। ਪੰਜਵੀਂ ਗੱਲ ਇਹ ਕਿ ਜਿਵੇਂ ਕੁਝ ਚਿਰ ਬਾਅਦ

ਰੋਟੀ ਖਾਣ ਦੀ ਤੇ ਨਸ਼ਾ ਪੀਣ ਦੀ ਲਾਲਸਾ ਜਾਗਦੀ ਹੈ, ਓਵੇਂ ਹੀ ਸੰਤ ਜਨਾਂ ਨੂੰ ਗੁਰਬਾਣੀ ਤੇ ਬ੍ਰਹਮ ਗਿਆਨ ਦੀ ਲਾਲਸਾ ਪੈਦਾ ਹੁੰਦੀ ਹੈ। ਛੇਵੀਂ ਗੱਲ, ਸੰਤ ਜਨ ਆਪਣੀ ਇਸਤਰੀ ਨੂੰ ਪਿਆਰ ਤੇ ਪਰ ਇਸਤਰੀ ਦਾ ਤਿਆਗ ਕਰਦੇ ਹਨ। ਸੱਤਵੀਂ ਗੱਲ ਇਹ ਕਿ ਜਿਨ੍ਹਾਂ ਗੱਲਾਂ ਤੋਂ ਝਗੜੇ ਝਮੇਲੇ ਪੈਦਾ ਹੁੰਦੇ ਹੋਣ ਉਹਨਾਂ ਤੋਂ ਦੂਰ ਰਹਿੰਦੇ ਹਨ। ਅੱਠਵੀਂ ਗੱਲ, ਸੰਤ ਉਹਨਾਂ ਦੇ ਸੇਵਕ ਹੁੰਦੇ ਹਨ, ਜੋ ਉਨ੍ਹਾਂ ਦੀ ਸੇਵਾ ਕਮਾਉਂਦੇ ਹਨ, ਜੋ ਉਹਨਾਂ ਨਾਲੋਂ ਭਗਤੀ ਅਤੇ ਸੂਝ ਵਿੱਚ ਉਚੇਰੇ ਹੋਣ। ਨੌਵੀਂ ਗੱਲ ਇਹ ਕਿ ਭਾਵੇਂ ਉਹ ਆਪ ਤਕੜੇ ਨਰੋਏ ਵੀ ਹੋਣ ਤਾਂ ਵੀ ਉਹ ਘਮੰਡੀ ਨਹੀਂ ਹੁੰਦੇ ਅਤੇ ਦੂਜਿਆਂ ਨਾਲ ਧੱਕਾ ਨਹੀਂ ਕਰਦੇ। ਦਸਵੀਂ ਗੱਲ, ਸੰਤ ਜਨ ਭੈੜੀ ਸੰਗਤ ਨੂੰ ਤਿਆਗ ਕੇ ਨੇਕ ਲੋਕਾਂ ਦੀ ਸੰਗਤ ਕਰਦੇ ਹਨ।'

ਚੁਰਾਸੀ ਕਿਵੇਂ ਕੱਟੀ ਜਾਵੇ

ਭਗਤਾ ਅਤੇ ਓਹਰੀ ਦੋ ਸਿੱਖ ਸਨ। ਉਹਨਾਂ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਸ਼ਾਂਤੀ ਕਿਸ ਤਰ੍ਹਾਂ ਪ੍ਰਾਪਤ ਕੀਤੀ ਜਾਵੇ ਅਤੇ ਚੁਰਾਸੀ ਤੋਂ ਕਿਸ ਤਰ੍ਹਾਂ ਛੁੱਟਕਾਰਾ ਪਾਈਏ? ਗੁਰੂ ਜੀ ਨੇ ਉੱਤਰ ਵਿਚ ਆਖਿਆ, "ਮਨਮੁਖਤਾ ਦੇ ਕੰਮ ਛੱਡਣ ਨਾਲ ਤੁਹਾਨੂੰ ਸ਼ਾਂਤੀ ਮਿਲ ਸਕੇਗੀ।" ਜਦ ਉਹਨਾਂ ਨੇ ਮੁੜ ਫੇਰ ਬੇਨਤੀ ਕੀਤੀ ਕਿ ਜ਼ਰਾ ਵਧੇਰੇ ਸਪੱਸ਼ਟ ਕਰਕੇ ਦੱਸੋ ਕਿ ਮਨਮੁਖੀ ਕਰਮ ਕੀ ਹੁੰਦਾ ਹੈ ਤਾਂ ਗੁਰੂ ਜੀ ਨੇ ਕਿਹਾ : "ਮਨਮੁਖਤਾ ਦੇ ਕਰਮ ਇਹ ਹਨ : ਹਰ ਇੱਕ ਪ੍ਰਤੀ ਆਪਣੇ ਮਨ ਵਿੱਚ ਈਰਖਾ ਰੱਖਣੀ, ਹਮੇਸ਼ਾ ਇਹੋ ਲਾਲਸਾ ਰੱਖਣੀ ਕਿ ਸੰਸਾਰ ਦੀ ਸਾਰੀ ਮਾਇਆ ਤੇ ਸੁਖ ਦੂਜਿਆਂ ਨੂੰ ਛੱਡਕੇ ਮੈਨੂੰ ਹੀ ਮਿਲ ਜਾਣ, ਦੂਜਿਆਂ ਦੀ ਜਾਇਦਾਦ ਤੇ ਚੰਗੇ ਘਰਾਂ ਨੂੰ ਦੇਖ ਕੇ ਮਨ ਵਿੱਚ ਸਾੜਾ ਰੱਖਣਾ ਤੇ ਦੁੱਖ ਮਹਿਸੂਸ ਕਰਨਾ। ਸਾਰਿਆਂ ਨੂੰ ਆਪਣਾ ਸ਼ਤਰੂ ਖਿਆਲ ਕਰਨਾ ਤੇ ਕਿਸੇ ਨਾਲ ਨੇਕੀ ਨਾ ਕਮਾਉਣੀ। ਇਸ ਸਾਰੀ ਬੁਰਿਆਈ ਨੂੰ ਆਪਣੇ ਮਨ ਵਿਚੋਂ ਕੱਢ ਦੇਵੋ।

ਦੂਜੇ, ਮਨਮੁੱਖੀਆ ਹੰਕਾਰੀ ਤੇ ਬੇ-ਦਰਦ ਹੁੰਦਾ ਹੈ, ਜਦ ਉਹ ਦੇਖਦਾ ਹੈ ਕਿ ਫਲਾਣਾ ਬੰਦਾ ਮੇਰੇ ਨਾਲੋਂ ਘੱਟ ਸੂਝ ਰੱਖਦਾ ਹੈ ਤਾਂ ਮਨਮੁਖ ਉਸ ਨੂੰ ਕਦੇ ਸਮਝਾਉਂਦਾ ਨਹੀਂ, ਸਗੋਂ ਉਸਦਾ ਮਜ਼ਾਕ ਉਡਾਉਂਦਾ ਹੈ ਤੇ ਉਸ ਨਾਲ ਨਫਰਤ ਭਰਿਆ ਸਲੂਕ ਕਰਦਾ ਹੈ ਤੇ ਆਖਦਾ ਹੈ, "ਉਹ ਮੇਰੀ ਉੱਚ-ਪੱਧਰੀ ਬੁੱਧ ਦੇ ਤੁੱਲ ਦਾ ਨਹੀਂ।" ਤੀਜੇ ਇਹ ਕਿ ਮਨਮੁਖ ਸੁਭਾਵਿਕ ਨਿੰਦਿਆ ਕਰਨ ਵਾਲਾ ਹੁੰਦਾ ਹੈ। ਤੁਸੀਂ ਨਿੰਦਿਆ ਦਾ ਉੱਕਾ ਹੀ ਤਿਆਗ ਕਰ ਦਿਓ ਤੇ ਕਦੇ ਵੀ ਮੂੰਹ ਤੇ ਨਾ ਆਉਣ ਦਿਓ। ਜੇਕਰ ਕਦੇ ਕੋਈ ਵਿਅਕਤੀ ਕਿਸੇ ਆਪਣੇ ਤੋਂ ਵਡੇਰੇ ਦੀ ਵਡਿਆਈ ਕਰੇ ਤਾਂ ਮਨਮੁੱਖ ਨਹੀਂ ਸਹਾਰਦਾ, ਸਗੋਂ ਗੁੱਸੇ ਵਿੱਚ ਆ ਕੇ ਆਖਦਾ ਹੈ, "ਹਾਂ ਮੈਂ ਉਸਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ।" ਇਉਂ ਉਹ ਉਸਦੀ ਨਿੰਦਿਆ ਕਰਦਾ ਹੈ। ਜਿਹੜਾ ਜਿਹੜਾ ਆਦਮੀ ਆਪਣੇ ਕੀਤੇ ਤੇ ਘੁਮੰਡ ਕਰੇ ਤੇ ਦੂਜਿਆਂ ਨਾਲ ਈਰਖਾ ਰੱਖੇ ਭਲਾ ਉਸ ਕੋਲ ਸ਼ੁਭ ਗੁਣ ਕਿਵੇਂ ਰਹਿ ਸਕਦੇ ਹਨ? ਚੌਥੇ, ਜੇ ਕੋਈ ਮਨਮੁਖ ਵਿਅਕਤੀ ਨੂੰ ਨੇਕ ਸਲਾਹ ਮਸ਼ਵਰਾ ਦੇਵੇ ਤਾਂ ਉਹ ਉਸਤੇ ਅਮਲ ਨਹੀਂ ਕਰੇਗਾ, ਸਗੋਂ ਆਪਣੇ ਸੁਭਾਅ ਅਧੀਨ ਉਸ ਤੋਂ ਬਿਲਕੁਲ ਉਲਟ ਕੰਮ ਕਰੇਗਾ। ਇਹ ਭੈੜੇ ਕਰਮ, ਈਰਖਾ, ਘੁਮੰਡ, ਚੁਗਲੀ,

ਹਠ-ਧਰਮੀ ਮਨਮੁਖੀਏ ਵਿਚ ਹੁੰਦੇ ਹਨ। ਇਹਨਾਂ ਬੁਰਿਆਈਆਂ ਨੂੰ ਇਉਂ ਤਿਆਗ ਦੇਵੋ ਜਿਵੇਂ ਪਤਝੜ ਦੇ ਮੌਸਮ ਵਿੱਚ ਦਰਖਤ ਆਪਣੇ ਪੱਤਰਾਂ ਦਾ ਤਿਆਗ ਕਰ ਦਿੰਦੇ ਹਨ।''

ਸਤਿਨਾਮੁ

ਗੁਰੂ ਜੀ ਤੋਂ ਪੁੱਛਿਆ ਗਿਆ ਕਿ ਤੁਹਾਡੇ ਸ਼ਬਦਾਂ ਦੇ ਅਰੰਭ ਵਿੱਚ ਸਦਾ ''ਸਤਿਨਾਮ'' ਸ਼ਬਦ ਕਿਉਂ ਲਿਖਿਆ ਹੁੰਦਾ ਹੈ?

ਗੁਰੂ ਜੀ ਨੇ ਉੱਤਰ ਦਿੱਤਾ, ''ਨਾਮ ਸਾਰੇ ਦੇਵਤਿਆਂ ਦਾ ਦੇਵਤਾ ਹੈ। ਕੋਈ ਦੁਰਗਾ ਨੂੰ ਖੁਸ਼ ਕਰਦਾ ਹੈ, ਕੋਈ ਸ਼ਿਵ ਨੂੰ ਕਰਦਾ ਹੈ, ਕੋਈ ਗਣੇਸ਼ ਨੂੰ ਅਤੇ ਕੋਈ ਹੋਰ ਦੇਵਤਿਆਂ ਨੂੰ ਖੁਸ਼ ਕਰਦਾ ਹੈ, ਪਰ ਗੁਰੂ ਦੇ ਸਿੱਖ ਸੱਚੇ ਨਾਮ ਦੀ ਹੀ ਪੂਜਾ ਕਰਦੇ ਹਨ ਤੇ ਉਹਨਾਂ ਦੇ ਮੁਕਤੀ-ਮਾਰਗ ਦੀਆਂ ਕੁਲ ਔਕੜਾਂ ਦੂਰ ਹੋ ਜਾਂਦੀਆਂ ਹਨ, ਇਸੇ ਲਈ 'ਸਤਿਨਾਮ' ਸਾਰੀਆਂ ਰਚਨਾਵਾਂ ਦੇ ਅਰੰਭ ਵਿੱਚ ਲਿਖਿਆ ਜਾਂਦਾ ਹੈ।'

ਤੁਖਾਰੀ ਛੰਤ ਮਃ ੧ ਬਾਰਹ ਮਾਹਾ

ਏਥੇ ਹੀ ਗਰੂ ਜੀ ਨੇ ਆਪਣਾ ਬਾਰਾ ਮਾਂਹ ਉਚਾਰਿਆ। ਕੁਦਰਤੀ ਪੱਖ ਤੋਂ ਇਸਦਾ ਵਰਣਨ ਗੁਰੂ ਜੀ ਦੇ ਆਪਣੇ ਦੇਸ ਪੰਜਾਬ ਦੇ ਮੌਸਮਾਂ ਅਨੁਸਾਰ ਹੈ। ਹੇਠਾਂ ਪੂਰਾ ਬਾਰਾਂ ਮਾਂਹ ਦੇ ਰਹੇ ਹਾਂ :—

ੴ ਸਤਿਗੁਰ ਪ੍ਰਸਾਦਿ॥

ਤੂੰ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ।
ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ।
ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ।
ਪ੍ਰਿਯ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤ ਪੀਵਾ।
ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ।
ਨਾਨਕ ਪੰਥੁ ਨਿਹਾਲੇ ਸਾਧਨ ਤੂੰ ਸੁਣਿ ਆਤਮਰਾਮਾ।੧।
ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ।
ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ।
ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ।
ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰ ਵਾਸੁ ਮੁਰਾਰੇ।
ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ ਬਾਸਰੁ ਰੰਗਿ ਰਾਵੈ।
ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦ ਸੁਹਾਵੈ।੨।
ਤੂੰ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ।
ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ।
ਕਿਉ ਘੜੀ ਬਿਸਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ।
ਨਾ ਕੋਈ ਮੇਰਾ ਹਉ ਕਿਸੁ ਕੇਰਾ ਹਰਿ ਬਿਨੁ ਰਹਣੁ ਨ ਜਾਏ।

ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ।
ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰਸਬਦੀ ਮਨੁ ਧੀਰਾ।੩।
ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ।
ਸਾਜਨ ਮਿਲੈ ਸਹਜਿ ਸੁਭਾਇ ਹਰਿ ਸਉ ਪ੍ਰੀਤਿ ਬਾਣੀ।
ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ।
ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ॥
ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮ ਸੁਖਾਵੈ।
ਨਾਨਕ ਵਰਸੈ ਅੰਮ੍ਰਿਤੁ ਬਾਣੀ ਕਰਿ ਕਿਰਪਾ ਘਰਿ ਆਵੈ।੪।
ਚੇਤੁ ਬਸੰਤੁ ਭਲਾ ਭਵਰੁ ਸੁਹਾਵੜੇ।
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ।
ਪਿਰ ਘਰ ਨਹੀਂ ਆਵੈ ਧਨ ਕਿਉਂ ਸੁਖੁਪਾਵੈ ਬਿਰਹਿ ਬਿਰੋਧ ਤਨੁ ਛੀਜੈ।
ਕੋਕਿਲ ਅੰਬ ਸੁਹਾਵੀ ਬੋਲੈ ਕਿਉ ਦੁਖੁ ਅੰਕ ਸਹੀਜੈ।
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ।
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ।੫।
ਵੈਸਾਖ ਭਲਾ ਸਾਖਾ ਵੇਸੁ ਕਰੇ।
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ।
ਘਰਿ ਆਉ ਪਿਆਰੇ ਦੁਤਰ ਤਾਰੇ ਤੁਧ ਬਿਨੁ ਅਢੁ ਨ ਮੋਲੋ।
ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ।
ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ।
ਨਾਨਕ ਵੈਸਾਖੀ ਪ੍ਰਭੁ ਪਾਵੈ ਸੁਰਤਿ ਸਬਦ ਮਨੁ ਮਾਨਾ।੬।
ਮਾਹੁ ਜੇਠੁ ਭਲਾ ਪ੍ਰੀਤਮ ਕਿਉ ਬਿਸਰੈ।
ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ।
ਧਨ ਬਿਨਉ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ।
ਸਾਚੈ ਮਹਿਲ ਰਹੈ ਬੈਰਾਗੀ ਆਵਣ ਦੇਹਿ ਤ ਆਵਾ।
ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖੁ ਮਹਲੀ।
ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ।੭।
ਆਸਾੜੁ ਭਲਾ ਸੂਰਜੁ ਗਗਨਿ ਤਪੈ।
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ।
ਅਗਨਿ ਰਸੁ ਸੋਖੈ ਮਰੀਆ ਧੋਖੈ ਭੀ ਸੋ ਕਿਰਤੁ ਨ ਹਾਰੇ।
ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ।
ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ।
ਨਾਨਕ ਜਿਸਨੇ ਇਹ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ।
ਸਾਵਣਿ ਸਰਸ ਮਨਾ ਘਣ ਵਰਸਹਿ ਰੁਤ ਆਏ।

ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ।
ਪਿਰ ਘਰਿ ਨਹੀ ਆਵੇ ਮਰੀਐ ਹਾਵੇ ਦਾਮਨਿ ਚਮਕਿ ਡਰਾਏ।
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ।
ਹਰਿ ਬਿਨੁ ਨੀਂਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ।
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ।੯।
ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ।
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ।
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ।
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੈ ਭੁਇਅੰਗਮ ਫਿਰਹਿ ਡਸੰਤੇ।
ਮਛਰ ਡੰਗ ਸਾਇਰ ਭਰ ਸੁਭਰ ਬਿਨ ਹਰਿ ਕਿਉ ਸੁਖੁ ਪਾਈਐ।
ਨਾਨਕ ਪੂਛਿ ਦਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ।੧੦।
ਆਸੁਨਿ ਆਉ ਪਿਰਾ ਸਾਧਨ ਝੂਰਿ ਮੁਈ।
ਤਾ ਮਿਲੀਐ ਪ੍ਰਭ ਮੇਲੇ ਦੂਜੇ ਭਾਏ ਖੁਈ।
ਝੂਠਿ ਵਿਗੁਤੀ ਤਾ ਪਿਰ ਮੁਤੀ ਕੂਕਹ ਕਾਹ ਸਿ ਫੁਲੇ।
ਆਰੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨ ਡੋਲੇ।
ਦਹਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ।
ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ।੧੧।
ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ।
ਦੀਪਕੁ ਸਹਜਿ ਤਤਿ ਜਲਾਇਆ।
ਦੀਪਕ ਰਸ ਤੇਲੇ ਧਨ ਪਿਰ ਮੇਲੋ ਧਨੁ ਓਮਾਹੈ ਸਰਸੀ।
ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ।
ਨਾਮੁ ਭਗਤਿ ਦੇ ਨਿਜ ਘਰ ਬੈਠੇ ਅਜਹੁ ਤਿਨਾੜੀ ਆਸਾ।
ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ।੧੨।
ਮੰਘਰ ਮਾਹੁ ਭਲਾ ਹਰਿਗੁਣ ਅੰਕਿ ਸਮਾਵਏ।
ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ।
ਨਿਹਚਲੁ ਚਤੁਰ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ।
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ।
ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ।
ਨਾਨਕ ਸਾਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ।੧੩।
ਪੋਖਿ ਤੁਖਾਰੁ ਪੜੈ ਵਣੁ ਤ੍ਰਿਣ ਰਸੁ ਸੋਖੈ।
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ।
ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ।
ਅੰਡਜ ਜੇਰਜ ਦਇਆ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ।

ਦਰਸਨੁ ਦੇਹੁ ਦਇਆ ਪਤਿ ਦਾਤੇ ਗਤਿ ਪਾਵਉ ਮਤਿ ਦੇਹੋ।
ਨਾਨਕ ਰੰਗ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ।੧੪।
ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ।
ਸਾਜਨੁ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ।
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ।
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ।
ਪੁੰਨਦਾਨ ਪੂਜਾ ਪਰਮੇਸੁਰ ਜੁਗਿ ਜੁਗ ਏਕੋ ਜਾਤਾ।
ਨਾਨਕ ਮਾਘਿ ਮਹਾਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ।੧੫।
ਫਲਗੁਨਿ ਮਨਿ ਰਹਸੀ ਪ੍ਰੇਮ ਸੁਭਾਇਆ।
ਅਨਦਿਨੁ ਰਹਸੁ ਭਇਆ ਆਪੁ ਗਵਾਇਆ।
ਮਨਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ।
ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ।
ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ।
ਨਾਨਕ ਮੇਲਿ ਲਈ ਗੁਰ ਆਪਣੈ ਘਰਿ ਵਰੁ ਪਾਇਆ ਨਾਰੀ।੧੬।
ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ।
ਘੜੀ ਮੂਰਤ ਪਲ ਸਾਚੇ ਆਏ ਸਹਿਜ ਮਿਲੇ।
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ।
ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ।
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ।
ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ।੧੭।

(ਆ: ਗ੍ਰੰ: ਪੰ: ੧੧੦੭)

ਸ਼ਿਵਨਾਭ ਰਾਜੇ ਦਾ ਸਿੱਖ ਬਣਨਾ

ਓਦੋਂ ਇੱਕ ਆਦਮੀ ਦੀ ਹਾਲਤ ਅੱਤ ਗਰੀਬੀ ਵਾਲੀ ਸੀ ਅਤੇ ਉਸਦੀ ਇੱਕ ਲੜਕੀ ਵਿਆਹੁਣ ਵਾਲੀ ਸੀ। ਉਸ ਆਦਮੀ ਨੇ ਗੁਰੂ ਜੀ ਕੋਲ ਆ ਕੇ ਬੇਨਤੀ ਕੀਤੀ ਕਿ ਗੁਰੂ ਜੀ ਉਸਦੀ ਲੜਕੀ ਦੇ ਵਿਆਹ ਦੇ ਸਾਮਾਨ ਲਈ ਉਸਨੂੰ ਕੁਝ ਇਮਦਾਦ ਦੇਣ।

ਗੁਰੂ ਜੀ ਨੇ ਆਖਿਆ ਕਿ ਜਿਹੜੀ ਜਿਹੜੀ ਚੀਜ਼ ਦੀ ਤੈਨੂੰ ਲੋੜ ਹੈ, ਉਹ ਸਾਨੂੰ ਸੂਚੀ ਬਣਾ ਕੇ ਦੇ ਦੇ, ਅਸੀਂ ਸਾਰੀਆਂ ਚੀਜ਼ਾਂ ਮੰਗਵਾ ਦਿਆਂਗੇ। ਉਸ ਆਦਮੀ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਸੂਚੀ ਦੇ ਦਿੱਤੀ। ਗੁਰੂ ਜੀ ਨੇ ਸੇਵਾਦਾਰ ਭਗੀਰਥ ਨੂੰ ਸੱਦਿਆ ਤੇ ਉਸਨੂੰ ਆਗਿਆ ਦਿੱਤੀ ਕਿ ਉਹ ਲਾਹੌਰ ਜਾ ਕੇ ਜਿਨ੍ਹਾਂ ਚੀਜ਼ਾਂ ਦੀ ਲੋੜ ਹੈ ਲੈ ਆਵੇ, ਪਰ ਉਸਨੂੰ ਇੱਕ ਗੱਲ ਤਾੜ ਕੇ ਆਖ ਦਿੱਤੀ ਕਿ ਉਹ ਲਾਹੌਰ ਸ਼ਹਿਰ ਵਿਚ ਰਾਤ ਨਾ ਰਹੇ।

ਭਗੀਰਥ ਲਾਹੌਰ ਪਹੁੰਚਕੇ ਇੱਕ ਦੁਕਾਨ ਵਾਲੇ ਕੋਲ ਗਿਆ ਅਤੇ ਆਖਿਆ ਕਿ ਇਹ ਚੀਜ਼ਾਂ ਛੇਤੀ ਦੇ ਦੇਹ। ਦੁਕਾਨ ਵਾਲੇ ਨੇ ਆਖਿਆ ਕਿ ਇਕ ਦਿਨ ਠਹਿਰੋ ਅਤੇ

ਸਾਰਾ ਕੁਝ ਤਿਆਰ ਹੋ ਜਾਵੇਗਾ। ਭਗੀਰਥ ਨੇ ਆਖਿਆ ਕਿ ਇਹ ਅਸੰਭਵ ਹੈ। ਦੁਕਾਨ ਵਾਲੇ ਨੇ ਆਖਿਆ ਕਿ ਅੱਜ ਹੋਰ ਤਾਂ ਸਾਰੀਆਂ ਵਸਤੂਆਂ ਤਿਆਰ ਹੋ ਜਾਣਗੀਆਂ ਪਰ ਵਿਆਹ ਵਾਲੀ ਕੁੜੀ ਦਾ ਚੂੜਾ ਰਾਤ ਤੋਂ ਪਹਿਲਾਂ ਬਣਾਇਆ ਅਤੇ ਰੰਗਿਆ ਨਹੀਂ ਜਾ ਸਕਦਾ। ਗੁਰੂ ਜੀ ਦਾ ਜੋ ਹੁਕਮ ਸੀ ਭਗੀਰਥ ਨੇ ਖੋਲ੍ਹ ਕੇ ਦਸਿਆ। ਦੁਕਾਨ ਵਾਲੇ ਨੇ ਪੁਛਿਆ ਕਿ ਤੂੰ ਕਿਸ ਤਰ੍ਹਾਂ ਦੇ ਮਾਲਕ ਦਾ ਨੌਕਰ ਹੈਂ, ਜਿਸ ਨੇ ਤੈਨੂੰ ਇਸ ਤਰ੍ਹਾਂ ਦਾ ਹੁਕਮ ਦਿੱਤਾ ਹੈ? ਭਗੀਰਥ ਨੇ ਜਵਾਬ 'ਚ ਕਿਹਾ ਕਿ ਮੇਰੇ ਮਾਲਕ, ਗੁਰੂ ਜੀ ਹਨ। ਦੁਕਾਨ ਵਾਲੇ ਨੇ ਆਖਿਆ ਕਿ ਇਸ ਜੁਗ ਦੇ ਕਿਹੜੇ ਗੁਰੂ ਜੀ ਹਨ। ਭਗੀਰਥ ਸਿਰਫ ਐਨਾ ਹੀ ਜਵਾਬ ਦੇ ਸਕਿਆ ਕਿ ਮੇਰਾ ਮਾਲਕ ਇੱਕ ਮਹਾਂਪੁਰਸ਼ ਹੈ। ਦੁਕਾਨ ਵਾਲੇ ਨੇ ਫੇਰ ਪੁਛਿਆ ਕਿ ਹੇ ਬੇ-ਸਮਝ, ਇਸ ਜ਼ਮਾਨੇ 'ਚ ਤੈਨੂੰ ਮਹਾਂਪੁਰਸ਼ ਕਿਥੋਂ ਮਿਲ ਸਕਦਾ ਹੈ? ਕੁਝ ਹੋਰ ਗੱਲਾਂ ਅਤੇ ਭਗੀਰਥ ਵਲੋਂ ਗੁਰੂ ਜੀ ਦੇ ਜਿਆਦਾ ਵਡਿਆਈ ਕਰਨ ਪਿਛੋਂ ਦੁਕਾਨ ਵਾਲੇ ਨੇ ਇਹ ਫੈਸਲਾ ਕੀਤਾ ਕਿ ਮੈਂ ਭਗੀਰਥ ਨਾਲ ਇਸਦੇ ਮਾਲਕ ਕੋਲ ਜਾਵਾਂਗਾ। ਦੁਕਾਨਦਾਰ ਦੇ ਆਪਣੇ ਘਰ 'ਚ ਇੱਕ ਰੰਗੇ ਹੋਏ ਚੂੜੇ ਦੀ ਜੋੜੀ ਪਈ ਸੀ, ਉਸ ਨੇ ਕਿਹਾ ਕਿ ਮੈਂ ਲੈ ਚੱਲਾਂਗਾ ਅਤੇ ਗੁਰੂ ਜੀ ਨੂੰ ਦੇ ਦੇਵਾਂਗਾ। ਫੇਰ ਭਗੀਰਥ ਨੂੰ ਆਖਿਆ, "ਜੇ ਤੇਰੇ ਮਾਲਕ ਮਹਾਂਪੁਰਸ਼ ਹਨ ਤਾਂ ਉਹ ਜਿਸ ਤਰ੍ਹਾਂ ਤੇਰੇ ਗੁਰੂ ਹਨ, ਮੇਰੇ ਵੀ ਗੁਰੂ ਹੋਏ ਅਤੇ ਮੈਂ ਉਹਨਾਂ ਨੂੰ ਚੂੜਾ ਬਿਨਾਂ ਕਿਸੇ ਕੀਮਤ ਦੇ ਭੇਟ ਕਰ ਦੇਵਾਂਗਾ। ਪਰ ਜੇ ਉਹ ਪੂਰੇ ਮਹਾਂਪੁਰਸ਼ ਨਾ ਹੋਏ ਤਾਂ ਮੈਂ ਉਹਨਾਂ ਤੋਂ ਪੂਰੀ ਕੀਮਤ ਲਵਾਂਗਾ।" ਜਦੋਂ ਦੁਕਾਨਦਾਰ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਭਗੀਰਥ ਨੂੰ ਉਸ ਦੇ ਦੇਰ ਨਾਲ ਆਉਣ ਤੇ ਗੁਰੂ ਜੀ ਤੋਂ ਥੋੜੀ ਜਿਹੀ ਝਾੜ ਪੈਂਦਿਆਂ ਸੁਣਿਆ ਤਾਂ ਉਸਨੂੰ ਪੂਰਾ ਵਿਸ਼ਵਾਸ਼ ਹੋ ਗਿਆ ਕਿ ਗਰੂ ਜੀ ਸੱਚਮੁੱਚ ਹੀ ਮਹਾਂਪੁਰਸ਼ ਅਤੇ ਅੰਤਰਜਾਮੀ ਹਨ। ਫੇਰ ਉਹ ਗੁਰੂ ਜੀ ਦੇ ਪੈਰਾਂ ਤੇ ਗਿਰ ਗਿਆ ਅਤੇ ਸੁੱਖ ਪ੍ਰਾਪਤ ਕੀਤਾ। ਉਹ ਗੁਰੂ ਜੀ ਕੋਲ ਤਿੰਨ ਸਾਲ ਰਿਹਾ। ਇਸ ਵੇਲੇ ਤੱਕ ਉਸ ਨੇ ਗੁਰੂ ਜੀ ਦੇ ਕਿੰਨੇ ਸਾਰੇ ਸ਼ਬਦ ਮੂੰਹ ਜ਼ਬਾਨੀ ਯਾਦ ਕਰ ਲਏ ਸਨ।

ਜਦੋਂ ਉਹ ਦੁਕਾਨਦਾਰ ਵਾਪਸ ਲਾਹੌਰ ਆਇਆ ਤਾਂ ਉਸ ਨੇ ਵਿਉਪਾਰੀਆਂ ਅਤੇ ਮਹਾਜਨਾਂ ਨੂੰ ਬੁਲਾ ਕੇ ਜੋ ਕੁਝ ਉਸਦੀ ਦੁਕਾਨ 'ਚ ਸੀ, ਸਾਰਾ ਕੁਝ ਵੇਚ ਦਿੱਤਾ ਅਤੇ ਆਪਣੇ ਵਿਉਪਾਰ ਦੇ ਵਧਾਉਣ ਲਈ ਜਹਾਜ਼ ਤੇ ਚੜ੍ਹ ਕੇ ਲੰਕਾ ਚਲਾ ਗਿਆ ਤੇ ਉਥੇ ਹੀ ਉਹ ਰਹਿਣ ਲੱਗ ਗਿਆ ਅਤੇ ਵਿਉਪਾਰ ਕਰਨ ਲੱਗ ਪਿਆ ਅਤੇ ਨਾਲ ਹੀ ਉਹ ਧਾਰਮਕ ਜੀਵਨ ਗੁਜ਼ਾਰਨ ਲੱਗਾ ਅਤੇ ਗੁਰੂ ਜੀ ਦੀ ਬਾਣੀ ਨੂੰ ਉਸਨੇ ਕਦੇ ਨਾ ਭੁਲਾਇਆ। ਕਾਫੀ ਰਾਤ ਗਏ ਤੱਕ ਉਹ ਸ਼ਬਦ ਗਾਉਂਦਾ ਰਹਿੰਦਾ ਅਤੇ ਸਵੇਰੇ ਤੜਕੇ ਹੀ ਇਸ਼ਨਾਨ ਅਤੇ ਭਗਤੀ ਲਈ ਉਠ ਖੜਾ ਹੁੰਦਾ। ਇਸ਼ਨਾਨ ਦੇ ਸਬੰਧ 'ਚ ਉਸ ਨੇ ਗੁਰੂ ਜੀ ਤੋਂ ਸਿੱਖਿਆ ਹੋਇਆ ਸੀ ਕਿ ਜੋ ਆਦਮੀ ਪਹਿਰ ਰਾਤ ਰਹੇ ਠੰਢੇ ਪਾਣੀ ਨਾਲ਼ ਇਸ਼ਨਾਨ ਕਰਕੇ ਭਾਉ-ਭਗਤੀ ਨਾਲ ਪ੍ਰਮਾਤਮਾ ਦਾ ਨਾਮ ਲਵੇਗਾ ਉਸਨੂੰ ਪ੍ਰਮਾਤਮਾ ਦੇ ਦਰ ਤੋਂ ਅੰਮ੍ਰਿਤਦਾਨ ਪ੍ਰਾਪਤ ਹੋਵੇਗਾ ਅਤੇ ਉਹ ਉਸ (ਅਕਾਲ ਪੁਰਖ) ਵਿੱਚ ਜੇ ਅਜੋਨੀ ਅਤੇ ਸੈਭੰ ਹੈ, ਲੀਨ ਹੋ ਜਾਵੈਗਾ।

ਇਸ਼ਨਾਨ ਕਰਨ ਪਿਛੋਂ ਦੁਕਾਨਦਾਰ ਜਪੁਜੀ ਸਾਹਿਬ ਦਾ ਪਾਠ ਕਰਦਾ ਸੀ ਅਤੇ ਗੁਰੂ ਜੀ ਦੀ ਬਾਣੀ ਪੜ੍ਹਦਾ ਸੀ। ਤੜਕ ਸਾਰ ਹੀ ਉਸ ਨੂੰ ਪ੍ਰਸ਼ਾਦ ਛਕਣ ਦਾ ਅਭਿਆਸ ਸੀ ਅਤੇ ਫੇਰ ਆਪਣੇ ਵਿਵਹਾਰਕ ਕੰਮਾਂ 'ਚ ਲੱਗ ਜਾਂਦਾ। ਭਾਵੇਂ ਇਹ ਦੱਸਿਆ ਜਾਂਦਾ ਹੈ ਕਿ ਲੰਕਾ ਦੇ ਲੋਕ ਪਰਦੇਸੀਆਂ ਨੂੰ, ਜੋ ਉਹਨਾਂ ਕੋਲ ਜਾ ਕੇ ਵਸਦੇ ਸਨ, ਬੁਰਾ ਬਣਾ ਦਿੰਦੇ ਸਨ, ਪਰ ਉਨ੍ਹਾਂ ਦਾ ਇਸ ਦੁਕਾਨਦਾਰ ਤੇ ਕੋਈ ਅਸਰ ਨਾ ਹੋਇਆ ਅਤੇ ਉਨ੍ਹਾਂ ਦੀ ਉਸ ਤੇ ਕੋਈ ਲਾਗ ਨਾ ਲੱਗੀ, ਕਿਉਂਕਿ ਉਹ ਗੁਰੂ ਜੀ ਦੀ ਸਿਖਿਆ ਤੇ ਕਾਇਮ ਰਿਹਾ। ਸਿੱਖ ਇਤਿਹਾਸ ਦੇ ਮੁਤਾਬਿਕ ਲੰਕਾ ਦੇ ਰਾਜੇ ਦਾ ਨਾਂ ਸ਼ਿਵਨਾਭ ਸੀ। ਜਦੋਂ ਰਾਜੇ ਨੂੰ ਪਤਾ ਲੱਗਾ ਕਿ ਉਹ ਦੁਕਾਨਦਾਰ ਉਸ ਦੇ ਦੇਸ਼ ਦੀ ਧਾਰਮਿਕ ਰੀਤੀਆਂ ਅਨੁਸਾਰ ਨਹੀਂ ਚਲਦਾ ਤਾਂ ਰਾਜੇ ਨੇ ਉਸਨੂੰ ਆਪਣੇ ਸਾਹਮਣੇ ਪੇਸ਼ ਹੋਣ ਲਈ ਸੁਨੇਹਾ ਭੇਜਿਆ। ਦੁਕਾਨਦਾਰ ਨੇ ਰਾਜ ਭਗਤ ਹੋਣ ਦੀ ਨਿਸ਼ਾਨੀ ਦੇ ਤੌਰ ਤੇ ਇੱਕ ਨਰੇਲ ਰਾਜੇ ਨੂੰ ਭੇਟ ਕੀਤਾ।

ਰਾਜੇ ਨੇ ਉਸਨੂੰ ਵਰਤ ਨਾ ਰੱਖਣ ਅਤੇ ਹੋਰ ਰਸਮਾਂ ਵਗੈਰਾ ਨਾ ਮੰਨਣ ਦੇ ਸਬੰਧ 'ਚ ਪੁੱਛਿਆ ਤਾਂ ਦੁਕਾਨਦਾਰ ਨੇ ਜਵਾਬ ਦਿੱਤਾ ਕਿ ਮੈਨੂੰ ਉਹ ਚੀਜ਼ ਪ੍ਰਾਪਤ ਹੋ ਚੁੱਕੀ ਹੈ, ਜਿਸਦੇ ਲਈ ਲੋਕ ਵਰਤ ਰੱਖਦੇ ਹਨ, ਧਾਰਮਿਕ ਰੀਤਾਂ ਅਤੇ ਤਪੱਸਿਆ ਕਰਦੇ ਹਨ, ਇਸ ਲਈ ਮੈਂ ਇਹ ਸਾਰਾ ਕੁਝ ਕਿਉਂ ਕਰਾਂ? ਰਾਜੇ ਸ਼ਿਵਨਾਭ ਨੇ ਪੁੱਛਿਆ ਕਿ ਉਹ ਕਿਹੜੀ ਚੀਜ਼ ਹੈ ਜੋ ਤੈਨੂੰ ਮਿਲੀ ਹੋਈ ਹੈ?

ਦੁਕਾਨਦਾਰ ਨੇ ਜਵਾਬ ਦਿੱਤਾ ਕਿ ਮੈਂ ਇੱਕ ਮਹਾਂਪੁਰਸ਼ ਦੇ ਦਰਸ਼ਨ ਕੀਤੇ ਸਨ, ਜਿਸ ਨਾਲ ਮੈਨੂੰ ਮੁਕਤੀ ਮਿਲ ਗਈ ਹੈ। ਰਾਜੇ ਨੇ ਦੁਬਾਰਾ ਪੁਛਿਆ, "ਕੀ ਤੈਨੂੰ ਸੱਚੀਂ ਮੁਚੀ ਹੀ ਉਸ ਮਹਾਂਪੁਰਸ਼ ਦੇ ਦਰਸ਼ਨਾਂ ਨਾਲ ਆਤਮਕ ਸ਼ਾਂਤੀ ਮਿਲ ਗਈ ਹੈ?" ਦੁਕਾਨਦਾਰ ਨੇ ਜਵਾਬ ਦਿੱਤਾ, "ਮਹਾਰਾਜ, ਜਦੋਂ ਕਿਸੇ ਨੂੰ ਵਾਹਿਗੁਰੂ ਮਿਲ ਜਾਵੇ ਤਾਂ ਹੋਰ ਉਸਨੂੰ ਫੇਰ ਕਿਸ ਚੀਜ਼ ਦੀ ਲੋੜ ਰਹਿੰਦੀ ਹੈ।" ਰਾਜੇ ਨੇ ਪੁੱਛਿਆ, "ਇਹ ਕਲਜੁਗ 'ਚ ਕੌਣ ਹੈ ਇਸ ਤਰ੍ਹਾਂ ਦਾ ਜਿਸ ਦੇ ਦਰਸ਼ਨਾਂ ਨਾਲ ਮੁਕਤੀ ਮਿਲ ਜਾਂਦੀ ਹੈ।" ਦੁਕਾਨਦਾਰ ਨੇ ਜਵਾਬ ਦਿੱਤਾ, "ਉਹ ਮਹਾਂਪੁਰਸ਼ ਗੁਰੂ ਨਾਨਕ ਦੇਵ ਜੀ ਹਨ, ਜਿਨ੍ਹਾਂ ਦਾ ਨਾਮ ਜਪਣਾ ਹੀ ਮੁਕਤੀ ਬਖਸ਼ ਦਿੰਦਾ ਹੈ।" ਫੇਰ ਉਸ ਦੁਕਾਨਦਾਰ ਨੇ ਗੁਰੂ ਜੀ ਦੇ ਸ਼ਬਦਾਂ 'ਚੋਂ ਇਕ ਦਾ ਅਨੁਵਾਦ ਕਰਕੇ ਰਾਜੇ ਨੂੰ ਸੁਣਾਇਆ। ਰਾਜੇ ਨੂੰ ਇਹ ਸੁਣਕੇ ਖੁਸ਼ੀ ਹੋਈ ਅਤੇ ਉਸ ਦੇ ਤਨ ਮਨ 'ਚੋਂ ਆਨੰਦ ਦੇ ਤਰੰਗ ਨਿਕਲ ਉਠੇ। ਫੇਰ ਰਾਜੇ ਨੇ ਦੁਕਾਨਦਾਰ ਨੂੰ ਬੇਨਤੀ ਕੀਤੀ ਕਿ ਮੈਨੂੰ ਵੀ ਉਥੇ ਲੈ ਚੱਲ ਜਿਥੇ ਗੁਰੂ ਨਾਨਕ ਦੇਵ ਜੀ ਰਹਿੰਦੇ ਹਨ ਤਾਂ ਜੋ ਮੈਂ ਵੀ ਉਹਨਾਂ ਦੇ ਦਰਸ਼ਨ ਪਾ ਸਕਾਂ। ਦੁਕਾਨਦਾਰ ਨੇ ਜਵਾਬ ਦਿੱਤਾ, "ਮਹਾਰਾਜ, ਤੁਸੀਂ ਉਹਨਾਂ ਨੂੰ ਆਪਣੇ ਮਨ 'ਚ ਧਿਆ ਲਵੋ ਅਤੇ ਤੁਹਾਨੂੰ ਇਥੇ ਹੀ ਉਹਨਾਂ ਦੇ ਦਰਸ਼ਨ ਹੋ ਜਾਣਗੇ।"

ਉਹ ਦੁਕਾਨਦਾਰ ਲੰਕਾ (ਸੰਗਲਾਦੀਪ) ਦੇਸ ਦੀ ਪੈਦਾਵਾਰ ਨਾਲ ਆਪਣਾ ਜਹਾਜ਼ ਭਰ ਕੇ ਹਿੰਦੁਸਤਾਨ ਵਾਪਸ ਆਇਆ। ਰਾਜਾ ਸ਼ਿਵਨਾਭ ਆਪਣੇ ਦੇਸ਼ 'ਚ ਹੀ ਰਹਿ ਕੇ ਗੁਰੂ ਜੀ ਦਾ ਧਿਆਨ ਕਰਦਾ ਰਿਹਾ ਅਤੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਲੋਚਦਾ ਰਿਹਾ।

ਕਾਂਡ—10
ਦੱਖਣ ਦੀ ਉਦਾਸੀ

ਇਸੇ ਸਮੇਂ 'ਚ ਗੁਰੂ ਜੀ ਨੇ ਦੱਖਣ ਦੀ ਉਦਾਸੀ ਕੀਤੀ। ਗੁਰੂ ਜੀ ਦੇ ਪੈਰਾਂ 'ਚ ਕਾਠ ਦੀਆਂ ਖੜਾਵਾਂ ਅਤੇ ਹੱਥ ਵਿੱਚ ਆਸਾ ਸੀ। ਸਿਰ ਤੇ ਦਸਤਾਰ ਦੀ ਥਾਂ ਰੱਸੇ ਲਪੇਟੇ ਅਤੇ ਮੱਥੇ ਤੇ ਟਿੱਕਾ ਅਤੇ ਬਿੰਦੀ ਸੀ। ਇਸ ਵੇਲੇ ਗੁਰੂ ਜੀ ਦੇ ਨਾਲ ਦੋ ਜੱਟ ਸਨ ਜਿਨ੍ਹਾਂ ਦਾ ਨਾਂ ਸੈਦੋ ਅਤੇ ਘੀਉ ਸੀ।

ਗੁਰੂ ਜੀ, ਧਨਾਸਰ ਦੇਸ ਜਾ ਪਹੁੰਚੇ ਜਿਸ ਨੂੰ ਅੱਜ ਕੱਲ ਮਦਰਾਸ ਕਹਿੰਦੇ ਹਨ।

ਸੈਦੋ ਅਤੇ ਘੀਓ ਨੇ ਜਿਸ ਵੇਲੇ ਗੁਰੂ ਜੀ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਦੇ ਵੇਖਿਆ ਤਾਂ ਉਹਨਾਂ ਨੇ ਸਮਝਿਆ ਕਿ ਗੁਰੂ ਜੀ ਦਰਿਆ ਦੇ ਦੇਵਤਾ ਖ੍ਵਾਜਾ ਖਿਜਰ ਦੀ ਹੀ ਪੂਜਾ ਕਰਦੇ ਹਨ ਅਤੇ ਆਪਣੀ ਸ਼ਕਤੀ ਗੁਰੂ ਜੀ ਨੇ ਖ੍ਵਾਜਾ ਖਿਜਰ ਤੋਂ ਹੀ ਪ੍ਰਾਪਤ ਕੀਤੀ ਹੈ। ਉਹਨਾਂ ਨੇ ਦਿਲ 'ਚ ਧਾਰ ਲਿਆ ਕਿ ਅਸੀਂ ਵੀ ਖਵਾਜਾ ਖਿਜਰ ਦੀ ਪੂਜਾ ਕਰੀਏ ਅਤੇ ਹੋ ਸਕਦਾ ਹੈ ਕਿ ਅਸੀਂ ਗੁਰੂ ਜੀ ਤੋਂ ਵੀ ਉੱਚੀ ਆਤਮਕ ਪਦਵੀ ਤੇ ਜਾ ਪਹੁੰਚੀਏ। ਇਕ ਰਾਤ ਜਦੋਂ ਉਹ ਦੋਵੇਂ ਆਪਣੀ ਪੂਜਾ ਲਈ ਜਾ ਰਹੇ ਸਨ ਉਹਨਾਂ ਨੂੰ ਇੱਕ ਆਦਮੀ, ਹੱਥ 'ਚ ਮੱਛੀ ਫੜੀ ਆਉਂਦਾ ਮਿਲਿਆ। ਆਪਸ 'ਚ ਗੱਲਬਾਤ ਕਰਨ ਪਿਛੋਂ ਉਸ ਆਦਮੀ ਨੇ ਆਖਿਆ, "ਮੈਂ ਹੀ ਖ੍ਵਾਜਾ ਖਿਜਰ ਹਾਂ ਅਤੇ ਗੁਰੂ ਜੀ ਕੋਲ ਭੇਟਾ ਲੈ ਕੇ ਜਾ ਰਿਹਾ ਹਾਂ ਅਤੇ ਮੈਂ ਆਪਣੀ ਸ਼ਕਤੀ ਗੁਰੂ ਜੀ ਤੋਂ ਹੀ ਹਾਸਲ ਕੀਤੀ ਹੈ ਨਾ ਕਿ ਗੁਰੂ ਜੀ ਨੇ ਮੇਰੇ ਕੋਲੋਂ। ਫੇਰ ਖ੍ਵਾਜਾ ਖਿਜਰ ਨੇ ਕਿਹਾ, "ਮੈਂ ਪਾਣੀ ਹਾਂ ਅਤੇ ਗੁਰੂ ਉਚਾ ਤਤ ਪਉਣ, ਮੈਂ ਕਈ ਵਾਰ ਉਸ ਵਿਚ ਸਮਾਇਆ ਹਾਂ।"

ਫੇਰ ਸੈਦੋ ਅਤੇ ਘੀਉ ਗੁਰੂ ਜੀ ਕੋਲ ਗਏ ਅਤੇ ਉਹਨਾਂ ਅੱਗੇ ਡੰਡੌਤ ਕਰਕੇ ਪ੍ਰਣਾਮ ਕੀਤਾ। ਗੁਰੂ ਜੀ ਨੇ ਉਹਨਾਂ ਤੋਂ ਪੁਛਿਆ ਕਿ ਇਸ (ਰਾਤ ਦੇ) ਵਕਤ ਮੇਰੇ ਕੋਲ ਕਿਸ ਲਈ ਆਏ ਹੋ? ਅੱਗੇ ਤਾਂ ਤੁਸੀਂ ਸੂਰਜ ਚੜ੍ਹਨ ਪਿਛੋਂ ਆਉਂਦੇ ਸੀ। ਫੇਰ ਉਹਨਾਂ ਨੇ ਆਪਣੀ ਸਾਰੀ ਗੱਲ ਗੁਰੂ ਜੀ ਨੂੰ ਦੱਸੀ ਕਿ ਅਸੀਂ ਕਿਸ ਤਰ੍ਹਾਂ ਖ੍ਵਾਜਾ ਖਿਜਰ ਦੀ ਪੂਜਾ ਦੇ ਯਤਨ ਕੀਤੇ ਅਤੇ ਫੇਰ ਗੁਰੂ ਜੀ ਤੋਂ ਮਾਫੀ ਮੰਗੀ।

ਗੁਰੂ ਜੀ ਨੇ ਉਸ ਵੇਲੇ ਇਹ ਸ਼ਬਦ ਉਚਾਰਿਆ :

"ਅੰਮ੍ਰਿਤ ਨੀਰੁ ਗਿਆਨ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ।
ਗੁਰ ਉਪਦੇਸਿ ਜਵਾਹਰ ਮਾਣਕ ਸਵੇ ਸਿਖੁ ਸੁ ਖੋਜ ਲਹੈ।੧।
ਗੁਰ ਸਮਾਨਿ ਤੀਰਥੁ ਨਹੀ ਕੋਇ।
ਸਰੁ ਸੰਤੋਖੁ ਤਾਸੁ ਗੁਰੁ ਹੋਇ।੧ ਰਹਾਉ।

ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ।
ਸਤਿਗੁਰ ਪਾਈਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੇ।੨।
ਰਤਾ ਸਚਿ ਨਾਮਿ ਤਲਹੀਅਲੁ ਸੋ ਗੁਰੁ ਪਰਮਲੁ ਕਹੀਐ।
ਜਾਕੀ ਵਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ।
ਗੁਰਮੁਖਿ ਜੀਅ ਪ੍ਰਾਨ ਉਪਜਹਿ ਗੁਰਮੁਖਿ ਸਿਵ ਘਰਿ ਜਾਈਐ।
ਗੁਰਮੁਖਿ ਨਾਨਕ ਸਚਿ ਸਮਾਈਐ
ਗੁਰਮੁਖਿ ਨਿਜ ਪਦੁ ਪਾਈਐ।੪। (ਆਃ ਗ੍ਰੰਃ ਪੰਃ ੧੩੨੯) (ਪ੍ਰਭਾਤੀ ਮਹਲਾ ੧)

ਫੇਰ ਇਸੇ ਸਮੇਂ ਗੁਰੂ ਜੀ ਨੇ ਇਹ ਸ਼ਬਦ ਵੀ ਉਚਾਰਿਆ :

'ਜਿਨ੍ਹੀ ਨਾਮੁ ਵਿਸਾਰਿਆ ਦੂਜੇ ਭਰਮਿ ਭੁਲਾਈ।
ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ।੧।
ਬਿਨੁ ਨਾਵੈ ਕਿਉ ਛੁਟੀਐ ਜੇ ਜਾਣੈ ਕੋਈ।
ਗੁਰਮੁਖਿ ਹੋਇ ਤ ਛੁਟੀਐ ਸਨਮੁਖਿ ਪਤਿ ਖੋਈ।੧।ਰਹਾਉ।
ਜਿਨੀ ਏਕੋ ਸੇਵਿਆ ਪੂਰੀ ਮਤਿ ਭਾਈ।
ਆਦਿ ਜੁਗਾਦਿ ਨਿਰੰਜਨਾ ਜਨ ਹਰਿ ਸਰਣਾਈ।੨।
ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ।
ਕਿਰਪਾ ਤੇ ਸੁਖੁ ਪਾਇਆ ਸਾਚੇ ਪਰਥਾਈ।੩।
ਗੁਰ ਬਿਨੁ ਕਿਨੈ ਨ ਪਾਇਓ ਕੇਤੀ ਕਹੈ ਕਹਾਏ।
ਆਪਿ ਦਿਖਾਵੈ, ਵਾਟੜੀ ਸਚੀ ਭਗਤਿ ਦ੍ਰਿੜਾਏ।੪।
ਮਨਮੁਖੁ ਜੇ ਸਮਝਾਈਐ ਭੀ ਉਝੜਿ ਜਾਇ।
ਬਿਨੁ ਹਰਿਨਾਮੁ ਨ ਛੁਟਸੀ ਮਰਿ ਨਰਕ ਸਮਾਇ।੫।
ਜਨਮਿ ਮਰੈ ਭਰਮਾਈਐ ਹਰਿਨਾਮ ਨ ਲੇਵੈ।
ਤਾਕੀ ਕੀਮਤਿ ਨ ਪਵੈ ਬਿਨੁ ਗੁਰ ਕੀ ਸੇਵੈ।੬।
ਜੇਹੀ ਸੇਵ ਕਰਾਈਐ ਕਰਣੀ ਭੀ ਸਾਈ।
ਆਪਿ ਕਰੇ ਕਿਸੁ ਆਖੀਐ ਵੇਖੈ ਵਡਿਆਈ।੭।
ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ।
ਨਾਨਕ ਸਿਰੁ ਦੇ ਛੁਟੀਐ ਦਰਗਹ ਪਤਿ ਪਾਏ।੮। (ਆਃ ਗ੍ਰੰਃ ਪੰਃ ੪੨੦-੨੧)
(ਆਸਾ ਮਹਲਾ ੧ ਅਸ਼ਟਪਦੀਆਂ)

ਸਰੇਵੜਿਆਂ ਨੂੰ ਉਪਦੇਸ਼ ਦੇਣਾ

ਗੁਰੂ ਜੀ ਇਕ ਸਰਾਵਗੀ ਜਾਂ ਸਰੇਵੜਿਆਂ ਦੇ ਮੰਦਰ 'ਚ ਜਾ ਪਹੁੰਚੇ। ਲੋਕ ਉਸ ਮੱਟ ਦੀ ਪੂਜਾ ਕਰਦੇ ਸਨ। ਨਾਰਭੀ ਜੈਨੀਆਂ ਦਾ ਪੁਜਾਰੀ ਆਪਣੇ ਚੇਲਿਆਂ ਦੇ ਨਾਲ ਗੁਰੂ ਜੀ ਨੂੰ ਮਿਲਣ ਆਇਆ। ਜੈਨੀ ਲੋਕ ਹਰ ਤਰ੍ਹਾਂ ਦੇ ਜੀਵਾਂ ਦੀ ਜਾਨ ਦਾ ਬਹੁਤ ਜ਼ਿਆਦਾ ਧਿਆਨ ਰੱਖਦੇ ਹਨ। ਜੈਨੀਆਂ ਦੇ ਪੁਜਾਰੀ ਨੇ ਸੁਣਿਆ ਕਿ ਇਸ ਮਾਮਲੇ 'ਚ

ਗੁਰੂ ਜੀ ਦੇ ਉਸ ਤਰ੍ਹਾਂ ਦੇ ਬਰੀਕ ਖਿਆਲ ਨਹੀਂ ਤਾਂ ਉਹ ਗੁਰੂ ਜੀ ਨਾਲ ਸਵਾਲ ਜਵਾਬ ਕਰਨ ਲੱਗ ਗਿਆ, "ਕੀ ਤੁਸੀਂ ਪੁਰਾਣਾ ਅੰਨ ਖਾਂਦੇ ਹੋ ਜਾਂ ਨਵਾਂ?" (ਮਤਲਬ ਕਿ ਕੀ ਤੁਸੀਂ ਉਹ ਅੰਨ ਖਾਂਦੇ ਹੋ ਜਿਸ 'ਚ ਕੀੜੇ ਹੁੰਦੇ ਹਨ ਕਿ ਨਹੀਂ?) "ਕੀ ਤੁਸੀਂ ਠੰਡਾ ਪਾਣੀ ਪੀਂਦੇ ਹੋ? ਕੀ ਤੁਸੀਂ ਜੰਗਲ ਦੇ ਦਰਖਤਾਂ ਨੂੰ ਹਿਲਾ ਕੇ ਉਹਨਾਂ ਦੇ ਫਲ ਖੰਦੇ ਹੋ? ਤੁਹਾਡਾ ਗੁਰੂ ਕੌਣ ਹੈ? ਅਤੇ ਤੁਹਾਡੇ ਗੁਰੂ ਕੋਲ ਤੁਹਾਨੂੰ ਬਖਸ਼ ਦੇਣ ਦੀ ਕੀ ਤਾਕਤ ਹੈ ਜਦੋਂ ਕਿ ਤੁਸੀਂ ਸਾਰੇ ਕਾਨੂੰਨਾਂ ਦਾ ਉਲੰਘਣ ਕਰਦੇ ਹੋ ਅਤੇ ਜੀਵਾਂ ਨੂੰ ਖਤਮ ਕਰਦੇ ਹੋ?" ਗੁਰੂ ਜੀ ਨੇ ਜਵਾਬ ਵਿਚ ਹੇਠ ਲਿਖੀ ਪਉੜੀ ਪੜ੍ਹੀ :

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ।
ਸਤਿਗੁਰੁ ਹੋਇ ਦਇਆਲੁ ਨ ਕਬਹੂ ਝੂਰੀਐ।
ਸਤਿਗੁਰੁ ਹੋਇ ਦਇਆਲੁ ਤ ਦੁਖੁ ਨ ਜਾਣੀਐ।
ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ।
ਸਤਿਗੁਰੁ ਹੋਇ ਦਇਆਲੁ ਤਾ ਸਦਹੀ ਸੁਖੁ ਦੇਹਾ।
ਸਤਿਗੁਰੁ ਹੋਇ ਦਇਆਲੁ ਤਾ ਜਮੁ ਕਾ ਡਰ ਕੇਹਾ।
ਸਤਿਗੁਰੁ ਹੋਇ ਦਇਆਲੁ ਤਾ ਨਵਨਿਧਿ ਪਾਈਐ। *(ਆਃ ਗ੍ਰੰਃ ਪੰਃ ੧੪੯)*
ਸਤਿਗੁਰੁ ਹੋਇ ਦਇਆਲੁ ਤਾ ਸਚਿ ਸਮਾਈਐ। *(ਮਾਝ ਕੀ ਵਾਰ ਮਹਲਾ ੧)*

ਫੇਰ ਗੁਰੂ ਜੀ ਨੇ ਜੈਨ ਮੱਤ ਦੇ ਖੰਡਨ 'ਚ ਹੇਠਲੀ ਬਾਣੀ ਉਚਾਰੀ :

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ।
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ।
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ।
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ।
ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ।
ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ।
ਸਦਾ ਕੁਚੀਲ ਰਹਹਿ ਦਿਨ ਰਾਤੀ ਮਥੇ ਟਿਕੇ ਨਾਹੀ।
ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ।
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ।
ਨਾ ਓਇ ਜੋਗੀ ਨ ਓਇ ਜੰਗਮ ਨਾ ਉਇ ਕਾਜੀ ਮੁੰਲਾ।
ਦਖਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ।
ਜੀਆ ਮਾਰਿ ਜੀਵਾਲੇ ਸੋਈ ਅਵਰ ਨ ਕੋਈ ਰਖੈ।
ਦਾਨਹੁ ਤੈ ਇਸਨਾਨਹੁ ਵੰਞੈ ਭਸੁ ਪਈ ਸਿਰਿ ਖੁਥੈ।
ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ।
ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ।
ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ।
ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰਿ ਪਾਈਐ ਪਾਣੀ।

ਨਾਨਕ ਸਿਰ ਖੁਥੈ ਸੈਤਾਨੀ ਏਨਾ ਗਲ ਨ ਭਾਣੀ।
ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ।
ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ।
ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਵਿਲੋਵੈ।
ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ।
ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ।
ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾ ਸਤਿ ਚਟੇ ਸਿਰਿ ਛਾਈ।
(ਆ: ਗ੍ਰੰ: ਪੰ: ੧੪੯) (ਵਾਰ ਮਾਝ ਕੀ ਮਹਲਾ ੧)

ਪੁਜਾਰੀ ਜੈਨੀ ਨੇ ਗੁਰੂ ਜੀ ਤੋਂ ਪੁਛਿਆ ਕਿ ਤੁਸੀਂ ਬਰਸਾਤ ਦੀ ਰੁੱਤ 'ਚ ਕਿਉਂ ਤੁਰਦੇ ਹੋ ਜਦੋਂ ਕਿ ਬਾਹਰ ਕੀੜੇ-ਮਕੌੜੇ ਹਨ ਅਤੇ ਪੈਰਾਂ ਥੱਲੇ ਆ ਕੇ ਉਹਨਾਂ ਦੇ ਮਰ ਜਾਣ ਦਾ ਡਰ ਹੈ। ਗੁਰੂ ਜੀ ਨੇ ਇਸ ਤਰ੍ਹਾਂ ਜਵਾਬ ਦਿੱਤਾ :

ਨਾਨਕ ਸਾਵਣਿ ਜੇ ਵਸੈ ਚਹੁ ਉਮਾਹਾ ਹੋਇ।
ਨਾਗਾਂ ਮਿਰਗਾਂ ਮਛੀਆਂ ਰਸੀਆ ਘਰ ਧਨੁ ਹੋਇ।
ਨਾਨਕ ਸਾਵਣਿ ਜੇ ਵਸੈ ਚਹੁ ਵਿਛੋੜਾ ਹੋਇ। *(ਆ: ਗ੍ਰੰ: ਪੰ: ੧੨੧੫)*
ਗਾਈ ਪੁਤਾ ਨਿਰਧਨਾ ਪੰਖੀ ਚਾਕਰ ਹੋਇ। *(ਵਾਰ ਮਲਾਰ ਮਹਲਾ ੧)*

ਜੈਨੀ ਪੁਜਾਰੀ ਗੁਰੂ ਜੀ ਦੇ ਪੈਰਾਂ ਤੇ ਗਿਰ ਗਿਆ ਅਤੇ ਗੁਰੂ ਜੀ ਦਾ ਸ਼ਿਸ਼ ਬਣਿਆ। ਉਸ ਵਕਤ ਗੁਰੂ ਜੀ ਨੇ ਮਾਝ ਦੀ ਵਾਰ ਮਹਲਾ ੧ ਦੇ ਸ਼ਬਦ ਸੰਪੂਰਣ ਕੀਤੇ। ਗੁਰੂ ਜੀ ਲਿਖਾਉਂਦੇ ਰਹੇ ਅਤੇ ਸੈਦੇ ਤੇ ਘੀਉ ਨੇ ਲਿਖ ਲਏ।

ਗੁਰੂ ਜੀ ਇਕ ਰਾਕਸ਼ ਦੇ ਦੇਸ਼ ਵਿਚ

ਲਿਖਿਆ ਹੋਇਆ ਹੈ ਕਿ ਗੁਰੂ ਜੀ ਸਮੁੰਦਰ 'ਚ ਇਕ ਟਾਪੂ ਤੇ ਗਏ। ਉਥੇ ਇਕ ਜ਼ਾਲਮ (ਆਦਮੀ ਭਖਣ ਵਾਲਾ) ਆਦਮੀ ਦਾ ਰਾਜ ਸੀ। ਉਸ ਟਾਪੂ ਦਾ ਨਾਂ ਨਹੀਂ ਮਿਲਦਾ। ਗੁਰੂ ਜੀ ਦੇ ਨਾਲ ਉਸ ਸਮੇਂ ਸੈਦੋ ਅਤੇ ਘੀਉ ਤੋਂ ਇਲਾਵਾ ਤੀਜਾ ਸੀਹੇ ਨਾਂ ਦਾ ਇਕ ਜੱਟ ਵੀ ਰਲ ਗਿਆ ਸੀ। ਜਦੋਂ ਰਾਕਸ਼ ਨੇ ਉਹਨਾਂ ਨੂੰ ਵੇਖਿਆ ਤਾਂ ਉਸ ਨੇ ਦਿਲ 'ਚ ਧਾਰਿਆ ਕਿ ਮੈਂ ਇਨ੍ਹਾਂ ਨੂੰ ਮਾਰ ਦੇਵਾਂ ਕਿਉਂਕਿ ਉਹ ਮੇਰੇ ਰਾਜ ਵਿਚ ਆਏ ਹਨ। ਉਸ ਨੇ ਆਪਣੇ ਕਰੋਧ 'ਚ ਆ ਕੇ ਪਹਿਲਾ ਸ਼ਿਕਾਰ ਗੁਰੂ ਜੀ ਨੂੰ ਫੜਿਆ। ਗੁਰੂ ਜੀ ਵਿਸਮਾਦ ਹਾਲਤ 'ਚ ਆ ਗਏ ਅਤੇ ਇਹ ਸ਼ਬਦ ਪੜ੍ਹਿਆ :

"ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ।
ਸੋ ਸੇਵਕੁ ਸੇਵਾ ਕਰੈ ਜਿਸਨੋ ਹੁਕਮੁ ਮਨਾਇਸੀ।
ਹੁਕਮੁ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ।
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ। *(ਆ: ਗ੍ਰੰ: ਪੰ: ੪੭੧)*
ਤਾ ਦਰਗਹ ਪੈਧਾ ਜਾਇਸੀ।੧। *(ਪਉੜੀ ਵਾਰ ਆਸਾ ਮਹਲਾ ੧)*

ਕਿਹਾ ਜਾਂਦਾ ਹੈ ਕਿ ਜਦੋਂ ਰਾਕਸ਼ ਨੇ ਇਹ ਸ਼ਬਦ ਸੁਣਿਆ ਤਾਂ ਉਹ ਆਪਣੇ ਇਰਾਦੇ ਤੋਂ ਪਿਛੇ ਹਟ ਗਿਆ। ਉਸਨੇ ਗੁਰੂ ਜੀ ਅੱਗੇ ਡੰਡੌਤ ਕਰਕੇ ਮੱਥਾ ਟੇਕਿਆ।

ਸੈਦੋ ਨੇ ਉਸਨੂੰ ਗੁਰੂ ਜੀ ਦੇ ਚਰਨਾਂ ਦਾ ਪਾਣੀ ਪਿਲਾ ਕੇ ਸੇਵਕ ਸਜਾਇਆ ਅਤੇ ਉਸਦੀ ਗਤੀ ਕੀਤੀ।

ਪੀਰ ਮਖਦੂਨ ਬਹਾਉਦੀਨ

ਉਸ ਵਕਤ ਗੁਰੂ ਜੀ ਪੀਰ ਮਖਦੂਨ ਬਹਾਉਦੀਨ ਕੁਰੈਸ਼ੀ ਦੀ ਗੱਦੀ ਦੇ ਇੱਕ ਪੀਰ ਨੂੰ ਜਾ ਕੇ ਮਿਲੇ। ਉਸ ਪੀਰ ਦੇ ਦਿਲ 'ਚ ਆਪਣੀ ਸੰਸਾਰਕ ਅਤੇ ਆਤਮਕ ਵਡਿਆਈ ਦਾ ਬਹੁਤ ਹੀ ਜ਼ਿਆਦਾ ਖਿਆਲ ਸਮਾਇਆ ਹੋਇਆ ਸੀ। ਜਦੋਂ ਗੁਰੂ ਜੀ ਨੂੰ ਉਸਦੇ ਪਖੰਡ ਦਾ ਪਤਾ ਲੱਗਾ ਤਾਂ ਗੁਰੂ ਜੀ ਨੇ ਇਸ ਤਰ੍ਹਾਂ ਸ਼ਬਦ ਉਚਾਰਿਆ :

ਸਉ ਉਲਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ।
ਸਿਫਤੀ ਸਲਾਹਣ ਛਡਿਕੈ ਕਰੰਗੀ ਲੱਗਾ ਹੰਸ। *(ਆ: ਗ੍ਰੰ: ਪੰ: ੭੯੦)*

ਇਹ ਸੁਣ ਕੇ ਪੀਰ ਗੁਰੂ ਜੀ ਦੇ ਪੈਰਾਂ ਤੇ ਗਿਰ ਗਿਆ ਅਤੇ ਬੇਨਤੀ ਕੀਤੀ ਕਿ ਮੇਰੇ ਕੋਲ ਹੀ ਰਹੋ ਅਤੇ ਸਫਰ ਕਰਨਾ ਛੱਡ ਦੇਵੋ ਤਾਂ ਗੁਰੂ ਜੀ ਨੇ ਆਪਣੇ ਵਿਚਾਰ ਅਤੇ ਸਿੱਖਿਆ ਦਾਇਕ ਉਪਦੇਸ਼ਾਂ ਦਾ ਇਹ ਸ਼ਬਦ ਉਚਾਰਨ ਕੀਤਾ :

ਸਿਰੀ ਰਾਗ ਅਸਟਪਦੀਆਂ

ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੇ ਕੀ ਧੌਖ।
ਮੁਕਾਮੁ ਤਾਂ ਪਰੁ ਜਾਣੀਐ ਜਾ ਰਹੇ ਨਿਹਚਲੁ ਲੋਕ।
ਦੁਨੀਆ ਕੈਸਿ ਮੁਕਾਮੇ।
ਕਰਿ ਸਿਦਕੁ ਕਰਣੀ ਖਰਚ ਬਾਧਹੁ ਲਾਗਿ ਰਹੁ ਨਾਮੇ।੧ ਰਹਾਉ।
ਜੋਗੀ ਤ ਆਸਣੁ ਕਰ ਬਹੈ ਮੁਲਾ ਬਹੈ ਮੁਕਾਮਿ।
ਪੰਡਿਤ ਵਖਾਵਹਿ ਪੋਥੀਆ ਸਿਧਿ ਬਹਹਿ ਦੇਵ ਸਥਾਨਿ।
ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ।
ਦਰ ਕੂਚ ਕਰ ਗਏ ਅਵਰੈ ਭਿ ਚਲਣ ਹਾਰੁ।
ਸੁਲਤਾਨ ਖਾਕ ਸਲੂਕ ਉਮਰੇਂ, ਗਏ ਕਰਿ ਕਰਿ ਕੂਚੁ।
ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚ।
ਸਬਦਾਹ ਮਾਹਿ ਵਖਾਣੀਐ ਵਿਰਲਾ ਹੋ ਬੂਝੈ ਕੋਇ।
ਨਾਨਕ ਵਖਾਵੈ ਬੇਨਤੀ ਜਲਿ ਥਲਿ ਮਹੀਅਲਿ ਸੋਇ।
ਅਲਾਹੁ ਅਲਖੁ ਅਗਮ ਕਾਦਰ ਕਰਣਹਾਰੁ ਕਰੀਮੁ।
ਸਭ ਦੁਨੀਅ ਆਵਣੁ ਜਾਵਣੀ ਮੁਕਾਮੁ ਏਕ ਰਹੀਮੁ।
ਮੁਕਾਮੁ ਉਸਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ।
ਅਸਮਾਨੁ ਧਰਤੀ ਚਲਸੀ ਮੁਕਾਮ ਓਹੀ ਏਕੁ।
ਦਿਨੁ ਰਵਿ ਚਲੈ ਨਿਸ ਧਸਿ ਚਲੈ ਤਾਰਿਕਾ ਲਖ ਪਲੋਇ। *(ਆ: ਗ੍ਰੰ: ਪੰ: ੬੪)*
ਮੁਕਾਮੁ ਓਹੀ ਏਕ ਹੈ ਨਾਨਕਾ ਸਚੁ ਬਰੋਇ। *(ਸਿਰੀ ਰਾਗ ਮਹਲਾ ੧ ਘਰ ੨)*

ਪੀਰ ਨੂੰ ਇਹ ਸੁਣਕੇ ਪੂਰਾ ਵਿਸ਼ਵਾਸ ਹੋ ਗਿਆ ਕਿ ਗੁਰੂ ਜੀ ਉਚ ਆਤਮਿਕ ਆਗੂ ਹਨ।

ਕਾਂਡ—11
ਸੰਗਲਾਦੀਪ 'ਚ ਗੁਰੂ ਜੀ ਦਾ ਪਹੁੰਚਣਾ

ਹੁਣ ਗੁਰੂ ਜੀ ਨੇ ਲੰਕਾ (ਸੰਗਲਾਦੀਪ) ਵੱਲ ਜਾਣ ਦਾ ਵਿਚਾਰ ਕੀਤਾ। ਅੰਤ ਗੁਰੂ ਜੀ ਉੱਥੇ ਪਹੁੰਚ ਗਏ ਅਤੇ ਉਹਨਾਂ ਨੇ ਰਾਜਾ ਸ਼ਿਵਨਾਥ ਦੇ ਬਾਗ 'ਚ ਡੇਰਾ ਲਾ ਲਿਆ। ਉਸ ਵਕਤ ਉਹ ਬਾਗ ਸੁੱਕਾ ਅਤੇ ਉਜਾੜ ਸੀ। ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਜੀ ਉਥੇ ਗਏ ਤਾਂ ਉਹ ਬਾਗ ਹਰਾ-ਭਰਾ ਲਹਿਰਾਣ ਲੱਗਾ। ਮਾਲੀ ਨੇ ਰਾਜੇ ਨੂੰ ਕਿਹਾ ਕਿ ਉਨ੍ਹਾਂ ਸੰਤਾਂ ਦੇ ਦਰਸ਼ਨਾਂ ਨੂੰ ਚੱਲੋ—ਜਿਨ੍ਹਾਂ ਨੇ ਇਸ ਸੁੱਕੇ ਬਾਗ ਨੂੰ ਨਵੇਂ ਸਿਰੇ ਤੋਂ ਜ਼ਿੰਦਗੀ ਦਿੱਤੀ ਹੈ। ਇਹ ਸੁਣ ਕੇ ਰਾਜੇ ਨੇ (ਗੁਰੂ ਜੀ ਦੇ ਇਮਤਿਹਾਨ ਦੇ ਲਈ) ਕੁਝ ਸੋਹਣੀਆਂ ਮੁਟਿਆਰਾਂ ਭੇਜੀਆਂ ਤਾਂ ਜੋ ਉਹ ਗੁਰੂ ਜੀ ਦੇ ਦਿਲ ਨੂੰ, ਨਖਰੇ ਅਤੇ ਨਾਚ ਵਿਖਾ ਕੇ ਮੋਹ ਲੈਣ। ਗੁਰੂ ਜੀ ਆਪਣੇ ਹੀ ਖਿਆਲਾਂ 'ਚ ਗੁਆਚੇ ਰਹੇ। ਗੁਰੂ ਜੀ ਨੇ ਉਨ੍ਹਾਂ ਵੱਲ ਵੇਖਿਆ ਹੀ ਨਾ ਅਤੇ ਨਾ ਹੀ ਕੋਈ ਗੱਲ ਕੀਤੀ। ਅੰਤ 'ਚ ਰਾਜਾ ਆਪ ਗੁਰੂ ਜੀ ਕੋਲ ਆਇਆ ਅਤੇ ਪੁੱਛਿਆ, "ਤੁਹਾਡਾ ਨਾਂ ਕੀ ਹੈ? ਜ਼ਾਤ ਕੀ ਹੈ ਅਤੇ ਕੀ ਤੁਸੀਂ ਜੋਗੀ ਹੁੰਦੇ ਹੋ?" ਗੁਰੂ ਜੀ ਨੇ ਜਵਾਬ 'ਚ ਇਸ ਤਰ੍ਹਾਂ ਮਾਰੂ ਰਾਗ ਵਿੱਚ ਉਚਾਰਿਆ :

"ਜੋਗੀ ਜੁਗਤਿ ਨਾਮ ਨਿਰਮਾਇਲੁ ਤਾਕੈ ਮੈਲੁ ਨ ਰਾਤੀ।
ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ।"(ਆਃ ਗ੍ਰੰਃ ਪੰਃ ੯੬੨)

ਰਾਜੇ ਨੇ ਪੁੱਛਿਆ, 'ਕੀ ਤੁਸੀਂ ਬ੍ਰਾਹਮਣ ਹੁੰਦੇ ਹੋ?'

ਗੁਰੂ ਜੀ ਨੇ ਜਵਾਬ ਦਿੱਤਾ :

"ਬ੍ਰਹਮੁ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ।
ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣੁ ਏਕਾ ਜੋਤੀ।" (ਆਃ ਗ੍ਰੰਃ ਪੰਃ ੯੬੨)

ਰਾਜੇ ਨੇ ਪੁੱਛਿਆ, "ਕੀ ਤੁਸੀਂ ਹਟਵਾਣੀਏ ਹੁੰਦੇ ਹੋ?"

ਗੁਰੂ ਜੀ ਨੇ ਜਵਾਬ ਦਿੱਤਾ :

"ਜਿਹਬਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮ ਅਜਾਚੀ।
ਏਕੋ ਹਾਟੁ ਸਾਹੁ ਸਭਨਾ ਸਿਰਿ ਵਣਜਾਰੇ ਇਕ ਭਾਤੀ।" (ਆਃ ਗ੍ਰੰਃ ਪੰਃ ੯੬੨)

ਰਾਜੇ ਨੇ ਪੁੱਛਿਆ, "ਤੁਸੀਂ ਹਿੰਦੂ ਹੋ ਕਿ ਮੁਸਲਮਾਨ?"

ਗੁਰੂ ਜੀ ਗੂੜ੍ਹ ਭਾਵ 'ਚ ਜਵਾਬ ਦਿੰਦੇ ਗਏ :

"ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸੁ ਏਕ ਲਿਵਲਾਗੀ ਜੀਅਹੁ ਰਹੇ ਨਿਭਰਾਤੀ।
ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ।"(ਆਃ ਗ੍ਰੰਃ ਪੰਃ ੯੬੨)

ਰਾਜੇ ਨੇ ਫੇਰ ਪੁਛਿਆ, "ਕੀ ਤੁਸੀਂ ਗੋਰਖ ਨਾਥ ਹੋ?"

ਗੁਰੂ ਜੀ ਨੇ ਪੂਰੇ ਤੌਰ ਤੇ ਉਸ ਦੀ ਤੀਬਰ ਇੱਛਾ ਨੂੰ ਪੂਰਾ ਕਰਨ ਵੱਲ ਕੋਈ ਖਾਸ ਧਿਆਨ ਨਾ ਦਿੱਤਾ ਅਤੇ ਇਸ ਤਰ੍ਹਾਂ ਕਿਹਾ,

"ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ।

ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕ ਭਇਆ ਉਦਾਸੀ।"(ਆਃ ਗ੍ਰੰਃ ਪੰਃ ੯੫੨)

ਜਦੋਂ ਗੁਰੂ ਜੀ ਸ਼ਬਦ ਖਤਮ ਕਰਕੇ ਹਟੇ ਤਾਂ ਰਾਜੇ ਨੇ ਗੁਰੂ ਜੀ ਨੂੰ ਆਪਣੇ ਮਹਿਲ 'ਚ ਜਾਣ ਲਈ ਕਿਹਾ ਅਤੇ ਆਪਣੀ ਰਾਣੀ ਨੂੰ ਦਰਸ਼ਨ ਦੇਣ ਲਈ ਅਰਜ਼ ਕੀਤੀ। ਰਾਜੇ ਨੇ ਗੁਰੂ ਜੀ ਨੂੰ ਇਸ ਗੱਲ ਦਾ ਮੌਕਾ ਦਿੱਤਾ ਕਿ ਆਪਣੇ ਉਪਦੇਸ਼ਾਂ ਦੀ ਵਿਆਖਿਆ ਕਰਕੇ ਰਾਣੀ ਨੂੰ ਵੀ ਦੱਸਣ ਦੀ ਕ੍ਰਿਪਾਲਤਾ ਕਰਨ।

ਗੁਰੂ ਜੀ ਨੇ ਲੰਕਾ (ਸੰਗਲਾਦੀਪ) ਦੇ ਸਫਰ ਸਮੇਂ ਹੀ ਉਥੇ ਪ੍ਰਾਣਸੰਗਲੀ ਦਾ ਉਚਾਰਨ ਕੀਤਾ ਸੀ।

ਪ੍ਰਾਣਸੰਗਲੀ ਵਿਚ ਪ੍ਰਮਾਤਮਾ ਦੇ 'ਸੁੰਨ-ਮੰਡਲ' ਦਾ ਹਾਲ, ਪ੍ਰਮਾਤਮਾ ਨੂੰ ਜਪਣ ਦੇ ਤਰੀਕੇ, ਗੁਰੂ ਜੀ ਦੇ ਆਪਣੇ ਸਬਦ ਅਤੇ ਆਤਮਾ ਦੇ ਸਰੀਰ ਦੇ ਲੱਛਣ ਦੱਸੇ ਹਨ। ਪ੍ਰਾਣਸੰਗਲੀ ਦੇ ਮੁਢਲੇ ਸ਼ਬਦ ਇਸ ਤਰ੍ਹਾਂ ਦੇ ਹਨ :

ਉਨਮਨਿ ਸੁੰਨ ਸੁੰਨ ਸਭ ਕਹੀਐ :
ਉਨਮਨਿ ਹਰਖ ਸੋਗ ਨਹੀਂ ਰਹੀਐ।
ਉਨਮਨਿ ਆਸਾ ਅੰਦੇਸਾ ਨਹੀਂ ਬਿਆਪਤ।
ਉਨਮਨਿ ਵਰਨ ਚਿਹਨੁ ਨਹੀਂ ਜਾਪਤ।
ਉਨਮਨਿ ਕਥਾ ਕੀਰਤਿ ਨਹੀ ਬਾਨੀ।
ਉਨਮਨਿ ਰਹਤਾ ਸੁੰਨ ਧਿਆਨੀ।
ਉਨਮਨਿ ਅਪੁਨਾ ਆਪੁ ਨ ਜਾਨਿਆ।
ਨਾਨਕ ਉਨਮਨਿ ਸਿਉ ਮਨੁ ਮਾਨਿਆ।

ਸੋਦੇ ਅਤੇ ਘੀਉ ਨੇ ਪਿਛੋਂ ਆਪਣੀ ਯਾਦ ਤੋਂ ਪ੍ਰਾਣ ਸੰਗਲੀ ਲਿਖ ਦਿੱਤੀ।

[1]ਅਚਲ ਵਟਾਲੇ ਦੇ ਮੇਲੇ ਤੇ ਸਿਧਾਂ ਨੂੰ ਉਪਦੇਸ਼

ਜਦ ਗੁਰੂ ਜੀ ਹਿੰਦੁਸਤਾਨ ਨੂੰ ਪਰਤੇ ਤਾਂ ਇਨ੍ਹਾਂ ਨੂੰ ਪਤਾ ਲੱਗਾ ਕਿ [2]ਅਚਲ ਬਟਾਲੇ ਸ਼ਿਵਰਾਤ ਦਾ ਮੇਲਾ ਲੱਗਣ ਵਾਲਾ ਹੈ। ਗੁਰੂ ਜੀ ਆਪਣੇ ਧਰਮ ਦੇ ਪ੍ਰਚਾਰ ਲਈ ਅਚਲ ਵਟਾਲੇ ਨੂੰ ਤੁਰ ਪਏ। ਸਾਰੇ ਦੇਸ਼ 'ਚੋਂ ਲੋਕ ਕੱਠੇ ਹੋ ਕੇ ਗੁਰੂ ਜੀ ਦੇ ਦਰਸ਼ਨ ਕਰਨ ਲਈ

1. ਅਚਲ ਜਿਲਾ ਗੁਰਦਾਸਪੁਰ 'ਚ ਹੈ। ਬਟਾਲੇ ਤੋਂ ਤਿੰਨ ਮੀਲ ਹੈ ਅਤੇ ਸ਼ਿਵ ਦੇ ਪੁੱਤਰ ਸ੍ਵਾਮਕਾਰਤਕ ਦਾ ਮੰਦਰ ਹੈ। ਹੁਣ ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਵਾਰਾ ਹੈ।

2. ਇਹ ਮੇਲਾ ਸ਼ਿਵ ਜੀ ਮਹਾਰਾਜ ਦੀ ਯਾਦ 'ਚ ਫੱਗਣ ਵਦੀ 14 (ਫਰਵਰੀ-ਮਾਰਚ) ਨੂੰ ਲੱਗਦਾ ਸੀ। ਇਸ ਮੌਕੇ ਤੇ ਸਾਧ ਕੱਠੇ ਹੁੰਦੇ ਸਨ। ਆਇਨੇ-ਅਕਬਰੀ 'ਚ ਲਿਖਿਆ ਹੈ ਕਿ ਪਾਤਸ਼ਾਹ ਅਕਬਰ ਵੀ ਇਸ ਮੌਕੇ ਤੇ ਆਪਣੇ ਰਾਜ ਦੇ ਜੋਗੀਆਂ ਨੂੰ ਕੱਠਾ ਕਰਕੇ ਸਮਾਗਮ ਕਰਦਾ ਸੀ, ਅਤੇ ਉਨ੍ਹਾਂ ਨਾਲ ਰਲਕੇ ਖਾਂਦਾ ਸੀ। ਉਹ ਜੋਗੀ ਫੇਰ ਪਾਤਸ਼ਾਹ ਦੀ ਦੀਰਘ ਉਮਰ ਲਈ ਪ੍ਰਾਰਥਨਾ ਕਰਦੇ ਸਨ।

ਉਪਦੇਸ਼ ਸੁਨਣ ਲਈ ਆ ਜੁੜੇ ਅਤੇ ਗੁਰੂ ਜੀ ਅੱਗੇ ਬੇਅੰਤ ਭੇਟਾ ਲਿਆ ਰੱਖੀ। ਜਦੋਂ ਜੋਗੀਆਂ ਨੇ ਗੁਰੂ ਜੀ ਦੀ ਇਸ ਤਰ੍ਹਾਂ ਐਨੀ ਸਫਲਤਾ ਹੁੰਦੀ ਵੇਖੀ ਤਾਂ ਉਹ ਈਰਖਾ ਨਾਲ ਸੜਨ ਲੱਗ ਪਏ ਅਤੇ ਦਿਲ 'ਚ ਇਹ ਧਾਰ ਲਿਆ ਕਿ ਗੁਰੂ ਜੀ ਨੂੰ ਕਿਵੇਂ ਨਾ ਕਿਵੇਂ ਨੀਚਾ ਵਿਖਾਈਏ। ਉਹਨਾਂ ਦਾ ਮੁਖੀ ਜੋਗੀ ਭੰਗਰਨਾਥ ਗੁਰੂ ਜੀ ਤੋਂ ਪੁੱਛਣ ਲੱਗਾ ਕਿ ਤੁਸੀਂ ਦੁੱਧ 'ਚ ਕਾਂਜੀ ਕਿਉਂ ਪਾਈ ਹੈ? ਭਾਵ ਤੁਸੀਂ ਸਾਧ ਹੋ ਕੇ ਗ੍ਰਿਹਸਤ ਜੀਵਨ ਕਿਉਂ ਗੁਜਾਰਦੇ ਹੋ ?

ਫੇਰ ਕਿਹਾ :

"ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣ ਹਥਿ ਨਾ ਆਈ।
ਭੇਖ ਉਤਾਰਿ ਉਦਾਸਿ ਦਾ ਵਤ ਕਿਉਂ ਸੰਸਾਰੀ ਗੀਤ ਚਲਾਈ।"

ਗੁਰੂ ਜੀ ਨੇ ਜਵਾਬ ਦਿੱਤਾ :

(ਵਾਰਾਂ ਭਾਈ ਗੁਰਦਾਸ, ਵਾਰ ੧ ਪਉੜੀ ੪੦, ਪੰ: ੨੦)

"....ਭੰਗਰ ਨਾਥ, ਤੇਰੀ ਮਾਉ ਕੁਚੱਜੀ ਆਹੀ।
ਭਾਂਡਾ ਧੋਇ ਨ ਜਾਤਿਓਨ ਭਾਇ ਕੁਚੱਜੇ ਫੁਲੁ ਸੜਾਈ।
ਹੋਇ ਅਤੀਤ ਗ੍ਰਿਹਸਤਿ ਤਜ ਫਿਰਿ ਉਨਹੁਕੇ ਘਰਿ ਮੰਗਣਿ ਜਾਈ।
ਬਿਨ ਦਿਤੇ ਕਿਛ ਹੱਥ ਨ ਆਈ।

(ਵਾਰਾਂ ਭਾਈ ਗੁਰਦਾਸ, ਵਾਰ ੧ ਪਉੜੀ ੪੦ ਪੰ: ੨੦)

ਭੰਗਰ ਨਾਥ ਨੇ ਗਰੂ ਜੀ ਦੇ ਇਸ ਸਵਾਲ ਦਾ ਕੋਈ ਜਵਾਬ ਨਾ ਦਿੱਤਾ ਅਤੇ ਹੋਰ ਵਿਸ਼ੇ ਤੇ ਗੱਲ ਛੇੜ ਕੇ ਕਿਹਾ :

"....ਨਾਨਕਾ ਤੁਹਿ ਜਗ ਨੂੰ ਕਰਾਮਾਤਿ ਦਿਖਾਈ।
ਕੁਝ ਵਿਖਾਲੇਂ ਅਸਾਂ ਨੋ ਤੁਹਿ ਕਿਉਂ ਢਿੱਲ ਅਵੇਹੀ ਲਾਈ।" (ਵਾਰਾਂ, ਪੰ: ੨੧)

ਗੁਰੂ ਜੀ ਨੇ ਜਵਾਬ ਦਿੱਤਾ :

"ਨਾਥ ਜੀ, ਅਸਿ ਵੇਖਣਿ ਜੋਗੀ ਵਸਤੁ ਨ ਕਾਈ।
ਗੁਰ ਸੰਗਤਿ ਬਾਣੀ ਬਿਨਾਂ ਦੂਜੀ ਓਟ ਨਹੀਂ ਹੈ ਰਾਈ।
ਸ਼ਿਵ ਰੂਪੀ ਕਰਤਾ ਪੁਰਖੁ ਚਲੇ ਨਾਹੀਂ ਧਰਤਿ ਚਲਾਈ।" (ਵਾਰਾਂ, ਪੰ: ੨੧)

ਫੇਰ ਕਿਹਾ :

"ਬਾਝੋਂ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।"

ਗੁਰੂ ਜੀ ਨੇ ਆਖਿਆ :

ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰ ਕਰਾਈ।
ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ।
ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ।
ਏਵਡੁ ਵਧਾ ਮਾਵਾ ਨਾਹੀ ਸਭਸੈ ਨਥ ਚਲਾਈ।
ਏਤਾ ਤਾਣੁ ਹੋਵੈ ਮਨ ਅੰਦਰਿ ਕਰਿ ਕਿ ਆਖਿ ਕਰਾਈ।

ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ।
ਨਾਨਕ ਨਦਰਿ ਕਰੇ ਜਿਸ ਉਪਰਿ ਸਚਿ ਨਾਮ ਵਡਿਆਈ।

(ਮਾਝ ਕੀ ਵਾਰ ਮਹਲਾ ੧)

ਸਾਰੇ ਜੋਗੀਆਂ ਨੂੰ, ਜੋ ਅਚਲ ਵਟਾਲੇ ਦੇ ਮੇਲੇ ਤੇ ਆਏ ਹੋਏ ਸਨ ਗੁਰੂ ਜੀ ਨੇ ਆਪਣੇ ਤਰੀਕਿਆਂ ਨਾਲ ਹਰਾ ਦਿੱਤਾ ਅਤੇ ਗੁਰੂ ਜੀ ਅੱਗੇ ਸਿਰ ਝੁਕਾਉਣ ਤੇ ਮਜਬੂਰ ਕਰ ਦਿੱਤਾ।

ਅਖੀਰ ਜੋਗੀ ਗੁਰੂ ਜੀ ਦੀ ਸਫਲਤਾ ਉਪਰ ਗੁਰੂ ਜੀ ਨੂੰ ਵਧਾਈਆਂ ਦੇਣ ਲੱਗੇ ਅਤੇ ਆਖਿਆ, "ਧੰਨ ਨਾਨਕ ਤੇਰੀ ਵੱਡੀ ਕਮਾਈ। ਵੱਡਾ ਪੁਰਖ ਪ੍ਰਗਟਿਆ ਕਲਜੁਗ ਅੰਦਰ ਜੋਤਿ ਜਗਾਈ।" ਹੁਣ ਜੋਗੀਆਂ ਦੇ ਰੋਜਾਨਾ ਦੀ ਤਰ੍ਹਾਂ ਸ਼ਰਾਬ ਪੀਣ ਦਾ ਵੇਲਾ ਹੋ ਗਿਆ ਅਤੇ ਸ਼ਰਾਬ ਵਾਲੀ ਸੁਰਾਹੀ ਵਾਰੀ ਵਾਰੀ ਸਾਰਿਆਂ ਅੱਗੇ ਫੇਰੀ ਗਈ।

ਜਦੋਂ ਗੁਰੂ ਜੀ ਕੋਲ ਲੈ ਕੇ ਆਏ ਤਾਂ ਗੁਰੂ ਜੀ ਨੇ ਪੁੱਛਿਆ "ਇਹ ਕੀ ਹੈ ?" ਉਹਨਾਂ ਕਿਹਾ, "ਇਹ ਸਿਧਾਂ ਦਾ ਪਿਆਲਾ ਹੈ।" ਗੁਰੂ ਜੀ ਨੇ ਪੁੱਛਿਆ, "ਇਹਦੇ 'ਚ ਕੀ ਪਾਇਆ ਹੋਇਆ ਹੈ?" ਸਿਧਾਂ ਨੇ ਕਿਹਾ "ਇਸ 'ਚ ਰਾਬ (ਗੁੜ) ਅਤੇ ਧਾਵੇ ਦੇ ਫੁੱਲ ਪਾਏ ਹੋਏ ਹਨ।" ਇਨ੍ਹਾਂ ਚੀਜ਼ਾਂ ਨਾਲ ਹੀ ਭਾਰਤ 'ਚ ਸ਼ਰਾਬ ਬਣਾਈ ਜਾਂਦੀ ਹੈ। ਫੇਰ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ :

"ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ।
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸੁ ਅਮਿਉ ਚੁਆਈਐ।
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ।
ਅਹਿਨਿਸ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ।੧ ਰਹਾਉ।
ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾਕਉ ਨਦਰਿ ਕਰੇ।
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੁਛੇ ਭਾਉ ਧਰੇ।੨।
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ।
ਦਰ ਦਰਸ਼ਨ ਕਾ ਪ੍ਰੀਤਮ ਹੋਵੇ ਮੁਕਤ ਬੈਕੁੰਠੇ ਕਰੇ ਕਿਆ।
ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮ ਨ ਹਾਰੈ। *(ਆ: ਗ੍ਰੰ: ਪੰ: ੩੬੦)*
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ। *(ਆਸਾ ਮਹਲਾ ੧)*

ਜੋਗੀਆਂ ਨੇ ਗੁਰੂ ਜੀ ਤੋਂ ਪੁੱਛਿਆ, "ਕੀ ਤੁਸੀਂ ਮੰਗ ਕੇ ਗੁਜ਼ਾਰਾ ਕਰਦੇ ਹੋ?"

ਗੁਰੂ ਜੀ ਨੇ ਜਵਾਬ ਦਿੱਤਾ :

"ਨਿਰੰਕਾਰ ਜੋ ਰਹੈ ਸਮਾਇ। ਤਉ ਕਾਹੇ ਭਿਖਿਆ ਮੰਗਣਿ ਜਾਇ।"

(ਆ: ਗ੍ਰੰ: ਪੰ: ੯੫੩)

ਭਾਵ ਜੋ ਪ੍ਰਮਾਤਮਾ ਦੀ ਲਗਨ 'ਚ ਮਗਨ ਹਨ ਉਹ ਮੰਗਣ ਕਿਉਂ ਜਾਵੇ? ਫੇਰ ਸਿੱਧਾਂ ਨੇ ਪੁੱਛਿਆ, "ਕੀ ਤੁਸੀਂ ਉਦਾਸੀ ਹੋ?"

ਗੁਰੂ ਜੀ ਨੇ ਜਵਾਬ 'ਚ ਕਿਹਾ :

"ਗਿਆਨ ਖੜਗ ਲੈ ਮਨੁ ਸਿਉ ਲੂਝੈ। *(ਆ: ਗ੍ਰੰ: ਪੰ: ੧੦੨੨)*

ਮਰਮਦਿਸਾ ਪੰਚਾ ਕਾ ਬੂਝੈ।

ਮਨ ਸੁਰਤ ਕੀ ਪਾਵੈ ਗੰਠਿ। ਤੀਰਥ ਪਰਸੈ ਤ੍ਰੈ ਸੈ ਕੰਠਿ।
ਜਿਨਿ ਇਹੁ ਮੈਲੁ ਮਨੈ ਕੀ ਖੋਈ। ਨਾਨਕੁ ਕਹੈ ਉਦਾਸੀ ਸੋਈ।"

ਫੇਰ ਜੋਗੀਆਂ ਨੇ ਗੁਰੂ ਜੀ ਤੋਂ ਪੁੱਛਿਆ, "ਕੀ ਤੁਸੀਂ ਅਉਧੂਤ ਹੁੰਦੇ ਹੋ?" ਗੁਰੂ ਜੀ ਨੇ ਦੱਸਿਆ ਕਿ ਅਉਧੂਤ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ :

"ਗੁਰ ਕਾ ਭਗਤੁ ਇੰਦ੍ਰੀ ਕਾ ਜਤੀ।
ਹਿਰਦੇ ਕਾ ਮੁਕਤਾ ਮੁਖ ਕਾ ਸਤੀ।
ਦ੍ਰਿਸਟ ਕਾ ਦਿਆਲ ਕਰ ਦੇਖੈ ਦਾਨੁ।
ਜੋ ਘਟਿ ਨਿਵਿਆ ਸੋ ਨਿਵਿਆ ਜਾਨੁ।
ਬਚਨ ਸਬਦ ਕਾ ਸਫਲ ਸੋ ਹੋਤਾ। ਨਾਨਕ ਕਹੈ ਸੋਈ ਅਉਧੂਤਾ।
ਚੰਚਲੁ ਚੀਤ ਨ ਜਾਇ ਤਮਾਸੇ। ਜੂਐ ਜਾਇ ਨ ਖੇਲੈ ਪਾਸੇ।
ਮੰਦੈ ਚੰਗੈ ਚਿਤ ਨ ਲਾਵੈ। ਗੁਰ ਕਾ ਦੀਆ ਅੰਗਿ ਹੰਢਾਵੈ।
ਪਰ ਘਰਿ ਜਾਇ ਨ ਕੀਚੈ ਕਥਾ। ਐਸੀ ਸ੍ਰਤਿਗੁਰੂ ਤੇਰੀ ਕਥਾ।
ਗੁਰ ਕੀ ਸਿਖ ਸੁਣ ਰੇ ਪੂਤਾ। ਨਾਨਕੁ ਕਹੈ ਸੋਈ ਅਉਧੂਤਾ।

ਫੇਰ ਜੋਗੀਆਂ ਨੇ ਇਹ ਜਾਨਣ ਦੀ ਇੱਛਾ ਕੀਤੀ ਕਿ ਗੁਰੂ ਜੀ ਜੋਗੀ ਹਨ। ਗੁਰੂ ਜੀ ਨੇ ਜਵਾਬ 'ਚ ਕਿਹਾ :

'ਆਸਣ ਸਾਧੁ ਨਿਰਾਲਮੁ ਹੈ। ਪੰਚ ਤਤ ਨਿਗ੍ਰਹੁ ਕਰ ਗਹੈ।
ਥੋੜੀ ਨਿੰਦ੍ਰਾ ਅਲਪ ਅਹਾਰੀ। ਸਾਧ ਕਾ ਪਿੰਡ ਸਦਾ ਵਿਚਾਰੀ।
ਜਪ ਤਪ ਸੰਜਮ ਸੁਰਤਿ ਬਿਚਖਣ। ਨਾਨਕ ਕਹੈ ਜੋਗ ਕੇ ਲਛਣ।
ਤਾਮਸ ਤ੍ਰਿਸਨਾ ਲੋਭੁ ਨਿਵਾਰੇ। ਸਹਜੇ ਉਪਜੇ ਦੁਰਮਤਿ ਜਾਇ।
ਸਾਧ ਨਿਵਾਜੈ ਬੰਧੈ ਚੋਰਾ। ਗੁਰ ਬਿਨੁ ਮੰਤ੍ਰੁ ਨ ਜਪੀਐ ਹੋਰਾ।
ਉਤਮ ਭਲੇ ਤਿਨਾ ਕੇ ਲਖਣ। ਨਾਨਕ ਕਹੈ ਜੋਗ ਕੇ ਲਛਣ।
ਇਹੁ ਤਨ ਭਾਂਡਾ ਸੁਰਤਿ ਕਰ ਦੂਧ। ਤਿਸੈ ਪਾਈਐ ਸਚੁ ਸਮਾਇਣੁ ਸੂਧ।
ਜੁਗਤਿ ਜਤਨੁ ਕਰਿ ਸਹਜਿ ਜਮਾਵੈ। ਜੁਗਤਿ ਵਿਹੂਣਾ ਵਿਕੋ ਜਾਵੈ।
ਗਿਆਨੁ ਮਧਾਣਾ ਨੇਤ੍ਰਾ ਨਾਉ। ਇਨ ਬਿਧਿ ਜਪੀਐ ਕੇਵਲ ਨਾਉ।
ਰੋਲਿ ਬਿਰੋਲ ਕਢ ਲੀਜੈ ਮਖਣ। ਨਾਨਕ ਕਹੈ ਜੋਗ ਕੇ ਲਛਣ।

ਜੋਗੀ ਹੈਰਾਨ ਹੋ ਕੇ ਪੁਛਣ ਲੱਗੇ, "ਕੀ ਭੁਸੀਂ ਬੈਰਾਗੀ ਹੁੰਦੇ ਹੋ।"

ਗੁਰੂ ਜੀ ਨੇ ਦੱਸਿਆ ਕਿ ਬੈਰਾਗੀ ਦੀ ਪਦਵੀ ਕੀ ਹੈ :

'ਸੋ ਬੈਰਾਗੀ ਜੋ ਬੈ ਮਹਿ ਆਵੈ। ਸਿਵ ਕੈ ਆਗੈ ਸਕਤਿ ਨਿਵਾਵੈ।
ਸਿਉ ਸਕਤੀ ਕੇ ਕਰਮ ਕਰੈ। ਅਜਰ ਵਸਤਿ ਅਗੋਚਰੁ ਜਰੈ।
ਜਿਸੁ ਤਾਮਸ ਤਿਸਨਾ ਹਉਮੈ ਤਿਆਗੀ। ਨਾਨਕ ਕਹੈ ਸੋਈ ਬੈਰਾਗੀ।
ਪਰਚੈ ਕੈ ਘਰਿ ਰਹੈ ਉਦਾਸ। ਅਰਚੈ ਕੈ ਘਰ ਕਰੈ ਨਿਵਾਸੁ।
ਉਦਰ ਕੈ ਸਬਦਿ ਬਿਲਾਈ ਭਾਗੀ। ਉਲਟੈ ਪਉਣ ਸਹਜਿ ਸਮਾਵੈ।
ਪੰਚ ਚੋਰ ਕਉ ਵਸ ਗਤਿ ਕਰੈ। ਸੋ ਬੈਰਾਗੀ ਸਿਉ ਊਪਰਿ ਚੜੈ।

ਅਵਗਤਿ ਤਿਆਗਿ ਏਕ ਲਿਵ ਲਾਗੀ। ਨਾਨਕ ਕਹੈ ਸੋਈ ਬੈਰਾਗੀ।

ਇਹ ਸੁਣ ਕੇ ਗੋਰਖ ਨਾਥ ਦੇ ਚੇਲਿਆਂ ਨੇ ਗੁਰੂ ਜੀ ਨੂੰ ਕਿਹਾ, "ਮਹਾਰਾਜ ਤੁਸੀਂ ਜੋਗ ਧਾਰ ਲਵੋ।"

ਗੁਰੂ ਜੀ ਨੇ ਉਨ੍ਹਾਂ ਤੋਂ ਪੁਛਿਆ "ਤੁਸੀਂ ਦੱਸੋ ਕਿ ਜੋਗੀ ਕਿਸਨੂੰ ਕਿਹਾ ਜਾਂਦਾ ਹੈ।" ਉਹਨਾਂ ਨੇ ਜਵਾਬ ਦਿੱਤਾ :

"ਜੋਗ ਕਾ ਰੂਪੁ ਮੁੰਦ੍ਰਾ ਖਿੰਥਾ ਝੋਲੀ ਡੰਡਾ।
ਸਿੰਙੀ ਨਾਦੁ ਵਜੈ ਬ੍ਰਹਮੰਡਾ।"

ਜੋਗੀ ਆਪਣੇ ਮੱਤ ਦੇ ਬਾਰੇ ਕੁਝ ਹੋਰ ਦੱਸਣ ਲੱਗ ਪਏ ਪਰ ਗੁਰੂ ਜੀ ਨੇ ਉਹਨਾਂ ਦੀ ਗੱਲ ਨੂੰ ਟੋਕ ਕੇ ਜੋਗੀਆਂ ਦੇ ਸਾਰੇ ਉਪਰਲੇ ਭੇਸ ਦੀ ਥਾਂ ਆਤਮਕ ਗੁਣਾਂ ਦੇ ਚਿੰਨ੍ਹ ਦੱਸੇ :

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ।
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ।੧।
ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ।
ਅੰਮ੍ਰਿਤ ਨਾਮ ਨਿਰੰਜਨ ਪਾਇਆ ਗਿਆ ਕਾਇਆ ਰਸਭੰਗੰ।੧ ਰਹਾਉ।
ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ।
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੇ ਨਾਦੰ।
ਪੁਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨੁ ਅਤੀਤੰ।੩।
ਸਗਲੀ ਜੋਤਿ ਹਮਾਰੀ ਸੰਮਿਆ ਨਾਨ ਵਰਨ ਅਨੇਕੰ।
ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ।੪।੩।੩।

ਜਿਨ੍ਹਾਂ ਦਿਨਾਂ 'ਚ ਗੁਰੂ ਜੀ ਵਟਾਲੇ 'ਚ ਰਹੇ, ਉਨ੍ਹਾਂ ਦਿਨਾਂ 'ਚ ਗੁਰੂ ਜੀ ਨੇ "ਸਿਧ ਗੋਸ਼ਟਿ" ਉਚਾਰਿਆ ਸੀ। ਕਿਹਾ ਜਾਂਦਾ ਹੈ ਕਿ ਜੋਗੀਆਂ ਨੂੰ ਗੁਰੂ ਜੀ ਦੇ ਉਪਦੇਸ਼ਾਂ ਤੋਂ ਆਤਮਕ ਸ਼ਾਂਤੀ ਮਿਲੀ।

ਕਾਂਡ—12
ਉੱਤਰ-ਖੰਡ ਦਾ ਸਫਰ
ਪੰਡਤ ਬ੍ਰਹਮ ਦਾਸ ਨਾਲ ਮੁਲਾਕਾਤ

ਗੁਰੂ ਜੀ ਨੇ ਤੀਜੀ ਉਦਾਸੀ ਉੱਤਰ-ਖੰਡ ਵਲ ਦੀ ਕੀਤੀ। ਗੁਰੂ ਜੀ ਨੇ ਚਮੜੇ ਦੇ ਬਸਤਰ ਪਹਿਨੇ ਅਤੇ ਸਿਰ ਤੇ ਵੀ ਚਮੜਾ ਪਹਿਨਿਆ। ਆਪਣੇ ਸਰੀਰ ਤੇ ਰੱਸੇ ਲਪੇਟ ਲਏ ਅਤੇ ਮੱਥੇ ਤੇ ਕੇਸਰ ਦਾ ਤਿਲਕ ਲਾਇਆ। ਹਸੂ ਲੁਹਾਰ ਅਤੇ ਸ਼ੀਹਾਂ ਛੀਂਬਾ ਗੁਰੂ ਜੀ ਦੇ ਨਾਲ ਸਨ। ਇਹ ਸਾਰੇ ਸ੍ਰੀਨਗਰ (ਕਸ਼ਮੀਰ) ਤੱਕ ਗਏ। ਇੱਥੇ ਕੁਝ ਚਿਰ ਰੁਕੇ ਅਤੇ ਕਿੰਨੇ ਹੀ ਲੋਕਾਂ ਨੂੰ ਆਪਣਾ ਸਿੱਖ ਬਣਾਇਆ।

ਕਸ਼ਮੀਰ ਦੇ ਪੰਡਿਤਾਂ 'ਚੋਂ ਉਸ ਵੇਲੇ ਬ੍ਰਹਮ ਦਾਸ ਉੱਘਾ ਪੰਡਤ ਸੀ। ਜਦੋਂ ਉਸਨੇ ਗੁਰੂ ਜੀ ਦੇ ਆਉਣ ਦੀ ਖਬਰ ਸੁਣੀ ਤਾਂ ਆਪਣੇ ਰਿਵਾਜਾਂ ਦੇ ਮੁਤਾਬਕ ਗੁਰੂ ਜੀ ਨੂੰ ਮਿਲਣ ਗਿਆ। ਆਪਣੀ ਭਗਤੀ ਅਤੇ ਵਿਦਿਆ ਬਾਰੇ ਗੁਰੂ ਜੀ ਨੂੰ ਦੱਸਣ ਲਈ ਉਸ ਨੇ ਆਪਣੇ ਗਲ 'ਚ ਠਾਕੁਰ ਪਾਏ ਅਤੇ ਸੰਸਕ੍ਰਿਤ ਦੀਆਂ ਪੁਸਤਕਾਂ ਦੇ ਦੋ ਊਠ ਭਰ ਕੇ ਲੈ ਗਿਆ। ਗੁਰੂ ਜੀ ਦੇ ਬਸਤਰਾਂ ਵੱਲ ਵੇਖ ਕੇ ਆਖਿਆ ਕਿ ਤੁਸੀਂ ਕਿਸ ਦੇ ਸਾਧ ਹੋ? ਤੁਸੀਂ ਅਪਵਿੱਤਰ ਚਮੜਾ ਕਿਉਂ ਪਹਿਨਿਆ ਹੋਇਆ ਹੈ? ਤੁਹਾਡੇ ਜਿਸਮ ਤੇ ਰੱਸੇ ਕਿਉਂ ਲਪੇਟੇ ਹੋਏ ਹਨ? ਤੁਸੀਂ ਆਪਣੇ ਧਰਮ ਦੀ ਰੀਤੀ ਕਿਉਂ ਛੱਡੀ ਹੋਈ ਹੈ? ਅਤੇ ਤੁਸੀਂ ਮੱਛੀ ਅਤੇ ਮਾਸ ਕਿਉਂ ਖਾਂਦੇ ਹੋ? ਗੁਰੂ ਜੀ ਨੇ ਇਨ੍ਹਾਂ ਸਵਾਲਾਂ ਵੱਲ ਕੋਈ ਖਾਸ ਧਿਆਨ ਨਾ ਦਿੱਤਾ ਅਤੇ ਦਿਲ 'ਚ ਉਪਜੇ ਹੋਏ ਖਿਆਲਾਂ ਨੂੰ ਪ੍ਰਗਟਾ ਕੇ ਦਿਲ ਦਾ ਭਾਰ ਹੌਲਾ ਕੀਤਾ :

ਹੋ ਕੇ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ।
ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ॥ਪਉੜੀ॥
ਆਪੀਨੈ ਆਪੁ ਸਾਜਿ ਆਪੁ ਪਛਾਣਿਆ।
ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ।
ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ।
ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ।
ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ।
ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ।
ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ। (ਆ: ਗ੍ਰੰ: ਪੰ:੧੨੧੯)
ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ।੧। (ਵਾਰ ਮਲਾਰ ਮਹਲਾ ੧)

ਕੁਝ ਦੇਰ ਰੁਕ ਕੇ ਗੁਰੂ ਜੀ ਦੇ ਦਿਲ 'ਚੋਂ ਪ੍ਰਮਾਤਮਾ ਦੇ ਜਸ ਦਾ ਸੋਮਾ ਵਹਿ ਤੁਰਿਆ :

ਤੂੰ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ।
ਬੈਠਾ ਤਾੜੀ ਲਾਇ ਕਵਲੁ ਛਪਾਇਆ।

ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ।
ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ।
ਨਾ ਤਿਸੁ ਰੂਪ ਨ ਰੇਖ ਵਰਣ ਸਬਾਇਆ।
ਨਾ ਤਿਸੁ ਭੁਖ ਪਿਆਸ ਰਜਾ ਧਾਇਆ।
ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ। (ਆ: ਗ੍ਰੰ: ਪੰ: ੧੨੭੯)
ਸਚੇ ਹੀ ਪਤੀਆਇ ਸਚਿ ਸਮਾਇਆ।੨। (ਪਉੜੀ ਵਾਰ ਮਲਾਰ ਮਹਲਾ ੧)

ਬ੍ਰਹਮ ਦਾਸ ਫੇਰ ਗੁਰੂ ਜੀ ਦੀ ਭਗਤੀ ਅਤੇ ਗੁਰੂ ਜੀ ਦੇ ਗੁਣਾਂ ਨੂੰ ਜਾਣਕੇ ਉਨ੍ਹਾਂ ਦੇ ਚਰਨਾਂ ਤੇ ਡਿਗ ਪਿਆ ਅਤੇ ਪੁੱਛਿਆ, "ਮਹਾਰਾਜ ਇਸ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਕੀ ਸੀ?" ਗੁਰੂ ਜੀ ਨੇ ਜਵਾਬ 'ਚ ਹੇਠ ਲਿਖਿਆ ਸ਼ਬਦ ਉਚਾਰਿਆ :—

ਅਰਬਦ ਨਰਬਦ ਧੁੰਧੂਕਾਰਾ।
ਧਰਣਿ ਗਗਨਾ ਹੁਕੁਮੁ ਅਪਾਰਾ।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜ
ਸੁੰਨ ਸਮਾਧਿ ਲਗਾਇਦਾ।੧।
ਖਾਣੀ ਨ ਬਾਣੀ ਪਉਣ ਨ ਪਾਣੀ।
ਓਪਤਿ ਖਪਤਿ ਨ ਆਵਣ ਜਾਣੀ।
ਖੰਡ ਪਤਾਲ ਸਪਤ ਨਹੀਂ ਸਾਗਰ ਨਦੀ ਨ ਨੀਰ ਵਹਾਇਦਾ।੨।
ਨਾ ਤਦਿ ਸੁਰਗੁ ਮਛੁ ਪਇਆਲਾ। ਦੋਜਕੁ ਭਿਸਤੁ ਨਹੀਂ ਧੈ ਕਾਲਾ।
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾਕੋ ਆਇ ਨ ਜਾਇਦਾ।੩।
ਬ੍ਰਹਮਾ ਬਿਸਨੁ ਮਹੇਸ਼ ਨ ਕੋਈ। ਅਵਰੁ ਨ ਦੀਸੈ ਏਕੋ ਸੋਈ।
ਨਾਰਿ ਪੁਰਖੁ ਨਹੀਂ ਜਾਤਿ ਨ ਜਨਮਾ ਨ ਕੋ ਦੁਖੁ ਸੁਖੁ ਪਾਇਦਾ।੪।
ਨਾ ਤਦਿ ਜਤਿ ਸਤੀ ਬਨਵਾਸੀ। ਨਾ ਸਿਧ ਸਾਧਿਕ ਸੁਖਵਾਸੀ।
ਜੋਗੀ ਜੰਗਮ ਭੇਖੁ ਨ ਕੋਈ ਨ ਕੋ ਨਾਥੁ ਕਹਾਇਦਾ।੫।
ਜਪ ਤਪ ਸੰਜਮ ਨਾ ਬ੍ਰਤ ਪੂਜਾ। ਨਾਕੋ ਆਖਿ ਵਖਾਣੈ ਦੂਜਾ।
ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤ ਪਾਇਦਾ।੬।
ਨਾ ਸੁਚਿ ਸੰਜਮੁ ਤੁਲਸੀ ਮਾਲਾ। ਗੋਪੀ ਕਾਨੁ ਨ ਗਊ ਗੁਆਲਾ।
ਤੰਤ ਮੰਤੁ ਪਾਖੰਡ ਨ ਕੋਈ ਨਾਕੋ ਵੰਸੁ ਵਜਾਇਦਾ।੭।
ਕਰਮ ਧਰਮ ਨਹੀਂ ਮਾਇਆ ਮਾਖੀ।
ਜਾਤਿ ਜਨਮੁ ਨਹੀਂ ਦੀਸੈ ਆਖੀ।
ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ।੮।
ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ। ਨ ਤਦਿ ਗੋਰਖ ਨ ਮਾਛਿੰਦੋ।
ਨਾ ਤਦਿ ਗਿਆਨੁ ਧਿਆਨ ਕੁਲ ਓਪਤ ਨਾਕੋ ਗਣਤ ਗਣਾਇਦਾ।੯।
ਵਰਨ ਭੇਖ ਨਹੀ ਬ੍ਰਹਮਣ ਖਤ੍ਰੀ। ਦੇਉ ਨ ਦੇਹੁਰਾ ਗਊ ਗਾਇਤ੍ਰੀ।
ਹੋਮ ਜਗ ਨਹੀ ਤੀਰਥਿ ਨਾਵਣ ਨਾਕੋ ਪੂਜਾ ਲਾਇਦਾ।੧੦।
ਨਾ ਕੋ ਮੁਲਾ ਨਾ ਕੋ ਕਾਜੀ। ਨ ਕੋ ਸੇਖੁ ਮਸਾਇਕੁ ਹਾਜੀ।
ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ।੧੧।

ਭਾਉ ਨ ਭਗਤੀ ਨ ਸਿਵ ਸਕਤੀ।
ਸਾਜਨੁ ਮੀਤੁ ਬਿੰਦੁ ਨਹੀ ਰਕਤੀ।
ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ।੧੨।
ਬੇਦ ਕਤੇਬ ਨ ਸਿੰਮ੍ਰਿਤਿ ਸਾਸਤ।
ਪਾਠ ਪੁਰਾਣ ਉਦੈ ਨਹੀਂ ਆਸਤ।
ਕਹਤਾ ਬਕਤਾ ਆਪਿ ਅਗੋਚਰ ਆਪੇ ਅਲਖ ਲਖਾਇਦਾ।੧੩।
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ।
ਬਾਝੁ ਕਲਾ ਆਡਾਣੁ ਰਹਾਇਆ।
ਬ੍ਰਹਮਾ ਬਿਸਨੁ ਮਹੇਸ ਉਪਾਏ ਮਾਇਆ ਮੋਹੁ ਵਧਾਇਦਾ।੧੫।
ਵਿਰਲੇ ਕਉ ਗੁਰਿ ਸਬਦੁ ਸੁਣਾਇਆ।
ਕਰਿ ਕਹਿ ਦੇਖੈ ਹੁਕਮੁ ਸਬਾਇਆ।
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ।੧੫।
ਤਾਕਾ ਅੰਤੁ ਨ ਜਾਣੈ ਕੋਈ। ਪੂਰੇ ਗੁਰ ਤੇ ਸੋਝੀ ਹੋਈ।
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ।੧੬।

(ਆ: ਗ੍ਰੰ: ਪੰ: ੧੦੩੫-੩੬) (ਮਾਰੂ ਸੋਹਲੇ ਮਹਲਾ ੧)

ਇਹ ਸੁਣ ਕੇ ਪੰਡਤ ਬ੍ਰਹਮ ਦਾਸ ਨੇ ਆਪਣੇ ਗਲੇ 'ਚੋਂ ਠਾਕੁਰ ਖੋਲ੍ਹ ਕੇ ਦੂਰ ਸੁੱਟ ਦਿੱਤੇ ਅਤੇ ਗੁਰੂ ਜੀ ਦੇ ਚਰਨਾਂ ਤੇ ਪੈ ਗਿਆ। ਗੁਰੂ ਜੀ ਦਾ ਸੱਚਾ ਸੇਵਕ ਬਣ ਕੇ ਸੇਵਾ ਕਰਨ ਲੱਗ ਪਿਆ। ਪਰ ਉਸਦੇ ਦਿਮਾਗ 'ਚੋਂ ਥੋਟੇ ਖਿਆਲ ਨਾ ਗਏ। ਜੋ ਵੀ ਥੋੜੀ ਬਹੁਤ ਸੇਵਾ ਕਰਦਾ ਸੀ, ਬੜੀ ਲਾਪਰਵਾਹੀ ਵਰਤਦਾ ਸੀ। ਉਹ ਸੋਚਦਾ ਸੀ ਕਿ ਪਹਿਲਾਂ ਵੀ ਤਾਂ ਇਸ ਤਰ੍ਹਾਂ ਦੀ ਸੇਵਾ ਕਰ ਚੁੱਕਾ ਹਾਂ ਪਰ ਹੰਕਾਰ ਹੋਣ ਕਰਕੇ ਸਭ ਵਿਅਰਥ ਚਲੀ ਜਾਂਦੀ।

ਇੱਕ ਮੁਲਾਕਾਤ ਤੇ ਗੁਰੂ ਜੀ ਨੇ ਕਿਹਾ ਕਿ ਤੂੰ ਕੋਈ ਗੁਰੂ ਧਾਰ ਲੈ। ਪੰਡਤ ਨੇ ਪੁੱਛਿਆ, "ਕਿਸ ਤਰ੍ਹਾਂ ਦਾ ਗੁਰੂ ਧਾਰਾਂ?" ਗੁਰੂ ਜੀ ਨੇ ਜਵਾਬ ਦਿੱਤਾ ਕਿ ਉਸ ਬੀਆਬਾਨ 'ਚ ਇਕ ਝੌਂਪੜੀ ਹੈ ਉਥੇ ਚਾਰ ਫਕੀਰ ਹੋਣਗੇ। ਉਹ ਤੈਨੂੰ ਇਸ ਦਾ ਜਵਾਬ ਦੇ ਦੇਣਗੇ। ਪੰਡਤ ਉਹਨਾਂ ਫਕੀਰਾਂ ਕੋਲ ਚਲਾ ਗਿਆ। ਥੋੜੀ ਦੇਰ ਪਿਛੋਂ ਉਹਨਾਂ ਨੇ ਕਿਹਾ, "ਉਸ ਮੰਦਰ 'ਚ ਜਾਹ ਉਥੇ ਤੈਨੂੰ ਗੁਰੂ ਮਿਲ ਜਾਵੇਗਾ।" ਪੰਡਤ ਮੰਦਰ ਵੱਲ ਹੋ ਤੁਰਿਆ। ਉਸ ਮੰਦਰ ਦੀ ਰਖਵਾਲੀ ਇੱਕ ਔਰਤ ਕਰਦੀ ਸੀ। ਜਿਸਦੇ ਲਾਲ ਕੱਪੜੇ ਪਹਿਨੇ ਹੋਏ ਸਨ। ਉਸ ਔਰਤ ਨੇ ਪੰਡਤ ਦਾ ਸਵਾਗਤ ਕਰਨ ਦੀ ਥਾਂ ਜੁੱਤੀਆਂ ਨਾਲ ਬੁਰੀ ਤਰ੍ਹਾਂ ਕੁੱਟਿਆ। ਪੰਡਤ ਰੋਂਦਾ ਹੋਇਆ ਉਨ੍ਹਾਂ ਫਕੀਰਾਂ ਕੋਲ ਵਾਪਸ ਆ ਗਿਆ ਜਿਨ੍ਹਾਂ ਨੇ ਉਸਨੂੰ ਇਸ ਬੁਰੇ ਪਾਸੇ ਘੱਲਿਆ ਸੀ। ਪੰਡਤ ਕੋਲੋਂ ਉਨ੍ਹਾਂ ਨੇ ਪੁੱਛਿਆ, "ਕੀ ਤੈਨੂੰ ਗੁਰੂ ਮਿਲ ਗਿਆ?" ਇਸ ਦੇ ਜਵਾਬ 'ਚ ਪੰਡਤ ਨੇ ਸਾਰੀ ਦੁੱਖ ਭਰੀ ਵਿਆਖਿਆ ਸੁਣਾ ਦਿੱਤੀ। ਉਨ੍ਹਾਂ ਨੇ ਫੇਰ ਇਹ ਦੱਸਿਆ ਕਿ ਉਹ ਔਰਤ ਮਾਇਆ ਸੀ। (ਮਾਇਆ ਤੋਂ ਮਤਲਬ ਇਥੇ ਦੁਨਿਆਵੀ ਪ੍ਰੇਮ ਤੋਂ ਹੈ) ਅਤੇ ਆਖਿਆ, "ਇਹ ਹੀ ਮਾਇਆ ਤੇਰਾ ਗੁਰੂ ਹੈ ਜਿਸ ਨੂੰ ਤੂੰ ਬਹੁਤ ਚਾਹੁੰਦਾ ਸੀ। ਇਹ ਸੁਣ ਕੇ ਪੰਡਤ ਵਾਪਸ ਗੁਰੂ ਜੀ ਕੋਲ ਆ ਗਿਆ ਅਤੇ ਉਨ੍ਹਾਂ ਦੇ ਚਰਨਾਂ ਤੇ ਢਹਿ ਪਿਆ। ਉਸੇ ਵਕਤ ਉਸ ਨੇ ਦੋ ਊਠਾਂ ਦੇ ਭਾਰ ਦੇ

ਬਰਾਬਰ ਦੀਆਂ ਪੁਸਤਕਾਂ ਖਰੀਦ ਲਈਆਂ ਅਤੇ ਪ੍ਰਮਾਤਮਾ ਦਾ ਨਾਮ ਜਪਣ ਲੱਗ ਗਿਆ। ਫੇਰ ਇਸ ਤਰ੍ਹਾਂ ਦਾ ਨਿਮਰ ਸੇਵਕ ਬਣ ਗਿਆ ਜਿਸ ਤਰ੍ਹਾਂ ਦਾ ਬਨਣਾ ਚਾਹੀਦਾ ਸੀ। ਫੇਰ ਕੀ, ਉਹ ਪ੍ਰਮਾਤਮਾ ਦਾ ਨਾਮ ਲੈਣ ਲੱਗਾ ਅਤੇ ਸੰਗਤਾਂ ਦੀ ਚਰਣਰੇਣਿ ਬਣ ਗਿਆ। ਪੰਡਤ ਨੇ ਗੁਰੂ ਜੀ ਤੋਂ ਪੁੱਛਿਆ ਕਿ ਦੁਨੀਆਂ ਤੇ ਸੁਖੀ ਕੌਣ ਹੈ? ਗੁਰੂ ਜੀ ਨੇ ਜਵਾਬ 'ਚ ਇਹ ਸਲੋਕ ਫੁਰਮਾਇਆ। ਇਹ ਸਲੋਕ ਹਸੂ ਅਤੇ ਸੀਹੋਂ ਨੇ ਲਿਖ ਲਏ :

ਸਹੰਸਰ ਦਾਨ ਦੇਇ ਇੰਦ੍ ਰੋਆਇਆ :
ਪਰਸਰਾਮੁ ਰੋਵੈ ਘਰਿ ਆਇਆ।
ਅਜੈ ਸੁ ਰੋਵੈ ਭਿਖਿਆ ਖਾਇ।
ਐਸੀ ਦਰਗਾਹ ਮਿਲੈ ਸਜਾਇ।
ਰੋਵੈ ਰਾਮ ਨਿਕਾਲਾ ਭਇਆ।
ਸੀਤਾ ਲਖਮਣੁ ਵਿਛੁੜਿ ਗਇਆ।
ਰੋਵੈ ਦਹਸਿਰੁ ਲੰਕ ਗਵਾਇ।
ਜਿਨਿ ਸੀਤਾ ਆਂਦੀ ਡਉਰੁ ਵਾਇ।
ਰੋਵਹਿ ਪਾਂਡਵ ਭਏ ਮਜੂਰ।
ਜਿਨ ਕੇ ਸੁਆਮੀ ਰਹਿਤ ਹਦੂਰਿ।
ਰੋਵੈ ਜਨਮੇਜਾ ਖੁਇ ਗਇਆ।
ਏਕੀ ਕਾਰਣਿ ਪਾਪੀ ਭਇਆ।
ਰੋਵਹਿ ਸੇਖ ਮਸਾਇਕ ਪੀਰ।
ਅੰਤਿ ਕਾਲਿ ਮਤੁ ਲਾਗੈ ਭੀੜ।
ਰੋਵਹਿ ਰਾਜੇ ਕੰਨ ਪੜਾਇ।
ਪੰਡਤ ਰੋਵਹਿ ਗਿਆਨੁ ਗਵਾਇ।
ਬਾਲੀ ਰੋਵੈ ਨਾਹਿ ਭਤਾਰੁ।
ਨਾਨਕ ਦੁਖੀਆ ਸਭੁ ਸੰਸਾਰੁ।
ਮੰਨੇ ਨਾਉ ਸੋਈ ਜਿਣਿ ਜਾਇ। *(ਆ: ਗ੍ਰੰ: ਪੰ: ੯੫੪)*
ਅਉਰੀ ਕਰਮ ਨ ਲੇਖੈ ਲਾਇ।੧। *(ਰਾਮਕਲੀ ਕੀ ਵਾਰ ਮਹਲਾ ੧)*

ਸੁਮੇਰ ਪਰਬਤ ਦੀ ਸਾਖੀ

ਗੁਰੂ ਜੀ ਸ੍ਰੀਨਗਰ ਤੋਂ, ਹਿਮਾਲਾ ਪਰਬਤ ਤੋਂ ਦੀ ਹੁੰਦੇ ਹੋਏ ਸੁਮੇਰ ਪਰਬਤ ਤੇ ਜਾ ਪਹੁੰਚੇ। ਗੁਰੂ ਜੀ ਇਥੇ ਕਿੰਨੇ ਹੀ ਪ੍ਰਸਿੱਧ ਸਿੱਧਾਂ ਨੂੰ ਮਿਲੇ। ਉਨ੍ਹਾਂ ਨੂੰ ਆਦੇਸ਼ ਕਰਕੇ ਗੁਰੂ ਜੀ ਬੈਠ ਗਏ। ਗੁਰੂ ਜੀ ਤੋਂ ਸਿੱਧਾਂ ਪੁੱਛਿਆ, "ਤੁਸੀਂ ਕਿਹੜੀ ਥਾਂ ਤੋਂ ਆਏ ਹੋ ਅਤੇ ਭਾਰਤ ਦਾ ਕੀ ਹਾਲ ਹੈ।" ਗੁਰੂ ਜੀ ਨੇ ਜਵਾਬ ਦਿੱਤਾ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।
ਕੂੜੁ ਅਮਾਵਸ ਸਚੁ ਚੰਦ੍ਮਾ ਦੀਸੈ ਨਾਹੀ ਕਹ ਚੜਿਆ।
ਹਉ ਭਾਲਿ ਵਿਕੁੰਨੀ ਹੋਈ। ਆਧੇਰੈ ਰਾਹੁ ਨ ਕੋਈ।
ਵਿਚਿ ਹਉਮੈ ਕਰਿ ਦੁਖੁ ਰੋਈ। *(ਆ: ਗ੍ਰੰ: ਪੰ:੧੪੫)*
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ।੪। *(ਮਾਝ ਕੀ ਵਾਰ ਸਲੋਕ ਮਹਲਾ ੧)*

ਸਿੱਧਾਂ ਨੇ ਇਹ ਸੁਣ ਕੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਆਉ ਪ੍ਰਮਾਤਮਾ ਦਾ ਜੱਸ ਗਾਈਏ। ਜਦੋਂ ਸਾਰੇ ਜਣੇ ਪ੍ਰਮਾਤਮਾ ਦਾ ਜਸ ਗਾ ਹਟੇ ਤਾਂ ਗੁਰੂ ਜੀ ਨੇ ਸਿੱਧਾਂ ਨਾਲ ਫੇਰ ਇਸ ਤਰ੍ਹਾਂ ਗੱਲ ਸ਼ੁਰੂ ਕੀਤੀ :

ਸਿੱਧ ਗੋਸਟਿ

ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ।
ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ।
ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ।
ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ।੧।
ਕਿਆ ਭਵੀਐ ਸਚਿ ਸੂਚਾ ਹੋਇ।
ਸਾਚ ਸਬਦ ਬਿਨ ਮੁਕਤਿ ਨ ਕੋਇ।੧ ਰਹਾਉ।

ਸਿੱਧਾਂ ਨੇ ਪੁੱਛਿਆ :

ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨ ਸੁਆਓ।
ਸਾਚੁ ਕਹਹੁ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ।
ਕਹ ਬੈਸਹੁ ਕਹ ਕਹੀਐ ਬਾਲੇ ਕਹ ਆਵਹੁ ਕਹ ਜਾਹੋ।
ਨਾਨਕ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ।੨।

ਗੁਰੂ ਨਾਨਕ ਦੇਵ ਜੀ ਨੇ ਕਿਹਾ :

ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਇ।
ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਇ।
ਆਸਣਿ ਬੈਸਣਿ ਥਿਰ ਨਾਰਾਇਣੁ ਐਸੀ ਗੁਰਮਤਿ ਪਾਏ।
ਗੁਰਮੁਖਿ ਬੂਝੈ ਆਪੁ ਪਛਾਣੈ ਸਚੈ ਸਚਿ ਸਮਾਏ।੩।

ਚਰਪਟ ਨਾਂ ਦੇ ਇਕ ਸਿੱਧ ਨੇ ਪੁੱਛਿਆ :

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ।
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਵੀਚਾਰੋ।

ਗੁਰੂ ਨਾਨਕ ਦੇਵ ਜੀ ਨੇ ਆਖਿਆ :

ਆਪੇ ਆਥੈ ਆਪੈ ਸਮਝੈ ਤਿਸੁ ਕਿਆ ਉਤਰੁ ਦੀਜੈ।
ਸਾਚੁ ਕਹਹੁ ਤੁਮ ਪਾਰਗਰਾਮੀ ਤੁਝ ਕਿਆ ਬੈਸਣੁ ਦੀਜੈ।੧।
ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।
ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮ ਵਖਾਣੇ।
ਰਹਹਿ ਇਕਾਂਤ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ।
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕ ਤਾਕਾ ਦਾਸੋ।੫। (ਆ: ਗ੍ਰੰ: ਪੰ: ੯੩੮)
(ਰਾਮਕਲੀ ਮਹਲਾ ੧ ਸਿੱਧ ਗੋਸਟਿ)

ਸਿੱਧਾਂ ਨੇ ਫੇਰ 'ਆਦੇਸੁ ਆਦੇਸੁ' ਕੀਤਾ। ਗੁਰੂ ਜੀ ਨੇ ਕਿਹਾ 'ਆਦਿ ਪੁਰਖ ਕਉ ਆਦੇਸੁ।'

ਕਈ ਸਿੱਖਾਂ ਦਾ ਇਹ ਖਿਆਲ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸਿੱਧ ਗੋਸਟਿ' ਉਸ ਵਕਤ ਉਚਾਰੀ ਜਦੋਂ ਗੁਰੂ ਜੀ ਨੂੰ ਇਸ ਰਚਨਾ ਲਈ ਸਮਾਂ ਅਤੇ ਇਕਾਂਤ ਥਾਂ ਮਿਲੀ।

ਕਾਂਡ—13
ਪੰਜਾ ਸਾਹਿਬ ਦੀ ਸਾਖੀ[1]

ਕੁਝ ਚਿਰ ਸਿੱਧਾਂ ਕੋਲ ਰਹਿ ਕੇ ਗੁਰੂ ਜੀ ਫੇਰ ਪੰਜਾਬ ਦੇ ਮੈਦਾਨੀ ਇਲਾਕੇ 'ਚ ਆ ਪਹੁੰਚੇ ਅਤੇ ਉੱਤਰ-ਪੱਛਮ ਵੱਲ ਦੀ ਹੁੰਦੇ ਹੋਏ ਹਸਨਅਬਦਾਲ 'ਚ ਜਾ ਪਹੁੰਚੇ। ਹਸਨਅਬਦਾਲ ਉਸ ਵੇਲੇ ਮੁਸਲਮਾਨਾਂ ਦੇ ਧਾਰਮਿਕ ਉਤਸ਼ਾਹ ਦਾ ਵੱਡਾ ਕੇਂਦਰ ਸੀ।

ਉਥੇ ਇੱਕ ਛੋਟੀ ਜਿਹੀ ਪਹਾੜੀ ਤੇ ਇੱਕ ਬਹੁਤ ਹੀ ਕੱਟੜ ਅਤੇ ਅਪਸਵਾਰਥੀ ਵਲੀ ਕੰਧਾਰੀ ਨਾਮੇ ਇੱਕ ਪੀਰ ਰਹਿੰਦਾ ਸੀ। ਸ਼ਾਮ ਦੇ ਵੇਲੇ ਗੁਰੂ ਜੀ ਅਤੇ ਮਰਦਾਨੇ ਨੂੰ ਖਾਣੇ ਪਿੱਛੋਂ ਪਾਣੀ ਦੀ ਜ਼ਰੂਰਤ ਪਈ ਅਤੇ ਪਾਣੀ ਸਿਰਫ ਵਲੀ ਕੰਧਾਰੀ ਕੋਲੋਂ ਹੀ ਮਿਲ ਸਕਦਾ ਸੀ। ਮਰਦਾਨੇ ਨੇ ਵਲੀ ਕੰਧਾਰੀ ਨੂੰ ਜਾ ਕੇ ਆਪਣੇ ਅਤੇ ਗੁਰੂ ਜੀ ਬਾਰੇ ਦੱਸਿਆ ਕਿ ਇੱਥੇ ਆਏ ਹੋਏ ਹਨ। ਮਰਦਾਨੇ ਨੇ ਪੀਰ ਨੂੰ ਕਿਹਾ ਕਿ ਗੁਰੂ ਜੀ ਚੰਗੇ ਉੱਘੇ ਸੰਤ ਹਨ, ਤੁਸੀਂ ਵੀ ਜਾ ਕੇ ਉਨ੍ਹਾਂ ਦੇ ਦਰਸ਼ਨ ਕਰੋ।

ਵਲੀ ਕੰਧਾਰੀ ਆਪਣੇ ਆਪ 'ਚ ਅਉਲੀਆ ਹੋਣ ਦਾ ਦਾਅਵਾ ਕਰਦਾ ਸੀ। ਜਦੋਂ ਉਸ ਨੇ ਗੁਰੂ ਜੀ ਦੀ ਸਿਫਤ ਸੁਣੀ ਤਾਂ ਉਹ ਨਾਰਾਜ਼ ਹੋ ਗਿਆ ਅਤੇ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ। ਉਸਨੇ ਮਰਦਾਨੇ ਨੂੰ ਕਿਹਾ, "ਮਰਦਾਨਿਆਂ, ਜੇ ਤੇਰਾ ਗੁਰੂ ਐਨਾ ਹੀ ਚੰਗਾ ਹੈ ਤਾਂ ਆਪਣੇ ਲਈ ਆਪ ਹੀ ਪਾਣੀ ਪੈਦਾ ਕਰ ਲਵੇ।" ਗੁਰੂ ਜੀ ਨੂੰ ਜਦੋਂ ਮਰਦਾਨੇ ਨੇ ਇਹ ਜਵਾਬ ਸੁਣਾਇਆ ਤਾਂ ਗੁਰੂ ਜੀ ਨੇ ਮਰਦਾਨੇ ਨੂੰ ਫੇਰ ਇਹ ਕਹਿ ਕੇ ਵਲੀ ਕੰਧਾਰੀ ਵਲ ਭੇਜਿਆ, "ਮੈਂ ਤਾਂ ਪ੍ਰਮਾਤਮਾ ਦਾ ਇੱਕ ਛੋਟਾ ਜਿਹਾ ਬੰਦਾ ਹਾਂ ਅਤੇ ਸੰਤ ਹੋਣ ਦਾ ਦਾਅਵਾ ਨਹੀਂ ਕਰਦਾ।"

ਪਰ ਇਸ ਤੇ ਵੀ ਵਲੀ ਕੰਧਾਰੀ ਨੇ ਗੁਰੂ ਜੀ ਦੀ ਕੋਈ ਪ੍ਰਵਾਹ ਨਾ ਕੀਤੀ ਅਤੇ ਆਪਣੇ ਹੱਠ ਤੇ ਦ੍ਰਿੜ ਰਿਹਾ।

ਗੁਰੂ ਜੀ ਨੇ ਲਾਚਾਰ ਹੋ ਕੇ ਫੇਰ ਆਪਣੇ ਥਾਂ ਤੋਂ ਹੀ ਇੱਕ ਛੋਕ ਕੀਤਾ ਅਤੇ ਉਥੋਂ ਪਾਣੀ ਦਾ ਇੱਕ ਸੋਮਾ ਫੁੱਟ ਨਿਕਲਿਆ। ਵਲੀ ਕੰਧਾਰੀ ਦਾ ਉਪਰਲਾ ਖੂਹ ਸੁਕ ਗਿਆ। ਉਥੋਂ ਦੇ ਵਸਨੀਕਾਂ ਨੂੰ ਪਾਣੀ ਬਹੁਤ ਘੱਟ ਮਿਲਦਾ ਸੀ, ਇਸ ਲਈ ਵਲੀ ਕੰਧਾਰੀ ਨੂੰ ਸੁਭਾਵਕ ਹੀ ਬਹੁਤ ਗੁੱਸਾ ਚੜ੍ਹ ਆਇਆ। ਲਿਖਿਆ ਹੈ ਕਿ

1. ਇਤਿਹਾਸਕਾਰਾਂ ਨੇ ਖੋਜ ਰਾਹੀਂ ਪੰਜਾ ਸਾਹਿਬ ਦੀ ਯਾਤਰਾ ਨੂੰ ਮੱਕੇ ਦੇ ਸਫਰ ਤੋਂ ਵਾਪਸੀ ਨਾਲ ਜੋੜਿਆ ਹੈ, ਉੱਤਰ ਖੰਡ ਦੀ ਯਾਤਰਾ ਨਾਲ ਨਹੀਂ।

ਗੁਰੂ ਜੀ ਦੇ ਨਿਰਦੋਸ਼ ਸਿਰ ਤੇ ਵਲੀ ਕੰਧਾਰੀ ਨੇ ਇੱਕ ਪਹਾੜੀ ਰੋੜ੍ਹ ਦਿੱਤੀ। ਗੁਰੂ ਜੀ ਨੇ ਜਦੋਂ ਆਪਣੇ ਵੱਲ ਇੱਕ ਪਹਾੜੀ ਆਉਂਦੀ ਵੇਖੀ ਤਾਂ ਆਪਣੇ ਬਚਾ ਲਈ ਸੱਜਾ ਹੱਥ ਉਠਾਇਆ। ਲਿਖਿਆ ਹੈ, ਆ ਰਹੀ ਪਹਾੜੀ ਉਥੇ ਹੀ ਰੁਕ ਗਈ। ਗੁਰੂ ਜੀ ਦੇ ਸੱਜੇ ਹੱਥ ਦੀ ਹਥੇਲੀ ਦਾ ਨਿਸ਼ਾਨ ਆ ਰਹੀ ਪਹਾੜੀ ਦੇ ਢੇਲੇ ਤੇ ਪੈ ਗਿਆ। ਅੱਜ ਕੱਲ ਇਸਨੂੰ ਪੰਜਾ ਸਾਹਿਬ ਕਿਹਾ ਜਾਂਦਾ ਹੈ ਅਤੇ ਸਿੱਖ ਇਸਦਾ ਬਹੁਤ ਸਤਿਕਾਰ ਕਰਦੇ ਹਨ।

ਗੋਰਖ ਹਟੜੀ ਦੀ ਸਾਖੀ

ਕੁਝ ਸਮਾਂ ਹਸਨਅਬਦਾਲ 'ਚ ਰਹਿ ਕੇ ਗੁਰੂ ਜੀ ਗੋਰਖ ਹਟੜੀ 'ਚ ਜਾ ਪਹੁੰਚੇ। ਪਸ਼ੌਰ ਸ਼ਹਿਰ ਦੇ ਇੱਕ ਮਹੱਲੇ ਦਾ ਨਾਂ ਗੋਰਖ ਹਟੜੀ ਹੈ। ਉਥੋਂ ਦੇ ਫਕੀਰਾਂ ਨੇ ਜਦੋਂ ਗੁਰੂ ਜੀ ਦੀ ਐਨੀ ਮਹੱਤਤਾ ਸੁਣੀ ਤਾਂ ਉਨ੍ਹਾਂ ਦੇ ਦਿਲ 'ਚ ਇਹ ਪਤਾ ਕਰਨ ਦੀ ਇੱਛਾ ਪ੍ਰਗਟ ਹੋਈ ਕਿ ਗੁਰੂ ਜੀ ਨੂੰ ਇਸ ਤਰ੍ਹਾਂ ਦਾ ਇਖਲਾਕੀ ਤੇ ਆਤਮਕ ਗਿਆਨ ਕਿਸ ਤਰ੍ਹਾਂ ਪ੍ਰਾਪਤ ਹੋਇਆ ਹੈ। ਗੁਰੂ ਜੀ ਬੈਠ ਗਏ ਅਤੇ ਇਹ ਪਹਿਲੀਆਂ ਚਾਰ ਲਾਈਨਾਂ ਦੇ ਸਵਾਲ 'ਚ ਗੁਰੂ ਜੀ ਨੇ ਇਸ ਪਿਛੋਂ ਹੇਠਲਾ ਜਵਾਬ ਦਿੱਤਾ :

ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ।
ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰਿ ਕੋਈ ਆਇ ਕਹੈ।੧।
ਕਿਨ ਬਿਧਿ ਸਾਗਰੁ ਤਰੀਐ। ਜੀਵਤਿਆ ਨਹ ਮਰੀਐ।੧ ਰਹਾਉ।

ਜਵਾਬ :

ਦੁਖੁ ਦਰਵਾਜਾ ਰੇਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ।
ਮਾਇਆ ਜਾਲੁ ਖਾਈ ਪਾਣੀ ਘਰਿ ਬਾਧਿਆ ਸਤਕੈ ਆਸਣਿ ਪੁਰਖੁ ਰਹੈ।੨।
ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ।
ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੇ ਆਪਿ ਕਰੇ।
ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ।
ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ।੪।
ਇਨ ਬਿਧਿ ਸਾਗਰੁ ਤਰੀਐ। (ਆਃ ਗ੍ਰੰ ਪੰਃ ੯੨੨)
ਜੀਵਤਿਆ ਇਉ ਮਰੀਐ।੧ ਰਹਾਉ ਦੂਜਾ।੩। (ਰਾਮਕਲੀ ਮਹਲਾ ੧)

ਜਦੋਂ ਫਕੀਰਾਂ ਨੇ ਇਹ ਸ਼ਬਦ ਸੁਣਿਆ ਤਾਂ ਉਹ ਗੁਰੂ ਜੀ ਨੂੰ ਕਹਿਣ ਲੱਗੇ ਕਿ ਤੁਸੀਂ ਜੋਗੀਆਂ ਦਾ ਭੇਖ ਅਤੇ ਮੱਤ ਧਾਰ ਲਵੋ। ਅਤੇ ਉਹ ਗੁਰੂ ਜੀ ਨੂੰ ਜੋਗੀਆਂ ਦੇ ਅਸੂਲ ਦੱਸਣ ਲੱਗੇ। ਗੁਰੂ ਜੀ ਨੇ ਜਵਾਬ 'ਚ ਇਸ ਤਰ੍ਹਾਂ ਕਿਹਾ :

ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ।
ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ।੧।
ਬਾਬਾ ਗੋਰਖੁ ਜਾਗੈ।
ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ।੧ ਰਹਾਉ।
ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ।

ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ।੨।
ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁ ਤੇਰੇ।
ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ।੩।
ਕਾਗਦੁ ਲੂਣੁ ਰਹੇ ਘ੍ਰਿਤ ਸੰਗੇ ਪਾਣੀ ਕਮਲੁ ਰਹੇ।
ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੇ।੪।

(ਆ: ਗ੍ਰੰ: ਪੰ: ੬੭੭) (ਰਾਮਕਲੀ ਮਹਲਾ ੧)

ਮੱਕੇ ਦਾ ਸਫ਼ਰ

ਗੁਰੂ ਜੀ ਨੇ ਜੋਗੀਆਂ ਨਾਲ ਸਫਲ ਚਰਚਾ ਕਰਨ ਪਿੱਛੋਂ ਮੱਕੇ ਜਾਣ ਦੀ ਵਿਚਾਰੀ ਜੋ ਮੁਸਲਮਾਨਾਂ ਦੀ ਬੰਦਗੀ ਦਾ ਕੇਂਦਰ ਹੈ। ਗੁਰੂ ਜੀ ਨੇ ਨੀਲੇ ਰੰਗ ਦੇ ਬਸਤਰ ਪਾ ਕੇ ਹਾਜੀਆਂ ਵਾਲਾ ਰੂਪ ਧਾਰ ਲਿਆ। ਹੱਥ 'ਚ ਆਸਾ ਫੜ ਲਈ ਅਤੇ ਕੱਛ 'ਚ ਆਪਣੇ ਸ਼ਬਦਾਂ ਦੀ ਕਿਤਾਬ ਟੰਗ ਲਈ। ਇਸ਼ਨਾਨ ਲਈ, ਮੁਸਲਮਾਨਾਂ ਵਾਂਗ ਹੀ ਉਹਨਾਂ ਨੇ ਵੀ ਪਾਣੀ ਵਾਸਤੇ ਕੂਜਾ ਅਤੇ ਬੈਠਕੇ ਪੂਜਾ ਕਰਨ ਲਈ ਮੁਸੱਲਾ ਲੈ ਲਿਆ। ਅਰਬ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਨੂੰ ਮੰਨਣ ਵਾਲੇ ਪੱਕੇ ਮੁਸਲਮਾਨਾਂ ਵਾਂਗ ਬਾਂਗ ਵੀ ਦਿੱਤੀ। ਆਮ ਤੌਰ ਤੇ ਜਿਵੇਂ ਕਿ ਹੋਰ ਸਫਰਾਂ ਵਿੱਚ ਗੁਰੂ ਜੀ ਦਾ ਸੱਚਾ ਸੇਵਕ ਮਰਦਾਨਾ ਗੁਰੂ ਜੀ ਦੇ ਹਰ ਵੇਲੇ ਨਾਲ ਰਹਿੰਦਾ ਸੀ। ਇਸ ਯਾਤਰਾ 'ਚ ਵੀ ਮਰਦਾਨਾ ਗੁਰੂ ਜੀ ਦੇ ਨਾਲ ਸੀ। ਇਤਿਹਾਸ 'ਚ ਲਿਖਿਆ ਹੋਇਆ ਹੈ ਕਿ ਜਦੋਂ ਗੁਰੂ ਜੀ ਨੂੰ ਕਿਤੇ ਯਾਤਰਾ 'ਚ ਬੱਚੇ ਖੇਡਦੇ ਮਿਲਦੇ ਤਾਂ ਗੁਰੂ ਜੀ ਉਨ੍ਹਾਂ ਬੱਚਿਆਂ ਨਾਲ ਖੇਡਣ ਲੱਗ ਜਾਂਦੇ ਸਨ। ਅਚਾਨਕ ਹੀ ਗੁਰੂ ਜੀ ਨੂੰ ਇੱਕ ਮੁਸਲਮਾਨ ਫਕੀਰ ਮਿਲਿਆ ਜੋ ਮੱਕੇ ਦਾ ਹੱਜ ਕਰਨ ਲਈ ਜਾ ਰਿਹਾ ਸੀ। ਉਸ ਨਾਲ ਗੁਰੂ ਜੀ ਨੇ ਬੜੀ ਰੌਚਕ ਚਰਚਾ ਕਰਦੇ ਸਾਰੀ ਰਾਤ ਗੁਜ਼ਾਰ ਦਿੱਤੀ। ਉਸ ਹਾਜੀ ਨੇ ਗਰੂ ਜੀ ਅੱਗੇ ਭੰਗ ਦੀ ਪੋਟਲੀ ਰੱਖੀ ਅਤੇ ਪੁੱਛਿਆ ਕਿ ਤੁਸੀਂ ਹਿੰਦੂ ਹੋ ਕਿ ਮੁਸਲਮਾਨ ? ਗੁਰੂ ਜੀ ਨੇ ਇਸ ਦੇ ਜਵਾਬ 'ਚ [1]ਸ਼ਬਦ ਪੜ੍ਹਿਆ ਜੋ ਪਹਿਲਾਂ ਬਾਬਰ ਬਾਦਸ਼ਾਹ ਦੇ ਇਸ ਸਵਾਲ ਦੇ ਜਵਾਬ 'ਚ ਪੜ੍ਹਿਆ ਸੀ ਕਿ ਉਹ ਨਸ਼ਾ ਕਿਹੜਾ ਹੈ ਜਿਸਦੀ ਖੁਮਾਰੀ ਕਦੇ ਨਹੀਂ ਉਤਰਦੀ ?

ਲਿਖਿਆ ਹੈ ਕਿ ਜਦੋਂ ਉਹ ਮੱਕੇ ਨੂੰ ਜਾ ਰਹੇ ਸਨ ਤਾਂ ਵੇਖਿਆ ਕਿ ਇਕ ਬੱਦਲੀ ਉਨ੍ਹਾਂ ਦੇ ਸਿਰ ਤੇ ਨਾਲ ਨਾਲ ਜਾ ਰਹੀ ਹੈ। ਹਾਜੀ ਇਹ ਅਜੀਬ ਗੱਲ ਵੇਖ ਕੇ ਡਰ ਗਿਆ ਅਤੇ ਗੁਰੂ ਜੀ ਨੂੰ ਕਹਿਣ ਲੱਗਾ, ਹੁਣ ਤੱਕ ਪਹਿਲਾਂ ਕਦੇ ਕੋਈ ਹਿੰਦੂ ਮੱਕੇ ਨਹੀਂ ਗਿਆ। ਤੁਸੀਂ ਮੇਰੇ ਨਾਲ ਨਾ ਤੁਰੋ ਜਾਂ ਅੱਗੇ ਹੋ ਜਾਵੋ ਜਾਂ ਪਿੱਛੇ।" ਗੁਰੂ ਜੀ ਨੇ ਹਾਜੀ ਨੂੰ ਕਿਹਾ, "ਤੁਸੀਂ ਅੱਗੇ ਅੱਗੇ ਚੱਲੋ।" ਲਿਖਿਆ ਹੈ ਕਿ ਜਦੋਂ ਹਾਜੀ ਪਿੱਛੇ ਮੁੜ ਕੇ ਵੇਖਣ ਲੱਗਾ ਤਾਂ ਉਸਨੇ ਵੇਖਿਆ ਕਿ ਨਾ ਗੁਰੂ ਜੀ ਹੀ ਹਨ ਅਤੇ ਨਾ ਹੀ ਉਹ ਬੱਦਲੀ ਹੈ। ਇਹ ਵੇਖ ਕੇ ਹਾਜੀ ਅਫਸੋਸ 'ਚ ਹੱਥ ਮਲਣ ਲੱਗਾ ਅਤੇ ਕਿਹਾ, "ਉਹ ਤਾਂ ਮੇਰੇ ਨਾਲ ਰੱਬ ਸੀ, ਪਰ ਮੈਂ ਉਸ ਦੇ ਦੀਦਾਰ ਨੂੰ ਝੱਲ ਨਾ ਸਕਿਆ। ਉਹ ਮੈਨੂੰ ਛਲ ਗਿਆ ਹੈ।"

1. ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥ (ਰਾਗ ਤਿਲੰਗ)

ਗੁਰੂ ਜੀ ਜਦੋਂ ਥਕਾਵਟ ਨਾਲ ਚੂਰ ਅਤੇ ਪੈਰਾਂ 'ਚ ਛਾਲੇ ਪਏ ਹੋਏ ਮੱਕੇ ਪਹੁੰਚੇ ਤਾਂ ਉਹ ਇੱਕ ਵੱਡੀ ਮਸੀਤ 'ਚ ਜਾ ਬੈਠੇ ਜਿੱਥੇ ਹਾਜੀ ਲੋਕ ਆਪਣੀਆਂ ਨਮਾਜ਼ਾਂ ਪੜ੍ਹਦੇ ਸਨ।

ਮੁਸਲਮਾਨਾਂ ਦੇ ਰਸਮ ਰਿਵਾਜ ਦੀ ਰੀਤੀ ਦੀ ਨਿਰਾਦਰੀ ਕਰਕੇ ਛੇਤੀ ਗੁਰੂ ਜੀ ਔਕੜਾਂ 'ਚ ਫਸ ਗਏ ਜਦੋਂ ਰਾਤ ਨੂੰ ਸੁੱਤੇ ਤਾਂ ਉਹਨਾਂ ਕਾਬੇ ਵੱਲ ਆਪਣੇ ਪੈਰ ਪਸਾਰ ਲਏ। ਮੱਕੇ ਦੇ ਇਕ ਕਾਜੀ ਨੇ ਗੁਰੂ ਜੀ ਨੂੰ ਲੱਤ ਆ ਮਾਰੀ ਅਤੇ ਪੁੱਛਿਆ, "ਇਹ ਕੌਣ ਕਾਫਰ ਸੁੱਤਾ ਹੈ? ਐ ਖਾਸ ਗੁਨਾਹਗਾਰ ਤੂੰ ਆਪਣੇ ਪੈਰ ਰੱਬ ਵੱਲ ਕਰੇ ਹੋਏ ਹਨ?" ਗੁਰੂ ਜੀ ਨੇ ਆਖਿਆ, "ਮੇਰੇ ਪੈਰ ਉਸ ਪਾਸੇ ਵੱਲ ਘੁੰਮਾ ਦਿਓ ਜਿਸ ਪਾਸੇ ਰੱਬ ਨਹੀਂ ਹੈ।" [1]ਕਾਜੀ ਨੇ ਗੁਰੂ ਜੀ ਦੇ ਪੈਰ ਫੜ ਕੇ ਦੂਜੇ ਪਾਸੇ ਕਰ ਦਿੱਤੇ। ਜਦੋਂ ਕਾਜੀ ਨੇ ਇਸ ਤਰ੍ਹਾਂ ਕੀਤਾ ਤਾਂ ਲਿਖਿਆ ਹੈ ਕਿ ਗੁਰੂ ਜੀ ਦੇ ਜਿਸਮ ਦੇ ਫਿਰਨ ਨਾਲ ਹੀ ਮੱਕਾ ਵੀ ਫਿਰਨ ਲੱਗ ਪਿਆ। ਕਈ ਇਸ ਦਾ ਰੂਹਾਨੀ ਮਤਲਬ ਕੱਢਦੇ ਹਨ ਅਤੇ ਕਹਿੰਦੇ ਹਨ ਕਿ ਮੱਕਾ ਫਿਰਨ ਤੋਂ ਭਾਵ ਹੈ ਗੁਰੂ ਜੀ ਨੇ ਆਪਣੇ ਉਪਦੇਸ਼ਾਂ ਨਾਲ ਮੱਕੇ ਦੇ ਲੋਕਾਂ ਨੂੰ ਆਪਣੇ ਵੱਲ ਫੇਰ ਲਿਆ। ਜਿਹੜੇ ਲੋਕਾਂ ਨੇ ਇਹ ਕਰਾਮਾਤ ਵੇਖੀ ਉਹ ਹੈਰਾਨ ਹੋ ਗਏ ਅਤੇ ਗੁਰੂ ਜੀ ਨੂੰ ਅਦਭੁਤ ਪੁਰਖ ਸਮਝਕੇ ਪ੍ਰਣਾਮ ਕੀਤਾ।

ਕਾਜੀ ਅਤੇ ਮੁੱਲਾਂ ਕੱਠੇ ਹੋ ਕੇ ਗੁਰੂ ਜੀ ਕੋਲੋਂ ਉਹਨਾਂ ਦੇ ਧਰਮ ਬਾਰੇ ਪੁੱਛਣ ਲੱਗੇ। ਉਹਨਾਂ ਲੋਕਾਂ ਨੂੰ ਇਹ ਤਾਂ ਵਿਸ਼ਵਾਸ ਹੋ ਗਿਆ ਕਿ ਗੁਰੂ ਜੀ ਨੇ ਇੱਕ ਵੱਡਾ ਸਾਂਗ ਪੂਰਾ ਕੀਤਾ ਹੈ ਪਰ ਉਹ ਇਹ ਗੱਲ ਨਾ ਸਮਝ ਸਕੇ ਕਿ ਇਨ੍ਹਾਂ ਦੀ ਸ਼ਕਤੀ ਦੀ ਮੂਲ ਕੀ ਹੈ? ਜਦੋਂ ਉਹਨਾਂ ਨੇ ਗੁਰੂ ਜੀ ਦੀ ਕਿਤਾਬ ਖੋਲ੍ਹ ਕੇ ਵੇਖੀ ਕਿ ਇਹ ਧਾਰਮਕ ਵਿਸ਼ੇ ਦੇ ਸਬੰਧ 'ਚ ਲਿਖੀ ਹੋਈ ਹੈ ਤਾਂ ਪੁੱਛਣ ਲੱਗੇ ਕਿ ਹਿੰਦੂ ਧਰਮ ਚੰਗਾ ਹੈ ਕਿ ਮੁਸਲਮਾਨ ਧਰਮ? ਗੁਰੂ ਜੀ ਨੇ ਭਾਈ ਗੁਰਦਾਸ ਜੀ ਦੇ ਬਚਨਾਂ ਅਨੁਸਾਰ ਇਸ ਤਰ੍ਹਾਂ ਜਵਾਬ ਦਿੱਤਾ :

"ਸ਼ੁਭ ਅਮਲਾ ਬਾਝੋਂ ਦੋਵੇਂ ਰੋਈ।
ਹਿੰਦੂ ਮੁਸਲਮਾਨ ਦੋਇ ਦਰਗਹ ਅੰਦਰ ਲੈਨ ਨ ਢੋਈ।
ਕੱਚਾ ਰੰਗ ਕਸੁੰਭ ਕਾ ਪਾਣੀ ਧੋਤੈ ਥਿਰ ਨ ਰਹੋਈ।
ਕਰਨ ਬਖੀਲੀ ਆਪ ਵਿਚ ਰਾਮ ਰਹੀਮ ਕਥਾਇ ਖਲੋਈ।
ਰਾਹ ਸੈਤਾਨੀ ਦੁਨੀਆ ਗੋਈ।" (ਵਾਰਾਂ, ਭਾਈ ਗੁਰਦਾਸ, ਵਾਰ ੧, ਪੰ: ੧੭)

ਉਸ ਵਕਤ ਗੁਰੂ ਜੀ ਨੇ ਤਿਲੰਗ ਰਾਗ 'ਚ ਹੇਠਲਾ ਸ਼ਬਦ ਉਚਾਰਿਆ :

[1]ਰੋਜਾ ਬੰਦਗੀ ਕਬੂਲੁ।
ਦਸ ਦਵਾਰੇ ਕੀਨਿ ਮਰਦਾ ਹੋਇ ਰਹੁ ਰੰਜੂਲੁ।੧।ਰਹਾਉ।
ਮਾਰਿ ਮਨੂਆ ਦ੍ਰਿਸਟਿ ਬਾਧਹੁ ਦਉੜ ਤਲਬ ਦਲੀਲਿ।
ਤੀਸ ਦਿਨ ਸਿਉ ਰੰਗੁ ਰਾਖਹੁ ਪਾਕ ਮਰਦ ਅਸੀਲਿ।੧।
ਸੁਰਤ ਕਾ ਤੂ ਰਾਖ ਰੋਜਾ ਨਿਰਤਿ ਤਜਹੁ ਚਾਉ।

1. ਇਹ ਅਚੰਭਤ ਗੱਲ ਹੈ ਕਿ ਅਠਾਰ੍ਹਵੀਂ ਸਦੀ ਦੇ ਇਟਾਲੀਅਨ ਲਿਖਾਰੀ ਨੇ ਵੀ ਇਸ ਤਰ੍ਹਾਂ ਲਿਖੀ ਹੈ।

ਆਤਮੇ ਕਉ ਨਿਗਹ ਰਖਹੁ ਸਤੀ ਤੂੰ ਉਲਮਾਉ।
ਤਜਿ ਸਵਾਦਿ ਸਹਜਿ ਬੇਕਾਰ ਰਸਨਾ ਅੰਦੇਸ ਮਨ ਦਲਗੀਰ।
ਮਿਹਰ ਲੇ ਮਨ ਮਹਿ ਰਾਖਹੁ ਕੁਫਰੁ ਤਜਿ ਤਕਬੀਰ।੩।
ਕੰਮਿ ਲਹਰਿ ਬੁਝਾਇ ਮਨ ਤੇ ਹੋਇ ਰਹੁ ਫਰੂਰੁ।
ਕਹੈ ਨਾਨਕ ਰਾਖੁ ਰੋਜਾ ਸਿਦਕੁ ਰਹੀ ਮਮੂਰ।

ਗੁਰੂ ਜੀ ਨੇ ਜਦੋਂ ਭੋਗ ਪਾਇਆ ਤਾਂ ਕਾਜੀ ਨੇ ਕਿਹਾ, "ਵਾਹ, ਵਾਹ ! ਅੱਜ ਪਹਿਲੀ ਵੇਰ ਮੈਂ ਰੱਬ ਦੇ ਦਰਸ਼ਨ ਕੀਤੇ ਹਨ।" ਕਾਜੀ ਨੇ ਫੇਰ ਵੱਡੇ ਪੀਰ ਨੂੰ ਜਾ ਦੱਸਿਆ ਕਿ ਨਾਨਕ ਦਰਵੇਸ ਆਏ ਹਨ ਤਾਂ ਵੱਡਾ ਪੀਰ ਵੀ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ। ਗੁਰੂ ਜੀ ਨਾਲ ਹੱਥ ਮਿਲਾ ਕੇ ਬੈਠ ਗਿਆ। ਪੀਰ ਨੇ ਰੱਬ ਦਾ ਲੱਖ ਲੱਖ ਸ਼ੁਕਰ ਕੀਤਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉੱਥੇ ਆ ਕੇ ਦਰਸ਼ਨ ਦਿੱਤੇ ਹਨ।

ਵੱਡੇ ਪੀਰ ਨੇ ਗੁਰੂ ਜੀ ਤੋਂ ਪੁੱਛਿਆ, "ਨਾਨਕ ਦਰਵੇਸ, ਇਹ ਹਿੰਦੂ ਵੇਦ ਅਤੇ ਮੁਸਲਮਾਨ ਕਤੇਬ ਪੜ੍ਹਦੇ ਹਨ ਕੀ ਇਨ੍ਹਾਂ ਨੂੰ ਰੱਬ ਮਿਲੇਗਾ ਕਿ ਨਹੀਂ?"

ਗੁਰੂ ਜੀ ਨੇ ਬਹੁਤ ਹੁਸ਼ਿਆਰੀ ਨਾਲ ਭਗਤ ਕਬੀਰ ਜੀ ਦੇ ਇਸ ਸ਼ਬਦ ਨਾਲ ਉੱਤਰ ਦਿੱਤਾ :

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ।
ਟੁਕੁ ਦਮੁ ਕਰਾਰੀ ਜਉ ਕਰਹੁ ਹਾਜਰਿ ਹਜੂਰਿ ਖੁਦਾਇ।੧।
ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ।
ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ।੧ ਰਹਾਉ।
ਦਰੋਗੁ ਪੜਿ ਪੜੁ ਖੁਸੀ ਹੋਇ ਬੇਖਬਰ ਬਾਦੁ ਬਕਾਹਿ।
ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ।
ਅਸਮਾਨ ਮਿਆਨੇ ਲਹੰਗ ਦਰੀਆ ਗੁਸਲ ਕਰਦਨ ਬੂਦ।
ਕਰਿ ਫਕਰ ਦਾਇਮ ਲਾਇ ਚਸਮੇ ਜਹਾ ਤਹਾ ਮਉਜੂਦ।੩।
ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰਿ ਹੋਇ। *(ਆਃ ਗ੍ਰੰਃ ਪੰਃ ੭੨੧)*
ਕਬੀਰ ਕਰਮੁ ਕਰੀਮੁ ਕਾ ਉਹੁ ਕਰੈ ਜਾਨੈ ਸੋਇ। *(ਤਿਲੰਗ ਭਗਤ ਕਬੀਰ ਜੀ)*

ਇੱਕ ਵੱਡੇ ਪੀਰ ਨੇ ਫੇਰ ਗੁਰੂ ਜੀ ਨੂੰ ਪੁੱਛਿਆ, "ਮਹਾਰਾਜ, ਲੋਕ ਰੱਬ ਨੂੰ ਫੇਰ ਕਿਵੇਂ ਪ੍ਰਾਪਤ ਕਰ ਸਕਦੇ ਹਨ?"

ਗੁਰੂ ਜੀ ਨੇ ਜਵਾਬ 'ਚ ਕਿਹਾ ਕਿ ਨਿਮਰਤਾ ਅਤੇ ਬੰਦਗੀ ਨਾਲ। ਗੁਰੂ ਜੀ ਨੇ ਫੇਰ ਫਾਰਸੀ 'ਚ ਹੇਠ ਲਿਖਿਆ ਸ਼ਬਦ ਉਚਾਰਿਆ :

ਯਕ ਅਰਜ ਗੁਫਤਮ ਪੇਸਿ ਤੋ ਦਰਗੋਸ ਕੁਨ ਕਰਤਾਰ।
ਹਕਾ ਕਬੀਰ ਕਰੀਮ ਤੂੰ ਬੇਐਬ ਪਰਵਦਿਗਾਰ।੧।
ਦੁਨੀਆਂ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ।
ਮਮਸਰ ਮੂਇ ਅਜਰਾਈਲ ਗਰਿਫਤਹਿ ਦਿਲ ਹੇਚਿ ਨ ਦਾਨੀ।੧। ਰਹਾਉ।
ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ।

ਆਖਿਰ ਬਿਅਫ਼ਤਮ ਕਸ ਨ ਦਾਰਦ ਚੂੰ ਸਵਦ ਤਕਬੀਰ।੨।
ਸਬ ਰੋਜ ਗਸ਼ਤਮ ਦਰ ਹਵਾ ਕਰਦੇਮ ਬਦੀ ਖਿਆਲ॥
ਗਾਹੇ ਨ ਨੇਕੀ ਕਾਰ ਕਰਦਮ ਮਮ ਈ ਚਿਨੀ ਅਰਵਾਲ।੩।
ਬਦ ਬਖਤ ਹਮ ਚੁ ਬਖੀਲ ਗਾਫਿਲ ਬੇਨਜੀਰ ਬੇਬਾਕ।
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾਖਾਕ।੪। *(ਤਿਲੰਗ ਮਹਲਾ ੧)*
(ਆ: ਗ੍ਰੰ: ਪੰ:, ੭੨੧)

ਵੱਡੇ ਪੀਰ ਨੇ ਫੇਰ ਗੁਰੂ ਜੀ ਤੋਂ ਪੁੱਛਿਆ :

"ਮਹਾਰਾਜ ਮੈਨੂੰ ਇਹ ਦੱਸਣ ਦੀ ਕ੍ਰਿਪਾਲਤਾ ਕਰੋ ਕਿ ਜੜ੍ਹ ਨਾਮੀ ਪਦਾਰਥ ਕਿਸ ਚੀਜ਼ ਦਾ ਬਣਿਆ ਹੋਇਆ ਹੈ? ਜਿਸ ਪ੍ਰਮਾਤਮਾ ਦੀ ਤੁਸੀਂ ਪੂਜਾ ਕਰਦੇ ਹੋ, ਉਸਦੇ ਕਿਹੜੇ ਲੱਛਣ ਹਨ? ਉਸ ਪ੍ਰਮਾਤਮਾ ਨੂੰ ਕਿਵੇਂ ਪਾਇਆ ਜਾ ਸਕਦਾ ਹੈ? ਅਤੇ ਤੁਹਾਡੇ ਧਰਮ ਦਾ ਤੱਤ ਕਿਹੜੀ ਗੱਲ ਵਿੱਚ ਹੈ?"

ਗੁਰੂ ਜੀ ਨੇ ਇਸ ਦਾ ਉੱਤਰ ਫੇਰ ਫਾਰਸੀ ਜਬਾਨ 'ਚ ਦਿੱਤਾ :

[1]"ਤੁਹਾਨੂੰ ਇਹ ਪਤਾ ਹੀ ਹੈ ਕਿ ਮੁਸਲਮਾਨੀ ਮਜ਼ਹਬ ਅਨੁਸਾਰ ਹਰ ਵਸਤੂ, ਹਵਾ ਅੱਗ, ਪਾਣੀ ਅਤੇ ਮਿੱਟੀ ਤੋਂ ਬਣੀ ਹੈ। ਪਰ ਸੱਚੇ ਪ੍ਰਮਾਤਮਾ ਨੇ ਇਹਨਾਂ ਪੰਜਾਂ ਤੱਤਾਂ ਤੋਂ ਸ੍ਰਿਸਟੀ ਰਚੀ ਹੈ।

ਆਦਮੀ ਚਾਹੇ ਕਿੱਡਾ ਵੀ ਉੱਚਾ ਕਿਉਂ ਨਾ ਹੋ ਜਾਵੇ ਪਰ ਅਖੀਰ ਧਰਤੀ ਤੇ ਹੀ ਗਿਰੇਗਾ।

ਕੋਈ ਜਾਨਵਰ ਭਾਵੇਂ ਉਡਾਰੀ ਲਾਵੇ ਪਰ ਉਹ ਪ੍ਰਮਾਤਮਾ ਦੇ ਹੁਕਮ ਤੇ ਚੱਲਣ ਵਾਲੀ ਹਵਾ ਦਾ ਮੁਕਾਬਲਾ ਨਹੀਂ ਕਰ ਸਕਦਾ।

ਪ੍ਰਮਾਤਮਾ ਕਿੰਨਾ ਵੱਡਾ ਹੈ? ਇਸ ਬਾਰੇ ਮੈਂ ਕਿਸ ਤੋਂ ਪੁੱਛਾਂ? ਉਹ ਵੱਡਿਆਂ ਤੋਂ ਵੀ ਵੱਡਾ ਹੈ ਅਤੇ ਉਸਦੀ ਰਚਨਾ ਵੀ ਵੱਡੀ ਹੈ। ਆਦਮੀ ਆਪਣੇ ਹੰਕਾਰ 'ਚ ਹੀ ਚਲ ਵੱਸਦੇ ਹਨ।

ਮੈਂ ਚਾਰੇ ਹੀ ਵੇਦ ਵਿਚਾਰ ਚੁੱਕਾ ਹਾਂ, ਪਰ ਇਨ੍ਹਾਂ ਨੇ ਵੀ ਪ੍ਰਮਾਤਮਾ ਦਾ ਅੰਤ ਨਹੀਂ ਪਾਇਆ, ਧਰਤੀ ਦੇ ਨੌ ਖੰਡ ਵੀ ਵੇਖੇ ਹਨ ਪਰ ਜੋ ਕੁਝ ਇਕ ਕਹਿੰਦਾ ਹੈ, ਦੂਜਾ ਉਸ 'ਚ ਕੁਝ ਵਾਧਾ ਕਰ ਦਿੰਦਾ ਹੈ।

ਮੈਂ ਦਿਲ ਨੂੰ ਕਿਸ਼ਤੀ ਬਣਾਇਆ, ਮੈਂ ਹਰ ਸਾਗਰ 'ਚੋਂ ਭਾਲ ਕੀਤੀ।

ਮੈਂ ਦਰਿਆਵਾਂ, ਨਦੀਆਂ ਦੇ ਕੰਢਿਆਂ ਤੇ ਰਿਹਾ ਅਤੇ ਅਠਾਹਠਾਂ ਤੀਰਥਾਂ ਦੇ ਇਸ਼ਨਾਨ ਕੀਤੇ।

ਮੈਂ ਤਿੰਨਾਂ ਲੋਕਾਂ ਦੇ ਜੰਗਲਾਂ ਅਤੇ ਉਜਾੜਾਂ 'ਚ ਘੁੰਮਿਆ, ਕੌੜੇ ਅਤੇ ਮਿੱਠੇ ਫਲਾਂ ਦਾ ਸੁਆਦ ਵੀ ਵੇਖਿਆ। ਮੈਂ ਸੱਤਾਂ ਪਤਾਲਾਂ ਅਤੇ ਕਈ ਅਕਾਸ਼ਾਂ ਨੂੰ ਵੇਖਿਆ।

ਅਖ਼ੀਰ 'ਚ ਮੈਂ (ਨਾਨਕ ਦੇਵ ਜੀ) ਆਦਮੀ ਨੂੰ ਇਹ ਹੀ ਕਹਿੰਦਾ ਹਾਂ ਕਿ ਇਨਸਾਨ ਆਪਣੇ ਧਰਮ 'ਚ ਤਾਂ ਹੀ ਸਹੀ ਅਤੇ ਸੱਚਾ ਗਿਣਿਆ ਜਾ ਸਕਦਾ ਹੈ ਜੇ ਉਹ ਪ੍ਰਮਾਤਮਾ ਦਾ ਡਰ ਰੱਖੇ ਅਤੇ ਉਹ ਨੇਕ ਕੰਮ ਕਰੇ।[1]

1. ਇਹ ਸ਼ਬਦ ਭਾਈ ਬੰਨੋ ਦੀ ਬੀੜ 'ਚ ਹੈ। ਮੈਕਾਲਿਫ਼ ਨੇ ਸ਼ਬਦ ਦਾ ਅਰਥ ਇਹ ਕੱਢਿਆ।

ਮਦੀਨੇ 'ਚ ਪਹੁੰਚਣਾ

ਗੁਰੂ ਜੀ ਫੇਰ ਕੁਝ ਦੇਰ ਪਿੱਛੋਂ ਮਦੀਨੇ ਗਏ। ਗੁਰੂ ਜੀ ਨੇ ਉਥੇ ਮੁਸਲਮਾਨੀ ਪੀਰਾਂ ਨੂੰ ਯੁਕਤੀਆਂ ਰਾਹੀਂ ਬਹੁਤ ਬੁਰੀ ਤਰ੍ਹਾਂ ਹਰਾਇਆ। ਮਦੀਨੇ ਤੋਂ ਗੁਰੂ ਜੀ ਬਗਦਾਦ ਪਹੁੰਚੇ ਅਤੇ ਉਨ੍ਹਾਂ ਨੇ ਸ਼ਹਿਰ 'ਚੋਂ ਬਾਹਰ ਡੇਰਾ ਲਾ ਲਿਆ। ਗੁਰੂ ਜੀ ਨੇ ਉਥੇ [1]ਬਾਂਗ ਦਿੱਤੀ, ਜਿਸਨੂੰ ਸੁਣਕੇ ਸਭ ਲੋਕ ਹੈਰਾਨ ਅਤੇ ਸੁੰਨ ਮਸਾਨ ਹੋ ਗਏ। ਬਗਦਾਦ ਦੇ ਵੱਡੇ ਪੀਰ ਨੇ ਗੁਰੂ ਜੀ ਕੋਲ ਆ ਕੇ ਪੁੱਛਿਆ, "ਤੁਸੀਂ ਕੌਣ ਹੋ ਅਤੇ ਕਿਸ ਭੇਸ ਵਿੱਚ ਹੋ?" ਗੁਰੂ ਜੀ ਨੇ ਜਵਾਬ 'ਚ ਕਿਹਾ, "ਮੈਂ ਇਸ ਸਮੇਂ 'ਚ ਲੋਕਾਂ ਨੂੰ ਰਾਹ ਦੱਸਣ ਆਇਆ ਹਾਂ। ਮੈਂ ਸਾਰੇ ਮੱਤਾਂ ਨੂੰ ਛੱਡ ਕੇ ਸਿਰਫ ਇਕੋ ਪ੍ਰਮਾਤਮਾ ਨੂੰ ਹੀ ਪਹਿਚਾਣਦਾ ਹਾਂ। ਮੈਨੂੰ ਹਰ ਪਾਸੇ ਧਰਤੀ ਅਤੇ ਅਕਾਸ਼ 'ਚ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ।

ਫੇਰ ਗਰੂ ਜੀ ਨੇ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕੀਤਾ। ਜਦੋਂ ਪੀਰ ਨੇ ਜਪੁਜੀ ਸਾਹਿਬ ਦੇ ਅਸੂਲਾਂ ਨੂੰ ਸੁਣਿਆ ਤਾਂ ਉਸਨੇ ਕਿਹਾ "ਇਹ ਬਹੁਤ ਬੇਦੀਨ ਸਾਧ ਹੈ, ਇੱਥੇ ਕਰਾਮਾਤਾਂ ਵਿਖਾ ਕੇ ਸਾਡੇ ਪਾਕ ਕੁਰਾਨ ਦੀ ਸਿੱਖਿਆ ਦੇ ਉਲਟ ਸਾਨੂੰ ਇਹਕਹਿੰਦਾ ਹੈ ਕਿ ਲੱਖਾਂ ਹੀ ਅਕਾਸ਼ ਅਤੇ ਲੱਖਾਂ ਹੀ ਪਾਤਾਲ ਹਨ ਅਤੇ ਇਨ੍ਹਾਂ ਨੂੰ ਲੱਭ ਲੱਭ ਕੇ ਮਨੁੱਖ ਥੱਕ ਚੁੱਕਾ ਹੈ। ਪਰ ਕਿਸੇ ਨੇ ਵੀ ਇਸ ਦਾ ਅੰਤ ਨਹੀਂ ਪਾਇਆ।" ਪੀਰ ਨੇ ਗੁਰੂ ਜੀ ਨੂੰ ਕਿਹਾ, "ਤੁਸੀਂ ਸਾਨੂੰ ਆਪਣੀ ਤਾਕਤ ਵਿਖਾਓ?" ਲਿਖਿਆ ਹੈ ਕਿ ਗੁਰੂ ਜੀ ਨੇ ਪੀਰ ਦੇ ਲੜਕੇ ਦੇ ਸਿਰ ਤੇ ਹੱਥ ਰੱਖਿਆ ਅਤੇ ਉਸਨੂੰ ਜਪੁਜੀ ਸਾਹਿਬ 'ਚ ਲਿਖੇ ਅਨੁਸਾਰ ਅਕਾਸ਼ ਤੇ ਪਾਤਾਲ ਵਿਖਾਏ[2]।

ਦੇਸ਼ ਵੱਲ ਵਾਪਸੀ ਅਤੇ ਮੁਲਤਾਨ ਦੇ ਪੀਰਾਂ ਨਾਲ ਮੁਲਾਕਾਤ

ਪੱਛਮ 'ਚ ਆਪਣੇ ਟੀਚੇ ਦਾ ਪ੍ਰਚਾਰ ਕਰਨ ਤੋਂ ਪਿੱਛੋਂ ਗੁਰੂ ਜੀ ਨੇ ਦੇਸ਼ ਵੱਲ ਪਰਤਣ ਦਾ ਇਰਾਦਾ ਬਣਾਇਆ। ਜਦੋਂ ਗੁਰੂ ਜੀ ਮੁਲਤਾਨ ਪਹੁੰਚੇ ਤਾਂ ਉਥੋਂ ਦੇ ਵੱਡੇ ਪੀਰ ਨੇ ਦੁੱਧ ਦਾ ਇੱਕ ਪਿਆਲਾ ਮੂੰਹ ਤੱਕ ਭਰ ਕੇ ਗੁਰੂ ਜੀ ਅੱਗੇ ਲਿਆ ਰੱਖਿਆ। ਇਸ ਤੋਂ ਪੀਰ ਦਾ ਭਾਵ ਸੀ ਕਿ ਮੈਂ ਗੁਰੂ ਜੀ ਨੂੰ ਦੱਸਾਂ ਕਿ ਇਹ ਮੁਲਤਾਨ ਤਾਂ ਪਹਿਲਾਂ ਹੀ ਪੀਰਾਂ, ਫਕੀਰਾਂ ਨਾਲ ਭਰਿਆ ਪਿਆ ਹੈ ਅਤੇ ਹੋਰ ਕਿਸੇ ਧਾਰਮਕ ਫਕੀਰ ਲਈ ਇਥੇ ਥਾਂ ਨਹੀਂ। ਗੁਰੂ ਜੀ ਨੇ ਬਿਨਾਂ ਕਿਸੇ ਘਬਰਾਹਟ ਦੇ ਦੁੱਧ ਦੇ ਪਿਆਲੇ ਤੇ ਇੱਕ ਚੰਬੇਲੀ ਦਾ ਫੁੱਲ ਰੱਖ ਦਿੱਤਾ। ਪਿਆਲੇ 'ਚੋਂ ਦੁੱਧ ਨਾ ਡੁਲ੍ਹਿਆ। ਗੁਰੂ ਜੀ ਨੇ ਇਸ ਤੋਂ ਇਹ ਦੱਸਿਆ ਕਿ ਮੇਰੇ ਰਹਿਣ ਲੀ ਮੁਲਤਾਨ 'ਚ ਜਗ੍ਹਾ ਹੈ। ਜਿਵੇਂ ਹਰ ਵਕਤ ਵਗਣ ਵਾਲੀ ਗੰਗਾ ਨੂੰ ਸਮਾਉਣ ਲਈ ਸਮੁੰਦਰ 'ਚ ਥਾਂ ਹੁੰਦੀ ਹੈ।

1. ਇਹ ਗੱਲ ਯਕੀਨ ਨਾਲ ਕਹੀ ਜਾਂਦੀ ਹੈ ਕਿ ਗੁਰੂ ਜੀ ਤੋਂ ਮੁਹੰਮਦ ਜਾਂ ਰਸੂਲ ਉਲਾਹ ਦੇ ਮੱਤ ਦੇ ਸ਼ਬਦ ਛੱਡ ਕੇ ਉਸ ਦੀ ਥਾਂ ਅਰਬੀ 'ਚ ਆਪਣੇ ਟੀਚੇ ਦੇ ਸ਼ਬਦ ਉਚਾਰੇ ਸਨ, ਜਿਸ ਨਾਲ ਲੋਕ ਹੈਰਾਨ ਹੋ ਗਏ।

2. ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ੩੫, ੩੬ ਪਉੜੀ ਨਾਲ ਟਾਕਰਾ ਕਰੋ।

ਕਰਤਾਰਪੁਰ ਜਾਣਾ

ਗੁਰੂ ਜੀ ਕੁਝ ਚਿਰ ਮੁਲਤਾਨ ਰਹਿਕੇ ਕਰਤਾਰਪੁਰ ਲਈ ਚੱਲ ਪਏ। ਗੁਰੂ ਜੀ ਦਾ ਆਦਰ ਮਾਣ ਦੁਨੀਆਂ ਤੇ ਦਿਨੋਂ ਦਿਨ ਵਧਣ ਲੱਗਾ ਅਤੇ ਲੋਕ ਨਾਨਕ ਨਾਮ ਧਿਆਉਣ ਲੱਗ ਗਏ। ਗੁਰੂ ਜੀ ਨੇ ਇਸ ਗੱਲ ਤੇ ਜ਼ੋਰ ਪਾਇਆ ਕਿ ਪ੍ਰਮਾਤਮਾ ਦੇ ਨਾਮ ਤੋਂ ਬਗੈਰ ਕਿਸੇ ਹੋਰ ਚੀਜ਼ ਨੂੰ ਮੰਗਣਾ, ਦੁੱਖਾਂ ਨੂੰ ਸਿਰ ਲੈਣਾ ਹੈ। ਹੁਣ ਤੱਕ ਗੁਰੂ ਜੀ ਨੇ ਨਿਰਮਲ ਪੰਥ ਰਚਾ ਕੇ ਦੁਨੀਆਂ 'ਚ ਆਪਣਾ ਸਿੱਕਾ ਚਲਾ ਲਿਆ ਸੀ।

ਇਸੇ ਤਰ੍ਹਾਂ ਕੁਝ ਚਿਰ ਪਿੱਛੋਂ ਗੁਰੂ ਜੀ ਅਤੇ ਰਬਾਬੀ ਮਰਦਾਨਾ ਰਾਵੀ ਦਰਿਆ ਦੇ ਸੱਜੇ ਕੰਢੇ ਕਰਤਾਰਪੁਰ ਪਹੁੰਚੇ ਜੋ ਅੱਜ ਕੱਲ ਡੇਰਾ ਬਾਬਾ ਨਾਨਕ ਦੇ ਸਾਹਮਣੇ ਹੈ। ਇਥੇ ਗੁਰੂ ਜੀ ਨੇ ਹਾਜੀਆਂ ਵਾਲਾ ਲਿਬਾਸ ਲਾਹ ਦਿੱਤਾ ਅਤੇ ਦੁਨਿਆਵੀ ਕੱਪੜੇ ਪਹਿਨ ਲਏ। ਜਿਸ ਤੋਂ ਗੁਰੂਜੀ ਇਹ ਦੱਸਣਾ ਚਾਹੁੰਦੇ ਸਨ ਕਿ ਆਦਮੀ ਨੂੰ ਨਿਰਾਪੁਰਾ ਤਿਆਗੀ ਬਣਕੇ ਹੀ ਆਪਣੀ ਜ਼ਿੰਦਗੀ ਨਹੀਂ ਗੁਜ਼ਾਰਨੀ ਚਾਹੀਦੀ। ਇਸਦੇ ਨਾਲ ਹੀ ਗੁਰੂ ਜੀ ਮੰਜੇ ਤੇ ਬੈਠ ਕੇ ਲੋਕਾਂ ਨੂੰ ਉਪਦੇਸ਼ ਦੇਣ ਲੱਗੇ।

ਜਿੰਨਾ ਚਿਰ ਗੁਰੂ ਜੀ ਕਰਤਾਰਪੁਰ 'ਚ ਰਹੇ ਗੁਰਬਾਣੀ ਉਚਾਰਨ ਕਰਦੇ ਰਹੇ ਜਿਸ ਨਾਲ ਆਤਮਕ ਪ੍ਰਕਾਸ਼ ਫੈਲਿਆ ਅਤੇ ਅਗਿਆਨ ਰੂਪੀ ਨ੍ਹੇਰਾ ਦੂਰ ਹੋਇਆ। ਗੁਰੂ ਜੀ ਨੇ ਸਦਾ ਹੀ ਧਾਰਮਕ ਵਿਸ਼ਿਆਂ ਤੇ ਚਰਚਾ ਕੀਤੀ ਅਤੇ ਉਨ੍ਹਾਂ ਦੀ ਹਜੂਰੀ 'ਚ ਸਦਾ ਅਨਹਦ ਸ਼ਬਦ ਦਾ ਰਾਗ ਹੁੰਦਾ ਸੀ। ਸ਼ਾਮ ਨੂੰ ਸੋਦਰ ਅਤੇ ਰਾਤ ਨੂੰ ਸੋਹਲਾ ਗਾਏ ਜਾਂਦੇ ਸਨ। ਜਪੁਜੀ ਸਾਹਿਬ ਦਾ ਪਾਠ ਸਵੇਰੇ ਅੰਮ੍ਰਿਤ ਵੇਲੇ ਹੁੰਦਾ ਸੀ।

ਮਰਦਾਨੇ ਦਾ ਪ੍ਰਲੋਕ ਸੁਧਾਰਨਾ

ਮਰਦਾਨਾ ਗੁਰੂ ਜੀ ਦਾ ਸੱਚਾ ਸੇਵਕ ਲੰਬੇ ਸਫਰ ਅਤੇ ਸਰੀਰਕ ਦੁੱਖਾਂ, ਤਕਲੀਫਾਂ ਨਾਲ ਕਰਤਾਰਪੁਰ 'ਚ ਬਹੁਤ ਬਿਮਾਰ ਹੋ ਗਿਆ ਸੀ। ਮਰਦਾਨੇ ਨੇ ਸੋਚਿਆ ਕਿ ਹੁਣ ਮੇਰੇ ਜੀਣ ਦੀ ਕੋਈ ਆਸ ਨਹੀਂ, ਉਸ ਨੇ ਆਪਣੇ ਆਪ ਨੂੰ ਵਾਹਿਗੁਰੂ ਦੇ ਆਸਰੇ ਤੇ ਛੱਡ ਦਿੱਤਾ। ਮਰਦਾਨਾ ਪਹਿਲਾਂ ਜਨਮ ਤੋਂ ਮੁਸਲਮਾਨ ਸੀ, ਪਰ ਹੁਣ ਗੁਰੂ ਜੀ ਦਾ ਸਿੱਖ ਹੋਣ ਤੇ ਸਵਾਲ ਉਠਿਆ ਕਿ ਉਸਦੇ ਮਰਨ ਪਿੱਛੋਂ ਉਸਦੀ ਦੇਹੀ ਨੂੰ ਕੀ ਕੀਤਾ ਜਾਵੇ, ਮਤਲਬ ਕਿ ਦਬਾਇਆ ਜਾਵੇ ਜਾਂ ਜਲਾਇਆ ਜਾਵੇ। ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, 'ਬ੍ਰਾਹਮਣ ਦੀ ਦੇਹ ਜਲ ਪਰਵਾਹ ਕੀਤੀ ਜਾਂਦੀ ਹੈ, ਖੱਤਰੀਆਂ ਦਾ ਸਰੀਰ ਅੱਗ 'ਚ ਜਲਾਇਆ ਜਾਂਦਾ ਹੈ, ਵੈਸ਼ ਦੀ ਦੇਹ ਹਵਾ 'ਚ ਸੁੱਟ ਦਿੱਤੀ ਜਾਂਦੀ ਹੈ ਅਤੇ ਸ਼ੂਦਰ ਦਾ ਸਰੀਰ ਦਬਾਇਆ ਜਾਂਦਾ ਹੈ। ਤੇਰਾ ਇਹ ਸਰੀਰ ਜਿਵੇਂ ਤੂੰ ਕਹੇਂਗਾ ਕੀਤਾ ਜਾਵੇਗਾ।'

ਮਰਦਾਨੇ ਨੇ ਜਵਾਬ ਦਿੱਤਾ, "ਮਹਾਰਾਜ ਤੁਹਾਡੇ ਉਪਦੇਸ਼ਾਂ ਨਾਲ ਮੇਰੇ ਇਸ ਸਰੀਰ ਦਾ ਹੰਕਾਰ ਬਿਲਕੁਲ ਮੁੱਕ ਚੁੱਕਾ ਹੈ। ਚੌਹਾਂ ਵਰਨਾਂ ਦੇ ਇਹ ਸਰੀਰਾਂ ਦੇ ਅੰਤਮ-ਸੰਸਕਾਰ ਵੀ ਹੰਕਾਰ ਨਾਲ ਸਬੰਧ ਰਖਦੇ ਹਨ। ਮੈਨੂੰ ਸਰੀਰ ਦਾ ਬਿਲਕੁਲ ਧਿਆਨ ਨਹੀਂ ਮੈਂ ਤਾਂ ਆਪਣੀ ਆਤਮਾ ਨੂੰ ਦੇਹ ਦਾ ਸਾਖੀ ਸਮਝਦਾ ਹਾਂ। ਜਿਸ ਤਰ੍ਹਾਂ ਤੁਸੀਂ ਚਾਹੁੰਦੇ ਹੋ ਉਸੇ ਤਰ੍ਹਾਂ ਹੀ ਕਰੋ?" ਗੁਰੂ ਜੀ ਨੇ ਕਿਹਾ, "ਕੀ ਤੇਰੀ ਸਮਾਧ ਬਣਾ ਕੇ ਤੈਨੂੰ ਦੁਨੀਆਂ 'ਚ

ਮਸ਼ਹੂਰ ਕੀਤਾ ਜਾਵੇ?" ਮਰਦਾਨੇ ਨੇ ਜਵਾਬ ਦਿੱਤਾ, 'ਮੇਰੀ ਆਤਮਾ ਹੀ ਜਦ ਜਿਸਮ ਰੂਪੀ ਸਮਾਧ 'ਚੋਂ ਨਿਕਲ ਚੁੱਕੀ ਹੈ ਫੇਰ ਉਸ ਨੂੰ ਤੁਸੀਂ ਪੱਥਰ ਦੀ ਸਮਾਧ 'ਚ ਕਿਉਂ ਪਾਉਂਦੇ ਹੋ?" ਗੁਰੂ ਜੀ ਨੇ ਕਿਹਾ, ਤੂੰ ਬ੍ਰਹਮ ਨੂੰ ਪਛਾਣਿਆ ਹੈ, ਇਸ ਲਈ ਤੂੰ ਸਹੀ ਬ੍ਰਾਹਮਣ ਹੈਂ ਅਤੇ ਅਸੀਂ ਤੇਰਾ ਸਰੀਰ ਰਾਵੀ ਦਰਿਆ 'ਚ ਜਲ ਪਰਵਾਹ ਕਰਾਂਗੇ ਅਤੇ ਦਰਿਆ ਦਾ ਪਾਣੀ ਉਸਨੂੰ ਰੋੜ੍ਹ ਕੇ ਲੈ ਜਾਵੇਗਾ। ਇਸ ਕਰਕੇ ਤੂੰ ਦਰਿਆ ਦੇ ਕਿਨਾਰੇ ਸਮਾਧੀ ਲਾ ਕੇ ਬੈਠ ਜਾ, ਪ੍ਰਮਾਤਮਾ ਦਾ ਧਿਆਨ ਰੱਖ ਅਤੇ ਆ ਰਹੇ ਹਰ ਇੱਕ ਸਾਹ ਨਾਲ ਉਸੇ (ਪ੍ਰਮਾਤਮਾ) ਦਾ ਨਾਮ ਜਪੁ ਅਤੇ ਤੇਰੀ ਆਤਮਾ, ਪ੍ਰਮਾਤਮਾ ਦੀ ਜੋਤ 'ਚ ਲੀਨ ਹੋ ਜਾਵੇਗੀ। ਮਰਦਾਨਾ ਗੁਰੂ ਜੀ ਦਾ ਹੁਕਮ ਪਾ ਕੇ ਦਰਿਆ ਦੇ ਕਿਨਾਰੇ ਜਾ ਬੈਠਾ ਅਤੇ ਦੂਸਰੇ ਦਿਨ, ਪਹਿਰ ਰਾਤ ਰਹਿੰਦੀ ਤੱਕ ਉਸਦੀ ਆਤਮਾ ਨੇ ਮਿੱਟੀ ਦੇ ਬਣੇ ਇਸ ਸਰੀਰ ਰੂਪੀ ਜੰਗਲੇ 'ਚੋਂ ਛੁਟਕਾਰਾ ਪਾ ਲਿਆ। ਗੁਰੂ ਜੀ ਨੇ ਆਪਣੇ ਚੇਲਿਆਂ ਨੂੰ ਲੈ ਕੇ, ਉਸਦੇ ਮੁਰਦਾ ਜਿਸਮ ਨੂੰ ਰਾਵੀ 'ਚ ਜਲ ਪਰਵਾਹ ਕਰ ਦਿੱਤਾ। ਉਸਦੀ ਪੂਰਨ ਸ਼ਾਂਤੀ ਲਈ ਕੀਰਤਨ ਸੋਹਿਲੇ ਦਾ ਪਾਠ ਕਰਵਾਇਆ ਅਤੇ ਪ੍ਰਸ਼ਾਦ ਵੰਡ ਕੇ ਉਸਦੀ ਮ੍ਰਿਤੂ ਦੇ ਕ੍ਰਿਆ-ਕ੍ਰਮ ਨੂੰ ਪੂਰਾ ਕੀਤਾ। ਮਰਦਾਨੇ ਦੇ ਪੁੱਤਰ ਸ਼ਾਹਜ਼ਾਦੇ ਤੇ ਮਰਦਾਨੇ ਦੇ ਰਿਸ਼ਤੇਦਾਰਾਂ ਨੂੰ ਗੁਰੂ ਜੀ ਨੇ ਕਿਹਾ ਕਿ ਧੀਰਜ ਕਰੋ ਤੇ ਰੋਣਾ ਤਿਆਗ ਦੇਵੋ ਅਤੇ ਆਖਿਆ ਕਿ ਜੋ ਵਿਅਕਤੀ ਆਪਣੇ ਸਵਰਗੀ ਨਿਵਾਸ ਨੂੰ ਪਰਤ ਰਿਹਾ ਹੋਵੇ ਉਸ ਵਾਸਤੇ ਇਹ ਵਿਰਲਾਪ ਕਰਨਾ ਯੋਗ ਨਹੀਂ। ਇਸ ਕਰਕੇ ਮਰਦਾਨੇ ਲਈ ਸੋਗ ਮਨਾਉਣਾ ਠੀਕ ਨਹੀਂ।

ਸ਼ਾਹਜ਼ਾਦੇ ਨੂੰ ਗੁਰੂ ਜੀ ਨੇ ਕਿਹਾ ਕਿ ਤੂੰ ਸਾਡੇ ਕੋਲ ਆਪਣੇ ਪਿਤਾ ਜੀ ਦੀ ਥਾਂ ਤੇ ਆ ਕੇ ਉਸੇ ਤਰ੍ਹਾਂ ਰਹੋ ਅਤੇ ਫੇਰ ਤੇਰਾ ਵੀ ਉਨ੍ਹਾਂ ਹੀ ਆਦਰਮਾਨ ਹੋਵੇਗਾ। ਰਬਾਬੀ ਸ਼ਾਹਜ਼ਾਦੇ ਨੇ ਗੁਰੂ ਜੀ ਦਾ ਹੁਕਮ ਮੰਨਿਆ ਅਤੇ ਗੁਰੂ ਜੀ ਦੇ ਅਕਾਲ-ਚਲਾਣੇ ਤੱਕ ਉਨ੍ਹਾਂ ਦਾ ਸੱਚਾ ਸੇਵਕ ਬਣ ਕੇ ਸਾਥ ਦਿੱਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤਿੰਨ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਮਰਦਾਨੇ ਨੂੰ ਦਿੱਤੇ ਗਏ ਹਨ।[1] ਇਨ੍ਹਾਂ ਸਲੋਕਾਂ 'ਚ ਸ਼ਰਾਬ ਵਰਤਨ ਦੀ ਮਨਾਹੀ ਕੀਤੀ ਗਈ ਹੈ। ਹੇਠ ਦਿੱਤਾ ਸਲੋਕ ਜੋ ਇੱਥੇ ਸੌਖੇ ਢੰਗ ਨਾਲ ਦਿੱਤਾ ਜਾ ਸਕਦਾ ਹੈ, ਨਮੂਨੇ ਲਈ ਬਹੁਤ ਹੋਵੇਗਾ :

(ਸਲੋਕ ਮਰਦਾਨਾ ।੧।)

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ।
ਕ੍ਰੋਧ ਕਟੋਰੀ ਮੋਹਿ ਭਰੀ ਪੀਲਵਾ ਅਹੰਕਾਰੁ।
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ।
ਕਰਣੀ ਲਾਹਿਨਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ।
ਗੁਣ ਮੰਡੇ ਕਰਿ ਸੀਲ ਘਿਉ ਸਰਮੁ ਮਾਸੁ ਆਹਾਰੁ। (ਆ: ਗ੍ਰੰ: ਪੰ: ੫੫੩)
ਗੁਰਮੁਖਿ ਪਾਈਐ ਨਾਨਕਾ ਖਾਧੇ ਜਾਹਿ ਬਿਕਾਰ। (ਬਿਹਾਗੜੇ ਦੀ ਵਾਰ)

1. ਮੈਕਾਲਿਫ਼ ਦਾ ਇਹ ਲਿਖਣਾ ਗਲਤ ਹੈ।

ਕਾਂਡ—14

ਭਾਈ ਲਹਿਣਾ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ

ਇੱਕ ਪਿੰਡ ਜਿਸਦਾ ਨਾਂ ਖਡੂਰ ਸੀ 'ਚ ਇੱਕ ਭਾਈ ਜੋਧਾ ਨਾਉਂ ਦਾ ਸਿੱਖ ਵਸਦਾ ਸੀ। ਭਾਈ ਜੋਧਾ ਪ੍ਰਮਾਤਮਾ ਦਾ ਨਾਮ ਲੈਂਦਾ ਸੀ ਪਰ ਖਡੂਰ ਦੇ ਹੋਰ ਵਸਨੀਕ ਦੁਰਗਾ ਦੀ ਪੂਜਾ ਕਰਦੇ ਸਨ। ਭਾਈ ਲਹਿਣਾ ਜੀ, ਇਸ ਪਿੰਡ ਦੇ ਵਸਨੀਕਾਂ ਦੇ ਪੁਜਾਰੀ ਸਨ। ਭਾਈ ਜੋਧਾ ਸਿੰਘ ਇੱਕ ਦਿਨ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਜੀ ਪੜ੍ਹ ਰਿਹਾ ਸੀ ਤਾਂ ਭਾਈ ਲਹਿਣੇ ਨੇ ਉਹ ਸੁਣੀ ਅਤੇ ਪੁਛਿਆ ਕਿ ਇਹ ਬਾਣੀ ਕਿਸ ਦੀ ਹੈ? ਭਾਈ ਜੋਧੇ ਨੇ ਸਾਰੀ ਗੱਲ ਭਾਈ ਲਹਿਣੇ ਨੂੰ ਦੱਸੀ ਅਤੇ ਦੋਨੋਂ ਇੱਕ ਦੂਜੇ ਦੇ ਸਾਥੀ ਬਣ ਗਏ। ਜਦੋਂ ਗੁਰੂ ਜੀ ਦੇ ਦਰਸ਼ਨ ਭਾਈ ਲਹਿਣਾ ਜੀ ਨੂੰ ਕਰਵਾਏ ਗਏ ਤਾਂ ਉਸਨੇ ਕਿਹਾ ਕਿ ਮੇਰਾ ਨਾਂ ਲਹਿਣਾ ਹੈ। ਗੁਰੂ ਜੀ ਨੇ ਇਹ ਸੁਣ ਕੇ ਆਖਿਆ, "ਇਥੇ ਹੀ ਤੇਰਾ ਲਹਿਣਾ ਹੈ, ਹੋਰ ਤੈਨੂੰ ਇਹ ਕਿੱਥੇ ਮਿਲਣਾ ਹੈ?" ਇਹ ਆਖਣ ਤੋਂ ਗੁਰੂ ਜੀ ਦਾ ਮਤਲਬ ਸੀ, "ਤੂੰ ਜੋ ਪਦਾਰਥ ਭਾਵ ਮੁਕਤੀ ਲੈਣ ਦਾ ਇਛੁੱਕ ਹੈ, ਉਹ ਹੋਰ ਕਿਤੇ ਨਹੀਂ, ਸਿਰਫ ਇੱਥੇ ਹੀ ਹੈ।" ਜਦੋਂ ਗੁਰੂ ਜੀ ਦੀ ਜੁਬਾਨ ਤੋਂ ਭਾਈ ਲਹਿਣਾ ਜੀ ਨੇ ਆਤਮਕ ਉਪਦੇਸ਼ ਸੁਣਿਆ ਤਾਂ ਉਸਨੇ ਪੈਰਾਂ 'ਚ ਪਾਏ ਉਹ ਘੁੰਗਰੂ ਜੋ ਦੇਵੀ ਅੱਗੇ ਨੱਚਣ ਲਈ ਬੰਨ੍ਹੇ ਸਨ, ਖੋਲ੍ਹ ਦਿੱਤੇ ਅਤੇ ਪ੍ਰਮਾਤਮਾ ਦਾ ਨਾਮ ਜਪਣ ਲੱਗ ਗਿਆ। ਭਾਈ ਲਹਿਣਾ ਜੀ, ਇਸ ਪਿੱਛੋਂ ਪੱਖਾ ਝੱਲਣ, ਪਾਣੀ ਢੋਣ ਅਤੇ ਭਾਂਡੇ ਮਾਂਜਣ ਆਦਿ ਦੀ ਸੇਵਾ 'ਚ ਲੱਗ ਗਿਆ।

ਲਿਖਿਆ ਹੈ ਕਿ ਅੰਤਰ ਧਿਆਨ 'ਚ ਭਾਈ ਲਹਿਣਾ ਜੀ ਨੇ ਇੱਕ ਲਾਲ ਸੂਹੇ ਕਪੜਿਆਂ 'ਚ ਔਰਤ ਵੇਖੀ ਜੋ ਗੁਰੂ ਜੀ ਨੂੰ ਮੁੱਠੀਆਂ ਭਰ ਰਹੀ ਸੀ। ਉਸ ਔਰਤ ਨੂੰ ਭਾਈ ਲਹਿਣਾ ਜੀ ਨੇ ਪੁੱਛਿਆ ਕਿ ਤੂੰ ਕੌਣ ਹੈਂ? ਉਸ ਔਰਤ ਨੇ ਜਵਾਬ 'ਚ ਕਿਹਾ ਕਿ ਮੈਂ ਦੁਰਗਾ ਹਾਂ ਅਤੇ ਹਫਤੇ 'ਚ ਇੱਕ ਵਾਰ ਮੈਂ ਗਰੂ ਜੀ ਦੀ ਸੇਵਾ ਲਈ ਆਉਂਦੀ ਹਾਂ। ਇਹ ਸੁਣ ਕੇ ਭਾਈ ਲਹਿਣਾ ਜੀ ਨੂੰ ਪੂਰਨ ਵਿਸ਼ਵਾਸ ਹੋ ਗਿਆ ਕਿ ਗੁਰੂ ਜੀ ਪ੍ਰਮਾਤਮਾ ਦੇ ਭੇਜੇ ਹੋਏ ਹਨ।

ਸਿੱਖਾਂ ਦਾ ਇਮਤਿਹਾਨ

ਗੁਰੂ ਜੀ ਦੇ ਦਰਸ਼ਨਾਂ ਲਈ ਇੱਕ ਜੋਗੀ ਆਇਆ ਅਤੇ ਗੁਰੂ ਜੀ ਨੂੰ ਕਿੰਨੇ ਹੀ ਸਿੱਖ ਬਣਾ ਲੈਣ ਤੇ ਵਧਾਈ ਦਿੱਤੀ। ਗੁਰੂ ਜੀ ਨੇ ਜਵਾਬ ਦਿੱਤਾ, "ਨਾਥ ਜੀ, ਸਾਡਾ ਸਿੱਖ ਕੋਈ ਕੋਈ ਹੈ ਇਸਦਾ ਪਤਾ ਤੁਹਾਨੂੰ ਆਪ ਹੀ ਲੱਗ ਜਾਵੇਗਾ।" ਗੁਰੂ ਜੀ ਅਤੇ ਜੋਗੀ ਨੇ ਇਹ ਮਤਾ ਬਣਾਇਆ ਕਿ ਇੱਕ ਜੰਗਲ 'ਚ ਜਾ ਕੇ ਆਪਣੇ ਸਿੱਖਾਂ ਦਾ ਇਮਤਿਹਾਨ ਲਈਏ।

ਜਦੋਂ ਗੁਰੂ ਜੀ ਅਤੇ ਜੋਗੀ ਜੰਗਲ ਵੱਲ ਤੁਰੇ ਤਾਂ ਕਿੰਨੇ ਹੀ ਸਿੱਖ ਨਾਲ ਸਨ।

ਸਿੱਖਾਂ ਦੇ ਇਮਤਿਹਾਨ ਲਈ ਗੁਰੂ ਜੀ ਨੇ ਭਿਆਨਕ ਰੂਪ ਵਟਾਇਆ। ਗੁਰੂ ਜੀ ਫਟੇ ਤੇ ਗੰਦੇ ਕੱਪੜੇ ਪਾ ਕੇ, ਹੱਥ 'ਚ ਛੁਰੀ ਫੜ ਕੇ ਅਤੇ ਕੁਝ ਸ਼ਿਕਾਰੀ ਕੁੱਤੇ ਲੈ ਕੇ ਜੰਗਲ 'ਚ ਤੁਰ ਪਏ। ਇਸ ਤਰ੍ਹਾਂ ਲੱਗਦਾ ਸੀ ਕਿ ਇਹ ਸ਼ਿਕਾਰ ਦੀ ਤਲਾਸ਼ 'ਚ ਜਾ ਰਹੇ ਹਨ। ਇਹ ਵੇਖ ਕੇ ਕਿੰਨੇ ਹੀ ਸਿੱਖ ਭੱਜ ਗਏ। ਇਸ ਵੇਲੇ ਗੁਰੂ ਜੀ ਨੇ ਥੱਲੇ ਲਿਖਿਆ ਸ਼ਬਦ ਉਚਾਰਿਆ :

ਏਕੁ ਸੁਆਨੁ ਦੁਇ ਸੁਆਨੀ ਨਾਲਿ।
ਭਲਕੇ ਭਉਕਹਿ ਸਦਾ ਬਇਆਲਿ।
ਕੂੜੁ ਛੁਰਾ ਮੁਠਾ ਮੁਰਦਾਰੁ।
ਧਾਣਕ ਰੂਪਿ ਰਹਾ ਕਰਤਾਰ।੧।
ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ।
ਹਉ ਬਿਗੜੈ ਰੂਪਿ ਰਹਾ ਬਿਕਰਾਲ।
ਤੇਰਾ ਏਕ ਨਾਮੁ ਤਾਰੇ ਸੰਸਾਰੁ।
ਮੈ ਏਹਾ ਆਸ ਏਹੋ ਆਧਾਰੁ।੧ ਰਹਾਉ।
ਮੁਖਿ ਨਿੰਦਾ ਆਖਾ ਦਿਨੁ ਰਾਤਿ।
ਪਰ ਘਰੁ ਜੋਹੀ ਨੀਚ ਸਨਾਤਿ।
ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ।
ਧਾਣਕ ਰੂਪਿ ਰਹਾ ਕਰਤਾਰ।੨।
ਫਾਹੀ ਸੁਰਤਿ ਮਲੂਕੀ ਵੇਸੁ।
ਹਉ ਠਗਵਾੜਾ ਠਗੀ ਦੇਸ।
ਖਰਾ ਸਿਆਣਾ ਬਹੁਤਾ ਭਾਰੁ।
ਧਾਣਕ ਰੂਪਿ ਰਹਾ ਕਰਤਾਰ।੩।
ਮੈ ਕੀਤਾ ਨ ਜਾਤਾ ਹਰਾਮ ਖੋਰੁ।
ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ।
ਨਾਨਕ ਨੀਚੁ ਕਹੈ ਬੀਚਾਰ। *(ਆ: ਗ੍ਰੰ: ਪੰ: ੨੪)*
ਧਾਣਕ ਰੂਪਿ ਰਹਾ ਕਰਤਾਰ।੪। *(ਸਿਰੀ ਰਾਗ ਮਹਲਾ ੧)*

ਜਦੋਂ ਗੁਰੂ ਜੀ ਆਪਣੇ ਸਿੱਖਾਂ ਨਾਲ ਅਗਾਂਹ ਗਏ ਤਾਂ ਵੇਖਿਆ ਕਿ ਸਾਰੀ ਸੜਕ ਪੈਸਿਆਂ ਨਾਲ ਭਰੀ ਹੋਈ ਹੈ। ਕੁਝ ਸਿੱਖ ਉਹ ਪੈਸੇ ਚੁੱਕ ਕੇ ਘਰਾਂ ਨੂੰ ਪਰਤ ਆਏ। ਜਦੋਂ ਗੁਰੂ ਜੀ ਰਹਿੰਦੇ ਸਿੱਖਾਂ ਨਾਲ ਅੱਗੇ ਗਏ ਤਾਂ ਉਹਨਾਂ ਨੇ ਰੁਪਈਏ ਵੇਖੇ, ਕਿੰਨੇ ਹੀ ਸਿੱਖ ਰੁਪਈਏ ਚੁੱਕ ਕੇ ਵਾਪਸ ਚਲੇ ਗਏ। ਇਸ ਤੋਂ ਅੱਗੇ ਸੜਕ ਤੇ ਮੋਹਰਾਂ ਪਈਆਂ ਸਨ, ਰਹਿੰਦਿਆਂ ਸਿੱਖਾਂ ਨੇ ਮੋਹਰਾਂ ਚੁੱਕੀਆਂ ਅਤੇ ਪਿੱਛੇ ਨੂੰ ਪਰਤ ਗਏ। ਹੁਣ ਸਿਰਫ ਜੋਗੀ ਤੋਂ ਸਿਵਾ ਦੋ ਸਿੱਖ ਅਤੇ ਇੱਕ ਸੇਵਕ ਭਾਈ ਲਹਿਣਾ ਜੀ ਹੀ ਗੁਰੂ ਜੀ ਨਾਲ ਸਨ।

ਜਦੋਂ ਹੋਰ ਅਗਾਂਹ ਗਏ ਤਾਂ ਉਨ੍ਹਾਂ ਨੇ ਇੱਕ ਕਬਰ ਵੇਖੀ। ਚਾਰ ਦੀਵੇ ਮੁਰਦੇ ਕੋਲ ਬਲ ਰਹੇ ਸਨ। ਧਰਤੀ ਤੇ ਪਏ ਮੁਰਦੇ ਨੂੰ ਇਕ ਚਾਦਰ ਨਾਲ ਢਕਿਆ ਹੋਇਆ ਸੀ ਅਤੇ ਉਸ 'ਚੋਂ ਗੰਦੀ ਬਦਬੋ ਆ ਰਹੀ ਸੀ। ਗੁਰੂ ਜੀ ਨੇ ਹੁਕਮ ਕੀਤਾ, "ਜੋ ਸਾਡੇ ਨਾਲ ਰਹਿਣਾ ਚਾਹੁੰਦਾ ਹੈ, ਉਹ ਇਸ ਮੁਰਦੇ ਨੂੰ ਖਾਵੇ।" ਇਸ ਤਰ੍ਹਾਂ ਦਾ ਭਿਆਨਕ ਹੁਕਮ ਸੁਣ ਕੇ ਦੋਨੋਂ ਸਿੱਖ ਡਰ ਗਏ ਭਾਈ ਲਹਿਣਾ ਜੀ ਨੇ ਵਿਸ਼ਵਾਸ ਰਖਿਆ ਅਤੇ ਦੋਨੋਂ ਹੱਥ ਜੋੜ ਕੇ ਬੋਲਿਆ, "ਮਹਾਰਾਜ, ਮੁਰਦੇ ਨੂੰ ਸਿਰ ਵਲੋਂ ਖਾਣਾ ਸ਼ੁਰੂ ਕਰਾਂ ਜਾਂ ਪੈਰਾਂ ਵਲੋਂ?" ਗੁਰੂ ਜੀ ਨੇ ਕਿਹਾ ਕਿ ਲੱਕ ਤੋਂ ਸ਼ੁਰੂ ਕਰ ਦੇ। ਮੁਰਦੇ ਨੂੰ ਖਾਣ ਲਈ ਜਦੋਂ ਭਾਈ ਲਹਿਣੇ ਨੇ ਚਾਦਰ ਚੁੱਕੀ ਤਾਂ ਲਿਖਿਆ ਹੈ ਕਿ ਮੁਰਦੇ ਦੀ ਜਗ੍ਹਾ ਉਥੇ ਪ੍ਰਸਾਦ ਦਾ ਥਾਲ ਪਿਆ ਸੀ। ਪ੍ਰਸ਼ਾਦ ਵਾਲਾ ਥਾਲ ਚੁੱਕੇ ਕੇ, ਭਾਈ ਲਹਿਣਾ ਜੀ ਨੇ ਗੁਰੂ ਜੀ ਨੂੰ ਕਿਹਾ, "ਮਹਾਰਾਜ ! ਮੈਂ ਇਹ ਸੀਤ ਪ੍ਰਸਾਦ ਫੇਰ ਛਕਾਂਗਾ। ਪਹਿਲਾਂ ਤੁਸੀਂ ਛਕੋ।" ਗੁਰੂ ਜੀ ਨੇ ਕਿਹਾ "ਤੈਨੂੰ ਇਹ ਪਵਿੱਤਰ ਪ੍ਰਸਾਦ ਇਸ ਲਈ ਮਿਲਿਆ ਹੈ ਕਿ ਤੇਰੀ ਇਹ ਤਮੰਨਾ ਸੀ ਕਿ ਮੈਂ ਦੂਜਿਆਂ ਨਾਲ ਵੰਡ ਕੇ ਛਕਾਂ। ਜੋ ਵਿਅਕਤੀ ਪ੍ਰਮਾਤਮਾ ਦੀ ਦਿੱਤੀ ਹੋਈ ਦੌਲਤ ਆਪ ਹੀ ਵਰਤ ਲੈਂਦਾ ਹੈ ਜਾਂ ਜ਼ਮੀਨ 'ਚ ਦਬ ਦਿੰਦਾ ਹੈ ਉਹ ਤਰੱਕੇ ਹੋਏ ਮੁਰਦੇ ਵਾਂਗ ਹੈ ਪਰ ਜੋ ਦੌਲਤ, ਵਿਅਕਤੀ ਵੰਡ ਕੇ ਵਰਤਦਾ ਹੈ ਉਹ ਇਸ ਪ੍ਰਸਾਦ ਵਰਗੀ ਹੈ। ਤੂੰ ਸਾਡਾ ਭੇਦ ਪਾ ਲਿਆ ਹੈ ਅਤੇ ਤੂੰ ਮੇਰਾ ਹੀ ਰੂਪ ਹੈਂ। ਇਕ ਅਸਲੀ ਗੱਲ ਜੋ ਤੈਨੂੰ ਦੱਸਦਾ ਹਾਂ ਉਹ ਇੱਕ ਮੰਤਰ ਹੈ, ਜੋ ਸਾਡੇ ਮੱਤ ਦਾ ਤੱਤ ਹੈ ਅਤੇ ਜਿਸ ਨਾਲ ਤੂੰ ਇੱਥੇ ਅਤੇ ਅਗਾਂਹ ਲਈ ਸੁੱਖ ਲੈ ਸਕਦਾ ਹੈਂ।' ਗੁਰੂ ਜੀ ਦੇ ਇਸ ਮੰਤਰ ਤੋਂ ਭਾਵ ਜਪੁਜੀ ਸਾਹਿਬ ਦੇ ਮੂਲ ਮੰਤਰ ਤੋਂ ਸੀ। ਉਹ ਥੱਲੇ ਲਿਖਿਆ ਹੋਇਆ ਹੈ :

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚ ਨਾਨਕ ਹੋਸੀ ਭੀ ਸਚੁ ॥੧॥

ਗੁਰੂ ਜੀ ਨੇ ਭਾਈ ਲਹਿਣੇ ਨੂੰ ਸੱਚੇ ਦਿਲ ਨਾਲ ਇਸ ਮੂਲ ਮੰਤਰ ਨੂੰ ਜਪਣ ਦਾ ਉਪਦੇਸ਼ ਦਿੱਤਾ। ਇਹ ਤੇਰੀਆਂ ਸਾਰੀਆਂ ਇੱਛਾਵਾਂ ਪੂਰਨ ਕਰੇਗਾ, ਇਸ ਦੁਨੀਆਂ ਤੇ ਸੁੱਖ ਅਤੇ ਅਗਾਂਹ ਲਈ ਮੁਕਤੀ ਦੇਵੇਗਾ ਅਤੇ ਇਸ ਦੇ ਜਪਣ ਨਾਲ ਤੇਰੇ ਅੰਦਰ ਪ੍ਰਮਾਤਮਾ ਦੀ ਜੋਤ ਦਾ ਚਾਨਣ ਹੋਵੇਗਾ। ਜੋਗੀ ਨੇ ਕਿਹਾ, "ਨਾਨਕ ਦੇਵ ਜੀ ਸਾਡਾ ਗੁਰੂ ਉਹ ਹੀ ਜੋ ਤੁਹਾਡੇ ਅੰਗ ਤੋਂ ਪੈਦਾ ਹੋਵੇਗਾ।" ਫੇਰ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਜੱਫੀ 'ਚ ਘੁੱਟ ਲਿਆ ਅਤੇ ਬਚਨ ਕੀਤਾ, "ਤੇਰਾ ਨਾਉਂ ਹੁਣ ਅੰਗਦ ਹੈ ਅਤੇ ਤੂੰ ਹੀ ਸਾਡੀ ਗੱਦੀ ਤੇ ਬੈਠੇਗਾ।" ਜੋਗੀ ਅਤੇ ਗੁਰੂ ਜੀ ਆਪਣੇ ਆਪਣੇ ਘਰਾਂ ਨੂੰ ਪਰਤ ਆਏ।

ਉਹ ਸਿੱਖ ਪਛਤਾਉਣ ਲੱਗੇ, ਜੋ ਗੁਰੂ ਜੀ ਨੂੰ ਛੱਡ ਆਏ ਸਨ। ਪੈਸੇ ਲੈ ਕੇ ਮੁੜਨ ਵਾਲੇ ਕਹਿੰਦੇ ਕਿ ਜੇ ਅੱਗੇ ਜਾਂਦੇ ਤਾਂ ਰੁਪੀਏ ਮਿਲਦੇ ਅਤੇ ਰੁਪਈਆਂ ਵਾਲੇ ਕਹਿੰਦੇ ਜੇ ਹੋਰ ਅਗਾਂਹ ਜਾਂਦੇ ਤਾਂ ਸੋਨੇ ਦੀਆਂ ਮੋਹਰਾਂ ਲਿਆਉਂਦੇ। ਗੁਰੂ ਜੀ ਨੇ ਇਸ ਵਿਸ਼ੇ ਤੇ ਇਹ ਸ਼ਬਦ ਉਚਾਰਿਆ :

ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ।
ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ।

ਲੇਖੈ ਸਾਹ ਲਵਾਈਅਹਿ ਪੜ੍ਹੇ ਕਿ ਪੁਛਣ ਜਾਉ।੧।
ਬਾਬਾ ਮਾਇਆ ਰਚਨਾ ਧੋਹੁ।
ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹ।੧ ਰਹਾਉ।
ਜੀਵਣ ਮਰਣਾ ਜਾਇਕੈ ਏਥੈ ਖਾਜੈ ਕਾਲਿ।
ਜਿਥੈ ਬਹਿ ਸਮਝਾਈਐ ਤਿਥੇ ਕੋਈ ਨ ਚਲਿਓ ਨਾਲਿ।
ਰੋਵਣ ਵਾਲੇ ਜਤੜੇ ਸਭਿ ਬੰਨਹਿ ਪੰਡ ਪਰਾਲਿ।੨।
ਸਭੁ ਕੋ ਆਧੈ ਬਹੁਤੁ ਬਹੁਤੁ ਘਟਿ ਨ ਆਧੈ ਕੋਇ।
ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ।
ਸਾਚਾ ਸਾਹਿਬੁ ਏਕੁ ਤੂੰ ਹੋਰ ਜੀਆ ਕੇਤੇ ਲੋਅ।੩।
ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚੁ।
ਨਾਨਕ ਤਿਨਕੈ ਸੰਗਿ ਸਾਥਿ ਵਡਿਆ ਸਿਉ ਕਿਆ ਗੀਸੁ।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।੪। (ਆ: ਗ੍ਰੰ: ਪੰ: ੧੫)

(ਸਿਰੀ ਰਾਗ ਮਹਲਾ ੧)

ਮੁਲਤਾਨੀ ਪੀਰ ਦਾ ਗੁਰੂ ਜੀ ਕੋਲ ਆਉਣਾ

ਮੁਲਤਾਨ ਦਾ ਵੱਡਾ ਮੁਸਲਮਾਨੀ ਪੀਰ, ਜੋ ਪੀਰ ਬਹਾਉਦੀਨ ਦੀ ਗੱਦੀ ਤੇ ਬੈਠਾ ਸੀ, ਆਪਣੇ ਮੁਰੀਦਾਂ ਨੂੰ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ। ਜਦੋਂ ਗੁਰੂ ਜੀ ਨੂੰ ਮਿਲਿਆ ਤਾਂ ਕਿਹਾ, "ਜੋ ਅਸੀਂ ਲਦੁਣ ਲਦਿਆ ਸਾਡੀ ਕਰਿ ਕਾਇ।" ਅਰਥ : ਸਾਡੇ ਲਈ ਵੀ ਪ੍ਰਾਰਥਨਾ ਕਰੋ ਕਿ ਸਾਡਾ ਵੀ ਅੱਗਾ ਸੰਵਾਰਿਆ ਜਾਵੇ। ਗੁਰੂ ਜੀ ਨੇ ਜਵਾਬ ਦਿੱਤਾ :

ਜੋ ਭਰਿਆ ਸੋ ਲਦਸੀ ਸਭਨਾ ਹੁਕਮੁ ਰਜਾਇ।
ਨਾਨਕ ਤੇ ਮੁਖ ਉਜਲੈ ਚਲੈ ਹਕੁ ਕਮਾਇ।੧। (ਸਲੋਕ ਮ: ੧)

ਜਦੋਂ ਗੁਰੂ ਜੀ ਨੇ ਵੇਖਿਆ ਕਿ ਪੀਰ ਮੌਤ ਲਈ ਵੀ ਤਿਆਰ ਹੈ ਕਿਹਾ ਤੁਸੀਂ ਚਲੋ ਅਸੀਂ ਵੀ ਆਵਾਂਗੇ। ਤਾਂ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ :

ਧਨੁ ਜੋਬਨੁ ਅਰੁ ਫੁਲੜਾ ਮਾਠੀਅੜੇ ਦਿਨ ਚਾਰਿ।
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣ ਹਾਰ।੧।
ਰੰਗ ਮਾਣਿਲੈ ਪਿਆਰਿਆ ਜਾ ਜੋਬਨੁ ਨਉ ਹੁਲਾ।
ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ।੧ ਰਹਾਉ।
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ।
ਹੰਭੀ ਵੰਞਾ ਡੁਮਣੀ ਰੋਂਵਾ ਝੀਣੀ ਬਾਣਿ।੨।
ਕੀ ਨ ਸੁਣੇਹੀ ਗੌਗੀਏ ਆਪਣ ਕੰਨੀ ਸੋਇ।
ਲਗੀ ਆਵਹਿ ਸਾਹੁਰੇ ਨਿਤ ਨ ਪੇਈਆ ਹੋਇ।੩।
ਨਾਨਕ ਸੁਤੀ ਪੇਈਐ ਜਾਣ ਵਿਰੁਤੀ ਸੰਨਿ। (ਆ: ਗ੍ਰੰ: ਪੰ: ੨੩)
ਗਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ।੪। (ਸਿਰੀ ਰਾਗ ਮ: ੧)

ਕਾਂਡ—15

ਅੰਗਦ ਜੀ ਨੂੰ ਗੱਦੀ ਸੌਂਪਣਾ ਅਤੇ ਗੁਰੂ ਜੀ ਦਾ ਜੋਤੀ ਜੋਤ ਸਮਾਉਣਾ

ਗੁਰੂ ਜੀ ਨੇ ਇਹ ਵਿਚਾਰ ਕੇ ਕਿ ਹੁਣ ਅੰਤ ਨੇੜੇ ਆ ਰਿਹਾ ਹੈ। ਆਪਣੀ ਗੱਦੀ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਦਿੱਤੀ। ਗੁਰੂ ਜੀ ਦੇ ਪੁੱਤਰਾਂ ਨੇ ਉਹਨਾਂ ਦੀ ਆਗਿਆ ਦਾ ਪਾਲਣ ਨਾ ਕੀਤਾ। ਉਹ ਦਿਲ ਦੇ ਖੋਟੇ ਅਤੇ ਗੁਰੂ ਜੀ ਤੋਂ ਅੱਕ ਕੇ ਭੱਜ ਗਏ ਸਨ। ਇਸ ਲਈ ਗੁਰੂ ਜੀ ਨੇ ਗੁਰਿਆਈ ਦਾ ਛੱਤਰ ਗੁਰੂ ਅੰਗਦ ਦੇਵ ਜੀ ਦੇ ਸਿਰ ਦੇ ਕੇ ਆਪ ਗੁਰਿਆਈ ਦੀ ਗੱਦੀ ਤੇ ਬੈਠਣ ਦੇ ਅਸੂਲਾਂ ਸਹਿਤ ਉਹਨਾਂ ਅੱਗੇ ਮੱਥਾ ਟੇਕਿਆ। ਫੇਰ ਉਨ੍ਹਾਂ ਦੇ ਘਰ ਦਿਆਂ ਅਤੇ ਸਿੱਖਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਜੋਤੀ ਜੋਤ ਸਮਾਉਣ ਵਾਲੇ ਹਨ।

ਸਿੱਖ, ਹਿੰਦੂ ਅਤੇ ਮੁਸਲਮਾਨਾਂ ਦੀ ਕਿੰਨੀ ਹੀ ਭੀੜ ਗੁਰੂ ਜੀ ਦੇ ਅੰਤਮ ਦਰਸ਼ਨਾਂ ਲਈ ਆਈ। ਗੁਰੂ ਅੰਗਦ ਦੇਵ ਜੀ ਉਨ੍ਹਾਂ ਅੱਗੇ ਹੱਥ ਜੋੜ ਕੇ ਖਲੋ ਗਏ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕੁਝ ਮੰਗੋ ਤਾਂ ਗੁਰੂ ਅੰਗਦ ਦੇਵ ਜੀ ਨੇ ਪ੍ਰਾਰਥਨਾ ਕੀਤੀ, "ਸੱਚੇ ਪਾਤਸ਼ਾਹ, ਮੇਹਰ ਕਰੋ, ਜੋ ਸਾਡੇ ਨਾਲੋਂ ਟੁੱਟੇ ਹਨ ਉਨ੍ਹਾਂ ਨੂੰ ਲੜ ਲਾ ਲਵੋ।" ਗੁਰੂ ਅੰਗਦ ਦੇਵ ਜੀ ਦਾ ਇਸ ਤੋਂ ਕਹਿਣ ਦਾ ਮਤਲਬ, ਉਨ੍ਹਾਂ ਸਿੱਖਾਂ ਤੋਂ ਸੀ ਜੋ ਗੁਰੂ ਨਾਨਕ ਦੇਵ ਜੀ ਦੇ ਇਮਤਿਹਾਨਾਂ 'ਚੋਂ ਪਾਸ ਨਹੀਂ ਸਨ ਹੋਏ। ਗੁਰੂ ਨਾਨਕ ਦੇਵ ਜੀ ਨੇ ਕਿਹਾ, "ਗੁਰੂ ਅੰਗਦ ! ਤੁਹਾਡੇ ਨਾਲ ਸਾਰੇ ਬਖਸ਼ੇ ਗਏ।" ਗੁਰੂ ਅੰਗਦ ਦੇਵ ਜੀ ਫੇਰ ਗੁਰੂ ਨਾਨਕ ਦੇਵ ਜੀ ਦੇ ਕਦਮਾਂ ਤੇ ਗਿਰ ਗਏ।

ਇੱਕ ਸੁੱਕਾ ਸਰੀਂਹ ਦਾ ਦਰੱਖਤ ਜਿਸ ਥੱਲੇ ਗੁਰੂ ਨਾਨਕ ਦੇਵ ਜੀ ਜਾ ਬੈਠੇ। ਲੋਕਾਂ ਨੇ ਵੇਖਿਆ ਕਿ ਸੁੱਕਾ ਸਰੀਂਹ ਹਰਾ ਹੋ ਗਿਆ ਅਤੇ ਉਸਨੂੰ ਪੱਤੇ ਨਿਕਲ ਆਏ ਹਨ। ਪਿਆਰ 'ਚ ਆ ਕੇ ਉਸ ਵਕਤ ਗੁਰੂ ਅੰਗਦ ਦੇਵ ਜੀ, ਗੁਰੂ ਜੀ ਦੇ ਚਰਨਾਂ 'ਚ ਲੇਟ ਗਏ। ਗੁਰੂ ਨਾਨਕ ਦੇਵ ਜੀ ਦਾ ਪਰਿਵਾਰ ਰਿਸ਼ਤੇਦਾਰ ਅਤੇ ਸਿੱਖ ਰੋਣ ਲੱਗ ਗਏ। ਗੁਰੂ ਜੀ ਨੇ ਉਸ ਵਕਤ ਇਹ ਹੇਠਲਾ ਸ਼ਬਦ ਉਚਾਰਿਆ :

ਧੰਨੁ ਸਿਰੰਦਾ ਸਚਾ ਪਾਤਸਾਹੁ ਜਿਨਿ ਜਗੁ ਧੰਧੈ ਲਾਇਆ।
ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ।
ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ।
ਕਾਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ।
ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ।
ਧਨੁ ਸਿਰੰਦਾ ਸਚਾ ਪਤਿਸਾਹੁ ਜਿਨਿ ਜਗੁ ਧੰਧੈ ਲਾਇਆ।੧।

ਸਾਹਿਬ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ।੨।
ਜੋ ਤਿਸੁ ਭਾਵੈ ਸੰਮ੍ਰਥ ਸੋ ਥੀਆ ਹੀਲੜਾ ਏਹੁ ਸੰਸਾਰੋ।
ਜਲਿ ਥਲਿ ਮਹੀਅਲਿ ਰਵਿ ਰਹਿਆ ਸਾਚੜਾ ਸਿਰਜਣਹਾਰੋ।
ਸਾਚਾ ਸਿਰਜਣਹਾਰੋ ਅਲਖ ਅਪਾਰੋ ਤਾਕਾ ਅੰਤੁ ਨ ਪਾਇਆ।
ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ।
ਢਾਹੇ ਢਾਹਿ ਉਸਾਰੇ ਆਪੇ ਹੁਕਮਿ ਸੰਵਾਰਣਹਾਰੋ।
ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹ ਸੰਸਾਰੋ।੩।
ਨਾਨਕ ਰੁੰਨਾ ਬਾਬਾ ਰੋਈਐ ਜੇ ਰੋਵੈ ਲਾਇ ਪਿਆਰੇ।
ਵਾਲੇਵੇ ਕਾਰਣਿ ਬਾਬਾ ਰੋਈਐ ਜੇ ਰੋਵਣੁ ਸਗਲ ਬਿਕਾਰੋ।
ਰੋਵਣ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ।
ਚੰਗਾ ਮੰਦਾ ਕਿਛੁ ਸੂਜੈ ਨਾਹੀ ਇਹੁ ਤਨੁ ਏਵੈ ਖੋਵੈ।
ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ।
ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ।੪।੧।(ਆਃ ਗ੍ਰੰਃ ਪੰਃ ੫੭੯)
(ਰਾਗ ਵਡਹੰਸੁ ਮਹਲਾ ੧ ਘਰੁ ੫ ਅਲਾਹਣੀਆਂ)

ਸਾਰੇ ਕੱਠੇ ਹੋਏ ਫੇਰ ਦੁੱਖ ਅਤੇ ਵੈਰਾਗ ਭਰੇ ਸ਼ਬਦ ਗਾਉਣ ਲੱਗ ਗਏ ਅਤੇ ਗੁਰੂ ਜੀ ਵੀ ਬਿਸਮਾਦ ਹਾਲਤ 'ਚ ਆ ਗਏ। ਗੁਰੂ ਜੀ ਦੇ ਪੁੱਤਰਾਂ ਨੇ ਇਹ ਵੇਖ ਕੇ ਕਿ ਆਪਣੀ ਗੱਦੀ ਤੇ ਇਕ ਮੁਸਾਫਰ ਬਿਠਾ ਦਿੱਤਾ ਹੈ, ਜਦੋਂ ਗੁਰੂ ਜੀ ਨੇ ਬਿਰਤੀ ਖੋਲ੍ਹੀ ਤਾਂ ਪੁੱਤਰਾਂ ਨੇ ਪੁੱਛਿਆ ਕਿ ਸਾਡੇ ਲਈ ਇਹ ਤੁਸੀਂ ਕੀ ਕਰਕੇ ਜਾ ਰਹੇ ਹੋ? ਗੁਰੂ ਜੀ ਨੇ ਜਵਾਬ ਦਿੱਤਾ, "ਪੁੱਤਰੋ ! ਪ੍ਰਮਾਤਮਾ ਆਪਣੇ ਜਨਮ ਕਰਮ ਲਈ ਆਪ ਦਿੰਦਾ ਹੈ, ਰੋਟੀ ਕਪੜਾ ਤੁਹਾਡੇ ਕੋਲ ਬਹੁਤ ਹੋਵੇਗਾ ਅਤੇ ਪ੍ਰਮਾਤਮਾ ਦਾ ਨਾਮ ਲਓਗੇ ਤਾਂ ਅਖੀਰ ਤੁਹਾਡਾ ਹੀ ਇਹ ਜਨਮ ਸਫਲ ਗਿਣਿਆ ਜਾਵੇਗਾ।"

ਗੁਰੂ ਜੀ ਤੋਂ ਜਿਹੜੇ ਮੁਸਲਮਾਨਾਂ ਨੇ ਵਾਹਿਗੁਰੂ ਦਾ ਨਾਮ ਹਾਸਲ ਕੀਤਾ ਸੀ ਆਖਣ ਲੱਗੇ, "ਅਸੀਂ ਗੁਰੂ ਜੀ ਦੇ ਸਵਰਗਵਾਸ ਪਿੱਛੋਂ, ਉਨ੍ਹਾਂ ਦਾ ਸ਼ਰੀਰ ਦਬਾਵਾਂਗੇ। ਹਿੰਦੂ ਇਸਦੇ ਉਲਟ ਕਹਿੰਦੇ ਕਿ ਅਸੀਂ ਸਸਕਾਰ ਕਰਾਂਗੇ। ਗੁਰੂ ਜੀ ਨੂੰ ਜਦੋਂ ਇਸ ਸਮੱਸਿਆ ਬਾਰੇ ਪੁੱਛਿਆ ਤਾਂ ਗੁਰੂ ਜੀ ਨੇ ਕਿਹਾ, ਹਿੰਦੂ ਮੇਰੇ ਸੱਜੇ ਪਾਸੇ ਫੁੱਲ ਰੱਖਣ ਅਤੇ ਮੁਸਲਮਾਨ ਖੱਬੇ ਪਾਸੇ। ਦੂਜੀ ਸਵੇਰ ਜੇ ਹਿੰਦੂਆਂ ਦੇ ਫੁੱਲ ਤਾਜਾ ਰਹੇ ਤਾਂ ਉਹ ਆਪਣੀ ਤਮੰਨਾ ਪੂਰੀ ਕਰਨ ਅਤੇ ਜੇ ਮੁਸਲਮਾਨਾਂ ਦੇ ਫੁੱਲ ਤਾਜਾ ਰਹੇ ਤਾਂ ਉਹ ਸਰੀਰ ਨੂੰ ਦਬਾ ਦੇਣ।

ਗੁਰੂ ਜੀ ਨੇ ਲੋਕਾਂ ਨੂੰ ਕੀਰਤਨ ਸੋਹਿਲੇ ਦਾ ਪਾਠ ਕਰਨ ਲਈ ਕਿਹਾ :

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ।
ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣ ਹਾਰੋ।
ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ।
ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ।੧।ਰਹਾਉ।

ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ।
ਤੇਰੇ ਦਾਨੈ ਕੀਮਤਿ ਨ ਪਵੈ ਤਿਸੁ ਦਾਤ ਕਵਣ ਸੁਮਾਰੁ।੨।
ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ।
ਦੇਹ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ।੩।
ਘਰਿ ਘਰਿ ਏਹੋ ਪਹੁਚਾ ਸਦੜੇ ਨਿਤ ਪਵੰਨਿ।
ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ।੪। *(ਆਃ ਗ੍ਰੰਃ ਪੰਃ ੧੨)*

(ਗਉੜੀ ਦੀਪਕ ਮਹਲਾ ੧)

ਇਸ ਪਿੱਛੋਂ ਜਪੁਜੀ ਸਾਹਿਬ ਦਾ ਮਗਰਲਾ ਸਲੋਕ (ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।) ਪੜ੍ਹਿਆ ਗਿਆ। ਗੁਰੂ ਜੀ ਨੇ "ਵਾਹਿਗੁਰੂ" ਕਹਿ ਕੇ ਆਪਣੇ ਉੱਤੇ ਚਾਦਰ ਲੈ ਲਈ। ਉਸ ਸੱਚੇ ਪ੍ਰਮਾਤਮਾ ਦੀ ਬੰਦਗੀ ਕੀਤੀ ਅਤੇ ਆਪਣੀ ਜੋਤ ਪ੍ਰਮਾਤਮਾ ਦੀ ਜੋਤ 'ਚ ਲੀਨ ਕਰ ਦਿੱਤੀ। ਗਰੂ ਜੀ ਉਥੇ ਹੀ ਰਹੇ ਸਿਰਫ ਆਪਣੀ ਅਦੁਤੀ ਤਾਕਤ ਨਾਲ ਆਪਣਾ ਰੂਪ ਗੁਰੂ ਅੰਗਦ ਦੇਵ ਜੀ ਦੀ ਜੋਤ ਨਾਲ ਮਿਲਾਇਆ ਗਿਆ।

ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ।
ਲਖ ਨ ਕੋਈ ਸਕਈ, ਆਚਰਜੇ, ਆਚਰਜ ਦਿਖਾਇਆ।
ਕਾਇਆ ਪਲਟ ਸਰੂਪ ਬਣਾਇਆ।"

(ਵਾਰ ਪਹਿਲੀ ਭਾਈ ਗੁਰਦਾਸ ਦੀ ਪਉੜੀ ੪੫)

ਦੂਜੇ ਦਿਨ ਜਦੋਂ ਚਾਦਰ ਚੁੱਕੀ ਤਾਂ ਚਾਦਰ ਥੱਲੇ ਕੁਝ ਵੀ ਨਹੀਂ ਸੀ। ਦੋਨਾਂ ਥਾਵਾਂ ਦੇ ਫੁੱਲ ਉਸੇ ਤਰ੍ਹਾਂ ਤਾਜੇ ਪਏ ਸਨ। ਹਿੰਦੂ ਆਪਣੇ ਫੁੱਲ ਲੈ ਗਏ ਅਤੇ ਮੁਸਲਮਾਨਾਂ ਨੇ ਆਪਣੇ ਫੁੱਲ ਚੁੱਕ ਲਏ। ਸਾਰੇ ਸਿੱਖਾਂ ਨੇ ਜਿੱਥੇ ਗੁਰੂ ਜੀ ਪਏ ਸਨ ਬੜੀ ਸ਼ਰਧਾ ਨਾਲ ਉਸ ਥਾਂ ਨੂੰ ਨਮਸਕਾਰ ਕੀਤੀ। ਕਰਤਾਰਪੁਰ 'ਚ ਗੁਰੂ ਨਾਨਕ ਦੇਵ ਜੀ, ਅੱਸੂ ਸੁਦੀ ਦਸਵੀਂ ਸੰਮਤ 1595 (ਮੁਤਾਬਕ 1538 ਈਸਵੀ) ਨੂੰ ਜੋਤੀ ਜੋਤ ਸਮਾਏ।

ਦਰਿਆ ਰਾਵੀ ਦੇ ਕਿਨਾਰੇ ਮੁਸਲਮਾਨਾਂ ਨੇ ਗੁਰੂ ਜੀ ਦੀ ਯਾਦ 'ਚ ਇੱਕ ਮਕਬਰਾ ਅਤੇ ਸਿੱਖਾਂ ਨੇ ਇੱਕ ਸਮਾਧ ਬਣਾਈ ਪਰ ਉਹਨਾਂ ਦੋਨਾਂ ਨੂੰ ਹੀ ਦਰਿਆ ਦਾ ਪਾਣੀ ਰੋੜ੍ਹਕੇ ਲੈ ਗਿਆ। ਇਹ ਤਾਂ ਸ਼ਾਇਦ ਪ੍ਰਮਾਤਮਾ ਵਲੋਂ ਹੀ ਹੋਇਆ ਸੀ ਕਿ ਗੁਰੂ ਜੀ ਦੇ ਪਿੱਛੋਂ ਉਹਨਾਂ ਦੀ ਯਾਦ 'ਚ ਬੁਤ-ਪ੍ਰਸਤੀ ਸ਼ੁਰੂ ਨਾ ਹੋ ਜਾਵੇ।

ਗੁਰੂ ਜੀ ਦਾ ਜੀਵਨ, ਭਾਈ ਗੁਰਦਾਸ ਦੇ ਲਫਜ਼ਾਂ ਵਿੱਚ

ਭਾਈ ਗੁਰਦਾਸ ਜੀ, ਜਿਨ੍ਹਾਂ ਦਾ ਸੰਖੇਪ ਜੀਵਨ ਅਸੀਂ ਭੂਮਿਕਾ 'ਚ ਬਿਆਨ ਕਰ ਚੁੱਕੇ ਹਾਂ ਸਿੱਖ ਧਰਮ ਦੇ ਉਦ੍ਹੇ ਹੋਣ ਦੇ ਵਕਤ ਦੁਨੀਆਂ ਦੀ ਜਾਲਮ ਤਸਵੀਰ ਦਾ ਨਕਸ਼ਾ ਇਸ ਤਰ੍ਹਾਂ ਬਣਾਇਆ ਹੈ :

"ਮਾਯਾ ਮੋਹੀ ਮੇਦਨੀ ਕਲਿ ਕਲਵਾਲੀ ਸਭ ਭਰਮਾਈ।
ਉਠੀ ਗਿਲਾਨ ਜਗਤ੍ ਵਿਕ ਹਉਮੈ ਅੰਦਰ ਜਲੈ ਲੁਕਾਈ।
ਕੋਈ ਨ ਕਿਸੇ ਪੂਜਦਾ ਊਚ ਨੀਚ ਸਭ ਗਤਿ ਬਿਸਰਾਈ।

ਭਏ ਬੇ ਅਦਲੀ ਪਾਤਸ਼ਾਹ ਕਲਿ ਕਾਤੀ ਉਮਰਾਵ ਕਿਸਾਈ।
ਕਰਮ ਭ੍ਰਸ਼ਟ ਸਭ ਭਈ ਲੁਕਾਈ। (ਵਾਰ ਪਹਿਲੀ ਪਉੜੀ ੭)
ਕਲਿਜੁਗ ਬੋਧ ਅਵਤਾਰ ਹੈ ਬੋਧ ਅਬੋਧ ਨ ਦ੍ਰਿਸ਼ੀ ਆਵੈ।
ਕੋਈ ਨ ਕਿਸੇ ਵਰਜਈ ਸੋਈ ਕਰੈ ਜੋਈ ਮਨ ਭਾਵੈ।
ਕਿਸੇ ਪੁਜਾਈ ਸਿਲਾ ਸੁੰਨ ਕੋਈ ਗੋਰੀ ਮੜ੍ਹੀ ਪੁਜਾਵੈ।
ਤੰਤ੍ਰ ਮੰਤ੍ਰ ਪਾਖੰਡ ਕਰ ਕਲਾ ਕ੍ਰੋਧ ਬਹੁਵਾਦ ਵਧਾਵੈ।
ਆਪੋ ਧਾਪੀ ਹਇਕੈ ਨਿਆਰੇ ਨਿਆਰੇ ਧਰਮ ਚਲਾਵੈ।
ਕੋਈ ਪੂਜੈ ਚੰਦਰ ਸੂਰ ਕੋਈ ਧਰਤ ਅਕਾਸ਼ ਮਨਾਵੈ।
ਪਉਣ ਪਾਣੀ ਬੈਸੰਤਰੋ ਰਾਜ ਕੋਈ ਤ੍ਰਿਪਤਾਵੈ।
ਫੋਕਟ ਧਰਮੀ ਭਰਮ ਭੁਲਾਵੈ। (ਵਾਰ ਪਹਿਲੀ ਪਉੜੀ ੧੮)
ਭਈ ਗਿਲਾਨ ਜੱਗਤ ਇਕ ਵਰਨ ਆਸ਼੍ਰਮ ਉਪਾਏ।
...
ਬ੍ਰਹਮਣ ਬਹੁ ਪਰਕਾਰ ਕਰ ਸ਼ਾਸਤਰ ਵੇਦ ਪੁਰਾਨ ਲੜਾਏ।
ਖਟ ਦਰਸ਼ਨ ਬਹੁ ਵੈਰ ਕ ਨਾਲ ਛਤੀਸ ਪਾਖੰਡ ਚਲਾਏ।
ਤੰਤ ਮੰਤ ਰਸਾਇਣਾ ਕਰਮਾਤ ਕਾਲਖ ਲਪਟਾਏ।
ਏਕਸ ਤੇ ਬਹੁ ਰੂਪ ਕਰ ਰੂਪ ਕਰੂਪੀ ਘਣੇ ਦਿਖਾਏ।
ਕਲਜੁਗ ਅੰਦਰ ਭਰਮ ਭੁਲਾਏ। (ਵਾਰ ਪਹਿਲੀ ਪਉੜੀ ੧੯)
ਚਾਰ ਵਰਨ ਚਾਰ ਮਜ਼ਹਬਾ ਜਗ ਵਿਚ ਹਿੰਦੂ ਮੁਸਲਮਾਣੇ।
...
ਗੰਗ ਬਨਾਰਸ, ਹਿੰਦੂਆਂ ਮੱਕਾ ਕਾਹਬਾ ਮੁਸਲਮਾਣੇ।
ਰਾਮ ਰਹੀਮ ਕਹਾਇੰਦੇ ਇਕ ਨਾਮ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚ ਕਿਨਾਰੇ ਰਹਿ ਗਯਾ ਖਹਿ ਮਰਦੇ ਬਾਹਮਣ ਮਉਲਾਣੇ।
ਸਿਰੋਂ ਨ ਸਿਟੇ ਆਵਣ ਜਾਣੇ। (ਵਾਰ ਪਹਿਲੀ ਪਉੜੀ ੨੧ ਵਿਚੋਂ)
ਬਾਝ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧ ਲੋਆ।
ਵਰਤਿਆ ਪਾਪ ਜਗਤ ਤੇ ਧਉਲ ਉਡੀਨਾ ਨਿਸ ਦਿਨ ਰੋਆ।
ਬਾਝ ਦਇਆ ਬਲਹੀਣ ਹੈ ਨਿੱਘਰ ਚਲੇ ਰਸਾਤਲ ਟੋਆ।
ਖੜਾ ਇੱਕ ਤੇ ਪੈਰ ਤੇ ਪਾਪ ਸੰਗ ਦਹੁ ਭਾਗ ਹੋਆ।
ਥੰਮੇ ਕੋਇ ਨ ਸਾਧ ਬਿਨ ਸਾਧ ਨ ਦਿਸੈ ਜਸ ਵਿਚ ਕੋਆ।
ਧਰਮ ਧੌਲ ਪੁਕਾਰੈ ਤਲੈ ਖੜੋਆ। (ਵਾਰ ਪਹਿਲੀ ਪਉੜੀ 22 'ਚੋਂ)
ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਯਾ।
ਪਾਰ ਬ੍ਰਹਮ ਪੂਰਨ ਬ੍ਰਹਮ ਕਲਜੁਗ ਅੰਦਰ ਇਕ ਦਿਖਾਯਾ।
ਚਾਰੇ ਪੈਰ ਧਰਮ ਦੇ ਚਾਰ ਵਰਨ ਇਕ ਵਰ ਕਰਾਯਾ।

ਰਾਣਾ ਰੰਕ ਬਰਾਬਰੀ ਪੈਰੀਂ ਪਵਣਾ ਜਗ ਵਰਤਾਯਾ।
(ਵਾਰ ਪਹਿਲੀ ਪਉੜੀ ੨੩ ਚੌਂ)

ਪਹਿਲਾਂ ਬਾਬੇ ਬਖਸ਼ ਦਰ ਪਿਛੋਂ ਦੇ ਫਿਰ ਘਾਲ ਕਮਾਈ।
ਬਾਬੈ ਪੈਧਾ ਮਚਖੰਡ ਨਉਂਨਿਧ ਨਾਮ ਗਰੀਬੀ ਪਾਈ।
ਬਾਬਾ ਦੇਖੈ ਧਯਾਨ ਪਰ ਜਲਤੀ ਸਭ ਪ੍ਰਿਥਮੀ ਦਿਸਿ ਆਈ।
ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ।
ਚੜ੍ਹਿਆ ਸੋਧਨ ਧਰਨ ਲੁਕਾਈ।
(ਪਹਿਲੀ ਵਾਰ ਪਉੜੀ ੨੪ ਚੌਂ)

ਬਾਬਾ ਆਯਾ ਤਾਰਥੀਂ ਤੀਰਥ ਪੁਰਬ ਸਭੇ ਫਿਰ ਦੇਖੈ।
ਪੁਰਬ ਧਰਮ ਬਹੁ ਕਰਮ ਕਰ ਭਾਉ ਭਗਤ ਬਿਨ ਕਿਤੇ ਨ ਲੇਖੈ।
ਭਾਉ ਨ ਬ੍ਰਹਮੇ ਲਿਖਿਆ ਚਾਰ ਬੇਦ ਸਿਮਰਤਿ ਪੜ੍ਹ ਦੇਖੈ।
ਢੂੰਢੀ ਸਗਲੀ ਪਿਰਥਮੀ ਸਤਿਜੁਗ ਆਦਿ ਦੁਆਪਰ ਤ੍ਰੇਤੈ।
ਕਲਿਜੁਗ ਧੁੰਧੂਕਾਰ ਹੈ ਭਰਮ ਭੁਲਾਈ ਬਹੁ ਬਿਧਿ ਭੇਖੇ।
ਭੇਖੀਂ ਪ੍ਰਭੂ ਨ ਪਾਈਐ ਆਪ ਗਵਾਏ ਰੂਪ ਨ ਰੇਖੈ।
ਗੁਰਮੁਖ ਵਰਨ ਅਵਰਨ ਹੋਇ ਨਿਵ ਚੱਲੈ ਗੁਰਸਿੱਖ ਵਿਸੇਖੈ।
ਤਾਂ ਕੁਛ ਘਾਲ ਪਵੈ ਦਰ ਲੇਖੈ। (ਵਾਰ ਪਹਿਲੀ ਪਉੜੀ ੨੫ ਚੌਂ)
ਜਤੀ ਸਤੀ ਚਿਰ ਜੀਵਣੇ ਸਾਧਿਕ ਸਿੱਧ ਨਾਥ ਗੁਰ ਚੇਲੇ।
ਦੇਵੀ ਦੇਵ ਰਖੀਸ਼ਰਾ ਭੈਰੋਂ ਖੇਤ੍ਰਪਾਲ ਬਹੁ ਮੇਲੇ।
ਗਣ ਗੰਧਰਭ ਅਪੱਛਰਾਂ ਕਿੰਨਰ ਜੱਛ ਚਲਿਤ ਬਹੁ ਮੇਲੇ।
ਰਾਕਸ ਦਾਨੋ ਦੈਤ ਲਖ ਅੰਦਰ ਦੂਜਾ ਭਾਉ ਦੁਹੇਲੇ।
ਹਉਮੈਂ ਅੰਦਰ ਸਭ ਕੋ ਡੁਬੇ ਗੁਰੂ ਸਣੇ ਬਹੁ ਚੇਲੇ।
ਗੁਰਮੁਖ ਕੋਇ ਨ ਦਿਸਈ ਢੂੰਢ ਤੀਰਥ ਯਾਤ੍ਰੀ ਮੇਲੇ।
ਢੂੰਢੇ ਹਿੰਦੂ ਤੁਰਕ ਸਭ ਪੀਰ ਪੈਕੰਬਰ ਕਉਮਿ ਕਤੇਲੇ।
ਅੰਧੀ ਅਧ ਖੂਹੇ ਠੇਲੇ।[1]
(ਵਾਰ ਪਹਿਲੀ ਪਉੜੀ ੨੬ ਚੌਂ)

ਸਿਧ ਛਪ ਬੈਠੇ ਪਰਬਤੀ ਕੌਣ ਜਗਤ ਕਉ ਪਾਰ ਉਤਾਰਾ।
ਜੋਗੀ ਗਯਾਨ ਵਿਹੂਣਿਆ ਨਿਸ ਦਿਨ ਅੰਗ ਲਗਾਇਨ ਛਾਰਾ।
ਬਾਝ ਗੁਰੂ ਡੁਬਾ ਜਗ ਸਾਰਾ। (ਵਾਰ ਪਹਿਲੀ ਪਉੜੀ ੨੯ ਚੌਂ)
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।

1. ਮੈਕਾਲਿਫ਼ ਸਾਹਿਬ ਇਸ ਪਉੜੀ ਦੀਆਂ ਪਹਿਲੀਆਂ ਚਾਰ ਲਾਈਨਾਂ ਦੇ ਅਰਥ ਕੱਢੇ ਹਨ। ਅਲੱਗ ਅਲੱਗ ਸਾਰਿਆਂ ਨਾਵਾਂ ਦਾ ਅਨੁਵਾਦ ਨਹੀਂ ਕੀਤਾ।

ਚੇਲੇ ਸਾਜ ਵਜਾਇੰਦੇ ਨੱਚਣ ਗੁਰੂ ਬਹੁਤ ਬਿਧ ਭਾਈ।
ਸੇਵਕ ਬੈਠਨ ਘਰਾਂ ਵਿਚ ਗੁਰ ਉਠ ਘਰੀ ਤਿਨਾੜੇ ਜਾਈ :
ਕਾਜੀ ਹੋਏ ਰਿਸ਼ਵਤੀ ਵਢੀ ਲੈ ਕੇ ਦੇਣ ਗਵਾਈ।
ਇਸਤ੍ਰੀ ਪੁਰਖੈ ਦਾਮ ਹਿਤ ਭਾਵੇਂ ਆਇ ਕਿਥਾਊ ਜਾਈ।
ਵਰਤਿਆ ਪਾਪ ਸਭਸ ਜਗ ਮਾਹੀ। (ਵਾਰ ਪਹਿਲੀ ਪਉੜੀ ੩੦ ਚੋਂ)
ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ।
ਜਿਥੈ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ।
ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ।
(ਵਾਰ ਪਹਿਲੀ ਪਉੜੀ ੨੭ ਚੋਂ)
ਨਮਸਕਾਰ ਗੁਰਦੇਵ ਕੋ ਸੱਤਨਾਮ ਜਿਸ ਮੰਤ੍ਰ ਸੁਣਾਯਾ।
ਭਵਜਲ ਵਿਚੋਂ ਕਢਕੇ ਮੁਕਤਿ ਪਦਾਰਥ ਮਾਂਹਿ ਸਮਾਯਾ।
ਜਨਮ ਮਰਨ ਭਉ ਕਟਿਆ ਸੰਸਾ ਰੋਗ ਵਿਯੋਗ ਮਿਟਾਯਾ।
ਸੰਸਾ ਏਹ ਸੰਸਾਰ ਹੈ ਜਨਮ ਮਰਨ ਵਿਚ ਦੁਖ ਸਬਾਯਾ।
ਜਮਦੰਡ ਸਿਰੋਂ ਨ ਉਤਰੇ ਸਾਕਤ ਦੁਰਜਨ ਜਨਮ ਗਵਾਯਾ।
ਚਰਨ ਗਹੈ ਗੁਰਦੇਵ ਕੇ ਸੱਤ ਸਬਦ ਕੇ ਮੁਕਤ ਕਰਾਯਾ।
ਭਾਇ ਭਗਤ ਗੁਰਪੁਰਬ ਕਰ ਨਾਮ ਦਾਨ ਇਸ਼ਨਾਨ ਦ੍ਰਿੜਾਯਾ।
ਜੇਹ ਬੀਉ ਤੇਹਾ ਫਲ ਪਾਯਾ। (ਵਾਰ ਪਹਿਲੀ ਪਉੜੀ ੧)
ਚਾਰ ਵਰਨ ਇਕ ਵਰਨ ਕਰ ਵਰਨ ਅਵਰਨ ਸਾਧੁ ਸੰਗ ਜਾਪੈ।
ਛਿਅ ਰੁੱਤੀ ਛਿਅ ਦਰਸ਼ਨਾਂ ਗੁਰਮੁਖ ਦਰਸ਼ਨ ਸੂਰਜ ਥਾਪੈ।
ਬਾਰਹਿੰ ਪੰਥ ਮਿਟਾਇਕੈ ਗੁਰਮੁਖ ਪੰਥ ਵਡਾ ਪਰਤਾਪੈ।
ਵੇਦ ਕਤੇਬਹੁੰ ਬਾਹਰਾ ਅਨਹਦ ਸਬਦ ਅਗੰਮ ਅਲਾਪੈ।
ਪੈਰੀਂ ਪੈ ਪਾਖਾਕ ਹੋਇ ਗੁਰਸਿਖਾਂ ਰਹਿਰਾਸ ਪਛਾਪੈ।
ਮਾਇਆ ਵਿਚ ਉਦਾਸ ਕਰ ਆਪ ਗਵਾਏ ਜਪੈ ਆਜਾਪੈ।
ਲੰਘ ਨ ਕੋਈ ਵਰੈ ਸਰਾਪੈ। (ਵਾਰ ੨੩ ਪਉੜੀ ੧੯ ਚੋਂ)
ਬਾਬੇ ਤਾਰੇ ਚਾਰ ਚਕ ਨੌ ਖੰਡ ਪ੍ਰਿਥਵੀ ਸਚਾ ਢੋਆ।
ਗੁਰਮੁਖ ਕਲਿ ਵਿਚ ਪਰਗਟੁ ਹੋਆ।

(ਮੈਕਾਲਿਫ਼ ਸਾਹਿਬ ਨੇ ਇਸ ਤੋਂ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਿੱਤੀ ਹੈ। ਜਪੁਜੀ ਸਾਹਿਬ ਤੋਂ ਲੈ ਕੇ ਵਾਰਾਂ ਅਤੇ ਸਲੋਕਾਂ ਤੱਕ ਸਿੱਖ ਸ਼ਰਧਾਲੂ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚੋਂ ਪੜ੍ਹਦੇ ਹੀ ਰਹਿੰਦੇ ਹਨ। ਇਸ ਲਈ ਪੂਰੀ ਬਾਣੀ ਇੱਥੇ ਦੇਣ ਦੀ ਜ਼ਰੂਰਤ ਨਹੀਂ। (ਅਨੁਵਾਦਕ)

ੴ ਸਤਿਗੁਰ ਪ੍ਰਸਾਦਿ॥

ਸਿੱਖ ਇਤਿਹਾਸ ਮੈਕਾਲਿਫ਼

ਭਾਗ ਦੂਜਾ

ਦੂਸਰੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਜੀਵਨ ਕਥਾ

ਕਾਂਡ—16

ਜਨਮ ਤੇ ਮਾਤਾ ਪਿਤਾ

ਜ਼ਿਲਾ ਫੀਰੋਜ਼ਪੁਰ (ਪੰਜਾਬ) ਵਿਚ ਮੁਕਤਸਰੋਂ ਛੇ ਮੀਲ ਮੱਤੇ ਦੀ ਸਰਾਂ ਹੈ, ਇਥੇ ਇਕ ਫੇਰੂ ਜੀ ਨਾਮ ਦੇ ਵਪਾਰੀ ਰਹਿੰਦੇ ਸਨ। ਇਹ ਕੁਝ ਚਿਰ ਮਗਰੋਂ ਪਿੰਡ ਹਰੀਕੇ ਜਾ ਰਹੇ, ਜਿਥੇ ਇਨ੍ਹਾਂ ਨੂੰ ਵਪਾਰ ਲਈ ਚੰਗਾ ਰਾਹ ਲੱਭ ਪਿਆ। ਫੇਰੂ ਜੀ ਦੀ ਧਰਮ ਪਤਨੀ ਦਾ ਪਹਿਲਾ ਨਾਂ ਰਾਮੋ ਸੀ, ਪਰ ਵਿਆਹ ਦੇ ਮਗਰੋਂ ਇਨ੍ਹਾਂ ਨੂੰ ਦਇਆ ਕੌਰ ਸੱਦਦੇ ਸਨ। ਦਇਆ ਕੌਰ ਜੀ ਬੜੇ ਸ਼ੀਲ ਸੁਭਾਅ, ਉਦਾਰ ਅਤੇ ਧਰਮੀ ਸਨ। 11 ਵੈਸਾਖ ਸੰਮਤ 1561 ਬਿ: ਮੁਤਾਬਕ 1504 ਈ: ਨੂੰ ਚਾਰ ਘੰਟੇ (ਸਵਾ ਪਹਿਰ) ਰਾਤ ਰਹਿੰਦੀ ਫੇਰੂ ਜੀ ਦੇ ਘਰ ਮਾਈ ਦਇਆ ਕੌਰ ਦੀ ਕੁੱਖੋਂ ਇਕ ਬਾਲਕ ਜਨਮਿਆ। ਇਸ ਬਾਲਕ ਦਾ ਨਾਉਂ ਲਹਿਣਾ ਰੱਖਿਆ ਗਿਆ। ਸਮੇਂ ਸਿਰ ਭਾਈ ਲਹਿਣਾ ਜੀ ਦਾ ਵਿਆਹ ਖੀਵੀ ਜੀ ਨਾਲ ਹੋਇਆ ਜੋ ਮੱਤੇ ਦੀ ਸਰ੍ਹਾਂ ਦੇ ਰਹਿਣ ਵਾਲੇ ਸਨ। ਭਾਈ ਲਹਿਣਾ ਜੀ ਦੇ ਪਿਤਾ ਹਰੀਕੇ ਵਿਚ ਰਹਿੰਦੇ ਅੱਕ ਗਏ ਅਤੇ ਆਪਣੇ ਤੇ ਭਾਈ ਲਹਿਣਾ ਜੀ ਦੇ ਪਰਿਵਾਰਰ ਸਮੇਤ ਮੁੜ ਮੱਤੇ ਦੀ ਸਰ੍ਹਾਂ ਆ ਗਏ ਅਤੇ ਉਥੇ ਹੀ ਰਹਿਣ ਲੱਗੇ। ਇਥੇ ਮਾਤਾ ਖੀਵੀ ਜੀ ਦੀ ਕੁੱਖੋਂ ਇਕ ਬੇਟੀ ਅਤੇ ਦੋ ਬੇਟੇ ਜਨਮੇ, ਜਿਨ੍ਹਾਂ ਦੇ ਨਾਮ ਬੀਬੀ ਅਮਰੋ[1], ਦਾਸੂ ਅਤੇ ਦਾਤੂ ਸਨ।

ਖੰਡੂਰ ਸਾਹਿਬ ਆ ਕੇ ਵੱਸਣਾ

ਜਦ ਮੱਤੇ ਦੀ ਸਰ੍ਹਾਂ ਮੁਗ਼ਲਾਂ ਅਤੇ ਬਲੋਚਾਂ ਨੇ ਉਜਾੜ ਦਿੱਤੀ, ਤਾਂ ਫੇਰੂ ਜੀ ਅਤੇ ਭਾਈ ਲਹਿਣਾ ਜੀ ਦੇ ਪਰਿਵਾਰ ਖਡੂਰ ਵਿਚ ਰਹਿਣ ਲਈ ਚਲੇ ਗਏ। 'ਖਡੂਰ ਸਾਹਿਬ' ਅੱਜਕਲ੍ਹ ਜ਼ਿਲਾ ਅੰਮ੍ਰਿਤਸਰ ਦੀ ਤਸੀਲ ਤਰਨਤਾਰਨ ਵਿਚ ਇਕ ਪ੍ਰਸਿੱਧ ਕਸਬਾ ਹੈ। ਜਦ ਖਡੂਰ ਵਿਚ ਰਹਿੰਦੇ ਸਨ ਤਾਂ ਭਾਈ ਲਹਿਣਾ ਜੀ ਹਰ ਵਰ੍ਹੇ ਦੇਵੀ ਦੇ ਪ੍ਰੇਮੀ (ਭਗਤ) ਹਿੰਦੂਆਂ ਦਾ ਸੰਗ ਬਣਾਕੇ [2]ਜਵਾਲਾਮੁਖੀ ਯਾਤਰਾ ਨੂੰ ਜਾਂਦੇ ਸਨ। ਜਵਾਲਾਮੁਖੀ ਨਿਚਲੇ

1. ਮੈਕਾਲਿਫ਼ ਨੇ ਭੁਲੇਖਾ ਖਾਧਾ ਹੈ। ਗੁਰੂ ਜੀ ਦੀਆਂ ਦੋ ਲੜਕੀਆਂ ਸਨ-ਅਮਰੋ ਤੇ ਅਨੋਖੀ।

2. ਹਮਾਲਾ ਪਹਾੜ ਵਿਚ ਇਹ ਸਥਾਨ ਹੈ ਜਿੱਥੇ ਅੱਗ ਦੇ ਲੰਬੇ ਨਿਕਲਦੇ ਹਨ। ਹਿੰਦੂ ਇਸ ਨੂੰ ਬੜਾ ਪਵਿੱਤਰ ਸਮਝਦੇ ਹਨ ਤੇ ਪੂਜਾ ਲਈ ਉਥੇ ਯਾਤਰਾ ਕਰਨ ਜਾਂਦੇ ਹਨ। ਮਲੂਮ ਹੁੰਦਾ ਹੈ ਕਿ ਪੁਰਾਣੇ ਰੋਮਨ ਵੀ ਏਹੋ ਜਿਹੀਆਂ ਥਾਵਾਂ ਦੀ ਪੂਜਾ ਕਰਿਆ ਕਰਦੇ ਸਨ, ਜਿਵੇਂ ਗਰਮ ਪਾਣੀ ਦੇ ਚਸ਼ਮੇ, ਦਰਿਆਵਾਂ ਦੇ ਸੋਮੇ ਆਦਿ।

ਹਮਾਲੀਆ ਪਰਬਤਾਂ ਵਿਚ ਦੁਰਗਾ ਦੇਵੀ ਦਾ ਇਕ ਪਵਿੱਤਰ ਅਸਥਾਨ ਹੈ। ਇਥੇ ਪਰਬਤਾਂ ਵਿਚੋਂ ਅੱਗ ਦੀਆਂ ਲਾਟਾਂ ਨਿਕਲਦੀਆਂ ਹਨ।

ਭਾਈ ਜੋਧਾ ਜੀ ਨਾਲ ਮੇਲ

ਖਡੂਰ ਵਿਚ ਇਕ ਸਿੱਖ ਭਾਈ ਜੋਧਾ ਰਹਿੰਦਾ ਸੀ। ਭਾਈ ਜੋਧਾ ਹਰ ਰੋਜ਼ ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ ਉਠਦਾ ਸੀ ਅਤੇ ਜਪੁਜੀ ਤੇ ਆਸਾ ਦੀ ਵਾਰ ਦਾ ਪਾਠ ਕਰਦਾ ਸੀ। ਇਕ ਦਿਨ ਸੁਹਾਵਣੀ ਰਾਤ ਸਮੇਂ ਜਦ ਸੀਤਲ ਨਿਰਮਲ ਪੌਣ ਤਪੇ ਹੋਏ ਵਾਯੂ-ਮੰਡਲ ਨੂੰ ਠਾਰ ਰਹੀ ਸੀ ਤਾਂ ਭਾਈ ਲਹਿਣਾ ਜੀ ਨੇ ਇਕ ਆਵਾਜ਼ ਸੁਣੀ, ਜਿਸਨੇ ਉਨ੍ਹਾਂ ਦੇ ਹਿਰਦੇ ਨੂੰ ਖਿੜਾ ਦਿੱਤਾ। ਉਸ ਸੁਰ (ਆਵਾਜ਼) ਵਿਚ ਹੇਠ ਲਿਖੀ ਪੌੜੀ ਗਾਵੀ ਜਾ ਰਹੀ ਸੀ :—

ਆਸਾ ਦੀ ਵਾਰ

ਪਉੜੀ॥ ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲ੍ਹੀਆ।।
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਆ।। ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥ ਜਿਉ ਸਾਹਿਬੁ ਨਾਲਿ ਨ ਹਾਰੀਐ ਤੇ ਵੇਹਾ ਪਾਸਾ ਢਾਲੀਐ।। ਕਿਛੁ ਲਾਹੇ ਉਪਰਿ ਘਾਲੀਐ॥੨੧।। *(ਆ: ਗ੍ਰੰ: ਪੰ: ੪੭੪)*

ਜਦ ਭਾਈ ਲਹਿਣਾ ਜੀ ਨੇ ਧਿਆਨ ਲਾਕੇ ਸੁਣਿਆ ਤਾਂ ਉਨ੍ਹਾਂ ਦੇ ਮਨ ਨੂੰ ਸ਼ਾਂਤੀ ਮਿਲੀ। ਦਿਨ ਨਿਕਲਣ ਮਗਰੋਂ ਉਹ ਜੋਧਾ ਪਾਸੋਂ ਪੁੱਛਣ ਲੱਗੇ ਕਿ ਇਹ ਮਨ ਨੂੰ ਉਤਸ਼ਾਹ ਦੇਣ ਵਾਲੀ ਬਾਣੀ ਕਿਸਨੇ ਉਚਾਰੀ ਹੈ ? ਭਾਈ ਜੋਧਾ ਨੇ ਉਨ੍ਹਾਂ ਨੂੰ ਦਸਿਆ ਕਿ ਇਸ ਬਾਣੀ ਨੂੰ ਰਚਣ ਵਾਲੇ ਮੇਰੇ ਗੁਰੂ ਬਾਬਾ ਨਾਨਕ ਜੀ ਹਨ ਜਿਹੜੇ ਅੱਜਕਲ੍ਹ ਰਾਵੀ ਦੇ ਕੰਢੇ ਕਰਤਾਰਪੁਰ ਵਿਚ ਰਹਿੰਦੇ ਹਨ। ਭਾਈ ਜੋਧਾ ਪਾਸੋਂ ਜਦ ਉਨ੍ਹਾਂ ਨੇ ਇਹ ਸਭ ਕੁਝ ਸੁਣਿਆ ਤਾਂ ਉਨ੍ਹਾਂ ਦੇ ਹਿਰਦੇ ਵਿਚ ਭਗਤੀ ਭਾਵ ਜਾਗ ਪਿਆ। ਭਾਈ ਲਹਿਣਾ ਜੀ ਨੂੰ ਗੁਰੂ ਦੇ ਦਰਸ਼ਨ ਦੀ ਅਜਿਹੀ ਤਾਂਘ ਲੱਗੀ, ਜਿਹੀ ਕਿ ਚੰਦਰਮਾਂ ਦੇ ਵੇਖਣ ਲਈ ਚਕੋਰ ਨੂੰ ਹੁੰਦੀ ਹੈ।

ਗੁਰੂ ਨਾਨਕ ਜੀ ਨਾਲ ਮੇਲ ਅਤੇ ਸਿੱਖੀ ਧਾਰਨ ਕਰਨੀ

ਭਾਈ ਲਹਿਣਾ ਜੀ ਜਦੋਂ ਆਪਣੇ ਪਰਿਵਾਰ ਅਤੇ ਆਪਣੇ ਯਾਤਰੂਆਂ ਦੇ ਸੰਗ ਨੂੰ ਜਵਾਲਾਮੁਖੀ ਦੇਵੀ ਦੇ ਦਰਸ਼ਨਾਂ ਲਈ ਜਾ ਰਹੇ ਸਨ ਤਾਂ ਆਪਣੇ ਸਾਥੀਆਂ ਨੂੰ ਆਖਣ ਲੱਗੇ ਕ ਆਉ ਰਸਤੇ ਵਿਚ ਕਰਤਾਰਪੁਰ ਥਾਣੀਂ ਹੁੰਦੇ ਚਲੀਏ, ਇਸ ਤਰ੍ਹਾਂ ਇਕ ਪੰਥ ਦੋ ਕਾਜ ਹੋ ਜਾਣਗੇ। ਜਿਨ੍ਹਾਂ ਨੂੰ ਬਹੁਤ ਸਾਰੇ ਲੋਕੀਂ ਵਾਹਿਗੁਰੂ ਦਾ ਪਿਆਰਾ ਮੰਨਦੇ ਹਨ ਅਤੇ ਜਿਨ੍ਹਾਂ ਦੀ ਸੰਗਤ ਲੋੜਵੰਦੀ ਹੈ, ਅਰ ਸਾਰਿਆਂ ਆਦਮੀਆਂ ਨੂੰ ਕਰਨੀ ਚਾਹੀਦੀ ਹੈ ਉਹਨਾਂ ਦੇ ਦਰਸ਼ਨ ਕਰ ਲਵਾਂਗੇ, ਦੂਜਾ ਇਸ ਪਿਛੋਂ ਅਸੀਂ ਜਵਾਲਾਮੁਖੀ ਲਾਟਾਂ ਵਾਲੀ ਦੇ ਦਰਸ਼ਨ ਕਰਾਂਗੇ। ਭਾਈ ਲਹਿਣਾ ਜੀ ਦੀ ਸਲਾਹ ਸਭਨਾਂ ਨੇ ਮੰਨ ਲਈ ਅਤੇ ਭਾਈ ਲਹਿਣਾ ਜੀ ਨੂੰ ਗੁਰੂ ਜੀ ਅੱਗੇ ਜਾਕੇ ਨਮਸਕਾਰ ਕਰਨ ਦਾ ਅਵਸਰ ਮਿਲ ਗਿਆ। ਗੁਰੂ ਜੀ ਨੇ ਉਸਨੂੰ ਦਇਆਵਾਨ ਅਤੇ ਸੁਸ਼ੀਲ ਸੁਭਾਅ ਵਾਲਾ ਦੇਖਕੇ ਪੁੱਛਿਆ, 'ਤੁਸੀਂ ਕੌਣ ਹੋ ਅਤੇ ਕਿੱਥੇ ਜਾ ਰਹੇ ਹੋ?' ਭਾਈ ਲਹਿਣਾ ਜੀ ਨੇ ਆਪਣਾ ਨਾਂ ਅਤੇ ਜਿਸ ਕੰਮ ਲਈ ਜਾ

ਰਹੇ ਸਨ ਦਸਿਆ। ਇਹ ਸੁਣਕੇ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਸੱਚੇ ਸਿਰਜਨਹਾਰ ਵਾਹਿਗੁਰੂ ਬਾਰੇ ਦਸਿਆ। ਗੁਰੂ ਜੀ ਦੇ ਉਪਦੇਸ਼ ਨੇ ਉਨ੍ਹਾਂ ਦੇ ਮਨ ਉਤੇ ਅਜਿਹਾ ਅਸਰ ਕੀਤਾ ਕਿ ਉਨ੍ਹਾਂ ਨੇ ਉਹ ਘੁੰਗਰੂ ਜਿਹੜੇ ਜਵਾਲਾਮੁਖੀ ਦੇਵੀ ਅੱਗੇ ਨੱਚਣ ਲਈ ਬੱਧੇ ਹੋਏ ਸਨ, ਲਾਹਕੇ ਪਰ੍ਹੇ ਸੁੱਟੇ। ਭਾਈ ਲਹਿਣਾ ਜੀ ਆਪਣੇ ਮਨ ਵਿਚ ਕਹਿਣ ਲੱਗੇ, "ਮੇਰੇ ਧੰਨ ਭਾਗ ਹਨ, ਮੈਂ ਗੁਰੂ ਜੀ ਦੇ ਦਰਸ਼ਨ ਕੀਤੇ ਹਨ ਅਤੇ ਹੁਣ ਮੈਨੂੰ ਮਬਰਤੀ ਪੂਜਾ ਦੇ ਮੰਦਰ ਵਿਚ ਪੂਜਾ ਕਰਨ ਦੀ ਲੋੜ ਨਹੀਂ।"

ਭਾਈ ਲਹਿਣਾ ਜੀ ਦੇ ਸਾਥੀ ਜਿਹੜੇ ਉਨ੍ਹਾਂ ਨੂੰ ਉਡੀਕਦੇ-ਉਡੀਕਦੇ ਅੱਕ ਗਏ ਸਨ, ਅਖ਼ੀਰ ਉਨ੍ਹਾਂ ਨੂੰ ਜ਼ੋਰ ਦੇਕੇ ਕਹਿਣ ਲੱਗੇ "ਕਿ ਉਠੋ ਆਪਣੀ ਜਵਾਲਾਮੁਖੀ ਦੀ ਯਾਤਰਾ ਨੂੰ ਚਲੀਏ। ਫਿਰ ਉਹ ਆਖਣ ਲੱਗੇ ਤੁਸੀਂ ਸਾਡੇ ਸੰਗ ਦੇ ਜਥੇਦਾਰ ਹੋਕੇ ਮਾਰਗ ਚਲਦਿਆਂ ਪਰਦੇਸ ਵਿਚ ਹੀ ਛੱਡ ਦਿੱਤਾ।" ਉਹ ਫਿਰ ਭਾਈ ਲਹਿਣਾ ਜੀ ਨੂੰ ਦੱਸਣ ਲੱਗੇ :—

"ਅਸਾਡੇ ਮਤ ਦੀਆਂ ਪਵਿੱਤਰ ਪੁਸਤਕਾਂ ਵਿਚ ਲਿਖਿਆ ਹੈ ਕਿ ਜਿਹੜਾ ਕੋਈ ਤੱਪ ਕਰਨ, ਦਾਨ ਦੇਣ, ਵਰਤ ਰੱਖਣ, ਤੀਰਥਾਂ ਦੀ ਯਾਤਰਾ ਤੇ ਜਾਣ ਜਾਂ ਵਿਆਹ ਕਰਨ ਵਾਲਿਆਂ ਦੇ ਰਾਹ ਵਿਚ ਵਿਘਨ ਪਾਉਂਦਾ ਹੈ ਜਾਂ ਜਿਹੜਾ ਆਲਸ ਕਰਕੇ ਜਾਂ ਪੈਂਡੇ ਦੇ ਡਰੋਂ ਦੁਰਗਾ ਦੇਵੀ ਨੂੰ ਨਹੀਂ ਪੂਜਦਾ, ਜਿਹੜੀ ਲਛਮੀ ਅਤੇ ਪਵਿੱਤਰਤਾ ਦੇ ਦੇਣ ਵਾਲੀ ਹੈ, ਜਿਹੜਾ ਇਕ ਵਾਰ ਪ੍ਰਣ ਕਰਕੇ ਉਸਨੂੰ ਪੂਰਾ ਕਰਨ ਲਈ ਸਾਰਾ ਤਾਣ ਨਹੀਂ ਲਾਉਂਦਾ ਉਹ ਅਤਿ ਪਾਪੀ ਹੁੰਦਾ ਹੈ ਅਤੇ ਉਸਦੇ ਧਨ, ਪੁੱਤਰ ਸੱਭੇ ਨਸ਼ਟ ਹੋ ਜਾਣਗੇ।" ਭਾਈ ਲਹਿਣਾ ਜੀ ਨੇ ਬੜੇ ਧੀਰਜ ਨਾਲ ਉਤਰ ਦਿੱਤਾ: "ਮੈਂ ਸੱਭੇ ਮੁਸੀਬਤਾਂ ਜਿਹੜੀਆਂ ਮੇਰੇ ਤੇ ਆਉਣਗੀਆਂ, ਝੱਲਣ ਨੂੰ ਤਿਆਰ ਹਾਂ, ਪਰ ਮੈਂ ਸੱਚੇ ਗੁਰੂ ਨੂੰ ਨਹੀਂ ਛੱਡ ਸਕਦਾ। ਗੁਰੂ ਜੀ ਦਾ ਉਪਦੇਸ਼ ਸੁਣਕੇ ਮੇਰੇ ਮਨ ਨੂੰ ਅਜਿਹੀ ਸ਼ਾਂਤੀ ਆਈ ਹੈ ਕਿ ਮੈਨੂੰ ਸਭ ਲਾਭ ਅੱਗੇ ਹੀ ਪ੍ਰਾਪਤ ਹੋ ਗਏ ਹਨ ਜਿਨ੍ਹਾਂ ਦੀ ਮੈਨੂੰ ਦੇਵੀ ਦੇ ਪੂਜਣ ਤੋਂ ਆਸ ਹੋ ਸਕਦੀ ਸੀ।" ਤਦ ਭਾਈ ਲਹਿਣਾ ਜੀ ਨੇ ਦੇਵੀ ਦੀ ਯਾਤਰਾ ਨੂੰ ਛੱਡਕੇ ਗੁਰੂ ਜੀ ਪਾਸ ਹੀ ਰਹਿਣ ਦਾ ਫੈਸਲਾ ਕਰ ਲਿਆ।

ਗੁਰੂ ਜੀ ਭਾਈ ਲਹਿਣਾ ਜੀ ਦੀ ਭਾਉ-ਭਗਤੀ ਨੂੰ ਰੋਜ਼ ਵਧਦਾ ਵੇਖਕੇ ਉਨ੍ਹਾਂ ਨੂੰ ਇਕ ਦਿਨ ਕਹਿਣ ਲੱਗੇ :—"ਅਸੀਂ ਤੁਹਾਨੂੰ ਕੁਝ ਦਿਆਂਗੇ। ਪਰ ਪਹਿਲਾਂ ਘਰ ਜਾਕੇ ਆਪਣੇ ਕਾਰ ਵਿਹਾਰ ਨੂੰ ਨਿਬੇੜ ਆਓ ਅਤੇ ਜਦ ਆਉਗੇ ਤਾਂ ਅਸੀਂ ਤੁਹਾਨੂੰ ਸਿੱਖ ਬਣਾਵਾਂਗੇ।" ਇਹ ਸੁਣਕੇ ਭਾਈ ਲਹਿਣਾ ਜੀ ਖਡੂਰ ਸਾਹਿਬ ਆ ਗਏ ਅਤੇ ਉਨ੍ਹਾਂ ਨੇ ਆਪਣੀ ਧਰਮ ਪਤਨੀ ਨੂੰ ਸਭ ਸਿਰ-ਵਰਤੀ ਸੁਣਾਈ ਤੇ ਦਸਿਆ ਕਿ "ਗੁਰੂ ਨਾਨਕ ਦੇਵ ਜੀ ਇਸ ਅਤੇ ਅਗਲੇ ਦੋਨਾਂ ਲੋਕਾਂ ਦੇ ਦਾਤਾ ਹਨ, ਉਨ੍ਹਾਂ ਦੇ ਦਰਸ਼ਨ ਕਰਨ ਨਾਲ ਮੈਂ ਇਹੋ ਜਿਹਾ ਆਤਮਕ ਪਲਟਾ ਖਾਧਾ ਹੈ। ਮੈਂ ਹੁਣ ਪੱਕਾ ਫੈਸਲਾ ਕਰ ਲਿਆ ਹੈ ਕਿ ਅੱਗੋਂ ਲਈ ਗੁਰੂ ਜੀ ਦੇ ਚਰਨਾਂ ਵਿਚ ਹੀ ਰਹਾਂਗਾ।" ਭਾਈ ਲਹਿਣਾ ਜੀ ਕੁਝ ਦਿਨ ਘਰ ਰਹੇ। ਇਨ੍ਹੀਂ ਦਿਨੀਂ ਉਨ੍ਹਾਂ ਆਪਣੇ ਲਈ ਨਵੇਂ ਬਸਤਰ ਬਣਵਾਏ ਅਤੇ ਗੁਰੂ ਜੀ ਦੇ ਲੰਗਰ ਲਈ ਲੂਣ ਦੀ ਬੋਰੀ ਤਿਆਰ ਕਰਾਈ। ਫਿਰ ਆਪਣੇ ਭਣੇਵੇਂ ਨੂੰ ਨਾਲ ਲੈਕੇ ਕਰਤਾਰਪੁਰ

ਨੂੰ ਚੱਲ ਪਏ। ਜਦ ਭਾਈ ਲਹਿਣਾ ਜੀ ਗੁਰੂ ਜੀ ਦੇ ਘਰ ਪੁੱਜੇ ਤਾਂ ਗੁਰੂ ਜੀ ਦੇ ਘਰੋਂ ਮਾਤਾ ਸੁਲੱਖਣੀ ਜੀ ਨੇ ਉਨ੍ਹਾਂ ਨੂੰ ਆਦਰ ਸਹਿਤ ਬਿਠਾਇਆ ਅਤੇ ਦਸਿਆ ਕਿ ਗੁਰੂ ਜੀ ਆਪਣੀਆਂ ਪੈਲੀਆਂ ਨੂੰ ਗਏ ਹੋਏ ਹਨ ਤੇ ਸ਼ਾਮ ਤੱਕ ਘਰ ਆ ਜਾਣਗੇ, ਪਰ ਜੇ ਤੁਸੀਂ ਉਹਨਾਂ ਨੂੰ ਛੇਤੀ ਮਿਲਣਾ ਹੈ ਤਾਂ ਤੁਸੀ ਉਥੇ ਹੀ ਉਨ੍ਹਾਂ ਪਾਸ ਚਲੇ ਜਾਓ। ਭਾਈ ਲਹਿਣਾ ਜੀ ਲੂਣ ਦੀ ਬੋਰੀ ਮਾਤਾ ਸੁਲੱਖਣੀ ਜੀ ਨੂੰ ਦੇਕੇ ਆਪ ਸਿੱਧੇ ਗੁਰੂ ਜੀ ਪਾਸ ਚਲੇ ਗਏ।

ਭਾਈ ਲਹਿਣਾ ਜੀ ਦੀਆਂ ਸੇਵਾਵਾਂ

ਗੁਰੂ ਜੀ ਨੇ ਆਪਣੀਆਂ ਮੱਝੀਆਂ ਅਤੇ ਗਊਆਂ ਲਈ ਤਿੰਨ ਭਰੀਆਂ ਘਾਹ ਦੀਆਂ ਤਿਆਰ ਕੀਤੀਆਂ ਹੋਈਆਂ ਸਨ ਅਤੇ ਉਨ੍ਹਾਂ ਨੂੰ ਘਰ ਚੁਕਵਾ ਕੇ ਲੈ ਜਾਣਾ ਚਾਹੁੰਦੇ ਸਨ ਪਰ ਘਾਹ ਗਿੱਲਾ ਤੇ ਚਿੱਕੜ ਨਾਲ ਭਰਿਆ ਹੋਇਆ ਸੀ ਇਸ ਕਰਕੇ ਗੁਰੂ ਜੀ ਦੇ ਆਮ ਸਿੱਖ ਇਹ ਕੰਮ ਕਰਨੋ ਕਤਰਾ ਗਏ। ਫਿਰ ਗੁਰੂ ਜੀ ਨੇ ਆਪਣੇ ਪੁੱਤਰਾਂ, ਸ੍ਰੀ ਚੰਦ ਅਤੇ ਲਖਮੀ ਚੰਦ ਨੂੰ ਕਿਹਾ ਕਿ ਇਹ ਭਰੀਆਂ ਚੁੱਕ ਕੇ ਘਰ ਲੈ ਚਲੋ। ਉਹ ਵੀ ਇਸ ਕੰਮ ਨੂੰ ਟਾਲ ਗਏ ਅਤੇ ਕਹਿਣ ਲੱਗੇ : ਉਹ ਇਕ ਮਜ਼ਦੂਰ ਆਉਂਦਾ ਹੈ ਉਹ ਲੈ ਚਲੇਗਾ। ਭਾਈ ਲਹਿਣਾ ਜੀ ਨੇ ਜਿਹੜੇ ਉਸੇ ਵੇਲੇ ਆਏ ਸਨ ਨਮਸਕਾਰ ਕੀਤੀ ਅਤੇ ਕਿਹਾ ਕਿ : "ਮੈਨੂੰ ਮਜ਼ਦੂਰ ਸਮਝੋ ਅਤੇ ਮੈਨੂੰ ਹੀ ਇਹ ਕੰਮ ਕਰਨ ਦੀ ਆਗਿਆ ਦੇਵੋ।" ਗੁਰੂ ਜੀ ਨੇ ਫਿਰ ਇੱਛਾ ਪ੍ਰਗਟ ਕੀਤੀ ਕਿ ਕੋਈ ਸੱਜਣ ਇਹ ਭਰੀਆਂ ਸਾਡੇ ਘਰ ਲੈ ਚਲੇ। ਲਹਿਣਾ ਜੀ ਨੇ ਕਿਹਾ ਕਿ ਮੈਨੂੰ ਕੋਈ ਸਿਰ ਤੇ ਚੁਕਾਓ ਮੈਂ ਇਨ੍ਹਾਂ ਨੂੰ ਘਰ ਲੈ ਚੱਲਾਂਗਾ। ਗੁਰੂ ਜੀ ਨੇ ਕਿਹਾ ਕਿ ਜਿੰਨੀਆਂ ਚੁੱਕਣ ਦਾ ਤਾਣ ਹੈਈ ਉੱਨੀਆਂ ਲੈ ਚੱਲੋ। ਭਾਈ ਲਹਿਣਾ ਜੀ ਨੇ ਹੰਭਲਾ ਮਾਰ ਕੇ ਤਿੰਨੇ ਭਰੀਆਂ ਚੁੱਕ ਲਈਆਂ ਤੇ ਗੁਰੂ ਜੀ ਦੇ ਨਾਲ ਉਨ੍ਹਾਂ ਦੇ ਘਰ ਵੱਲ ਤੁਰ ਪਏ। ਰਸਤੇ ਵਿਚ ਘਾਹ ਵਿਚੋਂ ਗਿੱਲੇ ਚਿੱਕੜ ਦੇ ਡਿੱਗਣ ਨਾਲ ਭਾਈ ਲਹਿਣਾ ਜੀ ਦੇ ਨਵੇਂ ਕੱਪੜੇ ਲਿੱਬੜ ਗਏ।

ਜਦ ਉਹ ਘਰ ਪੁੱਜੇ ਤਾਂ ਗੁਰੂ ਜੀ ਦੇ ਮਹਿਲ ਭਾਈ ਲਹਿਣਾ ਜੀ ਦਾ ਇਹ ਹਾਲ ਵੇਖ ਕੇ ਗੁਰੂ ਜੀ ਨੂੰ ਕਹਿਣ ਲੱਗੇ : "ਕੀ ਇਹ ਤੁਹਾਡੇ ਲਈ ਚੰਗੀ ਗੱਲ ਹੈ ਕਿ ਇਕ ਪ੍ਰਾਹੁਣੇ ਨੂੰ ਇਹੋ ਜਿਹਾ ਕੰਮੀਆਂ ਵਾਲਾ ਕੰਮ ਦੇ ਦਿੱਤਾ ਹੈ ਤੇ ਉਸ ਦੇ ਨਵੇਂ ਕੱਪੜੇ ਭਰ ਦਿੱਤੇ ਹਨ। ਤੁਸੀਂ ਬਹੁਤ ਬੇਪ੍ਰਵਾਹੀ ਕਰਦੇ ਹੋ, ਸਿੱਖਾਂ ਦੀ ਸ਼ਰਧਾ ਨਹੀਂ ਰਹਿਣ ਦੇਂਦੇ।" ਗੁਰੂ ਜੀ ਬੋਲੇ : 'ਵਾਹਿਗੁਰੂ ਨੇ ਇਹ ਭਰੀਆਂ ਉਸਦੇ ਸਿਰ ਉੱਤੇ ਰੱਖ ਦਿੱਤੀਆਂ ਹਨ ਜਿਹੜਾ ਸਿਰ ਚੁੱਕਣ ਦੇ ਯੋਗ ਹੈ।' ਮਾਤਾ ਸੁਲੱਖਣੀ ਗੁਰੂ ਜੀ ਦੇ ਕਥਨ ਦਾ ਵਿਚਲਾ ਭਾਵ ਨਾ ਸਮਝ ਕੇ ਫਿਰ ਕਹਿਣ ਲੱਗੇ : 'ਵੇਖੋ ਨਾ ਇਨ੍ਹਾਂ ਦੇ ਕੱਪੜੇ ਇਨ੍ਹਾਂ ਦੇ ਸਿਰ ਤੋਂ ਲੈ ਕੇ ਪੈਰਾਂ ਤੱਕ ਘਾਹ ਵਿਚੋਂ ਡਿੱਗੇ ਚਿੱਕੜ ਨਾਲ ਗੰਦੇ ਹੋਏ ਪਏ ਹਨ।" ਗਰੂ ਜੀ ਕਹਿਣ ਲੱਗੇ : "ਇਹ ਚਿੱਕੜ ਨਹੀਂ ਵਾਹਿਗੁਰੂ ਦੀ ਦਰਗਾਹ ਦਾ ਕੇਸਰ ਹੈ, ਜਿਸਦੇ ਨਾਲ ਵਾਹਿਗੁਰੂ ਦੇ ਖਾਸ ਚੁਣਿਆਂ ਹੋਇਆਂ ਨੂੰ ਤਿਲਕ ਲਾਇਆ ਜਾਂਦਾ ਹੈ। ਇਨ੍ਹਾਂ ਭਰੀਆਂ ਵਿਚੋਂ ਇਕ ਵੀ ਚੁੱਕਣੀ ਕਠਨ ਸੀ, ਪਰ ਭਾਈ ਲਹਿਣਾ ਜੀ ਨੂੰ ਰੱਬ ਵਲੋਂ ਬਲ ਮਿਲ ਗਿਆ ਅਤੇ ਉਨ੍ਹਾਂ ਨੇ ਤਿੰਨੇ ਚੁੱਕ ਲਈਆਂ।" ਜਦ ਗੁਰੂ ਜੀ ਦੇ ਘਰੋਂ ਮਾਤਾ ਸੁਲੱਖਣੀ ਜੀ ਨੇ ਫਿਰ ਵੇਖਿਆ ਤਾਂ ਭਾਈ

ਲਹਿਣੇ ਜੀ ਦੇ ਕੱਪੜਿਆਂ ਦਾ ਚਿੱਕੜ ਸੱਚੀ ਮੁੱਚੀਂ ਕੇਸਰ ਬਣ ਗਿਆ ਸੀ। ਸਿੱਖ ਤਿੰਨਾਂ ਭਰੀਆਂ ਨੂੰ ਆਤਮਕ, ਸੰਸਾਰਕ ਅਤੇ ਗੁਰਿਆਈ ਦੇ ਚਿੰਨ੍ਹ ਮੰਨਦੇ ਹਨ।

ਗੁਰੂ ਨਾਨਕ ਦੇਵ ਜੀ ਦਾ ਇਹ ਨੇਮ ਸੀ ਕਿ ਪਹਿਰ ਰਾਤ ਰਹਿੰਦੀ ਉਠ ਕੇ ਰਾਵੀ ਦਰਿਆ ਉੱਤੇ ਜਾ ਕੇ ਇਸ਼ਨਾਨ ਕਰਦੇ ਸਨ। ਇਸ਼ਨਾਨ ਕਰਨ ਮਗਰੋਂ ਦਿਨ ਨਿਕਲਣ ਤੱਕ ਗੁਰੂ ਜੀ ਜਪੁ ਸਾਹਿਬ ਦਾ ਪਾਠ ਕਰਦੇ, ਵਾਹਿਗੁਰੂ ਨੂੰ ਧਿਆਉਂਦੇ ਅਤੇ ਉਸ ਦੀ ਉਸਤਤਿ ਗਾਂਵਦੇ ਸਨ। ਭਾਈ ਲਹਿਣਾ ਜੀ ਸਦਾ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ ਅਤੇ ਗੁਰੂ ਜੀ ਦੇ ਕੱਪੜੇ ਸੰਭਾਲ ਰੱਖਦੇ ਜਾਂ ਹੋਰ ਕੋਈ ਸੇਵਾ ਜਿਸਦੀ ਗੁਰੂ ਜੀ ਨੂੰ ਲੋੜ ਪਵੇ ਕਰਦੇ ਸਨ। ਤਿੰਨ ਹੋਰ ਸਿੱਖਾਂ ਭਾਈ ਭਗੀਰਥ, ਭਾਈ ਬੁੱਢਾ ਅਤੇ ਭਾਈ ਸੁਧਾਰਾ ਜੀ ਨੇ ਜਦ ਭਾਈ ਲਹਿਣਾ ਜੀ ਨੂੰ ਗੁਰੂ ਜੀ ਨਾਲ ਸਦਾ ਰਹਿੰਦੇ ਅਤੇ ਭਗਤੀ ਭਾਉ ਕਰਦੇ ਵੇਖਿਆ ਤਾਂ ਉਨ੍ਹਾਂ ਸੋਚਿਆ ਕਿ ਅਸੀਂ ਵੀ ਕੋਈ ਗੁਰੂ ਜੀ ਦੀ ਸ਼ਲਾਘਾਯੋਗ ਸੇਵਾ ਕਰੀਏ। ਇਸ ਲਈ ਉਹ ਤਿੰਨੇ ਗੁਰੂ ਜੀ ਦੀ ਸੇਵਾ ਲਈ ਅੰਮ੍ਰਿਤ ਵੇਲੇ ਹੀ ਰਾਵੀ ਦਰਿਆ ਉੱਤੇ ਚਲੇ ਗਏ। ਸਿਆਲ ਦੀ ਰੁੱਤ ਸੀ, ਕਾਲੀਆਂ ਘਟਾ ਚੜ੍ਹ ਆਈਆਂ, ਠੰਡੀ ਪੌਣ ਦੇ ਫਰਾਟੇ ਵਗਣ ਲੱਗੇ ਤੇ ਗੜੇ ਪੈਣ ਲੱਗ ਪਏ। ਤਿੰਨੇ ਆਦਮੀ ਠੰਡ ਦੇ ਮਾਰੇ ਸੁੰਨ ਹੋ ਗਏ। ਬੜੀ ਮੁਸ਼ਕਲ ਨਾਲ ਕੰਬਦੇ ਠਰਦੇ ਮਸਾਂ ਮਸਾਂ ਘਰ ਪਹੁੰਚੇ ਤੇ ਅੱਗ ਸੇਕਣ ਮਗਰੋਂ ਜਾ ਕੇ ਕਿਧਰੇ ਹੱਥ ਪੈਰ ਕੰਮ ਲਈ ਖੁੱਲ੍ਹੇ। ਪਰ ਭਾਈ ਲਹਿਣਾ ਜੀ ਨੇ ਠੰਡ ਇਵੇਂ ਸਹਾਰੀ ਜਿਵੇਂ ਕਿ ਉਹ ਸੁਹਣੀ ਪਿਆਰੀ ਰੁੱਤ ਹੁੰਦੀ ਹੈ। ਜਦ ਸੂਰਜ ਨਿਕਲਣ ਵੇਲੇ ਗੁਰੂ ਜੀ ਜਲ ਵਿਚੋਂ ਬਾਹਰ ਨਿਕਲੇ ਤਾਂ ਉਹਨਾਂ ਨੇ ਭਾਈ ਲਹਿਣਾ ਜੀ ਨੂੰ ਉਨ੍ਹਾਂ ਦੀ ਸਹਿਨਸ਼ੀਲਤਾ ਉੱਤੇ ਵਧਾਈ ਦਿੱਤੀ ਅਤੇ ਕਿਹਾ ਕਿ ਤੁਸੀਂ ਮੁਕਤੀ ਪ੍ਰਾਪਤੀ ਕਰ ਲਈ ਹੈ, ਜੋ ਮਨੁੱਖੀ ਜਨਮ ਦਾ ਵੱਡਾ ਤੇ ਮੁੱਖ ਮਨੋਰਥ ਹੈ।

ਇਕ ਵਾਰ ਭਾਈ ਲਹਿਣਾ ਜੀ ਆਪਣੇ ਮਨ ਵਿਚ ਸੋਚਣ ਲੱਗੇ ਕਿ ਗੁਰੂ ਜੀ ਆਪਣਾ ਤਪ ਕਰਨ ਸਮੇਂ ਬੜੀ ਠੰਡ ਝਲਦੇ ਹਨ, ਉਨ੍ਹਾਂ ਦੇ ਸੇਵਕ ਲਈ ਠੀਕ ਨਹੀਂ ਕਿ ਆਰਾਮ ਵਿਚ ਰਹੇ। ਇਹ ਸੋਚ ਦੂਜੇ ਦਿਨ ਸਵੇਰੇ ਦਿਨ ਨਿਕਲਣ ਤੋਂ ਪਹਿਲਾਂ ਹੀ ਉਹ ਵੀ ਜਲ ਵਿਚ ਜਾ ਖੜੇ ਹੋਏ ਅਤੇ ਸੂਰਜ ਨਿਕਲਣ ਵੇਲੇ ਬਾਹਰ ਨਿਕਲੇ। ਇੰਨੇ ਚਿਰ ਨੂੰ ਉਨ੍ਹਾਂ ਦਾ ਸਰੀਰ ਤਕਰੀਬਨ ਜੰਮ ਗਿਆ ਸੀ। ਭਾਈ ਲਹਿਣਾ ਜੀ ਗੁਰੂ ਜੀ ਚਰਨਾਂ ਤੇ ਡਿੱਗ ਪਏ ਅਤੇ ਗੁਰੂ ਜੀ ਨਾਲ ਛੋਹਣ ਕਰਕੇ ਉਨ੍ਹਾਂ ਦੇ ਸਰੀਰ ਵਿਚ ਸੁਭਾਵਕ ਗਰਮਾਈ ਆ ਗਈ। ਭਾਈ ਲਹਿਣਾ ਜੀ ਆਪਣੇ ਆਪ ਗੁਰੂ ਜੀ ਦੇ ਸੇਵਕ ਬਣ ਗਏ ਅਤੇ ਉਨ੍ਹਾਂ ਲਈ ਸਾਰੇ ਅਸਹਿ ਕਸ਼ਟ ਸਹਾਰਦੇ ਸਨ। ਸਾਰੇ ਸਿੱਖ ਉਨ੍ਹਾਂ ਉੱਤੇ ਗੁਰੂ ਜੀ ਦੀ ਕਿਰਪਾ-ਦ੍ਰਿਸ਼ਟੀ ਵੇਖ ਕੇ ਹੈਰਾਨ ਹੋਏ।

ਕਾਂਡ—17
ਸਿੱਖਾਂ ਦੀ ਪ੍ਰੀਖਿਆ

ਗੁਰੂ ਮਹਾਰਾਜ ਹੁਣ ਆਪਣੇ ਸਿੱਖਾਂ ਦੀ ਪ੍ਰੇਮਾ-ਭਗਤੀ ਦੀ ਬਕਾਇਦਾ ਪ੍ਰੀਖਿਆ ਕਰਨ ਲੱਗੇ। ਇਕ ਦਿਨ ਸਿਆਲ ਦੀ ਰਾਤ ਨੂੰ ਜਦੋਂ ਮੀਂਹ ਪੈ ਰਿਹਾ ਸੀ ਤਾਂ ਗੁਰੂ ਜੀ ਦੇ ਘਰ ਦੀ ਕੰਧ ਦਾ ਇਕ ਪਾਸਾ ਡਿੱਗ ਪਿਆ। ਗੁਰੂ ਜੀ ਨੇ ਹੁਕਮ ਕੀਤਾ : ਕੰਧ ਨੂੰ ਹੁਣੇ ਬਣਾਓ। ਗੁਰੂ ਜੀ ਦੇ ਪੁੱਤਰਾਂ ਨੇ ਕਿਹਾ ਹੁਣ ਤਾਂ ਅੱਧੀ ਰਾਤ ਹੈ ਅਤੇ ਬੜੀ ਠੰਡ ਹੈ, ਸਵੇਰੇ ਰਾਜ ਮਜ਼ਦੂਰ ਬੁਲਵਾ ਕੇ ਉਨ੍ਹਾਂ ਪਾਸੋਂ ਲੋੜ ਅਨੁਸਾਰ ਮੁਰੰਮਤ ਕਰਾ ਲਵਾਂਗੇ। ਗੁਰੂ ਜੀ ਨੇ ਕਿਹਾ ਕਿ ਰਾਜ ਮਜ਼ਦੂਰਾਂ ਦੀ ਕੋਈ ਲੋੜ ਨਹੀਂ, ਗੁਰੂ ਦਾ ਕੰਮ ਸਿੱਖਾਂ ਨੂੰ ਹੀ ਕਰਨਾ ਚਾਹੀਦਾ ਹੈ। ਭਾਈ ਲਹਿਣਾ ਤੋਂ ਬਿਨਾਂ ਸਾਰੇ ਚੁੱਪ ਖੜੇ ਰਹੇ। ਉਹ ਝੱਟ ਪੱਟ ਉਠੇ ਤੇ ਕੰਧ ਉਸਾਰਨ ਲੱਗ ਪਏ। ਜਦ ਭਾਈ ਲਹਿਣਾ ਜੀ ਨੇ ਕੁਝ ਉਸਾਰੀ ਕਰ ਲਈ ਤਾਂ ਗੁਰੂ ਜੀ ਨੇ ਹੁਕਮ ਦਿੱਤਾ "ਇਹ ਵਿੰਗੀ ਹੈ, ਇਸ ਨੂੰ ਢਾਹੋ ਅਤੇ ਮੁੜ ਕੇ ਬਣਾਓ।" ਭਾਈ ਲਹਿਣਾ ਜੀ ਨੇ ਇਵੇਂ ਹੀ ਕੀਤਾ, ਪਰ ਗੁਰੂ ਜੀ ਨੇ ਫਿਰ ਕਿਹਾ "ਇਹ ਵੀ ਠੀਕ ਨਹੀਂ। ਨੀਂਹ ਪਿੱਛੇ ਕਰੋ" ਇਸ ਦਾ ਭਾਵ ਇਹ ਸੀ ਕਿ ਦੀਵਾਰ ਨੂੰ ਫਿਰ ਡੇਗ ਦੇਵੋ ਅਤੇ ਤੀਜੀ ਵਾਰ ਬਣਾਓ। ਭਾਈ ਲਹਿਣਾ ਜੀ ਨੇ ਆਪਣੇ ਮਾਲਕ ਦਾ ਹੁਕਮ ਮੰਨਿਆ। ਪਰ ਉਨ੍ਹਾਂ ਨੂੰ ਕੰਧ ਫਿਰ ਵੀ ਪਸੰਦ ਨਾ ਆਈ ਅਤੇ ਕਿਹਾ ਕਿ ਇਸਨੂੰ ਫਿਰ ਡੇਗਕੇ ਮੁੜ ਉਸਾਰੋ। ਇਸ ਤੇ ਗੁਰੂ ਜੀ ਦੇ ਪੁੱਤਰ ਭਾਈ ਲਹਿਣਾ ਜੀ ਨੂੰ ਕਹਿਣ ਲੱਗੇ ਕਿ ਤੁਸੀਂ ਮੂਰਖ ਹੋ ਜੋ ਗੁਰੂ ਜੀ ਦੇ ਅਯੋਗ ਹੁਕਮ ਮੰਨਦੇ ਹੋ। ਭਾਈ ਲਹਿਣਾ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸੇਵਕ ਨੇ ਤਾਂ ਮਾਲਕ ਦੀ ਕਾਰ ਕਰਕੇ ਆਪਣੇ ਹੱਥ ਸਫਲ ਕਰਨੇ ਹਨ। ਤਦ ਗੁਰੂ ਜੀ ਆਪਣੇ ਪਰਿਵਾਰ ਨੂੰ ਕਹਿਣ ਲੱਗੇ, ਤੁਸੀਂ ਇਸ ਪੁਰਸ਼ ਦੀ ਕਦਰ ਨਹੀਂ ਜਾਣਦੇ, ਇਹ ਹਰ ਵਰ੍ਹੇ ਦੁਰਗਾ ਦੇ ਮੰਦਰ ਦੇ ਦਰਸ਼ਨ ਕਰਨ ਜਾਂਦੇ ਹੁੰਦੇ ਸਨ। ਹੁਣ ਉਨ੍ਹਾਂ ਨੂੰ ਗੁਰੂ ਮਿਲ ਗਿਆ ਹੈ। ਇਹ ਸੱਚੇ ਵਾਹਿਗੁਰੂ ਦੀ ਸੇਵਾ ਕਰਨ ਨੂੰ ਟਿਕੇ ਹੋਏ ਹਨ।"

ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖ ਭਾਈ ਲਹਿਣਾ ਜੀ ਦਾ ਆਪਸ ਵਿਚ ਹਰ ਰੋਜ਼ ਪ੍ਰੇਮ ਵਧਣ ਲੱਗਾ। ਗੁਰੂ ਜੀ ਨੇ ਉਨ੍ਹਾਂ ਨੂੰ ਜਿਤਨੀ ਸਿੱਖਿਆ ਦਿੱਤੀ, ਉਤਨਾ ਹੀ ਬ੍ਰਹਮ ਗਿਆਨ ਭਾਈ ਲਹਿਣਾ ਜੀ ਦੇ ਹਿਰਦੇ ਵਿਚ ਪ੍ਰਵੇਸ਼ ਕਰ ਗਿਆ। ਗੁਰੂ ਜੀ ਦੇ ਪੁੱਤਰ, ਇਸ ਸਿਦਕੀ ਸੇਵਕ ਤੇ ਪੂਰੇ ਸਿੱਖ (ਭਾਈ ਲਹਿਣਾ ਜੀ) ਨਾਲ ਈਰਖਾ ਕਰਨ ਲੱਗੇ ਅਤੇ ਇਸ ਗੱਲ ਨੂੰ ਕਿ ਉਹ ਭਾਈ ਲਹਿਣਾ ਜੀ ਨੂੰ ਨਹੀਂ ਸੀ ਚਾਹੁੰਦੇ,

ਉਨ੍ਹਾਂ ਲੁਕਾਉਣ ਦਾ ਯਤਨ ਨਾ ਕੀਤਾ। ਵੀਹ ਵਿਸਵੇ ਰੋਜ਼ ਦੇ ਵਧਦੇ ਵਿਰੋਧ ਨੂੰ ਮਿਟਾਉਣ ਲਈ ਗੁਰੂ ਜੀ ਨੇ ਸਲਾਹ ਕੀਤੀ ਕਿ ਭਾਈ ਲਹਿਣਾ ਜੀ ਕੁਝ ਚਿਰ ਖਡੂਰ ਚਲੇ

ਜਾਣ। ਗੁਰੂ ਜੀ ਉਨ੍ਹਾਂ ਨੂੰ ਕਹਿਣ ਲੱਗੇ : "ਤੁਹਾਡੇ ਮਾਤਾ ਪਿਤਾ[1] ਅਤੇ ਹੋਰ ਸੰਬੰਧੀ ਤੁਹਾਡੇ ਵਿਛੋੜੇ ਕਰਕੇ ਬਹੁਤ ਦੁਖੀ ਹਨ, ਇਸ ਲਈ ਤੁਸੀਂ ਖਡੂਰ ਚਲੇ ਜਾਓ, ਕੁਝ ਚਿਰ ਉਥੇ ਹੀ ਠਹਿਰੇ ਅਤੇ ਵਾਹਿਗੁਰੂ ਦਾ ਨਾਮ ਜਪਾਓ। ਅਸੀਂ ਵੀ ਇਕ ਵੇਰ ਉਥੇ ਮਾਈ ਸਭਰਾਈ ਦੇ ਘਰ ਰਹੇ ਸਾਂ, ਸਾਡਾ ਬਿਸਤਰਾ ਅਜੇ ਉਥੇ ਹੀ ਹੈ, ਤੁਹਾਨੂੰ ਖਡੂਰ ਵਿਚ ਇਵੇਂ ਸਾਡੇ ਦਰਸ਼ਨ ਹੋਣਗੇ ਜਿਵੇਂ ਤੁਸੀਂ ਅਸਾਡੇ ਕੋਲ ਹੀ ਹੋ।"

ਭਾਈ ਲਹਿਣਾ ਜੀ ਜੋ ਆਗਿਆਕਾਰੀ ਸਨ ਝੱਟ ਖਡੂਰ ਨੂੰ ਤੁਰ ਪਏ। ਜਦ ਉਥੇ ਪੁੱਜੇ ਤਾਂ ਉੱਥੇ ਇਹ ਪ੍ਰਸਿੱਧ ਹੋ ਗਿਆ ਕਿ ਭਾਈ ਲਹਿਣਾ ਜੀ ਤਿੰਨ ਵਰ੍ਹੇ ਗੁਰੂ ਨਾਨਕ ਜੀ ਪਾਸ ਰਹੇ ਹਨ ਅਤੇ ਉਨ੍ਹਾਂ 'ਆਤਮ ਸ਼ਕਤੀ' ਤੇ ਨੇਕੀ ਵਿਚ ਬਹੁਤ ਵਾਧਾ ਕੀਤਾ ਹੈ। ਇਸ ਲਈ ਹਰ ਕੋਈ ਉਨ੍ਹਾਂ ਨੂੰ ਬੰਦਨਾ ਕਰਨ ਜਾਣ ਲੱਗ ਪਿਆ। ਹੋਰ ਲੋਕਾਂ ਸਮੇਤ ਭਾਈ ਤਖਤਮਲ ਵੀ ਜੋ ਸ਼ਹਿਰ ਦਾ ਚੌਧਰੀ ਸੀ ਭਾਈ ਲਹਿਣਾ ਜੀ ਦੇ ਚਰਨ ਪਰਸਣ ਲਈ ਗਿਆ। ਜਦ ਉਹ ਚਰਨਾਂ ਨੂੰ ਹੱਥ ਲਾਉਣ ਲੱਗਾ ਤਾਂ ਭਾਈ ਲਹਿਣਾ ਜੀ ਨੇ ਕਿਹਾ, "ਇਸ ਤਰ੍ਹਾਂ ਨਹੀਂ ਹੋਵੇਗਾ, ਕਿਉਂਕਿ ਤੁਸੀਂ ਹਰ ਹਾਲਤ ਵਿਚ ਅਸਾਡੇ ਨਾਲੋਂ ਉੱਚੀ ਪਦਵੀ ਤੇ ਹੋ। ਪ੍ਰੰਤੂ ਭਾਈ ਤਖਤਮਲ ਸਮਝਦੇ ਸਨ ਕਿ ਭਾਈ ਲਹਿਣਾ ਜੀ ਪਾਸ ਉਹ ਸ਼ਕਤੀ ਹੈ ਜਿਸ ਨਾਲ ਉਹ ਮੈਨੂੰ ਆਤਮਕ ਗਿਆਨ ਵਿਚ ਪੂਰਨ ਕਰ ਸਕਦੇ ਹਨ, ਇਸ ਲਈ ਭਾਈ ਤੁਖਤਮਲ ਜੀ ਭਾਈ ਲਹਿਣਾ ਜੀ ਦੇ ਪ੍ਰੇਮ ਵਿਚ ਕਿਣਕਾ ਭਰ ਵੀ ਕਮੀ ਨਹੀਂ ਹੋਣ ਦਿੰਦੇ ਸਨ। ਭਾਈ ਤਖਤਮਲ ਜੀ ਭਾਈ ਲਹਿਣਾ ਅੱਗੇ ਵਾਰ ਵਾਰ ਬੇਨਤੀ ਕਰਨ ਲੱਗੇ ਕਿ ਮੈਨੂੰ ਉਪਦੇਸ਼ ਕਰੋ ਜਿਸ ਦੇ ਨਾਲ ਮੇਰੀ ਗਤੀ ਹੋ ਜਾਵੇ। ਤਾਂ ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਹੇਠ ਲਿਖਿਆ ਸ਼ਬਦ ਉਹਨਾਂ ਪ੍ਰਥਾਇ ਉਚਾਰਨ ਕੀਤਾ—

"ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ॥
ਸੂਖੀ ਕਰੈ ਪਸਾਉ ਦੂਖ ਵਿਸਾਰਸੀ॥
ਸਹਸਾ ਮੂਲੇ ਨਾਹਿ ਸਰ ਪਰ ਤਾਰਸੀ॥੧॥
ਤਿਨਾਮਿਲਿਆ ਗੁਰੂਆਇ ਜਿਨਕਉ ਲੀਖਿਆ॥
ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ॥
ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ॥੨॥
ਜਾਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ॥
ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ॥
ਛੁਟੈ ਤਾਕੈ ਬੋਲਿ ਸਾਹਿਬ ਨਦਰਿ ਜਿਸੁ॥੩॥
ਘਲੇਆਣੇ ਆਪਿ ਜਿਸੁਨਾਹੀ ਦੂਜਾ ਮਤੈ ਕੋਈ॥
ਢਾਹਿ ਉਸਾਰੇ ਸਾਜਿ ਜਾਣੈ ਸਭ ਸੋਇ॥ *(ਆਃ ਗ੍ਰੰਃ ਪੰਃ ੭੨੯)*
ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ॥੪॥ *(ਸੂਹੀ ਮਹਲਾ ੧)*

1. ਭਾਈ ਲਹਿਣਾ ਜੀ ਦੇ ਮਾਤਾ ਪਿਤਾ ਤਾਂ ਪਹਿਲਾਂ ਹੀ ਪਰਲੋਕ ਸਿਧਾਰ ਗਏ ਸਨ। ਮੈਕਾਲਿਫ਼ ਏਥੇ ਵੀ ਭੁੱਲ ਕਰ ਗਿਆ ਹੈ।

ਜਦ ਤਖਤਮਲ ਨੇ ਇਹ ਸ਼ਬਦ ਸੁਣਿਆ ਤਾਂ ਉਸ ਦੀ ਬੁਧੀ ਦੇ ਕਪਾਟ ਖੁਲ੍ਹ ਗਏ ਅਤੇ ਬ੍ਰਹਮ ਗਿਆਨ ਦਾ ਉਸ ਨੂੰ ਪ੍ਰਕਾਸ਼ ਹੋਇਆ। ਸਾਰੇ ਸਿੱਖ ਭਾਈ ਲਹਿਣਾ ਜੀ ਨੂੰ ਗੁਰੂ ਨਾਨਕ ਸਮਝ ਕੇ ਹੀ ਉਨ੍ਹਾਂ ਨੂੰ ਨਮਸਕਾਰ ਕਰਨ ਜਾਣ ਲੱਗ ਪਏ। ਰੋਜ਼ ਪ੍ਰਸ਼ਾਦੇ ਤਿਆਰ ਕੀਤੇ ਜਾਂਦੇ ਅਤੇ ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਵੰਡੇ ਜਾਂਦੇ। ਲੋਕਾਂ ਦਾ ਪ੍ਰੇਮ ਹਰ ਰੋਜ਼ ਵਧਣ ਲੱਗਾ।

ਗੁਰੂ ਨਾਨਕ ਜੀ ਭਾਈ ਲਹਿਣਾ ਜੀ ਦੇ ਪ੍ਰੇਮ ਦੇ ਖਿੱਚੇ ਹੋਏ ਉਨ੍ਹਾਂ ਨੂੰ ਖਡੂਰ ਮਿਲਣ ਗਏ। ਭਾਈ ਲਹਿਣਾ ਜੀ ਅਤੇ ਉਨ੍ਹਾਂ ਦੀ ਧਰਮਪਤਨੀ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ ਅਤੇ ਜੋ ਕੁਝ ਉਨ੍ਹਾਂ ਪਾਸ ਸੀ ਉਨ੍ਹਾਂ ਗੁਰੂ ਜੀ ਦੇ ਅਰਪਣ ਕੀਤਾ। ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਦੁਨੀਆਂ ਤੋਂ ਉਦਾਸੀਨਤਾ, ਵਿਵੇਕ ਅਤੇ ਬ੍ਰਹਮ ਗਿਆਨ ਦਾ ਉਪਦੇਸ਼ ਦਿੱਤਾ। ਇਸ ਤਰ੍ਹਾਂ ਗੁਰੂ ਜੀ ਭਾਈ ਲਹਿਣਾ ਜੀ ਨੂੰ ਉੱਤਮ ਸਿਖਿਆ ਨਾਲ ਆਤਮਕ ਗਿਆਨ ਵਿਚ ਪਰਪੱਕ ਕਰ ਕੇ ਆਪ ਕਰਤਾਰਪੁਰ ਮੁੜ ਕੇ ਆ ਗਏ ਅਤੇ ਭਾਈ ਲਹਿਣਾ ਜੀ ਨੂੰ ਖਡੂਰ ਹੀ ਛੱਡ ਗਏ। ਗੁਰੂ ਜੀ ਦੇ ਦੱਸੇ ਭਜਨ ਪਾਠ ਦੇ ਜਾਪ ਕਰਨ ਨਾਲ ਭਾਈ ਲਹਿਣਾ ਜੀ ਦਾ ਸਮਾਂ ਚੰਗਾ ਬੀਤ ਗਿਆ। ਆਸ਼ਾ, ਤ੍ਰਿਸ਼ਨਾ ਅਤੇ ਸੰਸਾਰਕ ਮੋਹ ਸਭ ਦੂਰ ਹੋ ਗਏ ਅਤੇ ਭਾਈ ਲਹਿਣਾ ਜੀ ਦੀ ਆਤਮਕ ਭਾਉ ਭਗਤੀ ਦਾ ਨਿਸ਼ਾਨਾ ਵਾਹਿਗੁਰੂ ਬਣ ਗਿਆ ਜਿਸ ਤਰ੍ਹਾਂ ਸੋਨਾ, ਕਸਵਟੀ ਤੇ ਪਰਖਿਆ ਜਾਂਦਾ ਹੈ ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਪਰਖਿਆ ਅਤੇ ਉਨ੍ਹਾਂ ਨੂੰ ਖ਼ਾਲਸ ਜਾਣਿਆ ਤੇ ਗੁਰਿਆਈ ਦੀ ਉੱਚ ਪਦਵੀ ਯੋਗ ਸਮਝਿਆ।

ਇਸ ਮਗਰੋਂ ਭਾਈ ਲਹਿਣਾ ਜੀ ਖਡੂਰ ਸਾਹਿਬ ਵਿਚ ਕਦੇ ਵੀ ਨਹੀਂ ਸੀ ਜਾਂਦੇ। ਉਹ ਆਤਮਕ ਵਿਚਾਰ ਅਤੇ ਸ਼ਬਦ ਦੇ ਪਿਆਰ ਵਿਚ ਲੀਨ ਰਹਿੰਦੇ। ਕੇਵਲ ਉਸ ਸਮੇਂ ਆਪਣੇ ਘਰੋਂ ਨਿਕਲਦੇ ਜਦ ਕਿ ਉਹ ਖਡੂਰ ਦੇ ਬਾਹਰ ਇਕ ਤਾਲਾਬ ਦੇ ਕੰਢੇ ਉੱਤੇ ਵਾਹਿਗੁਰੂ ਦੇ ਅਤੁੱਟ ਅਤੇ ਅਡੋਲ ਧਿਆਨ ਵਿਚ ਮਗਨ ਰਹਿੰਦੇ।

ਥੋੜੇ ਚਿਰ ਪਿਛੋਂ ਹੀ ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਜੀ ਦੇ ਪ੍ਰੇਮ ਦੇ ਖਿੱਚੇ ਹੋਏ ਉਨ੍ਹਾਂ ਨੂੰ ਦੂਜੀ ਵਾਰ ਮਿਲਣ ਚਲੇ ਗਏ ਅਤੇ ਉਨ੍ਹਾਂ ਨੂੰ ਜਾ ਕੇ ਇਉਂ ਕਿਹਾ—"ਤੁਸਾਂ ਹੱਦੋਂ ਪਰੇ ਭਗਤੀ ਕੀਤੀ ਹੈ। ਮੈਂ ਨਹੀਂ ਚਾਹੁੰਦਾ ਕਿ ਤੁਸੀਂ ਹੋਰ ਕਸ਼ਟ ਸਹਾਰੋ, ਹੁਣ ਤੁਹਾਡੇ ਤੇ ਮੇਰੇ ਵਿਚ ਕੋਈ ਭੇਦ ਨਹੀਂ। ਮੇਰੇ ਸਿੱਖਾਂ ਵਿਚੋਂ ਹੋਰ ਕਿਸੇ ਸਿੱਖ ਦਾ ਮੇਰ ਉੱਤੇ ਇਤਨਾ ਭਰੋਸਾ ਅਤੇ ਸਿਦਕ ਨਹੀਂ ਜਿੰਨਾਂ ਤੁਹਾਡੇ ਵਿਚ ਹੈ, ਇਸ ਲਈ ਮੈਂ ਸਭ ਤੋਂ ਵਧੀਕ ਤੁਹਾਨੂੰ ਪਿਆਰ ਕਰਦਾ ਹਾਂ। ਤੁਸੀਂ ਠੀਕ ਅੰਗਦ ਮੇਰੇ ਸਰੀਰ ਦਾ ਅੰਗ ਹੋ। ਮੈਂ ਤੁਹਾਨੂੰ ਵਧਾਈ ਦਿੰਦਾ ਹਾਂ।" ਇਹ ਕਹਿ ਕੇ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਘੁਟ ਕੇ ਗਲ ਨਾਲ ਲਾਇਆ ਅਤੇ ਉਨ੍ਹਾਂ ਨੂੰ ਕਰਤਾਰਪੁਰ ਲੈ ਗਏ।

ਜਦ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਸਨ ਤਾਂ ਉਨ੍ਹਾਂ ਨੂੰ ਖੇਤੀਬਾੜੀ ਵੱਲ ਧਿਆਨ ਦੇਣ ਦਾ ਸਮਾਂ ਮਿਲ ਗਿਆ। ਗੁਰੂ ਜੀ ਨੇ ਬਹੁਤ ਸਾਰੇ ਖੇਤਾਂ ਵਿਚ ਅਨਾਜ ਬੀਜਿਆ ਜਿਨ੍ਹਾਂ ਵਿਚੋਂ ਗੁਰੂ ਜੀ ਨੂੰ ਆਪਣੇ ਲੰਗਰ ਲਈ ਅਤੁੱਟ ਭੰਡਾਰਾ ਆਉਂਦਾ ਸੀ। ਇਸ ਵਿਚੋਂ ਸਭ ਆਈਆਂ ਸੰਗਤਾਂ, ਮੁਸਲਮਾਨਾਂ ਅਤੇ ਹਿੰਦੂਆਂ ਨੂੰ ਭੋਜਨ ਛਕਾਇਆ

ਜਾਂਦਾ ਸੀ। ਇਕ ਵਾਰ ਜਦੋਂ ਬਹੁਤ ਸਾਰੇ ਲੋਕੀ ਦਰਸ਼ਨ ਨੂੰ ਆਏ ਹੋਏ ਸਨ ਤਾਂ ਤਿੰਨ ਦਿਨ ਝੜੀ ਲੱਗੀ ਰਹੀ ਅਤੇ ਅੱਗ ਬਾਲਣੀ ਜਾਂ ਪ੍ਰਸ਼ਾਦ ਤਿਆਰ ਕਰਨਾ ਅਸੰਭਵ ਹੋ ਗਿਆ, ਇਸ ਕਰਕੇ ਗੁਰੂ ਜੀ ਦੇ ਘਰ ਆਈਆਂ ਸੰਗਤਾਂ ਦੇ ਖਾਣ ਲਈ ਕੁਝ ਵੀ ਨਹੀਂ ਸੀ। ਗੁਰੂ ਜੀ ਆਪਣੇ ਪੁੱਤਰਾਂ ਸ੍ਰੀ ਚੰਦ, ਲਖਮੀ ਦਾਸ ਨੂੰ ਨਾਲ ਲੈ ਕੇ ਖੇਤਾਂ ਵਿਚ ਗਏ ਅਤੇ ਉਨ੍ਹਾਂ ਨੂੰ ਆਪਣੀ ਔਕੜ ਦੱਸੀ। ਗੁਰੂ ਜੀ ਕਹਿਣ ਲੱਗੇ ਕਿ ਇਹ ਕਿੰਨੀ ਮਾੜੀ ਗੱਲ ਹੋਵੇਗੀ ਕਿ ਸਾਡੇ ਘਰ ਆਈਆਂ ਸੰਗਤਾਂ ਨੂੰ ਕਿਸੇ ਚੀਜ਼ ਦੀ ਥੁੜ੍ਹ ਰਹੇ। ਗੁਰੂ ਜੀ ਦੇ ਪੁੱਤਰ ਕਹਿਣ ਲੱਗੇ : ਐਨੀ ਬਰਸਾਤ ਦੇ ਸਮੇਂ ਵਿਚ ਐਨਿਆਂ ਲੋਕਾਂ ਨੂੰ ਕਿਵੇਂ ਭੋਜਨ ਖੁਆ ਸਕਦੇ ਹਾਂ? ਇਨ੍ਹਾਂ ਲਈ ਇਤਨਾ ਭੋਜਨ ਕਿਥੋਂ ਲਿਆਈਏ? ਗੁਰੂ ਜੀ ਕਹਿਣ ਲੱਗੇ "ਇਸ ਕਿੱਕਰ ਦੇ ਦਰਖਤ ਤੇ ਚੜ੍ਹ ਕੇ ਇਸ ਨੂੰ ਹਲੂਣਾ ਦੇਵੋ, ਇਸ ਤੋਂ ਫਲ ਅਤੇ ਮਠਿਆਈ ਸੰਗਤਾਂ ਦੇ ਛਕਣ ਲਈ ਡਿੱਗੇਗੀ।" ਸ੍ਰੀ ਚੰਦ ਕਹਿਣ ਲੱਗਾ, "ਕਿੱਕਰ ਤੋਂ ਕੰਡਿਆਂ ਅਤੇ ਕੌੜੇ ਤੁਕਲਿਆਂ ਤੋਂ ਛੁੱਟ ਹੋਰ ਕੀ ਡਿੱਗ ਸਕਦਾ ਹੈ?" ਗੁਰੂ ਜੀ ਫਿਰ ਦੂਜੇ ਪੁੱਤਰ ਨੂੰ ਕਹਿਣ ਲੱਗੇ : "ਇਸ ਕਿੱਕਰ ਤੇ ਚੜ੍ਹ ਕੇ ਇਸ ਨੂੰ ਹਲੂਣਾ ਦੇ।" ਲਖਮੀ ਦਾਸ ਨੇ ਜਵਾਬ ਦਿੱਤਾ : "ਕੀ ਇਹੋ ਜਿਹੀ ਗੱਲ ਅੱਗੇ ਵੀ ਕਦੀ ਹੋਈ ਹੈ ? ਕੀ ਮਠਿਆਈ ਅਤੇ ਲੱਡੂ ਆਦਿ ਵੀ ਦਰਖਤਾਂ ਤੋਂ ਕਦੀ ਡਿੱਗੇ ਹਨ?" ਤਾਂ ਗੁਰੂ ਜੀ ਨੇ ਸ੍ਰੀ ਅੰਗਦ ਜੀ ਨੂੰ ਉਹ ਗੱਲ ਕਰਨ ਲਈ ਕਿਹਾ, ਜਿਸ ਤੋਂ ਉਨ੍ਹਾਂ ਦੇ ਪੁੱਤਰਾਂ ਨਾਂਹ ਕੀਤੀ ਸੀ। ਸ੍ਰੀ ਅੰਗਦ ਦੇਵ ਜੀ ਬੜੀ ਫੁਰਤੀ ਨਾਲ ਦਰਖਤ ਤੇ ਚੜ੍ਹ ਗਏ ਅਤੇ ਉਸ ਨੂੰ ਹਲੂਣਾ ਦਿੱਤਾ ਤਾਂ ਹੇਠਾਂ ਹਰ ਪ੍ਰਕਾਰ ਦੀ ਚੰਗੀ ਤੋਂ ਚੰਗੀ ਹਿੰਦੁਸਤਾਨੀ ਮਠਿਆਈ ਦੇ ਢੇਰ ਲੱਗ ਗਏ। ਜਦ ਸੰਗਤਾਂ ਨੇ ਉਹ ਮਠਿਆਈ ਖਾ ਕੇ ਆਪਣੀ ਭੁੱਖ ਤ੍ਰਿਪਤ ਕੀਤੀ ਤਾਂ ਉਹ ਗੁਰੂ ਜੀ ਅਤੇ ਉਨ੍ਹਾਂ ਦੇ ਸਿਦਕੀ ਸਿੱਖ ਸ੍ਰੀ ਅੰਗਦ ਜੀ ਦੀ ਮਹਿਮਾ ਗਾਉਣ ਲੱਗੇ। ਸ੍ਰੀ ਅੰਗਦ ਜੀ ਨੇ ਝਟਪਟ ਸਪਸ਼ਟ ਕਰ ਦਿੱਤਾ ਕਿ ਇਹੋ ਜਿਹੀ ਸ਼ਕਤੀ ਮੇਰੇ ਵਿਚ ਨਹੀਂ ਹੈ। ਕਿੱਕਰ ਤੋਂ ਇਹ ਜੋ ਕੁਝ ਡਿਗਿਆ ਹੈ ਇਹ ਮਠਿਆਈ ਨਹੀਂ ਇਹ ਬ੍ਰਹਮ ਗਿਆਨ ਹੈ। ਇਹ ਸਭ ਕੁਝ ਗੁਰੂ ਜੀ ਦੇ ਬਚਨ ਦੀ ਕਰਾਮਾਤ ਹੈ। ਜਦ ਗੁਰੂ ਜੀ ਨੇ ਇਹ ਗੱਲ ਸੁਣੀ ਤਾਂ ਉਹ ਫੁਰਮਾਣ ਲੱਗੇ : "ਮੇਰੇ ਬਚਨ ਲਾਭਦਾਇਕ ਹਨ ਪਰ ਜਿਹੜੇ ਇਨ੍ਹਾਂ ਨੂੰ ਅੰਗੀਕਾਰ ਕਰਦੇ ਹਨ ਕੇਵਲ ਉਹ ਹੀ ਇਨ੍ਹਾਂ ਦਾ ਫਲ ਪ੍ਰਾਪਤ ਕਰਦੇ ਹਨ।" ਇਹ ਪਹਿਲੀ ਵਾਰ ਸੀ ਕਿ ਗੁਰੂ ਜੀ ਦੇ ਪੁੱਤਰਾਂ ਅਤੇ ਬਹੁਤ ਸਾਰੇ ਸਿੱਖਾਂ ਨੇ ਆਗਿਆਕਾਰੀ ਦੀ ਕਦਰ ਨੂੰ ਪਛਾਣਿਆ।

ਹੋਰ ਪ੍ਰੀਖਿਆ

ਗੁਰੂ ਨਾਨਕ ਦੇਵ ਜੀ ਨੇ ਹੁਣ ਤਾਈਂ ਭਾਈ ਲਹਿਣਾ ਜੀ ਦੇ ਪ੍ਰੇਮ ਦੀ ਚੰਗੀ ਤਰ੍ਹਾਂ ਪ੍ਰੀਖਿਆ ਕਰ ਲਈ ਸੀ, ਪਰ ਫਿਰ ਵੀ ਉਨ੍ਹਾਂ ਇਹ ਯੋਗ ਸਮਝਿਆ ਕਿ ਹੋਰ ਪ੍ਰੀਖਿਆ ਵੀ ਕਰ ਲਈਏ। ਗੁਰੂ ਜੀ ਦਾ ਮੰਤਵ ਵਿਸ਼ੇਸ਼ ਕਰਕੇ ਇਹ ਸੀ ਕਿ ਸਾਡੇ ਪੁੱਤਰਾਂ ਦਾ ਹੰਕਾਰ ਦੂਰ ਹੋ ਜਾਵੇ ਅਤੇ ਉਨ੍ਹਾਂ ਨੂੰ ਤੇ ਸਾਡੇ ਹੋਰ ਸਿੱਖਾਂ ਨੂੰ ਨਿਸਚਾ ਹੋ ਜਾਵੇ ਕਿ ਕੇਵਲ ਭਾਈ ਲਹਿਣਾ ਜੀ ਹੀ ਸਾਡੀ ਗੱਦੀ ਤੇ ਬੈਠਣ ਦੇ ਯੋਗ ਹਨ। ਇਕ ਸਮੇਂ ਅੱਧੀ ਰਾਤ ਦੇ ਲਾਗੇ ਜਦ ਰਾਤ ਦੇ ਕੀਰਤਨ ਦਾ ਭੋਗ ਪੈ ਚੁੱਕਾ ਸੀ ਅਤੇ ਗੁਰੂ ਜੀ ਤੋਂ ਛੁਟ ਸਾਰੇ ਹੀ ਸੌਣ ਲਈ ਚਲੇ ਗਏ ਸਨ ਤਾਂ ਗੁਰੂ ਜੀ ਨੇ ਆਪਣੇ ਪੁੱਤਰਾਂ ਨੂੰ ਬੁਲਾਇਆ। ਗੁਰੂ ਜੀ ਉਨ੍ਹਾਂ ਨੂੰ

ਆਖਣ ਲੱਗੇ ਕਿ ਸਾਡੇ ਕੱਪੜੇ ਭਰੇ ਹੋਏ ਹਨ ਇਨ੍ਹਾਂ ਨੂੰ ਛੇਤੀ ਹੀ ਲੈ ਜਾਉ ਤੇ ਸਾਫ ਕਰ ਲਿਆਓ। ਪੁੱਤਰ ਬੋਲੇ ਕਿ ਸਾਰੇ ਖੂਹ ਬੰਦ ਹੋ ਗਏ ਹਨ, ਹਨ੍ਹੇਰਾ ਹੈ ਅਤੇ ਜੇਕਰ ਕਿਸੇ ਨਾ ਕਿਸੇ ਤਰ੍ਹਾਂ ਬਸਤਰ ਧੋ ਕੇ ਵੀ ਲਿਆਂਦੇ ਤਾਂ ਵੀ ਇਸ ਵੇਲੇ ਸਾਡੇ ਤੋਂ ਸੁਕਾਏ ਨਹੀਂ ਜਾਣੇ। ਜਦ ਦਿਨ ਨਿਕਲੇਗਾ ਧੋਬੀ ਨੂੰ ਬੁਲਾ ਦੇਵਾਂਗੇ ਅਤੇ ਉਹ ਲੋੜ ਅਨੁਸਾਰ ਸੇਵਾ ਕਰ ਦੇਵੇਗਾ। ਗੁਰੂ ਜੀ ਕਹਿਣ ਲੱਗੇ ਇਹ ਚੰਗਾ ਹੀ ਹੋਵੇਗਾ ਕਿ ਤੁਸੀਂ ਆਪ ਹੀ ਹੁਣ ਹੀ ਛੇਤੀ ਜਾਵੋ ਅਤੇ ਇਨ੍ਹਾਂ ਨੂੰ ਧੋ ਲੈ ਆਵੋ। ਗੁਰੂ ਜੀ ਦੇ ਪੁੱਤਰ ਫਿਰ ਕਹਿਣ ਲੱਗੇ ਕਿ ਜੇਕਰ ਤੁਸੀਂ ਸਵੇਰ ਤੱਕ ਨਹੀਂ ਉਡੀਕ ਸਕਦੇ ਤਾਂ ਪੁਸ਼ਾਕ ਬਦਲ ਲਵੋ। ਤਾਂ ਗੁਰੂ ਜੀ ਨੇ ਸ੍ਰੀ ਚੰਦ ਨੂੰ ਕਿਹਾ। ਸ੍ਰੀ ਅੰਗਦ ਜੀ ਨੇ ਬਸਤਰ ਲੈ ਲਏ, ਤਦੋਂ ਦਿਨ ਨਿਕਲ ਆਇਆ ਸੀ ਅਤੇ ਸ੍ਰੀ ਅੰਗਦ ਜੀ ਨੇ ਜਾ ਕੇ ਵੇਖਿਆ ਕਿ ਸ਼ਹਿਰ ਦੇ ਨੇੜੇ ਦੇ ਖੂਹ ਵਗ ਰਹੇ ਹਨ। ਸ੍ਰੀ ਅੰਗਦ ਜੀ ਨੇ ਛੇਤੀ ਹੀ ਗੁਰੂ ਜੀ ਦੇ ਬਸਤਰ ਧੋ ਕੇ ਉਨ੍ਹਾਂ ਨੂੰ ਸੁਕਾ ਲਿਆ। ਜਦੋਂ ਸ੍ਰੀ ਅੰਗਦ ਜੀ ਬਹੁਤ ਥੋੜੇ ਜਿਹੇ ਸਮੇਂ ਵਿਚ ਬਸਤਰ ਧੋ ਕੇ ਮੁੜ ਆਏ ਤਾਂ ਸਾਰੇ ਹੈਰਾਨ ਰਹਿ ਗਏ। ਗੁਰੂ ਜੀ ਨੇ ਉਨ੍ਹਾਂ ਦੀ ਸੇਵਾ ਉੱਤੇ ਆਪਣੀ ਖੁਸ਼ੀ ਪ੍ਰਗਟ ਕੀਤੀ।

ਇਕ ਦਿਨ ਜਦ ਗੁਰੂ ਜੀ ਕੇਸੀ ਇਸ਼ਨਾਨ ਕਰ ਰਹੇ ਸਨ ਤਾਂ ਇੱਕ ਕਟੋਰਾ ਉਹਨਾਂ ਹੱਥੋਂ ਛੁੱਟ ਕੇ ਇਕ ਡੂੰਘੇ ਚੁਬੱਚੇ ਵਿਚ ਜਾ ਡਿੱਗਿਆ। ਗੁਰੂ ਜੀ ਨੇ ਪੁੱਤਰਾਂ ਨੂੰ ਹੁਕਮ ਦਿੱਤਾ ਕਿ ਇਹ ਕੱਢ ਕੇ ਸਾਡੇ ਪਾਸ ਛੇਤੀ ਲੈ ਆਵੋ। ਪੁੱਤਰ ਬੋਲੇ ਕਿ ਚੁਬੱਚਾ ਬਹੁਤ ਡੂੰਘਾ ਹੈ ਅਤੇ ਗੰਦੇ ਪਾਣੀ ਨਾਲ ਭਰਿਆ ਹੋਇਆ ਹੈ। ਅਸੀਂ ਕਿਸੇ ਨੂੰ ਬੁਲਾਉਂਦੇ ਹਾਂ ਜਿਹੜਾ ਚੁੱਭੀ ਮਾਰ ਕੇ ਕੱਢ ਲਿਆਵੇਗਾ ਤਾਂ ਗੁਰੂ ਜੀ ਨੇ ਸ੍ਰੀ ਅੰਗਦ ਜੀ ਨੂੰ ਕਿਹਾ ਕਿ ਸਾਡਾ ਕਟੋਰਾ ਕੱਢ ਲਿਆਵੋ। ਲਿਖਿਆ ਹੈ ਕਿ ਜਦ ਸ੍ਰੀ ਅੰਗਦ ਜੀ ਨੇ ਚੁਬੱਚੇ ਵਿਚ ਹੱਥ ਪਾਇਆ ਤਾਂ ਕਟੋਰਾ ਪਾਣੀ ਉਪਰ ਤਰ ਆਇਆ ਅਤੇ ਉਨ੍ਹਾਂ ਨੂੰ ਕਟੋਰਾ ਕੱਢ ਕੇ ਗੁਰੂ ਜੀ ਪਾਸ ਲਿਆਉਣ ਲਈ ਕੋਈ ਔਖ ਨਾ ਹੋਈ। ਗੁਰੂ ਜੀ ਤਦ ਆਪਣੀ ਧਰਮਪਤਨੀ ਮਾਤਾ ਸੁਲੱਖਣੀ ਜੀ ਨੂੰ ਕਹਿਣ ਲੱਗੇ : "ਸ੍ਰੀ ਚੰਦ ਅਤੇ ਲਖਮੀ ਦਾਸ ਤੁਹਾਡੇ ਪੁੱਤਰ ਹਨ, ਭਾਈ ਲਹਿਣਾ ਜੀ ਜੋ ਮੇਰੇ ਹੁਕਮ ਦੀ ਪਾਲਣਾ ਕਰਦੇ ਹਨ ਮੇਰੇ ਪੁੱਤਰ ਹਨ।" ਮਾਤਾ ਸੁਲੱਖਣੀ ਨੇ ਆਪਣੇ ਪੁੱਤਰਾਂ ਨੂੰ ਤਾੜਿਆ ਅਤੇ ਨਾਲ ਹੀ ਇਸ ਗੱਲ ਦੀ ਉਨ੍ਹਾਂ ਨੂੰ ਆਸ ਦਿਵਾਈ ਕਿ ਜੇਕਰ ਤੁਸੀਂ ਆਪਣੇ ਪਿਤਾ ਜੀ ਦੇ ਹੁਕਮ ਮੰਨੋਗੇ ਤਾਂ ਤੁਹਾਡੇ ਵਿਚੋਂ ਇਕ ਉਨ੍ਹਾਂ ਦੀ ਗੱਦੀ ਤੇ ਬੈਠਣ ਦੇ ਯੋਗ ਸਿੱਧ ਹੋ ਜਾਵੇਗਾ। ਉਨ੍ਹਾਂ ਨੇ ਮਾਤਾ ਜੀ ਦੀ ਨਸੀਹਤ ਦੀ ਕੋਈ ਪ੍ਰਵਾਹ ਨਾ ਕੀਤੀ ਕਿਉਂਕਿ ਉਨ੍ਹਾਂ ਨੇ ਨਾ ਤਾਂ ਪੁੱਤਰਾਂ ਵਾਲਾ ਪਿਆਰ ਕੀਤਾ ਨਾ ਹੀ ਆਗਿਆ ਦੀ ਪਾਲਣਾ ਕੀਤੀ।

ਗੁਰੂ ਅੰਗਦ ਦੇਵ ਜੀ ਦੀ ਅੰਤਿਮ ਪ੍ਰੀਖਿਆ ਮੁਰਦਾ ਖਾਣ ਵਾਲਾ ਮਾਮਲਾ ਸੀ, ਜਿਸਦਾ ਵਰਣਨ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਿਰਤਾਂਤ ਵਿਚ ਕੀਤਾ ਗਿਆ ਹੈ।

ਇਕ ਦਿਨ ਜਦੋਂ ਸਿੱਖ ਸੰਗਤਾਂ ਜੁੜੀਆਂ ਬੈਠੀਆਂ ਸਨ ਤਾਂ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਅੰਗਦ ਦੇਵ ਜੀ ਨੂੰ ਆਪਣੀ ਗੱਦੀ ਤੇ ਬਿਠਾਇਆ, ਪੰਜ ਪੈਸੇ ਅਤੇ ਇਕ ਨਾਰੀਅਲ ਉਨ੍ਹਾਂ ਅੱਗੇ ਰੱਖ ਕੇ ਭਾਈ ਬੁੱਢਾ ਜੀ ਨੂੰ ਕਿਹਾ : "ਅਸੀਂ ਇਨ੍ਹਾਂ ਨੂੰ ਗੱਦੀ ਦੇਂਦੇ ਹਾਂ, ਗੁਰਿਆਈ ਦੇਣ ਦੀ ਮਰਿਆਦਾ ਅਨੁਸਾਰ ਤੁਸੀਂ ਇਨ੍ਹਾਂ ਦੇ ਮਸਤਕ ਤੇ ਤਿਲਕ ਲਾਵੋ।"

ਭਾਈ ਬੁੱਢਾ ਜੀ ਨੇ ਇਵੇਂ ਹੀ ਕੀਤਾ। ਗੁਰੂ ਜੀ ਨੇ ਤਦੋਂ ਸੰਗਤਾਂ ਨੂੰ ਹੁਕਮ ਦਿੱਤਾ ਕਿ ਸ੍ਰੀ ਅੰਗਦ ਜੀ ਦੀ ਆਗਿਆ ਵਿਚ ਰਹੋ ਅਤੇ ਉਨ੍ਹਾਂ ਦੀ ਸੇਵਾ ਕਰੋ, ਸ੍ਰੀ ਅੰਗਦ ਜੀ ਸਾਡਾ ਹੀ ਰੂਪ ਹਨ। ਜਿਹੜਾ ਕੋਈ ਇਸ ਤਰ੍ਹਾਂ ਕਰੇਗਾ ਉਹ ਫਲ ਪਾਵੇਗਾ। ਗੁਰੂ ਨਾਨਕ ਦੇਵ ਜੀ ਦੇ ਪੁੱਤਰ ਬੜੇ ਨਰਾਜ਼ ਹੋਏ, ਕਿਉਂਕਿ ਜੋ ਉਹ ਗੱਦੀ ਤੋਂ ਵਾਂਝੇ ਰਹਿ ਗਏ ਸਨ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਆਖਿਆ ਕਿ ਕੇਵਲ ਸ੍ਰੀ ਅੰਗਦ ਦੇਵ ਜੀ ਗੁਰਿਆਈ ਦੇ ਪੂਰਨ ਯੋਗ ਨਿਕਲੇ ਹਨ। ਇਸ ਪਦਵੀ ਲਈ ਮੁੱਖ ਗੁਣ ਆਪਾ ਵਾਰਨ ਤੇ ਹੈ। ਸ੍ਰੀ ਅੰਗਦ ਦੇਵ ਜੀ ਨੇ ਉਹ ਗੁਣ ਬੜੀ ਸੋਹਣੀ ਤਰ੍ਹਾਂ ਵਿਖਾਇਆ ਹੈ ਅਤੇ ਇਸ ਲਈ ਇਨ੍ਹਾਂ ਦਾ ਇਸ ਪਦਵੀ ਲਈ ਜਿਸ ਤੇ ਬਿਠਾਏ ਗਏ ਹਨ ਸਭ ਤੋਂ ਵੱਧ ਹੱਕ ਸੀ। ਗੁਰੂ ਨਾਨਕ ਦੇਵ ਜੀ ਨੇ ਸ੍ਰੀ ਅੰਗਦ ਦੇਵ ਜੀ ਨੂੰ ਗੁਰਿਆਈ ਦੇ ਹੁਕਮ ਦੇ ਕੇ ਕਿਹਾ ਕਿ ਤੁਸੀਂ ਖਡੂਰ ਚਲੇ ਜਾਓ। ਸ੍ਰੀ ਅੰਗਦ ਦੇਵਜੀ ਨੇ ਹੁਕਮ ਪ੍ਰਵਾਨ ਕਰ ਲਿਆ, ਭਾਵੇਂ ਉਹ ਗੁਰੂ ਨਾਨਕ ਦੇਵ ਜੀ ਦੇ ਅੰਤਿਮ ਸਮੇਂ ਤੱਕ ਉਨ੍ਹਾਂ ਦੀ ਹਜ਼ੂਰੀ ਵਿਚ ਰਹਿਣਾ ਚਾਹੁੰਦੇ ਸਨ। ਭਾਈ ਗੁਰਦਾਸ ਜੀ ਸ੍ਰੀ ਅੰਗਦ ਦੇਵ ਜੀ ਦੇ ਗੱਦੀ ਤੇ ਬੈਠਣ ਤੇ ਇਉਂ ਲਿਖਦੇ ਹਨ—

"ਸੋ ਟਿਕਾ ਸੋ ਛਤ੍ਰ ਸਿਰ ਸੋਈ ਸੱਚਾ ਤਖਤ ਟਿਕਾਈ॥
ਗੁਰ ਨਾਨਕ ਹੰਦੀ ਮੋਹਰ ਹੱਥ ਗੁਰ ਅੰਗਦ ਦੀ ਦੇਹੀ ਫਿਰਾਈ॥
ਦਿੱਤਾ ਛੱਡ ਕਰਤਾਰਪੁਰ ਬੈਠ ਖਡੂਰੇ ਜੋਤਿ ਜਗਾਈ॥
ਜੰਮੇ ਪੂਰਬ ਬੀਜਿਆ ਵਿਚ ਵਿਚ ਹੋਰ ਕੂੜੀ ਚਤਰਾਈ॥
ਲਹਿਣੇ ਪਾਈ ਨਾਨਕੋਂ ਦੇਣੀ ਅਮਰਦਾਸ ਘਰ ਆਈ॥

(ਵਾਰਾਂ ਭਾਈ ਗੁਰਦਾਸ ਵਾਰ ੧ ਪਉੜੀ ੪੬)

ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਮਿਲਣ ਦੇ ਥੋੜਾ ਚਿਰ ਮਗਰੋਂ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾ ਗਏ ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ।

ਕਾਂਡ—18
ਗੁਰੂ ਅੰਗਦ ਦੇਵ ਜੀ ਦੀ ਤਪੱਸਿਆ

ਇਕ ਜੱਟ ਘਰਾਣੇ ਦੀ ਬੀਬੀ ਨਿਹਾਲੀ ਇਕ ਦਿਨ ਖਡੂਰ ਦੇ ਨੇੜੇ ਪਾਥੀਆਂ ਪੱਥ ਰਹੀ ਸੀ। ਬੀਬੀ ਨੇ ਗੁਰੂ ਅੰਗਦ ਦੇਵ ਜੀ ਨੂੰ ਆਉਂਦੇ ਵੇਖਿਆ ਅਤੇ ਬੜੀ ਖੁਸ਼ ਹੋਈ ਕਿ ਮੈਨੂੰ ਗੁਰੂ ਜੀ ਨੂੰ ਮੱਥਾ ਟੇਕਣ ਦਾ ਮੌਕਾ ਮਿਲਿਆ ਹੈ। ਗੁਰੂ ਅੰਗਦ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਵਿਛੋੜੇ ਦਾ ਦੁੱਖ ਅਜੇ ਡਾਢਾ ਭਾਸ ਰਿਹਾ ਸੀ। ਉਹ ਤੁਰਦੇ ਤੁਰਦੇ ਗੁਰੂ ਨਾਨਕ ਦੇਵ ਜੀ ਦੀ ਉਸਤਤ ਗਾਵੀਂ ਜਾਂਦੇ ਸਨ। ਉਨ੍ਹਾਂ ਦੀ ਇਹ ਲਾਲਸਾ ਸੀ ਕਿ ਇਕਾਂਤ ਵਿਚ ਬੈਠੀਏ ਅਤੇ ਮੁੱਖੋਂ ਇਹ ਉਚਾਰ ਰਹੇ ਸਨ ਕਿ ਇਨ੍ਹਾਂ ਨੇਤਰਾਂ ਨੂੰ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਹਨ, ਹੋਰ ਕੁਝ ਵੇਖਣ ਦੀ ਇੱਛਾ ਹੀ ਨਹੀਂ। ਇਸ ਲਈ ਗੁਰੂ ਅੰਗਦ ਦੇਵ ਜੀ ਕੁਝ ਸਮੇਂ ਲਈ ਚੁੱਪ ਕਰ ਗਏ। ਜਦੋਂ ਆਪ ਦੋਬਾਰਾ ਬੋਲੇ ਤਾਂ ਬੀਬੀ ਨਿਹਾਲੀ ਨੂੰ ਕਹਿਣ ਲੱਗੇ ਕਿ ਸਾਨੂੰ ਕੋਈ ਅਜਿਹੀ ਕੋਠੜੀ ਦੇਵੋ ਜਿੱਥੇ ਸਾਡੀ ਵਿਰਤੀ ਦੇ ਟਿਕਾਉ ਵਿਚ ਕੋਈ ਵਿਘਨ ਨਾ ਪਵੇ ਅਤੇ ਅਸੀਂ ਇਕੱਲੇ ਬੈਠ ਕੇ ਵਾਹਿਗੁਰੂ ਦਾ ਧਿਆਨ ਕਰੀਏ। ਅਸੀਂ ਅੰਦਰ ਬੈਠਾਂਗੇ ਤਾਂ ਕੋਠੜੀ ਨੂੰ ਬਾਹਰੋਂ ਤਾਲਾ ਲਾ ਦੇਣਾ। ਸਾਨੂੰ ਰੋਜ਼ ਇਕ ਛੰਨਾ ਦੁੱਧ ਤੋਂ ਸਿਵਾ ਹੋਰ ਕੋਈ ਚੀਜ਼ ਖਾਣ ਪੀਣ ਦੀ ਲੋੜ ਨਹੀਂ। ਬੀਬੀ ਨੇ ਇਹ ਗੱਲ ਮੰਨ ਲਈ। ਉਹ ਰੋਜ਼ ਗੁਰੂ ਜੀ ਨੂੰ ਇਕ ਛੰਨਾ ਦੁੱਧ ਦਾ ਦੇ ਦਿੰਦੀ ਅਤੇ ਇਸ ਤਰ੍ਹਾਂ ਕਰਕੇ ਗੁਰੂ ਜੀ ਦੇ ਦਰਸ਼ਨ ਕਰਕੇ ਆਪਣੇ ਨੇਤਰਾਂ ਨੂੰ ਠੰਡ ਪਾ ਲੈਂਦੀ। ਗੁਰੂ ਅੰਗਦ ਦੇਵ ਜੀ ਅਗਾਧ ਧਿਆਨ ਵਿਚ ਲੀਨ ਰਹਿੰਦੇ ਅਤੇ ਇਕ ਛੰਨੇ ਦੁੱਧ ਤੋਂ ਬਿਨਾਂ ਕੇਵਲ ਵਾਹਿਗੁਰੂ ਦਾ ਨਾਮ ਹੀ ਉਨ੍ਹਾਂ ਦਾ ਆਧਾਰ ਸੀ।

ਲਿਖਿਆ ਹੈ ਕਿ ਗੁਰੂ ਜੀ ਨੇ ਇਸ ਤਰ੍ਹਾਂ ਛੇ ਮਹੀਨੇ ਬਤੀਤ ਕੀਤੇ। ਇਸ ਸਮੇਂ ਦਾ ਇਕ ਇਕ ਪਲ ਸਿੱਖਾਂ ਨੂੰ ਇਕ ਇਕ ਯੁੱਗ ਭਾਸਦਾ। ਇਕ ਦਿਨ ਭਾਈ ਲਾਲੋ, ਭਾਈ ਸੈਦੋ, ਭਾਈ ਅਜੀਤਾ ਅਤੇ ਹੋਰ ਸਿੱਖਾਂ ਨੇ ਭਾਈ ਬੁੱਢਾ ਜੀ ਪਾਸੋਂ, ਜਿਨ੍ਹਾਂ ਉੱਤੇ ਗੁਰੂ ਨਾਨਕ ਦੇਵ ਜੀ ਬੜੀ ਕਿਰਪਾ-ਦ੍ਰਿਸ਼ਟੀ ਕਰਦੇ ਸਨ, ਪੁੱਛਿਆ ਕਿ ਸਾਨੂੰ ਦੱਸੋ ਅਸੀਂ ਗੁਰੂ ਅੰਗਦ ਦੇਵ ਜੀ ਨੂੰ ਕਿੱਥੋਂ ਲੱਭੀਏ? ਅਸੀਂ ਉਨ੍ਹਾਂ ਨੂੰ ਖਡੂਰ ਅਤੇ ਹੋਰ ਥਾਵਾਂ ਤੇ ਲੱਭ ਥੱਕੇ ਹਾਂ ਪਰ ਉਨ੍ਹਾਂ ਦਾ ਕੋਈ ਪਤਾ ਥਹੁ ਨਹੀਂ ਲੱਗਦਾ। ਭਾਈ ਬੁੱਢਾ ਨੇ ਜੀ ਨੇ ਕਿਹਾ ਮੈਂ ਤੁਹਾਨੂੰ ਕੱਲ ਨੂੰ ਉੱਤਰ ਦੇਵਾਂਗਾ। ਜਦ ਰਾਤ ਪਈ ਤਾਂ ਭਾਈ ਬੁੱਢਾ ਜੀ ਨੇ ਸਦੋਰੁ ਅਤੇ ਕੀਰਤਨ ਸੋਹਿਲੇ ਦਾ ਪਾਠ ਕੀਤਾ ਤੇ ਆਪਣੀ ਬਿਰਤੀ ਗੁਰੂ ਜੀ ਵੱਲ ਇਕਾਗਰ ਕੀਤੀ। ਭਾਈ ਬੁੱਢਾ ਜੀ ਨੇ ਅੰਦਰਲੇ ਨੇਤਰਾਂ ਨਾਲ ਵੇਖਿਆ ਕਿ ਗੁਰੂ ਜੀ ਬੀਬੀ ਨਿਹਾਲੀ ਦੇ ਘਰ

ਵਿਚ ਲੁਕੇ ਹੋਏ ਹਨ। ਭਾਈ ਬੁੱਢਾ ਜੀ ਇਕ ਪਹਿਰ ਰਾਤ ਰਹਿੰਦੀ ਉਠੇ, ਜਪੁਜੀ ਸਾਹਿਬ, ਆਸਾ ਦੀ ਵਾਰ ਅਤੇ ਗੁਰੂ ਨਾਨਕ ਦੇਵ ਜੀ ਦੀ ਹੋਰ ਬਾਣੀ ਦਾ ਪਾਠ ਕੀਤਾ। ਸਵੇਰ ਸਾਰ ਹੀ ਸਿਦਕੀ ਸਿੱਖ ਫਿਰ ਆਏ ਅਤੇ ਭਾਈ ਬੁੱਢਾ ਜੀ ਦੇ ਆਲੇ ਦੁਆਲੇ ਖੜੇ ਗਏ, ਕਿਉਂ ਜੋ ਉਨ੍ਹਾਂ ਨੂੰ ਪਤਾ ਸੀ ਕਿ ਗੁਰੂ ਜੀ ਨੇ ਭਾਈ ਬੁੱਢਾ ਜੀ ਨੂੰ ਅਦਭੁਤ ਗਿਆਨ ਬਖਸ਼ਿਆ ਹੋਇਆ ਸੀ। ਭਾਈ ਬੁੱਢਾ ਜੀ ਨੇ ਜੋ ਕੁਝ ਅੰਤਰ ਧਿਆਨ ਹੋ ਕੇ ਵੇਖਿਆ ਸੀ ਉਨ੍ਹਾਂ ਨੂੰ ਦੱਸ ਦਿੱਤਾ, ਤਾਂ ਉਹ ਸਿੱਖ ਭਾਈ ਬੁੱਢਾ ਜੀ ਦੇ ਮਗਰ ਲੱਗ ਕੇ ਖਡੂਰ ਦੇ ਲਾਗੇ ਬੀਬੀ ਨਿਹਾਲੀ ਦੇ ਘਰ ਵੱਲ ਤੁਰ ਪਏ। ਘਰ ਦੇ ਮਾਲਕ ਪਾਸੋਂ ਜਦੋਂ ਉਨ੍ਹਾਂ ਨੇ ਪੁੱਛਿਆ ਤਾਂ ਉਸਨੇ ਕੋਈ ਪਤਾ ਨਾ ਦੱਸਿਆ। ਤਦ ਭਾਈ ਬੁੱਢਾ ਜੀ ਕਹਿਣ ਲੱਗੇ ਜਿਵੇਂ ਸੂਰਜ ਚੜ੍ਹਨ ਮਗਰੋਂ ਹਨ੍ਹੇਰਾ ਨਹੀਂ ਰਹਿੰਦਾ ਇਸੇ ਤਰ੍ਹਾਂ ਗੁਰੂ ਛੁਪਾਇਆਂ ਨਹੀਂ ਛੁੱਪ ਸਕਦਾ। ਬੀਬੀ ਨਿਹਾਲੀ ਗੁਰੂ ਜੀ ਪਾਸ ਗਈ ਅਤੇ ਉਨ੍ਹਾਂ ਨੂੰ ਦੱਸਿਆ ਕਿ ਤੁਹਾਡੇ ਚਾਰ ਸਿੱਖ ਦਰਸ਼ਨ ਕਰਨ ਆਏ ਹਨ। ਗੁਰੂ ਜੀ ਨੇ ਝੱਟ ਹੁਕਮ ਕੀਤਾ ਕਿ ਉਨ੍ਹਾਂ ਨੂੰ ਸਾਡੇ ਪਾਸ ਕੋਠੜੀ ਵਿਚ ਲੈ ਆਵੋ। ਗੁਰੂ ਜੀ ਨੇ ਭਾਈ ਬੁੱਢਾ ਜੀ ਨੂੰ ਗਲੇ ਨਾਲ ਘੁੱਟ ਕੇ ਲਾ ਲਿਆ ਅਤੇ ਹੇਠ ਲਿਖਿਆ ਸਲੋਕ ਉਚਾਰਨ ਕੀਤਾ—

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੇ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾਕੈ ਪਾਛੈ ਜੀਵਣਾ॥ *(ਸਿਰੀ ਰਾਗ ਵਾਰ ਮਃ ੨)*

ਥੋੜੇ ਚਿਰ ਮਗਰੋਂ ਗੁਰੂ ਜੀ ਨੇ ਫਿਰ ਉਚਾਰਿਆ— *(ਆਃ ਗ੍ਰੰਃ ਪੰਃ ੮੩)*

ਸਲੋਕ ਮਃ ੨

ਜੋ ਸਿਰ ਸਾਂਈ ਨ ਨਿਵੈ ਸੋ ਸਿਰੁ ਦੀਜੈ ਡਾਰਿ॥
ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀਂ ਸੋ ਪਿੰਜਰ ਲੈ ਜਾਰਿ॥

(ਆਃ ਗ੍ਰੰਃ ਪੰਃ ੮੯)

(ਸਿਰੀ ਰਾਗ ਵਾਰ ਮਃ ੨)

ਦੂਜੇ ਸਿੱਖਾਂ ਨੇ ਵੇਖਿਆ ਕਿ ਗੁਰੂ ਨਾਨਕ ਦੇਵ ਜੀ ਵਾਂਗੂ ਗੁਰੂ ਅੰਗਦ ਦੇਵ ਜੀ ਦੇ ਮੁਖੜੇ ਉੱਤੇ ਉਹੀ ਪ੍ਰਕਾਸ਼ ਹੈ, ਉਹੀ ਆਕ੍ਰਸ਼ਣ ਹੈ, ਅਤੇ ਉਹੀ ਰੂਪ ਹੈ। ਉਨ੍ਹਾਂ ਸਿੱਖਾਂ ਨੇ ਭਾਈ ਬੁੱਢਾ ਜੀ ਨੂੰ ਵਧਾਈ ਦਿੱਤੀ ਕਿ ਤੁਹਾਨੂੰ ਗੁਰੂ ਜੀ ਦੇ ਲੱਭ ਲੈਣ ਵਿਚ ਸਫਲਤਾ ਪ੍ਰਾਪਤ ਹੋਈ ਹੈ।

ਬਾਬਾ ਬੁੱਢਾ ਨਾਮ ਕਿਵੇਂ ਪਿਆ

ਗੁਰੂ ਜੀ ਭਾਈ ਬੁੱਢਾ ਜੀ ਪਾਸੋਂ ਪੁੱਛਣ ਲੱਗੇ ਕਿ ਤੁਸੀਂ 'ਬੁੱਢਾ' ਨਾਉਂ ਕਿਵੇਂ ਪ੍ਰਾਪਤ ਕੀਤਾ ਹੈ ਅਤੇ ਗੁਰੂ ਨਾਨਕ ਦੇਵ ਜੀ ਕਿਸ ਕਰਕੇ ਤੁਹਾਡੇ ਤੇ ਪ੍ਰਸੰਨ ਰਹਿੰਦੇ ਸਨ? ਤਾਂ ਭਾਈ ਬੁੱਢਾ ਜੀ ਨੇ ਗੁਰੂ ਜੀ ਨੂੰ ਦੱਸਿਆ ਕਿ ਮੈਂ ਉਹ ਬਾਲਕ ਹਾਂ ਜਿਸ ਨੇ ਛੋਟੀਆਂ ਲੱਕੜਾਂ ਨੂੰ ਪਹਿਲਾਂ ਅਤੇ ਵੱਡੀਆਂ ਨੂੰ ਮਗਰੋਂ ਜਲਦਿਆਂ ਵੇਖਿਆ ਸੀ, ਅਤੇ ਮੈਂ ਗੁਰੂ ਨਾਨਕ ਦੇਵ ਜੀ ਦੇ ਨਿਤਨੇਮ ਦੇ ਦੀਵਾਨਾਂ ਵਿਚ ਜਾਂਦਾ ਰਹਿੰਦਾ ਸੀ। ਭਾਈ ਬੁੱਢਾ ਜੀ ਨੇ ਆਪਣੇ ਜੀਵਨ ਦੀ ਇਕ ਹੋਰ ਕਥਾ ਸੁਣਾਈ : "ਇਕ ਵਾਰ ਬਾਦਸ਼ਾਹ ਦੀਆਂ ਫ਼ੌਜਾਂ ਸਾਡੇ ਪਿੰਡ ਵਿਚੋਂ ਲੰਘੀਆਂ, ਉਨ੍ਹਾਂ ਨੇ ਮੇਰੇ ਪਿਤਾ ਜੀ ਦੀ ਸਾਰੀ ਹਰੀ ਫਸਲ ਆਪਣੇ ਘੋੜਿਆਂ ਨੂੰ ਚਾਰਨ ਲਈ ਵੱਢ ਲਈ। ਮੈਂ ਆਪਣੇ ਪਿਤਾ ਜੀ ਨੂੰ ਕਿਹਾ ਕਿ ਆਪਣੀਆਂ

ਫਸਲਾਂ ਨੂੰ ਬਚਾਓ, ਪਰ ਪਿਤਾ ਜੀ ਨੇ ਉੱਤਰ ਦਿੱਤਾ ਕਿ ਬਾਦਸ਼ਾਹ ਦੀਆਂ ਫ਼ੌਜਾਂ ਦੇ ਸਾਹਮਣੇ ਅਸੀਂ ਬਲਹੀਣ ਹਾਂ, ਕੁਝ ਨਹੀਂ ਕਰ ਸਕਦੇ। ਤਾਂ ਮੈਂ ਇਹ ਸਿੱਟਾ ਕੱਢਿਆ ਕਿ ਜੇ ਮੇਰਾ ਪਿਤਾ ਬਾਦਸ਼ਾਹ ਦੀਆਂ ਫ਼ੌਜਾਂ ਦਾ ਮੁਕਾਬਲਾ ਨਹੀਂ ਕਰ ਸਕਦਾ ਤਾਂ ਉਹ ਕਾਲ ਨੂੰ, ਜੋ ਕਿ ਇਸ ਨਾਲੋਂ ਵੀ ਬਲਵਾਨ ਵੈਰੀ ਹੈ, ਕਿਵੇਂ ਰੋਕ ਸਕੇਗਾ ! ਇਹ ਵਿਚਾਰ ਕੇ ਮੈਂ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਜਾ ਕੇ ਉਨ੍ਹਾਂ ਦੇ ਚਰਨਾਂ ਵਿਚ ਆਪਣੇ ਆਪ ਨੂੰ ਅਰਪਨ ਕਰ ਦਿੱਤਾ। ਜਦੋਂ ਗੁਰੂ ਨਾਨਕ ਦੇਵ ਜੀ ਨੇ ਮੇਰੀ ਇਹ ਵਿਥਿਆ ਸੁਣੀ ਤਾਂ ਕਹਿਣ ਲੱਗੇ : "ਭਾਈ, ਤੂੰ ਤਾਂ ਬੁੱਢਿਆਂ ਵਰਗੀਆਂ ਗੱਲਾਂ ਕਰਦਾ ਏਂ, ਅੱਜ ਤੋਂ ਤੈਨੂੰ ਲੋਕ ਭਾਈ ਬੁੱਢਾ ਕਿਹਾ ਕਰਨਗੇ ਤੇ ਤੇਰੀ ਜਨਮ ਮਰਨ ਦੀ ਚੁਰਾਸੀ ਕੱਟੀ ਗਈ ਹੈ।"

ਭਾਈ ਬੁੱਢਾ ਜੀ ਨੇ ਫਿਰ ਦੱਸਿਆ "ਮੈਂ ਗੁਰੂ ਨਾਨਕ ਦੇਵ ਜੀ ਪਾਸ ਦੂਜੇ ਦਿਨ ਘਿਉ ਦਾ ਛੰਨਾ ਲੈ ਕੇ ਗਿਆ।" ਗੁਰੂ ਜੀ ਨੇ ਪੁੱਛਿਆ : "ਕੀ ਇਹ ਭੇਂਟ ਤੂੰ ਆਪਣੀ ਮਾਤਾ ਜੀ ਪਾਸੋਂ ਪੁੱਛ ਕੇ ਲਿਆਂਦੀ ਹੈ ਕਿ ਚੋਰੀ?" ਮੈਂ ਉੱਤਰ ਦਿੱਤਾ "ਮਾਤਾ ਜੀ ਪਾਸੋਂ ਪੁੱਛ ਕੇ ਲਿਆਇਆ ਹਾਂ।" ਤਾਂ ਗੁਰੂ ਨਾਨਕ ਦੇਵ ਜੀ ਨੇ ਮੈਨੂੰ ਬ੍ਰਹਮ ਗਿਆਨ ਦਾ ਉਪਦੇਸ਼ ਕੀਤਾ, ਜਿਸ ਨਾਲ ਮੇਰੇ ਹਿਰਦੇ ਵਿਚ ਪ੍ਰਕਾਸ਼ ਹੋ ਗਿਆ ਅਤੇ ਮੈਨੂੰ ਆਤਮਿਕ ਗਿਆਨ ਦੀ ਸੋਝੀ ਹੋਈ। ਉਸੇ ਆਤਮਿਕ ਗਿਆਨ ਸਦਕੇ ਮੈਂ ਆਪ ਨੂੰ ਆ ਲੱਭਿਆ ਹੈ। ਇਹ ਕਹਿੰਦੇ ਹੋਏ ਭਾਈ ਬੁੱਢਾ ਜੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਉੱਤੇ ਢਹਿ ਪਏ। ਗੁਰੂ ਜੀ ਨੇ ਕਿਹਾ "ਕੁਝ ਵਰ ਮੰਗੋ।" ਫਿਰ ਭਾਈ ਬੁੱਢਾ ਜੀ ਨੇ ਇਹ ਮੰਗਿਆ : "ਗੁਰੂ ਜੀ, ਤੁਸੀਂ ਆਪਣੇ ਗੁਰਿਆਈ ਦੇ ਸਿੰਘਾਸਨ ਤੇ ਸਜੋ ਅਤੇ ਸਿੱਖ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਦੀਦਾਰੇ ਦਿਉ। ਸਾਨੂੰ ਆਪਣੇ ਧਰਮ ਦੀ ਸਿੱਖਿਆ ਦੇਵੋ ਤੇ ਅਸਾਂ ਸਾਰਿਆਂ ਦਾ ਪਾਰ ਉਤਾਰਾ ਕਰੋ।" ਇਸ ਉੱਤੇ ਗੁਰੂ ਅੰਗਦ ਦੇਵ ਜੀ ਨੇ ਇਉਂ ਉਚਾਰਣ ਕੀਤਾ—

ਦੀਖਿਆ ਆਖਿ ਬੁਝਾਇਆ ਸਿਫਤੀ ਸਚੁ ਸਮੇਉ। *(ਆ: ਗ੍ਰੰ: ਪੰ: ੧੫੦)*

ਤਿਨ ਕਉ ਕਿਆ ਉਪਦੇਸੀਐ ਜਿਨ ਗੁਰ ਨਾਨਕ ਦੇਉ। *(ਵਾਰ ਮਾਝ ਮ: ੨)*

ਗੁਰੂ ਜੀ ਦੀ ਨਿਤ ਕਿਰਿਆ

ਇਸ ਮਗਰੋਂ ਗੁਰੂ ਅੰਗਦ ਦੇਵ ਜੀ ਨੇ ਇਕਾਂਤ ਵਾਸ ਤਿਆਗ ਦਿੱਤਾ ਅਤੇ ਉਸ ਕੋਠੜੀ ਵਿਚੋਂ ਬਾਹਰ ਆ ਗਏ। ਜਦ ਇਹ ਖਬਰ ਲੋਕਾਂ ਨੂੰ ਮਿਲੀ ਤਾਂ ਬੇਅੰਤ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਅੱਗੇ ਭੇਟਾ ਚੜ੍ਹਾਉਣ ਆਈਆਂ। ਜੋ ਕੁਝ ਭੇਟਾ ਵਿਚ ਆਉਂਦਾ ਸੀ ਯਾਤਰੂਆਂ ਅਤੇ ਮੁਸਾਫਰਾਂ ਦੀ ਸਹਾਇਤਾ ਲਈ ਗੁਰੂ ਜੀ ਦੇ ਲੰਗਰ ਵਿਚ ਭੇਜ ਦਿੱਤਾ ਜਾਂਦਾ ਸੀ।

ਗੁਰੂ ਅੰਗਦ ਦੇਵ ਜੀ ਦੀ ਨਿੱਤ ਕਿਰਿਆ ਇਸ ਪ੍ਰਕਾਰ ਸੀ ਕਿ ਪਹਿਰ ਰਾਤ ਰਹੀ ਉਠ ਕੇ ਠੰਢੇ ਜਲ ਨਾਲ ਇਸ਼ਨਾਨ ਕਰਦੇ ਅਤੇ ਬਿਰਤੀ ਨੂੰ ਇਕਾਗਰ ਕਰਕੇ ਵਾਹਿਗੁਰੂ ਦੀ ਬੰਦਗੀ ਵਿਚ ਜੁੜ ਜਾਂਦੇ। ਇਸ ਸਮੇਂ ਰਬਾਬੀ ਆਸਾ ਦੀ ਵਾਰ ਉਚਾਰਨ ਕਰਦੇ। ਵਾਰ ਦਾ ਭੋਗ ਪੈਣ ਤੇ ਗੁਰੂ ਜੀ ਆਪਣੀ ਸਮਾਧੀ ਤੋਂ ਉਠਦੇ ਸਨ। ਰੋਗੀ ਖਾਸ ਕਰਕੇ ਕੋਹੜੀ, ਦੂਰੋਂ ਦੂਰੋਂ ਗੁਰੂ ਜੀ ਪਾਸੋਂ ਅਰੋਗ ਹੋਣ ਲਈ ਆਉਂਦੇ ਅਤੇ ਰਾਜ਼ੀ ਹੋ ਕੇ ਆਪੋ ਆਪਣੇ

ਘਰਾਂ ਨੂੰ ਗੁਰੂ ਜੀ ਦਾ ਜੱਸ ਗਾਉਂਦੇ ਚਲੇ ਜਾਂਦੇ। ਰੋਗੀਆਂ ਦਾ ਦਵਾ ਦਾਰੂ ਕਰਨ ਉਪਰੰਤ ਗੁਰੂ ਜੀ ਉਪਦੇਸ਼ ਦਿੰਦੇ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਕਥਾ ਕਰਦੇ। ਸਵੇਰੇ ਕੋਈ ਨੌ ਵਜੇ, ਦਰਸ਼ਨ ਕਰਨ ਆਈਆਂ ਸੰਗਤਾਂ ਊਚ ਨੀਚ ਦੇ ਵਿਚਾਰ ਦੇ ਬਿਨਾਂ ਇਕੋ ਪੰਗਤ ਵਿਚ ਬੈਠ ਜਾਂਦੀਆਂ ਅਤੇ ਬਿਨਾਂ ਕਿਸੇ ਭਿੰਨ-ਭੇਦ ਤੋਂ ਪ੍ਰਸ਼ਾਦ ਲੈਂਦੀਆਂ। ਜਦ ਵੱਡੇ ਆਦਮੀ ਪ੍ਰਸ਼ਾਦ ਛਕ ਚੁਕਦੇ ਅਤੇ ਅਰਦਾਸਾ ਸੋਧਿਆ ਜਾਂਦਾ ਤਾਂ ਛੋਟਿਆਂ ਬੱਚਿਆਂ ਨੂੰ ਭੋਜਨ ਖੁਆਇਆ ਜਾਂਦਾ ਅਤੇ ਗੁਰੂ ਜੀ ਆਪ ਉਨ੍ਹਾਂ ਨੂੰ ਸਿੱਖਿਆ ਦਿੰਦੇ ਸਨ। ਬਹੁਤ ਵਾਰੀ ਤਾਂ ਗੁਰੂ ਜੀ ਬਾਲਕਾਂ ਦੇ ਆਚਾਰ (ਵਤੀਰੇ)— ਤੋਂ ਸਿੱਖਿਆ ਦੇਣ ਦਾ ਅਵਸਰ ਲੈਂਦੇ। ਗੁਰੂ ਜੀ ਬਾਲਕਾਂ ਦੀਆਂ ਖੇਡਾਂ ਨੂੰ ਅਤੀ ਪ੍ਰਸੰਨਤਾ ਨਾਲ ਵੇਖਦੇ ਸਨ ਅਤੇ ਆਪਣੇ ਸਿੱਖਾਂ ਨੂੰ ਕਹਿੰਦੇ ਸਨ ਕਿ ਅਜੇ ਇਨ੍ਹਾਂ ਦੇ ਵੈਰਾਗ ਕਰਨ ਦਾ ਸਮਾਂ ਨਹੀਂ ਆਇਆ। ਵੱਡਿਆਂ ਨੂੰ ਵੀ ਇਨ੍ਹਾਂ ਵਾਂਗ ਨਿਰਛੱਲ ਅਤੇ ਸਾਫ ਹਿਰਦੇ ਵਾਲਾ ਹੋਣਾ ਚਾਹੀਦਾ ਹੈ, ਤਾਂ ਹੀ ਉਹ ਆਪਣੇ ਸਿਰਜਨਹਾਰ ਨੂੰ ਪਿਆਰੇ ਲੱਗ ਸਕਦੇ ਹਨ। ਗੁਰੂ ਜੀ ਕਦੀ ਕਦੀ ਲੁੱਢੇ ਵੇਲੇ ਘੋਲ ਵੇਖਦੇ ਸਨ। ਅਜਿਹੇ ਸਮੇਂ ਗੁਰੂ ਜੀ ਤਮਾਸ਼ਾ ਵੇਖਣ ਵਾਲਿਆਂ ਨੂੰ ਉਪਦੇਸ਼ ਦੇਂਦੇ ਕਿ ਕ੍ਰੋਧ ਅਤੇ ਹੋਰ ਘੋਰ ਪਾਪਾਂ ਨੂੰ ਕਿਵੇਂ ਰੋਕਣਾ ਚਾਹੀਦਾ ਹੈ? ਇਸ ਉਪਰੰਤ ਗੁਰੂ ਜੀ ਦੀਵਾਨ ਲਾਂਦੇ ਜਿਸ ਵਿਚ ਉਸ ਵੇਲੇ ਦੇ ਦੋ ਮਸ਼ਹੂਰ ਰਬਾਬੀ ਸੱਤਾ ਤੇ ਬਲਵੰਡ ਆਪਣੇ ਸੁਰ ਤੇ ਸਾਜ਼ਾਂ ਨਾਲ ਸੰਗਤਾਂ ਨੂੰ ਨਿਹਾਲ ਕਰਦੇ। ਸੋਦਰ ਦਾ ਪਾਠ ਹੁੰਦਾ ਅਤੇ ਸਵੇਰ ਵਾਂਗ ਫਿਰ ਲੰਗਰ ਵਰਤਦਾ। ਇਸ ਮਗਰੋਂ ਫਿਰ ਕੀਰਤਨ ਹੁੰਦਾ ਅਤੇ ਇਸ ਉਪਰੰਤ ਗੁਰੂ ਜੀ ਅਤੇ ਸਿੱਖ ਆਰਾਮ ਕਰਨ ਨੂੰ ਚਲੇ ਜਾਂਦੇ।

ਗੁਰੂ ਜੀ ਪਾਸ ਜੋਗੀ ਆਏ

ਫਿਰ ਅੱਡੋ ਅੱਡ ਭੇਖਾਂ ਦੇ ਜੋਗੀ ਗੁਰੂ ਜੀ ਪਾਸ ਆਏ ਅਤੇ ਗੁਰੂ ਜੀ ਨੂੰ ਆਪਣੇ ਧਰਮ ਵਿਚ ਲਿਆਉਣ ਲਈ ਪ੍ਰੇਰਣ ਲੱਗੇ। ਉਨ੍ਹਾਂ ਨੇ ਦੱਸਿਆ ਕਿ ਪਿਛਲੇ ਸਮੇਂ ਦੇ ਵੱਡੇ ਵੱਡੇ, ਰਿਸ਼ੀਆਂ ਮੁਨੀਆਂ ਅਤੇ ਜਪੀਆਂ ਤਪੀਆਂ ਨੇ ਵੀ ਜੋਗ ਅਤੇ ਉਸਦੇ ਅਸ਼ਟਾਂਗ ਯਮ, ਨਿਯਮ, ਆਸਨ, ਪ੍ਰਤਿਹਾਰ, ਪ੍ਰਾਣਾਯਾਮ, ਧਿਆਨ, ਧਾਰਨਾ ਅਤੇ ਸਮਾਧੀ—ਤੋਂ ਬਿਨਾਂ ਸੁੱਖ ਜਾਂ ਮਨ ਦੀ ਪਵਿੱਤਰਤਾ ਪ੍ਰਾਪਤ ਨਹੀਂ ਕੀਤੀ। ਜੋਗੀ ਕਹਿਣ ਲੱਗੇ : "ਜੋਗ ਕਰਨ ਨਾਲ ਉਮਰ ਵੱਡੀ ਹੋ ਜਾਂਦੀ ਹੈ। ਲਛਮੀ ਮਿਲਦੀ ਹੈ ਅਤੇ ਅਦਭੁਤ ਸ਼ਕਤੀ ਪ੍ਰਾਪਤ ਹੁੰਦੀ ਹੈ।

"ਗੁਰੂ ਨਾਨਕ ਦੇਵ ਜੀ ਨੇ ਜੋਗ ਕਮਾਇਆ ਸੀ ਅਤੇ ਇਸ ਕਰਕੇ ਉਨ੍ਹਾਂ ਨੇ ਚਾਰੇ ਵਰਣਾਂ ਵਿਚੋਂ ਸਿੱਖ ਬਣਾ ਲਏ ਸਨ, ਇਸ ਲਈ ਤੁਸੀਂ ਵੀ ਜੋਗ ਕਰੋ। ਜੇਕਰ ਹੁਣ ਤੁਸੀਂ ਸਾਡੇ ਤੋਂ ਸਿੱਖਿਆ ਲਵੋ ਤਾਂ ਗੁਰੂ ਗੋਰਖਨਾਥ ਦੀ ਕਿਰਪਾ ਨਾਲ ਤੁਹਾਨੂੰ ਦੂਣੀ ਸ਼ਕਤੀ ਪ੍ਰਾਪਤ ਹੋ ਜਾਵੇਗੀ।" ਗੁਰੂ ਜੀ ਜਾਣੀ ਜਾਣ ਸਨ, ਉਨ੍ਹਾਂ ਦਾ ਮੰਤਵ ਸਮਝ ਕੇ ਆਖਣ ਲੱਗੇ : "ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਸਾਨੂੰ ਆਪਣੇ ਆਪ ਵਿਚ ਉਸ ਕੰਮ ਦੇ ਕਰਨ ਲਈ ਕੋਈ ਘਾਟਾ ਨਹੀਂ ਜਾਪਦਾ, ਜਿਸ ਲਈ ਕਿ ਮੈਂ ਲੱਗਾ ਹੋਇਆ ਹਾਂ। ਇਸ ਕਲਯੁਗ ਵਿਚ ਜਿਹੜਾ ਜੋਗ ਤੁਸੀਂ ਦੱਸਦੇ ਹੋ ਉਹ ਕਰਨਾ ਕਠਿਨ ਹੈ। ਪਰ ਭਗਤੀ ਜੋਗ ਦੇ ਤਰੀਕੇ ਨਾਲ ਮਨ ਨੂੰ ਪਵਿੱਤਰ ਕਰ ਲੈਣਾ ਆਸਾਨ ਹੈ। ਮਹਾਤਮਾ ਲੋਕ ਕਹਿੰਦੇ ਹਨ

ਕਿ ਬਿਰਤੀ ਨੂੰ ਇਕਾਗਰ ਕਰਕੇ ਨਾਮ ਜਪਣਾ ਅਰ ਸੰਤਾਂ ਦੀ ਸੰਗਤ ਕਰਨੀ ਸਹਿਜ-ਜੋਗ ਹੈ। ਤੁਹਾਡੇ ਜੋਗ ਨਾਲ ਦੌਲਤ ਅਤੇ ਅਲੌਕਿਕ ਸ਼ਕਤੀਆਂ ਭਾਵੇਂ ਮਿਲ ਜਾਣ ਪਰ ਜਦੋਂ ਆਦਮੀ ਇਨ੍ਹਾਂ ਚੀਜ਼ਾਂ ਵਿਚ ਫਸ ਜਾਂਦਾ ਹੈ ਤਾਂ ਉਹ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਜੇਕਰ ਆਦਮੀ ਦੀ ਆਯੂ ਲੰਮੀ ਹੋ ਜਾਵੇ ਤਾਂ ਉਹ ਲੋਭ ਅਰ ਅਹੰਕਾਰ ਨਾਲ ਨਸ਼ਟ ਹੋ ਜਾਂਦਾ ਹੈ। ਤੁਸੀਂ ਆਪਣੀ ਸਰੀਰਕ ਤਪੱਸਿਆ ਦੇ ਅਭਿਮਾਨ ਵਿਚ ਰਹਿ ਕੇ ਵਾਹਿਗੁਰੂ ਨੂੰ ਨਹੀਂ ਵੇਖਿਆ, ਜਿਹੜਾ ਹਰ ਇਕ ਦੇ ਹਿਰਦੇ ਵਿਚ ਨਿਵਾਸ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ ਕਿ ਮਲੀਨਤਾ ਵਿਚ ਪਵਿੱਤ੍ਰ ਕਿਵੇਂ ਰਹੀਦਾ ਹੈ। "ਭਾਵ ਗ੍ਰਹਿਸਤੀ ਜੀਵਨ ਬਤੀਤ ਕਰਕੇ ਵਾਹਿਗੁਰੂ ਨੂੰ ਕਿਵੇਂ ਪਾਈਦਾ ਹੈ।" ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਦੁਆਰਾ ਪ੍ਰਮਾਣ ਦੇ ਕੇ ਜੋਗੀਆਂ ਨੂੰ ਦੱਸਿਆ ਕਿ ਧਰਮ ਕਿਸ ਵਿਚ ਹੈ—

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੧॥
ਗਲੀ ਜੋਗੁ ਨ ਹੋਈ॥ ਏਕ ਦ੍ਰਿਸਟਿ ਕਰਿ ਸਮਸਰਿ
ਜਾਣੈ ਜੋਗੀ ਕਹੀਐ ਸੋਈ॥੧॥ਰਹਾਉ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ।
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੨॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਆ॥
ਅੰਜਨਿ ਮਾਹਿ ਨਿਰੰਜਨ ਰਹੀਐ ਜੋਗ ਜੁਗਤਿ ਇਵ ਪਾਈਐ॥੩॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗ ਕਮਾਈਐ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ॥ *(ਆਃ ਗ੍ਰੰਃ ਪੰਃ ੭੩੦)*
ਜੋਗ ਜੁਗਤਿ ਤਉ ਪਾਈਐ॥੪॥੧॥੮॥ *(ਸੂਹੀ ਮਃ ੧ ਘਰੁ ੧)*

ਲਿਖਿਆ ਹੈ ਕਿ ਜੋਗੀਆਂ ਦਾ ਵੱਡਾ ਨਾਥ ਇਹ ਸੁਣ ਕੇ ਖੁਸ਼ ਹੋ ਗਿਆ ਅਤੇ ਗੁਰੂਜੀ ਨੂੰ ਆਖਣ ਲੱਗਾ ਕੁਝ ਮੰਗੋ। ਗੁਰੂ ਜੀ ਨੇ ਉੱਤਰ ਦਿੱਤਾ ਕਿ ਬਾਬਾ ਨਾਨਕ ਨੇ ਸਾਨੂੰ ਸਭ ਕੁਝ ਬਖਸ਼ਿਆ ਹੋਇਆ ਹੈ ਅਤੇ ਸਾਨੂੰ ਕਿਸੇ ਹੋਰ ਚੀਜ਼ ਦੀ ਇੱਛਾ ਨਹੀਂ। ਨਾਥ ਫਿਰ ਕਹਿਣ ਲੱਗਾ : "ਕੁਝ ਮੰਗੋ, ਮੇਰਾ ਕਿਹਾ ਵਿਅਰਥ ਨਾ ਜਾਏ" ਤਾਂ ਗੁਰੂ ਜੀ ਨੇ ਮਨ ਦੀ ਗਰੀਬੀ ਮੰਗੀ। ਨਾਥ ਕਹਿਣ ਲੱਗਾ, "ਨਾ ਤੇ ਇਹ ਮੇਰੇ ਪਾਸ ਹੈ, ਨਾ ਹੀ ਸੁਵਰਗ ਦੇ ਦੇਵਤਿਆਂ ਪਾਸ ਹੈ।" ਤਾਂ ਨਾਥ ਨੇ ਵਾਹਿਗੁਰੂ ਵੱਲ ਧਿਆਨ ਲਗਾਇਆ ਅਤੇ ਆਪਣੇ ਲਈ ਮਨ ਦੀ ਗਰੀਬੀ ਮੰਗੀ ਤਾਂ ਅਕਾਸ਼ ਵਿਚੋਂ ਇਕ ਅਵਾਜ਼ ਆਈ ਕਿ ਮਨ ਦੀ ਗਰੀਬੀ ਖੁਲੇ ਦਿਲ ਨਾਲ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੀ ਗੱਦੀ ਉੱਤੇ ਗੁਰੂ ਅੰਗਦ ਦੇਵ ਜੀ ਨੂੰ ਬਖਸ਼ ਦਿੱਤੀ ਗਈ ਹੈ।

ਜੋਗੀ ਹਰੀ ਨਾਥ

ਇਹ ਸੁਣ ਕੇ ਸਿੱਧ ਵਿਦਾ ਹੋਏ। ਉਨ੍ਹਾਂ ਦੇ ਪਿੱਛੋਂ ਇਕ ਉੱਚੀ ਆਤਮਕ ਪਦਵੀ ਦਾ ਜੋਗੀ ਹਰੀ ਨਾਥ ਆਇਆ। ਉਹ ਗੁਰੂ ਜੀ ਨੂੰ ਵੇਖ ਕੇ ਪ੍ਰਸੰਨ ਹੋਇਆ ਅਤੇ ਉਨ੍ਹਾਂ ਅੱਗੇ ਬੇਨਤੀ ਕਰਨ ਲੱਗਾ ਕਿ ਕਿਰਪਾ ਕਰਕੇ ਦੱਸੋ ਕਿ ਮਨੁੱਖ ਦਾ ਸਭ ਤੋਂ ਉੱਚ ਧਰਮ ਕੀ ਹੈ? ਗੁਰੂ ਜੀ ਨੇ ਉੱਤਰ ਵਿਚ ਆਸਾ ਦੀ ਵਾਰ ਦਾ ਬਾਰ੍ਹਵਾਂ ਸ਼ਲੋਕ ਉਚਾਰਿਆ।

ਮਃ ੨॥ ਜੋਗ ਸਬਦੰ ਇਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ ਸਬਦੰ ਪਰਾਕ੍ਰਿਤਹ॥
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥
ਨਾਨਕੁ ਤਾਕਾ ਦਾਸੁ ਹੈ ਸੋਈ ਨਿਰੰਜਨ ਦੇਉ॥ *(ਆਃ ਗ੍ਰੰਃ ਪੰਃ ੪੬੯)*

ਇਹ ਸੁਣ ਕੇ ਹਰੀ ਨਾਥ ਦੇ ਭਰਮ ਦੂਰ ਹੋ ਗਏ। ਗੁਰੂ ਜੀ ਦਾ ਜਸ ਵਧ ਗਿਆ। ਸਦਾ ਹੀ ਬੇਅੰਤ ਸੰਗਤਾਂ ਗੁਰੂ ਜੀ ਦੇ ਆਲੇ-ਦੁਆਲੇ ਰਹਿੰਦੀਆਂ, ਅਤੇ ਜਿਨ੍ਹਾਂ ਲਈ ਗੁਰੂ ਜੀ ਹਾਮੀ ਭਰਦੇ ਉਨ੍ਹਾਂ ਦੀਆਂ ਇੱਛਾਵਾਂ ਤੇ ਮਨੋਰਥ ਪੂਰੇ ਹੁੰਦੇ।

ਭਾਈ ਜੀਵਾ

ਇਕ ਦਿਨ ਗਰਮੀ ਦੀ ਰੁੱਤ ਵਿਚ ਸ਼ਾਮ ਵੇਲੇ ਬੜਾ ਝਖੜ ਚੜ੍ਹਿਆ ਜਿਸ ਵਿਚ ਮਿੱਟੀ ਘੱਟੇ ਦੇ ਬੱਦਲ ਆਏ ਅਤੇ ਲੰਗਰ ਤਿਆਰ ਨਾ ਹੋ ਸਕਿਆ। ਗੁਰੂ ਜੀ ਦਾ ਲਾਂਗਰੀ ਭਾਈ ਜੀਵਾ ਕਹਿਣ ਲੱਗਾ ਕਿ ਮੈਂ ਤਾਂ ਹੀ ਪ੍ਰਸ਼ਾਦ ਵਰਤਾ ਸਕਦਾ ਹਾਂ, ਜੇਕਰ ਗੁਰੂ ਜੀ ਹਨੇਰੀ ਝੱਖੜ ਨੂੰ ਬੰਦ ਕਰ ਦੇਣ। ਗੁਰੂ ਜੀ ਨੇ ਉਸ ਨੂੰ ਇਸ ਤਰ੍ਹਾਂ ਝਾੜ ਪਾਈ : "ਜੀਵਿਆ, ਤੂੰ ਸਦਾ ਹੀ ਵਾਹਿਗੁਰੂ ਅਤੇ ਸੱਚੇ ਗੁਰੂ ਦੀ ਰਜ਼ਾਇ ਵਿਚ ਪ੍ਰਸੰਨ ਰਹੁ। ਇਹ ਹੀ ਸਾਡੇ ਮਨ ਦੀ ਵਡਿਆਈ ਹੈ, ਅਤੇ ਜਿਹੜਾ ਸਿੱਖ ਇਸ ਤੇ ਚਲੇਗਾ ਉਹ ਗੁਰੂ ਦਾ ਪਿਆਰਾ ਹੋਵੇਗਾ। ਜਿਸ ਤਰ੍ਹਾਂ ਇਕ ਨੇਕ, ਚੰਗੇ ਵਰਤਾਉ ਵਾਲੀ ਅਤੇ ਚਤੁਰ ਇਸਤ੍ਰੀ ਆਪਣੇ ਪਤੀ ਦੀ ਰਜ਼ਾ ਵਿਚ ਸਦਾ ਖੁਸ਼ ਰਹਿੰਦੀ ਹੈ, ਇਸੇ ਤਰ੍ਹਾਂ ਜੀਵਿਆ ਤੂੰ ਗੁਰੂ ਉਪਦੇਸ਼ ਮੰਨ ਅਤੇ ਵਾਹਿਗੁਰੂ ਦੀ ਰਜ਼ਾ ਵਿਚ ਸਦਾ ਖੁਸ਼ ਰਹੋ। ਇਸ ਤਰ੍ਹਾਂ ਕਰਨ ਨਾਲ ਤੈਨੂੰ ਭਗਤੀ, ਤਪ, ਵਰਤ ਰੱਖਣ, ਪੁੰਨ ਦਾਨ ਕਰਨ ਦੇ ਫਲ ਪ੍ਰਾਪਤ ਹੋਣਗੇ ਅਤੇ ਅਨੰਦ ਵਿਚ ਰਵ੍ਹੇਂਗਾ।"

ਗੁੱਜਰ ਲੁਹਾਰ

ਗੁੱਜਰ ਲੁਹਾਰ ਗੁਰੂ ਜੀ ਪਾਸ ਆਇਆ ਅਤੇ ਬੇਨਤੀ ਕੀਤੀ ਕਿ ਮੈਨੂੰ ਬ੍ਰਹਮ ਗਿਆਨ ਦਾ ਉਪਦੇਸ਼ ਕਰੋ ਤਾਂ ਜੋ ਮੈਂ ਮੁਕਤੀ ਪ੍ਰਾਪਤ ਕਰ ਸਕਾਂ। ਗੁਰੂ ਜੀ ਨੇ ਬਚਨ ਕੀਤਾ : "ਹਰ ਰੋਜ਼ ਅੰਮ੍ਰਿਤ ਵੇਲੇ ਜਪੁਜੀ ਸਾਹਿਬ ਦਾ ਧਿਆਨ ਨਾਲ ਪਾਠ ਕਰ, ਅਤੇ ਗਰੀਬਾਂ ਦਾ ਮੁਫਤ ਕੰਮ ਕਰਿਆ ਕਰ।"

ਭਾਈ ਧੀਂਗਾ

ਧੀਂਗਾ ਨਾਈ ਗੁਰੂ ਜੀ ਪਾਸ ਰਹਿੰਦਾ ਸੀ ਅਤੇ ਗੁਰੂ ਜੀ ਦੇ ਸਿੱਖਾਂ ਦੀ ਨਿੱਕੀ ਤੋਂ ਨਿੱਕੀ ਟਹਿਲ ਸੇਵਾ ਕਰਦਾ ਸੀ। ਇਕ ਦਿਨ ਉਹ ਗੁਰੂ ਜੀ ਪਾਸ ਬੇਨਤੀ ਕਰਨ ਲੱਗਾ ਕਿ ਮੈਨੂੰ ਆਤਮਕ ਸ਼ਾਂਤੀ ਬਖਸ਼ੋ। ਗੁਰੂ ਜੀ ਨੇ ਫੁਰਮਾਇਆ—"ਗੁਰੂ ਕਬਰ ਸਮਾਨ ਹੈ ਅਤੇ

ਸਿੱਖ ਮੁਰਦੇ ਵਾਂਗ ਹਨ। ਜਦ ਜਾਨ ਨਿਕਲ ਜਾਂਦੀ ਹੈ ਤਾਂ ਮੁਰਦੇ ਕਬਰ ਵਿਚ ਪਾਏ ਜਾਂਦੇ ਹਨ ਅਤੇ ਉਹ ਹਿਲਦੇ ਜੁਲਦੇ ਨਹੀਂ। ਇਸੇ ਤਰ੍ਹਾਂ ਜਦ ਸਿੱਖ ਅਹੰਕਾਰ ਨੂੰ ਆਪਣੇ ਆਪ ਵਿਚੋਂ ਕੱਢ ਦਿੰਦੇ ਹਨ, ਉਹ ਗੁਰੂ ਦੀ ਗੋਦ ਵਿਚ ਬਿਸਰਾਮ ਕਰਨ ਦੇ ਯੋਗ ਹੁੰਦੇ ਹਨ। ਗੁਰੂ ਦੇ ਸਿੱਖਾਂ ਨੂੰ ਇਸ ਲਈ ਨਿਮਰਤਾ ਵਾਲਾ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਦੂਜਿਆਂ ਦੀ ਸੇਵਾ ਕਰਨੀ ਯੋਗ ਹੈ। ਸੈਣ ਭਗਤ ਦਾ ਕਰਮ ਤੇ ਜ਼ਾਤ ਉਹੀ ਸੀ ਜੋ ਤੇਰੀ ਹੈ, ਪਰ ਉਸਨੇ ਪ੍ਰਾਣੀ ਮਾਤਰ ਦੀ ਸੇਵਾ ਕਰਕੇ ਮੁਕਤੀ ਪ੍ਰਾਪਤ ਕਰ ਲਈ। ਇਸ ਲਈ ਤੈਨੂੰ ਵੀ ਇਸ ਜਨਮ ਵਿਚ ਚੁਰਾਸੀ ਤੋਂ ਛੁਟਕਾਰਾ ਪਾਣ ਵਾਸਤੇ ਨਿਰਾਸ ਨਹੀਂ ਹੋ ਜਾਣਾ ਚਾਹੀਦਾ।"

ਭਾਈ ਪਾਰੋ ਜੁਲਕਾ

ਜੁਲਕਾ ਕੌਮ ਦਾ ਪਾਰੋ ਨਾਮੀ ਇਕ ਆਦਮੀ ਗੁਰੂ ਜੀ ਪਾਸ ਆ ਕੇ ਬੇਨਤੀ ਕਰਨ ਲੱਗਾ ਕਿ ਪਵਿੱਤ੍ਰ ਪੁਰਸ਼ਾਂ ਨੂੰ ਜੋ ਪਰਮਹੰਸ ਆਖਦੇ ਹਨ ਉਸਦਾ ਕੀ ਮਤਲਬ ਹੈ? ਗਰੂ ਜੀ ਨੇ ਕਿਹਾ : "ਪਹਿਲਾਂ ਤਾਂ ਪਵਿੱਤ੍ਰ ਪੁਰਸ਼ ਚੰਗੇ ਅਸੂਲ ਗੁਰੂ ਪਾਸੋਂ ਲੈਂਦੇ ਹਨ, ਜਿਵੇਂ ਕਿ ਆਮ ਖਿਆਲ ਅਨੁਸਾਰ ਹੰਸ ਮਾਨਸਰੋਵਰ ਵਿਚੋਂ ਮੋਤੀ ਚੁਗਦੇ ਹਨ। ਦੂਜੇ ਪਵਿੱਤ੍ਰ ਪੁਰਸ਼ ਬਦੀ ਦਾ ਤਿਆਗ ਕਰਦੇ ਹਨ ਅਤੇ ਨੇਕੀ ਨੂੰ ਗ੍ਰਹਿਣ ਕਰਦੇ ਹਨ ਜਿਸ ਤਰ੍ਹਾਂ ਹੰਸ, ਆਪਣੀ ਚੁੰਜ ਦੀ ਖਾਸ ਤਰ੍ਹਾਂ ਦੀ ਬਣਾਵਟ ਹੋਣ ਕਰਕੇ ਦੁੱਧ ਵਿਚੋਂ ਪਾਣੀ ਨੂੰ ਵੱਖ ਕਰ ਲੈਂਦਾ ਹੈ।"

ਮੂਲਾ ਸ਼ਾਹ ਸਿਪਾਹੀ

ਇਕ ਸਿਪਾਹੀ ਮੂਲਾ ਸ਼ਾਹ ਜਿਹੜਾ ਕਿਸੇ ਮੁਗ਼ਲ ਹਾਕਮ ਦਾ ਅਰਦਲੀ ਸੀ ਗੁਰੂ ਜੀ ਪਾਸ ਆ ਕੇ ਬੇਨਤੀ ਕਰਨ ਲੱਗਾ ਕਿ ਮੈਨੂੰ ਕੋਈ ਆਤਮਕ ਸਿੱਖਿਆ ਦੇਵੋ, ਜਿਹੜੀ ਮੈਨੂੰ ਇਸ ਸੰਸਾਰ ਵਿਚ ਅਤੇ ਪ੍ਰਲੋਕ ਵਿਚ ਲਾਭਦਾਇਕ ਹੋਵੇ। ਗੁਰੂ ਜੀ ਨੇ ਉਸ ਨੂੰ ਸਲਾਹ ਦਿੱਤੀ ਕਿ ਜਦ ਕਦੀ ਲੜਾਈ ਦੀ ਲੋੜ ਪਵੇ ਤਾਂ ਆਪਣੇ ਮਾਲਕ ਵਾਸਤੇ ਯੁੱਧ ਕਰ, ਅਤੇ ਖਿਆਲ ਨਾ ਕਰ ਕਿ ਮੇਰੇ ਪਾਸੇ ਲੜਨ ਵਾਲਿਆਂ ਦੀ ਗਿਣਤੀ ਤੋੜੀ ਹੈ ਜਾਂ ਨਹੀਂ।

ਭਾਈ ਕਿਦਾਰੂ

ਕਿਦਾਰੂ ਗੁਰੂ ਜੀ ਪਾਸੋਂ ਪੁੱਛਣ ਲੱਗਾ ਕਿ ਮੈਂ ਇਸ ਘੋਰ ਪਾਪਾਂ ਦੀ ਅੱਗ ਤੋਂ ਕਿਵੇਂ ਬਚਾਂ, ਜਿਹੜੀ ਸੰਸਾਰ ਨੂੰ ਸਾੜ ਰਹੀ ਹੈ। ਗੁਰੂ ਜੀ ਨੇ ਉੱਤਰ ਦਿੱਤਾ : "ਜਦ ਵਣ ਸੜ ਰਿਹਾ ਹੁੰਦਾ ਹੈ, ਤਾਂ ਮ੍ਰਿਗ ਭਜ ਕੇ ਆਪਣੇ ਆਪ ਨੂੰ ਨੇੜੇ ਤੋਂ ਨੇੜੇ ਵਾਲੀ ਝੀਲ ਤੇ ਠੰਢਾ ਕਰਦੇ ਹਨ, ਇਸੇ ਤਰ੍ਹਾਂ ਆਦਮੀ ਨੂੰ ਘੋਰ ਪਾਪਾਂ ਤੋਂ ਭਜ ਜਾਣਾ ਚਾਹੀਦਾ ਹੈ ਅਤੇ ਉਸ ਨੂੰ ਗੁਰੂ ਉਪਦੇਸ਼ ਰੂਪੀ ਠੰਢੇ ਜਲ ਵਿਚ ਸ਼ਰਨ ਲੈਣੀ ਚਾਹੀਦੀ ਹੈ।"

ਕਾਂਡ—19

ਬਾਦਸ਼ਾਹ ਹਮਾਯੂੰ ਦਾ ਆਉਣਾ

ਬਾਦਸ਼ਾਹ ਬਾਬਰ ਦੀ ਥਾਂ ਉਸਦਾ ਪੁੱਤਰ ਹਮਾਯੂੰ ਗੱਦੀ ਤੇ ਬੈਠਾ। ਹਮਾਯੂੰ ਨੇ ਦੱਖਣ ਵਿਚ ਗੁਜਰਾਤ ਤੇ ਚੜ੍ਹਾਈ ਕੀਤੀ, ਅਤੇ ਫਿਰ ਸ਼ੇਰਸ਼ਾਹ ਤੇ ਹਮਲਾ ਕਰਨ ਦਾ ਵਿਚਾਰ ਕੀਤਾ। ਸ਼ੇਰਸ਼ਾਹ ਨੇ ਉਦੋਂ ਹੀ ਬੰਗਾਲ ਤੇ ਕਬਜ਼ਾ ਕੀਤਾ ਸੀ। ਹਮਾਯੂੰ ਨੂੰ ਪਹਿਲਾਂ ਤਾਂ ਸਫਲਤਾ ਹੋਈ, ਉਸਨੇ ਗੌਰ ਨੂੰ ਜਿਹੜਾ ਓਦੋਂ ਬੰਗਾਲ ਦੀ ਰਾਜਧਾਨੀ ਸੀ ਮੁੜ ਲੈ ਲਿਆ, ਪਰ ਅੰਤ ਵਿਚ ਹਾਰ ਖਾਧੀ ਅਤੇ ਨੱਠ ਕੇ ਜਾਨ ਬਚਾਉਣੀ ਪਈ। ਘੋੜਾ ਨਸਾਈ ਭੱਜਿਆ ਜਾਂਦਾ ਹਮਾਯੂੰ ਦਰਿਆ ਗੰਗਾ ਵਿਚ ਠਿਲ੍ਹ ਪਿਆ। ਉਹਦਾ ਘੋੜਾ ਡੁੱਬ ਗਿਆ ਅਤੇ ਉਹ ਆਪ ਇਕ ਮਾਸ਼ਕੀ ਦੀ ਫੁਰਤੀ ਨਾਲ ਮਦਦ ਕਰਨ ਕਰਕੇ ਡੁੱਬਣ ਤੋਂ ਬਚਿਆ। ਦਰਿਆ ਤੋਂ ਪਾਰ ਲੰਘ ਕੇ ਉਹ ਆਗਰੇ ਵੱਲ ਤੁਰ ਪਿਆ। ਉੱਥੇ ਜਾ ਕੇ ਆਪਣੇ ਭਰਾ ਹਿੰਦਾਲ ਨਾਲ ਜਿਹੜਾ ਕਿ ਪਹਿਲਾਂ ਉਸ ਦਾ ਵੈਰੀ ਸੀ ਫਿਰ ਮੇਲ ਕਰ ਲਿਆ। ਹਮਾਯੂੰ ਅਤੇ ਹਿੰਦਾਲ ਦੋਹਾਂ ਨੇ ਆਪਣੇ ਭਰਾ ਕਾਮਰਾਨ ਨਾਲ ਮਿਲ ਕੇ ਬਹੁਤ ਸਾਰੀ ਫੌਜ ਇਕੱਠੀ ਕੀਤੀ ਅਤੇ ਇਸ ਵਾਰ ਲੋਕਾਂ ਨੂੰ ਆਸ ਸੀ ਕਿ ਬਾਦਸ਼ਾਹੀ ਫੌਜਾਂ ਨੂੰ ਜਿੱਤ ਹੋਵੇਗੀ ਪਰ ਹਮਾਯੂੰ ਨੂੰ ਫਿਰ ਕਨੌਜ ਦੇ ਨੇੜੇ ਹਾਰ ਹੋਈ ਅਤੇ ਉਸਨੂੰ ਹਿੰਦੁਸਤਾਨ ਵਿਚੋਂ ਭੱਜ ਜਾਣਾ ਪਿਆ। ਹਮਾਯੂੰ ਲਾਹੌਰ ਵੱਲ ਗਿਆ ਅਤੇ ਉੱਥੇ ਪੁੱਛਣ ਲੱਗਾ ਕਿ ਕੋਈ ਕਰਾਮਾਤ ਵਿਖਾਣ ਵਾਲਾ ਪੀਰ ਫਕੀਰ ਦੱਸੋ ਜਿਹੜਾ ਮੈਨੂੰ ਤਖਤ ਅਤੇ ਬਾਦਸ਼ਾਹੀ ਮੁੜ ਦਿਵਾ ਦੇਵੇ। ਉਸਨੂੰ ਸਚਖੰਡ ਵਾਸੀ ਗੁਰੂ ਨਾਨਕ ਦੇਵ ਜੀ ਦੀ ਉਚਿਤਾ ਅਤੇ ਉਨ੍ਹਾਂ ਦੇ ਆਤਮਕ ਰਾਜ ਦੀ ਗੱਦੀ ਤੇ ਗੁਰੂ ਅੰਗਦ ਦੇਵ ਜੀ ਦੇ ਬੈਠਣ ਬਾਰੇ ਦੱਸਿਆ ਗਿਆ ਅਤੇ ਉਸਨੂੰ ਸਲਾਹ ਦਿੱਤੀ ਗਈ ਕਿ ਜਾ ਕੇ ਗੁਰੂ ਜੀ ਤੋਂ ਸਹਾਇਤਾ ਮੰਗੇ। ਹਮਾਯੂੰ ਆਪਣੇ ਨਾਲ ਭੇਟਾ ਲੈ, ਖਡੂਰ ਵੱਲ ਤੁਰ ਪਿਆ। ਜਦੋਂ ਉਹ ਆਇਆ ਤਾਂ ਗੁਰੂ ਜੀ ਦੀ ਅਗਾਧ ਸਮਾਧੀ ਲੱਗੀ ਹੋਈ ਸੀ, ਰਬਾਬੀ ਸਾਜ ਵਜਾਂਦੇ ਅਤੇ ਗੁਰੂ ਜੀ ਦੇ ਸ਼ਬਦ ਗਾਇਨ ਕਰ ਰਹੇ ਸਨ ਅਤੇ ਹਮਾਯੂੰ ਬਾਦਸ਼ਾਹ ਨੂੰ ਖੜੋਤੇ ਰਹਿਣਾ ਪਿਆ। ਉਹ ਅਤਿ ਕਰੋਧਵਾਨ ਹੋਇਆ। ਉਸਨੇ ਗੁਰੂ ਜੀ ਨੂੰ ਮਾਰਨ ਦੀ ਨੀਯਤ ਨਾਲ ਆਪਣਾ ਹੱਥ ਤਲਵਾਰ ਦੀ ਮੁੱਠ ਤੇ ਰੱਖਿਆ। ਪਰ ਤਲਵਾਰ ਮਿਆਨ ਵਿਚੋਂ ਨਾ ਨਿਕਲੀ, ਇਸ ਗੱਲ ਕਰਕੇ ਭੱਜੇ ਹੋਏ ਬਾਦਸ਼ਾਹ ਨੂੰ ਇਸ ਗੱਲ ਦਾ ਸਮਾਂ ਮਿਲ ਗਿਆ ਕਿ ਆਪਣੀ ਕਾਹਲੀ ਕਰਨ ਤੇ ਪਛਤਾਏ। ਨਿਡੱਰ ਹੋ ਕੇ ਗੁਰੂ ਜੀ ਉਸਨੂੰ ਕਹਿਣ ਲੱਗੇ—

"ਜਦੋਂ ਤੈਨੂੰ ਸ਼ੇਰ ਸ਼ਾਹ ਉੱਤੇ ਤਲਵਾਰ ਵਰਤਣੀ ਚਾਹੀਦੀ ਸੀ ਉਦੋਂ ਤਾਂ ਤੂੰ ਵਰਤੀ ਨਾ, ਹੁਣ ਜਦੋਂ ਤੂੰ ਫਕੀਰਾਂ ਪਾਸ ਆਇਆ ਹੈਂ ਤਾਂ ਉਨ੍ਹਾਂ ਨੂੰ ਸਨਮਾਨ ਨਾਲ ਨਮਸਕਾਰ

ਕਰਨ ਦੀ ਥਾਂ ਉਨ੍ਹਾਂ ਉੱਤੇ ਤਲਵਾਰ ਖਿੱਚਣ ਦੀ ਇੱਛਾ ਕਰਦਾ ਹੈਂ। ਤੂੰ ਕਾਇਰ ਬਣ ਕੇ ਯੁੱਧ ਵਿਚੋਂ ਨੱਠ ਆਇਆ ਹੈਂ ਅਤੇ ਹੁਣ ਉੱਤੋਂ ਸੂਰਮਾ ਬਣਕੇ, ਭਗਤੀ ਵਿਚ ਲੱਗਿਆਂ ਹੋਇਆਂ ਪੁਰਸ਼ਾਂ ਦੀ ਸੰਗਤ ਤੇ ਵਾਰ ਕਰਨਾ ਚਾਹੁੰਦਾ ਹੈਂ!" ਹਮਾਯੂੰ ਪਛਤਾਉਣ ਲੱਗਾ ਅਤੇ ਉਸ ਨੇ ਗੁਰੂ ਅੱਗੇ ਰੱਬੀ ਸਹਾਇਤਾ ਲਈ ਅਰਜ਼ੋਈ ਕੀਤੀ। ਗੁਰੂ ਜੀ ਬੋਲੇ : "ਜੇ ਤੂੰ ਆਪਣੀ ਤਲਵਾਰ ਦੇ ਕਬਜ਼ੇ ਤੇ ਹੱਥ ਨਾ ਪਾਉਂਦਾ ਤਾਂ ਤੈਨੂੰ ਝਟ ਹੀ ਆਪਣੀ ਬਾਦਸ਼ਾਹੀ ਮਿਲ ਜਾਂਦੀ। ਹੁਣ ਤੂੰ ਆਪਣੇ ਵਤਨ ਫਾਰਸ ਵਿਚ ਕੁਝ ਸਮੇਂ ਲਈ ਜਾਵੇਂਗਾ ਅਤੇ ਜਦੋਂ ਤੂੰ ਮੁੜੇਂਗਾ ਤਾਂ ਤੈਨੂੰ ਆਪਣੇ ਮੁਲਕ ਵਾਪਸ ਮਿਲ ਜਾਣਗੇ।" ਬਾਦਸ਼ਾਹ ਵਿਦਾ ਹੋਇਆ। ਅਟਕ ਦਰਿਆ ਤੋਂ ਬੜੀ ਕਠਨਤਾ ਨਾਲ ਪਾਰ ਹੋ ਕੇ ਆਪਣੇ ਦੇਸ ਵੱਲ ਤੁਰ ਪਿਆ। ਫਾਰਸ ਦੇ ਬਾਦਸ਼ਾਹ ਤੋਂ ਰਸਾਲੇ ਦੀ ਮਦਦ ਲੈ ਕੇ ਹਮਾਯੂੰ ਮੁੜ ਹਿੰਦੁਸਤਾਨ ਨੂੰ ਆਇਆ ਅਤੇ ਡੱਟਕੇ ਯੁੱਧ ਕਰਨ ਮਗਰੋਂ ਆਪਣੀ ਬਾਦਸ਼ਾਹੀ ਵਾਪਸ ਲੈ ਲਈ ਤੇ ਦਿੱਲੀ ਉੱਤੇ ਜਾ ਕਬਜ਼ਾ ਕੀਤਾ।

ਆਪਣੀ ਜਿੱਤ ਦੇ ਮਗਰੋਂ ਹਮਾਯੂੰ ਗੁਰੂ ਜੀ ਦਾ ਧੰਨਵਾਦੀ ਹੋਇਆ ਅਤੇ ਉਨ੍ਹਾਂ ਦੀ ਸੇਵਾ ਕਰਨੀ ਚਾਹੀ। ਇਸ ਵੇਲੇ ਤਾਈਂ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਚੁੱਕੇ ਸਨ ਤੇ ਗੁਰੂ ਅਮਰਦਾਸ ਜੀ ਉਨ੍ਹਾਂ ਦੀ ਥਾਂ ਗੱਦੀ ਤੇ ਬਿਰਾਜਮਾਨ ਸਨ। ਗੁਰੂ ਅਮਰਦਾਸ ਜੀ ਨੇ ਬਾਦਸ਼ਾਹ ਨੂੰ ਸੁਨੇਹਾ ਘੱਲਿਆ ਕਿ ਇਮਾਨਦਾਰੀ ਨਾਲ ਰਹੋ, ਪਵਿੱਤਰ ਅਸਥਾਨਾਂ ਦੀ ਬੇਅਦਬੀ ਨਾ ਕਰੋ ਅਤੇ ਮੁੜ ਸਾਨੂੰ ਤੰਗ ਕਰਨ ਲਈ ਨਾ ਆਉਣਾ।

ਭਾਈ ਮਾਣਾ

ਇਕ ਮਾਣਾ ਸਿੱਖ ਗੁਰੂ ਜੀ ਦੇ ਲੰਗਰ ਵਿਚ ਕੰਮ ਕਰਦਾ ਸੀ। ਚੰਗਾ ਚੋਖਾ ਖਾ ਕੇ ਉਹ ਮੋਟਾ ਅਤੇ ਅਹੰਕਾਰੀ ਹੋ ਗਿਆ। ਇੱਥੋਂ ਤੱਕ ਕਿ ਅੰਤ ਵਿਚ ਨਾ ਸਿੱਖਾਂ ਦਾ ਕਿਹਾ ਮੰਨੇ, ਨਾ ਹੀ ਆਪਣਾ ਸਾਧਾਰਨ ਕੰਮ ਕਾਜ ਕਰੇ। ਉਹ ਆਪਣਾ ਬਹੁਤਾ ਸਮਾਂ ਆਪਣੇ ਨਾਲ ਦੇ ਸਿੱਖਾਂ ਨਾਲ ਲੜਨ ਝਗੜਨ ਵਿਚ ਬਤੀਤ ਕਰਿਆ ਕਰੇ।

ਉਹ ਕਿਹਾ ਕਰੇ : "ਮੈਂ ਕਿਸੇ ਦਾ ਨੌਕਰ ਨਹੀਂ। ਮੈਂ ਗੁਰੂ ਜੀ ਦਾ ਸਿੱਖ ਹਾਂ, ਮੈਂ ਕੇਵਲ ਉਹ ਹੀ ਕੰਮ ਕਰਾਂਗਾ। ਜੋ ਗੁਰੂ ਜੀ ਹੁਕਮ ਕਰਨਗੇ।"

ਇਕ ਦਿਨ ਮਾਣੇ ਦੀ ਰੁਚੀ ਕੰਮ ਕਰਨ ਵੱਲ ਹੋਈ ਅਤੇ ਗੁਰੂ ਜੀ ਨੂੰ ਕਹਿਣ ਲੱਗਾ : "ਕੋਈ ਸੇਵਾ ਬਖਸ਼ੋ।" ਗੁਰੂ ਜੀ ਨੇ ਕਿਹਾ : ਸੰਗਤਾਂ ਦੀ ਸੇਵਾ ਕਰ।" ਮਾਣਾ ਬੋਲਿਆ : "ਮੈਂ ਉਨ੍ਹਾਂ ਦਾ ਨੌਕਰ ਨਹੀਂ, ਪਰ ਤੁਹਾਡੇ ਲਈ, ਜੋ ਹੁਕਮ ਕਰੋ ਕਰਨ ਨੂੰ ਹਾਜ਼ਰ ਹਾਂ।" ਜਦ ਉਹ ਘੜੀ-ਘੜੀ ਕਹਿਣ ਲੱਗਾ : 'ਕੋਈ ਸੇਵਾ ਬਖਸ਼ੋ, ਕਿਸੇ ਸੇਵਾ ਲਈ ਹੁਕਮ ਕਰੋ।' ਤਾਂ ਗੁਰੂ ਜੀ ਨੇ ਅੱਕ ਕੇ ਕਿਹਾ : "ਬਣ ਵਿਚ ਜਾ, ਉਥੇ ਲੱਕੜਾਂ ਦੀ ਚਿਤਾ ਰਚ ਕੇ ਸੜ ਮਰ।" ਤਾਂ ਮਾਣੇ ਨੇ ਬਣ ਵਿਚ ਜਾ ਲੱਕੜੀਆਂ ਇਕੱਠੀਆਂ ਕਰਕੇ ਚਿਤਾ ਰਚੀ। ਜਦੋਂ ਮਾਣੇ ਨੇ ਉਸ ਨੂੰ ਅੱਗ ਲਾਈ ਅਤੇ ਉਸ ਵਿਚੋਂ ਭਾਂਬੜ ਨਿਕਲੀ ਤਾਂ ਉਹ ਡਰ ਗਿਆ, ਉਸਦਾ ਜੀ ਮਰਨ ਨੂੰ ਨਾ ਕਰੇ।

ਇੰਨੇ ਨੂੰ ਇਕ ਚੋਰ ਉੱਥੇ ਆ ਪੁੱਜਾ ਅਤੇ ਪੁੱਛਣ ਲੱਗਾ : 'ਇੰਨੀ ਅੱਗ ਕਿਉਂ ਬਾਲੀ ਹੈ?' ਮਾਣੇ ਨੇ ਆਪਣੀ ਸਾਰੀ ਵਿਥਿਆ ਸੁਣਾਈ। ਉਹ ਚੋਰ ਗੁਰੂ ਜੀ ਦੀ ਵਡਿਆਈ ਸੁਣਕੇ ਪਛਤਾਣ ਲੱਗਾ ਅਤੇ ਮਨ ਵਿਚ ਵਿਚਾਰਿਆ ਕਿ ਮੈਨੂੰ ਅੰਤ ਵਿਚ ਆਪਣੀ ਪਿਛਲੀ ਉਮਰ ਦੇ ਪਾਪਾਂ ਨੂੰ ਧੋਣ ਦਾ ਅਵਸਰ ਮਿਲਿਆ ਹੈ। ਉਹ ਚੋਰ ਫਿਰ ਮਾਣੇ ਨੂੰ ਕਹਿਣ ਲੱਗਾ : 'ਇਹ ਹੀਰਿਆਂ ਦਾ ਡੱਬਾ ਮੇਰੇ ਪਾਸੋਂ ਲੈ ਲਓ ਅਤੇ ਇਸ ਦੇ ਬਦਲੇ ਮੈਨੂੰ ਗੁਰੂ ਜੀ ਦਾ ਬਚਨ ਮੰਨਣ ਦੀ ਆਗਿਆ ਦਿਉ।' ਮਾਣਾ ਲਾਲਚੀ ਸੀ ਅਤੇ ਆਪਣੀ ਜਾਨ ਨੂੰ ਬਹੁਤ ਪਿਆਰ ਕਰਦਾ ਸੀ, ਉਸਨੇ ਇਨ੍ਹਾਂ ਸ਼ਰਤਾਂ ਉੱਤੇ ਸੌਦਾ ਕਰ ਲਿਆ। ਲਿਖਿਆ ਹੈ ਕਿ ਚੋਰ ਨੂੰ ਤਾਂ ਸਿਦਕ ਪ੍ਰਾਪਤ ਹੋਇਆ, ਉਸਨੇ ਚਿਤਾ ਵਿਚ ਸੜ ਕੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਜਾ ਨਿਵਾਸ ਕੀਤਾ ਅਤੇ ਮਾਣਾ ਉਨ੍ਹਾਂ ਹੀਰਿਆਂ ਨੂੰ ਵੇਚਣ ਲਈ ਬਾਜ਼ਾਰ ਵਿਚ ਗਿਆ ਤੇ ਉਥੇ ਉਹ ਚੋਰੀ ਦੇ ਸ਼ੱਕ ਵਿਚ ਫੜਿਆ ਗਿਆ। ਉਸ ਉੱਤੇ ਮੁਕੱਦਮਾ ਚਲਿਆ, ਜਿਸਦਾ ਸਿੱਟਾ ਇਹ ਨਿਕਲਿਆ ਕਿ ਮਾਣਾ ਫਾਹੇ ਲੱਗ ਗਿਆ ਅਤੇ ਚੋਰੀ ਕੀਤੇ ਹੀਰੇ ਮਾਲਕ ਨੂੰ ਵਾਪਸ ਮਿਲ ਗਏ। ਜਿਹਾ ਕਿ ਗੁਰੂ ਜੀ ਨੇ ਮਗਰੋਂ ਕਿਹਾ : "ਇਹ ਸੱਚ ਹੈ ਕਿ ਮਨੁੱਖ, ਲੋਕ ਪ੍ਰਲੋਕ ਦੋਵੇਂ ਗਵਾ ਲੈਂਦੇ ਹਨ, ਅਤੇ ਜਦ ਤੱਕ ਮੂਰਖਤਾ ਹਿਰਦੇ ਤੋਂ ਨਹੀਂ ਨਿਕਲਦੀ ਆਦਮੀ ਗੁਰੂ ਦੇ ਕੋਲ ਰਹਿਣ ਨਾਲ ਵੀ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।"

ਬਲਵੰਡ ਤੇ ਸੱਤਾ ਰਬਾਬੀ

ਬਲਵੰਡ ਅਤੇ ਸੱਤਾ, ਗੁਰੂ ਜੀ ਪਾਸ ਆਈਆਂ ਸੰਗਤਾਂ ਨੂੰ ਆਪਣੇ ਕੀਰਤਨ ਤੇ ਸੰਗੀਤ ਨਾਲ ਨਿਹਾਲ ਕਰਦੇ ਹੁੰਦੇ ਸਨ, ਪਰ ਗੁਰੂ ਜੀ ਦੀ ਮਹਿਮਾ ਵਧਦੀ ਵੇਖ ਕੇ ਉਨ੍ਹਾਂ ਦਾ ਅਹੰਕਾਰ ਅਤੇ ਲਾਲਚ ਵੀ ਉਤਨਾ ਹੀ ਵੱਧ ਗਿਆ। ਉਹ ਅਭਿਮਾਨ ਨਾਲ ਕਹਿਣ ਲੱਗ ਪਏ ਕਿ ਸਾਡੇ ਹੀ ਸੰਗੀਤ ਕਰਕੇ ਗੁਰੂ ਜੀ ਪ੍ਰਸਿੱਧ ਹੋ ਗਏ ਹਨ। ਇਕ ਦਿਨ ਇਕ ਬ੍ਰਿਧ ਸਿੱਖ ਨੇ ਉਨ੍ਹਾਂ ਨੂੰ ਕਿਹਾ ਕਿ ਕੋਈ ਸ਼ਬਦ ਸੁਣਾਓ। ਪਰ ਉਨ੍ਹਾਂ ਇਉਂ ਕਹਿ ਕੇ ਖਰ੍ਹਵਾ ਉੱਤਰ ਦਿੱਤਾ : "ਕੀ ਅਸੀਂ ਜੱਟਾਂ ਗਵਾਰਾਂ ਲਈ ਸ਼ਬਦ ਗਾਵੀਏਂ?" ਇਹ ਸੁਣ ਕੇ ਗੁਰੂ ਜੀ ਨੂੰ ਦੁੱਖ ਹੋਇਆ। ਸ਼ਾਮ ਦੇ ਦੀਵਾਨ ਵਿਚ ਜਦੋਂ ਬਲਵੰਡ ਤੇ ਸੱਤਾ ਕੀਰਤਨ ਕਰਨ ਆਏ ਤਾਂ ਗੁਰੂ ਜੀ ਨੇ ਉਨ੍ਹਾਂ ਵੱਲ ਪਿੱਠ ਕਰ ਦਿੱਤੀ। ਉਹ ਮੁੜ ਕੇ ਗੁਰੂ ਜੀ ਵੱਲ ਹੋਏ ਤਾਂ ਜੋ ਗੁਰੂ ਜੀ ਸਾਨੂੰ ਵੇਖਣ, ਪਰ ਫਿਰ ਵੀ ਗੁਰੂ ਜੀ ਨੇ ਉਨ੍ਹਾਂ ਦੇ ਨਮਸਕਾਰ ਕਰਨ ਨੂੰ ਟਾਲ ਦਿੱਤਾ। ਉਹ ਪੁੱਛਣ ਲੱਗੇ : "ਮਹਾਰਾਜ, ਅਸਾਂ ਕੀ ਅਵੱਗਿਆ ਕੀਤੀ ਹੈ?" ਗੁਰੂ ਜੀ ਨੇ ਫੁਰਮਾਇਆ ਕਿ ਜੇ ਤੁਸੀਂ ਸਾਡੇ ਸਿੱਖਾਂ ਅੱਗੇ ਨਹੀਂ ਗਾਉਂਦੇ, ਤਾਂ ਸਾਡੇ ਅੱਗੇ ਵੀ ਬਿਲਕੁਲ ਨਾ ਗਾਉ। ਉਹ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ ਅਤੇ ਗੁਰੂ ਜੀ ਨੂੰ ਬਖਸ਼ ਦੇਣ ਲਈ ਬੇਨਤੀ ਕੀਤੀ। ਗੁਰੂ ਜੀ ਬੜੇ ਦਿਆਲੂ ਸਨ, ਉਨ੍ਹਾਂ ਨੂੰ ਬਖਸ਼ ਦਿੱਤਾ। ਪਰ ਉਨ੍ਹਾਂ ਦਾ ਅਹੰਕਾਰ ਚੰਗੀ ਤਰ੍ਹਾਂ ਨਾ ਭੱਜਿਆ, ਉਨ੍ਹਾਂ ਮਨ ਵਿਚ ਪੱਕਾ ਧਾਰ ਲਿਆ ਕਿ ਅਸੀਂ ਅੱਗੇ ਲਈ ਤਦ ਹੀ ਚੌਕੀ ਕਰਾਂਗੇ ਜੇਕਰ ਸਾਨੂੰ ਜ਼ਿਆਦਾ ਅਰਦਾਸ ਕਰਾਈ ਜਾਏਗੀ। ਕੁਝ ਸਮੇਂ ਪਿੱਛੋਂ ਉਨ੍ਹਾਂ ਗੁਰੂ ਜੀ ਨੂੰ ਬੇਨਤੀ ਕੀਤੀ "ਮਹਾਰਾਜ ਆਪਣੀਆਂ ਲੜਕੀਆਂ ਵਿਚੋਂ ਅਸੀਂ ਇਕ ਦਾ ਵਿਆਹ ਕਰਨਾ ਹੈ, ਇਸ ਲਈ ਕਿਰਪਾ ਕਰਕੇ ਪੰਜ ਸੌ ਰੁਪਏ ਦਿਓ।"

ਗੁਰੂ ਜੀ ਨੇ ਇੱਛਿਆ ਪ੍ਰਗਟ ਕੀਤੀ ਕਿ ਦੋ ਮਹੀਨੇ ਉਡੀਕੋ ਅਤੇ ਅਸੀਂ ਵਿਸਾਖੀ ਦੇ ਸਾਲਾਨਾ ਮੇਲੇ ਉੱਤੇ ਤੁਹਾਡਾ ਸਭ ਲੇਖਾ ਮੁਕਾ ਦਿਆਂਗੇ। ਬਲਵੰਡ ਕਹਿਣ ਲੱਗਾ : "ਅਸੀਂ ਇੰਨਾ ਚਿਰ ਨਹੀਂ ਉਡੀਕ ਸਕਦੇ, ਸਾਨੂੰ ਰੁਪਿਆ ਛੇਤੀ ਚਾਹੀਦਾ ਹੈ, ਇਸ ਲਈ ਸਾਨੂੰ ਕਿਤੋਂ ਉਧਾਰ ਲੈ ਕੇ ਜ਼ਰੂਰ ਹੀ ਦੇ ਦੇਉ।" ਗੁਰੂ ਜੀ ਨੇ ਉੱਤਰ ਦਿੱਤਾ ਕਿ ਉਧਾਰ ਲੈਣਾ ਚੰਗੀ ਗੱਲ ਨਹੀਂ, ਤੁਸੀਂ ਧੀਰਜ ਕਰੋ, ਵੇਖੋ ਵਾਹਿਗੁਰੂ ਕੀ ਕਰਦਾ ਹੈ। ਤਾਂ ਉਹ ਗੁਰੂ ਜੀ ਨੂੰ ਨਿਰਾਦਰੀ ਭਰੇ ਢੰਗ ਨਾਲ ਕਹਿਣ ਲੱਗੇ : "ਇਹ ਅਸੀਂ ਹੀ ਹਾਂ ਜਿਨ੍ਹਾਂ ਤੁਹਾਡੀ ਉਸਤਤੀ ਗਾ ਗਾ ਕੇ ਤੁਹਾਨੂੰ ਉੱਘਾ ਕਰ ਦਿੱਤਾ ਹੈ। ਜੇ ਅਸੀਂ ਗੁਰਬਾਣੀ ਦਾ ਕੀਰਤਨ ਨਾ ਕਰਦੇ ਤਾਂ ਸਿੱਖ ਤੁਹਾਨੂੰ ਕਦੀ ਚੜ੍ਹਾਵਾ ਨਾ ਚੜ੍ਹਾਂਦੇ, ਇਸ ਲਈ ਸਾਡੀ ਬੇਨਤੀ ਨੂੰ ਅਪ੍ਰਵਾਨ ਨਾ ਕਰੋ। ਜੇਕਰ ਤੁਸੀਂ ਸਾਨੂੰ ਲੋੜਵੰਦੀ ਰਕਮ ਨਹੀਂ ਦਿਉਗੇ ਤਾਂ ਅਸੀਂ ਆਪਣੇ ਘਰ ਬੈਠ ਕੇ ਹੀ ਆਪਣੇ ਭਜਨ ਗਾਇਆ ਕਰਾਂਗੇ।"

ਇਹ ਝਗੜਾ ਨਾ ਮੁੱਕਾ ਅਤੇ ਦੂਜੇ ਦਿਨ ਬਲਵੰਡ ਤੇ ਸੱਤਾ ਰਬਾਬੀ ਦੀਵਾਨ ਵਿਚ ਨਾ ਆਏ। ਗੁਰੂ ਜੀ ਨੇ ਉਨ੍ਹਾਂ ਨੂੰ ਬੁਲਾ ਘਲਿਆ ਪਰ ਉਹ ਗੁਰੂ ਜੀ ਦੇ ਸੱਦੇ ਤੇ ਵੀ ਨਾ ਗਏ। ਗੁਰੂ ਜੀ ਨੇ ਫਿਰ ਇਕ ਆਦਮੀ ਉਚੇਚਾ ਘਲਿਆ ਕਿ ਉਨ੍ਹਾਂ ਨੂੰ ਕਹੋ ਦੇਰ ਨਾ ਲਾਉਣ, ਛੇਤੀ ਸਾਡੇ ਪਾਸ ਆ ਜਾਣ। ਜਿੰਨੇ ਗੁਰੂ ਜੀ ਨੀਵੇਂ ਹੋਣ ਇੰਨੇ ਹੀ ਉਹ ਅੱਗੋਂ ਆਕੜਨ ਲੱਗ ਪਏ। ਉਹ ਕਹਿਣ ਲੱਗੇ : "ਗੁਰੂ ਜੀ ਸਾਡੀ ਕਦਰ ਨਹੀਂ ਜਾਣਦੇ, ਸਾਡੇ ਬਿਨਾਂ ਉਨ੍ਹਾਂ ਦੇ ਦਰਬਾਰ ਵਿਚ ਕੋਈ ਰੌਣਕ ਨਹੀਂ ਹੋਵੇਗੀ। ਗੁਰੂ ਨਾਨਕ ਦੇਵ ਦੇ ਦਰਬਾਰ ਨੂੰ ਵੀ ਮਰਦਾਨੇ ਦੇ ਕੀਰਤਨ ਬਾਝੋਂ ਕੋਈ ਨਾ ਜਾਣਦਾ।" ਗੁਰੂ ਜੀ ਬਲਵੰਡ ਅਤੇ ਸੱਤੇ ਰਬਾਬੀਆਂ ਦੀ ਅਕ੍ਰਿਤਘਣਤਾ ਨੂੰ ਸਹਾਰ ਸਕਦੇ ਸਨ, ਭਾਵੇਂ ਸਭ ਕੁਝ ਉਨ੍ਹਾਂ ਪਾਸ ਗੁਰੂ ਜੀ ਦਾ ਦਿੱਤਾ ਹੋਇਆ ਸੀ, ਪਰ ਮਹਾਰਾਜ ਜੀ ਗੁਰੂ ਨਾਨਕ ਦੇਵ ਜੀ ਦੀ ਹੋਈ ਨਿਰਾਦਰੀ ਨੂੰ ਨਹੀਂ ਸੀ ਸਹਿ ਸਕਦੇ। ਗੁਰੂ ਜੀ ਨੇ ਉਨ੍ਹਾਂ ਨੂੰ ਸਰਾਪ ਦਿੱਤਾ ਕਿ : "ਇਨ੍ਹਾਂ ਦੇ ਪੁੱਤਰ ਪੋਤਰੇ ਦਰ-ਬ-ਦਰ ਅਨਾਥ ਫਿਰਨਗੇ ਅਤੇ ਉਨ੍ਹਾਂ ਦੀ ਕੋਈ ਬਾਤ ਨਹੀਂ ਪੁੱਛੇਗਾ।" ਕੀਰਤਨ ਕਰਨ ਦਾ ਕੰਮ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਸੌਂਪਿਆ। ਭਲੇ ਕੰਮ ਲਈ ਪ੍ਰੇਮੀ ਨਿਕਲ ਹੀ ਪੈਂਦੇ ਹਨ। ਭਾਈ ਰਾਮੂ, ਭਾਈ ਦੀਪਾ, ਭਾਈ ਉਗਰਸੈਨ ਅਤੇ ਭਾਈ ਨਗੌਰੀ ਡੱਲੇ ਪਿੰਡ ਤੋਂ ਆਪਣੇ ਨਾਲ ਸਰੰਦੇ ਅਤੇ ਛੈਣੇ ਲੈ ਕੇ ਆਏ ਅਤੇ ਉਨ੍ਹਾਂ, ਨਸ਼ੁਕਰੇ ਬਲਵੰਡ ਅਤੇ ਸੱਤੇ ਦੀ ਥਾਂ ਸੰਭਾਲੀ। ਰਾਗ ਅਤੇ ਪ੍ਰੇਮ ਦੀ ਬਰਖਾ ਹੋਣ ਲੱਗ ਪਈ ਤੇ ਸੰਗਤਾਂ ਨਿਹਾਲ ਹੋਈਆਂ। ਬਲਵੰਡ ਅਤੇ ਸੱਤਾ ਘਰ ਜਾ ਕੇ ਗੁਰਬਾਣੀ ਦਾ ਕੀਰਤਨ ਕਰਦੇ ਰਹੇ ਤਾਂ ਕਿ ਗੁਰੂ ਜੀ ਵਲੋਂ ਹਟ ਕੇ ਸਿੱਖ ਸਾਡੇ ਵੱਲ ਆ ਜਾਣ, ਪਰ ਉਨ੍ਹਾਂ ਪਾਸ ਨਾ ਜਾਵੇ ਤੇ ਨਾ ਹੀ ਉਨ੍ਹਾਂ ਦਾ ਕੋਈ ਰਾਗ ਸੁਣੇ, ਨਾ ਹੁਣ ਉਨ੍ਹਾਂ ਪਾਸ ਅੰਨ ਸੀ ਤੇ ਨਾ ਹੀ ਅੰਨ ਖਰੀਦਣ ਲਈ ਪੈਸੇ ਸਨ।

ਉਹ ਹੁਣ ਆਪਣੀ ਗੁਸਤਾਖੀ ਅਤੇ ਮੂਰਖਤਾ ਉੱਤੇ ਪਛਤਾਉਣ ਲੱਗੇ। ਉਹ ਕੁਝ ਕੁ ਉਨ੍ਹਾਂ ਸਿੱਖਾਂ ਨੂੰ, ਜਿਨ੍ਹਾਂ ਬਾਰੇ ਉਨ੍ਹਾਂ ਨੂੰ ਆਸ ਸੀ ਕਿ ਉਹ ਉਹਨਾਂ ਅਤੇ ਗੁਰੂ ਜੀ ਵਿਚ ਵਿਚੋਲੇ ਦਾ ਕੰਮ ਕਰਨਗੇ, ਕਹਿਣ ਲੱਗੇ ਕਿ ਅਸੀਂ ਆਪਣੇ ਕੰਮ ਤੇ ਮੁੜ ਆਉਂਦੇ ਹਾਂ ਜੇਕਰ ਸਾਨੂੰ ਰੋਟੀ ਕੱਪੜਾ ਹੀ ਮਜ਼ਦੂਰੀ ਮਿਲ ਜਾਵੇ। ਸਿੱਖਾਂ ਨੇ ਇਹ ਗੱਲ ਗੁਰੂ ਜੀ ਨੂੰ

ਦੱਸੀ ਪਰ ਗੁਰੂ ਜੀ ਨੇ ਉਨ੍ਹਾਂ ਸਿੱਖਾਂ ਨੂੰ ਕਰੜਾਈ ਨਾਲ ਕਿਹਾ ਕਿ ਸਾਡੇ ਪਾਸ ਉਨ੍ਹਾਂ ਆਦਮੀਆਂ ਬਾਰੇ ਕੁਝ ਨਾ ਕਹੋ, ਜਿਨ੍ਹਾਂ ਨੇ ਕਿ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਨਿਰਾਦਰੀ ਕੀਤੀ ਹੈ। ਗੁਰੂ ਜੀ ਨੇ ਹੁਕਮ ਕੀਤਾ ਕਿ ਜੇਕਰ ਕੋਈ ਬਲਵੰਡ ਤੇ ਸੱਤੇ ਦੀ ਸਾਡੇ ਅੱਗੇ ਆ ਕੇ ਸਿਫਾਰਸ਼ ਕਰੇਗਾ, ਅਸੀਂ ਉਸਦਾ ਮੂੰਹ ਕਾਲਾ ਕਰਕੇ ਖੋਤੇ ਤੇ ਚੜ੍ਹਾ ਕੇ ਸ਼ਹਿਰ ਵਿਚ ਫੇਰਾਂਗੇ।

ਇਸ ਦੇ ਦੋ ਮਹੀਨੇ ਮਗਰੋਂ ਬਲਵੰਡ ਅਤੇ ਸੱਤਾ ਇਕ ਭਾਈ ਲੱਧਾ ਜੀ ਨੂੰ ਲਾਹੌਰ ਮਿਲਣ ਗਏ । ਉਨ੍ਹਾਂ ਨੂੰ ਪਤਾ ਸੀ ਕਿ ਭਾਈ ਲੱਧਾ ਜੀ ਦਾ ਬੜਾ ਰਸੂਖ ਹੈ। ਉਨ੍ਹਾਂ ਨੇ ਭਾਈ ਲੱਧਾ ਜੀ ਨੂੰ ਗੁਰੂ ਜੀ ਨਾਲ ਆਪਣੇ ਝਗੜੇ ਸਬੰਧੀ ਸਭ ਹਾਲ ਦੱਸੇ ਅਤੇ ਪ੍ਰਾਰਥਨਾ ਕੀਤੀ ਕਿ ਵਿਚ ਪੈ ਕੇ ਸਾਡੇ ਲਈ ਗੁਰੂ ਜੀ ਅੱਗੇ ਬੇਨਤੀ ਕਰੋ। ਭਾਈ ਲੱਧਾ ਜੀ ਨੇ ਸੋਚਿਆ : "ਇਹ ਭਲਾ ਕਰਨ ਦਾ ਮੌਕਾ ਹੈ। ਇਹ ਦੌਲਤ ਸਦਾ ਨਹੀਂ ਰਹਿਣੀ। ਜਿਹੜਾ ਕੋਈ ਭਲਾ ਕੰਮ ਕਰਦਾ ਹੈ ਕੇਵਲ ਉਹ ਹੀ ਲਾਹਾ ਲੈਂਦਾ ਹੈ।" ਭਾਈ ਲੱਧਾ ਜੀ ਨੇ ਬਲਵੰਡ ਅਤੇ ਸੱਤੇ ਨੂੰ ਪਹਿਲਾਂ ਭੇਜ ਦਿੱਤਾ, ਫਿਰ ਆਪ ਆਪਣਾ ਮੂੰਹ ਕਾਲਾ ਕਰ ਖੋਤੇ ਉੱਤੇ ਸੁਆਰੀ ਕਰ ਲਈ ਅਤੇ ਮੂੰਹ ਉਸ ਦੀ ਪੂਛ ਵਾਲੇ ਪਾਸੇ ਕੀਤਾ। ਖਡੂਰ ਸਾਹਿਬ ਦੇ ਆਲੇ ਦੁਆਲੇ ਫਿਰਿਆ ਅਤੇ ਅੰਤ ਨੂੰ ਗੁਰੂ ਜੀ ਦੀ ਹਜ਼ੂਰੀ ਵਿਚ ਪੁੱਜਾ। ਗੁਰੂ ਜੀ ਨੇ ਉਸ ਪਾਸੋਂ ਪੁੱਛਿਆ ਕਿ ਇਹ ਕੀ ਰੂਪ ਧਾਰਿਆ ਹੈ? ਭਾਈ ਲੱਧਾ ਜੀ ਨੇ ਉੱਤਰ ਦਿੱਤਾ : "ਮਹਾਰਾਜ, ਮੈਂ ਕੇਵਲ ਆਪ ਦਾ ਹੁਕਮ ਮੰਨਿਆ ਹੈ।" ਭਾਈ ਲੱਧਾ ਜੀ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਕਿਰਪਾ ਕਰਕੇ ਇਨ੍ਹਾਂ ਰਬਾਬੀਆਂ ਨੂੰ ਬਖਸ਼ ਦਿਓ, ਅਤੇ ਫਿਰ ਕੀਰਤਨ ਦੀ ਸੇਵਾ ਬਖਸ਼ੋ। ਭਾਈ ਲੱਧਾ ਜੀ ਨੇ ਫਿਰ ਬੇਨਤੀ ਕੀਤੀ : "ਸਿੱਖ ਭੁਲਦੇ ਹਨ ਪਰ ਗੁਰੂ ਬਖਸ਼ ਕੇ ਟੁੱਟੀ ਨੂੰ ਗੰਢ ਸਕਦਾ ਹੈ।" ਗੁਰੂ ਜੀ ਨੇ ਭਾਈ ਲੱਧਾ ਜੀ ਦੀ ਬੇਨਤੀ ਕਬੂਲ ਕਰ ਲਈ ਅਤੇ ਉਸਦੀ ਕੁਰਬਾਨੀ ਦੀ ਬੜੀ ਸ਼ਲਾਘਾ ਕੀਤੀ। ਗੁਰੂ ਜੀ ਨੇ ਇਸ ਸਮੇਂ ਪਰਉਪਕਾਰ ਦੇ ਗੁਣਾਂ ਤੇ ਵਿਸਥਾਰ ਸਹਿਤ ਇਉਂ ਉਪਦੇਸ਼ ਕੀਤਾ—

"ਸਭ ਤੋਂ ਚੰਗੀ ਭਗਤੀ ਸੱਚੇ ਨਾਮ ਦੀ ਯਾਦ ਹੈ। ਸਭ ਤੋਂ ਚੰਗਾ ਕਰਮ ਪਰਉਪਕਾਰ ਹੈ। ਇਨ੍ਹਾਂ ਦੋਹਾਂ ਤੋਂ ਬਿਨਾਂ ਆਦਮੀ ਦਾ ਮਨੁੱਖੀ ਜਨਮ ਧਿਗ ਹੈ, ਜੋ ਆਦਮੀ ਐਵੇਂ ਹੀ ਵਧਦਾ ਹੈ ਅਤੇ ਜੋ ਗੱਲ ਉਸਦੇ ਲਈ ਸਭ ਤੋਂ ਚੰਗੀ ਹੈ ਉਸਦੇ ਵੱਲ ਧਿਆਨ ਨਹੀਂ ਦੇਂਦਾ, ਉਹ ਬਿਨਾ ਪੂਛ ਅਤੇ ਸਿੰਗਾਂ ਦੇ ਇਕ ਪਸ਼ੂ ਹੈ ਤੇ ਉਸਦਾ ਸੰਸਾਰ ਵਿਚ ਆਉਣਾ ਨਿਸਫਲ ਹੈ। ਅੰਤ ਸਮੇਂ ਜਮਦੂਤ ਉਸਨੂੰ ਡਾਢਾ ਫਾਹੁਣਗੇ ਅਤੇ ਉਹ ਖਾਲੀ ਹੱਥੀਂ ਰੋਂਦਾ ਜਾਏਗਾ। ਪੁੰਨ, ਦਾਨ, ਤਪ ਅਤੇ ਬਲੀਦਾਨ ਪਰਉਪਕਾਰ ਦੇ ਬਰਾਬਰ ਨਹੀਂ। ਅਨੇਕਾਂ ਪਾਪ ਜੋ ਆਦਮੀ ਕਰਦਾ ਹੈ, ਉਨ੍ਹਾਂ ਵਿਚੋਂ ਅਪਸਵਾਰਥ ਤੋਂ ਵੱਧ ਕੋਈ ਵੀ ਭੈੜਾ ਨਹੀਂ।"

ਬਲਵੰਡ ਅਤੇ ਸੱਤਾ ਗੁਰੂ ਜੀ ਦੇ ਚਰਨਾਂ ਉੱਤੇ ਆਕੇ ਢਹਿ ਪਏ, ਪਰ ਉਹ ਇੰਨੇ ਸ਼ਰਮਿੰਦੇ ਸਨ ਕਿ ਆਪਣੀਆਂ ਅੱਖਾਂ ਉਠਾ ਕੇ ਗੁਰੂ ਜੀ ਦੇ ਨੇਤਰਾਂ ਵੱਲ ਨਹੀਂ ਕਰ ਸਕਦੇ ਸਨ। ਗੁਰੂ ਜੀ ਨੇ ਉਨ੍ਹਾਂ ਦੇ ਹੱਥਾਂ ਵਿਚ ਰਬਾਬ ਦਿੱਤੀ ਅਤੇ ਹੁਕਮ ਕੀਤਾ ਕਿ ਉਨ੍ਹਾਂ ਹੀ ਮੂੰਹਾਂ ਅਤੇ ਉਨ੍ਹਾਂ ਹੀ ਸਾਜਾਂ ਨਾਲ ਗੁਰੂ ਨਾਨਕ ਦੇਵ ਜੀ ਦੀ ਉਸਤਤੀ ਗਾਵੋ, ਜਿਨ੍ਹਾਂ ਨਾਲ ਤੁਸਾਂ ਕੁਬਚਨ ਬੋਲੇ ਸਨ। ਤਦ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ

ਦੇਵ ਜੀ ਦੀ ਉਸਤਤ ਵਿਚ ਰਾਮਕਲੀ ਦੀ ਵਾਰ ਵਿਚ ਪੰਜ ਪਉੜੀਆਂ ਬਣਾ ਕੇ ਗਾਵੀਆਂ। ਇਨ੍ਹਾਂ ਪੰਜ ਪਉੜੀਆਂ ਨੂੰ ਤਿੰਨਾਂ ਹੋਰ ਪਉੜੀਆਂ ਨਾਲ ਪੂਰਾ ਕਰਕੇ ਗੁਰੂ ਅਰਜਨ ਦੇਵ ਜੀ ਨੇ ਮਗਰੋਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਚੜ੍ਹਾਇਆ। ਸਿੱਖਾਂ ਵਿਚ ਇਹ ਰਚਨਾ "ਟਿੱਕੇ ਦੀ ਵਾਰ" ਕਰਕੇ ਪ੍ਰਸਿੱਧ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਸਬੰਧੀ ਪਉੜੀਆਂ ਇਹ ਹਨ—

...

ਰਾਮਕਲੀ ਦੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ—

...

ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋ ਖੀਵਦੈ॥
ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ॥
ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥
ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤ ਪੀਵਦੈ॥
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅਦੈ।
ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ॥੧॥
ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥
ਕਰਹਿ ਜਿ ਗੁਰ ਫੁਰਮਾਇਆ ਸਿਲਜੋਗੁ ਅਲੂਣੀ ਚਟੀਐ॥
ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥
ਖਰਚੇ ਤਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟਿਐ॥
ਹੋਵੈ ਸਿਫਿਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥
ਤੁਧੁ ਡਿਠੇ ਸਚੇ ਪਾਤਸਾਹਿ ਮਲੁ ਜਨਮ ਜਨਮ ਦੀ ਕਟੀਐ॥
ਸਚੁ ਜਿ ਗੁਰ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ॥
ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ॥
ਦਿਲਿ ਖੋਟੈ ਆਕੀ ਫਿਰਨਿ ਬੰਨਿ ਭਾਰੁ ਉਚਾਇਨਿ ਛਟੀਐ॥
ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ॥
ਕਉਣੁ ਹਾਰੇ ਕਿਨਿ ਉਵਟੀਐ॥੨॥

...

ਜਿਨਿ ਕੀਤੀ ਸੋ ਮੰਨਣਾ ਕੋ ਸਾਲੁ ਜਿਵਾਹੇ ਸਾਲੀ॥
ਧਰਮਰਾਇ ਹੈ ਦੇਵਤਾ ਲੈ ਗਲਾ ਕਰੇ ਦਲਾਲੀ॥
ਸਤਿਗੁਰੁ ਆਖ ਸਚਾ ਕਰੇ ਜਾ ਬਾਤ ਹੋਵੈ ਦਰਹਾਲੀ॥
ਗੁਰ ਅੰਗਦ ਦੀ ਦੋਹੀ ਫਿਰੀ ਸਚੁ ਜਰਤੈ ਬੰਨਿ ਬਹਾਲੀ॥

ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥
ਦਰੁ ਸੇਵੈ ਉਮਤਿ ਖੜੀ ਮਸਕਲੈ ਹੋਇ ਜੰਗਾਲੀ॥
ਦਰਿ ਦਰਵੇਸੁ ਖਸੰਮ ਦੈ ਨਾਇ ਸਚੈ ਬਾਣੀ ਲਾਲੀ॥
ਬਲਵੰਡ ਖੀਵੀ ਨੇਕ ਜਨ ਜਿਸ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥
ਗੁਰ ਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ।
ਪਏ ਕਬੂਲੁ ਖਸਮ ਨਾਲਿ ਜਾਂ ਘਾਲ ਮਰਦੀ ਘਾਲੀ॥
ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ॥੩॥

....

ਹੋਰਿਓ ਗੰਗ ਵਹਾਈਐ ਦੁਨਿਆਈ ਆਧੈ ਕਿ ਕਿਓਨੁ॥
ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ॥
ਮਾਧਾਣਾ ਪਰਬਤੁ ਕਰਿ ਨੇਤਰਿ ਬਾਸਕੁ ਸਬਦਿ ਰਿੜਕਿਓਨੁ॥
ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ॥
ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਿਕਿਓਨੁ॥
ਲਹਣੇ ਧਰਿਓਨੁ ਛਤ੍ਰ ਸਿਰਿ ਅਸਮਾਨਿ ਕਿਆੜਾ ਛਿਕਿਓਨੁ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥
ਸਿੱਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥੪॥

...

ਫੇਰਿ ਵਸਾਇਆ ਫੇਰੁ ਆਣਿ ਸਤਿਗੁਰ ਖਾਡੂਰੁ॥
ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ॥
ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ॥
ਵਰ੍ਹਿਐ ਦਰਗਹਿ ਗੁਰੂ ਕੀ ਕੁਤਰਤੀ ਨੂਰੁ॥
ਜਿਤੁ ਸੁ ਹਾਥ ਨ ਲਭਈ ਤੂੰ ਉਹੁ ਠਰੂਰੁ॥
ਨਉ ਨਿਧਿ ਨਾਮੁ ਨਿਧਾਨੁ ਹੈ ਤੁਧ ਵਿਚਿ ਭਰਪੂਰੁ॥
ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ॥
ਨੇੜੈ ਦਿਸੈ ਮਾਤ ਲੋਕ ਤੁਧੁ ਸੁਝੈ ਦੂਰੁ॥
ਫੇਰਿ ਵਸਾਇਆ ਫੇਰੁ ਆਣਿ ਸਤਿਗੁਰਿ ਖਾਡੂਰੁ॥੫॥

(ਆਃ ਗ੍ਰੰਃ ਪੰਃ ੯੬੬-੯੭)

ਕਾਂਡ—20

ਖਹਿਰਿਆਂ ਦੇ ਚੌਧਰੀ ਦੀ ਈਰਖਾ

ਖਡੂਰ ਸ਼ਹਿਰ ਵਿਚ ਇਕ ਬੜਾ ਧਨ-ਅਭਿਮਾਨੀ ਖਹਿਰਿਆਂ ਦਾ ਚੌਧਰੀ ਰਹਿੰਦਾ ਸੀ। ਉਹ ਗੁਰੂ ਅੰਗਦ ਦੇਵ ਜੀ ਦੀ ਵਿਰੋਧਤਾ ਉੱਤੇ ਉਤਰ ਆਇਆ। ਜਦੋਂ ਉਹ ਸਿੱਖਾਂ ਨੂੰ ਗੁਰੂ ਜੀ ਦੀ ਸੇਵਾ ਕਰਦਿਆਂ ਵੇਖੇ ਤਾਂ ਉਨ੍ਹਾਂ ਤੇ ਹੱਸਿਆ ਕਰੇ। ਇਸ ਚੌਧਰੀ ਦਾ ਇਕ ਪੁੱਤਰ ਸੀ, ਜਿਸਦਾ ਭਾਰੀ ਖਰਚ ਕਰਕੇ ਨਿੱਕੇ ਹੁੰਦਿਆਂ ਮੰਗਣੀ ਕੀਤੀ ਗਈ ਸੀ। ਜਦ ਉਹ ਲੜਕਾ ਵੱਡਾ ਹੋਇਆ ਤਾਂ ਸ਼ਰਾਬ ਪੀਣ ਲੱਗ ਪਿਆ ਅਤੇ ਦੁਰਾਚਾਰੀ ਇਸਤ੍ਰੀਆਂ ਦੀ ਕੁਸੰਗਤ ਵਿਚ ਬਹੁਤ ਜਾਣ ਲੱਗ ਪਿਆ ਅਤੇ ਜਿਹੜੇ ਲੋਕ ਉਸਨੂੰ ਬੁਰੇ ਆਚਾਰਾਂ ਤੋਂ ਰੋਕਣ ਦਾ ਯਤਨ ਕਰਨ ਉਨ੍ਹਾਂ ਦਾ ਵੈਰੀ ਬਣ ਗਿਆ। ਇਕ ਵਾਰ ਉਹ ਬੁਖਾਰ ਨਾਲ ਬੀਮਾਰ ਪੈ ਗਿਆ ਅਤੇ ਮਗਰੋਂ ਉਸਨੂੰ ਮਿਰਗੀ ਪੈ ਗਈ। ਉਹ ਬੇਹੋਸ਼ ਹੋ ਗਿਆ ਤੇ ਉਹਦੇ ਮੂੰਹ ਵਿਚੋਂ ਝੱਗ ਛੁੱਟ ਪਈ। ਉਸਦੇ ਮਾਂ ਪਿਉ ਤੇ ਰਿਸ਼ਤੇਦਾਰਾਂ ਨੇ ਹਰ ਇਲਾਜ ਕੀਤਾ ਅਤੇ ਹਰ ਪ੍ਰਕਾਰ ਦੇ ਮੰਤਰ ਜੰਤਰ ਕੀਤੇ, ਜਿੰਨ ਭੂਤ ਕੱਢਣ ਲਈ ਧੂਨੀਆਂ ਦਿੱਤੀਆਂ, ਕਿਉਂਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਉਨ੍ਹਾਂ ਦੇ ਬੀਮਾਰ ਪੁੱਤਰ ਨੂੰ ਜਿੰਨ ਭੂਤ ਚੰਬੜੇ ਹੋਏ ਸਨ, ਪਰ ਉਨ੍ਹਾਂ ਦੇ ਸਾਰੇ ਯਤਨ ਨਿਸਫਲ ਹੋ ਗਏ। ਅੰਤ ਵਿਚ ਮਿੱਤਰਾਂ ਨੇ ਉਸ ਜਵਾਨ ਦੇ ਮਾਂ ਪਿਓ ਨੂੰ ਸਲਾਹ ਦਿੱਤੀ ਕਿ "ਗੁਰੂ ਜੀ ਪਾਸੋਂ ਉਸਦਾ ਇਲਾਜ ਕਰਾਓ। ਅਨੇਕਾਂ ਬਿਮਾਰੀਆਂ ਦੇ ਦੁੱਖੀ ਰੋਗੀ ਦੂਰੋਂ ਦੂਰੋਂ ਗੁਰੂ ਜੀ ਪਾਸ ਆਉਂਦੇ ਹਨ ਅਤੇ ਰਾਜ਼ੀ ਹੋ ਕੇ ਆਪਣੇ ਘਰਾਂ ਨੂੰ ਜਾਂਦੇ ਹਨ, ਇਸ ਲਈ ਗੁਰੂ ਜੀ ਆਪਦੇ ਪੁੱਤਰ ਨੂੰ ਕਿਉਂ ਨਹੀਂ ਰਾਜ਼ੀ ਕਰਨਗੇ? ਨਾਲੇ ਤੁਸੀਂ ਗੁਰੂ ਜੀ ਦੇ ਨੇੜੇ ਹੀ ਰਹਿੰਦੇ ਹੋ। ਘੱਟੋ ਘੱਟ ਗੁਰੂ ਜੀ ਦੀ ਅਰੋਗ ਕਰਨ ਵਾਲੀ ਸ਼ਕਤੀ ਦੀ ਪ੍ਰੀਖਿਆ ਤਾਂ ਕਰਨੀ ਚਾਹੀਦੀ ਹੈ।" ਉਸ ਜਵਾਨ ਆਦਮੀ ਦੇ ਮਾਂ ਪਿਓ ਅਤੇ ਮਿੱਤਰ ਇਹ ਗੱਲ ਮੰਨ ਗਏ ਅਤੇ ਉਸਨੂੰ ਗੁਰੂ ਜੀ ਪਾਸ ਲੈ ਆਏ। ਗੁਰੂ ਜੀ ਦਾ ਨੁਸਖਾ ਲੰਮਾ ਚੌੜਾ ਨਹੀਂ ਸੀ। ਉਨ੍ਹਾਂ ਨੇ ਬੀਮਾਰ ਨੂੰ ਹੁਕਮ ਦਿੱਤਾ ਕਿ ਸ਼ਰਾਬ ਨੂੰ ਛੱਡ ਦੇ, ਸੰਤਾਂ ਦੀ ਸੇਵਾ ਕਰ ਅਤੇ ਵਾਹਿਗੁਰੂ ਦਾ ਨਾਮ ਜਪ, ਤੂੰ ਬਿਲਕੁਲ ਰਾਜ਼ੀ ਹੋ ਜਾਵੇਂਗਾ। ਜਦ ਉਹ ਇਹ ਇਲਾਜ ਕਰਨ ਨਾਲ ਰਾਜ਼ੀ ਹੋ ਗਿਆ ਤਾਂ ਉਸਨੂੰ ਦੱਸਿਆ ਗਿਆ ਕਿ ਜੇਕਰ ਤੂੰ ਗੁਰੂ ਜੀ ਦੇ ਹੁਕਮਾਂ ਦੀ ਪ੍ਰਵਾਹ ਨਾ ਕੀਤੀ ਤਾਂ ਤੇਰਾ ਰੋਗ ਫਿਰ ਪਰਤ ਆਵੇਗਾ।

ਖਡੂਰ ਵਿਚ ਇਕ ਭੇਖੀ ਸਾਧੂ ਵੀ ਰਹਿੰਦਾ ਹੁੰਦਾ ਸੀ ਜਿਸਨੂੰ ਤਪਾ ਕਹਿੰਦੇ ਸਨ। ਉਸ ਗੱਭਰੂ ਦੀ ਬੀਮਾਰੀ ਕਾਰਨ ਉਸਦੇ ਮਾਪੇ ਸ਼ੁਰੂ ਸ਼ੁਰੂ ਵਿਚ ਇਸ ਤਪੇ ਪਾਸ ਸਹਾਇਤਾ ਲਈ

ਗਏ ਸਨ। ਤਪਾ ਫੜਾਂ ਮਾਰਨ ਲੱਗਾ ਕਿ ਮੇਰੀ ਆਪਣੀ ਪ੍ਰਾਰਥਨਾ ਨਾਲ ਉਸਦੀ ਬੀਮਾਰੀ ਠੀਕ ਹੋਈ ਹੈ। ਜਦ ਗੁਰੂ ਜੀ ਨੇ ਇਹ ਸੁਣਿਆ ਤਾਂ ਉਹ ਕਹਿਣ ਲੱਗੇ ਕਿ ਸਾਨੂੰ ਕਿਸੇ ਦੀ ਬੁਰਾਈ ਵਿਚ ਕੁਝ ਕਹਿਣ ਦੀ ਇੱਛਾ ਨਹੀਂ ਅਤੇ ਉਨ੍ਹਾਂ ਆਸਾ ਦੀ ਵਾਰ ਵਿਚੋਂ ਇਹ ਤੁਕਾਂ ਪੜ੍ਹੀਆਂ—

ਨਾਨਕ ਹੁਕਮੀ ਲਿਖੀਐ ਲੇਖੁ॥
ਜੇਹਾ ਵੇਖਹਿ ਤੇਹਾ ਵੇਖੁ॥੧॥ *(ਆਃ ਗ੍ਰੰਃ ਪੰਃ ੪੬੬)*

ਇਸ ਤਰ੍ਹਾਂ ਉਸ ਜਵਾਨ ਦਾ ਇਕ ਵਰ੍ਹਾ ਰਾਜ਼ੀ ਖੁਸ਼ੀ ਗੁਜ਼ਰ ਗਿਆ। ਜਦ ਸਾਵਣ ਦਾ ਮਹੀਨਾ ਆਪਣੀਆਂ ਕਾਲੀਆਂ ਘਟਾਵਾਂ, ਲਿਸ਼ਕਦੀ ਹੋਈ ਬਿਜਲੀ ਅਤੇ ਠੰਢ ਪਾਉਣ ਵਾਲੀ ਬਰਖਾ ਨਾਲ ਆਇਆ, ਤਾਂ ਉਹ ਜਵਾਨ ਕਹਿਣ ਲੱਗਾ : "ਇਹ ਸੁਹਾਵਣਾ ਸਮਾਂ ਫਿਰ ਕਦ ਆਉਣਾ ਹੈ? ਗੁਰੂ ਜੀ ਦੀ ਸਿਖਿਆ ਮੰਨ ਕੇ ਮੈਂ ਪੂਰਾ ਸਾਲ ਬਿਪਤਾ ਅਤੇ ਦੁਖ ਵਿਚ ਕੱਟਿਆ ਹੈ। ਹੁਣ ਸ਼ਰਾਬ ਲੈ ਆਓ ਅਤੇ ਮੈਨੂੰ ਪੀਣ ਦੇਵੋ।" ਬਹੁਤੇ ਆਦਮੀਆਂ ਨੇ ਉਸ ਨੂੰ ਰੋਕਣ ਦਾ ਯਤਨ ਕੀਤਾ, ਪਰ ਸਭ ਯਤਨ ਨਿਸਫਲ ਗਿਆ। ਉਹ ਹੁਣ ਬੇ-ਹਿਸਾਬ ਸ਼ਰਾਬ ਪੀਣ ਲੱਗ ਪਿਆ ਅਤੇ ਆਖੇ : "ਅੰਗਦ ਉਸ ਅਨੰਦ ਨੂੰ ਜੋ ਮੈਨੂੰ ਆ ਰਿਹਾ ਹੈ ਕੀ ਜਾਣਦਾ ਹੈ?" ਰੱਬ ਦੀ ਮਰਜ਼ੀ ਐਸੀ ਹੋਈ ਕਿ ਉਸੇ ਵੇਲੇ ਉਸਦੀ ਮਿਰਗੀ ਪਰਤ ਪਈ, ਉਹ ਆਪਣੇ ਘਰ ਦੇ ਚੁਬਾਰੇ ਤੋਂ ਭੁੰਞੇ ਡਿੱਗ ਪਿਆ ਅਤੇ ਤੁਰਤ ਸਰੀਰ ਛੱਡ ਗਿਆ। ਸਾਰੇ ਕਹਿਣ ਲੱਗੇ ਕਿ ਉਸ ਦੀ ਮੌਤ ਗੁਰੂ ਜੀ ਦੀ ਵਿਰੋਧਤਾ ਕਰਨ ਅਤੇ ਉਨ੍ਹਾਂ ਦੀ ਤਾੜਨਾ ਦੀ ਪਰਵਾਹ ਨਾ ਕਰਨ ਦਾ ਸਿੱਟਾ ਹੈ। ਗੁਰੂ ਜੀ ਨੇ ਉਸ ਨੌਜਵਾਨ ਦੇ ਕੁਵੇਲੇ ਦੀ ਮੌਤ ਨੂੰ ਭਾਵੀ ਮਹਿਸੂਸ ਕਰਕੇ ਗੁਰੂ ਨਾਨਕ ਦੇਵ ਜੀ ਦੀਆਂ ਅਲਾਹੁਣੀਆਂ ਪੜ੍ਹੀਆਂ।

ਹਰੀਕੇ ਵਿਚ ਇਕ ਚੌਧਰੀ ਦਾ ਸੁਧਾਰ

ਜਦ ਗੁਰੂ ਜੀ ਮਗਰੋਂ ਆਪਣੀ ਬਾਲ ਅਵਸਥਾ ਵਾਲੀ ਥਾਂ ਹਰੀਕੇ ਗਏ ਤਾਂ ਉਨ੍ਹਾਂ ਦੇ ਸਿੱਖ ਗੁਰੂ ਜੀ ਨੂੰ ਮੱਥਾ ਟੇਕਣ ਆਏ ਅਤੇ ਗੁਰੂ ਜੀ ਲਈ ਇਕ ਪਲੰਘ ਲੈ ਆਏ, ਤਾਂ ਜੋ ਉਹ ਪੈਂਡੇ ਦੀ ਥਕਾਵਟ ਕਰਕੇ ਹੁਣ ਆਰਾਮ ਕਰਨ। ਇਸ ਪਿੰਡ ਦਾ ਚੌਧਰੀ ਗੁਰੂ ਜੀ ਨੂੰ ਬਾਲ ਅਵਸਥਾ ਤੋਂ ਜਾਣਦਾ ਸੀ। ਉਸਨੇ ਗੁਰੂ ਜੀ ਨੂੰ ਵਲੀ ਮੰਨਣ, ਇਨ੍ਹਾਂ ਦਾ ਮਾਨ ਕਰਨ ਤੇ ਉਨ੍ਹਾਂ ਅੱਗੇ ਭੇਟਾ ਚੜ੍ਹਾਉਣ ਤੋਂ ਇਨਕਾਰ ਕਰ ਦਿੱਤਾ। ਸਗੋਂ ਜਾਣਕਾਰਾਂ ਵਾਂਗ ਗੁਰੂ ਜੀ ਦੇ ਪਾਸ ਪਲੰਘ ਦੇ ਸਿਰ੍ਹਾਣੇ ਆ ਕੇ ਬੈਠ ਗਿਆ। ਬੈਠਣ ਸਾਰ ਹੀ ਉਸਨੂੰ ਚੱਕਰ ਆਉਣ ਲੱਗੇ ਅਤੇ ਉਹ ਆਪਣੀ ਥਾਂ ਤੋਂ ਡਿੱਗ ਪਿਆ। ਸਿੱਖ ਉਸਨੂੰ ਕਹਿਣ ਲੱਗੇ ਕਿ ਗੁਰੂ ਜੀ ਦੀ ਬਰਾਬਰੀ ਕਰਨ ਦਾ ਤੈਨੂੰ ਇਹ ਫਲ ਮਿਲਿਆ ਹੈ। ਉਹ ਬੋਲਿਆ : "ਮੈਂ ਗੁਰੂ ਜੀ ਨਾਲੋਂ ਉੱਚੀ ਜਾਤ ਦਾ ਹਾਂ ਅਤੇ ਪਿੰਡ ਦਾ ਮਾਲਕ ਹਾਂ, ਇਹ ਮੇਰੇ ਪਾਸੋਂ ਕਿਵੇਂ ਵੱਡੇ ਹਨ?" ਤਦ ਸਿੱਖਾਂ ਨੇ ਉਸਦੇ ਸੁਧਾਰ ਵਾਸਤੇ ਆਸਾ ਦੀ ਵਾਰ ਦਾ ਗਿਆਰ੍ਹਵਾਂ (੧੧) ਸਲੋਕ ਪੜ੍ਹਿਆ। ਇਹ ਸੁਣਕੇ ਉਸ ਆਦਮੀ ਦਾ ਹੰਕਾਰ ਅਤੇ ਕੁਟਲਤਾ ਦੂਰ ਹੋ ਗਈ ਤੇ ਉਹ ਪ੍ਰੇਮੀ ਸਿੱਖ ਬਣ ਗਿਆ।

ਅਮਰਦਾਸ ਜੀ ਗੁਰੂ ਦੀ ਭਾਲ ਵਿਚ

ਹਿੰਦੂ ਰਾਮਚੰਦਰ ਜੀ ਨੂੰ ਅਵਤਾਰ ਮੰਨਦੇ ਸਨ। ਇਨ੍ਹਾਂ ਦਾ ਛੋਟਾ ਮਤਰੇਆ ਭਰਾ ਭਰਤ ਸੀ। ਲਿਖਿਆ ਹੈ ਕਿ ਭੱਲੇ ਖਤਰੀ ਭਰਤ ਜੀ ਦੀ ਔਲਾਦ ਹਨ। ਉਸੇ ਵੰਸ ਵਿਚੋਂ ਤੇਜ ਭਾਨ ਨਾਮ ਦਾ ਸੱਜਨ ਪਿੰਡ ਬਾਸਰਕੇ ਜਾ ਕੇ ਵਸਿਆ। ਇਹ ਪਿੰਡ ਅੰਮ੍ਰਿਤਸਰ ਦੇ ਨੇੜੇ ਹੈ। ਉਸਦੀ ਸੁਪਤਨੀ ਬਖਤ ਕੌਰ ਜੀ ਦੀ ਕੁੱਖ ਤੋਂ ਚਾਰ ਪੁੱਤਰ ਪੈਦਾ ਹੋਏ। ਸਾਰਿਆਂ ਤੋਂ ਵੱਡੇ ਅਮਰਦਾਸ ਜੀ ਸਨ। ਅਮਰਦਾਸ ਜੀ ਨੇ ਵਿਸਾਖ ਸ਼ੁਦੀ ਚੌਦਸ ਸੰਮਤ ੧੫੩੬ ਬਿ. ਮੁਤਾਬਿਕ ੧੪੭੯ ਈ. ਵਿਚ (ਦਿਨ ਚੜ੍ਹਨ ਤੋਂ ਪਹਿਲਾਂ) ਅੰਮ੍ਰਿਤ ਵੇਲੇ ਅਵਤਾਰ ਧਾਰਿਆ। ਅਮਰਦਾਸ ਜੀ ਕੁਝ ਖੇਤੀ ਤੇ ਕੁਝ ਵਪਾਰ ਕਰਦੇ ਸਨ। ਜਦ ਅਮਰਦਾਸ ਜੀ ਦੀ ਅਵਸਥਾ ਤੇਈ (੨੩) ਸਾਲ ਦੱਸ ਮਹੀਨੇ ਦੀ ਸੀ ਤਾਂ ਉਨ੍ਹਾਂ ਦਾ ਵਿਆਹ ਮਨਸਾ ਦੇਵੀ ਜੀ ਨਾਲ ਹੋਇਆ। ਉਨ੍ਹਾਂ ਦੇ ਦੋ ਪੁੱਤਰ ਮੋਹਰੀ ਤੇ ਮੋਹਨ ਅਤੇ ਦੋ ਧੀਆਂ ਬੀਬੀ ਦਾਨੀ ਤੇ ਭਾਨੀ ਪੈਦਾ ਹੋਈਆਂ। ਅਮਰਦਾਸ ਜੀ ਵੈਸ਼ਨੋ ਮਤ ਮੰਨਣ ਵਾਲੇ ਸਨ। ਉਹ ਸਦਾ ਇਕਾਦਸ਼ੀ ਦਾ ਵਰਤ ਰੱਖਦੇ ਸਨ ਅਤੇ ਸਦਾ ਵਿਚਾਰ ਕਰਦੇ ਰਹਿੰਦੇ ਸਨ ਕਿ ਸਾਡਾ ਮਾਨਵ ਜੀਵਨ ਵਿਅਰਥ ਜਾ ਰਿਹਾ ਹੈ। ਇਸਨੂੰ ਸਫਲ ਕਰਨ ਲਈ ਉਨ੍ਹਾਂ ਨੂੰ ਗੁਰੂ ਦੇ ਉਪਦੇਸ਼ ਦੀ ਲਾਲਸਾ ਲੱਗੀ ਰਹਿੰਦੀ ਸੀ। ਉਹ ਦਿਲ ਵਿਚ ਕਹਿੰਦੇ ਸਨ : "ਸੂਰਜ ਉਦੈ ਹੋਣ ਬਿਨਾਂ ਕਿਵੇਂ ਕੰਵਲ ਖਿੜ ਸਕਦਾ ਹੈ? ਅਤੇ ਗੁਰੂ ਬਿਨਾਂ ਆਦਮੀ ਕਿਵੇਂ ਮੁਕਤੀ ਪ੍ਰਾਪਤ ਕਰ ਸਕਦਾ ਹੈ?" ਅਮਰਦਾਸ ਜੀ ਨੇ ਹਰ ਵਰ੍ਹੇ ਗੰਗਾ ਜਾ ਕੇ ਇਸ਼ਨਾਨ ਕਰਨ ਅਤੇ ਇਕ ਧਰਮੀ ਹਿੰਦੂ ਵਾਲੇ ਸਾਰੇ ਕਰਮ ਉਤਸ਼ਾਹ ਨਾਲ ਕਰਨ ਦਾ ਪ੍ਰਣ ਕੀਤਾ। ਜਦੋਂ ਅਮਰਦਾਸ ਜੀ ਪਵਿੱਤਰ ਗੰਗਾ ਦੀ ਵੀਹਵੀਂ ਯਾਤਰਾ ਕਰਕੇ ਮੁੜ ਆ ਰਹੇ ਸਨ ਤਾਂ ਉਹ ਦੁਪਹਿਰ ਦੀ ਗਰਮੀ ਅਤੇ ਪੈਂਡੇ ਤੋਂ ਥਕ ਕੇ ਮਿਹੜਾ ਪਿੰਡ ਦੇ ਬਾਹਰਵਾਰ ਆ ਕੇ ਇਕ ਥਾਂ ਸੌਣ ਲਈ ਲੇਟ ਗਏ।

ਜਦੋਂ ਅਮਰਦਾਸ ਜੀ ਨੇ ਫਿਰ ਆਪਣਾ ਸਫਰ ਸ਼ੁਰੂ ਕੀਤਾ ਤਾਂ ਉਨ੍ਹਾਂ ਨੂੰ ਇਕ ਸਾਧੂ ਮਿਲਿਆ। ਅਮਰਦਾਸ ਜੀ ਉਸਦੇ ਇਤਨੇ ਗੂੜ੍ਹੇ ਜਾਣੂ ਅਤੇ ਮਿੱਤ ਬਣ ਗਏ ਕਿ ਰਲਕੇ ਇਕ ਦੂਜੇ ਲਈ ਸਾਂਝਾ ਖਾਣਾ ਬਣਾ ਲਿਆ ਕਰਨ। ਉਸ ਸਾਧੂ ਨੇ ਅਮਰਦਾਸ ਜੀ ਦੇ ਗੁਣ ਵੇਖ ਕੇ ਉਨ੍ਹਾਂ ਪਾਸੋਂ ਪੁੱਛਿਆ ਕਿ ਤੁਹਾਨੂੰ ਕਿਸ ਗੁਰੂ ਨੇ ਅਜਿਹੀ ਧਰਮ ਦੀ ਕਮਾਈ ਕਰਨੀ ਅਤੇ ਵਿਦਵਤਾ ਸਿਖਾਈ ਹੈ? ਅਮਰਦਾਸ ਜੀ ਨੇ ਉੱਤਰ ਦਿੱਤਾ ਕਿ ਮੇਰਾ ਤਾਂ ਕੋਈ ਗੁਰੂ ਨਹੀਂ। ਇਹ ਸੁਣ ਕੇ ਸਾਧੂ ਕਹਿਣ ਲੱਗਾ : "ਓਹੋ ! ਮੈਂ ਤਾਂ ਮਹਾ ਪਾਪ ਕੀਤਾ ਹੈ। ਮੈਂ ਨਿਗੁਰੇ ਦੇ ਹੱਥੋਂ ਖਾਧਾ ਹੈ। ਮੇਰੇ ਗੰਗਾ ਇਸ਼ਨਾਨ ਕੀਤੇ ਹੁਣ ਸਭ ਨਿਸਫਲ ਗਏ ਹਨ। ਨਾਰਦ ਅਤੇ ਸੁਖਦੇਵ ਨੇ ਜਦੋਂ ਗੁਰੂ ਧਾਰਨ ਕੀਤੇ ਸਨ ਤਾਂ ਹੀ ਜਾ ਕੇ ਆਪ ਪੂਜਾ ਕਰਾਉਣ ਦੇ ਯੋਗ ਹੋਏ ਸਨ। ਮੈਂ ਹੁਣ ਕੇਵਲ ਉਦੋਂ ਹੀ ਪਵਿੱਤਰ ਹੋ ਸਕਦਾ ਹਾਂ, ਜਦੋਂ ਫਿਰ ਗੰਗਾ ਜਾ ਕੇ ਇਸ਼ਨਾਨ ਕਰਾਂ।" ਇਸ ਤਰ੍ਹਾਂ ਅਫਸੋਸ ਕਰਦਾ ਹੋਇਆ ਉਹ ਸਾਧੂ ਚਲਾ ਗਿਆ। ਅਮਰਦਾਸ ਜੀ ਬੜੀ ਦੀਨਤਾ ਨਾਲ ਸੋਚੀਂ ਪੈ ਗਏ ਕਿ ਮੈਨੂੰ ਹੁਣ ਗੁਰੂ ਕਿਵੇਂ ਮਿਲੇ? ਗੁਰੂ ਬਿਨਾਂ ਹੁਣ ਉਹ ਅਜਿਹੇ ਬੇਚੈਨ ਹੋ ਗਏ ਕਿ ਉਨ੍ਹਾਂ ਦਾ ਦਿਲ ਨਾ ਕੁਝ

ਖਾਣ ਨੂੰ ਕਰੇ ਤੇ ਨਾ ਹੀ ਆਪਣੇ ਵਿਵਹਾਰਕ ਕੰਮ ਕਰਨ ਨੂੰ। ਉਹ ਅਰਦਾਸਾਂ ਕਰਨ : "ਹੇ ਵਾਹਿਗੁਰੂ, ਦਇਆ ਕਰੋ। ਮੈਨੂੰ ਅਜਿਹਾ ਗੁਰੂ ਮਿਲੇ, ਜਿਸ ਵਿਚ ਮਨੂਰ ਨੂੰ ਕੰਚਨ ਕਰਨ ਵਾਲੀ ਰਸਾਇਣ ਸ਼ਕਤੀ ਹੋਵੇ।" ਇਕ ਦਿਨ ਅੰਮ੍ਰਿਤ ਵੇਲੇ ਜਦ ਅਮਰਦਾਸ ਜੀ ਆਪਣੇ ਘਰ ਦੇ ਉਪਰਲੇ ਛੱਜੇ ਤੇ ਇਨ੍ਹਾਂ ਵਿਚਾਰਾਂ ਵਿਚ ਗ੍ਰਸਤ ਸਨ ਤਾਂ ਉਨ੍ਹਾਂ ਗੁਰਬਾਣੀ ਦੀ ਮਧੁਰ ਧੁਨੀ ਸੁਣੀ। ਇਹ ਆਵਾਜ਼ ਉਨ੍ਹਾਂ ਦੇ ਭਰਾ ਦੇ ਘਰ ਵੱਲੋਂ ਆ ਰਹੀ ਸੀ, ਜਿੱਥੇ ਗੁਰੂ ਅੰਗਦ ਦੇਵ ਜੀ ਦੀ ਸਪੁਤਰੀ ਬੀਬੀ ਅਮਰੋ ਜੀ ਰਹਿੰਦੇ ਸਨ। ਬੀਬੀ ਅਮਰੋ ਜੀ ਥੋੜ੍ਹੇ ਦਿਨ ਹੀ ਹੋਏ ਸਨ ਕਿ ਅਮਰਦਾਸ ਜੀ ਦੇ ਭਤੀਜੇ ਨਾਲ ਵਿਆਹੇ ਗਏ ਸਨ। ਬੀਬੀ ਜੀ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰਕੇ ਜਪੁਜੀ ਅਤੇ ਗੁਰੂ ਨਾਨਕ ਦੇਵ ਜੀ ਦੀ ਹੋਰ ਬਾਣੀ ਦਾ ਪਾਠ ਕਰਦੇ ਸਨ। ਫਿਰ ਪਰਿਵਾਰ ਲਈ ਦੁੱਧ ਰਿੜਕਦੇ। ਜਦ ਅਮਰਦਾਸ ਜੀ ਸੁਣ ਰਹੇ ਸਨ ਤਾਂ ਬੀਬੀ ਅਮਰੋ ਜੀ ਮਾਰੂ ਰਾਗ ਦਾ ਤੀਜਾ ਸ਼ਬਦ (ਜਿਹੜਾ ਅੱਗੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਥਾ ਵਿਚ ਦਿੱਤਾ ਜਾ ਚੁੱਕਾ ਹੈ) ਪੜ੍ਹ ਰਹੇ ਸਨ :—

ਕਰਣੀ ਕਾਗਦੁ ਮਨ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥੧॥
ਚਿਤ ਚੇਤਸਿ ਕੀ ਨਹੀਂ ਬਾਵਰਿਆ॥
ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ਰਹਾਉ॥
ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੇ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ॥੧॥
ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ॥੨॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਦ੍ਰਿਸਟ ਸਿਦੇਹਾ॥੪॥

(ਆ: ਗ੍ਰੰ: ਪੰ: ੯੯੦)

(ਮਾਰੂ ਮ: ੧ ਘਰੁ ੧)

ਜਦੋਂ ਅਮਰਦਾਸ ਜੀ ਨੇ ਇਹ ਸ਼ਬਦ ਸੁਣਿਆ ਤਾਂ ਉਹ ਡਾਢੇ ਪ੍ਰੇਮ ਵਿਚ ਮਗਨ ਹੋ ਗਏ। ਵਿਸ਼ੇਸ਼ ਕਰਕੇ ਉਨ੍ਹਾਂ ਨੂੰ ਅੰਤਮ ਤੁਕਾਂ ਤੋਂ ਪਰਮ ਸ਼ਾਂਤੀ ਪ੍ਰਾਪਤ ਹੋਈ ਕਿ ਮੈਂ ਮਨੂਰ ਤੋਂ ਕੰਚਨ ਹੋ ਸਕਾਂਗਾ। ਅਮਰਦਾਸ ਜੀ ਬੀਬੀ ਜੀ ਨੂੰ ਮੁੜ ਸ਼ਬਦ ਪੜ੍ਹਨ ਲਈ ਆਖਣ ਤੋਂ ਰਹਿ ਨਾ ਸਕੇ ਅਤੇ ਆ ਕੇ ਪੁੱਛਿਆ ਬੀਬੀ ਜੀ ਤੁਸੀਂ ਇਹ ਸ਼ਬਦ ਕਿੱਥੋਂ ਸਿਖਿਆ ਹੈ? ਬੀਬੀ ਅਮਰੋ ਜੀ ਨੇ ਉਨ੍ਹਾਂ ਨੂੰ ਦੱਸਿਆ ਕਿ ਇਹ ਸ਼ਬਦ ਮੈਂ ਆਪਣੇ ਪਿਤਾ ਜੀ ਪਾਸੋਂ ਸਿੱਖਿਆ ਹੈ। ਅਮਰਦਾਸ ਜੀ ਨੇ ਉਹ ਸ਼ਬਦ ਕੰਠ ਕਰ ਲਿਆ ਅਤੇ ਬੀਬੀ ਜੀ ਨੂੰ ਮਨਾ ਲਿਆ ਕਿ ਉਹ ਆਪ ਜੀ ਨੂੰ ਗੁਰੂ ਜੀ ਦੇ ਦਰਸ਼ਨ ਕਰਾਉਣ ਲਈ ਲੈ ਚੱਲਣਗੇ। ਪਿਛਲੇ ਜਨਮ ਦੀ ਭਗਤੀ ਉਨ੍ਹਾਂ ਦੇ ਹਿਰਦੇ ਵਿਚ ਜਾਗ ਪਈ ਅਤੇ ਜਦੋਂ ਤੱਕ ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਦਾ ਲਾਹਾ ਨਾ ਖੱਟ ਲਿਆ, ਉਨ੍ਹਾਂ ਹਰ ਪਲ ਘੜੀ ਇਕ ਜੁਗ ਵਾਂਗ ਭਾਸਦੀ ਰਹੀ।

ਗੁਰੂ ਅੰਗਦ ਦੇਵ ਜੀ ਦੇ ਦਰਸ਼ਨ

ਕੁਝ ਦਿਨਾਂ ਮਗਰੋਂ ਜਦੋਂ ਉਨ੍ਹਾਂ ਦੀ ਯਾਤਰਾ ਲਈ ਚੰਗਾ ਪ੍ਰਬੰਧ ਹੋ ਗਿਆ, ਬੀਬੀ ਅਮਰੋ ਜੀ ਅਮਰਦਾਸ ਜੀ ਨੂੰ ਨਾਲ਼ ਲੈ ਕੇ ਖਡੂਰ ਆਪਣੇ ਪਿਤਾ ਜੀ ਦੇ ਦਰਸ਼ਨਾਂ ਲਈ ਤੁਰ ਪਏ। ਜਦੋਂ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਘਰ ਪਹੁੰਚੇ ਤਾਂ ਉਨ੍ਹਾਂ ਦੇ ਨੇੜੇ ਦੀ ਰਿਸ਼ਤੇਦਾਰੀ ਜਾਣ ਕੇ ਉਨ੍ਹਾਂ ਨੂੰ ਗਲ ਲਾਉਣਾ ਚਾਹਿਆ ਪਰ ਅਮਰਦਾਸ ਜੀ ਨੇ ਆਦਰ ਸਹਿਤ ਇਹ ਗੱਲ ਨਾ ਮੰਨੀ। ਉਹ ਗੁਰੂ ਜੀ ਨੂੰ ਕਹਿਣ ਲੱਗੇ : "ਤੁਸੀਂ ਪ੍ਰਮਾਤਮਾ ਹੋ, ਮੈਂ ਕੇਵਲ ਇਕ ਕੀਟ ਹਾਂ।" ਫਿਰ ਉਹ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ। ਅਮਰਦਾਸ ਜੀ ਨੂੰ ਚਰਨ ਪਰਸਣ ਨਾਲ ਇੰਨਾ ਅਨੰਦ ਪ੍ਰਾਪਤ ਹੋਇਆ ਜਿਵੇਂ ਕਿਸੇ ਗਰੀਬ ਨੂੰ ਦੁਨੀਆਂ ਦੇ ਪਦਾਰਥ ਮਿਲਣ ਨਾਲ ਹੁੰਦਾ ਹੈ।

ਇਕ ਦਿਨ ਗੁਰੂ ਜੀ ਨੇ ਮੀਟ ਦਾ ਲੰਗਰ ਤਿਆਰ ਕਰਵਾਇਆ। ਅਮਰਦਾਸ ਜੀ ਦਿਲ ਵਿਚ ਕਹਿਣ ਲੱਗੇ : "ਜੇਕਰ ਗੁਰੂ ਜੀ ਅੰਤਰਜਾਮੀ ਹਨ, ਤਾਂ ਉਨ੍ਹਾਂ ਨੂੰ ਜ਼ਰੂਰ ਜਾਣਨਾ ਚਾਹੀਦਾ ਹੈ ਕਿ ਮੈਂ ਵੈਸ਼ਨੂੰ ਹਾਂ ਅਤੇ ਮੀਟ ਨੂੰ ਹੱਥ ਨਹੀਂ ਲਾਉਂਦਾ।" ਗੁਰੂ ਜੀ ਜਾਣੀ ਜਾਣ ਸਨ। ਹੁਕਮ ਦਿੱਤਾ ਕਿ ਅਮਰਦਾਸ ਜੀ ਨੂੰ ਦਾਲ ਵਰਤਾਈ ਜਾਵੇ ਤਾਂ ਅਮਰਦਾਸ ਜੀ ਨੇ ਸੋਚਿਆ : "ਗੁਰੂ ਜੀ ਜਾਣਦੇ ਹਨ ਕਿ ਮੈਨੂੰ ਮੀਟ ਮਨ੍ਹਾ ਹੈ, ਇਸ ਲਈ ਉਨ੍ਹਾਂ ਹੁਕਮ ਦਿੱਤਾ ਹੈ ਕਿ ਮੀਟ ਦੀ ਥਾਂ ਮੈਨੂੰ ਦਾਲ ਦਿੱਤੀ ਜਾਵੇ।" ਤਾਂ ਅਮਰਦਾਸ ਜੀ ਛੇਤੀ ਹੀ ਇਸ ਨਤੀਜੇ ਤੇ ਪੁੱਜੇ ਕਿ ਜਿਸ ਕਿਸੇ ਸਿੱਖ ਦੀ ਰਹਿਣੀ ਗੁਰੂ ਦੀ ਰਹਿਣੀ ਪਾਸੋਂ ਉਲਟ ਹੋਵੇ ਉਸ ਨੂੰ ਅਵਸ਼ ਹੀ ਅਸਫਲਤਾ ਹੋਵੇਗੀ। ਇਸ ਲਈ ਉਹ ਲਾਂਗਰੀ ਨੂੰ ਕਹਿਣ ਲੱਗੇ ਕਿ ਜੇਕਰ ਗੁਰੂ ਜੀ ਆਪ ਕਿਰਪਾ ਕਰਕੇ ਮੀਟ ਮੈਨੂੰ ਬਖਸ਼ਣਗੇ ਤਾਂ ਮੈਂ ਉਹ ਅਹਾਰ ਕਰਾਂਗਾ। ਗੁਰੂ ਜੀ ਨੇ ਜਦ ਇਹ ਸੁਣਿਆ ਤਾਂ ਉਨ੍ਹਾਂ ਸਮਝ ਲਿਆ ਕਿ ਅਮਰਦਾਸ ਜੀ ਦੇ ਮਨ ਵਿਚੋਂ ਭਰਮ ਦੂਰ ਹੋ ਗਿਆ ਹੈ। ਗੁਰੂ ਜੀ ਨੇ ਉਨ੍ਹਾਂ ਨੂੰ ਆਪਣਾ ਥਾਲ ਦਿੱਤਾ। ਜਦ ਅਮਰਦਾਸ ਜੀ ਨੇ ਉਹ ਛਕਿਆ, ਤਾਂ ਉਨ੍ਹਾਂ ਨੂੰ ਪਹਿਲੀ ਵਾਰ ਹੀ ਮਨ ਵਿਚ ਸ਼ਾਂਤੀ ਵਰਤ ਗਈ। ਜਦ ਗੁਰੂ ਵੱਲ ਉਨ੍ਹਾਂ ਦੀ ਬਿਰਤੀ ਅਤੇ ਪ੍ਰੇਮ ਹੋਰ ਗੂੜ੍ਹਾ ਲੱਗ ਗਿਆ ਤਾਂ ਉਨ੍ਹਾਂ ਦੇ ਹਿਰਦੇ ਵਿਚ ਅਕਾਸ਼ੀ ਜੋਤ ਦਾ ਪ੍ਰਕਾਸ਼ ਹੋ ਆਇਆ। ਇਸ ਤਰ੍ਹਾਂ ਅਮਰਦਾਸ ਜੀ ਨੇ ਵੈਸ਼ਨਵਾਂ ਵਾਲੇ ਪੱਕੇ ਤੋਂ ਪੱਕੇ ਨਿਯਮ ਤੋੜੇ ਅਤੇ ਗੁਰੂ ਜੀ ਦੇ ਸਿੱਖ ਬਣ ਗਏ।

ਗੁਰੂ ਅੰਗਦ ਦੇਵ ਜੀ ਦਾ ਅਮਰਦਾਸ ਜੀ ਨੂੰ ਉਪਦੇਸ਼

ਇਕ ਦਿਨ ਗੁਰੂ ਜੀ ਨੇ ਅਮਰਦਾਸ ਜੀ ਦੇ ਭਰਮਾਂ ਨੂੰ ਦੂਰ ਕਰਨ ਵਾਸਤੇ ਉਨ੍ਹਾਂ ਨੂੰ ਇਉਂ ਸਿਖਿਆ ਦੇਣੀ ਸ਼ੁਰੂ ਕੀਤੀ : "ਜਿਨ੍ਹਾਂ ਮਾਸਾਂ ਨੂੰ ਸਾਨੂੰ ਛੋੜਨਾ ਠੀਕ ਹੈ ਉਹ ਇਹ ਹਨ—ਪਰ ਧਨ, ਪਰ ਇਸਤ੍ਰੀ, ਨਿੰਦਾ, ਈਰਖਾ, ਲੋਭ, ਅਹੰਕਾਰ। ਜੇਕਰ ਕੋਈ ਮਾਸ ਛੋੜਕੇ ਇਸ ਗੱਲ ਦਾ ਅਭਿਮਾਨ ਕਰਦਾ ਹੈ ਅਤੇ ਕਹਿੰਦਾ ਹੈ : "ਮੈਂ ਕਦੀ ਮਾਸ ਨੂੰ ਨਹੀਂ ਛੂੰਹਦਾ' ਉਸਨੂੰ ਇਹ ਵਿਚਾਰਨਾ ਚਾਹੀਦਾ ਹੈ ਕਿ ਬੱਚਾ ਮਾਸ ਦਾ ਮੰਮਾ ਚੁੰਘਦਾ ਹੈ, ਅਤੇ ਵਿਆਹ ਕੇ ਆਦਮੀ ਆਪਣੇ ਘਰ ਆਪਣੇ ਨਾਲ ਮਾਸ ਦਾ ਹੀ ਭਾਂਡਾ (ਇਸਤ੍ਰੀ) ਲੈ ਆਉਂਦਾ ਹੈ।" ਗੁਰੂ ਅੰਗਦ ਦੇਵ ਜੀ ਨੇ ਇਸ ਵਿਸ਼ੇ ਤੇ ਗੁਰੂ ਨਾਨਕ ਦੇਵ ਜੀ ਦਾ ਹੇਠ

ਲਿਖਿਆ ਸ਼ਬਦ ਪੜ੍ਹਿਆ ਅਤੇ ਉਸਦੀ ਵਿਆਖਿਆ ਕੀਤੀ—

ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥
ਜੀਉਪਾਇ ਮਾਸੁ ਮੁਹਿ ਮਿਲਿਆ ਹਡ ਚੰਮੁ ਤਨੁ ਮਾਸੁ॥
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ॥
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ॥
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ॥
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ॥
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂਕੋ ਆਵੈ ਰਾਸਿ॥
ਆਪਿ ਛੁਪੇ ਨਹ ਛੁਟੀਐ ਨਾਨਕ ਬਚਨਿ ਬਿਣਾਸੁ॥੧॥ ਮਃ ੧॥
ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀਂ ਜਾਣੈ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥
ਰੀਂਡਾ ਮਾਰਿ ਹੋਮ ਜਗ ਕੀਏ ਦੇਵਤਿਆਂ ਕੀ ਬਾਣੇ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀਂ ਸੂਝੈ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ॥
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੈ॥
ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸ ਚੰਗੇਰਾ॥
ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ॥
ਅਭਖੁ ਬਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ॥
ਸਾਸਹੁ ਨਿੰਮੇ ਮਾਸਹੁ ਜੰਮੇ ਹਮ ਹਮ ਮਾਸੈ ਕੇ ਭਾਂਡੇ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ॥
ਮਾਸੁ ਪੁਰਾਣੀ ਮਾਸੁ ਕਤੇਬੀਂ ਚਹੁ ਜੁਗੁ ਮਾਸੁ ਕਮਾਣਾ॥
ਜਜਿ ਕਜਿ ਵੀਆਹਿ ਸੁਹੇਵਾ ਓਥੇ ਮਾਸੁ ਸਮਾਣਾ॥
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸ਼ਾਹ ਸੁਲਤਾਨਾ॥
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨਕਾ ਦਾਨੁ ਨ ਲੈਣਾ॥
ਦੇਂਦਾ ਨਰਕਿ ਸੁਰਗਿ ਲੈਂਦੇ ਦੇਖਹੁ ਏਹੁ ਪਿਝਾਣਾ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ॥
ਪਾਂਡੇ ਤੂੰ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ॥

ਤੋਇਅਹੁ ਅਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ॥
ਤੋਆ ਆਥੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ॥੨॥

(ਆਃ ਗ੍ਰੰਃ ਪੰਃ ੧੨੬੯-੯੦) (ਵਾਰ ਮਹਾਰ ਮਃ ੧)

ਫਿਰ ਗੁਰੂ ਜੀ ਨੇ ਅਮਰਦਾਸ ਜੀ ਨੂੰ ਦੁਨੀ ਚੰਦ ਅਤੇ ਉਸਦੀ ਪਿਤਾ ਵਾਲੀ ਸਾਖੀ ਸੁਣਾਈ ਜਿਹੜੀ ਗੁਰੂ ਨਾਨਕਦੇਵ ਜੀ ਦੀ ਜੀਵਨ ਕਥਾ ਵਿਚ ਦਿੱਤੀ ਜਾ ਚੁੱਕੀ ਹੈ।

ਗੁਰੂ ਜੀ ਫਿਰ ਕਹਿਣ ਲੱਗੇ : "ਜੇਕਰ ਇਸ ਬਾਰੇ ਸੋਚੋ ਤਾਂ ਹਰ ਇਕ ਚੀਜ਼ ਵਿਚ ਜਾਨ ਹੈ। ਮਾਸ ਤਾਂ ਕਿਤੇ ਰਿਹਾ, ਫਲਾਂ ਫੁਲਾਂ ਵਿਚ ਵੀ ਜਾਨ ਹੈ। ਪਰ ਜੋ ਕੁਝ ਤੁਸੀਂ ਛਕੋ ਵਾਹਿਗੁਰੂ ਨੂੰ ਯਾਦ ਕਰੋ ਛਕੋ। ਇਹ ਤੁਹਾਨੂੰ ਲਾਭਦਾਇਕ ਹੋਵੇਗਾ। ਜੋ ਕੁਝ ਤੁਹਾਡੇ ਪਾਸ ਬਿਨਾਂ ਕਿਸੇ ਨਾਲ ਦੇ ਪ੍ਰਾਣੀ ਨੂੰ ਦੁਖ ਦਿੱਤਿਆਂ ਆਉਂਦਾ ਹੈ ਉਹ ਅੰਮ੍ਰਿਤ ਹੈ ਅਤੇ ਜੋਕੁਝ ਤੁਸੀਂ ਕਿਸੇ ਨੂੰ ਦੁਖ ਦੇਕੇ ਲੈਂਦੇ ਹੋ ਉਹ ਜ਼ਹਿਰ ਹੈ। ਦੂਜਿਆਂ ਦੀਆਂ ਆਸਾਂ ਨੂੰ ਤੋੜਨਾ, ਦੂਜਿਆਂ ਤੇ ਝੂਠੀ ਤੋਹਮਤ ਲਾਣੀ ਅਤੇ ਉਨ੍ਹਾਂ ਦਾ ਮਾਲ ਗ਼ਬਨ ਕਰਨਾ, ਮਾਸ ਖਾਣ ਨਾਲੋਂ ਵੀ ਬੁਰਾ ਹੈ।" ਅਮਰਦਾਸ ਜੀ ਦੇ ਦਿਲ ਵਿਚੋਂ ਭਰਮ ਦਾ ਆਖਰੀ ਕਿਣਕਾ ਵੀ ਹੁਣ ਤਾਈਂ ਦੂਰ ਹੋ ਗਿਆ ਸੀ।

ਅਮਰਦਾਸ ਜੀ ਨੂੰ ਸੇਵਾ ਦੀ ਲਗਨ

ਅਮਰਦਾਸ ਜੀ ਦਿਨ ਰਾਤ ਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦੇ ਅਤੇ ਲਿਖਿਆ ਹੈ ਕਿ ਉਨ੍ਹਾਂ ਵਾਸਤੇ ਕਈਆਂ ਦਾਸਾਂ ਦੀ ਥਾਂ ਸੇਵਾ ਦਾ ਕੰਮ ਨਿਭਾਹੁੰਦੇ। ਇਕ ਦਿਨ ਜਦ ਗੁਰੂ ਜੀ ਅਤੇ ਅਮਰਦਾਸ ਜੀ ਇਕੱਠੇ ਜਾ ਰਹੇ ਸਨ ਤਾਂ ਅਮਰਦਾਸ ਜੀ ਦੀ ਖੱਬੀ ਬਾਂਹ ਅਚੇਤ ਹੀ ਗੁਰੂ ਜੀ ਦੇ ਸਰੀਰ ਤੋਂ ਅੱਗੇ ਨਿਕਲ ਗਈ। ਅਮਰਦਾਸ ਜੀ ਨੇ ਆਪ ਹੀ ਪਹਿਲਾਂ ਇਹ ਵੇਖਿਆ ਅਤੇ ਇਸ ਗੱਲ ਤੇ ਅਫਸੋਸ ਪ੍ਰਗਟ ਕੀਤਾ। ਉਹ ਕਹਿਣ ਲੱਗੇ: "ਇਹ ਬਾਂਹ, ਜਿਸ ਨੇ ਗੁਰੂ ਜੀ ਦੀ ਨਿਰਾਦਰੀ ਕੀਤੀ ਹੈ ਵਢ ਦੇਣੀ ਚਾਹੀਦੀ ਹੈ। ਮੈਂ ਜੇਕਰ ਆਪਣੇ ਮਾਲਕ ਦਾ ਸਨਮਾਨ ਨਹੀਂ ਕਰਦਾ ਤਾਂ ਕੀ ਮੈਂ ਟਹਿਲੀਆਂ ਹਾਂ ?" ਗੁਰੂ ਜੀ ਨੇ ਉੱਤਰ ਦਿੱਤਾ : "ਕੋਈ ਗੱਲ ਨਹੀਂ, ਬੇਸ਼ਕ ਆਪਣੀ ਬਾਂਹ ਝੁਲਾਓ। ਤਪ ਕਰਨ ਨਾਲ ਹੀ ਇੰਦਰੀਆਂ ਨੂੰ ਕਾਬੂ ਰਖਣਾ ਚਾਹੀਦਾ ਹੈ। ਆਪਣੇ ਹੱਥ ਪੈਰ ਸੰਤਾਂ ਦੀ ਸੇਵਾ ਵਿਚ ਲਾਉ, ਤੁਹਾਡਾ ਪ੍ਰੇਮ ਸਫਲ ਹੋਵੇਗਾ। ਜਿਹੜਾ ਇਹੋ ਜਿਹੀ ਸੇਵਾ ਕਰਦਾ ਹੈ ਉਹ ਸੁਖੀ ਰਹੇਗਾ। ਆਦਮੀ ਨੂੰ ਅਹੰਕਾਰ ਦਾ ਤਿਆਗ ਕਰਨਾ ਚਾਹੀਦਾ ਹੈ। ਵਾਹਿਗੁਰੂ ਦਾ ਭੈ ਅਤੇ ਭਾਉ ਮਨ ਵਿਚ ਰਖਣਾ ਚਾਹੀਦਾ ਹੈ। ਉਸਦੇ ਭਾਣੇ ਅਤੇ ਉਸਦੇ ਹੁਕਮਾਂ ਨੂੰ ਮੰਨਣਾ ਚਾਹੀਦਾ ਹੈ। ਇਹ ਸੱਚੇ ਸਿੱਖ ਦੀਆਂ ਨਿਸ਼ਾਨੀਆਂ ਹਨ।

ਇਕ ਦਿਨ ਇਕ ਆਦਮੀ ਜਿਸਦਾ ਨਾਮ ਗੋਬਿੰਦ ਸੀ, ਗੁਰੂ ਅੰਗਦ ਦੇਵ ਜੀ ਪਾਸ ਆਇਆ ਤੇ ਆ ਕੇ ਬੇਨਤੀ ਕੀਤੀ ਕਿ ਮੈਂ ਆਪਣੇ ਰਿਸ਼ਤੇਦਾਰ ਨਾਲ ਇਕ ਮੁਕੱਦਮੇ ਵਿਚ ਫਸਿਆ ਹੋਇਆ ਹਾਂ। ਮੈਂ ਵਾਅਦਾ ਕਰਦਾ ਹਾਂ ਕਿ ਜੇ ਮੈਂ ਕਦੀ ਜਿੱਤ ਗਿਆ ਤਾਂ ਗੁਰੂ ਜੀ ਆਪ ਦੇ ਸਨਮਾਨ ਵਿਚ ਇਕ ਸ਼ਹਿਰ ਵਸਾਂਵਾਂਗਾ। ਜਦ ਉਸਦੇ ਭਾਗ ਜਾਗੇ,

ਤਾਂ ਉਸਨੇ ਬਾਦਸ਼ਾਹ ਤੋਂ ਜ਼ਮੀਨ ਠੇਕੇ ਤੇ ਲੈਕੇ ਬਿਆਸ ਦਰਿਆ ਦੇ ਕੰਢੇ ਇਕ ਖੁਲ੍ਹੀ ਥਾਂ ਤੇ ਸ਼ਹਿਰ ਵਸਾਣਾ ਸ਼ੁਰੂ ਕੀਤਾ। ਕੰਮ ਅਰੰਭ ਕਰਨ ਲਈ ਜੋਤਸ਼ੀਆਂ ਤੋਂ ਨੇਕ ਮਹੂਰਤ ਕਢਾਕੇ ਗੋਬਿੰਦ ਨੇ ਜ਼ਮੀਨ ਦੀ ਵਿਉਂਤ ਕਰਾਈ, ਰਾਜ ਕੰਮ ਤੇ ਲਾ ਦਿੱਤੇ ਅਤੇ ਸ਼ਹਿਰ ਉਸਾਰਨਾ ਸ਼ੁਰੂ ਕਰ ਦਿੱਤਾ। ਪਰ ਜੋ ਕੁਝ ਦਿਨੇ ਬਣਾਇਆ ਜਾਂਦਾ ਉਹ ਕੋਈ ਗੁਪਤ ਸ਼ਕਤੀ ਰਾਤ ਨੂੰ ਢਾਹ ਜਾਂਦੀ ਸੀ। ਲੋਕੀ ਇਹ ਖਿਆਲ ਕਰਦੇ ਸਨ ਕਿ ਇਹ ਜਿੰਨਾਂ ਭੂਤਾਂ ਦਾ ਕੰਮ ਹੈ, ਪਰ ਵੀਹ ਵਿਸਵੇ ਗੋਬਿੰਦ ਦੇ ਰਿਸ਼ਤੇਦਾਰਾਂ ਦੇ ਵੈਰ ਵਲ ਚੰਗੀ ਤਰ੍ਹਾਂ ਧਿਆਨ ਨਹੀਂ ਸੀ ਦਿੱਤਾ ਜਾਂਦਾ। ਗੋਬਿੰਦ ਨੇ ਆਕੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਆਪ ਕਿਰਪਾ ਕਰੋ ਤਾਂ ਜੋ ਸ਼ਹਿਰ ਸੰਪੂਰਨ ਹੋ ਜਾਵੇ ਅਤੇ ਸ਼ਹਿਰ ਦਾ ਨਾਉਂ ਭੀ ਆਪਦੇ ਨਾਂ ਉਤੇ ਰਖਿਆ ਜਾਵੇ। ਗੁਰੂ ਜੀ ਨੇ ਉਸ ਨੂੰ ਉਪਦੇਸ਼ ਦਿੱਤਾ ਕਿ ਦੁਨਿਆਵੀ ਮਾਨ ਵਡਿਆਈ ਤੁੱਛ ਹੈ ਤੇ ਧਰਮ ਕਮਾਣਾ ਚਾਹੀਦਾ ਹੈ। ਨਿਕੰਮੇ ਦੁਨੀਆਂ ਦੇ ਧੰਧਿਆਂ ਬਾਰੇ ਕਿਉਂ ਚਿੰਤਾ ਕਰੋ, ਆਦਮੀ ਨੂੰ ਸੱਚੇ ਨਾਮ ਤੋਂ ਵਧੀਕ ਕੋਈ ਚੀਜ਼ ਵੀ ਪਿਆਰੀ ਨਹੀਂ ਹੋਣੀ ਚਾਹੀਦੀ। ਤਾਂ ਗੋਬਿੰਦ ਨੇ ਬੇਨਤੀ ਕੀਤੀ ਕਿ ਜੇਕਰ ਆਪਦੀ ਅਭਿਲਾਸ਼ਾ ਨਹੀਂ ਕਿ ਆਪ ਦਾ ਸਨਮਾਨ ਕਰਨ ਲਈ ਆਪਦੇਂ ਨਾਮ ਤੇ ਸ਼ਹਿਰ ਵਸਾਇਆ ਜਾਵੇ ਤਾਂ ਵੀ ਮੇਰੀ ਇੱਛਾ ਪੂਰਨ ਕਰੋ।

ਤਾਂ ਗੁਰੂ ਅੰਗਦ ਦੇਵ ਜੀ ਨੇ ਅਮਰਦਾਸ ਜੀ ਨੂੰ ਆਪਣੀ ਸੋਟੀ ਦਕੇ ਭੇਜਿਆ ਅਤੇ ਕਿਹਾ ਕਿ ਜਾਓ ਅਤੇ ਸ਼ਹਿਰ ਦੇ ਬਣਨ ਵਿਚ ਜੋ ਕੋਈ ਵਿਘਨ ਪਾਉਂਦਾ ਹੈ ਉਸ ਨੂੰ ਹਟਾਉ । ਅਮਰਦਾਸ ਜੀ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਆਪ ਮੇਰੇ ਸਹਾਈ ਹੋਵੋ। ਸੁ ਸਭ ਕੁਝ ਗੁਰੂ ਜੀ ਦੀ ਇੱਛਾ ਅਨੁਸਾਰ ਠੀਕ ਹੋ ਗਿਆ। ਬਿਨਾਂ ਕਿਸੇ ਵਲੋਂ ਹੋਰ ਛੇੜ-ਛਾੜ ਦੇ ਗੋਬਿੰਦ ਨੇ ਸੁੰਦਰ ਸ਼ਹਿਰ ਵਸਾ ਲਿਆ, ਜਿਸ ਦਾ ਨਾਉਂ ਅਮਰਦਾਸ ਜੀ ਨੇ ਉਸਦੇ ਸਨਮਾਨ ਵਜੋਂ ਗੋਇੰਦਵਾਲ ਰੱਖਿਆ। ਅੱਜ ਕੱਲ ਇਸ ਸ਼ਹਿਰ ਦਾ ਨਾਂ ਗੋਇੰਦਵਾਲ ਪ੍ਰਸਿੱਧ ਹੈ। ਗੋਬਿੰਦੇ ਨੇ ਉਸ ਸ਼ਹਿਰ ਵਿਚ ਆਪਣੇ ਉਪਕਾਰ ਕਰਨ ਵਾਲੇ ਅਮਰਦਾਸ ਜੀ ਲਈ ਇਕ ਮਹੱਲ ਵੀ ਬਣਵਾ ਦਿੱਤਾ। ਜਦ ਸਭ ਕੁਝ ਤਿਆਰ ਹੋ ਗਿਆ, ਤਾਂ ਗੋਬਿੰਦ ਫਿਰ ਖਡੂਰ ਗਿਆ ਤਾਂ ਜੋ ਗੁਰੂ ਜੀ ਦਾ ਧੰਨਵਾਦ ਕਰੇ ਜਿਨ੍ਹਾਂ ਨੇ ਉਸ ਨਾਲ ਅਮਰਦਾਸ ਜੀ ਵਰਗਾ ਸ਼ਕਤੀਵਾਨ ਆਪਣਾ ਪ੍ਰਤੀਨਿਧ ਭੇਜਿਆ ਸੀ, ਅਤੇ ਬੇਨਤੀ ਵੀ ਕਰੇ ਕਿ ਗੁਰੂ ਜੀ ਉਸ ਨਵੇਂ ਬਣਾਏ ਸ਼ਹਿਰ ਵਿਚ ਹੀ ਚਲ ਵਸਣ। ਗੁਰੂ ਜੀ ਨਹੀਂ ਸੀ ਚਾਹੁੰਦੇ ਕਿ ਅਸੀਂ ਆਪਣਾ ਪੁਰਾਣਾ ਪਿੰਡ ਤੇ ਸਥਾਨ ਛੱਡੀਏ, ਇਸ ਲਈ ਉਨ੍ਹਾਂ ਨੇ ਅਮਰਦਾਸ ਜੀ ਨੂੰ ਹੁਕਮ ਕੀਤਾ ਕਿ ਉਹ ਰਾਤ ਨੂੰ ਗੋਇੰਦਵਾਲ ਜਾਕੇ ਰਹਿਣ ਅਤੇ ਦਿਨੇ ਉਨ੍ਹਾਂ ਪਾਸ ਆ ਜਾਇਆ ਕਰਨ। ਅਮਰਦਾਸ ਜੀ ਦੇ ਉਥੇ ਰਹਿਣ ਕਾਰਨ ਅਤੇ ਉਸ ਥਾਂ ਧਰਮੀ ਵਾਯੂਮੰਡਲ ਦੇ ਪੈਦਾ ਹੋ ਜਾਣ ਕਰਕੇ ਗੋਇੰਦਵਾਲ ਪ੍ਰਿਥਵੀ ਤੇ ਇਕ ਸਵਰਗ ਦਾ ਨਮੂਨਾ ਬਣ ਗਿਆ ਸੀ। ਸਮੇਂ ਸਿਰ ਅਮਰਦਾਸ ਜੀ ਬਾਸਰਕੇ ਤੋਂ ਆਪਣੇ ਸਾਕ ਅੰਗਾਂ ਨੂੰ ਨਾਲ ਲੈ ਆਏ ਅਤੇ ਗੋਇੰਦਵਾਲ ਵਿਚ ਪੱਕੀ ਤਰ੍ਹਾਂ ਜਾ ਵੱਸੇ।

ਅਮਰਦਾਸ ਜੀ ਦੀ ਨਿਤ ਕਿਰਿਆ

ਅਮਰਦਾਸ ਜੀ ਹੁਣ ਬਿਰਧ ਸਨ, ਪਰ ਪ੍ਰੇਮ ਭਗਤੀ ਦੀਆਂ ਕਿਰਣਾਂ ਦਾ ਚੱਕਰ ਉਨ੍ਹਾਂ ਦੇ ਆਲੇ-ਦੁਆਲੇ ਪ੍ਰਕਾਸ਼ ਕਰਦਾ ਸੀ। ਉਨ੍ਹਾਂ ਦੀ ਰੋਜ਼ ਦੀ ਸੇਵਾ ਇਸ ਪ੍ਰਕਾਰ ਸੀ—

ਗੋਇੰਦਵਾਲ ਅਮਰਦਾਸ ਜੀ ਪਹਿਰ ਰਾਤ ਰਹਿੰਦੀ ਉਠਦੇ ਅਤੇ ਬਿਆਸਾ ਦਰਿਆ ਉਤੇ ਜਾਂਦੇ ਤਾਂਕਿ ਗੁਰੂ ਜੀ ਦੇ ਇਸ਼ਨਾਨ ਲਈ ਜਲ ਭਰਕੇ ਖਡੂਰ ਲੈ ਜਾਣ। ਨਾਲ-ਨਾਲ ਜਪੁਜੀ ਸਾਹਿਬ ਦਾ ਪਾਠ ਵੀ ਕਰਦੇ ਜਾਂਦੇ ਅਤੇ ਆਮ ਤੌਰ ਤੇ ਗੋਇੰਦਵਾਲ ਅਤੇ ਖਡੂਰ ਦੇ ਅੱਧ ਵਿਚ ਇਸ ਦਾ ਭੋਗ ਪਾਂਦੇ। ਖਡੂਰ ਜਾਕੇ ਆਸਾ ਦੀ ਵਾਰ ਦਾ ਕੀਰਤਨ ਸੁਣਕੇ ਗੁਰੂ ਜੀ ਦੇ ਲੰਗਰ ਲਈ ਜਲ ਢੋਂਦੇ, ਭਾਂਡੇ ਮਾਂਜਦੇ ਅਤੇ ਫਿਰ ਬਨ ਵਿਚ ਜਾਕੇ ਬਾਲਣ ਲੈ ਆਉਂਦੇ। ਹਰ ਰੋਜ ਸੰਧਿਆ ਵੇਲੇ ਸੋਦਰੁ ਅਤੇ ਸ਼ਾਮ ਦਾ ਨਿੰਤਨੇਮ ਸੁਣਦੇ ਅਤੇ ਫਿਰ ਗੁਰੂ ਜੀ ਦੀ ਮੁਠੀ ਚਾਪੀ ਕਰਦੇ। ਗੁਰੂ ਜੀ ਨੂੰ ਬਿਸਰਾਮ ਕਰਵਾ ਕੇ ਆਪ ਆਪਣੇ ਆਤਮਕ ਮਾਲਕ ਦੇ ਪਰਮ ਸਨਮਾਨ ਦੀ ਖਾਤਰ ਪੁਠੇ ਪੈਰੀਂ ਤੁਰਕੇ ਗੋਇੰਦਵਾਲ ਨੂੰ ਮੁੜ ਆਉਂਦੇ। ਉਹ ਅੱਧ ਅਸਥਾਨ, ਜਿੱਥੇ ਕਿ ਅਮਰਦਾਸ ਜੀ ਰੋਜ਼ ਅੰਮ੍ਰਿਤ ਵੇਲੇ ਜਪੁਜੀ ਦਾ ਭੋਗ ਪਾਂਦੇ ਸਨ, ਦਮਦਮੇ (ਯਾਂ ਸਾਹ ਲੈਣ ਵਾਲੀ ਥਾਂ) ਦੇ ਨਾਮ ਨਾਲ ਪ੍ਰਸਿੱਧ ਹੈ। ਇੱਥੇ ਇਕ ਗੁਰਦਵਾਰਾ ਬਣਾਇਆ ਗਿਆ ਸੀ, ਜੋ ਅੱਜ ਕੱਲ੍ਹ ਸਿੱਖਾਂ ਲਈ ਯਾਤਰਾ ਦਾ ਪਵਿੱਤਰ ਸਥਾਨ ਹੈ।

ਕਾਂਡ—21

ਤਪੇ ਦੀ ਈਰਖਾ

ਖਡੂਰ ਵਿਚ ਰਹਿਣ ਵਾਲੇ ਤਪੇ ਸੰਬੰਧੀ ਅੱਗੇ ਹੀ ਵਰਣਨ ਕੀਤਾ ਗਿਆ ਹੈ। ਖਹਿਰੇ ਜੱਟ ਉਸਨੂੰ ਗੁਰੂ ਮੰਨਕੇ ਪੂਜਦੇ ਸਨ। ਤਪਾ ਆਪਣੇ ਨਿਤਨੇਮ ਵਿਚ ਪੱਕਾ ਸੀ ਅਤੇ ਤੰਤ੍ਰ ਮੰਤ੍ਰ, ਜਾਦੂ ਟੂਣੇ ਕਰਨੇ ਵੀ ਜਾਣਦਾ ਸੀ; ਪਰ ਗੁਰੂ ਜੀ ਨਾਲ ਬੜੀ ਈਰਖਾ ਕਰਦਾ ਸੀ। ਉਹ ਆਪਣਾ ਸਾਰਾ ਜ਼ੋਰ ਸਿਖਾਂ ਨੂੰ ਗੁਰੂ ਜੀ ਦੇ ਸਨਮਾਨ ਕਰਨ ਤੋਂ ਰੋਕਣ ਵਿਚ ਲਾਉਂਦਾ ਸੀ। ਤਪਾ ਇਸ ਗੱਲ ਤੇ ਝਗੜਦਾ ਕਿ ਗ੍ਰਿਹਸਤੀ ਦੀ ਕਦੇ ਵੀ ਪੂਜਾ ਨਹੀਂ ਕਰਨੀ ਚਾਹੀਦੀ। ਉਹ ਅਹੰਕਾਰ ਨਾਲ ਕਹਿੰਦਾ ਕਿ ਮੈਂ ਹੀ ਜਤੀ, ਸਤੀ, ਤਪੀ ਹਾਂ ਅਤੇ ਲੋਕਾਂ ਨੂੰ ਮੈਨੂੰ ਹੀ ਮੰਨਣਾ ਚਾਹੀਦਾ ਹੈ ਤੇ ਮੇਰੀ ਹੀ ਪੂਜਾ ਕਰਨੀ ਚਾਹੀਦੀ ਹੈ।

ਵਾਹਿਗੁਰੂ ਦੀ ਕਰਨੀ ਅਜਿਹਾ ਹੋਇਆ ਕਿ ਇਕ ਵਰ੍ਹੇ ਬੜੀ ਔੜ ਲੱਗੀ। ਹਾੜ, ਸਾਵਣ ਅਤੇ ਅੱਧਾ ਭਾਦਰੋਂ (ਜੂਨ ਦੇ ਅੱਧ ਤੋਂ ਲੈਕੇ ਅਗਸਤ ਦੇ ਅਖੀਰ ਤੱਕ) ਗੁਜ਼ਰ ਗਿਆ ਅਤੇ ਥੋੜਾ ਵੀ ਬਰਖਾ ਰੁੱਤ ਦਾ ਮੀਂਹ ਨਾ ਪਿਆ। ਖਾਣ ਦੀਆਂ ਚੀਜ਼ਾਂ ਘੱਟ ਗਈਆਂ ਅਤੇ ਮਹਿੰਗੀਆਂ ਹੋ ਗਈਆਂ, ਲੋਕੀ ਬੜੀ ਦੁਖੀ ਹੋ ਗਏ। ਮਾਲ ਡੰਗਰ ਨੂੰ ਵੀ ਔਖਿਆਈ ਹੋਈ ਅਤੇ ਬੜੇ ਪਸ਼ੂ ਮਰ ਗਏ ਕਿਉਂਕਿ ਤਲਾਅ ਸੁੱਕ ਗਏ ਤੇ ਅਕਾਸ਼ ਵਲੋਂ ਕੋਈ ਪਾਣੀ ਦੀ ਬੂੰਦ ਨਾ ਡਿੱਗੀ, ਲੋਕੀ ਇਕੱਠੇ ਹੋਕੇ ਤਪੇ ਪਾਸ ਗਏ ਅਤੇ ਆਪਣੀ ਮੁਸੀਬਤ ਬਾਰੇ ਦੱਸਿਆ। ਤਪਾ ਕਹਿਣ ਲੱਗਾ : "ਤੁਹਾਡੇ ਸ਼ਹਿਰ ਵਿਚ ਜਿਹੜੀ ਬਿਪਤਾ ਆਈ ਹੋਈ ਹੈ ਉਸਦੇ ਮੁਕਾਬਲੇ ਤਾਂ ਇਹ ਇਕ ਹੋਰ ਨਿੱਕੀ ਜਿਹੀ ਬਿਪਤਾ ਹੈ।" ਉਹ ਕਹਿਣ ਲੱਗਾ : "ਮੈਂ ਸਾਧੂ ਹਾਂ ਪਰ ਮੈਨੂੰ ਕੋਈ ਨਹੀਂ ਪੂਜਦਾ, ਸਾਰੇ ਗ੍ਰਿਹਸਤੀ ਨੂੰ ਪੂਜਦੇ ਹਨ। ਹੁਣ ਜਾਓ ਅਤੇ ਉਸ ਗੁਰੂ ਜੀ ਨੂੰ ਕਹੋ, ਉਹ ਤਾਹੁਨੂੰ ਮੀਂਹ ਵਰ੍ਹਾ ਦੇਵੇ। ਜ਼ਿਮੀਂਦਾਰ ਕਹਿਣ ਲੱਗੇ : "ਗੁਰੂ ਜੀ ਤਾਂ ਨਹੀਂ ਕਹਿੰਦੇ ਕਿ ਸਾਡੀ ਕੋਈ ਮਾਨਤਾ ਕਰੋ। ਉਹ ਬਾਦਸ਼ਾਹ ਜਾਂ ਸ਼ਹਿਨਸ਼ਾਹ ਦੀ ਕੋਈ ਵੀ ਪ੍ਰਵਾਹ ਨਹੀਂ ਕਰਦੇ। ਨਾ ਹੀ ਉਨ੍ਹਾਂ ਨੂੰ ਖਾਣ ਪੀਣ ਦਾ ਕੋਈ ਫਿਕਰ ਹੈ। ਜੋ ਕੁਝ ਗੁਰੂ ਜੀ ਨੂੰ ਭੇਟ ਚੜ੍ਹਦੀ ਹੈ ਉਹ ਲੰਗਰ ਵਿਚ ਭੇਜ ਦਿੰਦੇ ਹਨ; ਜਿਥੋਂ ਗਰੀਬਾਂ, ਲੋੜਵੰਦਾਂ, ਮੁਸਾਫ਼ਰਾਂ ਅਤੇ ਪਰਦੇਸੀਆਂ ਨੂੰ ਰੋਟੀ ਮਿਲਦੀ ਹੈ। ਸਾਡੇ ਪਾਸ ਗੁਰੂ ਜੀ ਤੇ ਦਬਾ ਪਾਣ ਦਾ ਕੋਈ ਬਲ ਨਹੀਂ।"

ਤਪਾ ਕਹਿਣ ਲੱਗਾ : "ਜੇਕਰ ਤੁਸੀਂ ਗੁਰੂ ਨੂੰ ਸ਼ਹਿਰ ਵਿਚੋਂ ਕੱਢ ਦੇਵੋ ਤਾਂ ਮੈਂ ਤੁਹਾਡੇ ਲਈ ੨੪ ਘੰਟਿਆਂ ਤੋਂ ਪਹਿਲਾਂ ਪਹਿਲਾਂ ਮੀਂਹ ਪਵਾ ਦਿਆਂਗਾ। ਅਤੇ ਜੇ ਤੁਸੀਂ ਗੁਰੂ ਨੂੰ ਰਹਿਣ ਦਿੰਦੇ ਹੋ ਤਾਂ ਉਹ ਮੀਂਹ ਵਰ੍ਹਾਵੇ। ਇਹ ਸੁਣ ਕੇ ਭੋਲੇ ਭਾਲੇ ਜੱਟਾਂ ਦੀ ਮੱਤ ਮਾਰੀ ਗਈ, ਉਹ ਗੁਰੂ ਜੀ ਪਾਸ ਬੇਨਤੀ ਕਰਨ ਲੱਗੇ ਕਿ : "ਗੁਰੂ ਜੀ ਮੀਂਹ ਵਰਾਓ।" ਗੁਰੂ ਜੀ

ਆਖਣ ਲੱਗੇ : "ਵਾਹਿਗੁਰੂ ਦੇ ਭਾਣੇ ਵਿਚ ਸੰਤੁਸ਼ਟ ਰਹੋ। ਵਾਹਿਗੁਰੂ ਦੇ ਕੰਮਾਂ ਵਿਚ ਕੋਈ ਸਰੀਕ ਨਹੀਂ, ਅਤੇ ਕੋਈ ਉਸ ਕੋਲੋਂ ਜੋਰੀ ਕੰਮ ਨਹੀਂ ਕਰਵਾ ਸਕਦਾ।" ਤਾਂ ਜੱਟਾਂ ਨੇ ਗੁਰੂ ਜੀ ਨੂੰ ਤਪੇ ਦਾ ਸੁਨੇਹਾ ਦੇ ਦਿੱਤਾ। ਗੁਰੂ ਜੀ ਬੋਲੇ: "ਜੇਕਰ ਇਸ ਤਰ੍ਹਾਂ ਤੁਹਾਡਾ ਮਨੋਰਥ ਪੂਰਾ ਹੁੰਦਾ ਹੈ ਤਾਂ ਅਸੀਂ ਬੜੀ ਖੁਸ਼ੀ ਨਾਲ ਤੁਹਾਡੇ ਸ਼ਹਿਰ ਨੂੰ ਛੱਡ ਦੇਵਾਂਗੇ।" ਭਾਈ ਬੁੱਢਾ ਜੀ ਜੱਟਾਂ ਨੂੰ ਬੱਜੇ ਗੁੱਸੇ ਹੋਏ, ਪਰ ਗੁਰੂ ਜੀ ਨੇ ਭਾਈ ਬੁੱਢਾ ਜੀ ਨੂੰ ਰੋਕਿਆ ਅਤੇ ਕਿਹਾ : "ਸਾਡਾ ਧਰਮ ਅਪਰਾਧੀਆਂ ਨੂੰ ਬਖਸ਼ ਦੇਣਾ ਸਿਖਾਉਂਦਾ ਹੈ।" ਇਹ ਕਹਿਕੇ ਗੁਰੂ ਜੀ ਸ਼ਹਿਰ ਵੱਲ ਪਿਠ ਕਰਕੇ ਬਾਹਰ ਚਲੇ ਗਏ ਤੇ ਕੁਝਦੂਰ ਜਾ ਕੇ ਇਕ ਬ੍ਰਿਛ ਹੇਠਾਂ ਜਾ ਬੈਠੇ। ਜਿਹੜੇ ਕਿਰਸਾਨ ਆਲੇ-ਦੁਆਲੇ ਦੇ ਰਹਿਣ ਵਾਲੇ ਸਨ, ਉਨ੍ਹਾਂ ਨੂੰ ਵੀ ਤਾੜਨਾ ਕੀਤੀ ਗਈ ਕਿ ਗੁਰੂ ਜੀ ਨੂੰ ਕੋਈ ਨਾ ਬੁਲਾਵੇ। ਇਸ ਤਰ੍ਹਾਂ ਗੁਰੂ ਜੀ ਨੂੰ ਸਤ ਪਿੰਡ ਛਡਣੇ ਪਏ ਅਤੇ ਅੰਤ ਨੂੰ ਉਨ੍ਹਾਂ ਨੇ ਰਜ਼ਾਦ ਖਾਨ ਦੇ ਟਿੱਬੇ ਲਾਗੇ ਖਡੂਰ ਦੇ ਦੱਖਣ ਵੱਲ ਜੰਗਲ ਵਿਚ ਆ ਟਿਕਾਣਾ ਲਭਿਆ। ਇੱਥੇ ਆਸਪਾਸ ਦੇ ਰਹਿਣ ਵਾਲੇ ਲੋਕੀ, ਜਿਹੜੇ ਅਭਿਮਾਨੀ ਅਤੇ ਪਖੰਡੀ ਤਪੇ ਨੂੰ ਨਹੀਂ ਸਨ ਮੰਨਦੇ, ਗੁਰੂ ਜੀ ਦੇ ਦਰਸ਼ਨ ਕਰਨ ਆਏ।

ਜਦੋਂ ਦੂਸਰੇ ਦਿਨ ਸਵੇਰੇ ਅਮਰਦਾਸ ਜੀ ਖਡੂਰ ਪੁੱਜੇ ਤਾਂ ਉਨ੍ਹਾਂ ਗੁਰੂ ਜੀ ਦਾ ਘਰ ਸਖਣਾ ਵੇਖਿਆ। ਪਿੰਡ ਵਾਲਿਆਂ ਪਾਸੋਂ ਪੁਛਣ ਤੋਂ ਉਨ੍ਹਾਂ ਨੂੰ ਆਪਣੇ ਮਾਲਕ ਦੇ ਬਣਵਾਸ ਲੈਣ ਸੰਬੰਧੀ ਪਤਾ ਲੱਗਿਆ। ਅਮਰਦਾਸ ਜੀ ਉਨ੍ਹਾਂ ਲੋਕਾਂ ਨੂੰ ਕਹਿਣ ਲੱਗੇ: "ਤੁਸੀਂ ਮੂਰਖ ਹੋ, ਕੀ ਤੁਹਾਡੀ ਹੋਸ਼ ਟਿਕਾਣੇ ਨਹੀਂ ਰਹੀ ? ਕੀ ਦੀਵਾ ਕਦੀ ਸੂਰਜ ਦੇ ਸਮਾਨ ਹੋ ਸਕਦਾ ਹੈ ? " ਭਾਵ ਉਹ ਗੁਰੂ ਜੀ ਨੂੰ ਕਢਕੇ ਤਪੇ ਨੂੰ ਕਿਵੇਂ ਰੱਖ ਸਕਦੇ ਸੀ? ਇਸ ਸਮੇਂ ਅਮਰਦਾਸ ਜੀ ਨੇ ਹੇਠ ਲਿਖੇ ਸ਼ਲੋਕ ਉਚਾਰਣ ਕੀਤੇ—

ਸਤਿਗੁਰਿ ਮਿਲਿਐ ਭੁਖ ਗਈ ਭੇਖੀ ਭੁਖ ਨ ਜਾਇ॥
ਦੁਖਿ ਲਗੈ ਘਰਿ ਘਰਿ ਫਿਰੈ ਅਗੈ ਦੂਣੀ ਮਿਲੈ ਸਜਾਇ॥
ਅੰਦਿਰ ਸਹਜੁ ਨ ਆਇਓ ਸਹਜੇ ਹੀ ਲੈ ਖਾਇ॥
ਮਨ ਹਠਿ ਜਿਸ ਤੇ ਮੰਗਣਾ ਲੈਣਾ ਦੁਖੁ ਮਨਾਇ॥
ਇਸੁ ਭੇਖੈ ਥਾਵਹੁ ਗਿਰਹੁ ਭਲਾ ਜਿਥਹੁ ਕੋ ਵਰਸਾਇ॥
ਸਬਦ ਰਤੇ ਤਿਨ੍ਹਾ ਸੋਝੀ ਪਈ ਦੂਜੇ ਕਰਮਿ ਭੁਲਾਇ॥
ਪਇਐ ਕਿਰਤਿ ਕਮਾਵਣਾ ਕਹਣਾ ਕਛੂ ਨ ਜਾਇ॥
ਨਾਨਕ ਜੋ ਤਿਸੁ ਭਾਵਹਿ ਸੇ ਭਲੇ ਜਿਨ੍ਹ ਦੀ ਪਤਿ ਪਾਵਹਿ ਥਾਇ॥

(ਆ: ਗ੍ਰੰ: ਪੰ: ੫੯੧) (ਵਡਹੰਸ ਕੀ ਵਾਰ ਮ: ੩)

ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ॥
ਵਰਮੀ ਮਾਰੀ ਸਾਪੁ ਨ ਮਰੇ ਤਿਉ ਨਿਗੁਰੇ ਕਰਮ ਕਮਾਹਿ॥
ਸਤਿਗੁਰੁ ਦਾਤਾ ਸੇਵੀਐ ਸਬਦੁ ਵਸੈ ਮਨਿ ਆਇ॥
ਮਨੁ ਤਨੁ ਸੀਤਲੁ ਸਾਂਤਿ ਹੋਇ ਤ੍ਰਿਸਨਾ ਅਗਨਿ ਬੁਝਾਇ॥
ਸੁਖਾ ਸਿਰ ਸਦਾ ਸੁਖੁ ਹੋਇ ਜਾ ਵਿਚਹੁ ਆਪੁ ਗਵਾਇ॥

ਗੁਰਮੁਖਿ ਉਦਾਸੀ ਸੋ ਕਰੇ ਜਿ ਸਚਿ ਰਹੈ ਲਿਵਲਾਇ॥
ਚਿੰਤਾ ਮੂਲ ਨਾ ਹੋਵਈ ਹਰਿ ਨਾਮਿ ਰਜਾ ਆਘਾਇ॥
ਨਾਨਕ ਨਾਮ ਬਿਨਾ ਨਹ ਛੂਟੀਐ ਹਉਮੈ ਪਚਹਿ ਪਚਾਇ॥ (ਆਃ ਗ੍ਰੰਃ ਪੰਃ ੫੮੮)
(ਵਡਹੰਸ ਵਾਰ ਮਹਲਾ ੩)

ਤਾਂ ਸਾਰੇ ਲੋਕੀ ਤਪੇ ਦੇ ਆਲੇ-ਦੁਆਲੇ ਇਕੱਠੇ ਹੋਏ ਅਤੇ ਕਹਿਣ ਲੱਗੇ : "ਤੇਰੇ ਕਰਕੇ ਅਸੀਂ ਗੁਰੂ ਜੀ ਨਾਲ ਲੜੇ ਹਾਂ। ਜਦ ਉਹ ਇੱਥੇ ਸਨ, ਤਾਂ ਸਾਨੂੰ ਉਨ੍ਹਾਂ ਦੇ ਲੰਗਰ ਵਿਚੋਂ ਖਾਣ ਲਈ ਬਥੇਰੀਆਂ ਚੰਗੀਆਂ ਚੀਜ਼ਾਂ ਵੀ ਮਿਲਦੀਆਂ ਸਨ। ਅਸੀਂ ਹੁਣ ਉਨ੍ਹਾਂ ਨੂੰ ਕੱਢ ਦਿੱਤਾ ਹੈ ਅਤੇ ਫਿਰ ਵੀ ਕੋਈ ਮੀਂਹ ਨਹੀਂ ਵਸਦਾ।" ਤਪਾ ਬੋਲਿਆ : "ਧੀਰਜ ਕਰੋ, ਬਰਖਾ ਛੇਤੀ ਹੀ ਤੇਜ਼ਰੂਰ ਹੋਵੇਗੀ।" ਤਪੇ ਨੇ ਹਰ ਪ੍ਰਕਾਰ ਦੇ ਜਾਦੂ ਟੂਣੇ ਕੀਤੇ, ਪਰ ਸਫਲਤਾ ਨਾ ਹੋਈ। ਅਮਰਦਾਸ ਜੀ ਨੇ ਲੋਕਾਂ ਨੂੰ ਦਸਿਆ ਕਿ "ਵਾਹਿਗੁਰੂ ਤੋਂ ਬਿਨਾਂ ਕਿਸੇ ਵਿਚ ਮੀਂਹ ਵਸਾਉਣ ਦੀ ਸ਼ਖਤੀ ਨਹੀਂ ਅਤੇ ਅਜਿਹੇ ਮਹਾਂ ਪੁਰਸ਼ ਦੇ ਵਿਰੁਧ, ਜਿਸਨੇ ਕਦੀ ਕਿਸੇ ਮਨੁਖ ਨੂੰ ਦੁਖ ਨਹੀਂ ਦਿੱਤਾ, ਤੁਸੀਂ ਇਕ ਪਖੰਡੀ ਦੀ ਗੱਲ ਮੰਨ ਕੇ ਮੂਰਖਤਾ ਕੀਤੀ ਹੈ। ਜੇਕਰ ਤਪਾ ਮੀਂਹ ਵਸਾ ਸਕੇ ਤਾਂ ਉਹ ਘਰ-ਘਰ ਕਿਉਂ ਮੰਗਦਾ ਫਿਰੇ ?" ਇਹ ਸੁਣਕੇਲੋਕਾਂ ਨੂੰ ਤਪੇ ਦੇ ਪਖੰਡ ਬਾਰੇ ਯਕੀਨ ਹੋ ਗਿਆ ਅਤੇ ਉਹ ਗੁਰੂ ਜੀ ਨਾਲ ਕੀਤੇ ਭੈੜੇ ਵਰਤਾਉ ਉੱਤੇ ਬੜੇ ਪਛਾਤਉਣ ਲੱਗੇ। ਲੋਕਾਂ ਨੇ ਤਦ ਤਪੇ ਨੂੰ ਯੋਗ ਸਜ਼ਾ ਦਿੱਤੀ ਤਾਂਕਿ ਹੋਰ ਲੋਕ ਬੁਰੇ ਆਦਮੀ ਤਪੇ ਦੀ ਕਾਇਮ ਕੀਤੀਮਸਾਲ ਤੋਂ ਸਿੱਖਿਆ ਲੈਣ ਤੇ ਕੁਰਾਹੇ ਨਾ ਪੈਣ। ਇਸ ਪਿਛੋਂ ਉਹ ਇਕੱਠੇ ਹੋਕੇ ਗੁਰੂ ਜੀ ਪਾਸੋਂ ਆਪਣੀ ਗਲਤੀ ਕਾਰਨ ਮਾਫੀ ਮੰਗਣ ਲਈ ਹਾਜ਼ਰ ਹੋਏ।

ਜਦ ਗੁਰੂ ਅੰਗਦ ਦੇਵ ਜੀ ਨੇ ਤਪੇ ਦੀ ਸਜ਼ਾ ਬਾਰੇ ਸੁਣਿਆ ਤਾਂ ਉਨ੍ਹਾਂ ਨੂੰ ਬੜਾ ਅਫਸੋਸ ਹੋਇਆ। ਉਹ ਅਮਰ ਦਾਸ ਜੀ ਨੂੰ ਕਹਿਣ ਲੱਗੇ : "ਤੁਸੀਂ ਸਾਡੀ ਸੰਗਤ ਦੇ ਫਲ, ਜਿਹੜੇ "ਸ਼ਾਂਤ ਰਹਿਣਾ, ਜਰਨਾ ਅਤੇ ਖਿਮਾ ਕਰਨਾ" ਹਨ, ਪ੍ਰਾਪਤ ਨਹੀਂ ਕੀਤੇ। ਤੁਸੀਂ ਉਹ ਗੱਲਾਂ ਨਹੀਂ ਸਹਿ ਸਕਦੇ, ਜਿਹੜੀਆਂ ਸਹਿਣੀਆਂ ਕਠਨ ਹਨ। ਜੋ ਕੁਝਤੁਸੀਂ ਕੀਤਾ, ਤੁਸੀਂ ਲੋਕਾਂ ਦੀ ਭੀੜ ਨੂੰ ਖੁਸ਼ ਕਰਨ ਲਈ ਕੀਤਾ ਹੈ।" ਅਮਰਦਾਸ ਜੀ ਨੇ ਜਿਵੇਂ ਇਹ ਸੁਣਿਆ ਤਾਂ ਉਹ ਗੁਰੂ ਜੀ ਤੇ ਚਰਨਾਂ ਤੇ ਢਹਿ ਪਏ ਅਤੇ ਅਧੀਨਤਾ ਨਾਲ ਮਾਫੀ ਮੰਗੀ। ਉਨ੍ਹਾਂ ਨੇਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੈਂ ਅੱਗੇ ਲਈ ਅਜਿਹੇ ਉਪਦੇਸ਼ਾਂ ਉਤੇ ਜੋ ਆਪ ਕਿਰਪਾ ਕਰਕੇ ਕਰੋਗੇ ਪੂਰੀ ਤਰ੍ਹਾਂ ਚਲਾਂਗਾ। ਗੁਰੂ ਜੀ ਬੋਲੇ : "ਤੁਹਾਡੇ ਵਿਚ ਸਹਿਨਸ਼ੀਲਤਾ ਧਰਤੀ ਵਰਗੀ, ਦੁਖ ਸੁਖ ਵਿਚ ਅਡੋਲਤਾ ਪਰਬਤ ਵਰਗੀ, ਅਤੇ ਹਿਰਦੇ ਵਿਚ ਖਿਮਾਂ ਹੋਣੀ ਚਾਹੀਦੀ ਹੈ। ਹਰ ਇਕ ਦਾ ਉਸਦੇ ਕਰਮਾਂ ਵੱਲ ਖਿਆਲ ਕੀਤੇ ਬਿਨਾਂ ਭਲਾ ਕਰੋ। ਤੁਹਾਨੂੰ ਕੰਚਨ ਤੇ ਮਨੂਰ ਨੂੰ ਇਕ ਸਮਾਨ ਸਮਝਣਾ ਚਾਹੀਦਾ ਹੈ ਅਤੇ ਨਿਮ੍ਰਤਾ ਰਖੋ, ਕਿਉਂ ਜੋ ਨਿਰਮਾਣ ਨੂੰ ਹਮੇਸ਼ਾ ਮਾਣ ਮਿਲਦਾ ਹੈ। ਵੇਖੋ ਨਿੱਕੇ ਹੀਰੇ ਵੀ ਕਿੰਨੇ ਕੀਮਤੀ ਹੁੰਦੇ ਹਨ, ਮੋਤੀ ਛੋਟਾ ਹੁੰਦਾ ਹੈ ਪਰ ਉਸਦਾ ਮੁਲ ਵੇਖੋ। ਬੋਹੜ ਬ੍ਰਿਛ ਦੇ ਨਿੱਕੇ ਜਿਹੇ ਬੀਜ ਵੱਲ ਧਿਆਨ ਕਰੋ। ਉਹ ਕਿੱਡੇ ਵੱਡੇ ਸਾਰੇ ਆਕਾਰ ਵਾਲਾ ਹੋ ਜਾਂਦਾ ਹੈ ਅਤੇ ਬਣ ਵਿਚ ਦੂਰ-ਦੂਰ ਤੱਕ ਫੈਲ ਜਾਂਦਾ ਹੈ।"

ਜਦ ਗੁਰੂ ਜੀ ਖਡੂਰ ਵਾਪਸ ਆਏ ਤਾਂ ਆਪ ਭੈਰੋਂ ਪਿੰਡ ਕੋਲੋਂ ਦੀ ਲੰਘੇ। ਇੱਥੇ ਗੁਰੂ ਜੀ ਦਾ ਮਿਤਰ ਖੀਵਾ ਰਹਿੰਦਾ ਸੀ। ਜਦ ਖੀਵੇ ਨੇ ਗੁਰੂ ਜੀ ਦਾ ਆਉਣਾ ਸੁਣਿਆ ਤਾਂ ਉਹ ਆਪ ਨੂੰ ਮਿਲਣ ਗਿਆ ਅਤੇ ਬੇਨਤੀ ਕੀਤੀ ਕਿ ਮੇਰੇ ਘਰ ਚਰਨ ਪਾਕੇ ਉਸਨੂੰ ਪਵਿੱਤਰ ਕਰੋ। ਗੁਰੂ ਜੀ ਨੇ ਉਸਦੀ ਪ੍ਰਾਹੁਣਾਚਾਰੀ ਨੂੰ ਮੰਨਕੇ ਖੀਵੇ ਨੂੰ ਅਤਿਅੰਤ ਖੁਸ਼ ਕੀਤਾ। ਅਮਰਦਾਸ ਜੀ ਨੇ ਬਚਨ ਕੀਤਾ ਕਿ ਸਤਿਗੁਰੂ ਜੀ ਭਾਈ ਖੀਵੇ ਨੂੰ ਇਕ ਪੁੱਤਰ ਬਖਸ਼ੇ ਅਤੇ ਉਸਦਾ ਉਹ ਪੁੱਤਰ ਸੰਤ ਹੋਵੇ। ਇਹ ਸੁਣਕੇ ਸਾਰੇ ਹੈਰਾਨ ਹੋ ਗਏ ਕਿ ਅਮਰਦਾਸ ਵੀ ਗੁਰੂ ਜੀ ਦੇ ਜੀਵਨ ਸਮੇਂ ਵਿਚ ਹੀ ਔਲੀਆ ਅਤੇ ਸੰਤਾਨ ਬਖਸ਼ਣ ਵਾਲੇ ਹੋਣ ਦਾ ਦਾਵਾ ਕਰਨ ਲੱਗ ਪਏ ਹਨ। ਅਮਰਦਾਸ ਜੀ ਨੇ ਜਦ ਵਿਚਾਰ ਕੀਤਾ ਤਾਂ ਉਨ੍ਹਾਂ ਨੂੰ ਜਾਪਿਆ ਕਿ ਮੈਂ ਫਿਰ ਗੁਰੂ ਜੀ ਦੇ ਹੁਕਮ ਦੀ ਉਲੰਘਣਾ ਕੀਤੀ ਹੈ ਅਤੇ ਪਛਤਾਉਣ ਲੱਗੇ। ਤਾਂ ਗੁਰੂ ਜੀ ਅਮਰਦਾਸ ਜੀ ਨੂੰ ਇਉਂ ਧੀਰਜ ਦਿੱਤਾ : "ਤੁਹਾਡੇ ਵਿਚ ਮੇਰੀ ਜੋਤ ਹੈ। ਅੱਗੇ ਲਈ ਜੋ ਕੁਝ ਕਹੋ, ਸੋਚ ਸਮਝ ਕੇ ਕਹੋ।"

ਗੁਰੂ ਜੀ ਦੇ ਖਡੂਰ ਮੁੜ ਆਉਣ ਤੇ ਸੰਗਤਾਂ ਨੇ ਬੜੀਆਂ ਖੁਸ਼ੀਆਂ ਮਨਾਈਆਂ। ਸਭਨਾਂ ਨੂੰ ਇਸ ਗੱਲ ਦਾ ਨਿਸਚਾ ਹੋ ਗਿਆ ਕਿ ਤਪੇ ਨੂੰ ਸਜ਼ਾ ਮਿਲਣੀ ਗੁਰੂ ਜੀ ਦੇ ਪਰਮਾਤਮਾ ਵਲੋਂ ਭੇਜੇ ਹੋਣਾ ਸਿੱਧ ਕਰਨ ਵਾਸਤੇ ਅਲੌਕਿਕ ਘਟਨਾ ਹੋਈ ਹੈ। ਇਸ ਘਟਨਾ ਮਗਰੋਂ ਗੁਰੂ ਜੀ ਦਾ ਕੋਈ ਸ਼ਰੀਕ ਖਡੂਰ ਵਿਚ ਨਾ ਵੜਿਆ।

ਗੁਰੂ ਜੀ ਹੁਣ ਅਮਰਦਾਸ ਜੀ ਦਾ ਪ੍ਰੇਮ, ਗੁਣ ਅਤੇ ਸੁਧ ਆਚਾਰ ਦੀ ਸੁਭਾਵਕ ਕੁਲੀਨਤਾ ਵੇਖਕੇ ਆਪਣੇ ਸਿੱਖਾਂ ਨੂੰ ਕਹਿਣ ਲੱਗੇ : "ਅਮਰਦਾਸ ਜੀ ਬੇਅੰਤ ਲੋਕਾਂ ਨੂੰ ਤਾਰਣਗੇ। ਸੁਭਾਗੇ ਹਨ ਉਹ ਨੇਤਰ ਜੋ ਸਤਿਗੁਰੂ ਦੇ ਸੰਤ ਦੇ ਦਰਸ਼ਨ ਕਰਨਗੇ। ਪਵਿੱਤਰ ਹਨ ਉਹ ਹੱਥ ਜੋ ਉਸ ਦੀ ਸੇਵਾ ਕਰਨਗੇ। ਉਹ ਪੈਰ ਸੁਭਾਗੇ ਹਨ ਜੋ ਸੰਤਾਂ ਦੀ ਸੰਗਤ ਲਈ ਉਸ ਰਾਹ ਜਾਣਗੇ। ਉਹ ਕੰਨ ਸੁਭਾਗੇ ਹਨ ਜੋ ਵਾਹਿਗੁਰੂ ਦਾ ਜਸ ਸੁਣਨਗੇ। ਉਹ ਰਸਨਾਂ ਸੁਭਾਗੀ ਹੈ ਜੋ ਚੁਗਲੀ ਨਿੰਦਾ ਅਤੇ ਝੂਠ ਨਹੀਂ ਬੋਲਦੀ, ਸਦਾ ਸੱਚ ਬੋਲੋ ਅਤੇ ਗੁਰੂ ਜੀ ਦੀ ਬਾਣੀ ਗਾਵੋ।

ਗੁਰੂ ਜੀ ਦੇ ਪੁੱਤਰ ਦਾਸੂ ਅਤੇ ਦਾਤੂ ਵੀ ਉਨ੍ਹਾਂ ਪਾਸ ਰਹਿੰਦੇ ਸਨ ਪਰ ਗੁਰੂ ਜੀ, ਅਮਰਦਾਸ ਜੀ ਦੀ ਸੇਵਾ ਤੇ ਬਹੁਤ ਪ੍ਰਸੰਨ ਸਨ। ਗੁਰੂ ਜੀ ਹਰ ਛਿਮਾਹੀ ਆਪਣੇ ਸਿੱਖਾਂ ਨੂੰ ਸਰੋਪਾ ਵੰਡਿਆ ਕਰਦੇ ਸਨ। ਜਦ ਅਮਰਦਾਸ ਜੀ ਨੂੰ ਸਰੋਪਾ ਮਿਲਦਾ ਤਾਂ ਉਹ ਆਪਣੇ ਸਿਰ ਤੇ ਪਗੜੀ ਜਾਂ ਮੰਡਾਸਾ ਬੰਨ੍ਹ ਛੱਡਦੇ ਸਨ ਅਤੇ ਉਸਨੂੰ ਕਦੇ ਨਹੀਂ ਸੀ ਉਤਾਰਦੇ। ਜਦ ਹੋਰ ਸਰੋਪਾ ਮਿਲਦਾ ਤਾਂ ਉਸ ਨੂੰ ਪਿਛਲੇ ਮਿਲੇ ਹੋਏ ਦੇ ਉਤੇ ਲਪੇਟ ਦੇਂਦੇ। ਇਸ ਤਰ੍ਹਾਂ ਗੁਰੂ ਗੱਦੀ ਤੇ ਬਿਰਾਜਮਾਨ ਹੋਣ ਤੱਕ ਉਨ੍ਹਾਂ ਦੇ ਸੀਸ ਤੇ ਬਾਰਾਂ ਦਸਤਾਰੇ ਹੋ ਗਏ। ਅਮਰਦਾਸ ਜੀ ਨੂੰ ਐਨਾ ਭਾਰ ਚੁਕਿਆ ਹੋਇਆ ਵੇਖਕੇ ਲੋਕੀ ਕਹਿਣ ਲੱਗੇ : "ਇਹ ਸੱਤਰਿਆ ਬ੍ਹਤਰਿਆ ਗਿਆ ਹੈ।" ਪਰ ਅਸਲ ਵਿਚ ਅਮਰਦਾਸ ਜੀ ਦਾ ਨਿਸਚਾ ਅਤੇ ਪ੍ਰੇਮ ਦਿਨੋ ਦਿਨ ਵੱਧ ਰਹੇ ਸਨ। ਉਨ੍ਹਾਂ ਨੂੰ ਧਨ ਦੌਲਤ ਜਾਂ ਸ਼ਕਤੀ ਦੀ ਕੋਈ ਇੱਛਾ ਨਹੀਂ ਸੀ। ਉਹ ਹਮੇਸ਼ਾ ਗੁਰੂ ਜੀ ਦੀ ਸੇਵਾ ਅਤੇ ਅਨਾਥਾਂ ਨੂੰ ਪੁੰਨ ਦਾਨ ਕਰਨ ਵਿਚ ਲੀਨ ਰਹਿੰਦੇ ਸਨ।

ਅਮਰਦਾਸ ਜੀ ਦੀ ਨਿਰਮਾਣਤਾ

ਇਕ ਵਾਰਇਕ ਧਨੀ ਸਿੱਖ ਨੇ ਵਡਮੁੱਲੀ ਪੁਸ਼ਾਕ ਗੁਰੂ ਜੀ ਦੀ ਭੇਟਾ ਕੀਤੀ, ਗੁਰੂ ਜੀ ਦੇ ਪੈਰ ਦੇ ਫੋੜੇ ਵਿਚੋਂ ਇਹ ਲਹੂ ਦਾ ਤੁਬਕਾ ਉਸ ਪੁਸ਼ਾਕ ਤੇ ਡਿਗ ਪਿਆ। ਗੁਰੂ ਜੀ ਨੇ ਅਮਰਦਾਸ ਜੀ ਨੂੰ ਹੁਕਮ ਦਿੱਤਾ ਕਿ ਇਸ ਨੂੰ ਧੁਆ ਕੇ ਲਿਆਓ। ਜਦ ਧੋਬੀ ਨੇ ਵੇਖਿਆ ਤਾਂ ਓਹ ਕਹਿਣ ਲੱਗਾ, "ਇਹ ਦਾਗ ਨਹੀਂ ਲਥਣਾ, ਕਪੜਾ ਬੜਾ ਬਰੀਕਹੈ ਅਤੇ ਜੇ ਇਹ ਧੋਂਦਿਆਂ ਹੋਇਆਂ ਖਰਾਬ ਹੋ ਗਿਆ ਤਾਂ ਮੈਨੂੰ ਉਲਾਂਭਾ ਨਾ ਦੇਣਾ।" ਅਮਰਦਾਸ ਜੀ ਨੇ ਜਦ ਇਹ ਗੱਲ ਸੁਣੀ, ਤਾਂ ਉਨ੍ਹਾਂ ਪੁਸ਼ਾਕ ਤੋਂ ਲਹੂ ਨੂੰ ਮੂੰਹ ਨਾਲ ਚੂਸ ਲਿਆ। ਨਿਮਰਤਾ ਅਤੇ ਪ੍ਰੇਮ ਦਾ ਇਹ ਕੰਮ ਹਦੋਂ ਪਰ੍ਹੇ ਦਾ ਸੀ। ਦਾਗ ਉੱਤਰ ਗਿਆ। ਅਮਰਦਾਸ ਜੀ ਬਿਲਕੁਲ ਸਾਫ ਕਰਕੇ ਪੁਸ਼ਾਕ ਗੁਰੂ ਜੀ ਪਾਸ ਲੈ ਗਏ ਅਤੇ ਕਿਹਾ, "ਜਿਸ ਤਰ੍ਹਾਂ ਇਸ ਪੁਸ਼ਾਕਤੋਂ ਦਾਗ ਲੱਥ ਗਿਆ ਹੈ ਇਸੇ ਤਰ੍ਹਾਂ ਤੁਹਾਡੀ ਕਿਰਪਾ ਨਾਲ ਮੇਰੇ ਮਨ ਤੋਂ ਮਲੀਨਤਾ ਚਲੀ ਗਈ ਹੈ।"

ਗੁਰੂ ਅੰਗਦ ਦੇਵ ਜੀ ਦੇ ਪੈਰ ਦਾ ਫੋੜਾ ਕਦੀ-ਕਦੀ ਉਨ੍ਹਾਂ ਨੂੰ ਬਹੁਤ ਦੁਖੀ ਕਰਦਾ ਸੀ। ਇਕ ਰਾਤ ਜਦੋਂ ਉਸ ਵਿਚੋਂ ਪਾਕ ਨਿਕਲ ਰਹੀ ਸੀ, ਗੁਰੂ ਜੀ ਅਮਰਦਾਸ ਜੀ ਨੂੰ ਕਹਿਣ ਲੱਗੇ "ਦਰਦ ਕਰਕੇ ਸਾਡੇ ਪਾਸੋਂ ਸੁੱਤਾ ਨਹੀਂ ਜਾਂਦਾ", ਅਮਰਦਾਸ ਜੀ ਨੇ ਝੱਟ ਆਪਣਾ ਮੂੰਹ ਫੋੜੇ ਨਾਲ ਲਾਇਆ ਅਤੇ ਉਸਨੂੰ ਚੂਸ ਛਡਿਆ, ਗੁਰੂ ਜੀ ਨੂੰ ਤੁਰਤ ਆਰਾਮ ਹੋ ਗਿਆ ਅਤੇ ਇਸ ਤਰ੍ਹਾਂ ਰਾਤ ਨੂੰ ਚੰਗਾ ਆਰਮ ਕੀਤਾ। ਗੁਰੂ ਜੀ ਅਮਰਦਾਸ ਜੀ ਨੂੰ ਕਹਿਣ ਲੱਗੇ, "ਕੁਝ ਮੰਗੋ।" ਅਮਰਦਾਸ ਜੀ ਬੋਲੇ, "ਇਸ ਫੋੜੇ ਤੋਂ ਕਿਉਂ ਦੁਖ ਉਠਾਂਦੇ ਹੋ ? ਮੈਂ ਇਹ ਮੰਗਦਾ ਹਾਂ, ਕਿ ਆਪ ਆਪਣੀ ਅਲੌਕਿਕ ਸ਼ਕਤੀ ਨਾਲ ਇਸ ਨੂੰ ਰਾਜ਼ੀ ਕਰੋ !" ਗੁਰੂ ਜੀ ਨੇ ਆਸਾ ਦੀ ਵਾਰ ਦੇ ਬਾਰ੍ਹਵੇਂ ਸਲੋਕ ਦਵਾਰਾ ਇਸਦਾ ਉੱਤਰ ਦਿੱਤਾ ਅਤੇ ਨਾਲ ਹੀ ਕਿਹਾ ਦੁਖ ਵਿਚ ਵਾਹਿਗੁਰੂ ਚੇਤੇ ਰਹਿੰਦਾ ਹੈ ਅਤੇ ਮਨ ਨੀਵਾਂ ਰਹਿੰਦਾ ਹੈ। ਰਾਤ ਸਮੇਂ ਆਦਮੀ ਵਾਹਿਗੁਰੂ ਦੀ ਯਾਦ (ਭਗਤੀ) ਵਿਚ ਜਾਗਦਾ ਹੈ ਅਤੇ ਦੁਨੀਆਂ ਤੋਂ ਨਿਰਲੇਪ ਰਹਿੰਦਾ ਹੈ।

ਕਾਂਡ—22

ਸੇਵਾ ਤੋਂ ਮੇਵਾ

ਇਕ ਦਿਨ ਗੁਰੂ ਅੰਗਦ ਦੇਵ ਜੀ ਕਹਿਣ ਲੱਗੇ ਸਾਡਾ ਅੰਤ ਸਮਾਂ ਨੇੜੇ ਆਇਆ ਹੈ ਅਤੇ ਅਸੀਂ ਹੁਣ ਜ਼ਰੂਰ ਇਸ ਸੰਸਾਰ ਨੂੰ ਤਿਆਗ ਦੇਣਾ ਹੈ। ਜਦ ਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਸਾਨੂੰ ਉਪਦੇਸ਼ ਕਰਨ ਅਤੇ ਪਰਮ-ਅਨੰਦ ਦੇਣ ਲਈ ਆਪ ਨੂੰ ਸਾਡੇ ਪਾਸ ਹੋਰ ਜ਼ਿਆਦਾ ਸਮੇਂ ਲਈ ਰਹਿਣਾ ਚਾਹੀਦਾ ਹੈ ਤਾਂ ਗੁਰੂ ਜੀ ਨੇ ਕਿਹਾ, "ਸਤਿਗੁਰੂ ਦੇ ਸੰਤ ਬਦਲਾਂ ਸਮਾਨ ਹਨ। ਉਹ ਸੰਸਾਰ ਦੇ ਭਲੇ ਲਈ ਦੇਹ ਧਾਰਦੇ ਹਨ ਅਤੇ ਪ੍ਰਾਣੀਆਂ ਦਾ ਭਲਾ ਕਰਦੇ ਹਨ। ਇਹ ਸਰੀਰ ਜੋ ਕੇਵਲ ਅੰਨ ਦਾ ਭੰਡਾਰਾ ਜਮ੍ਹਾ ਕਰਨ ਦਾ ਕੋਠਾ ਹੈ, ਜ਼ਰੂਰ ਨਾਸ਼ ਹੋ ਜਾਏਗਾ ! ਜਿਸ ਤਰ੍ਹਾਂ ਇਕ ਧਨੀ ਆਦਮੀ ਆਪਣੇ ਪੁਰਾਣੇ ਕਪੜੇ ਲਾਹ ਸੁੱਟਦਾ ਹੈ ਅਤੇ ਨਵੇਂ ਪਾ ਲੈਂਦਾ ਹੈ, ਇਸੇ ਤਰ੍ਹਾਂ ਸਤਿਗੁਰੂ ਦੇ ਸੰਤ ਆਪਣੇ ਨਾਸ਼ਵੰਤ ਸਰੀਰ ਨੂੰ ਤਿਆਗ ਦਿੰਦੇ ਹਨ ਅਤੇ ਨਵਾਂ ਜਾਮਾ ਧਾਰ ਲੈਂਦੇ ਹਨ। ਆਦਮੀ ਆਪਣੇ ਘਰ ਨੰਗਾ ਰਹੇ ਜਾਂ ਕੱਜਿਆ ਹੋਇਆ, ਪੁਰਾਣੀ ਪੁਸ਼ਾਕ ਪਾਏ ਜਾਂ ਨਵੀਂ, ਇਹੋ ਹਾਲਤ ਸੰਤਾਂ ਦੀ ਹੈ, ਸੰਤ ਕਿਸੇ ਨਿਯਮ ਦੇ ਬੱਧੇ ਹੋਏ ਨਹੀਂ।" ਸਿੱਖਾਂ ਨੇ ਇਸ਼ ਉਪਦੇਸ਼ ਨੂੰ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਦੀ ਸਾਰੀ ਚਿੰਤਾ ਦੂਰ ਹੋ ਗਈ।

ਜਦੋਂ ਗੁਰੂ ਜੀ ਇਹ ਵਿਚਾਰ ਕਰ ਰਹੇ ਸਨ ਕਿ ਸਾਡੇ ਪੁੱਤਰ ਗੁਰ ਗੱਦੀ ਤੇ ਬੈਠਣ ਦੇ ਯੋਗ ਨਹੀਂ ਹਨ ਪਰ ਅਮਰਦਾਸ ਜੀ ਹਨ, ਤਾਂ ਇਕ ਘਟਨਾ ਵਾਪਰੀ ਜਿਸ ਨੇ ਗੁਰੂ ਜੀ ਨੂੰ ਆਪਣੇ ਕੀਤੇ ਫੈਸਲੇ ਤੇ ਪੂਰੀ ਤਰ੍ਹਾਂ ਦ੍ਰਿੜ੍ਹ ਕਰ ਦਿੱਤਾ। ਚੇਤ ਦੇ ਕ੍ਰਿਸ਼ਨ ਪੱਖ ਦੀ ਚੌਧਵੀਂ ਵਦੀ ਚੌਦਸ ਨੂੰ ਸਾਰੀ ਰਾਤ ਬਰਖਾ ਹੋਈ। ਠੰਢੀ ਪੌਣ ਵਗ ਰਹੀ ਸੀ, ਬਿਜਲੀ ਲਿਸ਼ਕਦੀ ਸੀ ਅਤੇ ਹਰ ਇਕ ਮਨੁੱਖ ਆਪਣੇ ਘਰ ਵਿਚ ਟਿਕੇ ਰਹਿਣ ਅਤੇ ਸੌਣ ਵਿਚ ਪ੍ਰਸੰਨ ਸੀ। ਇਕ ਪਹਿਰ ਰਾਤ ਰਹਿੰਦੇ ਗੁਰੂ ਜੀ ਨੇ ਅਵਾਜ਼ ਮਾਰੀ ਕਿ ਸਾਨੂੰ ਪਾਣੀ ਚਾਹੀਦਾ ਹੈ। ਉਨ੍ਹਾਂ ਫਿਰ ਅਵਾਜ਼ ਦਿੱਤੀ। ਪਰ ਕਿਸੇ ਨੇ ਉੱਤਰ ਨਾ ਦਿੱਤਾ। ਤੀਜੀ ਵਾਰ ਗੁਰੂ ਜੀ ਨੇ ਆਪਣੇ ਪੁੱਤਰਾਂ ਵਿਚੋਂ ਇਕ ਨੂੰ ਹਲੂਣ ਕੇ ਜਗਾਇਆ ਅਤੇ ਉਸ ਨੂੰ ਕਿਹਾ ਕਿ ਜਾਕੇ ਜਲ ਲੈ ਆ। ਜਦ ਪੁੱਤਰ ਨੇ ਆਪਣੇ ਪਿਤਾ ਦੀ ਆਗਿਆ ਵਲ ਕੋਈ ਧਿਆਨ ਨਾ ਕੀਤਾ ਤਾਂ ਅਮਰਦਾਸ ਜੀ ਤੁਰਤ ਬੋਲੇ : "ਮਹਾਰਾਜ, ਤੁਹਾਡਾ ਗੋਲਾ ਜਲ ਲੈ ਆਵੇਗਾ।" ਗੁਰੂ ਜੀ ਨੇ ਕਿਹਾ—"ਨਹੀਂ, ਅਮਰਦਾਸ ਜੀ ਹੁਣ ਇਸ ਸੇਵਾ ਲਈ ਬਹੁਤ ਬਿਰਧ ਹਨ। ਅਮਰਦਾਸ ਜੀ ਬੋਲੇ : ਮੈਂ ਗੁਰੂ ਜੀ ਦਾ ਹੁਕਮ ਸੁਣ ਕੇ ਜਵਾਨ ਹੋ ਗਿਆ ਹਾਂ।" ਉਹ ਝਟ ਆਪਣੇ ਸਿਰ ਉੱਤੇ ਗਾਗਰ ਰੱਖਕੇ ਦਰਿਆ ਵਲ ਤੁਰ ਪਏ। ਪ੍ਰੇਮ ਵਿਚ ਮਸਤ ਹੋਕੇ ਉਨ੍ਹਾਂ ਨੇ ਆਪਣੇ ਸਰੀਰ ਦਾ ਖਿਆਲ ਨਾ ਕੀਤਾ। ਬਿਆਸਾ ਦਰਿਆ

ਤੇ ਪੂੰਜ ਕੇ ਅਮਰਦਾਸ ਜੀ ਨੇ ਗਾਗਰ ਭਰੀ, ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕੀਤਾ ਅਤੇ ਜਿਨੀ ਛੇਤੀ ਉਨ੍ਹਾਂ ਤੋਂ ਹੋ ਸਕਿਆ ਗੁਰੂ ਜੀ ਵਲ ਤੁਰੇ। ਅਮਰਦਾਸ ਜੀ ਨੇ ਲੱਤਾਂ ਦੀ ਕੋਈ ਪਰਵਾਹ ਨ ਕੀਤੀ, ਤੁਰਦੇ ਜਾਂਦੇ ਘੁਪ ਹਨੇਰੇ ਵਿਚ, ਆਪਣਾ ਰਾਹ ਟੋਂਹਦੇ, ਸਿੱਧੇ ਗੁਰੂ ਜੀ ਦੇ ਘਰ ਵਲ ਗਏ।

ਨਿਥਾਵਿਆਂ ਦੇ ਥਾਂ ਤੇ ਨਿਮਾਣਿਆਂ ਦੇ ਮਾਣ

ਖਡੂਰ ਸ਼ਹਿਰ ਦੇ ਬਾਹਰਵਾਰ ਜੁਲਾਹਿਆਂ ਦੀ ਵਸਤੀ ਸੀ। ਜੁਲਾਹਿਆਂ ਦੀਆਂ ਖਡੀਆਂ ਪਾਣੀ ਨਾਲ ਭਰੀਆਂ ਹੋਈਆਂ ਸਨ। ਕਰੀਰ ਦੇ ਇਕ ਕਿੱਲੇ ਨਾਲ ਅਮਰਦਾਸ ਜੀ ਦੇ ਪੈਰ ਨੂੰ ਠੋਕਰ ਵੱਜੀ ਅਤੇ ਇਕ ਖਡੀ ਵਿਚ ਡਿੱਗ ਪਏ। ਭਾਵੇਂ ਅਮਰਦਾਸ ਜੀ ਡਿੱਗ ਪਏ, ਪਰ ਫਿਰ ਵੀ ਉਨ੍ਹਾਂ ਆਪਣੇ ਸੀਸ ਉਪਰ ਚੁਕਿਆ ਹੋਇਆ ਪਾਣੀ ਬਚਾ ਲਿਆ। ਖੜਾਕ ਅਤੇ ਰੌਲਾ ਸੁਣਕੇ ਕੁਝ ਜੁਲਾਹੇ ਜਾਗ ਪਏ, ਉਹ ਉਚੀ ਉਚੀ ਕਹਿਣ ਲੱਗੇ : "ਚੋਰ ਓਇ ਚੋਰ' ਅਤੇ ਆਪਣੇ ਆਦਮੀਆਂ ਨੂੰ ਆਖਣ ਲਗੇ 'ਖਬਰ ਦਾਰ ਹੋ ਜਾਓ।' ਜਦ ਬਾਹਿਰ ਆਏ ਤਾਂ ਉਨ੍ਹਾਂ ਸੁਣਿਆ ਕਿ ਕੋਈ ਜਪੁਜੀ ਸਾਹਿਬ ਦਾ ਪਾਠ ਕਰ ਰਿਹਾ ਹੈ। ਜੁਲਾਹਿਆਂ ਦੀਆਂ ਤੀਵੀਆਂ ਵਿਚੋਂ ਇਕ ਬੋਲੀ : "ਡਰੋ ਨਾ, ਇਹ ਚੋਰ ਨਹੀਂ, ਇਹ ਉਹ ਗਰੀਬ ਤੇ ਨਿਥਾਵਾਂ ਅਮਰੂ ਹੈ ਜਿਹਦੀ ਦਾਹੜੀ ਚਿੱਟੀ ਹੋ ਗਈ ਹੈ, ਜਿਹੜਾ ਕਮਲਾ ਹੋਇਆ ਹੋਇਆ ਹੈ ਅਤੇ ਆਪਣੇ ਧੁੱਤਾਂ ਧੀਆਂ, ਘਰ ਘਾਟ, ਵਣਜ ਵਿਹਾਰ ਨੂੰ ਛੱਡਕੇ ਉਹ ਨਿਕੰਮਾ ਹੋ ਗਿਆ ਹੈ ਅਤੇ ਦਰ-ਦਰ ਭੌਂਦਾ ਫਿਰਦਾ ਹੈ। ਹੋਰ ਲੋਕੀ ਰਾਤ ਨੂੰ ਸੌਂਦੇ ਹਨ ਪਰ ਇਹ ਤਦ ਵੀ ਆਰਾਮ ਨਹੀਂ ਕਰਦਾ, ਇਹ ਇਕੱਲਾ ਹੀ ਵੀਹ ਆਦਮੀਆਂ ਦਾ ਕੰਮ ਕਰਦਾ ਹੈ। ਇਹ ਸਦਾ ਹੀ ਦਰਿਆ ਤੋਂ ਪਾਣੀ ਅਤੇ ਜੰਗਲ ਤੋਂ ਲਕੜਾਂ ਢੋਂਦਾ ਰਹਿੰਦਾ ਹੈ। ਉਹ ਕਿਹਾ ਚੰਗਾ ਗੁਰੂ ਹੋਵੇਗਾ ਜਿਸਦੀ ਇਹ ਸੇਵਾ ਕਰਦਾ ਹੈ।"

ਅਮਰਦਾਸ ਜੀ ਆਪਣੀ ਨਿਰਾਦਰੀ ਦੀਆਂ ਗੱਲਾਂ ਤਾਂ ਸੁਣਕੇ ਸਹਿ ਸਕਦੇ ਸਨ ਪਰ ਗੁਰੂ ਸਾਹਿਬ ਜੀ ਦੀ ਨਿਰਾਦਰੀ ਨਹੀਂ ਸੀ ਸਹਿ ਸਕਦੇ। ਉਹ ਜੁਲਾਹੇ ਦੀ ਤੀਵੀਂ ਨੂੰ ਕਹਿਣ ਲੱਗੇ, "ਤੂੰ ਝੱਲੀ ਹੋ ਗਈ ਹੈਂ, ਤਾਂ ਹੀ ਗੁਰੂ ਜੀ ਦੀ ਨਿੰਦਾ ਕਰਦੀ ਹੈਂ।" ਇਹ ਕਹਿਕੇ ਅਮਰਦਾਸ ਜੀ ਆਪਣੀ ਪਾਣੀ ਦੀ ਗਾਗਰ ਗੁਰੂ ਜੀ ਪਾਸ ਲੈ ਗਏ। ਲਿਖਿਆ ਹੈ ਉਸ ਜੁਲਾਹੇ ਦੀ ਤੀਵੀਂ ਸਚੀ ਮੁਚੀਂ ਝੱਲੀ ਹੋ ਗਈ। ਜੁਲਾਹਿਆਂ ਹਕੀਮ ਸੱਦੇ, ਪਰ ਉਹ ਜੁਲਾਹੀ ਨੂੰ ਰਾਜ਼ੀ ਕਰਨ ਦੀ ਕੋਈ ਦਵਾਈ ਨਾ ਲੱਭ ਸਕੇ, ਛੇਤੀ ਹੀ ਇਸ ਗੱਲ ਦਾ ਪਤਾ ਲੱਗ ਗਿਆ ਕਿ ਜੁਲਾਹੀ ਨੇ ਆਪਣੇ ਕੁਬਚਨਾਂ ਨਾਲ ਗੁਰੂ ਜੀ ਨੂੰ ਨਰਾਜ਼ ਕੀਤਾ ਹੈ। ਇਸ ਲਈ ਜਦ ਹਕੀਮਾਂ ਦਾ ਕੋਈ ਚਾਰਾ ਨਾ ਚਲਿਆ ਤਾਂ ਜੁਲਾਹਿਆਂ ਨੇ ਜੁਲਾਹੀ ਨੂੰ ਗੁਰੂ ਜੀ ਪਾਸ ਬਖਸ਼ਾਉਣ ਲਈ ਲੈ ਜਾਣ ਦਾ ਫੈਸਲਾ ਕੀਤਾ।

ਜੁਲਾਹਿਆਂ ਨੇ ਗੁਰੂ ਜੀ ਨੂੰ ਆਣਕੇ ਜੋ ਕੁਝ ਉਥੇ ਹੋਇਆ ਸੀ, ਦਸਿਆ ਅਤੇ ਬੇਨਤੀ ਕੀਤੀ ਕਿ ਪਾਗਲ ਤੀਵੀਂ ਦੀ ਭੁਲ ਬਖਸ਼ ਦਿਉ। ਗੁਰੂ ਜੀ ਕਹਿਣ ਲੱਗੇ, "ਅਮਰਦਾਸ ਜੀ ਨੇ ਬੜੀ ਸੇਵਾ ਕੀਤੀ ਹੈ । ਉਨ੍ਹਾਂ ਦੀ ਘਾਲ ਥਾਂਇਂ ਪਈ ਹੈ। ਉਨ੍ਹਾਂ ਦੇ ਬਚਨ ਸੱਚ ਹੋ ਜਾਂਦੇ ਹਨ। ਦੌਲਤ, ਕਰਾਮਾਤਾਂ ਅਤੇ ਸੰਸਾਰਕ ਪਾਦਰਥ ਉਨ੍ਹਾਂ ਦੇ ਦਰਤੇ

ਖੜੇ ਹਨ। ਜਿਸ ਕਿੱਲੇ ਨਾਲ ਉਨ੍ਹਾਂ ਦੇ ਪੈਰ ਨੂੰ ਠੋਕੁਰ ਵੱਜੀ ਸੀ, ਜ਼ਰੂਰ ਹਰਿਆ ਹੋ ਜਾਏਗਾ ਅਤੇ ਜੁਲਾਹੇ ਦੀ ਤੀਵੀਂ ਰਾਜ਼ੀ ਹੋ ਜਾਏਗੀ। ਜਿਹੜਾ ਕੋਈ ਅਮਰਦਾਸ ਜੀ ਦੀ ਸੇਵਾ ਕਰੇਗਾ ਆਪਣੇ ਮਨ ਦੀ ਇੱਛਾ ਅਨੁਸਾਰ ਫਲ ਪਾਏਗਾ। ਤੁਸੀਂ ਉਨ੍ਹਾਂ ਨੂੰ ਨਿਥਾਵਾਂ ਅਰ ਗਰੀਬ ਕਹਿੰਦੇ ਹੋ, ਪਰ ਅਮਰਦਾਸ ਜੀ ਨਿਥਾਵਿਆਂ ਦੀ ਥਾਂ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਆਸਰਿਆਂ ਦੇ ਆਸਰੇ, ਨਿਓਟੀਆਂ ਦੀ ਓਟ, ਨਿਧਿਰਿਆਂ ਦੀ ਧਿਰ, ਗਈ ਬਹੋੜ ਬੰਦੀ ਛੋੜ ਹੋਣਗੇ।"

ਗੁਰੂ ਅਮਰਦਾਸ ਜੀ ਦਾ ਗੱਦੀ ਤੇ ਬਿਰਾਜਮਾਨ ਹੋਣਾ

ਇਸ ਪਿਛੋਂ ਗੁਰੂ ਜੀ ਨੇ ਪੰਜ ਪੈਸੇ ਅਤੇ ਇਕ ਨਾਰੀਅਲ ਮੰਗਵਾਇਆ, ਅਮਰਦਾਸ ਜੀ ਨੂੰ ਇਸ਼ਨਾਨ ਕਰਾ, ਨਵੇਂ ਬਸਤਰ ਪਵਾ, ਗੁਰ ਗੱਦੀ ਤੇ ਬਿਠਾਇਆ। ਗੁਰੂ ਜੀ ਨੇ ਪੰਜ ਪੈਸੇ ਅਤੇ ਨਾਰੀਅਲ ਉਨ੍ਹਾਂ ਅੱਗੇ ਰੱਖੇ ਅਤੇ ਭਾਈ ਬੁੱਢਾ ਜੀ ਨੇ ਗੁਰਿਆਈ ਦਾ ਤਿਲਕ ਉਨ੍ਹਾਂ ਦੇ ਮਸਤਕ ਤੇ ਲਾਇਆ। ਇਸ ਤਰ੍ਹਾਂ ਗੁਰੂ ਅਮਰਦਾਸ ਜੀ ਮਰਯਾਦਾ ਅਨੁਸਾਰ ਅਤੇ ਪਵਿੱਤਰ ਭਾਵ ਨਾਲ ਗੁਰੂ ਅੰਗਦ ਦੇਵ ਜੀ ਦੀ ਗੱਦੀ ਤੇ ਗੁਰੂ ਥਾਪੇ ਗਏ। ਸਾਰੇ ਸਿੱਖ ਉੱਚੇ ਜੈਕਾਰੇ ਗਜਾ ਕੇ ਉਨ੍ਹਾਂ ਦੇ ਚਰਨਾਂ ਦੇ ਢਹਿ ਪਏ। ਗੁਰੂ ਅੰਗਦ ਦੇਵ ਜੀ ਨੇ ਆਪਣੇ ਪੁੱਤਰਾਂ ਦਾਸੂ ਅਤੇ ਦਾਤੂ ਨੂੰ ਬੁਲਾਇਆ, ਅਤੇ ਉਨ੍ਹਾਂ ਨੂੰ ਕਿਹਾ ਕਿ ਗੁਰੂ ਪਦਵੀ ਨਿਮਰਤਾ, ਪ੍ਰੇਮ ਅਤੇ ਸੇਵਾ ਦਾ ਫਲ ਹੈ ਅਤੇ ਗੁਰੂ ਅਮਰਦਾਸ ਜੀ ਨੇ ਇਹ ਉੱਚੀ ਪਦਵੀ ਆਪਣੀ ਅਥੱਕ ਘਾਲ, ਕਈ ਗੁਣਾਂ ਅਤੇ ਸੰਤਤਾਈ ਦੇ ਬਦਲੇ ਪ੍ਰਾਪਤ ਕੀਤੀ ਹੈ। ਗੁਰੂ ਜੀ ਨੇ ਆਪਣੇ ਪੁੱਤਰਾਂ ਨੂੰ ਹੁਕਮ ਕੀਤਾ ਕਿ ਗੁਰੂ ਅਮਰਦਾਸ ਜੀ ਅੱਗੇ ਨਮਸਕਾਰ ਕਰੋ, ਪਰ ਉਹ ਅਜਿਹਾ ਕਰਨ ਤੋਂ ਬੜੇ ਝਿਜਕਦੇ ਸਨ ਕਿਉਂਕਿ ਉਹ ਸਦਾ ਗੁਰੂ ਅਮਰਦਾਸ ਜੀ ਨੂੰ ਆਪਣਾ ਸੇਵਕ ਸਮਝਦੇ ਰਹੇ ਸਨ। ਗੁਰੂ ਜੀ ਨੇ ਸ਼ਹਿਰ ਦੇ ਚੌਧਰੀਆਂ ਪਨੂ, ਲਾਲੂ ਅਤੇ ਆਪਣੇ ਸਾਰੇ ਸਿੱਖਾਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਕਿਹਾ "ਅਸੀਂ ਇਸ ਸੰਸਾਰ ਨੂੰ ਤਿਆਗ ਦੇਣ ਲੱਗੇ ਹਾਂ, ਅਸੀਂ ਗੁਰੂ ਨਾਨਕਦੇਵ ਜੀ ਦੀ ਗੱਦੀ ਤੇ ਆਪਣੀ ਥਾਂ ਗੁਰੂ ਅਮਰਦਾਸ ਜੀ ਨੂੰ ਯੋਗ ਸਮਝ ਕੇ ਥਾਪਦੇ ਹਾਂ। ਜਿਹੜਾ ਕੋਈ ਇਨ੍ਹਾਂ ਦੀ ਸੇਵਾ ਕਰੇਗਾ ਉਹ ਇਸ ਸੰਸਾਰ ਵਿਚ ਸੁਖ ਅਤੇ ਅੱਗੇ ਲਈ ਮੁਕਤੀ ਪ੍ਰਾਪਤ ਕਰੇਗਾ ਤੇ ਜਿਹੜਾ ਕੋਈ ਇਨ੍ਹਾਂ ਨਾਲ ਈਰਖਾ ਕਰੇਗਾ ਉਹਦੇ ਭਾਗਾਂ ਵਿਚ ਦੁੱਖ ਹੋਵੇਗਾ।"

ਗੁਰੂ ਅੰਗਦ ਦੇਵ ਜੀ ਦਾ ਜੋਤੀ ਜੋਤ ਸਮਾਉਣਾ

ਚੇਤ ਸੁਦੀ ਤੀਜ ਸੰਮਤ ੧੬੦੯ ਬਿ: ਮੁਤਾਬਕ ੧੫੫੨ ਈ: ਵਾਲੇ ਦਿਨ ਗੁਰੂ ਅੰਗਦ ਦੇਵ ਜੀ ਨੇ ਭਾਰੀ ਲੰਗਰ ਤਿਆਰ ਕਰਵਾ ਕੇ ਆਪਣੇ ਸਿੱਖਾਂ ਨੂੰ ਛਕਾਇਆ ਅਤੇ ਉਨ੍ਹਾਂ ਨੂੰ ਸਿੱਖ ਧਰਮ ਦੇ ਅਸੂਲ ਅਤੇ ਨਿਯਮ ਯਾਦ ਕਰਵਾਏ। ਦੂਜੇ ਦਿਨ ਗੁਰੂ ਜੀ ਅੰਮ੍ਰਿਤ ਵੇਲੇ ਉੱਠੇ, ਇਸ਼ਨਾਨ ਕੀਤਾ ਅਤੇ ਆਪਣੇ ਚਲਾਣੇ ਦੀ ਤਿਆਰੀ ਲਈ ਨਵੀਂ ਪੁਸ਼ਾਕ ਪਾਈ। ਉਨ੍ਹਾਂ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ, ਆਪਣੇ ਸਭ ਪਰਿਵਾਰ ਨੂੰ ਬੁਲਾਇਆ, ਉਨ੍ਹਾਂ ਨੂੰ ਧੀਰਜ ਜਿੱਤਾ ਅਤੇ ਵਾਹਿਗੁਰੂ ਦੀ ਰਜ਼ਾ ਮੰਨਣ ਲਈ ਆਖਿਆ।

ਗੁਰੂ ਜੀ ਨੇ ਗੁਰੂ ਅਮਰਦਾਸ ਜੀ ਨੂੰ ਹੁਕਮ ਦਿੱਤਾ ਕਿ ਤੁਸੀਂ ਗੋਇੰਦਵਾਲ ਰਹੋ ਅਤੇ ਉੱਥੇ ਉਪਦੇਸ਼ਾਂ ਨਾਲ ਲੋਕਾਂ ਨੂੰ ਤਾਰੋ। ਗੁਰੂ ਅੰਗਦ ਦੇਵ ਜੀ ਨੇ ਆਪਣਾ ਧਿਆਨ ਗੁਰੂ ਨਾਨਕ ਦੇਵ ਜੀ ਵਲ ਲਾਇਆ ਅਤੇ ਮੁਖ ਤੋਂ ਵਾਹਿਗੁਰੂ ਉਚਾਰਦੇ ਹੋਏ ਬਾਰਾਂ ਸਾਲ, ਛੇ ਮਹੀਨੇ, ਨੌਂ ਦਿਨ ਗੁਰਿਆਈ ਦਾ ਮਹਾਨ ਕਾਰਜ ਕਰਕੇ ਚੇਤ ਸੁਦੀ ਚੌਥ ਸੰਮਤ ੧੬੦੯ ਬਿ: ਨੂੰ ਸੰਸਾਰਤੋਂ ਚਲਾਣਾ ਕਰ ਗਏ।

ਗੁਰੂ ਅੰਗਦ ਦੇਵ ਜੀ ਦੇ ਪੁੱਤਰ ਅਤੇ ਸਿੱਖ ਬੜੇ ਸ਼ੋਕਵਾਨ ਹੋਏ, ਪਰ ਭਾਈ ਬੁੱਢਾ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਰੁਦਨ ਨਾ ਕਰੋ, ਵਹਿਗੁਰੂ ਦਾ ਨਾਮ ਜਪੋ। ਤਾਂ ਪੁੱਤਰ ਅਤੇ ਸਿੱਖ ਰਬਾਬ, ਢੋਲਕ, ਛੈਣਿਆਂ, ਅਤੇ ਤੁਰੀਆਂ ਨਾਲ ਗੁਰੂ ਜੀ ਦੇ ਸ਼ਬਦ ਗਾਉਣ ਲੱਗੇ। ਉਨ੍ਹਾਂ ਇਕ ਬੜਾ ਵੱਡਾ ਸੁੰਦਰ ਬਬਾਨ ਤਿਆਰ ਕੀਤਾ, ਜਿਸ ਵਿਚ ਗੁਰੂ ਜੀ ਦੀ ਦੇਹ ਨੂੰ ਸਜਾਇਆ, ਅਤੇ ਗੁਰੂ ਨਾਨਕ ਦੇਵ ਜੀ ਦਾ ਉਚਾਰਣ ਕੀਤਾ ਕੀਰਤਨ ਸੋਹਿਲਾ, ਵਡਹਸ ਰਾਗ ਦੀਆਂ ਅਲਾਹੁਣੀਆਂ ਅਤੇ ਮਾਰੂ ਦੇ ਸ਼ਬਦ ਪੜ੍ਹੇ। ਇਸਦੇ ਉਪਰੰਤ ਗੁਰੂ ਜੀ ਦੀ ਦੇਹ ਨੂੰ ਚੰਦਨ ਦੀ ਚਿਤਾ ਉੱਤੇ ਰਖਕੇ ਗੁਰੂ ਜੀ ਦੀ ਆਪਣੀ ਇੱਛਾ ਅਨੁਸਾਰ ਉਸ ਬ੍ਰਿਛ ਦੇ ਲਾਗੇ ਉਨ੍ਹਾਂ ਦਾ ਸੰਸਕਾਰ ਕੀਤਾ, ਜਿਹੜਾ ਕਰੀਰ ਦੇ ਕਿੱਲੇ ਤੋਂ ਹਰਿਆ ਹੋਕੇ ਵੱਡਾ ਹੋ ਗਿਆ ਸੀ, ਜਿਸ ਕਿੱਲੇ ਨਾਲ (ਗੁਰੂ) ਅਮਰਦਾਸ ਜੀ ਦੇ ਪੈਰ ਨੂੰ ਠੋਕਰ ਵੱਜੀ ਸੀ।

ਗੁਰੂ ਅਮਰਦਾਸ ਜੀ ਨੇ ਆਪਣੇ ਸਿੱਖਾਂ ਨੂੰ ਹੁਕਮ ਕੀਤਾ ਕਿ ਤੁਸੀਂ ਆਪਣੇ ਮਨਾਂ ਨੂੰ ਧੀਰਜ ਦਿਉ ਅਤੇ ਇਹ ਉਪਦੇਸ਼ ਦਿੱਤਾ : ਗੁਰੂ ਅੰਗਦ ਦੇਵ ਜੀ ਅਬਨਾਸ਼ੀ ਅਰ ਅਮਰ ਹਨ। ਇਹ ਸਰੀਰ ਦਾ ਨਿਯਮ ਹੈ ਕਿ ਉਹ ਆਉਂਦਾ ਜਾਂਦਾ ਹੈ, ਪਰ ਆਤਮਾ ਅਜੇਹੀ ਨਹੀਂ, ਉਹ ਸਦਾ ਉਹੀ ਤਤ ਹੈ। ਮਹਾਤਮਾ ਲੋਕ ਮਨੁੱਖੀ ਜੀਵਨ ਨੂੰ ਪੰਖੇਰੂਆਂ ਦੇ ਬ੍ਰਿਛ ਤੇ ਰੈਣ-ਬਸੇਰੇ ਸਮਾਨ ਜਾਂ ਮੁਸਾਫ਼ਰਾਂ ਦੇ ਥੋੜੇ ਚਿਰ ਲਈ ਬੇੜੀ ਦੇ ਪੂਰ ਵਾਂਙ ਚਲਾਇਮਾਨ ਸਮਝਦੇ ਹਨ। ਇਸ ਲਈ ਸੰਸਾਰਕ ਮੋਹ ਦਾ ਤਿਆਗ ਕਰੋ। ਕੋਈ ਬਾਲਕ ਭਾਵੇਂ ਆਪਣੇ ਪਰਛਾਵੇਂ ਨੂੰ ਭੂਤ ਸਮਝਕੇ ਪਿਆ ਕੰਬੇ, ਪਰ ਸਿਆਣਿਆਂ ਨੂੰ ਇਹੋ ਜਿਹਾ ਕੋਈ ਡਰ ਨਹੀਂ ਲੱਗਦਾ। ਇਸ ਲਈ ਜਿਸ ਆਦਮੀ ਦੇ ਪੱਲੇ ਬ੍ਰਹਮਗਿਆਨ ਹੈ ਉਸਨੂੰ ਹੋਰ ਚੁਰਾਸੀ ਦੇ ਭਰਮਣ ਦਾ ਕੋਈ ਡਰ ਨਹੀਂ।"

ਗੁਰੂ ਜੀ ਦੇ ਇਹ ਬਚਨ ਸੁਣ ਕੇ ਕਈ ਸਿਖਾਂ ਨੂੰ ਬ੍ਰਹਮ ਗਿਆਨ ਹੋ ਗਿਆ, ਅਤੇ ਇਸ ਸੰਸਾਰ ਭਉਜਲ ਤੋਂ ਪਾਰ ਹੋਕੇ ਵਾਹਿਗੁਰੂ ਪਾਸੋਂ ਪਰਮਅਨੰਦ ਪ੍ਰਾਪਤ ਕੀਤਾ।

ਗੁਰੂ ਅੰਗਦ ਦੇਵ ਜੀ ਦੇ ਜੀਵਨ ਦੀਆਂ ਵੱਡੀਆਂ ਗੱਲਾਂ ਗੁਰੂ ਦੀ ਸੇਵਾ ਅਰ ਉਨ੍ਹਾਂ ਨੂੰ ਪ੍ਰੇਮ ਕਰਨਾ ਅਤੇ ਵਾਹਿਗੁਰੂ ਨੂੰ ਧਿਆਉਣਾ ਸੀ। ਇਸ ਗੱਲ ਕਰਕੇ ਗੁਰੂ ਨਾਨਕ ਦੇਵ ਜੀ ਦੇ ਮਹਿਲ, ਪੁੱਤਰਾਂ ਤੇ ਸਾਕਾਂ ਅੰਗਾਂ ਦੀ ਵਿਰੋਧਤਾ ਦੇ ਹੋਣ ਕਰਕੇ ਵੀ ਉਨ੍ਹਾਂ ਨੇ ਗੁਰ-ਗੱਦੀ ਪ੍ਰਾਪਤ ਕਰ ਲਈ ਸੀ। ਇਹੋ ਕਾਰਨ ਸੀ ਕਿ ਭਾਵੇਂ ਗੁਰੂ ਅੰਗਦ ਦੇਵ ਜੀ ਦੇ ਰਿਸ਼ਤੇਦਾਰ ਨਹੀਂ ਸੀ ਚਾਹੁੰਦੇ ਕਿ ਗੁਰ-ਗੱਦੀ ਉਨ੍ਹਾਂ ਨੂੰ ਮਿਲੇ ਪਰ ਉਨ੍ਹਾਂ ਨੇ ਗੁਰਿਆਈ ਅਮਰਦਾਸ ਜੀ ਨੂੰ ਬਖਸ਼ੀ, ਕਿਉਂਕਿ ਕੇਵਲ ਅਮਰਦਾਸ ਜੀ ਹੀ ਇਸ ਉੱਚ ਪਦਵੀ ਲਈ ਸਭ ਤੋਂ ਵੱਧ ਯੋਗ ਸਿੱਧ ਹੋਏ ਸਨ।

ਤੀਸਰੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੀ ਜੀਵਨ ਕਥਾ

ਕਾਂਡ—23

ਸ੍ਰੀ ਗੁਰੂ ਅਮਰਦਾਸ ਜੀ ਦਾ ਪਹਿਲਾ ਜੀਵਨ ਅੱਗੇ ਦਿੱਤਾ ਜਾ ਚੁੱਕਾ ਹੈ। ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰ-ਗੱਦੀ ਸੌਂਪੀ ਗਈ ਤਾਂ ਮਹਾਰਾਜ ਆਪਣੇ ਘਰ ਦੇ ਨਵੇਕਲੇ ਚੁਬਾਰੇ ਤੇ ਜਾ ਬੈਠੇ, ਅਤੇ ਉੱਥੇ ਵਾਹਿਗੁਰੂ ਦੇ ਅਤੇ ਗੁਰੂ ਅੰਗਦ ਦੇਵ ਜੀ ਦੇ ਉਪਦੇਸ਼ਾਂ ਦੇ ਧਿਆਨ ਵਿਚ ਮਗਨ ਹੋ ਗਏ। ਗੁਰੂ ਜੀ ਦੇ ਸਿੱਖ ਉਨ੍ਹਾਂ ਦੇ ਦਰਸ਼ਨ ਕਰਨ ਗਏ। ਇਕ ਸਿਦਕੀ ਸਿੱਖ ਬਲੂ ਜੀ ਜੋ ਗੁਰੂ ਜੀ ਦੇ ਲੜ ਲੱਗਾ ਹੋਇਆ ਸੀ ਦੇ ਬੇਨਤੀ ਕਰਨ ਤੇ ਮਹਾਰਾਜ ਆਪਣੀ ਇਕਾਂਤ ਵਿਚੋਂ ਬਾਹਰ ਆਏ ਤੇ ਸਿੱਖਾਂ ਨੂੰ ਦਰਸ਼ਨ ਦਿੱਤਾ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈਕੇ ਸਤਿਗੁਰਾਂ ਨੂੰ ਆਪਣੇ ਵਿਵਹਾਰਕ ਕੰਮਾਂ ਕਾਰਾਂ ਵੱਲ ਵੀ ਧਿਆਨ ਦੇਣਾ ਪੈਂਦਾ ਸੀ ਅਤੇ ਆਪਣੇ ਤੇ ਸਿੱਖਾਂ ਦੇ ਨਿਰਬਾਹ ਲਈ ਪ੍ਰਬੰਧ ਕਰਨਾ ਪੈਂਦਾ ਸੀ। ਗੁਰੂ ਅਮਰਦਾਸ ਜੀ ਦੇ ਲੰਗਰ ਦਾ ਭੰਡਾਰਾ ਸਿੱਖ ਸੇਵਕਾਂ ਦੀ ਭੇਟਾ ਨਾਲ ਭਰਪੂਰ ਰਹਿੰਦਾ ਸੀ, ਸਾਰੇ ਲੋਕੀ ਜੋ ਗੁਰੂ ਜੀ ਦੇ ਦਰਸ਼ਨ ਕਰਨ ਆਉਂਦੇ ਸਨ, ਉਨ੍ਹਾਂ ਨੂੰ ਰੱਜ ਕੇ ਪ੍ਰਸ਼ਾਦ ਛਕਾਇਆ ਜਾਂਦਾ ਅਤੇ ਕੋਈ ਵੀ ਨਿਰਾਸ ਹੋਕੇ ਨਾ ਜਾਂਦਾ। ਜੋ ਕੁਝ ਗੁਰੂ ਜੀ ਪਾਸ ਰੋਜ਼ ਆਉਂਦਾ ਉਹ ਰੋਜ਼ ਖਰਚ ਕਰ ਦਿੱਤਾ ਜਾਂਦਾ ਅਤੇ ਦੂਜੇ ਦਿਨ ਲਈ ਕੋਈ ਚੀਜ਼ ਨਹੀਂ ਸੀ ਬਚਾਈ ਜਾਂਦੀ। ਗੁਰੂ ਜੀ ਆਪਣੇ ਪਹਿਨਣ ਲਈ ਕੇਵਲ ਇਕੋ ਪੁਸ਼ਾਕ ਰੱਖਦੇ ਸਨ, ਜਦ ਕੋਈ ਨਵੀਂ ਪੁਸ਼ਾਕ ਲੈ ਆਉਂਦਾ ਤਾਂ ਪੁਰਾਣੀ ਕਿਸੇ ਅਭਿਲਾਖੀ ਸਿੱਖ ਨੂੰ ਦੇ ਦਿੰਦੇ। ਗੁਰੂ ਅਮਰਦਾਸ ਜੀ ਦੀ ਉਦਾਰਤਾ ਵੇਖ ਕੇ ਰਬਾਬੀ ਸੱਤੇ ਨੇ ਹੇਠ ਲਿਖੀ ਟਿੱਕੇ ਦੀ ਵਾਰ ਦੀ ਛੇਵੀਂ ਪੌੜੀ ਰਚੀ—

ਰਾਗ ਰਾਮਕਲੀ ਕੀ ਵਾਰ

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ।
ਪਿਯੂ ਦਾਦੇ ਜੇਵੇਹਾ ਪੋਤਾ ਪਰਵਾਣੁ।
ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ।
ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ।
ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ।
ਘੋੜਾ ਕੀਤੋ ਸਹਜ ਦਾ ਜਤੁ ਕੀਓ। ਪਲਾਣੁ ਧਣਖੁਚੜਾਇਓ ਸਤ ਦਾ ਜਸ ਹੰਦਾ ਬਾਣੁ।
ਕਲਿ ਵਿਚਿ ਧੂ ਅੰਧਾਰਸਾ ਚੜਿਆ ਰੈ ਭਾਣੁ।

ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ।
ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ।
ਚਾਰੇ ਕੁੰਡਾ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ।
ਆਵਾ ਗਉਣ ਨਿਵਾਰਿਓ ਕਰਿ ਨਦਰਿ ਨੀਸਾਣੁ।
ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ।
ਝਖੜਿ ਵਾਉ ਨ ਡੋਲਦੀ ਪਰਬਤੁ ਮੇਰਾਣੁ।
ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ।
ਕਿਆ ਸਾਲਾਹੀ ਸਚੇ ਪਾਤਿਸ਼ਾਹ ਜੀਅ ਕੀ ਜਾਣੀ ਹੂ ਜਾਣੁ।
ਕਿਆ ਸਾਲਾਹੀ ਸਚੇ ਪਾਤਿਸ਼ਾਹ ਜਾਂ ਤੂ ਸੁਘੜੁ ਸੁਜਾਣੁ।
ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ।
ਨਾਨਕ ਹੰਦਾ ਛਤ੍ਰ ਸਿਰਿ ਉਮਤਿ ਹੈਰਾਣੁ।
ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ।
ਪਿਊ ਦਾਦੇ ਜੇਵੇਹਾ ਪੋਤ੍ਰਾ ਪਰਵਾਣੁ॥੩॥ *(ਆ: ਗ੍ਰੰ: ਪੰ: ੯੬੮)*

ਜਾਤ ਪਾਤ ਦਾ ਭਰਮ ਦੂਰ ਕਰਨ

ਹਿੰਦੂ ਪ੍ਰੇਮੀ ਅਤੇ ਜਗਿਆਸੂ (ਸੰਸੇ ਨਵਿਰਤ ਕਰਨ ਲਈ) ਭਾਰਤ ਦੇ ਹਰ ਪਾਸਿਓਂ ਆਉਂਦੇ ਸਨ। ਗੁਰੂ ਜੀ ਦਰਸ਼ਨ ਲਈ ਆਇਆਂ ਲਈ ਇਹ ਜ਼ਰੂਰ ਸੀ ਕਿ ਪਹਿਲਾਂ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦ ਛਕਣ, ਫਿਰ ਉਨ੍ਹਾਂ ਨੂੰ ਮਹਾਰਾਜ ਜੀ ਦੇ ਦਰਸ਼ਨ ਕਰਨ ਦੀ ਆਗਿਆ ਮਿਲਦੀ ਸੀ। ਨਿਰਸੰਦੇਹ ਇਸ ਨਿਯਮ ਦਾ ਇਹ ਮੰਤਵ ਸੀ ਕਿ ਮਹਾਰਾਜ ਜੀ ਦੇ ਹਿੰਦੂ ਦਰਸ਼ਨ-ਅਭਿਲਾਖੀ ਜ਼ਾਤ ਪਾਤ ਦੇ ਮਾਮਲੇ ਵਿਚ ਆਜ਼ਾਦ ਖਿਆਲੀਏ ਹੋਣਾ ਸਿਖ ਜਾਣ, ਅਤੇ ਖਾਣ ਪਕਾਉਣ ਅਤੇ ਅਡੋ ਅੱਡ ਖਾਣ ਦੀਆਂ ਕਰੜੀਆਂ ਰੀਤਾਂ ਰਸਮਾਂ ਦੀ ਕਰੜਾਈ ਨੂੰ ਢਿੱਲਾ ਕਰ ਦੇਣ। ਜਦ ਦਰਸ਼ਨ ਕਰਨ ਵਾਲਿਆਂ ਨੂੰ ਗੁਰੂ ਜੀ ਦੀ ਹਜ਼ੂਰੀ ਵਿਚ ਆਉਣ ਦੀ ਆਗਿਆ ਮਿਲ ਜਾਂਦੀ ਤਾਂ ਉਹ ਗੁਰੂ ਜੀ ਪਾਸ ਧਾਰਮਕ ਵਿਸ਼ਿਆਂ ਤੇ ਪ੍ਰਸ਼ਨ ਕਰਦੇ, ਅਤੇ ਗੁਰੂ ਜੀ ਉਨ੍ਹਾਂ ਦੇ ਸੰਸੇ ਨਵਿਰਤ ਕਰਦੇ। ਗੁਰੂ ਜੀ ਅਜਿਹੇ ਪਰਉਪਕਾਰ ਦੇ ਅਤੇ ਹੋਰ ਭਲੇ ਕੰਮਾਂ ਕਾਰਾਂ ਵਿਚ ਰੁੱਝੇ ਰਹਿੰਦੇ ਅਤੇ ਇਸ ਤਰ੍ਹਾਂ ਸੁਖ ਤੇ ਸ਼ਾਂਤੀ ਮਾਣਦੇ। ਗੁਰੂ ਮਹਾਰਾਜ ਜੀ ਇਸ ਤਰ੍ਹਾਂ ਸਮੇਂ ਦੀ ਕੋਈ ਪ੍ਰਵਾਹ ਨਾ ਕਰਦੇ ਭਾਵੇਂ ਕਿਤਨਾ ਸਮਾਂ ਲੱਗ ਜਾਏ।

ਕਹਿੰਦੇ ਹਨ ਕਿ ਭਾਵੇਂ ਗੁਰੂ ਜੀ ਦੇ ਲੰਗਰ ਵਿਚ ਅਤਿ ਸਵਾਦਲੇ ਪਦਾਰਥ ਵਰਤਾਏ ਜਾਂਦੇ ਸਨ, ਪਰ ਗੁਰੂ ਜੀ ਆਪ ਰੁੱਖਾ ਮਿਸਾ ਪ੍ਰਸ਼ਾਦਾ ਹੀ ਛੱਕਦੇ ਸਨ ਅਤੇ ਬੜੇ ਸੰਜਮ ਤੇ ਤਪੱਸਿਆ ਦਾ ਜੀਵਨ ਗੁਜ਼ਾਰਦੇ ਸਨ। ਉਹ ਕਦੀ-ਕਦੀ ਵੇਦ ਸ਼ਾਸਤ੍ਰ ਅਰ ਪੁਰਾਨ ਵੀ ਵੇਖਦੇ, ਪਰ ਉਨ੍ਹਾਂ ਤੋਂ ਗੁਰੂ ਜੀ ਨੂੰ ਆਤਮਕ ਸ਼ਾਂਤੀ ਪ੍ਰਾਪਤ ਨਾ ਹੁੰਦੀ। ਗੁਰੂ ਜੀ ਨੇ ਇਨ੍ਹਾਂ ਬਾਬਤ ਆਪਣਾ ਅੰਤਮ ਫ਼ੈਸਲਾ ਇਉਂ ਪ੍ਰਗਟ ਕੀਤਾ—

ਰਾਗ ਰਾਮਕਲੀ ਮਃ ੩ ਅਨੰਦੁ

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਮਾਰ ਨ ਜਾਣੀ।
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ।
ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ।
ਗੁਰ ਕਿਰਪਾ ਤੇ ਸੇ ਜੋ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਿਹ ਅੰਮ੍ਰਿਤ ਬਾਣੀ।
ਕਹੈ ਨਾਨਕ ਸੋ ਤਤੁ ਪਾਏ ਜਿਸਨੋ ਅਨਦਿਨ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ॥੨੭॥

(ਆਃ ਗ੍ਰੰਃ ਪੰਃ ੯੨੦)

ਸਿਖ ਇਤਿਹਾਸ ਦੇ ਇਸ ਜ਼ਮਾਨੇ ਵਿਚ ਜਦ ਸਿਖ ਆਪਸ ਵਿਚ ਮਿਲਦੇ ਤਾਂ ਇਕ ਦੂਜੇ ਨਾਲ ਪਿਆਰ ਕਰਦੇ ਅਤੇ ਇਕ ਦੂਜੇ ਨੂੰ ਵਾਹਿਗੁਰੂ ਦਾ ਨਾਮ ਲੈਕੇ ਨਮਸਕਾਰ ਕਰਦੇ। ਗੁਰੂ ਜੀ ਪਾਸੋਂ ਉਪਦੇਸ਼ ਲੈਣ ਆਉਂਦੇ ਸਾਰੇ ਜਗਿਆਸੂ ਇਕ ਪੰਗਤ ਵਿਚ ਬੈਠਦੇ ਅਤੇ ਇਕੱਠੇ ਪ੍ਰਸ਼ਾਦ ਛੱਕਦੇ। ਜਿਨ੍ਹਾਂ ਨੇ ਗੁਰੂ ਜੀ ਦੀ ਆਤਮ-ਸਿਖਿਆ ਪਹਿਲਾਂ ਧਾਰਨ ਨਹੀਂ ਸੀ ਕੀਤੀ ਹੋਈ ਉਹ ਵੀ ਗੁਰੂ ਜੀ ਪਾਸ ਖੁਲ੍ਹੇ ਦਿਲ ਆਉਂਦੇ ਅਤੇ ਉਨ੍ਹਾਂ ਦੇ ਲੰਗਰ ਵਿਚੋਂ ਪ੍ਰਸ਼ਾਦ ਛੱਕਦੇ ਸਨ।

ਭਾਈ ਸਵਾਣ ਮਲ ਦੀ ਸਾਖੀ

ਗੋਇੰਦਵਾਲ ਵਿਚ ਵਸੋਂ ਦਿਨੋਂ ਦਿਨ ਵੱਧਣ ਲੱਗੀ ਅਤੇ ਉਨ੍ਹਾਂ ਆਦਮੀਆਂ ਦੀ ਗਿਣਤੀ ਨਾਲ ਜਿਹੜੇ ਗੁਰੂ ਜੀ ਪਾਸ ਆਤਮਕ ਉਪਦੇਸ਼ ਲੈਣ ਆਉਂਦੇ ਸਨ, ਸ਼ਹਿਰ ਬਹੁਤ ਵੱਧ ਗਿਆ, ਇਸ ਕਰਕੇ ਮਕਾਨ ਬਣਾਉਣ ਲਈ ਲਕੜੀ ਦੀ ਕਮੀ ਦੀ ਔਕੜ ਆ ਗਈ ਅਤੇ ਇਸ ਸੰਬੰਧੀ ਸਿੱਖਾਂ ਨੇ ਗੁਰੂ ਜੀ ਪਾਸ ਅਰਜ਼ ਕੀਤੀ। ਗੁਰੂ ਜੀ ਨੇ ਆਪਣੇ ਭਤੀਜੇ ਸਾਵਣ ਮਲ ਨੂੰ ਹੁਕਮ ਦਿੱਤਾ ਕਿ ਉਹ ਕਾਂਗੜੇ ਦੇ ਜ਼ਿਲੇ ਵਿਚ ਹਰੀਪੁਰ ਜਾਵੇ ਅਤੇ ਉਥੋਂ ਚੀੜ੍ਹ ਤੇ ਦਿਆਰ ਦੇ ਦਰੱਖਤ ਵਢਾਕੇ ਉਨ੍ਹਾਂ ਦੇ ਟਲੇ ਬੇੜੇ ਬੰਧਵਾਕੇ ਦਰਿਆ ਬਿਆਸ ਥਾਣੀਂ ਵਹਾ ਦੇਵੇ।

ਸਾਵਣ ਮਲ ਹੁਕਮ ਮੰਨਕੇ ਹਰੀਪੁਰ ਨੂੰ ਤੁਰ ਪਿਆ, ਉਥੇ ਦੇ ਲੋਕਾਂ ਨੇ ਬੜੇ ਉਤਸ਼ਾਹ ਤੇ ਸਤਿਕਾਰ ਨਾਲ ਸਾਵਣ ਮਲ ਦਾ ਸੁਆਗਤ ਕੀਤਾ। ਸਾਵਣ ਮਲ ਦੇ ਸਿਰ ਉੱਤੇ ਛਤਰ ਤਾਣਿਆ ਗਿਆ, ਚਵਰ ਝੁਲਾਇਆ ਗਿਆ ਅਤੇ ਫੁੱਲਾਂ ਦੀ ਬਰਖਾ ਕੀਤੀ ਗਈ। ਲੋਕਾਂ ਨੇ ਸਾਵਣ ਮਲ ਦੇ ਪੈਰ ਧੋਕੇ ਚਰਨਾਮ੍ਰਿਤ ਪੀਤਾ। ਜਿਹੜੇ ਸਰੀਰਕ ਅਤੇ ਮਾਨਸਕ ਰੋਗੀ ਆਏ ਉਨ੍ਹਾਂ ਨੂੰ ਸਾਵਣ ਮਲ ਨੇ ਸੱਚੇ ਨਾਮ ਦਾ ਉਪਦੇਸ਼ ਦਿੱਤਾ। ਇਹੋ ਜਿਹੇ ਸਾਰੇ ਪੁਰਸ਼ਾਂ ਨੂੰ ਸਾਵਣ ਮਲ ਨੇ ਸ਼ਾਂਤੀ ਦਿੱਤੀ ਅਤੇ ਉਨ੍ਹਾਂ ਦੀ ਦੇਹ ਅਰੋਗ ਕੀਤੀ। ਉਹ ਗੁਰੂ ਜੀ ਦਾ ਜਸ ਗਾਉਣ ਲੱਗੇ। ਉਥੋਂ ਦੇ ਰਾਜੇ ਨੇ ਇਹੋ ਜਿਹੇ ਕਰਾਮਾਤੀ (ਸਾਵਣ ਮਲ) ਪੁਰਸ਼ ਪਾਸ ਬੇਨਤੀ ਕੀਤੀ ਕਿ ਮੈਨੂੰ ਕੋਈ ਸੇਵਾ ਕਰਨ ਦੀ ਆਗਿਆ ਬਖਸ਼ੋ। ਸਾਵਣ ਮਲ ਨੇ ਕੇਵਲ ਲਕੜੀ ਮੰਗੀ, ਜਿਸ ਲਈ ਗੁਰੂ ਜੀ ਨੇ ਉਸ ਨੂੰ ਭੇਜਿਆ ਸੀ। ਰਾਜੇ ਨੇ ਝੱਟ ਆਪਣੇ ਆਦਮੀ ਭੇਜੇ ਕਿ ਜਾਕੇ ਚੀੜ੍ਹ ਅਤੇ ਦਿਆਰ ਦੇ ਦਰੱਖਤ ਵੱਢੇ ਅਤੇ ਉਨ੍ਹਾਂ ਦੇ ਬੇੜੇ (ਟਲੇ) ਬੰਨ੍ਹਕੇ ਬਿਆਸਾਂ ਥਾਣੀਂ ਗੋਂਦਵਾਲ ਭੇਜੋ। ਰਾਜੇ ਦਾ ਹੁਕਮ ਝਟਪਟ ਮੰਨਿਆ

ਗਿਆ। ਜਦੋਂ ਲਕੜ ਗੁਰੂ ਜੀ ਪਾਸ ਪੁਜੀ ਤਾਂ ਮਹਾਰਾਜ ਨੇ ਸਭ ਜਾਤਾਂ ਦੇ ਲੋਕਾਂ ਨੂੰ ਉਹ ਵੰਡ ਦਿੱਤੀ ਤਾਂ ਲੋਕਾਂ ਨੇ ਆਪਣੇ ਲਈ ਸੁਖਦਾਇਕ ਰਹਿਣ ਦੀਆਂ ਥਾਵਾਂ ਬਣਾ ਲਈਆਂ ਅਤੇ ਬਿਆਸਾ ਦੇ ਕੰਢੇ ਤੇ ਗੋਇੰਦਵਾਲ ਇਕ ਬੜਾ ਮਨੋਹਰ ਤੇ ਸੁਹਣਾ ਸ਼ਹਿਰ ਬਣ ਗਿਆ।

ਹਰੀਪੁਰ ਦੇ ਰਾਜੇ ਦਾ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣਾ

ਜਦੋਂ ਹਰੀਪੁਰ ਤੋਂ ਭਾਈ ਸਾਵਣ ਮਲ ਦੇ ਤੁਰਨ ਦਾ ਸਮਾਂ ਆਇਆ ਤਾਂ ਉਸਨੇ ਰਾਜੇ ਪਾਸੋਂ ਵਿਦਾ ਹੋਣ ਦੀ ਆਗਿਆ ਮੰਗੀ। ਰਾਜਾ ਕਹਿਣ ਲੱਗਾ ਕਿ ਮੈਂ ਵੀ ਤੁਹਾਡੇ ਨਾਲ ਗੁਰੂ ਜੀ ਦੇ ਦਰਸ਼ਨ ਲਈ ਚਲਾਂਗਾ ਅਤੇ ਇਸ ਤਰ੍ਹਾਂ ਆਪਣੇ ਮਨੁੱਖੀ ਜੀਵਨ ਨੂੰ ਸਫਲਾ ਕਰਾਂਗਾ। ਰਾਜਾ ਆਪਣੇ ਸਾਥੀਆਂ ਸਮੇਤ ਹਾਥੀ, ਘੋੜੇ, ਗੱਡੀਆਂ ਅਤੇ ਪਾਲਕੀਆਂ ਲੈਕੇ ਵੱਡੀ ਸ਼ਾਹੀ ਸੱਜ ਧੱਜ ਨਾਲ ਗੋਇੰਦਵਾਲ ਨੂੰ ਤੁਰ ਪਿਆ। ਭਾਈ ਸਾਵਣ ਮਲ ਅੱਗੇ ਗੁਰੂ ਜੀ ਨੂੰ ਰਾਜੇ ਦੇ ਆਉਣ ਬਾਬਤ ਖਬਰ ਕਰਨ ਲਈ ਗਿਆ। ਗੁਰੂ ਜੀ ਨੇ ਕਿਹਾ, "ਰਾਜਾ ਬੜੀ ਖੁਸ਼ੀ ਨਾਲ ਸਾਡੇ ਕੋਲ ਆਵੇ ਪਰ ਪਹਿਲਾਂ ਸਾਡੇ ਲੰਗਰ ਵਿਚੋਂ ਪ੍ਰਸ਼ਾਦ ਛੱਕ ਲਵੇ।"

ਰਾਜੇ ਨੇ ਗੁਰੂ ਜੀ ਦੀ ਸ਼ਰਤ ਮੰਨ ਲਈ। ਗੁਰੂ ਜੀ ਇਕੱਲੇ ਹੀ ਆਪਣੇ ਘਰ ਦੇ ਚੁਬਾਰੇ ਵਿਚ ਇਕਾਂਤ ਜਗ੍ਹਾ ਪਹਿਲਾਂ ਰਾਜੇ ਨੂੰ ਮਿਲੇ, ਫਿਰ ਰਾਜੇ ਦਾ ਵੱਡਾ ਮੰਤ੍ਰੀ ਦਰਸ਼ਨਾਂ ਨੂੰ ਆਇਆ ਅਤੇ ਅੰਤ ਵਿਚ ਰਾਣੀਆਂ ਨੇ ਦਰਸ਼ਨ ਕੀਤੇ। ਉਹ ਸਾਰੇ ਹੀ ਗੁਰੂ ਜੀ ਦੇ ਦੀਦਾਰ ਕਰਕੇ ਪ੍ਰਸੰਨ ਹੋਏ। ਰਾਜੇ ਦੀ ਇਕ ਨਵੀਂ ਵਿਆਹੀ ਰਾਣੀ ਨੇ ਆਪਣਾ ਘੁੰਡ ਨਾ ਉਤਾਰਿਆ, ਗੁਰੂ ਜੀ ਨੇ ਸਹਿਜ ਸੁਭਾ ਆਖਿਆ।[1]

"ਹੇ ਕਮਲੀਏ, ਜੇਕਰ ਤੂੰ ਗੁਰੂ ਨੂੰ ਵੇਖਕੇ ਖੁਸ਼ ਨਹੀਂ ਹੁੰਦੀ ਤਾਂ ਤੂੰ ਇੱਥੇ ਕਿਉਂ ਆਈ ਹੈਂ ?" ਉਹ ਝੱਟ ਪਾਗਲ ਹੋ ਗਈ ਅਤੇ ਉਸ ਨੇ ਆਪਣੇ ਕੱਪੜੇ ਲਾਹ ਸੁੱਟੇ ਤੇ ਜੰਗਲ ਨੂੰ ਨੰਗੀ ਨੱਸ ਗਈ। ਉਸ ਨੂੰ ਰੋਕਣ ਦਾ ਯਤਨ ਕੀਤਾ ਗਿਆ ਪਰ ਉਹ ਨਿਕਲ ਗਈ ਅਤੇ ਕਿਸੇ ਨੂੰ ਫੜਾਈ ਨਾ ਦਿੱਤੀ।

ਰਾਜਾ ਕੁਝ ਦਿਨ ਗੁਰੂ ਜੀ ਪਾਸ ਰਿਹਾ। ਫਿਰ ਮਰਿਯਾਦਾ ਸਹਿਤ ਮਹਾਰਾਜ ਪਾਸੋਂ ਵਿਦਾ ਹੋਣ ਦੀ ਆਗਿਆ ਮੰਗੀ। ਗੁਰੂ ਜੀ ਨੇ ਰਾਜੇ ਨੂੰ ਕਿਹਾ ਕਿ ਭਾਈ ਸਾਵਣ ਮਲ ਨੂੰ ਆਪਦੇ ਨਾਲ ਭੇਜਿਆ ਜਾਵੇਗਾ, ਤਾਂ ਜੋ ਇਹ ਆਪ ਨੂੰ ਧਾਰਮਕ ਉਪਦੇਸ਼ ਦਿਆ ਕਰੇ ਤੇ ਆਪ ਨੇ ਵੀ ਇਸ ਦਾ ਖਿਆਲ ਰੱਖਣਾ। ਰਾਜਾ ਇਹ ਸੁਣਕੇ ਬਹੁਤ ਹੀ ਪ੍ਰਸੰਨ ਹੋਇਆ ਕਿ ਸਾਵਣ ਮਲ ਉਸਦੇ ਨਾਲ ਮੁੜ ਜਾਏਗਾ ਅਤੇ ਆਪਣੇ ਦੇਸ ਜਾਕੇ ਰਾਜੇ ਨੇ ਹੋਰ ਭੀ ਆਦਰ ਤੇ ਸਤਿਕਾਰ ਨਾਲ ਭਾਈ ਸਾਵਣ ਮਲ ਦੀ ਸੇਵਾ ਕੀਤੀ। ਇਸ ਪਿਛੋਂ ਸਾਵਣ ਮਲ ਕਦੀ ਕਦੀ ਪਹਾੜ ਤੋਂ ਆਕੇ ਗੁਰੂ ਜੀ ਦੇ ਦਰਸ਼ਨ ਕਰਦਾ ਅਤੇ ਮਹਾਰਾਜ ਦਾ ਉਪਦੇਸ਼ ਸੁਣਦਾ ਤਾਂ ਜੋ ਕਿਤੇ ਗੁਰੂ ਜੀ ਦੇ ਧਾਰਮਿਕ ਨਿਯਮਾਂ ਤੋਂ ਲਾ-ਪ੍ਰਵਾਹੀ ਕਰਕੇ ਲਾਂਭੇ ਨਾ ਹੋ ਜਾਵੇ।

1. ਪੂਰਵ ਦੇ ਪਰਦੇ ਦੇ ਰਵਾਜ ਦਾ ਸਿਖ ਗ੍ਰੰਥਾਂ ਵਿਚ ਥਾਂ-ਥਾਂ ਤੇ ਖੰਡਨ ਕੀਤਾ ਗਿਆ ਹੈ।

ਭਾਈ ਸਚਨ ਸਚ ਦੀ ਸਾਖੀ

ਇਕ ਭੋਲਾ ਭਾਲਾ ਸਿੱਖ ਜੋ ਆਪਣੇ ਉੱਤੇ ਕੇਵਲ ਭੂਰੀ ਲਪੇਟ ਕੇ ਰਖਦਾ ਸੀ ਉਹ ਹਰ ਕੰਮ ਕਰਨ ਵਾਲੇ ਟਹਿਲੀਏ ਵਾਂਗ ਗੁਰੂ ਜੀ ਦੇ ਲੜ ਲੱਗਾ ਹੋਇਆ ਸੀ। ਹਰ ਇਕ ਗੱਲ ਜੋ ਉਸ ਨੂੰ ਕਹੀ ਜਾਵੇ ਉਸ ਨੂੰ ਅਗੋਂ ਇਹ ਆਖਣ ਦਾ ਵਾਦੀ ਸੀ: 'ਸਚ, ਸਚ' ਇਸ ਲਈ ਲੋਕੀ ਉਸ ਨੂੰ ਸਚਨਸਚ ਆਖਿਆ ਕਰਨ, ਤੇ ਈਹੋ ਉਸ ਦੀ ਅੱਲ ਪੈ ਗਈ। ਇਕ ਦਿਨ ਜਦ ਸਚਨਸਚ ਨੇ ਜੰਗਲ ਵਿਚੋਂ ਬਾਲਣ ਲਈ ਲਕੜਾਂ ਇਕੱਠੀਆਂ ਕਰ ਲਈਆਂ ਅਤੇ ਆਪਣਾ ਭਾਰ ਲੈਕੇ ਮੁੜਨ ਵਾਲਾ ਹੀ ਸੀ ਕਿ ਉਹ ਪਾਗਲ ਰਾਣੀ ਸਚਨਚਸ ਦੇ ਸਾਮ੍ਹਣੇ ਆਕੇ ਖੜੀ ਹੋ ਗਈ। ਉਹ ਬਿਲਕੁਲ ਨੰਗ ਧੜੰਗੀ ਸੀ, ਉਸ ਦੇ ਵਾਲ ਖਿਲਰੇ ਹੋਏ ਸਨ। ਉਸ ਦੀ ਉੱਕੀ ਜਾਦੂਗਰਨੀ ਵਰਗੀ ਭਿਆਨਕ ਸ਼ਕਲ ਬਣੀ ਹੋਈ ਸੀ। ਉਸ ਨੇ ਸਚਨਸਚ ਨੂੰ ਫੜ ਲਿਆ ਤੇ ਨੌਂਹਦਰਾਂ ਮਾਰੀਆਂ, ਚੱਕ ਵੱਢੇ ਤੇ ਉਸ ਨਾਲ ਘੁਲਣ ਲੱਗ ਪਈ, ਅਤੇ ਸਚਨਸਚ ਦਾ ਬੁਰਾ ਹਾਲ ਕੀਤਾ। ਸਚਨਸਚ ਮਸਾਂ-ਮਸਾਂ ਉਸ ਤੋਂ ਆਪਣਾ ਆਪ ਛੁੜਾ ਕੇ ਲਹੂ ਲੁਹਾਨ ਹੋਇਆ ਘਰ ਵਲ ਤੁਰ ਪਿਆ। ਸਿੱਖਾਂ ਨੇ ਸਚਨਸਚ ਦਾ ਇਹ ਹਾਲ ਵੇਖਕੇ ਪੁਛਿਆ ਕਿ ਕੀ ਹੋਇਆ ਈ? ਉਹ ਕੇਵਲ ਇਹੋ ਉੱਤਰ ਦੇਵੇ 'ਮੈਂ ਬਥੇਰੀ ਗੁਰੂ ਜੀ ਦੀ ਟਹਿਲ ਕਰ ਲਈ ਹੈ, ਮੈਂ ਹੁਣ ਆਪਣੇ ਘਰ ਜਾਵਾਂਗਾ।' ਜਦ ਘੜੀ-ਘੜੀ ਉਸ ਪਾਸੋਂ ਇਸ ਦਾ ਕਾਰਣ ਪੁਛਿਆ ਗਿਆ ਤਾਂ ਅੰਤ ਵਿਚ ਉਸ ਜਾਦੂਗਰਨੀ ਦੇ ਜੰਗਲ ਵਿਚ ਮਿਲਣ ਵਾਲੀ ਆਪਣੀ ਸਾਰੀ ਵਿਥਿਆ ਉਸ ਨੇ ਸੁਣਾਈ। ਗੁਰੂ ਜੀ ਨੇ ਕਿਹਾ 'ਇਹ ਸਾਡੀ ਖੜਾਂਵ ਲੈ ਜਾਹ, ਜੇਕਰ ਜਾਦੂਗਰਨੀ ਤੇਰੇ ਪਾਸ ਆਵੇ, ਤਾਂ ਉਸ ਨੂੰ ਇਹ ਲਾ ਦੇ, ਉਸ ਦਾ ਦੁਖ ਨਵਿਰਤ ਹੋ ਜਾਏਗਾ।

ਸਚਨਸਚ ਨੇ ਗੁਰੂ ਜੀ ਦਾ ਹੁਕਮ ਮੰਨ ਲਿਆ, ਅਤੇ ਦੂਜੇ ਦਿਨ ਜਦ ਰਾਣੀ ਭੱਜ ਕੇ ਪਹਿਲਾਂ ਸਚਨਸਚ ਵੱਲ ਆਈ ਤਾਂ ਉਸ ਨੇ ਰਾਣੀ ਨੂੰ ਗੁਰੂ ਜੀ ਦੀ ਖੜਾਂਵ ਲਾਈ। ਰਾਣੀ ਨੂੰ ਝੱਟ ਪਟ ਸੋਝੀ ਆ ਗਈ, ਅਤੇ ਚੰਗੀ ਭਲੀ ਹੋ ਗਈ। ਤਦ ਉਸ ਨੂੰ ਪਹਿਲੀ ਵਾਰ ਪਤਾ ਲੱਗਾ ਕਿ ਮੈਂ ਨੰਗੀ ਹਾਂ ਅਤੇ ਸਚਨਸਚ ਦੇ ਵੇਖਣ ਤੋਂ ਲੱਜਿਆਵਾਨ ਹੋਕੇ ਭੱਜਣਾ ਚਾਹਿਆ।

ਸਚਨਸਚ ਨੇ ਝਟ ਆਪਣੀ ਕੰਬਲੀ ਫਾੜ ਕੇ ਅੱਧੀ ਉਸ ਨੂੰ ਦੇ ਦਿੱਤੀ। ਉਸ ਰਾਣੀ ਨੇ ਕੰਬਲੀ ਨੂੰ ਆਪਣੇ ਦਵਾਲੇ ਲਪੇਟ ਲਿਆ, ਅਤੇ ਇਸ ਤਰ੍ਹਾਂ ਆਪਣੇ ਆਪ ਨੂੰ ਢਕ ਕੇ ਗੁਰੂ ਜੀ ਪਾਸ ਗਈ ਅਤੇ ਉਨ੍ਹਾਂ ਦੇ ਚਰਨਾਂ ਤੇ ਢਹਿ ਪਈ। ਗੁਰੂ ਜੀ ਨੇ ਤੁਰਤ ਉਸ ਦੀ ਅਵਗਿਆ ਮੁਆਫ ਕਰ ਦਿੱਤੀ। ਭਾਈ ਸਚਨਸਚ ਦਾ ਦੇਹੁਰਾ ਸ਼ੇਖੂਪੁਰੇ ਦੇ ਲਾਗੇ ਹੈ।

ਕਾਂਡ—24

ਗੁਰੂ ਅਮਰਦਾਸ ਜੀ ਦੀ ਮਹਿਮਾ ਹੁੰਦੀ ਨ ਸਹਾਰ ਕੇ ਦਾਤੂ ਨੇ ਗੁਰੂ ਉਪਰ ਕ੍ਰੋਧ ਕਰਕੇ ਆਪ ਨੂੰ ਲਤ ਮਾਰਕੇ ਸਿੰਘਾਸਨ ਤੋਂ ਹੇਠਾਂ ਡੇਗਣਾ !

ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਪਿਛੋਂ ਉਨ੍ਹਾਂ ਦਾ ਪੁੱਤਰ ਦਾਤੂ ਖਡੂਰ ਵਿਚ ਗੁਰੂ ਗੱਦੀ ਬਣਾ ਕੇ ਬੈਠ ਗਿਆ ਅਤੇ ਉਸਨੇ ਇਹ ਹੁਕਮ=ਨਾਮਾ ਕੱਢਿਆ—

"ਅਮਰੂ (ਸਾਹਿਬ ਗੁਰੂ ਅਮਰਦਾਸ ਜੀ) ਬੁੱਢਾ ਹੈ।
ਉਹ ਮੇਰਾ ਟਹਿਲੂਆ ਹੈ, ਮੈਂ ਸਾਹਿਬਜ਼ਾਦਾ ਗੁਰੂ
ਦੀ ਅੰਸ਼ ਹਾਂ ਅਤੇ ਗੁਰੂ ਜੀ ਦੀ ਗੱਦੀ ਦਾ ਮੈਂ ਮਾਲਕ ਹਾਂ।"

ਪਰ ਫਿਰ ਵੀ ਸਿੱਖਾਂ ਨੇ ਇਹੋ ਫੈਸਲਾ ਕੀਤਾ ਕਿ ਕੇਵਲ ਉਨ੍ਹਾਂ ਨੂੰ ਹੀ ਸੱਚਾ ਗੁਰੂ ਸਮਝਣਾ ਚਾਹੀਦਾ ਹੈ ਜਿਨ੍ਹਾਂ ਨੂੰ ਸਤਿਗੁਰੂ ਅੰਗਦ ਦੇਵ ਜੀ ਨੇ ਗੁਰੂ ਥਾਪਿਆ ਹੈ। ਉਹ (ਸਿੱਖ) ਦਾਤੂ ਨੂੰ ਖਡੂਰ ਵਿਖੇ ਹੀ ਛੱਡ ਕੇ ਆਪ ਇਕੱਠੇ ਹੋਕੇ ਗੋਇੰਦਵਾਲ ਨੂੰ ਚਲੇ ਗਏ ਜਿੱਥੇ ਕਿ ਗੁਰੂ ਅਮਰਦਾਸ ਜੀ ਨਿਵਾਸ ਕਰਦੇ ਸਨ। ਗੁਰੂ ਅਮਰਦਾਸ ਜੀ ਦੇ ਸਿੱਖ ਗੁਰੂ ਜੀ ਪਾਸ ਆਕੇ ਜੁੜੇ। ਗੁਰੂ ਜੀ ਦੇ ਦਰ ਤੇ ਸਦਾ ਹੀ ਸਿਦਕੀ ਸਿੱਖਾਂ ਦਾ ਮੇਲਾ ਲੱਗਾ ਰਹਿੰਦਾ ਸੀ। ਦਾਤੂ ਦੇ ਗੁਪਤ ਦੂਤ ਉਸ ਨੂੰ ਠੀਕ-ਠੀਕ ਖਬਰਾਂ ਪੁਚਾਂਦੇ ਰਹਿੰਦੇ ਸਨ ਕਿ ਗੁਰੂ ਅਮਰਦਾਸ ਜੀ ਨੂੰ ਸਿੱਖ ਕਿਸ ਆਦਰ ਤੇ ਸਤਿਕਾਰ ਨਾਲ ਮੰਨਦੇ ਹਨ।

ਇਕ ਦਿਨ ਕੁਝ ਸਿੱਖ, ਜਿਨ੍ਹਾਂ ਨੂੰ ਗੁਰੂ ਅਮਰਦਾਸ ਜੀ ਦੇ ਨਿਵਾਸ-ਸਥਾਨ ਬਦਲ ਲੈਣ ਦਾ ਪਤਾ ਨਹੀਂ ਸੀ, ਖਡੂਰ ਆ ਗਏ। ਜਦੋਂ ਉਹ ਗੁਰੂ ਜੀ ਦੇ ਦਰਸ਼ਨ ਲਈ ਗੋਇੰਦਵਾਲ ਨੂੰ ਤੁਰ ਪਏ ਤਾਂ ਦਾਤੂ ਦਾ ਇਕ ਦਰਦੀ ਦਾਤੂ ਨੂੰ ਆਕੇ ਆਖਣ ਲੱਗਾ—"ਤੇਰਾ ਨੌਕਰ ਅਮਰਦਾਸ ਰਾਜ ਮਾਣਦਾ ਹੈ, ਤੂੰ ਇਹ ਸਹਿ ਕੇ ਕਿਵੇਂ ਜੀਊਂਦਾ ਏਂ ? ਤੂੰ ਮਾਲਕ ਹੋਣਾ ਚਾਹੀਦਾ ਸੀ, ਹੁਣ ਬਸ ਵੇਖੀ ਹੀ ਜਾ, ਤੇ ਆਪਣੇ ਚਾਕਰ ਦਾ ਚਾਕਰ ਬਣਿਆ ਰਹੁ ! ਅਣਗਿਣਤ ਸੰਗਤਾਂ ਚੜ੍ਹਾਵੇ ਅਤੇ ਭੇਟਾ ਲੈਕੇ ਤੇਰੇ ਸ਼ਰੀਕ ਦੇ ਦਰਸ਼ਨ ਲਈ ਜਾਂਦੀਆਂ ਹਨ। ਰਤਾ ਆਪ ਜਾ ਕੇ ਤਾਂ ਵੇਖ।" ਦਾਤੂ ਇਹੋ ਜਿਹੇ ਮੇਹਣੇ ਹੋਰ ਨਾ ਸਹਿ ਸਕਿਆ, ਦੂਜੇ ਦਿਨ ਅੰਮ੍ਰਿਤ ਵੇਲੇ ਹੀ ਗੋਇੰਦਵਾਲ ਵੱਲ ਤੁਰ ਪਿਆ ਤਾਂ ਜੋ ਉਹ ਆਪਣੀਆਂ ਅੱਖਾਂ ਨਾਲ ਜਾਕੇ ਵੇਖੇ ਕਿ ਉਥੋਂ ਦਾ ਕੀ ਹਾਲ ਹੈ। ਗੁਰੂ ਜੀ ਦੇ ਆਲੇ ਦਵਾਲੇ ਅਜੇਹੀ ਸ਼ਾਨਦਾਰ ਸਜ ਧੱਜ ਵੇਖ ਕੇ ਆਖਣ ਲੱਗਾ : "ਕੱਲ ਤਾਂ ਤੂੰ ਸਾਡੇ ਘਰ

ਪਾਣੀ ਢੋਣ ਵਾਲਾ ਸੈਂ ਅੱਜ ਤੂੰ ਗੁਰੂ ਬਣਿਆ ਬੈਠਾ ਏਂ।" ਇਹ ਆਖਦਿਆਂ ਦਾਤੂ ਨੇ ਗੁਰੂ ਜੀ ਨੂੰ ਲਤ ਮਾਰੀ ਅਤੇ ਉਨ੍ਹਾਂ ਨੂੰ ਸਿੰਘਾਸਨ ਤੋਂ ਡੇਗ ਦਿੱਤਾ। ਗੁਰੂ ਜੀ ਨੇ ਨਿਮਰਤਾ ਨਾਲ ਉੱਤਰ ਦਿੱਤਾ : "ਮਹਾਰਾਜ ਜੀ ਮੈਨੂੰ ਬਖਸ਼ ਲਉ ਤੁਹਾਡੇ ਪੈਰ ਨੂੰ ਸੱਟ ਵੱਜੀ ਹੋਣੀ ਹੈ।"

ਉਸ ਮਗਰੋਂ ਗੁਰੂ ਜੀ ਉਠ ਖੜੋਏ ਅਤੇ ਆਪਣੇ ਘਰ ਚੁਬਾਰੇ ਵਿਚ ਇਕਾਂਤ ਥਾਂ ਜਾ ਬੈਠੇ। ਸਿੱਖ ਵੀ, ਗੁਰੂ ਜੀ ਨਾਲ ਇਸ ਨਿਰਾਦਰ ਤੇ ਹੋਏ ਧੱਕੇ ਨੂੰ ਵੇਖਕੇ, ਗੁੱਸੇ ਹੋਏ ਤੇ ਉਥੋਂ ਚਲੇ ਗਏ। ਗੁਰੂ ਜੀ ਨੇ ਇਕਾਂਤ ਵਿਚ ਵਿਚਾਰਿਆ ਕਿ ਸਾਨੂੰ ਸਭ ਤੋਂ ਚੰਗੀ ਕੀ ਕਾਰਵਾਈ ਕਰਨੀ ਚਾਹੀਦੀ ਹੈ।

ਸ਼ਾਮ ਤੱਕ ਗੁਰੂ ਜੀ ਨੇ ਇਹ ਫੈਸਲਾ ਕੀਤਾ ਕਿ ਸਾਨੂੰ ਤਾਂ ਹੀ ਸੁਖ ਤੇ ਸ਼ਾਂਤੀ ਮਿਲੇਗੀ ਜੇਕਰ ਅਸੀਂ ਇਸ ਹਤਿਆਰੇ ਪਾਸੋਂ ਦੂਰ ਚਲੇ ਜਾਈਏ। ਇਸ ਲਈ ਗੁਰੂ ਜੀ ਗੋਇੰਦਵਾਲ ਛੱਡਕੇ ਆਪਣੇ ਅਸਲੀ ਪਿੰਡ ਬਾਸਰਕੇ ਨੂੰ ਤੁਰ ਪਏ।

ਦੂਜੇ ਦਿਨ ਤੜਕ-ਸਾਰ ਹੀ ਬਾਸਰਕੇ ਦਾ ਇਕ ਜੱਟ ਸ਼ਹਿਰ ਤੋਂ ਕੁਝ ਵਾਟ ਜੋ ਆਪਣੀ ਪੈਲੀ ਨੂੰ ਜਾ ਰਿਹਾ ਸੀ, ਗੁਰੂ ਜੀ ਨੂੰ ਰਾਹ ਵਿਚ ਮਿਲਿਆ। ਉਹ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਅਤੇ ਕਹਿਣ ਲੱਗਾ : "ਮੈਂ ਸੁਣਿਆ ਹੈ ਕਿ ਤੁਸੀਂ ਤਾਂ ਗੁਰੂ-ਗੱਦੀ ਪ੍ਰਾਪਤ ਕੀਤੀ ਹੈ, ਫਿਰ ਇਹ ਕੀ ਗੱਲ ਹੈ ਕਿ ਤੁਸੀਂ ਇਕੱਲੇ ਹੀ ਇੱਧਰ ਆਏ ਹੋ ? ਕੀ ਮੈਂ ਆਪਦੀ ਕੁਝ ਟਹਿਲ-ਸੇਵਾ ਕਰ ਸਕਦਾ ਹਾਂ ?" ਗੁਰੂ ਜੀ ਨੇ ਕਿਹਾ ਕਿ ਸਾਨੂੰ ਕੋਈ ਰਹਿਣ ਲਈ ਥਾਂ ਚਾਹੀਦੀ ਹੈ। ਉਸ ਜੱਟ ਨੇ ਤੁਰਤ ਹੀ ਗੁਰੂ ਜੀ ਨੂੰ ਇਕ ਕੋਠੜੀ ਤਿਆਰ ਕਰਵਾ ਦਿੱਤੀ। ਗੁਰੂ ਜੀ ਆਪ ਅੰਦਰ ਚਲੇ ਗਏ ਅਤੇ ਟਿਕਾਣਾ ਦੇਣ ਵਾਲੇ ਜੱਟ ਨੂੰ ਆਖਿਆ ਕਿ ਦਰਵਾਜ਼ਾ ਇੱਟਾਂ ਨਾਲ ਬੰਦ ਕਰ ਦੇਉ ਅਤੇ ਉਸ ਉੱਤੇ ਇਹ ਸ਼ਬਦ ਲਿਖ ਦਿਉ, "ਜਿਹੜਾ ਕੋਈ ਇਸ ਦਰਵਾਜ਼ੇ ਨੂੰ ਖੋਹਲੇਗਾ, ਨਾ ਉਹ ਮੇਰਾ ਸਿੱਖ, ਨਾ ਮੈਂ ਉਸਦਾ ਗੁਰੂ !" ਗੁਰੂ ਜੀ ਇਸ ਤਰ੍ਹਾਂ ਆਪ ਬੰਦ ਹੋਕੇ ਕਬੀਰ ਜੀ ਦੇ ਹੇਠ ਲਿਖੇ ਸਲੋਕ ਬਾਰੇ ਸੋਚਦਿਆਂ ਮਨ ਨੂੰ ਧੀਰ ਦੇਣ ਲੱਗੇ :—

ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ।
ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ ਸੋ ਰੰਕ। *(ਆ: ਗ੍ਰੰ: ਪੰ: ੧੩੭੩)*

ਹੁਣ ਦਾਤੂ ਗੋਇੰਦਵਾਲ ਵਿਚ ਗੁਰ-ਗੱਦੀ ਤੇ ਬੈਠਣ ਲਈ ਪੂਰਾ ਆਜ਼ਾਦ ਸੀ, ਅਤੇ ਉਹ ਆਪਣੀ ਇਸ ਨਵੀਂ ਪਦਵੀ ਕਾਰਨ ਬੜਾ ਫੁੱਲਣ ਲੱਗਾ, ਪਰ ਸਿੱਖ ਉਸਦੇ ਨੇੜੇ ਹੀ ਨਾ ਲੱਗਣ। ਗੋਇੰਦਵਾਲ ਵਿਚ ਆਏ ਹੋਏ ਸਾਰੇ ਯਾਤਰੂ ਦਾਤੂ ਦੁਆਰਾ ਕੀਤੀ ਗੁਰੂ ਜੀ ਦੀ ਨਿਰਾਦਰੀ ਬਾਰੇ ਸੁਣ ਕੇ ਚਲੇ ਗਏ। ਜਦ ਦਾਤੂ ਨੇ ਵੇਖਿਆ ਕਿ ਲੋਕੀ ਮੈਨੂੰ ਘ੍ਰਿਣਾ ਕਰਦੇ ਹਨ ਤਾਂ ਉਸਨੇ ਆਪਣੀ ਨਵੀਂ ਪ੍ਰਾਪਤ ਕੀਤੀ ਹੋਈ ਭੇਟਾ ਊਠ ਤੇ ਲੱਦੀ ਅਤੇ ਮੁੜ ਖਡੂਰ ਨੂੰ ਚਲਾ ਗਿਆ। ਰਸਤੇ ਵਿਚ ਉਸਨੂੰ ਲੁਟੇਰੇ ਆ ਮਿਲੇ, ਉਨ੍ਹਾਂ ਭਾਰ ਸਣੇ ਊਠ ਖੋਹ ਲਿਆ। ਲੁਟੇਰਿਆਂ ਵਿਚੋਂ ਇਕ ਨੇ ਦਾਤੂ ਦੀ ਲੱਤ ਤੇ ਸੱਟ ਮਾਰੀ, ਜਿਹੜੀ ਲੱਤ ਉਸਨੇ ਗੁਰੂ ਜੀ ਨੂੰ ਮਾਰੀ ਸੀ। ਉਸਦਾ ਪੈਰ ਸੁਜ ਕੇ ਢੋਲ ਜਿੱਡਾ ਹੋ ਗਿਆ, ਅਤੇ ਡਾਢੀ ਪੀੜਾ ਸ਼ੁਰੂ ਹੋ ਗਈ।

ਗੁਰੂ ਜੀ ਦੀ ਭਾਲ ਵਿਚ ਬਾਬਾ ਬੁੱਢਾ ਜੀ ਦੀ ਸਿਆਣਪ

ਗੁਰੂ ਜੀ ਤੋਂ ਵਿਛੜ ਕੇ ਸਿੱਖ ਬੜੇ ਦੁੱਖੀ ਤੇ ਵਿਆਕੁਲ ਹੋ ਗਏ। ਕਈ ਜੰਗਲ ਵਿਚ ਲੱਭਦੇ ਫਿਰਨ, ਕਈ ਬਿਆਸਾ ਦਰਿਆ ਦੇ ਕੰਢਿਆਂ ਤੇ ਢੂੰਡਦੇ ਫਿਰਨ ਪਰ ਉਨ੍ਹਾਂ ਨੂੰ ਗੁਰੂ ਜੀ ਦਾ ਕੋਈ ਥਹੁ-ਪਤਾ ਨਾ ਮਿਲਿਆ। ਫਿਰ ਫ਼ੈਸਲਾ ਹੋਇਆ ਕਿ ਸਿੱਖਾਂ ਦੇ ਮੁਖੀਏ ਭਾਈ ਬੁੱਢਾ ਜੀ ਨੂੰ ਪੁਛਿਆ ਜਾਵੇ। ਭਾਈ ਬੁੱਢਾ ਜੀ ਨੇ ਪਹਿਲਾਂ ਵੀ ਗੁਰੂ ਅੰਗਦ ਦੇਵ ਜੀ ਦੇ ਲੁਕਣ ਵਾਲੀ ਥਾਂ ਦੱਸੀ ਸੀ। ਇਸ ਲਈ ਸਿੱਖਾਂ ਨੂੰ ਆਸ ਸੀ ਕਿ ਭਾਈ ਬੁੱਢਾ ਜੀ ਪਹਿਲਾਂ ਵਾਂਗ ਗੁਰੂ ਅਮਰਦਾਸ ਜੀ ਦੇ ਲੱਭਣ ਵਿਚ ਸਫਲ ਹੋਣਗੇ। ਫਿਰ ਸਿੱਖਾਂ ਨੇ ਉਨ੍ਹਾਂ ਪਾਸ ਜਾਕੇ ਬੇਨਤੀ ਕੀਤੀ ਕਿ ਹੁਣ ਫਿਰ ਸਾਡੀ ਅਗਵਾਈ ਕਰੋ। ਉਨ੍ਹਾਂ ਦੀ ਇਸ ਬੇਨਤੀ ਨੇ ਭਾਈ ਬੁੱਢਾ ਜੀ ਨੂੰ ਦੁਚਿਤਾਈ ਵਿਚ ਪਾ ਦਿੱਤਾ। ਉਹ ਸੋਚਣ ਲੱਗੇ ਕਿ ਜੇ ਮੈਂ ਦੱਸ ਦਿੱਤਾ ਕਿ ਗੁਰੂ ਜੀ ਕਿੱਥੇ ਹਨ ਤਾਂ ਕਿਧਰੇ ਗੁਰੂ ਜੀ ਨਰਾਜ਼ ਨਾ ਹੋਣ ਅਤੇ ਜੇਕਰ ਮੈਂ ਨਾ ਦਸਿਆ ਤਾਂ ਸਿੱਖਾਂ ਦੀ ਵਿਆਕੁਲਤਾ ਸਹਾਰੀ ਨਹੀਂ ਜਾਵੇਗੀ। ਭਾਈ ਬੁੱਢਾ ਜੀ ਨੇ ਸੋਚ ਵਿਚਾਰ ਮਗਰੋਂ ਯੋਗ ਕਾਰਵਾਈ ਕਰਨ ਦਾ ਫ਼ੈਸਲਾ ਕੀਤਾ ਅਤੇ ਗੁਰੂ ਜੀ ਨੂੰ ਭਾਲਣ ਦੀ ਕੋਸ਼ਿਸ਼ ਕੀਤੀ। ਇਸ ਮਨੋਰਥ ਲਈ ਭਾਈ ਬੁੱਢਾ ਜੀ ਨੇ ਮਨ ਵਿਚ ਧਾਰ ਲਿਆ ਕਿ ਭਾਲਣ ਵਾਲੀ ਸੰਗਤ ਦੇ ਅੱਗੇ-ਅੱਗੇ ਗੁਰੂ ਜੀ ਦੀ ਘੋੜੀ ਛੱਡ ਦਿੱਤੀ ਜਾਵੇ ਅਤੇ ਉਹ ਸਾਰੇ ਘੋੜੀ ਦੇ ਮਗਰ-ਮਗਰ ਜਾਣ। ਗੁਰੂ ਜੀ ਦੇ ਖਾਲੀ ਪਏ ਸੰਘਾਸਨ ਨੂੰ ਨਮਸਕਾਰ ਕਰਕੇ ਅਤੇ ਆਪਣੀ ਭਾਲ ਦੀ ਸਫਲਤਾ ਲਈ ਅਰਦਾਸਾ ਸੋਧਕੇ ਉਨ੍ਹਾਂ ਨੇ ਘੋੜੀ ਖੁਲ੍ਹੀ ਛੱਡ ਦਿੱਤੀ ਅਤੇ ਥੋੜ੍ਹਾ ਫਾਸਲਾ ਰੱਖਕੇ ਚਿੰਤਾ ਭਰੀ ਇੱਛਾ ਸਹਿਤ ਉਸਦੇ ਮਗਰ ਮਗਰ ਤੁਰ ਪਏ।

ਘੋੜੀ ਸਿੱਧੀ ਬਾਸਰਕੇ ਗੁਰੂ ਜੀ ਦੇ ਨਿਵਾਸ ਵਾਲੀ ਥਾਂ ਵੱਲ ਤੁਰੀ ਚਲੀ ਗਈ ਅਤੇ ਉਨ੍ਹਾਂ ਦੇ ਦਰਵਾਜ਼ੇ ਅੱਗੇ ਜਾ ਖੜੋਤੀ। ਸਿੱਖਾਂ ਨੇ ਭਾਈ ਬੁੱਢਾ ਜੀ ਨੂੰ ਇਸ ਉਪਾਉ ਦੀ ਸਫਲਤਾ ਉੱਤੇ ਵਧਾਈ ਦਿੱਤੀ। ਹੁਣ ਔਕੜ ਇਹ ਆ ਬਣੀ ਕਿ ਉਹ ਗੁਰੂ ਜੀ ਤੱਕ ਕਿਸ ਤਰ੍ਹਾਂ ਪਹੁੰਚਣ। ਉਨ੍ਹਾਂ ਸਾਮ੍ਹਣੇ ਸਪਸ਼ਟ ਲਿਖਿਆ ਹੋਇਆ ਸੀ, "ਜਿਹੜਾ ਇਸ ਦਰਵਾਜ਼ੇ ਨੂੰ ਖੋਲ੍ਹੇਗਾ ਨਾ ਉਹ ਮੇਰਾ ਸਿੱਖ, ਨਾ ਮੈਂ ਉਸਦਾ ਗੁਰੂ।" ਪਰ ਹੋਰ ਰਾਹ ਬਣਾ ਲੈਣ ਦੀ ਕੋਈ ਮਨਾਹੀ ਨਹੀਂ ਸੀ। ਇਸ ਲਈ ਉਨ੍ਹਾਂ ਇਹ ਫ਼ੈਸਲਾ ਕੀਤਾ ਕਿ ਕੰਧ ਵਿਚ ਇਕ ਮਘੋਰਾ ਕਢ ਲਈਏ, ਉਨ੍ਹਾਂ ਨੇ ਇਵੇਂ ਹੀ ਕੀਤਾ, ਅਤੇ ਸਾਰੇ ਉਸ ਮਘੋਰੇ ਥਾਣੀਂ ਅੰਦਰ ਜਾ ਵੜੇ। ਗੁਰੂ ਜੀ ਨੇ ਰੌਲਾ-ਗੌਲ ਸੁਣ ਕੇ ਆਪਣੀ ਸਮਾਧੀ ਖੋਲ੍ਹ ਦਿੱਤੀ। ਉਨ੍ਹਾਂ ਅਚਣਚੇਤ ਅਤੇ ਅਣਪੁਛਿਆਂ ਦਰਸ਼ਨ ਕਰਨ ਆਏ ਸਜਣਾਂ ਪਾਸੋਂ ਪੁਛਿਆ ਕਿ ਤੁਸੀਂ ਮੇਰੇ ਹੁਕਮਾਂ ਦੀ ਉਲੰਘਣਾ ਕਰਕੇ ਕਿਉਂ ਦਰਵਾਜ਼ਾ ਖੋਲ੍ਹਿਆ ਹੈ ? ਜਦ ਉਨ੍ਹਾਂ ਨੇ ਆਪਣੀ ਗੱਲ ਦੱਸੀ ਤਾਂ ਗੁਰੂ ਜੀ ਨੇ ਉਨ੍ਹਾਂ ਦੇ ਕਥਨ ਨੂੰ ਠੀਕ ਮੰਨ ਲਿਆ। ਤਦੋਂ ਭਾਈ ਬੁੱਢਾ ਜੀ ਨੇ ਗੁਰੂ ਜੀ ਅੱਗੇ ਇਉਂ ਬੇਨਤੀ ਕੀਤੀ, "ਗੁਰੂ ਜੀ, ਗੁਰੂ ਅੰਗਦ ਦੇਵ ਜੀ ਨੇ ਸਾਨੂੰ ਤੁਹਾਡੇ ਲੜ ਲਾਇਆ ਹੈ, ਪਰ ਤੁਸੀਂ ਸਾਨੂੰ ਛੱਡ ਦਿੱਤਾ ਹੈ ਅਤੇ ਆਪ ਲੁੱਕ ਬੈਠੇ ਹੋ। ਦੱਸੋ ਅਸੀਂ ਆਤਮਕ ਸ਼ਾਂਤੀ ਕਿਸ ਤਰ੍ਹਾਂ ਪ੍ਰਾਪਤ ਕਰੀਏ ?" ਗੁਰੂ ਜੀ ਮੁਸਕਰਾ ਪਏ ਅਤੇ ਫਿਰ ਚੁਪ ਹੋ ਗਏ।

ਉਹੀ ਪਾੜ ਇੱਟਾਂ ਨਾਲ ਪੱਕਾ ਕੀਤਾ ਹੋਇਆ ਹੁਣ ਵੀ ਬਾਸਰਕੇ ਵਿਖਾਇਆ ਜਾਂਦਾ ਹੈ। ਇਸ ਵਾਰਤਾ ਦੀ ਯਾਦ ਵਿਚ ਇੱਥੇ ਭਾਦਰੋਂ ਦੀ ਪੂਰਨਮਾਸ਼ੀ ਵਾਲੇ ਦਿਨ ਹਰ ਸਾਲ ਮੇਲਾ ਲੱਗਦਾ ਹੈ। ਗੁਰੂ ਜੀ ਆਪਣੇ ਸਿੱਖਾਂ ਦੇ ਪ੍ਰੇਮ ਅਤੇ ਪਿਆਰ ਨੂੰ ਠੁਕਰਾ ਨਹੀਂ ਸਨ ਸਕਦੇ, ਇਸ ਲਈ ਉਹ ਆਪਣੀ ਘੋੜੀ ਉੱਤੇ ਸਵਾਰ ਹੋਕੇ ਮੁੜ ਸਿੱਖਾਂ ਨਾਲ ਗੋਇੰਦਵਾਲ ਆ ਗਏ। ਗੁਰੂ ਜੀ ਦੇ ਮੁੜ ਗੁਰਿਆਈ ਸੰਭਾਲਣ ਤੇ ਦੀਪਮਾਲਾ ਕੀਤੀ ਗਈ ਤੇ ਖੁਸ਼ੀਆਂ ਮਨਾਈਆਂ ਗਈਆਂ ਅਤੇ ਪ੍ਰੀਤੀ-ਭੋਜਨ ਕੀਤੇ ਗਏ। ਦਾਤੂ ਪੈਰ ਦੀ ਪੀੜਾ ਦੇ ਕਾਰਣ ਖਡੂਰ ਤੋਂ ਹਿਲ ਨਹੀਂ ਸੀ ਸਕਦਾ ਅਤੇ ਜੇ ਹੋਰ ਗੱਲ ਨਹੀਂ ਤਾਂ ਕੇਵਲ ਸ਼ਰਮ ਦੇ ਮਾਰਿਆਂ ਹੀ ਉਹ ਗੁਰੂ ਜੀ ਦੇ ਦਰਸ਼ਨਾਂ ਲਈ ਨਹੀਂ ਸੀ ਆਉਂਦਾ। ਜਦ ਗੁਰੂ ਜੀ ਦੇ ਪਵਿੱਤ੍ਰਤਾ ਅਤੇ ਸੰਤ ਸੁਭਾਵ ਵਾਲੇ ਜੀਵਨ ਦੀ ਮਹਿਮਾ ਵਧ ਗਈ ਤਾਂ ਲੋਕੀ ਦਿਨੋ ਦਿਨ ਵੱਧ ਤੋਂ ਵੱਧ ਮਹਾਰਾਜ ਜੀ ਦਾ ਸਤਿਕਾਰ ਤੇ ਪੂਜਾ ਕਰਨ ਲੱਗ ਪਏ।

ਭਾਈ ਪਾਰੋ ਜੀ ਦੀ ਸਾਖੀ

ਜਲੰਧਰ ਦੁਆਬੇ (ਭਾਵ ਸਤਲੁਜ ਬਿਆਸਾ ਦਰਿਆਵਾਂ ਦਾ ਵਿਚਲਾ ਦੇਸ) ਵਿਚ ਡੱਲਾ ਪਿੰਡ ਦੇ ਰਹਿਣ ਵਾਲੇ ਭਾਈ ਪਾਰੋ ਜੀ ਨੇ ਗੁਰੂ ਜੀ ਪਾਸੋਂ ਧਰਮ ਉਪਦੇਸ਼ ਅਤੇ ਮੁਕਤੀ ਪ੍ਰਾਪਤ ਕੀਤੀ। ਭਾਈ ਪਾਰੋ ਜੀ ਹਰ ਦੂਜੇ ਦਿਨ ਘੋੜੀ ਤੇ ਚੜ੍ਹਕੇ ਗੁਰੂ ਜੀ ਦੇ ਦਰਸ਼ਨ ਨੂੰ ਆਇਆ ਕਰਦਾ ਸੀ। ਇਕ ਦਿਨ ਇਕ ਨਵਾਬ ਦਾ ਪੁੱਤਰ ਭਾਈ ਪਾਰੋ ਜੀ ਨੂੰ ਵੇਖਕੇ ਉਸ ਦੇ ਪਿੱਛੇ ਤੁਰ ਪਿਆ। ਉਸ ਨੇ ਵੇਖਿਆ ਕਿ ਭਾਈ ਪਾਰੋ ਜੀ ਆਪਣੀ ਘੋੜੀ ਸਣੇ ਦਰਿਆ ਬਿਆਸਾ ਦੇ ਡੂੰਘੇ ਪਾਣੀ ਵਿਚੋਂ ਡੁਬਕੀ ਲਾਕੇ ਸਹੀ-ਸਲਾਮਤ ਦਰਿਆ ਦੇ ਪਾਰਲੇ ਕੰਢੇ ਤੇ ਪਹੁੰਚ ਗਏ ਹਨ। ਨਵਾਬ ਦੇ ਪੁੱਤਰ ਨੇ ਭਾਈ ਜੀ ਨੂੰ ਇਸ ਤੇ ਵਧਾਈ ਦਿੱਤੀ ਅਤੇ ਪੁੱਛਿਆ ਕਿ ਤੁਸੀਂ ਕਿਸ ਦੀ ਸੇਵਾ ਲਈ ਅਜਿਹਾ ਦੁੱਖ ਅਤੇ ਖਤਰਾ ਝੱਲਦੇ ਹੋ ? ਭਾਈ ਪਾਰੋ ਜੀ ਨੇ ਉਸ ਨੂੰ ਗੁਰੂ ਜੀ ਲਈ ਪਿਆਰ ਅਤੇ ਉਨ੍ਹਾਂ ਦੇ ਦਰਸ਼ਨਾਂ ਲਈ ਜਾਣ ਬਾਰੇ ਦੱਸਿਆ।

ਜਦੋਂ ਨਵਾਬ ਦੇ ਪੁੱਤਰ ਨੇ ਇਹ ਅਤੇ ਹੋਰ ਗੱਲਾਂ ਗੁਰੂ ਨਾਨਕ ਦੇਵ ਜੀ ਦੇ ਗੱਦੀ-ਨਸ਼ੀਨਾਂ ਬਾਰੇ ਸੁਣੀਆਂ ਤਾਂ ਉਹ ਗੁਰੂ ਜੀ ਦਾ ਸਿੱਖ ਬਣ ਗਿਆ, ਅਤੇ ਪਿਉ ਦਾਦੇ ਵਾਲੀ ਪਦਵੀ ਤਿਆਗ ਦਿੱਤੀ।

ਭਾਈ ਲਾਲੋ ਦੀ ਉਦਾਰਤਾ

ਡੱਲੇ ਪਿੰਡ ਦੇ ਇਕ ਸਰਾਫ਼ ਦਾ ਪੁੱਤਰ ਭਾਈ ਲਾਲੋ ਇਕ ਦਿਨ ਭਾਈ ਪਾਰੋ ਜੀ ਨਾਲ ਗੁਰੂ ਜੀ ਦੇ ਦਰਸ਼ਨਾਂ ਨੂੰ ਗਿਆ। ਭਾਈ ਲਾਲੋ ਜੀ ਨਿੱਕੇ ਹੁੰਦਿਆਂ ਤੋਂ ਹੀ ਧਾਰਮਕ ਵਿਚਾਰਾਂ ਵਾਲਾ ਸੀ।

ਜਦੋਂ ਉਹ ਜਵਾਨ ਹੋਇਆ ਤਾਂ ਉਸ ਦਾ ਪਿਤਾ ਮਰ ਗਿਆ, ਅਤੇ ਉਸ ਲਈ ਬਹੁਤ ਸਾਰੀ ਦੌਲਤ ਛੱਡ ਗਿਆ। ਭਾਈ ਲਾਲੋ ਜੀ ਨੇ ਆਪਣੀ ਮਿਹਨਤ ਨਾਲ ਇਸ ਦੌਲਤ ਨੂੰ ਹੋਰ ਵੀ ਵਧਾ ਲਿਆ ਤੇ ਜੋ ਕੋਈ ਦੁਖੀਆ ਪਾਸ ਆਇਆ ਉਸ ਨੂੰ ਸਹਾਇਤਾ ਦਿੱਤੀ। ਇਵੇਂ ਭਾਈ ਲਾਲੋ ਪੁੰਨ ਦਾਨ ਕਰਨ ਕਾਰਣ ਬਹੁਤ ਮਸ਼ਹੂਰ ਹੋ ਗਿਆ।

ਜਦੋਂ ਗੁਰੂ ਜੀ ਨੇ ਉਸ ਦਾ ਨਾਉਂ 'ਲਾਲੋ' ਸੁਣਿਆ ਤਾਂ ਬਚਨ ਕੀਤਾ "ਲਾਲੋ ਹਰਿ ਰੰਗ ਰੰਗਿਆ ਗਿਆ।" ਇਸ ਦਾ ਜਾਂ ਤੇ ਇਹ ਅਰਥ ਕਰਦੇ ਹਨ "ਲਾਲੋ ਨੂੰ ਵਾਹਿਗੁਰੂ ਦੇ ਪ੍ਰੇਮ ਦੀ ਰੰਗਣ ਚੜ੍ਹ ਗਈ" ਜਾਂ ਇਹ "ਲਾਲ ਹਰ ਰੰਗ ਦੀ ਭਾਹ ਮਾਰਦਾ ਹੈ।" ਭਾਈ ਲਾਲੋ ਜੀ ਉਪਦੇਸ਼ ਲੈਕੇ ਅਤੇ ਸਿੱਖੀ ਮਾਰਗ ਵਿਚ ਆਕੇ ਗੁਰੂ ਜੀ ਦਾ ਸੱਚਾ ਲਾਲ ਜਾਂ ਰਤਨ ਬਣ ਗਏ। ਭਾਈ ਲਾਲੋ ਹਰ ਸੰਗਰਾਂਦ ਵਾਲੇ ਦਿਨ ਗੁਰੂ ਜੀ ਦੇ ਦਰਸ਼ਨ ਕਰਨ ਆਉਂਦੇ। ਜਦ ਉਹ ਮੁੜ ਆਪਣੇ ਘਰ ਆਇਆ ਕਰਨ ਤਾਂ ਇਕ ਜਾਂ ਦੋ ਸਿੱਖ ਸਦਾ ਆਪਣੇ ਨਾਲ ਲੈ ਜਾਇਆ ਕਰਨ। ਇਨ੍ਹਾਂ ਸਿੱਖਾਂ ਨੂੰ ਆਪਣੇ ਘਰ ਰਖਕੇ ਅਗਲੀ ਸੰਗਰਾਂਦ ਦਰਸ਼ਨ ਕਰਨ ਆਉਣ ਸਮੇਂ ਛੱਡ ਜਾਇਆ ਕਰਨ। ਅਤੇ ਇਕ ਜਾਂ ਦੋ ਹੋਰ ਸਿੱਖ ਨਾਲ ਜਾਇਆ ਕਰਨ। ਇਸ ਤਰ੍ਹਾਂ ਉਤਸ਼ਾਹੀ ਸਿੱਖਾਂ ਦੀ ਅਦਲਾ ਬਦਲੀ ਕਰਨ ਨਾਲ ਉਹ ਆਪਣੇ ਪੱਕੇ ਸੱਤ ਧਰਮ ਨੂੰ ਅਤੇ ਗੁਰੂ ਜੀ ਨਾਲ ਸੰਬੰਧ ਨੂੰ ਕਾਇਮ ਰੱਖਦੇ।

ਇਕ ਵਾਰ ਜਦੋਂ ਭਾਈ ਲਾਲੋ ਜੀ ਦਰਸ਼ਨ ਕਰਨ ਆਏ ਤਾਂ ਗੁਰੂ ਜੀ ਨੇ ਉਹਨਾਂ ਦੇ ਇਨ੍ਹਾਂ ਵੱਡੇ ਪਰਉਪਕਾਰਾਂ ਕਰਕੇ ਸ਼ਲਾਘਾ ਕੀਤੀ। ਫਿਰ ਭਾਈ ਜੀ ਦੀ ਪਿੱਠ ਤੇ ਥਾਪੀ ਦੇਕੇ ਗੁਰੂ ਜੀ ਨੇ ਬਚਨ ਕੀਤਾ "ਭਾਈ ਲਾਲੋ, ਅਸੀਂ ਤੈਨੂੰ ਆਤਮਕ ਸ਼ਕਤੀ ਅਤੇ ਪਵਿਤ੍ਰਤਾ ਦੀ ਦਾਤ ਬਖਸ਼ੀ ਹੈ।"

ਇਸ ਤਰ੍ਹਾਂ ਗੁਰੂ ਜੀ ਦੀ ਪ੍ਰਸੰਨਤਾ ਪ੍ਰਾਪਤ ਕਰਕੇ ਭਾਈ ਲਾਲੋ ਆਖਰੀ ਸਮੇਂ ਘਰ ਆ ਗਿਆ ਅਤੇ ਉਥੇ ਉਸ ਨੇ ਨਿਮਰਤਾ ਅਤੇ ਦਾਨ ਨੂੰ ਪਹਿਲੇ ਵਾਂਗ ਹੀ ਜਾਰੀ ਰੱਖਿਆ, ਜਿਨ੍ਹਾਂ ਕਰਕੇ ਪਹਿਲਾਂ ਹੀ ਉਹ ਇੰਨਾਂ ਪ੍ਰਸਿੱਧ ਸੀ।

ਭਾਈ ਮਹੇਸ਼ੇ ਨੂੰ ਮੁਕਤੀ ਦਾਨ

ਸੁਲਤਾਨ ਪੁਰ ਦਾ ਮਹੇਸ਼ਾ ਨਾਮ ਦਾ ਇਕ ਖਤਰੀ ਵੀ ਗੁਰੂ ਜੀ ਦੀ ਸ਼ਰਨ ਆਇਆ ਅਤੇ ਉਨ੍ਹਾਂ ਦੇ ਚਰਨਾਂ ਵਿਚ ਬੈਠਣ ਦੀ ਆਗਿਆ ਮੰਗੀ। ਗੁਰੂ ਜੀ ਨੇ ਉਸ ਨੂੰ ਸਿੱਖ ਧਰਮ ਵਿਚ ਦਾਖ਼ਲ ਕੀਤਾ ਅਤੇ ਸਿੱਖੀ ਦੇ ਨਿਯਮ ਸਿਖਾਏ। ਕੁਝ ਚਿਰ ਮਗਰੋਂ ਉਸ ਦੀ ਸਾਰੀ ਦੌਲਤ ਜਾਂਦੀ ਰਹੀ ਪਰ ਗੁਰੂ ਜੀ ਤੋਂ ਉਸਦਾ ਨਿਸਚਾ ਨਾ ਡੋਲਿਆ। ਗੁਰੂ ਜੀ ਦੇ ਵਸੀਲੇ ਨਾਲ ਵਾਹਿਗੁਰੂ ਨੇ ਉਸ ਨੂੰ ਉਸ ਦੀ ਸਾਰੀ ਦੌਲਤ ਫਿਰ ਦੇ ਦਿੱਤੀ ਅਤੇ ਉਸਨੂੰ ਮੁਕਤੀ ਦੀ ਅਮੋਲਕ ਦਾਤ ਵੀ ਵਖਸ਼ੀ।

ਗੋਇੰਦਵਾਲ ਵਿਚ ਮੁਸਲਮਾਨਾਂ ਦਾ ਧੱਕਾ ਤੇ ਸਿੱਖਾਂ ਦਾ ਸਬਰ

ਗੁਰੂ ਜੀ ਖਿਮਾਂ ਅਤੇ ਸਹਿਨਸ਼ੀਲਤਾ ਦਾ ਪ੍ਰਚਾਰ ਕਰਦੇ ਸਨ; ਪਰ ਉਨ੍ਹਾਂ ਦੇ ਵੈਰੀ ਭਲਾਈ ਦੇ ਬਦਲੇ, ਜੋ ਗੁਰੂ ਜੀ ਉਨ੍ਹਾਂ ਨਾਲ ਕਰਨੀ ਚਾਹੁੰਦੇ ਸਨ, ਕੇਵਲ ਬੁਰਾਈ ਕਰਦੇ ਸਨ। ਗੁਰੂ ਜੀ ਲਈ ਉਨ੍ਹਾਂ ਦੀ ਨਿੰਦਿਆ ਮੀਂਹ ਦੀ ਬਰਖਾ ਸਮਾਨ ਸੀ, ਜੋ ਮਿੱਟੀ ਦੀ ਕੰਧ ਨੂੰ ਭਾਵੇਂ ਹੌਲੀ-ਹੌਲੀ ਕਰਕੇ ਡੇਗ ਦੇਵੇ ਪਰ ਪਰਬਤ ਦੇ ਪਾਸਿਆਂ ਨੂੰ ਕੇਵਲ ਸਾਫ ਹੀ ਕਰੇਗੀ।

ਜਦ ਗੋਇੰਦਵਾਲ ਚੰਗਾ ਪ੍ਰਸਿੱਧ ਸ਼ਹਿਰ ਹੋ ਗਿਆ ਤਾਂ ਕੁਝ ਮੁਸਲਮਾਨ ਪਤਵੰਤੇ ਵੀ ਉਥੇ ਆ ਵਸੇ। ਹਕੂਮਤ ਅਤੇ ਧੰਨ ਦੌਲਤ ਦੇ ਅਹੰਕਾਰ ਨਾਲ ਅੰਨ੍ਹੇ ਹੋਏ ਉਹ ਹਰ ਕਿਸੇ ਨੂੰ

ਨੀਵਾਂ ਸਮਝਣ ਲੱਗੇ। ਉਹ ਗੁਰੂ ਜੀ ਦੇ ਜੱਸ ਨੂੰ ਸਹਾਰ ਨਾ ਸਕੇ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਤੰਗ ਕਰਨ ਲੱਗੇ। ਪਰ ਗੁਰੂ ਜੀ ਬਦਲਾ ਲੈਣ ਦੀ ਇੱਛਾ ਤਾਂ ਕਿਤੇ ਦੂਰ ਰਹੀ, ਸਗੋਂ ਉਨ੍ਹਾਂ ਲਈ ਅਰਦਾਸਾਂ ਕਰਦੇ ਸਨ ਕਿ "ਹੇ ਵਾਹਿਗੁਰੂ ਇਨ੍ਹਾਂ ਦੇ ਮਨਾਂ ਨੂੰ ਸ਼ੁੱਧ ਕਰ ਅਤੇ ਇਨ੍ਹਾਂ ਨੂੰ ਸਿੱਧੇ ਰਸਤੇ ਲਾ।" ਜਦ ਸਿੱਖ ਗੁਰੂ ਜੀ ਦੇ ਲੰਗਰ ਲਈ ਜਲ ਲੈਣ ਜਾਂਦੇ ਸਨ ਤਾਂ ਮੁਸਲਮਾਨ ਆਪਣੇ ਮੁੰਡਿਆਂ ਨੂੰ ਸਿੱਖਾਂ ਦੇ ਮਿੱਟੀ ਦੇ ਭਾਂਡਿਆਂ ਨੂੰ ਗੁਲੇਲਿਆਂ ਅਤੇ ਢੇਮ੍ਹਾਂ ਨਾਲ ਭੰਨਣ ਲਈ ਉਕਸਾਉਂਦੇ। ਜਦੋਂ ਕਦੀ ਸਿੱਖ ਉਨ੍ਹਾਂ ਨੂੰ ਇਸ ਗੱਲ ਤੋਂ ਵਰਜਦੇ ਤਾਂ ਮੁਸਲਮਾਨ ਉਨ੍ਹਾਂ ਨੂੰ ਮਾਰ ਕੁਟਾਈ ਕਰਦੇ ਸਨ। ਸਿੱਖਾਂ ਨੇ ਡਾਢੇ ਤੰਗ ਹੋਕੇ ਗੁਰੂ ਜੀ ਪਾਸ ਸ਼ਿਕਾਇਤ ਕੀਤੀ। ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਮਿੱਟੀ ਦੇ ਘੜਿਆਂ ਦੀ ਥਾਂ ਤੁਸੀਂ ਮਸ਼ਕਾਂ ਵਰਤੋ ਜੋ ਛੇਤੀ ਨਹੀਂ ਫੱਟ ਸਕਦੀਆਂ। ਸਿੱਖਾਂ ਨੇ ਗੁਰੂ ਜੀ ਦਾ ਹੁਕਮ ਮੰਨ ਲਿਆ, ਪਰ ਮੁਸਲਮਾਨ ਮਸ਼ਕਾਂ ਨੂੰ ਤੀਰਾਂ ਨਾਲ ਵਿੰਨ੍ਹ ਦਿਆ ਕਰਨ ਅਤੇ ਜਲ ਢੋਣ ਵਾਲਿਆਂ ਸਿੱਖਾਂ ਨੂੰ ਪਹਿਲਾਂ ਵਾਂਗ ਹੀ ਤੰਗੀ ਰਹੀ। ਗੁਰੂ ਜੀ ਨੇ ਫਿਰ ਸਿੱਖਾਂ ਨੂੰ ਕਿਹਾ ਕਿ ਤੁਸੀਂ ਪਿੱਤਲ ਦੇ ਭਾਂਡੇ ਵਰਤੋ, ਮੁਸਲਮਾਨ ਇਨ੍ਹਾਂ ਨੂੰ ਚੁੱਕ ਕੇ ਲੈ ਜਾਣ ਵਾਲਿਆਂ ਦੇ ਸਿਰਾਂ ਤੋਂ ਇੱਠਾਂ ਪੱਥਰ ਮਾਰਕੇ ਡੇਗ ਦੇਣ। ਸਿੱਖ ਇਸ ਤੋਂ ਡਾਢੇ ਲਾਚਾਰ ਹੋ ਗਏ। ਭਾਵੇਂ ਮੁਸਲਮਾਨਾਂ ਨੇ ਸਿੱਖਾਂ ਅਤੇ ਗੁਰੂ ਜੀ ਨੂੰ ਕਿਤਨਾ ਹੀ ਤੰਗ ਕੀਤਾ ਪਰ ਗੁਰੂ ਜੀ ਨੇ ਕਦੇ ਵੀ ਉਨ੍ਹਾਂ ਨੂੰ ਕੌੜਾ ਬਚਨ ਨਾ ਬੋਲਿਆ ਸਗੋਂ ਇਸ ਦੇ ਉਲਟ ਉਨ੍ਹਾਂ ਲਈ ਅਰਦਾਸ ਕਰਦੇ ਸਨ ਕਿ ਵਾਹਿਗੁਰੂ ਉਨ੍ਹਾਂ ਦੇ ਹਿਰਦਿਆਂ ਵਿਚੋਂ ਧਰਮ-ਦਵੈਸ਼ ਅਤੇ ਘ੍ਰਿਣਾ ਨੂੰ ਦੂਰ ਕਰੇ। ਸਿੱਖਾਂ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ, "ਮਹਾਰਾਜ, ਅਸੀਂ ਕਿੰਨਾ ਚਿਰ ਮੁਸਲਮਾਨਾਂ ਦਾ ਇਹ ਜ਼ੁਲਮ ਸਹਿੰਦੇ ਰਹਾਂਗੇ ?" ਗੁਰੂ ਜੀ ਬੋਲੇ :

"ਜਿਨਾ ਚਿਰ ਤੁਸੀਂ ਜੀਊਂਦੇ ਰਹੋ, ਸੰਤਾਂ ਲਈ ਬਦਲਾ ਲੈਣਾ ਬਿਲਕੁਲ ਯੋਗ ਨਹੀਂ ਹੈ।
ਸਗੋਂ ਧੀਰਜ ਨਾਲੋਂ ਕੋਈ ਵੱਡਾ ਤਪ ਨਹੀਂ,
ਸੰਤੋਖ ਨਾਲੋਂ ਕੋਈ ਵੱਡਾ ਸੁਖ ਨਹੀਂ, ਲਾਲਚ ਨਾਲੋਂ ਕੋਈ ਵੱਡੀ ਬੁਰਾਈ ਨਹੀਂ।
ਦਇਆ ਨਾਲੋਂ ਕੋਈ ਵੱਡੀ ਨੇਕੀ ਨਹੀਂ,
ਮਾਫ਼ ਕਰਨ ਨਾਲੋਂ ਵਧਕੇ ਤਾਕਤਵਰ ਸ਼ਸਤ੍ਰ ਨਹੀਂ।
ਆਦਮੀ ਜੋ ਕੁਝ ਬੀਜਦਾ ਹੈ ਸੋਈ ਵੱਢਦਾ ਹੈ।
ਜੇਕਰ ਉਹ ਦੁੱਖ ਬੀਜੇਗਾ, ਦੁੱਖ ਦੀ ਹੀ ਖੇਤੀ ਵੱਢੇਗਾ।
ਜੇਕਰ ਆਦਮੀ ਮੌਹਰਾ ਬੀਜੇਗਾ, ਤਾਂ ਉਹ ਅੰਮ੍ਰਿਤ ਦੀ ਆਸ ਨਹੀਂ ਰਖ ਸਕਦਾ।"

ਇਹ ਧਰਮ ਉਪਦੇਸ਼ ਸੁਣ ਕੇ ਸਿੱਖਾਂ ਦੇ ਮਨ ਨੂੰ ਸ਼ਾਂਤੀ ਆ ਗਈ। ਇਕ ਸ਼ਸਤ੍ਰ-ਧਾਰੀ ਸੰਨਿਆਸੀਆਂ ਦੀ ਜਮਾਤ ਗੋਇੰਦਵਾਲ ਆ ਉਤਰੀ। ਮੁਸਲਮਾਨ ਮੁੰਡੇ ਜਿਸ ਵੇਲੇ ਸਿੱਖਾਂ ਉਤੇ ਗੁਲੇਲੇ ਮਾਰ ਰਹੇ ਸਨ ਤਾਂ ਉਨ੍ਹਾਂ ਦੇ ਇਕ ਗੁਲੇਲੇ ਨਾਲ ਸੰਨਿਆਸੀਆਂ ਦੇ ਵੱਡੇ ਮਹੰਤ ਦੀ ਅੱਖ ਨਿਕਲ ਗਈ। ਸੰਨਿਆਸੀ ਡਾਢੇ ਗੁੱਸੇ ਵਿਚ ਆ ਗਏ। ਉਨ੍ਹਾਂ ਮਾਰਨ ਵਾਲੇ ਮੁੰਡੇ ਨੂੰ ਫੜ ਲਿਆ ਅਤੇ ਕੁੱਟ ਕੁਟਕੇ ਜਾਨੋਂ ਮਾਰ ਦਿੱਤਾ। ਇਸ ਗੱਲ ਤੇ ਸੰਨਿਆਸੀਆਂ ਅਤੇ ਮੁਸਲਮਾਨਾਂ ਵਿਚ ਲੜਾਈ ਹੋ ਪਈ। ਜਿਸ ਵਿਚ ਤਲਵਾਰਾਂ, ਭਾਲੇ, ਕਟਾਰੇ ਅਤੇ ਕੁਹਾੜੀਆਂ ਵਰਤੀਆਂ ਗਈਆਂ। ਇਸ ਲੜਾਈ ਵਿਚ ਆਪਣੀ ਸਹਾਇਤਾ

ਲਈ ਸੰਨਿਆਸੀ 'ਦੱਤਾਤਰੇ' ਅਤੇ ਮੁਸਲਮਾਨ 'ਅਲੀ' ਨੂੰ ਯਾਦ ਕਰ ਕਰ ਕੇ ਪੁਕਾਰਦੇ ਸਨ। ਦੋਹਾਂ ਪਾਸਿਆਂ ਵਲੋਂ ਬਹੁਤ ਸਾਰੇ ਸੂਰਬੀਰ ਮਾਰੇ ਗਏ। ਉਨ੍ਹਾਂ ਮਾਰੇ ਗਿਆਂ ਵਿਚ ਬਹੁਤ ਸਾਰੇ ਗੁਰੂ ਜੀ ਦੇ ਵਿਰੋਧੀ ਸਨ। ਸਿੱਖਾਂ ਨੇ ਸਮਝਿਆ ਕਿ ਮੁਸਲਮਾਨਾਂ ਦੀ ਜੋ ਇਹ ਬਰਬਾਦੀ ਹੋਈ ਹੈ ਅਕਾਲ ਪੁਰਖ ਵਲੋਂ ਸਾਨੂੰ ਤੰਗ ਕਰਨ ਬਦਲੇ ਉਨ੍ਹਾਂ ਨੂੰ ਸਜ਼ਾ ਮਿਲੀ ਹੈ।

ਇਸ ਪਿਛੋਂ ਛੇਤੀ ਹੀ, ਸਪਾਹੀਆਂ ਦਾ ਇਕ ਦਸਤਾ ਸ਼ਾਹੀ ਖ਼ਜ਼ਾਨੇ ਦੀ ਰਾਖੀ ਕਰਦਾ ਹੋਇਆ ਲਾਹੌਰ ਤੋਂ ਦਿੱਲੀ ਜਾ ਰਿਹਾ ਸੀ। ਜਦੋਂ ਉਹ ਫ਼ੌਜ ਦਸਤਾ ਤੇ ਖ਼ਜ਼ਾਨਾ ਗੋਇੰਦਵਾਲ ਪਹੁੰਚੇ ਤਾਂ ਅੰਧੇਰੀ ਝੁਲ ਪਈ ਅਤੇ ਆਕਾਸ਼ ਨੇ ਕਾਲੇ ਰੰਗ ਦਾ ਬਾਣਾ ਧਾਰ ਲਿਆ। ਭਾਵੇਂ ਸਿਪਾਹੀ ਬੜੇ ਸਾਵਧਾਨ ਰਹੇ, ਪਰ ਰੁਪਿਆ ਦੀ ਲੱਦੀ ਹੋਈ ਇਕ ਖੱਚਰ ਉਜੜ ਪੈਕੇ ਸ਼ਹਿਰ ਵਿਚ ਮੁਸਲਮਾਨਾਂ ਦੇ ਮੁਹੱਲੇ ਜਾ ਵੜੀ। ਸਪਾਹੀਆਂ ਨੇ ਹਰ ਥਾਂ ਟੋਲੀ ਅਤੇ ਢੰਡੋਰਚੀ ਨੇ ਸਾਰੇ ਡੌਂਡੀ ਪਿੱਟੀ ਪਰ ਖੱਚਰ ਦਾ ਕੋਈ ਥਹੁ-ਪਤਾ ਨਾ ਲੱਗਾ। ਕੁਝ ਮੁਸਲਮਾਨ, ਜਿਨ੍ਹਾਂ ਨੇ ਖੱਚਰ ਲੁਕਾਈ ਹੋਈ ਸੀ, ਪਾਖੰਡ ਨਾਲ ਟੋਲਣ ਵਿਚ ਵੀ ਲੱਗ ਗਏ ਅਤੇ ਇਸ ਘਟਨਾ ਤੇ ਬੜਾ ਦੁੱਖ ਪ੍ਰਗਟ ਕਰਨ ਲੱਗੇ। ਅੰਤ ਵਿਚ ਖੱਚਰ ਨੇ ਆਪਣੇ ਲੁਕਾਉਣ ਵਾਲੇ ਨੂੰ ਫਸਾ ਦਿੱਤਾ। ਜਦੋਂ ਉਹ ਇਕ ਮੁਸਲਮਾਨ ਦੇ ਘਰ ਵਿਚ ਇਕੱਲੀ ਰਹਿ ਗਈ ਤਾਂ ਹੀਂਗਣ ਲੱਗੀ। ਜਦ ਪੁਲਿਸ ਅਫ਼ਸਰ ਨੇ ਹੀਂਗਣ ਦੀ ਆਵਾਜ਼ ਸੁਣੀ ਤਾਂ ਉਹ ਉਸ ਘਰ ਵਲ ਤੁਰ ਪਿਆ, ਜਿਥੋਂ ਆਵਾਜ਼ ਆਈ ਸੀ। ਮੁਸਲਮਾਨਾਂ ਨੇ ਉਸ ਨੂੰ ਆਪਣੇ ਅੰਦਰ ਵੜਨ ਤੋਂ ਰੋਕਣ ਦਾ ਯਤਨ ਕੀਤਾ, ਤੇ ਇਹ ਬਹਾਨਾ ਲਾਇਆ ਕਿ ਤੂੰ ਸਾਡੇ ਘਰ ਦੇ ਸਤਰ ਭੰਨਦਾ ਹੈਂ। ਪਰ ਪੁਲਸ ਅਫ਼ਸਰ ਨਾ ਰੁਕਿਆ ਅਤੇ ਉਸਨੂੰ ਖ਼ਜ਼ਾਨੇ ਸਮੇਤ ਖੱਚਰ ਮੋੜ ਲੈਣ ਵਿਚ ਸਫਲਤਾ ਹੋਈ। ਉਸਨੇ ਮੁਸਲਮਾਨਾਂ ਦੇ ਇਨ੍ਹਾਂ ਸਾਰੇ ਅਪਰਾਧਾਂ ਦੀ ਰਿਪੋਟ ਸ਼ਨਿਹਸ਼ਾਹ ਨੂੰ ਘੱਲੀ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਲਗਾਤਾਰ ਗੁਰੂ ਜੀ ਅਤੇ ਸਿੱਖਾਂ ਨੂੰ ਤੰਗ ਕੀਤਾ, ਕਿਸ ਤਰ੍ਹਾਂ ਧਾਵਾ ਕਰਕੇ ਸੰਨਿਆਸੀ ਮਾਰ ਸੁੱਟੇ, ਅਤੇ ਅੰਤ ਵਿਚ ਬਾਦਸ਼ਾਹੀ ਖ਼ਜ਼ਾਨਾ ਲੁੱਟਣ ਦਾ ਯਤਨ ਕੀਤਾ।

ਬਾਦਸ਼ਾਹ ਨੇ ਹੁਕਮ ਦਿੱਤਾ ਕਿ "ਉਨ੍ਹਾਂ ਨੂੰ ਕੈਦ ਕਰ ਦਿਉ, ਉਨ੍ਹਾਂ ਦੇ ਘਰਾਂ ਨੂੰ ਢਾਹਕੇ ਮਿੱਟੀ ਨਾਲ ਮਿਲਾ ਦਿਓ ਅਤੇ ਉਨ੍ਹਾਂ ਦੀ ਸਾਰੀ ਜਾਇਦਾਦ ਜ਼ਬਤ ਕਰ ਲਵੋ।" ਤਾਂ ਗੁਰੂ ਜੀ ਨੇ ਫੁਰਮਾਇਆ—"ਜਿਹੜੇ ਸੁਖ-ਸ਼ਾਂਤੀ ਦਾ ਜੀਵਨ ਬਤੀਤ ਕਰਨ ਵਾਲਿਆਂ ਨਾਲ ਵੈਰ ਰਖਦੇ ਹਨ, ਉਨ੍ਹਾਂ ਦਾ ਸਦਾ ਇਹੋ ਜਿਹਾ ਹਾਲ ਹੋਵੇਗਾ।"

ਕਾਂਡ—25
ਉਪਦੇਸ਼

ਇਕ ਸਮੇਂ ਜਦ ਗੁਰੂ ਜੀ ਨਾਲ ਦੇ ਇਕ ਪਿੰਡ ਵਿਚ ਗਏ ਤੇ ਉਪਦੇਸ਼ ਕੀਤਾ ਤਾਂ ਉਸ ਪਿੰਡ ਦਾ ਚੌਧਰੀ ਕਹਿਣ ਲੱਗਾ ਕਿ ਇਨ੍ਹਾਂ ਦੇ ਉਪਦੇਸ਼ ਲਿਖ ਰੱਖਣ ਯੋਗ ਹਨ। ਇਸ ਮਨੋਰਥ ਲਈ ਉਸਨੇ ਕਲਮ-ਦਵਾਤ ਮੰਗਵਾ ਘਲੀ। ਉਸਦੇ ਇਹ ਕਹਿਣ ਤੇ ਗੁਰੂ ਜੀ ਨੇ ਹੇਠ ਲਿਖਿਆ ਸਲੋਕ ਉਚਾਰਣ ਕੀਤਾ :—

ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ।
ਸਦਾ ਸਾਹਿਬ ਕੈ ਰੰਗਿ ਰਹੈ ਕਬਹੂੰ ਨ ਤੂਟਸਿ ਨੇਹੁ।
ਕਲਉ ਮਸਾਜਨੀ ਜਾਇਸੀ ਲਿਖਿਆ ਭੀ ਨਾਲੇ ਜਾਇ।
ਨਾਨਕ ਸਹੁ ਪ੍ਰੀਤਿ ਨ ਜਾਇਸੀ ਜੋ ਧੁਰਿ ਛੋਡੀ ਸਚੈ ਪਾਇ॥੧॥

(ਸਿਰੀ ਰਾਗ ਵਾਰ ਮ: ੩)

ਨਦਰੀ ਆਵਦਾ ਨਾਲਿ ਨ ਚਲਈ ਵੇਖਹੁ ਕੋ ਵਿਉਪਾਏ।
ਸਤਿਗੁਰਿ ਸਚੁ ਦ੍ਰਿੜਾਇਆ ਸਚਿ ਰਹਹੁ ਲਿਵ ਲਾਇ।
ਨਾਨਕ ਸਬਦੀ ਸਚੁ ਹੈ ਕਰਮੀ ਪਲੈ ਪਾਇ॥੨॥ *(ਆ: ਗ੍ਰੰ: ਪੰ: ੮੪ (ਮ: ੩)*

ਸਤਿਗੁਰ ਜੀ ਨੇ ਉਪਦੇਸ਼ ਦਿੰਦਿਆਂ ਹੋਇਆਂ ਫਰਮਾਇਆ, "ਗੁਰੂ ਉਸ ਦੀ ਸਹਾਇਤਾ ਕਰੇਗਾ ਜਿਸ ਵਿਚ ਸਹਿਨ-ਸ਼ੀਲਤਾ ਹੈ। ਅਕਾਲ ਪੁਰਖ ਧੀਰਜ-ਸਰੂਪ ਹੈ ਅਤੇ ਧੀਰਜ ਨਾਲ ਫੱਲ ਦਿੰਦਾ ਹੈ। ਜੇਕਰ ਤੁਹਾਡੇ ਨਾਲ ਕੋਈ ਭੈੜਾ ਵਰਤਾਉ ਕਰੇ ਤਾਂ ਉਸਨੂੰ ਸਹਾਰੋ, ਜੇਕਰ ਤੁਸੀਂ ਤਿੰਨ ਵਾਰੀ ਉਸਨੂੰ ਸਹੋਗੇ ਤਾਂ ਚੌਥੀ ਵਾਰੀ ਵਾਹਿਗੁਰੂ ਆਪ ਤੁਹਾਡੀ ਮਦਦ ਕਰੇਗਾ, ਅਤੇ ਤੁਹਾਡੇ ਵੈਰੀਆਂ ਦੀ ਜੜ੍ਹ ਪੁੱਟੇਗਾ।" ਫਿਰ ਗੁਰੂ ਜੀ ਨੇ ਆਸਾ ਦੀ ਵਾਰ ਦੀ ਇਕੀਵੀਂ (੨੧) ਪਉੜੀ ਦਵਾਰਾ ਪ੍ਰਮਾਣ ਦਿੱਤਾ ਪੜ੍ਹਕੇ ਸੁਣਾਈ। ਜਦ ਗੁਰੂ ਜੀ ਨੂੰ ਜ਼ਾਲਮ ਮੁਸਲਮਾਨਾਂ ਤੋਂ ਵਿਹਲ ਮਿਲੀ ਤਾਂ ਆਪਣੇ ਸਿੱਖ ਨੂੰ ਇਸ ਤਰ੍ਹਾਂ ਆਤਮਕ ਅਤੇ ਸਦਾਚਾਰਕ ਉਪਦੇਸ਼ ਦੇਣ ਲੱਗੇ—

"ਸਭ ਨਾਲ ਭਲਾ ਕਰੋ ਪਰ ਇਸ ਗੱਲ ਦਾ ਅਹੰਕਾਰ ਨਾ ਕਰੋ। ਪਰ ਇਸਤ੍ਰੀ ਨੂੰ ਸਰਪ ਜਾਂ ਖੂਨੀ ਹਾਥੀ ਸਮਾਨ ਜਾਣੋ, ਅਤੇ ਉਸਦੀ ਸੰਗਤ ਕਦੀ ਨਾ ਕਰੋ। ਭੈੜੀ ਸੰਗਤ ਤੋਂ ਬਚੋ, ਸ਼ੇਖੀ ਨਾ ਮਾਰੋ, ਆਪਣੀ ਵਡਿਆਈ ਨਾ ਕਰੋ, ਨਿੰਦਾ ਅਤੇ ਝੂਠ ਤਿਆਗੋ, ਆਪਣੇ ਵਿਤ ਅਨੁਸਾਰ ਖਾਉ ਤੇ ਕੰਮ ਕਰੋ, ਪਾਖੰਡ ਜਾਂ ਦਿਖਾਵਾ ਨਾ ਕਰੋ, ਗੁਰੂ ਦੇ ਉਪਦੇਸ਼ ਦਾ ਧਿਆਨ ਧਰੋ, ਆਪਣੇ ਪਦਾਰਥ ਦਾ ਦਸਵੰਧ ਵਾਹਿਗੁਰੂ ਦੇ ਨਾਉਂ ਤੇ ਦਿਉ।

ਭਲਿਆਂ ਦੀ ਸੰਗਤ ਕਰੋ, ਅਤੇ ਅਤਿੱਥੀ-ਪ੍ਰਦੇਸੀ ਦੀ ਸੇਵਾ ਕਰੋ। ਭੋਜਨ ਛਕਣ ਤੋਂ ਪਹਿਲਾਂ ਵਾਹਿਗੁਰੂ ਨਾ ਨਾਉਂ ਲਉ, ਉਹ ਤੁਹਾਡੀ ਰੋਟੀ ਵਿਚ ਬਰਕਤ ਪਾਏਗਾ।"

ਸਿੱਖਾਂ ਨੇ ਗੁਰੂ ਜੀ ਨੂੰ ਪ੍ਰਸ਼ਨ ਕੀਤਾ—"ਮਹਾਰਾਜ, ਵਾਹਿਗੁਰੂ ਦੇ ਵੱਡੇ ਸੰਤ ਅਤੇ ਭਗਤ ਕੌਣ ਹਨ ?" ਗੁਰੂ ਜੀ ਉੱਤਰ ਦਿੱਤਾ : "ਜਿਨ੍ਹਾਂ ਵਾਹਿਗੁਰੂ ਦਾ ਨਾਮ ਜਪਿਆ ਹੈ ਅਤੇ ਅਹੰਕਾਰ ਤਿਆਗ ਦਿੱਤਾ ਹੈ, ਉਹੀ ਸਭ ਤੋਂ ਚੰਗੇ ਹਨ। ਜਿਹੜਾ ਸੰਤ ਇਸ ਤਰ੍ਹਾਂ (ਅਮਲ) ਕਰਦਾ ਹੈ ਅਤੇ ਇਸ ਗੰਦੇ ਅਤੇ ਘ੍ਰਿਣਾ ਯੋਗ ਸਰੀਰ ਨੂੰ ਤਿਆਗ ਦਿੰਦਾ ਹੈ, ਉਹ ਇਸ ਬਦਲੇ ਨੂਰਾਨੀ ਸਰੀਰ ਪ੍ਰਾਪਤ ਕਰੇਗਾ। ਸਚੇ ਸੰਤ ਵਿਕਾਰ ਰਹਿਤ ਹੁੰਦੇ ਹਨ ਅਤੇ ਪ੍ਰਾਣੀਆਂ ਨੂੰ ਓਟ ਦਿੰਦੇ ਹਨ। ਜਿਹੜਾ ਆਪਣੀਆਂ ਵਾਸ਼ਨਾਂ ਨੂੰ ਰੋਕਦਾ ਹੈ ਉਸਨੇ ਜੀਂਵਦਿਆਂ ਹੀ ਮੁਕਤੀ ਪ੍ਰਾਪਤ ਕਰ ਲਈ ਹੈ। ਸੰਤ ਸਦਾ ਹੀ ਆਜ਼ਾਦ ਹਨ। ਜੋ ਕੁਝ ਸੰਤ ਕਰਦੇ ਹਨ ਸਦਾ ਹੀ ਸੁਹਾਵਾ ਹੈ, ਅਤੇ ਉਸਦਾ ਜੱਸ ਹੁੰਦਾ ਹੈ। ਸਤਿਗੁਰ ਅਤੇ ਸੰਤ ਸੰਸਾਰ ਵਿਚ ਜਗਤ ਦੇ ਲਾਭ ਲਈ ਭੇਜੇ ਜਾਂਦੇ ਹਨ। ਉਹ ਭਾਵੇਂ ਸੰਸਾਰ ਵਿਚ ਵਸਦੇ ਹਨ ਪਰ ਅਸਲ ਵਿਚ ਨਿਰਲੇਪ ਰਹਿੰਦੇ ਹਨ ਅਤੇ ਸੰਸਾਰ ਨਾਲ ਕੋਈ ਸੰਬੰਧ ਨਹੀਂ ਰੱਖਦੇ।

ਕਿੰਗਰੀ ਨਾਥ ਜੋਗੀ ਨੂੰ ਉਪਦੇਸ਼

ਕਿੰਗਰੀ ਨਾਥ, ਜੋਗੀਆਂ ਦੀ ਇਕ ਜਮਾਤ ਨੂੰ ਨਾਲ ਲੈਕੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਆਇਆ। ਉਨ੍ਹਾਂ ਨੇ ਪ੍ਰਗਟ ਕੀਤਾ ਕਿ ਅਸੀਂ ਜੋਗੀ ਹਾਂ ਅਤੇ ਪਵਿੱਤਰ ਪੁਰਸ਼ ਹਾਂ। ਉਨ੍ਹਾਂ ਆਪਣੇ ਕਥਨ ਦੇ ਪ੍ਰਮਾਣ ਵਿਚ ਆਪਣਾ ਧਾਰਨ ਕੀਤਾ ਹੋਇਆ ਭੇਖ ਅਤੇ ਪਾਈਆਂ ਮੁੰਦ੍ਰਾਂ ਵਿਖਾਈਆਂ। ਗੁਰੂ ਜੀ ਨੇ ਕਿਹਾ ਕਿ ਪਵਿੱਤਰ ਬਣਨ ਦਾ ਤਰੀਕਾ ਇਹ ਨਹੀਂ, ਪਵਿੱਤਰ ਬਣਨ ਦੀ ਯੁਕਤੀ ਅਸੀਂ ਤੁਹਾਨੂੰ ਦੱਸਦੇ ਹਾਂ। ਗੁਰੂ ਜੀ ਨੇ ਇਸ ਪ੍ਰਕਾਰ ਉਚਾਰਣ ਕੀਤਾ—

ਰਾਮਕਲੀ ਮਹਲਾ ੩ ॥ ਅਸ਼ਟਪਦੀਆ

ਸਰਮੈ ਦੀਆ ਮੁੰਦ੍ਰਾ ਕੰਨੀ ਪਾਇ ਜੋਗੀ ਖਿੰਥਾ ਕਰਿ ਤੂ ਦਇਆ।
ਆਵਣੁ ਜਾਣੁ ਬਿਭੂਤਿ ਲਾਇ ਜੋਗੀ ਤਾਂ ਤੀਨ ਭਵਣ ਜਿਣਿ ਲਇਆ।
ਐਸੀ ਕਿੰਗੁਰੀ ਵਜਾਇ ਜੋਗੀ।
ਜਿਤੁ ਕਿੰਗੁਰੀ ਅਨਹਦੁ ਵਾਜੈ ਹਰਿ ਕਿਉ ਰਹੈ ਲਿਵਲਾਇ ॥੧॥ ਰਹਾਉ॥
ਸੰਤੁਸੰਤੋਖੁ ਪਤੁ ਕਰਿ ਝੋਲੀ ਜੋਗੀ ਅੰਮ੍ਰਿਤ ਨਾਮੁ ਭੁਗਤਿ ਪਾਈ।
ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ ਵਜਾਈ॥੨॥
ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ।
ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ ਤਾ ਨਾਮੁ ਪਲੈ ਪਾਈ॥੩॥
ਇਤੁ ਕਿੰਗੁਰੀ ਧਿਆਨੁ ਨ ਲਾਗੈ ਜੋਗੀ ਨਾ ਸਚੁ ਪਲੇ ਪਾਇ।
ਇਤੁ ਕਿੰਗਰੀ ਸਾਂਤਿ ਨ ਆਵੈ ਜੋਗੀ ਅਭਿਆਨੁ ਨ ਵਿਚਹੁ ਜਾਇ॥੪॥
ਭਉ ਭਾਉ ਦੁਇ ਪਤ ਲਾਇ ਜੋਗੀ ਇਹੁ ਸਰੀਰੁ ਕਰਿ ਡੰਡੀ।
ਗੁਰਮੁਖਿ ਹੋਵਹਿ ਤਾਂ ਤੰਤੀ ਵਾਜੈ ਇਨ ਬਿਧਿ ਤ੍ਰਿਸ਼ਨਾ ਖੰਡੀ ॥੫॥

ਹੁਕਮੁ ਬੂਝੈ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਇ।
ਸਹਸਾ ਤੂਟੇ ਨਿਰਮਲੁ ਹੋਵੈ ਜੋਗ ਜੁਗਤਿ ਇਵ ਪਾਏ ॥੬॥
ਨਦਰੀ ਆਵਦਾ ਸਭੁ ਕਿਛੁ ਬਿਨਸੈ ਹਰਿ ਸੇਤੀ ਚਿਤੁ ਲਾਇ।
ਸਤਿਗੁਰ ਨਾਲਿ ਤੇਰੀ ਭਾਵਨੀ ਲਾਗੈ ਤਾਂ ਇਹ ਸੋਝੀ ਪਾਇ ॥੭॥
ਏਹੁ ਜੋਗੁ ਨਹੋਵੈ ਜੋਗੀ ਜਿ ਕੁਟੰਬੁ ਛੋਡਿ ਪਰ ਭਵਣੁ ਕਰਹਿ।
ਗ੍ਰਿਹ ਸਰੀਰ ਮਹਿ ਹਰਿ ਹਰਿ ਨਾਮੁ ਗੁਰ ਪਰਸਾਦੀ ਅਪਣਾ ਹਰਿ ਪ੍ਰਭ ਲਹਿਹ ॥੮॥
ਇਹ ਜਗਤੁ ਮਿਟੀ ਕਾ ਪੁਤਲਾ ਜੋਗੀ ਇਸੁਮਹਿ ਰੋਗੁ ਵਡਾ ਤ੍ਰਿਸਨਾ ਮਾਇਆ।
ਅਨੇਕ ਜਤਨ ਭੇਖ ਕਰੈ ਜੋਗੀ ਰੋਗੁ ਨ ਜਾਇ ਗਵਾਇਆ ॥੯॥
ਹਰਿ ਕਾ ਨਾਮੁ ਅਉਖਧੁਹੈ ਜੋਗੀ ਜਿਸਨੋ ਮੰਨਿ ਵਸਾਏ।
ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ ॥੧੦॥
ਜੋਗੇ ਕਾ ਮਾਰਗੁ ਬਿਖਮੁ ਹੈ ਜੋਗੀ ਜਿਸਨੋ ਨਦਰਿ ਕਰੇ ਸੋ ਪਾਏ।
ਅੰਤਰਿ ਬਹਾਰਿ ਏਕੋ ਵੇਖੈ ਵਿਚਹੁ ਭਰਮੁ ਚੁਕਾਏ ॥੧੧॥
ਵਿਣੁ ਵਜਾਈ ਕਿੰਗੁਰੀ ਵਾਜੇ ਜੋਗੀ ਸਾ ਕਿੰਗੁਰੀ ਵਜਾਇ।
ਕਹੈ ਨਾਨਕੁ ਮੁਕਤਿ ਹੋਵਹਿ ਜੋਗੀ ਸਾਚੇ ਰਹਹਿ ਸਮਾਇ ॥੧੨॥੧॥

(ਆਃ ਗ੍ਰੰਃ ਪੰਃ ੯੦੮-੦੯)

ਇਕ ਦਿਨ ਜਦੋਂ ਗੁਰੂ ਜੀ ਘੋੜੇ ਤੇ ਚੜ੍ਹੇ ਜਾ ਰਹੇ ਸਨ ਤਾਂ ਉਨ੍ਹਾਂ ਇਕ ਮੀਂਹ ਨਾਲ ਜਰਜਰੀ ਹੋਈ ਕੰਧ ਵੇਖੀ, ਜਿਹੜੀ ਕਿ ਡਿੱਗਣ ਵਾਲੀ ਸੀ। ਇਸ ਲਈ ਗੁਰੂ ਜੀ ਉਸ ਕੋਲੋਂ ਤੇਜ਼ੀ ਨਾਲ ਘੋੜੀ ਦੁੜਾ ਕੇ ਲੰਘ ਗਏ। ਜਦ ਗੁਰੂ ਜੀ ਘਰ ਪਹੁੰਚੇ ਤਾਂ ਸਿੱਖਾਂ ਨੇ ਮਹਾਰਾਜ ਦੀ ਆਪਣੀ ਬਾਣੀ ਵਿਚੋਂ ਇਕਰ ਤੁਕ ਪੜ੍ਹਕੇ ਸੁਣਾਈ, ਜਿਸ ਵਿਚ ਗੁਰੂ ਜੀ ਫੁਰਮਾਉਂਦੇ ਹਨ—

ਜਮ ਕਾਲੁ ਤਿਸੁ ਨੇੜਿ ਨਾ ਆਵੈ
ਜੋ ਹਰਿ ਹਰਿ ਨਾਮੁ ਧਿਆਵਾਨਿਆ ॥ (ਆਃ ਗ੍ਰੰਃ ਪੰਃ ੧੧੧) (ਮਾਝ ਅਸਟਪਦੀ ਮਃ੩)

ਨਾਲ ਹੀ ਉਨ੍ਹਾਂ ਮਹਲਾ ੧ ਦੇ ਸ਼ਬਦਾਂ ਦੀਆਂ ਇਹ ਤੁਕਾਂ ਪੜ੍ਹੀਆਂ—

ਮਰਣੈ ਕੀ ਚਿੰਤਾ ਨਹੀਂ ਜੀਵਣ ਕੀ ਨਹੀਂ ਆਸ॥
ਤੂ ਸਰਬ ਜੀਆ ਪ੍ਰਤਿਪਾਲਹੀ ਲੈਖੇ ਸਾਸ ਗਿਰਾਸ॥
ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ ॥੧॥
ਜੀਅਰੇ ਰਾਮ ਜਪਤ ਮਨੁ ਮਾਨੁ॥
ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਸੁਖਿ ਗਿਆਨ ॥੧॥ ਰਹਾਉ॥
ਅਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ॥
ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ॥
ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥
ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ॥
ਸਤਿਗੁਰ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ॥

ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥
ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲ ॥
ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨਾ ਮੇਲੁ ॥੪॥
ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥
ਗਿਆਨ ਮਹਾਂ ਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥
ਨਾਨਕ ਏਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨਾ ਹੋਇ ॥੫॥

(ਆਃ ਗ੍ਰੰਃ ਪੰਃ ੨੧) (ਸਿਰੀ ਰਾਗ ਮਹਲਾ ੧)

ਅਤੇ ਗੁਰੂ ਜੀ ਪਾਸ ਬੇਨਤੀ ਕੀਤੀ : "ਮਹਾਰਾਜ, ਕਾਲ ਤੁਹਾਡੇ ਵਸ ਹੈ ; ਤੁਸੀਂ ਲੰਮੀ ਅਵਸਥਾ ਭੋਗ ਲਈ ਹੈ; ਤੁਹਾਡੇ ਵਿਚ ਅਹੰਕਾਰ ਅਤੇ ਖੁਦਗਰਜ਼ੀ ਨਹੀਂ, ਫਿਰ ਤੁਸੀਂ ਖਤਰੇ ਵਾਲੀ ਕੰਧ ਕੋਲੋਂ ਤੇਜ਼ੀ ਨਾਲ ਕਿਉਂ ਲੰਘੇ ਸੀ ?" ਗੁਰੂ ਜੀ ਬੋਲੇ : "ਅਸੀਂ ਕੇਵਲ ਆਪਣੇ ਸਿੱਖਾਂ ਨੂੰ ਇਹ ਸਿਖਿਆ ਦੇਣੀ ਚਾਹੁੰਦੇ ਹਾਂ, ਕਿ ਮਾਨੁਖੀ ਜੀਵਨ—ਜਿਸਨੂੰ ਪ੍ਰਾਪਤ ਕਰਨਾ ਇਤਨਾ ਕਠਨ ਹੈ ਅਤੇ ਜਿਸਨੂੰ ਪ੍ਰਾਪਤ ਕਰਨ ਲਈ ਦੇਵਤੇ ਤਰਸਦੇ ਹਨ—ਨੂੰ ਬਚਾਉਣਾ ਸਾਡਾ ਧਰਮ ਹੈ। ਜੇਕਰ ਕਿਸੇ ਬ੍ਰਿਛ ਨੂੰ ਸੰਭਾਲ ਕੇ ਰਖੀਏ ਤਾਂ ਉਹ ਕਈ ਵਾਰੀ ਪੱਤੇ, ਫੁੱਲ ਤੇ ਫੱਲ ਦੇਵੇਗਾ। ਇਵੇਂ ਹੀ ਜੇਕਰ ਸਰੀਰ ਦੀ ਰਖਿਆ ਕਰੀਏ ਤਾਂ ਅਸੀਂ ਪੁੰਨ ਦਾਨ ਅਤੇ ਹਰ ਪ੍ਰਕਾਰ ਦੇ ਧਾਰਮਕ ਕੰਮ ਕਰ ਸਕਦੇ ਹਾਂ। ਪਰ ਜਦੋਂ ਸਰੀਰ ਨਾਸ਼ ਹੋ ਜਾਂਦਾ ਹੈ ਤਾਂ ਫਿਰ ਪਰਮਾਤਮਾ ਲਈ ਸਾਡਾ ਜੋ ਫਰਜ਼ ਹੈ ਅਸੀਂ ਪੂਰਾ ਨਹੀਂ ਕਰ ਸਕਦੇ। ਮਹਾਤਮਾ ਪੁਰਸ਼ ਆਪਣੇ ਸਰੀਰ ਪਾਸੋਂ ਅਣਗਿਣਤ ਲਾਭ ਪ੍ਰਾਪਤ ਕਰਦੇ ਹਨ। ਉਹ ਸਰੀਰ ਨਾਲ ਹੀ ਸੰਤਾਂ ਦੀ ਸੇਵਾ ਕਰਦੇ ਹਨ, ਵਾਹਿਗੁਰੂ ਦਾ ਨਾਮ ਜਪਦੇ ਹਨ ਅਤੇ ਬ੍ਰਹਮ ਗਿਆਨ ਤੇ ਮੁਕਤੀ ਪ੍ਰਾਪਤ ਕਰਦੇ ਹਨ। ਸਭ ਨੂੰ ਇਸ ਸਰੀਰ ਦੀ ਰੱਖਿਆ ਕਰਨੀ ਚਾਹੀਦੀ ਹੈ। ਇਸੇ ਨਾਲ ਅਸੀਂ ਦੂਜਿਆਂ ਦਾ ਭਲਾ ਕਰਦੇ ਹਾਂ ਅਤੇ ਇਸੇ ਨਾਲ ਹੀ ਅਸੀਂ ਇਸ ਸੰਸਾਰ ਵਿਚ ਸੁਖ ਅਤੇ ਅੱਗੇ ਲਈ ਮੁਕਤੀ ਪ੍ਰਾਪਤ ਕਰਦੇ ਹਾਂ।[1]

ਚੰਗਾ ਮਹੂਰਤ ਕਿਹੜਾ ?

ਇਕ ਦਿਨ ਸਿੱਖਾਂ ਨੇ ਗੁਰੂ ਜੀ ਪਾਸ ਬੇਨਤੀ ਕੀਤੀ : "ਮਹਾਰਾਜ, ਪਹਿਲਾਂ ਜਦੋਂ ਅਸੀਂ ਕੋਈ ਵੱਡਾ ਕੰਮ ਕਰਨਾ ਆਰੰਭ ਕਰਦੇ ਸਾਂ ਤਾਂ ਜੋਤਸ਼ੀਆਂ ਪਾਸੋਂ ਮਹੂਰਤ ਕਢਾਂਦੇ ਸਾਂ। ਹੁਣ ਅਸੀਂ ਆਪ ਦੀ ਸ਼ਰਨ ਆਏ ਹਾਂ ਤਾਂ ਦੱਸੋ ਕਿ ਕਿਸ ਪਾਸੋਂ ਪੁੱਛਿਆ

1. ਇਸ ਬਾਰੇ ਗੁਰੂ ਅਰਜਨ ਸਾਹਿਬ ਆਪਣੀ ਬਾਣੀ ਵਿਚ ਇਸ ਪ੍ਰਕਾਰ ਲਿਖਦੇ ਹਨ—
ਹਰਿਨਾਮੁ ਨ ਸਿਮਰਹਿ ਸਾਧ ਸੰਗਿ ਤੈ ਤਨਿ ਉਡੈ ਖੇਹ ॥
ਜਿਨਿ ਕੀਤੀ ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ ॥੧॥ ਮਹਲਾ ੫ ॥
ਘਟਿ ਵਸਹਿ ਚਰਣਾਰ ਬਿੰਦ ਰਸਨਾ ਜਪੈ ਗੁਪਾਲ ॥
ਨਾਨਕ ਸੋ ਪ੍ਰਭੂ ਸਿਮਰੀਐ ਤਿਸੁ ਦੇਹੀ ਕਉ ਪਾਲਿ ॥੨॥ (ਵਾਰ ਬਿਹਾਗੜਾ ਮਹਲਾ ੫

ਕਰੀਏ? ਗੁਰੂ ਜੀ ਨੇ ਉੱਤਰ ਦਿੱਤਾ : "ਗੁਰ ਸਿੱਖ ਲਈ ਸਭ ਤੋਂ ਚੰਗਾ ਮਹੂਰਤ ਓਹੀ ਹੈ ਜਿਸ ਵੇਲੇ ਉਹ ਅਕਾਲਪੁਰਖ ਪਾਸ ਅਰਦਾਸ ਕਰਦੇ ਹਨ। ਜੇਕਰ ਸਭ ਕਾਰਜਾਂ ਦੇ ਅਰੰਭ ਕਰਨ ਵੇਲੇ ਗੁਰੂ ਜੀ ਦੇ ਸਿੱਖ ਆਪਣੇ ਮਨ ਨੂੰ ਨੀਵਾਂ ਕਰਕੇ ਅਕਾਲ ਪੁਰਖ ਪਾਸ ਸਹਾਇਤਾ ਲਈ ਅਰਦਾਸ ਕਰਨਗੇ ਤਾਂ ਉਨ੍ਹਾਂ ਦੇ ਸਭ ਜਤਨ ਸਫਲੇ ਹੋਣਗੇ।

ਇਕ ਵਾਰ ਬਹੁਤ ਸਾਰੇ ਲੋਕੀ ਆਪਣੀਆਂ ਮਨੋਕਾਮਨਾ ਦੀ ਸਿਧੀ ਲਈ ਗੁਰੂ ਜੀ ਪਾਸ ਆਏ। ਜਦੋਂ ਮਹਾਰਾਜ ਨੇ ਉਨ੍ਹਾਂ ਦੀਆਂ ਖਾਹਸ਼ਾਂ ਸੁਣੀਆਂ ਤਾਂ ਉਹ ਸੰਸਾਰਕ ਜੀਵਨ ਦੇ ਦੁੱਖਾਂ ਬਾਰੇ ਵਿਚਾਰ ਕਰਕੇ ਬੜੇ ਉਦਾਸ ਹੋ ਗਏ ਅਤੇ ਕੁਝ ਸਮੇਂ ਲਈ ਇਕਾਂਤ ਵਾਸ ਕਰਨ ਲਈ ਜੰਗਲ ਵਿਚ ਚਲੇ ਜਾਣ ਦਾ ਫੈਸਲਾ ਕਰ ਲਿਆ। ਇਹ ਸੋਚ ਕੇ ਕਿ ਕੋਈ ਵੇਖੇ ਨਾ, ਗੁਰੂ ਜੀ ਅੱਧੀ ਰਾਤ ਨੂੰ ਆਪਣੇ ਸਫਰ ਨੂੰ ਤੁਰ ਪਏ ਪਰ ਗੁਰੂ ਜੀ ਦੀ ਤਿਆਰੀ ਦਾ ਉਨ੍ਹਾਂ ਦੇ ਪੁੱਤਰਾਂ ਮੋਹਰੀ, ਮੋਹਨ ਤੇ ਕੁਝ ਹੋਰ ਸਿਦਕੀ ਸਿੱਖਾਂ ਨੂੰ ਪਤਾ ਲੱਗ ਗਿਆ ਅਤੇ ਉਹ ਵੀ ਗੁਰੂ ਜੀ ਨਾਲ ਜਾਣ ਨੂੰ ਤਿਆਰ ਹੋ ਪਏ। ਜਦ ਉਹ ਸਾਰੀ ਟੋਲੀ ਤਿੰਨ ਦਿਨ ਬਣ ਵਿਚ ਰਹੀ, ਤਾਂ ਇਕ ਬਹਿਲੋਲ ਨਾਮ ਦੇ ਮੁਸਲਮਾਨ ਆਜੜੀ ਨੇ ਗੁਰੂ ਜੀ ਨੂੰ ਵੇਖਿਆ। ਉਸ ਨੇ ਪਛਾਣ ਲਿਆ ਕਿ ਗੁਰੂ ਜੀ ਇਕ ਮਹਾਂਪੁਰਸ਼ ਹਨ ਤੇ ਉਨ੍ਹਾਂ ਦੇ ਚਰਨਾਂ ਤੇ ਆ ਕੇ ਢਹਿ ਪਿਆ ਅਤੇ ਇਕ ਕਟੋਰਾ ਦੁੱਧ ਦਾ ਗੁਰੂ ਜੀ ਦੀ ਭੇਟਾ ਕੀਤਾ। ਗੁਰੂ ਜੀ ਉਸਦਾ ਪ੍ਰੇਮ ਵੇਖ ਕੇ ਕਹਿਣ ਲੱਗੇ : "ਅਸੀਂ (ਤੇਰੇ ਤੇ) ਪ੍ਰਸੰਨ ਹਾਂ।" ਉਹ ਆਜੜੀ ਵੀ ਇਹ ਜਾਣਕੇ ਪ੍ਰਸੰਨ ਹੋ ਗਿਆ ਕਿ ਮੈਂ ਇਕ ਅਧਕਾਰੀ ਪੁਰਸ਼ ਦੀ ਲੋੜ ਨੂੰ ਪੂਰਾ ਕੀਤਾ ਹੈ। ਗੁਰੂ ਜੀ ਨੇ ਉਸ ਨੂੰ ਕਿਹਾ : "ਕੁਝ ਮੰਗ।" ਉਹ ਆਜੜੀ ਬੋਲਿਆ ਕਿ ਸੰਸਾਰ ਵਿਚ ਕੋਈ ਚੀਜ਼ ਸਥਿਰ ਨਹੀਂ, ਇਸ ਲਈ ਮੈਂ ਕੇਵਲ ਇਹੀ ਦਾਨ ਮੰਗਦਾ ਹਾਂ ਕਿ ਮੈਂ ਵਾਹਿਗੁਰੂ ਦਾ ਨਾਮ ਜਪਣ ਦੇ ਸਮਰਥ ਹੋ ਜਾਵਾਂ। ਗੁਰੂ ਜੀ ਨੇ ਉਸ ਨੂੰ ਇਹ ਦਾਨ ਬਖਸ਼ਿਆ।

ਕਾਂਡ—26
ਗੁਰੂ ਜੀ ਕਸੂਰ ਨੂੰ ਗਏ

ਗੁਰੂ ਜੀ ਇਕ ਵਾਰ ਕਸੂਰ ਗਏ। ਬੜੀ ਗਰਮੀ ਦੀ ਰੁੱਤ ਸੀ ਅਤੇ ਆਪ ਜੀ ਬੜੇ ਥੱਕ ਗਏ। ਕਸੂਰ ਸ਼ਹਿਰ ਦਾ ਵੱਡਾ ਹਾਕਮ ਪੁਰੀ ਜ਼ਾਤ ਦਾ ਇਕ ਖੱਤਰੀ ਸੀ। ਗੁਰੂ ਜੀ ਨੇ ਇਕ ਆਦਮੀ ਹੱਥ ਸੁਨੇਹਾ ਭੇਜਿਆ ਕਿ ਸਾਨੂੰ ਆਪਣੇ ਬਾਗ ਵਿਚ ਤੰਬੂ ਲਾਉਣ ਦੀ ਆਗਿਆ ਦੇ। ਉਸ ਹਾਕਮ ਨੇ ਜਵਾਬ ਦਿੱਤਾ : "ਮੈਂ ਗੁਰੂ ਜੀ ਨੂੰ ਜਾਣਦਾ ਹਾਂ, ਉਹ ਜ਼ਾਤ ਦਾ 'ਭੱਲਾ ਖਤਰੀ' ਹੈ। ਕੱਲ ਤਾਂ ਉਹ ਬਾਸਰਕੇ ਰਹਿੰਦਾ ਸੀ ਤੇ ਅੱਜ ਗੁਰੂ ਬਣ ਬੈਠਾ ਹੈ। ਉਸਨੇ ਆਪਣੇ ਨਾਲ ਨੀਵੀਆਂ ਉੱਚੀਆਂ ਜਾਤਾਂ ਦੇ ਸਭ ਲੋਕੀ ਰਲਾਏ ਹੋਏ ਹਨ। ਉਹ ਲੋਕ ਆਪਸ ਵਿਚ ਤੇ ਗੁਰੂ ਜੀ ਨਾਲ ਇਕ ਪੰਗਤ ਵਿਚ ਬੈਠ ਕੇ ਖਾ ਪੀ ਲੈਂਦੇ ਹਨ, ਜੇ ਗੁਰੂ ਜੀ ਨੂੰ ਇਹੋ ਭਾਉਂਦਾ ਹੈ ਕਿ ਮੈਂ ਨੀਚ ਜ਼ਾਤਾਂ ਦਾ ਗੁਰੂ ਬਣਾ ਤਾਂ ਉਹ ਬੇਸ਼ਕ ਇਸੇ ਤਰ੍ਹਾਂ ਕਰਕੇ ਖੁਸ਼ ਹੋ ਲੈਣ, ਪਰ ਮੈਂ ਤਾਂ ਉਨ੍ਹਾਂ ਨੂੰ ਆਪਣੀ ਰਹਿਣ ਵਾਲੀ ਥਾਂ ਦੇ ਨੇੜੇ ਆਉਣ ਦੀ ਆਗਿਆ ਨਹੀਂ ਦੇਵਾਂਗਾ।" ਜਦੋਂ ਗੁਰੂ ਜੀ ਨੇ ਇਹ ਸੁਣਿਆ ਤਾਂ ਆਖਣ ਲੱਗੇ : "ਇਕ ਦਿਨ ਮੇਰੇ ਸਿੱਖ ਰਾਜ ਮਾਨਣਗੇ। ਕਸੂਰ ਵਿਚ ਇਕ ਸਿੱਖ ਹਾਕਮ ਹੋਵੇਗਾ ਤੇ ਅੱਜ ਕੱਲ ਵਾਲੇ ਖੱਤਰੀ ਹਾਕਮ ਦੀ ਔਲਾਦ ਉਸ ਦੀ ਨੌਕਰ ਹੋਵੇਗੀ।" ਗੁਰੂ ਜੀ ਉਥੋਂ ਤੁਰ ਪਏ ਅਤੇ ਇਕ ਗਰੀਬ ਪਠਾਣ ਦੀ ਕੁੱਲੀ ਵੱਲ ਗਏ। ਜਦੋਂ ਪਠਾਣ ਨੇ ਗੁਰੂ ਜੀ ਨੂੰ ਵੇਖਿਆ ਤਾਂ ਉਹ ਉਠ ਕੇ ਕਹਿਣ ਲੱਗਾ ਕਿ ਮਹਾਰਾਜ ਜੀ ਮੈਂ ਅਨਾਥ ਹਾਂ, ਨਹੀਂ ਤਾਂ ਮੈਂ ਆਪਦੀ ਯੋਗ ਸੇਵਾ ਕਰਦਾ।

ਗੁਰੂ ਜੀ ਨੇ ਜਵਾਬ ਵਿਚ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਦੀ ਤੁਕ ਉਚਾਰੀ—

"ਕੀੜਾ ਥਾਪਿ ਦੇਇ ਪਾਤਸ਼ਾਹੀ ਲਸਕਰ ਕਰੇ ਸੁਆਹ॥" *(ਵਾਰ ਮਾਝ ਮ: ੧)*

(ਆ: ਗ੍ਰੰ: ਪੰ:)

ਗੁਰੂ ਜੀ ਨੇ ਉਪਦੇਸ਼ ਦਿੰਦਿਆਂ ਕਿਹਾ—"ਪਰਮੇਸ਼ਰ ਦੇ ਨਮਿਤ ਲੋਕਾਂ ਦੀ ਸੇਵਾ ਕਰ, ਤੂੰ ਕਸੂਰ ਦਾ ਮਾਲਕ ਹੋਵੇਂਗਾ ਪਰ ਜਦੋਂ ਵੀ ਜ਼ੁਲਮ ਕਰੇਂਗਾ, ਤੂੰ ਮਰ ਜਾਏਂਗਾ।" ਕੁਝ ਚਿਰ ਮਗਰੋਂ ਕਸੂਰ ਦੇ ਖੱਤਰੀ ਹਾਕਮਾਂ ਨੇ ਇਹੋ ਜਿਹੀ ਰਾਜਸੀ ਖਪ ਪਾਈ ਕਿ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਉਨ੍ਹਾਂ ਦੇ ਸ਼ਸਤ੍ਰ ਖੋਹ ਲਏ ਜਾਣ, ਅਤੇ ਉਨ੍ਹਾਂ ਨੂੰ ਮੌਕੂਫ਼ ਕਰਕੇ ਕੱਢ ਦਿੱਤਾ ਜਾਵੇ। ਉਨ੍ਹਾਂ ਦੀ ਥਾਂ ਤੇ ਪਠਾਣ ਨੀਅਤ ਕੀਤੇ ਗਏ। ਪਠਾਣਾਂ ਅਤੇ ਉਨ੍ਹਾਂ ਦੀ ਔਲਾਦ, ਮਹਾਰਾਜਾ ਰਣਜੀਤ ਸਿੰਘ ਅਤੇ ਸਿੱਖਾਂ ਦੇ ਕਸੂਰ ਫਤਹ ਕਰਨ ਤੀਕ ਪੰਜਾਬ ਦੇ ਉਸ ਹਿੱਸੇ ਵਿਚ ਰਾਜ ਕਰਦੀ ਰਹੀ।

ਤੀਏ ਤਾਪ ਦੀ ਸਾਖੀ

ਇਕ ਸਮੇਂ ਜਦੋਂ ਗੁਰੂ ਜੀ ਪਿਛਲੀ ਰਾਤ ਸੁੱਤੇ ਪਏ ਸਨ ਤਾਂ ਉਹ ਇਕ ਮਾਈ ਦੀਆਂ ਚੀਕਾਂ ਨਾਲ ਜਾਗ ਪਏ। ਗੁਰੂ ਜੀ ਨੇ ਉਸਦੇ ਦੁੱਖ ਦਾ ਕਾਰਨ ਪੁੱਛਣ ਲਈ ਆਪਣੇ ਦੋ ਸਿੱਖਾਂ ਨੂੰ ਘੱਲਿਆ। ਸਿੱਖ ਖਬਰ ਲਿਆਏ ਕਿ ਇਕ ਨੌਜਵਾਨ ਹੁਣੇ ਹੀ ਤੀਏ ਤਾਪ ਨਾਲ

ਮਰ ਗਿਆ ਹੈ ਅਤੇ ਉਸਦੀ ਮਾਂ ਰੋਂਦੀ ਕੁਰਲਾਂਦੀ ਹੈ। ਇਹ ਸੁਣ ਕੇ ਦਇਆਵਾਨ ਗੁਰੂ ਜੀ ਨੇ ਅਕਾਲ ਪੁਰਖ ਅੱਗੇ ਬੇਨਤੀ ਕੀਤੀ ਕਿ ਉਹ ਮਾਈ ਨੂੰ ਸ਼ਾਂਤੀ ਦੇਵੇ। ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਦਾ ਪਾਠ ਕਰੋ ਅਤੇ ਨਾਲੋ ਨਾਲ ਮੋਏ ਹੋਏ ਦੇ ਮੂੰਹ ਵਿਚ ਪਾਣੀ ਪਾਉ। ਸਿੱਖਾਂ ਆਪ ਇਹ ਕੰਮ ਕਰਨ ਦੀ ਥਾਂ ਲੋਬ ਨੂੰ ਗੁਰੂ ਜੀ ਪਾਸ ਲੈ ਆਂਦਾ। ਮਹਾਰਾਜ ਨੇ ਮੁਰਦੇ ਮੂੰਹ ਵਿਚ ਜਲ ਪਾਇਆ ਅਤੇ ਆਪਣਾ ਚਰਨ ਉਸਦੇ ਸਿਰ ਨਾਲ ਛੁਹਾਇਆ ਤਾਂ ਲੋਕੀ ਕੀ ਵੇਖਦੇ ਹਨ ਕਿ ਉਸ ਜਵਾਨ ਆਦਮੀ ਵਿਚ ਫੇਰ ਜਾਨ ਆ ਗਈ।

ਸੂਤਕ ਦੀ ਨਵਿਰਤੀ

ਇਕ ਵਾਰੀ ਇਕ ਧਨਾਢ ਆਦਮੀ ਬ੍ਰਹਮ-ਭੋਜਨ ਕਰਾ ਰਿਹਾ ਸੀ ਤਾਂ ਉਸਦੇ ਘਰ ਬੱਚਾ ਜਨਮਿਆ। ਇਸ ਕਰਕੇ ਬ੍ਰਾਹਮਣਾਂ ਕਿਹਾ ਕਿ ਘਰ ਅਪਵਿੱਤਰ ਹੋ ਗਿਆ ਹੈ ਅਰਥਾਤ ਸੂਤਕ ਹੋ ਗਿਆ ਹੈ ਅਤੇ ਰੋਟੀ ਖਾਣ ਤੋਂ ਨਾਂਹ ਕਰ ਦਿੱਤੀ। ਬ੍ਰਹਮ-ਭੋਜਨ ਕਰਨ ਵਾਲਾ ਸੱਜਣ ਗੁਰੂ ਅਮਰਦਾਸ ਜੀ ਪਾਸ ਗਿਆ ਅਤੇ ਆਪਣੀ ਔਕੜ ਜਾ ਦੱਸੀ। ਫਿਰ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਤਿਆਰ ਹੋਇਆ ਭੋਜਨ ਜਾ ਕੇ ਛਕੋ। ਸਿੱਖਾਂ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਪ੍ਰਸ਼ਾਦ ਛਕਿਆ। ਇਸਦੇ ਮਗਰੋਂ ਬ੍ਰਾਹਮਣ ਗੁਰੂ ਜੀ ਪਾਸ ਗਏ ਅਤੇ ਕਿਹਾ ਕਿ ਤੁਹਾਡੇ ਸਿੱਖਾਂ ਨੇ ਸੂਤਕਿਆ ਹੋਇਆ ਭੋਜਨ ਖਾ ਲਿਆ ਹੈ ਤਾਂ ਗੁਰੂ ਜੀ ਨੇ ਉੱਤਰ ਵਿਚ ਹੇਠ ਲਿਖਿਆ ਸ਼ਬਦ ਉਚਾਰਿਆ—

ਮਨ ਕਾ ਸੂਤਕੁ ਦੂਜਾ ਭਾਉ। ਭਰਮੇ ਭੂਲੇ ਆਵਉ ਜਾਉ।
ਮਨਮੁਖਿ ਸੂਤਕੁ ਕਬਹਿ ਨ ਜਾਇ।
ਜਿਚਰੁ ਸ਼ਬਦਿ ਨਾ ਭੀਜੈ ਹਰਿਕੈ ਨਾਇ॥੧॥ਰਹਾਉ।
ਸਭੋ ਸੂਤਕੁ ਜੇਤਾ ਮੋਹੁ ਅਕਾਰੁ। ਮਰਿ ਮਰਿ ਜੰਮੈ ਵਾਰੋ ਵਾਰ॥੨॥
ਸੂਤਕਿ ਅਗਨਿ ਪਉਣੈ ਪਾਣੀ ਮਾਹਿ।
ਸੂਤਕ ਭੋਜਨੁ ਜੇਤਾ ਕਿਛੁ ਖਾਹਿ॥੩॥
ਸੂਤਕ ਕਰਮ ਨ ਪੂਜਾ ਹੋਇ।
ਨਾਮ ਰਤੇ ਮਨੁ ਨਿਰਮਲੁ ਹੋਇ॥੪॥
ਸਤਿਗੁਰ ਸੇਵਿਐ ਸੂਤਕੁ ਜਾਇ।
ਮਰੈ ਨ ਜਨਮੈ ਕਾਲੁ ਨ ਖਾਇ॥੫॥
ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ।
ਵਿਣੁ ਨਾਵੈ ਕੋ ਮੁਕਤਿ ਨਾ ਹੋਇ॥੬॥
ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ।
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ॥੭॥
ਸਾਚਾ ਮਰੈ ਨ ਆਵੈ ਜਾਇ। *(ਆਃ ਗ੍ਰੰਃ ਪੰਃ ੨੨੯)*
ਨਾਨਕ ਗੁਰਮੁਖਿ ਰਹੈ ਸਮਾਇ॥੮॥ *(ਗਉੜੀ ਗੁਆਰੇਰੀ ਮਃ ੩)*

ਅਲ੍ਹਾਯਾਰ ਗੁਰੂ ਜੀ ਦਾ ਸਿੱਖ ਬਣਿਆ

ਇਕ ਅਲ੍ਹਾਯਾਰ ਨਾਮ ਦਾ ਘੋੜਿਆਂ ਦਾ ਸੌਦਾਗਰ ਮੁਸਲਮਾਨ ਦਿੱਲੀ ਦਾ ਰਹਿਣ ਵਾਲਾ ਸੀ, ਉਹ ਅਰਬ ਦੇਸ਼ ਤੋਂ ਪੰਜ ਸੌ ਘੋੜੇ ਲੈ ਕੇ ਕਾਬਲ ਦੇ ਰਾਹ ਆਇਆ ਤੇ

ਬਿਆਸਾ ਆਣ ਪੁੱਜਾ, ਉਹ ਆਪਣੇ ਸ਼ਹਿਰ ਦਿੱਲੀ ਜਾਣਾ ਚਾਹੁੰਦਾ ਸੀ ਕਿਉਂ ਜੋ ਉਸਨੂੰ ਆਸ ਸੀ ਕਿ ਉੱਥੇ ਇਨ੍ਹਾਂ ਦੇ ਵਿਕਣ ਦੀ ਚੰਗੀ ਮੰਡੀ ਹੈ। ਪਰ ਉਹ ਅੱਗੇ ਜਾਣ ਤੋਂ ਅਸਮਰਥ ਸੀ ਕਿਉਂਕਿ ਦਰਿਆ ਬਿਆਸਾ ਚੜ੍ਹਿਆ ਹੋਇਆ ਸੀ ਅਤੇ ਮਲਾਹਾਂ ਦੇ ਖਿਆਲ ਵਿਚ ਉਨ੍ਹਾਂ ਦੀਆਂ ਬੇੜੀਆਂ ਇਤਨੀਆਂ ਪੱਕੀਆਂ ਨਹੀਂ ਸਨ ਕਿ ਉਹ ਪਾਣੀ ਦੇ ਜ਼ੋਰ ਅੱਗੇ ਠਹਿਰ ਸਕਣ। ਦੂਜੇ ਦਿਨ ਸਵੇਰੇ ਉਸ ਸੌਦਾਗਰ ਨੇ ਭਾਈ ਪਾਰੋ ਜੀ ਨੂੰ ਵੇਖਿਆ ਜਿਹੜਾ ਕਿ ਰੋਜ਼ ਵਾਂਗ ਗੁਰੂ ਜੀ ਦੇ ਦਰਸ਼ਨਾਂ ਨੂੰ ਜਾ ਰਿਹਾ ਸੀ। ਭਾਈ ਪਾਰੋ ਜੀ ਨੇ ਆਪਣੀ ਘੋੜੀ ਨੂੰ ਚੜ੍ਹੇ ਹੋਏ ਝੱਗ ਉਛਾਲ ਦੇ ਦਰਿਆ ਵਿਚ ਸੁੱਟਿਆ, ਤੇ ਰਾਜ਼ੀ ਬਾਜ਼ੀ ਪਾਰਲੇ ਕੰਡੇ ਤੇ ਪਹੁੰਚ ਗਿਆ। ਮੁੜ ਕੇ ਵਾਪਸ ਆਉਂਦੇ ਹੋਏ ਭਾਈ ਪਾਰੋ ਨੂੰ ਉਹ ਸੌਦਾਗਰ ਮਿਲਿਆ ਅਤੇ ਭਾਈ ਪਾਰੋ ਜੀ ਦੇ ਇਸ ਕੌਤਕ ਦੀ ਸ਼ਲਾਘਾ ਕੀਤੀ। ਭਾਈ ਪਾਰੋ ਜੀ ਨੇ ਉੱਤਰ ਦਿੱਤਾ ਕਿ ਚੜ੍ਹੇ ਹੋਏ ਦਰਿਆ ਵਿਚੋਂ ਮੇਰਾ ਪਾਰ ਲੰਘ ਜਾਣਾ ਕੋਈ ਅਸਚਰਜ ਦੀ ਗੱਲ ਨਹੀਂ, ਉਹ ਸਤਿਗੁਰੂ ਜਿਨ੍ਹਾਂ ਨੂੰ ਨਮਸਕਾਰ ਕਰਨ ਲਈ ਮੈਂ ਰੋਜ਼ ਜਾਂਦਾ ਹਾਂ, ਹਜ਼ਾਰਾਂ ਜੀਵਾਂ ਨੂੰ ਇਸ ਤੋਂ ਵੱਡੇ ਭਿਆਨਕ ਸੰਸਾਰ ਤੋਂ ਪਾਰ ਕਰਦੇ ਹਨ। ਅਲ੍ਹਾਯਾਰ ਨੂੰ ਅਭਿਲਾਸ਼ਾ ਹੋਈ ਕਿ ਮੈਂ ਵੀ ਅਜਿਹੇ ਮਹਾਂਪੁਰਸ਼ ਦੇ ਦਰਸ਼ਨ ਕਰਾਂ। ਇਸ ਲਈ ਉਸਨੇ ਭਾਈ ਪਾਰੋ ਜੀ ਪਾਸ ਬੇਨਤੀ ਕੀਤੀ ਕਿ ਅਗਲੀ ਵਾਰ ਤੁਸੀਂ ਮੈਨੂੰ ਵੀ ਆਪਣੇ ਪਿੱਛੇ ਘੋੜੀ ਤੇ ਬਿਠਾਉ, ਤਾਂ ਕਿ ਇਸ ਤਰ੍ਹਾਂ ਦਰਿਆ ਤੋਂ ਲੰਘ ਕੇ ਮੈਂ ਵੀ ਤੁਹਾਡੇ ਨਾਲ ਗੁਰੂ ਜੀ ਦੇ ਦਰਸ਼ਨ ਕਰ ਸਕਾਂ, ਭਾਈ ਜੀ ਨੇ ਉਸ ਦੀ ਗੱਲ ਮੰਨ ਲਈ।

ਜਦ ਅਲ੍ਹਾਯਾਰ ਨੇ ਗੁਰੂ ਜੀ ਦੇ ਦਰਸ਼ਨ ਕੀਤੇ, ਉਨ੍ਹਾਂ ਦੇ ਬਚਨ ਸੁਣੇ, ਅਤੇ ਸਿੱਖਾਂ ਦਾ ਪ੍ਰੇਮ ਵੇਖਿਆ ਤਾਂ ਉਹ ਬੜਾ ਪ੍ਰਸੰਨ ਹੋਇਆ। ਨਿਮਰਤਾ ਅਤੇ ਉਤਸ਼ਾਹ ਨਾਲ ਗਦ ਗਦ ਹੋ ਕੇ ਉਸਨੇ ਆਪਣੇ ਮਨ ਵਿਚ ਇੱਛਾ ਕੀਤੀ ਕਿ ਗੁਰੂ ਜੀ ਆਪਣਾ ਸੀਤ ਪ੍ਰਸਾਦ ਦੇਣ। ਗੁਰੂ ਜੀ ਅੰਤਰਯਾਮੀ ਸਨ, ਉਨ੍ਹਾਂ ਨੇ ਉਸਦੀ ਇੱਛਾ ਨੂੰ ਅਨੁਭਵ ਕਰਕੇ ਆਪਣਾ ਸੀਤ ਪ੍ਰਸਾਦ ਵਾਲਾ ਥਾਲ ਉਸਨੂੰ ਦਿੱਤਾ। ਗੁਰੂ ਜੀ ਦਾ ਧਿਆਨ ਉਸਦੇ ਨਾਉਂ (ਅਲ੍ਹਾਯਾਰ) ਵੱਲ ਆਇਆ, ਜਿਸਦਾ ਅਰਥ ਸੀ ਅਲ੍ਹਾ ਦਾ ਯਾਰ ਅਤੇ ਆਖਣ ਲੱਗੇ "ਅਲ੍ਹਾ (ਵਾਹਿਗੁਰੂ) ਦਾ ਯਾਰ (ਦੋਸਤ) ਬਣਨਾ ਔਖਾ ਹੈ। ਪਰ ਅਸੀਂ ਵਾਹਿਗੁਰੂ ਨੂੰ ਤੇਰਾ ਮਾਲਕ ਅਤੇ ਤੈਨੂੰ ਉਸਦਾ ਨੌਕਰ ਬਣਾ ਦਿੰਦੇ ਹਾਂ।" ਇਸ ਤਰ੍ਹਾਂ ਗੁਰੂ ਜੀ ਨੇ ਅਲ੍ਹਾਯਾਰ ਨੂੰ ਸੰਤ ਬਣਾ ਦਿੱਤਾ ਅਤੇ ਉਸਦੇ ਸਭ ਭਰਮਾਂ, ਮਨ ਦੇ ਵਿਕਾਰਾਂ ਅਰ ਵਾਸ਼ਨਾਵਾਂ ਨੂੰ ਕੱਢ ਦਿੱਤਾ। ਉਹ ਹੁਣ ਹਿੰਦੂ ਤੇ ਮੁਸਲਮਾਨਾਂ ਵਿਚ ਕੋਈ ਭੇਦ ਨਹੀਂ ਸੀ ਸਮਝਦਾ ਅਤੇ ਰੱਬੀ ਪ੍ਰੇਮ ਅਤੇ ਨਿਮਰਤਾ ਦਾ ਸਦਾ ਹੀ ਨਮੂਨਾ ਬਣਿਆ ਰਿਹਾ। ਫਿਰ ਗੁਰੂ ਜੀ ਨੇ ਉਸ ਨੂੰ ਦੇਵਾਨਟਾਲ ਨਾਮੇ ਸਥਾਨ ਤੇ ਭੇਜ ਦਿੱਤਾ, ਜਿੱਥੇ ਸੰਤ ਲੋਕ ਰਹਿੰਦੇ ਸਨ। ਉਸ ਦਾ ਘੋੜਿਆਂ ਦਾ ਵਿਉਪਾਰ ਉਸ ਦੇ ਪੁੱਤਰ ਨੇ ਸੰਭਾਲ ਲਿਆ ਅਤੇ ਉਸੇ ਤਰ੍ਹਾਂ ਕਰਦਾ ਰਿਹਾ। ਅਲ੍ਹਾਯਾਰ ਦਾ ਟੱਬਰ ਅਖੀਰ ਨੂੰ ਡਲੇ ਪਿੰਡ ਆ ਵਸਿਆ। ਇਥੇ ਹੀ ਭਾਈ ਪਾਰੋ ਜੀ, ਭਾਈ ਲਾਲੋ ਜੀ ਅਤੇ ਹੋਰ ਗੁਰੂ ਜੀ ਦੇ ਸਿਦਕੀ ਸਿੱਖ ਸੇਵਕ ਰਹਿੰਦੇ ਸਨ। ਹਰ ਇਕ ਪਦਵੀ ਦੇ ਮੁਸਲਮਾਨ ਅਲ੍ਹਾਯਾਰ ਨੂੰ 'ਅਲ੍ਹਾਸ਼ਾਹ' ਕਹਿੰਦੇ ਸਨ। ਉਸਨੂੰ ਇਕ ਨੇਕ ਫਕੀਰ ਮੰਨਦੇ ਅਤੇ ਉਸਦਾ ਸਤਿਕਾਰ ਕਰਦੇ ਸਨ। ਇਕ ਸਿੱਖ ਜਥਾ, ਜਿਸ ਵਿਚ ਭਾਈ ਦੀਪਾ, ਭਾਈ ਖੰਨਾ, ਭਾਈ ਮਲੂ ਅਤੇ ਭਾਈ ਕਿਦਾਰਾ ਸਨ, ਇਨ੍ਹਾਂ ਮਹਾਂਪੁਰਸ਼ਾਂ ਦੀ ਸ਼ਰਨ ਆ ਕੇ ਇਨ੍ਹਾਂ ਪਾਸ ਡਲੇ ਪਿੰਡ ਵਸਣ ਲੱਗ ਪਿਆ।

ਕਾਂਡ—27
ਮਾਈ ਪੋਤਰੇ ਕਿਸ ਤਰ੍ਹਾਂ ਬਣੇ ?

ਗੋਇੰਦਵਾਲ ਵਿਚ ਇਕ ਸੁਨਿਆਰਾ ਰਹਿੰਦਾ ਸੀ ਜੋ ਬ੍ਰਿਧ ਇਸਤ੍ਰੀ ਨਾਲ ਵਿਆਹਿਆ ਹੋਇਆ ਸੀ। ਉਨ੍ਹਾਂ ਨੇ ਔਲਾਦ ਲਈ ਸਭ ਦਵਾਈਆਂ ਅਤੇ ਜਾਦੂ ਟੂਣੇ ਕੀਤੇ ਪਰ ਕੋਈ ਸਫਲਤਾ ਨਾ ਹੋਈ। ਉਸ ਨਿਪੁੱਤੀ ਜੋੜੀ ਦੀ ਸਦਾ ਇਹ ਪੁਕਾਰ ਹੁੰਦੀ ਸੀ : "ਅਸੀਂ ਇਸ ਸੰਸਾਰ ਵਿਚ ਕਿਵੇਂ ਸੁਖੀ ਹੋਵਾਂਗੇ? ਅਤੇ ਸਾਡੀ ਦੌਲਤ ਨੂੰ ਕੌਣ ਸੰਭਾਲੇਗਾ?" ਉਨ੍ਹਾਂ ਦੀ ਜਵਾਨੀ ਲੰਘ ਗਈ ਸੀ ਅਤੇ ਬ੍ਰਿਧ ਅਵਸਥਾ ਕਰਕੇ ਉਨ੍ਹਾਂ ਨੂੰ ਸੁਭਾਵਕ ਹੀ ਵਧੇਰੇ ਨਿਰਾਸਤਾ ਹੋ ਗਈ। ਉਨ੍ਹਾਂ ਦਿਲ ਵਿਚ ਇਹ ਫੈਸਲਾ ਕੀਤਾ ਕਿ ਇਕ ਖੂਹ ਲਵਾਈਏ ਜਿਥੋਂ ਤਿਹਾਏ ਰਾਹੀ ਪਾਣੀ ਪੀ ਕੇ ਤ੍ਰੇਹ ਬੁਝਾਣ ਅਤੇ ਇਕ ਮੰਦਰ ਬਣਵਾਈਏ ਜਿੱਥੇ ਭਗਤ ਜਨ ਅਰਦਾਸ ਕਰਨ। ਉਨ੍ਹਾਂ ਇਹ ਆਸ ਕੀਤੀ ਕਿ ਇਸ ਤਰ੍ਹਾਂ ਨਾਲ ਸਾਡੀਆਂ ਮੁਰਾਦਾਂ ਪੂਰੀਆਂ ਹੋ ਜਾਣਗੀਆਂ ਅਤੇ ਸੰਸਾਰ ਵਿਚ ਸਾਡੀ ਯਾਦਗਾਰ ਕਾਇਮ ਰਹੇਗੀ। ਜਦੋਂ ਗੁਰੂ ਜੀ ਨੇ ਸੁਣਿਆ ਕਿ ਉਨ੍ਹਾਂ ਨੇ ਅਜਿਹਾ ਸ਼ੁਭ ਕੰਮ ਕਰਨ ਦਾ ਇਰਾਦਾ ਕੀਤਾ ਹੈ ਤਾਂ ਗੁਰੂ ਜੀ ਆਪ ਉਨ੍ਹਾਂ ਕੋਲ ਗਏ ਤੇ ਉਨ੍ਹਾਂ ਦੀ ਇਸ ਕੰਮ ਵਿਚ ਸਹਾਇਤਾ ਕਰਨ ਲਈ ਸੋਚਿਆ। ਉਨ੍ਹਾਂ ਨੂੰ ਜਦੋਂ ਗੁਰੂ ਜੀ ਦੇ ਆਗਮਨ ਦਾ ਪਤਾ ਲੱਗਾ ਤਾਂ ਸੁਨਿਆਰਾ ਅਤੇ ਉਸਦੀ ਇਸਤ੍ਰੀ ਭੇਟਾ ਲੈ ਕੇ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਏ। ਗੁਰੂ ਜੀ ਨੇ ਪੁੱਛਿਆ : ਤੁਸੀਂ ਕੀ ਚਾਹੁੰਦੇ ਹੋ? ਤਾਂ ਸੁਨਿਆਰੇ ਦੀ ਇਸਤ੍ਰੀ ਨੇ ਇਹ ਸੁਣ ਕੇ ਘੁੰਡ ਕੱਢ ਲਿਆ। ਗੁਰੂ ਜੀ ਆਖਣ ਲੱਗੇ : ਮਾਈ ਸੰਗੋ ਨਾ, ਸ਼ਰਮ ਛੱਡ ਕੇ ਜੋ ਤੂੰ ਚਾਹੁੰਦੀ ਹੈਂ ਮੰਗ ਲੈ। ਉਸ ਇਸਤ੍ਰੀ ਨੇ ਉੱਤਰ ਦਿੱਤਾ : "ਤੁਸੀਂ ਕਿਰਪਾ ਕਰਕੇ ਸਾਡੇ ਘਰ ਆਏ ਹੋ, ਤਾਂ ਹੁਣ ਸਾਡੇ ਮਗਰੋਂ ਸਾਡੇ ਘਰ ਨੂੰ ਸੰਭਾਲਣ ਵਾਲਾ ਕੋਈ ਬਖਸ਼ੋ।" ਗੁਰੂ ਜੀ ਨੇ ਪੁੱਛਿਆ : ਕੀ ਤੁਸੀਂ ਇਹ ਸਮਝਦੇ ਹੋ ਕਿ ਮੈਂ ਆਪਣਿਆਂ ਸਜਣਾਂ ਲਈ ਔਲਾਦ ਰੱਖੀ ਹੋਈ ਹੈ? ਸੁਨਿਆਰਾ ਬੜੀ ਨਿਮਰਤਾ ਅਤੇ ਨਿਸ਼ਚੇ ਨਾਲ ਬੋਲਿਆ : 'ਗੁਰੂ ਜੀ ਦੇ ਬਚਨਾਂ ਵਿਚ ਔਲਾਦ ਹੈ।' ਇਹ ਉੱਤਰ ਸੁਣ ਕੇ ਗੁਰੂ ਜੀ ਪ੍ਰਸੰਨ ਹੋਏ ਅਤੇ ਬਚਨ ਕੀਤਾ ਕਿ ਜੇਕਰ ਤੁਸੀਂ ਭਰੋਸਾ ਰੱਖਦੇ ਤਾਂ ਤੁਹਾਡੇ ਘਰ ਦੋ ਪੁੱਤਰ ਹੋਣਗੇ। ਫਿਰ ਵਾਹਿਗੁਰੂ ਦੀ ਕਿਰਪਾ ਨਾਲ ਉਨ੍ਹਾਂ ਦੇ ਘਰ ਦੋ ਪੁੱਤਰ ਪੈਦਾ ਹੋਏ। ਲੋਕਾਂ ਨੇ ਜਦੋਂ ਉਸ ਬ੍ਰਿਧ ਇਸਤ੍ਰੀ ਨੂੰ ਪੁੱਤਰਾਂ ਸਮੇਤ ਵੇਖਿਆ ਤਾਂ ਕਹਿਣ ਲੱਗੇ ਕਿ ਇਹ ਤਾਂ ਇਸਦੇ ਪੋਤਰੇ ਹੋਣਗੇ। ਉਸ ਸੁਨਿਆਰੇ ਦੀ ਬਾਰ੍ਹਵੀਂ ਪੀੜ੍ਹੀ ਅੱਜ ਕੱਲ ਗੋਇੰਦਵਾਲ ਵਿਚ ਵੱਸਦੀ ਹੈ। ਲੋਕੀ ਇਸ ਪ੍ਰਸੰਗ ਦੀ ਯਾਦ ਵਿਚ ਉਨ੍ਹਾਂ ਦੀ ਔਲਾਦ ਨੂੰ 'ਮਾਈ ਪੋਤਰੇ' ਕਹਿ ਕੇ ਸੱਦਦੇ ਹਨ।

ਗੁਰੂ ਜੀ ਨੇ ਮੇਲੇ ਮੁਕੱਰਰ ਕੀਤੇ

ਵੱਖੋ ਵੱਖਰੇ ਦੇਸ਼ਾਂ ਵਿਚੋਂ ਵੱਖ ਵੱਖ ਟੋਲਿਆਂ ਵਿਚ ਸ਼ੌਕੇ ਨਵਿਰਤੀ ਦੀ ਖਾਤਰ ਜਗਿਆਸੂ ਲੋਕ ਗੁਰੂ ਜੀ ਦੇ ਦਰਸ਼ਨਾਂ ਲਈ ਆਉਣ ਲੱਗ ਪਏ। ਆਉਣ ਵਾਲਿਆਂ ਦੀ ਗਿਣਤੀ ਅਤੇ ਲਗਾਤਾਰ ਆਵਾਜਾਈ ਨੂੰ ਵੇਖ ਕੇ ਭਾਈ ਪਾਰੋ ਜੀ ਅਤੇ ਉਨ੍ਹਾਂ ਦੇ ਮਿੱਤਰਾਂ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਸਿੱਖਾਂ ਲਈ ਆਮ ਇਕੱਠ ਕਰਨ ਲਈ ਇਕ ਥਾਂ ਹੋਣੀ ਚਾਹੀਦੀ ਹੈ, ਅਤੇ ਖਾਸ ਮੇਲੇ ਮੁਕੱਰਰ ਹੋਣੇ ਚਾਹੀਦੇ ਹਨ ਜਿੱਥੇ ਸਿੱਖ ਇਕੱਠੇ ਹੋ ਸਕਣ ਅਤੇ ਆਪਸ ਵਿਚ ਇਕ ਦੂਜੇ ਦੇ ਜਾਣੂ ਪਛਾਣੂ ਬਣਕੇ ਇਕ ਦੂਜੇ ਨਾਲ ਭਰਾਵਾਂ ਵਾਂਗ ਰਹਿਣ ਬਹਿਣ। ਇਹ ਸੁਣ ਕੇ ਗੁਰੂ ਜੀ ਨੇ ਹੁਕਮ ਕੀਤਾ ਕਿ ਸਿੱਖਾਂ ਦਾ ਇਕੱਠ ਵਿਸਾਖੀ ਤੇ ਮਾਘੀ ਨੂੰ ਹੋਇਆ ਕਰੇਗਾ ਅਤੇ ਦੀਵਾਲੀ ਦੇ ਪੁਰਾਤਨ ਪੁਰਬ ਦੇ ਸਮੇਂ ਵੀ ਹੋਇਆ ਕਰੇਗਾ।[1]

ਭਾਈ ਪਾਰੋ ਦਾ ਚਲਾਣਾ

ਗਿਰਧਾਰੀ ਨਾਮੇ ਇਕ ਦੁਕਾਨਦਾਰ ਦੱਖਣੀ ਹਿੰਦੋਸਤਾਨ ਵਿਚ ਰਹਿੰਦਾ ਸੀ। ਉਹ ਦੌਲਤ, ਜਾਇਦਾਦ ਅਤੇ ਸਬੰਧੀਆਂ ਵਲੋਂ ਵੱਡੇ ਭਾਗਾਂ ਵਾਲਾ ਸੀ, ਪਰ ਔਲਾਦ ਦੇ ਨਾ ਹੋਣ ਕਰਕੇ ਬੜਾ ਦੁਖੀ ਸੀ। ਉਸ ਨੇ ਦੂਜਾ ਵਿਆਹ ਕੀਤਾ, ਪਰ ਫਿਰ ਵੀ ਔਲਾਦ ਨਾ ਹੋਈ। ਜਦ ਗਿਰਧਾਰੀ ਨੇ ਸੁਣਿਆ ਕਿ ਗੁਰੂ ਜੀ ਨੇ ਸੁਨਿਆਰੇ ਨੂੰ ਪੁੱਤਰ ਬਖਸ਼ੇ ਹਨ, ਤਾਂ ਉਹ ਵੀ ਗੁਰੂ ਜੀ ਦੀ ਪੂਜਾ ਕਰਨ ਲਈ ਗੋਇੰਦਵਾਲ ਆਇਆ। ਉਹ ਕੁਝ ਦਿਨ ਉੱਥੇ ਠਹਿਰਿਆ ਅਤੇ ਗੁਰੂ ਜੀ ਪਾਸ ਘੜੀ ਮੁੜੀ ਬੇਨਤੀਆਂ ਕੀਤੀਆਂ, ਪਰ ਉਸਨੂੰ ਗੁਰੂ ਜੀ ਵਲੋਂ ਹੇਠ ਲਿਖਿਆ ਉੱਤਰ ਮਿਲਿਆ :—

ਮਾਥੈ ਜੋ ਧੁਰਿ ਲਿਖਿਆ ਸੋ ਮੇਟਿ ਨ ਸਕੈ ਕੋਇ।
ਨਾਨਕ ਜੋ ਲਿਖਿਆ ਸੋ ਵਰਤਦਾ ਸੋ ਬੂਝੈ ਜਿਸ ਨੋ ਨਦਰਿ ਹੋਇ।

(ਆਃ ਗ੍ਰੰਃ ਪੰਃ ੧੪੨੩)

(ਸਲੋਕ ਵਾਰਾਂ ਤੇ ਵਧੀਕ॥ ਮਹਲਾ ੩॥

ਜਦ ਗਿਰਧਾਰੀ ਨੇ ਫਿਰ ਅਰਜ਼ਾਂ ਕੀਤੀਆਂ ਤਾਂ ਗੁਰੂ ਜੀ ਨੇ ਉਸਨੂੰ ਉਪਦੇਸ਼ ਕੀਤਾ : ਨਾਮ ਜਪ, ਭਲੇ ਕੰਮ ਕਰ ਅਤੇ ਵਾਹਿਗੁਰੂ ਦਾ ਭਾਣਾ ਮੰਨ। ਪੁੱਤਰਾਂ ਲਈ ਤਰਲੇ ਕਰਨਾ ਸੰਸਾਰਕ ਬੰਧਨਾਂ ਦਾ ਕਾਰਨ ਹੈ। ਇਹ ਸੁਣ ਕੇ ਗਿਰਧਾਰੀ ਦੀਆਂ ਅੱਖਾਂ ਜਲ ਨਾਲ ਭਰ ਆਈਆਂ ਅਤੇ ਉਹ ਆਹ ਭਰ ਕੇ ਗੁਰੂ ਜੀ ਦੀ ਹਜੂਰੀ ਵਿਚੋਂ ਚਲਾ ਗਿਆ। ਜਦ ਭਾਈ ਪਾਰੋ ਜੀ ਉਸ ਨੂੰ ਮਿਲੇ ਅਤੇ ਪੁੱਛਿਆ ਕਿ ਤੂੰ ਆਪਣਾ ਮਨੋਰਥ ਪ੍ਰਾਪਤ ਕੀਤੇ ਬਿਨਾਂ ਕਿਉਂ ਜਾ ਰਿਹਾ ਹੈਂ, ਤਾਂ ਗਿਰਧਾਰੀ ਨੇ ਉਹ ਸਾਰੀ ਗੱਲਬਾਤ ਸੁਣਾਈ ਜਿਹੜੀ ਕਿ ਉਸਦੀ ਗੁਰੂ ਜੀ ਨਾਲ ਹੋਈ ਸੀ। ਭਾਈ ਪਾਰੋ ਜੀ ਨੇ ਬਚਨ ਕੀਤਾ

1. ਇਹ ਮੇਲੇ ਮੁਕੱਰਰ ਕਰਨ ਤੋਂ ਗੁਰੂ ਜੀ ਦਾ ਮਤਲਬ ਇਹ ਸੀ ਕਿ ਸਿੱਖ, ਹਿੰਦੂਆਂ ਦੀ ਪੈਰਵੀ ਨਾ ਕਰਨ, ਜਿਹੜੇ ਕਿ ਵਸਾਖੀ, ਮਾਘੀ ਤੇ ਦੀਪਮਾਲਾ ਦੇ ਸਮੇਂ ਬੁਤ-ਪੂਜਾ ਲਈ ਹਿੰਦੂ ਤੀਰਥਾਂ ਦੀ ਯਾਤਰਾ ਕਰਨ ਜਾਂਦੇ ਹਨ, ਸਗੋਂ ਵਰ੍ਹੇ ਵਿਚ ਤ੍ਰੈ ਵੇਰਾਂ ਧਾਰਮਕ ਸਿੱਖਿਆ ਲੈਣ ਲਈ ਗੁਰੂ ਜੀ ਪਾਸ ਆਇਆ ਕਰਨ।

ਕਿ ਜੇਕਰ ਤੂੰ ਨਿਸਚਾ ਰੱਖੇਂਗਾ ਤਾਂ ਤੇਰੇ ਘਰ ਪੰਜ ਪੁੱਤਰ ਹੋਣਗੇ। ਗਿਰਧਾਰੀ ਆਪਣੇ ਘਰ ਚਲਾ ਗਿਆ ਅਤੇ ਪੰਜਾਂ ਵਰ੍ਹਿਆਂ ਮਗਰੋਂ ਉਹ ਪੰਜਾਂ ਪੁੱਤਰਾਂ ਦਾ ਪਿਉ ਬਣ ਗਿਆ।

ਗਿਰਧਾਰੀ ਆਪਣੇ ਪੰਜਾਂ ਪੁੱਤਰਾਂ ਨੂੰ ਲੈ ਕੇ ਆਇਆ ਤੇ ਸਾਰਿਆਂ ਨੂੰ ਗੁਰੂ ਜੀ ਦੇ ਚਰਨਾਂ ਵਿਚ ਰਖਿਆ। ਗੁਰੂ ਜੀ ਨੇ ਪੁੱਛਿਆ ਕਿ ਤੂੰ ਇਤਨੀ ਔਲਾਦ ਕਿਵੇਂ ਪ੍ਰਾਪਤ ਕੀਤੀ ਹੈ? ਗਿਰਧਾਰੀ ਨੇ ਅਰਜ਼ ਕੀਤੀ : "ਮੈਂ ਤੁਹਾਡੇ ਘਰ ਦੇ ਟਹਿਲੀਏ ਭਾਈ ਪਾਰੋ ਜੀ ਦੀ ਸਫਾਰਸ਼ ਨਾਲ ਇਹ ਦਾਤ ਪ੍ਰਾਪਤ ਕੀਤੀ ਹੈ।" ਗੁਰੂ ਜੀ ਬੋਲੇ : "ਸ਼ਾਬਾਸ਼! ਭਾਈ ਪਾਰੋ, ਤੂੰ ਕੁਦਰਤ ਦੇ ਨਿਯਮਾਂ ਨੂੰ ਬਦਲ ਸਕਦਾ ਹੈਂ! ਇਹ ਸ਼ਕਤੀ ਸਾਡੇ ਵਿਚ ਨਹੀਂ ਹੈ।" ਭਾਈ ਪਾਰੋ ਜੀ ਨੇ ਨਿਮਰਤਾ ਨਾਲ ਬੇਨਤੀ ਕੀਤੀ : "ਮਹਾਰਾਜ, ਜਦੋਂ ਮੈਂ ਇਸ ਸ਼ਰਧਾਲੂ ਨੂੰ ਆਪ ਦੇ ਘਰ ਤੋਂ ਨਿਰਾਸ ਜਾਂਦੇ ਵੇਖਿਆ ਤਾਂ ਆਪ ਦੇ ਸਦਾ ਹੀ ਅਖੁਟ ਭੰਡਾਰ ਵਿਚੋਂ ਇਸ ਨੂੰ ਦਾਤ ਦੇ ਦਿੱਤੀ। ਸਾਨੂੰ ਕੰਜੂਸੀ ਨਹੀਂ ਕਰਨੀ ਚਾਹੀਦੀ। ਗੁਰੂ ਜੀ ਬੋਲੇ : "ਇਹ ਸਚ ਹੈ, ਪਰ ਇਹ ਕਲਯੁਗ ਹੈ, ਜਿਸ ਵਿਚ ਬਹੁਤ ਸਾਰੇ ਲੋਕੀ ਖਾਹਸ਼ਾਂ ਲੈ ਕੇ ਆਉਂਦੇ ਹਨ। ਗੁਰੂ ਨਾਨਕ ਦੇਵ ਜੀ ਦਾ ਵਾਕ ਹੈ :

"ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ
ਹਿਕਮਤਿ ਹੁਕਮੁ ਚੁਕਾਈਐ।" *(ਆ: ਗ੍ਰੰ: ਪੰ: ੭੨੨) (ਤਿਲੰਗ ਮ: ੧)*

ਫਿਰ ਬਚਨ ਕੀਤਾ : "ਜੇ ਤੇਰੇ ਪਾਸ ਫਾਲਤੂ ਤਰਸ ਹੈ ਤਾਂ ਸਦਾ ਹੀ ਉਨ੍ਹਾਂ ਲੋਕਾਂ ਦੀਆਂ ਖਾਹਸ਼ਾਂ ਪੂਰੀਆਂ ਕਰਿਆ ਕਰ ਜਿਹੜੇ ਸਾਥੋਂ ਨਿਰਾਸ਼ ਹੋ ਕੇ ਜਾਂਦੇ ਹਨ। ਤੂੰ ਇਕ ਮਹਾਨ ਸੰਤ ਹੈਂ, ਅਤੇ ਮੇਰਾ ਰੂਪ ਹੈਂ। ਅਸੀਂ ਤੈਨੂੰ ਜਗਤ ਦੀ ਗੁਰਿਆਈ ਬਖਸ਼ਦੇ ਹਾਂ, ਜਾਹ ਸੰਸਾਰ ਵਿਚ ਸੰਤ-ਪੁਣਾ ਫੈਲਾ।" ਭਾਈ ਪਾਰੋ ਜੀ ਨੇ ਗੁਰੂ ਜੀ ਦੇ ਚਰਨ ਫੜ ਲਏ ਅਤੇ ਬੜੀ ਨਿਮਰਤਾ ਨਾਲ ਅਰਜੋਈ ਕੀਤੀ : "ਆਪਣੇ ਦਾਸ ਨੂੰ ਬਖਸ਼ ਲਵੋ ਅਤੇ ਸਦਾ ਹੀ ਆਪਣੇ ਚਰਨਾਂ ਵਿਚ ਰੱਖੋ। ਜੇਕਰ ਮੈਂ ਹੋਰ ਚੁਰਾਸੀ ਵਿਚ ਭਟਕਣਾ ਹੀ ਹੈ ਤਾਂ ਮੈਨੂੰ ਆਪਣੀ ਹਜ਼ੂਰੀ ਵਿਚੋਂ ਪਰ੍ਹੇ ਨਾ ਧਕੋ। ਗੁਰਿਆਈ ਤੁਹਾਨੂੰ ਹੀ ਸੋਭਦੀ ਹੈ, ਮੈਨੂੰ ਤਾਂ ਸਿੱਖ ਰਹਿਣ ਵਿਚ ਹੀ ਸੰਤੋਖ ਹੈ ਅਤੇ ਮੈਨੂੰ ਆਪਣੀ ਸੇਵਾ ਦਾ ਦਾਨ ਬਖਸ਼ ਕੇ ਕਿਰਤਾਰਥ ਕਰੋ।" ਗੁਰੂ ਜੀ ਨੇ ਫੁਰਮਾਇਆ : "ਜੇ ਮੇਰੀ ਸੇਵਾ ਕਰਨ ਦੀ ਭਾਵਨਾ ਹੈ ਤਾਂ ਆਪਣੇ ਘਰ ਚਲਾ ਜਾ, ਵਾਹਿਗੁਰੂ ਨੇ ਤੈਨੂੰ ਬਖਸ਼ ਕੇ ਤੇਰਾ ਛੁਟਕਾਰਾ ਕਰ ਦਿੱਤਾ ਹੈ।" ਭਾਈ ਪਾਰੋ ਜੀ ਘਰ ਗਏ। ਆਪਣੀ ਦੌਲਤ ਆਪਣੇ ਵਰਾਸਾਂ ਨੂੰ ਵੰਡ ਦਿੱਤੀ, ਕੁਝ ਨਕਦੀ ਅਰ ਆਪਣੀ ਪਿਆਰੀ ਘੋੜੀ ਗੁਰੂ ਜੀ ਲਈ ਅੱਡ ਰੱਖ ਲਈ।

ਫਿਰ ਕੜਾਹ ਪ੍ਰਸ਼ਾਦ ਕਰਾਇਆ ਅਤੇ ਆਪਣੇ ਅੰਤ ਸਮੇਂ ਦੀ ਤਿਆਰੀ ਕਰਕੇ ਲੇਟ ਗਿਆ। ਤਦ 'ਵਾਹਿਗੁਰੂ' ਮੁਖੋਂ ਉਚਾਰਦਿਆਂ ਹੋਇਆਂ ਉਸ ਨੇ ਆਪਣਾ ਸਰੀਰ ਤਿਆਗ ਦਿੱਤਾ ਅਤੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਜਾ ਕੇ ਨਿਵਾਸ ਕੀਤਾ।

ਜਦ ਗੁਰੂ ਅਮਰਦਾਸ ਨੇ ਭਾਈ ਪਾਰੋ ਜੀ ਦੇ ਚਲਾਣੇ ਬਾਰੇ ਸੁਣਿਆ ਤਾਂ ਉਨ੍ਹਾਂ ਆਪਣੇ ਸਾਹਿਬਜ਼ਾਦੇ ਮੋਹਰੀ ਜੀ ਨੂੰ ਭਾਈ ਪਾਰੋ ਜੀ ਦੇ ਕੁਟੰਬ ਨੂੰ ਧੀਰਜ ਦੇਣ ਲਈ ਭਲੇ ਘਲਿਆ। ਮੋਹਰੀ ਜੀ ਸਾਰੀ ਰਾਤ ਭਲੇ ਰਹੇ। ਭਾਈ ਪਾਰੋ ਜੀ ਦੇ ਗੁਣ ਯਾਦ ਕਰਦੇ ਰਹੇ ਅਤੇ ਦੂਜੇ ਦਿਨ ਗੋਇੰਦਵਾਲ ਮੁੜ ਆਏ।

ਭਾਈ ਲਾਲੋ ਦੀ ਸੇਵਾ ਅਤੇ ਚਲਾਣਾ

ਭਾਈ ਲਾਲੋ ਜੀ ਗੁਰੂ ਘਰ ਵਿਚ ਹਰ ਪ੍ਰਕਾਰ ਦੀ ਸੇਵਾ ਕਰਦੇ ਰਹੇ। ਉਨ੍ਹਾਂ ਦਾ ਮਨ, ਤਨ ਅਤੇ ਧਨ ਸਭ ਕੁਝ ਦੂਜਿਆਂ ਦੀ ਭਲਾਈ ਵਿਚ ਖਰਚ ਹੁੰਦਾ ਸੀ। ਭਾਈ ਲਾਲੋ ਜੀ ਗਰੀਬਾਂ ਅਤੇ ਅਨਾਥਾਂ ਨੂੰ ਪ੍ਰਸ਼ਾਦ ਛਕਾਂਦੇ ਸਨ ਅਤੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਦੇ ਸਨ। ਗੁਰੂ ਜੀ ਨੂੰ ਪੱਖਾ ਕਰਦੇ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਪ੍ਰਸ਼ਾਦ ਵੰਡਦੇ ਸਨ। ਭਾਈ ਲਾਲੋ ਜੀ ਭਾਈ ਪਾਰੋ ਜੀ ਦੇ ਚਲਾਣੇ ਕਰਕੇ ਇਤਨੇ ਦੁਖੀ ਹੋਏ ਅਤੇ ਸੰਸਾਰਕ ਪਦਾਰਥਾਂ ਤੋਂ ਇਤਨੇ ਉਪਰਾਮ ਹੋ ਗਏ ਕਿ ਉਨ੍ਹਾਂ ਨੇ ਆਪਣੀ ਸਾਰੀ ਜਾਇਦਾਦ ਪੁੰਨਦਾਨ ਕਰ ਦੇਣ ਦਾ ਸੰਕਲਪ ਧਾਰ ਲਿਆ ਤੇ ਆਪਣਾ ਸਰੀਰ ਤਿਆਗ ਦੇਣਾ ਚਾਹਿਆ। ਉਨਾਂ ਨੂੰ ਕਬੀਰ ਜੀ ਦਾ ਇਹ ਸਲੋਕ ਯਾਦ ਆਇਆ—

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ। *(ਆ: ਗ੍ਰੰ: ਪੰ: ੧੩੬੫)*
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ। *(ਸਲੋਕ ਕਬੀਰ ॥੨੨॥)*

ਜਦ ਭਾਈ ਲਾਲੋ ਜੀ ਨੇ ਨਿਯਮ ਅਨੁਸਾਰ ਅਰਦਾਸ ਕਰਨ ਮਗਰੋਂ ਆਪਣਾ ਅੰਤਮ ਆਸਣ ਲਾਇਆ, ਤਾਂ ਉਸ ਦੀਆਂ ਅੱਖਾਂ ਵਿਚ ਜਲ ਭਰ ਆਇਆ, ਉਸਦੇ ਮਿੱਤਰ ਕਹਿਣ ਲੱਗੇ : "ਤੈਨੂੰ ਤਾਂ ਸੰਸਾਰਕ ਮੋਹ ਨਹੀਂ, ਤੂੰ ਪੁੰਨ ਦਾਨ ਅਤੇ ਧਰਮ ਦੇ ਕੰਮ ਕਰਦਾ ਰਿਹਾ ਹੈਂ, ਤੂੰ ਸੰਸਾਰਕ ਵਾਸ਼ਨਾਂ ਰਹਿਤ ਹੈਂ ਫਿਰ ਦਸ ਕਿ ਤੂੰ ਰੋਂਦਾ ਕਿਉਂ ਹੈ?" ਉਸਨੇ ਉੱਤਰ ਦਿੱਤਾ, "ਮੇਰਾ ਪਿਤਾ ਮੇਰੇ ਲਈ ਅਣਗਿਣਤ ਧਨ ਛੱਡ ਗਿਆ ਸੀ। ਉਹ ਤਦੇ ਸਫਲ ਹੋਵੇਗਾ, ਜੇਕਰ ਉਹ ਗੁਰੂ ਜੀ ਤੇ ਸਿੱਖਾਂ ਦੀ ਸੇਵਾ ਵਿਚ ਲੱਗੇ। ਮੇਰੀ ਆਪਣੀ ਕੀਤੀ ਹੋਈ ਕਮਾਈ ਵੀ ਹੈ ਜਿਹੜੀ ਮੈਂ ਗੁਰੂ ਜੀ ਤੇ ਸਿੱਖਾਂ ਦੇ ਭਲੇ ਵਿਚ ਖਰਚ ਕਰਨੀ ਚਾਹੁੰਦਾ ਹਾਂ। ਹੁਣੇ ਹੀ ਮੈਂ ਇਕ ਹੋਰ ਘਰ ਬਹੁਤ ਖਰਚ ਕਰਕੇ ਬਣਾਇਆ ਸੀ, ਉਹ ਮੈਂ ਆਪਣੇ ਲਈ ਰਖਿਆ ਹੋਇਆ ਸੀ। ਪਰ ਹੁਣ ਉਹ ਮੇਰੇ ਕਿਸੇ ਕੰਮ ਨਹੀਂ। ਜੇ ਉਹ ਵੀ ਸਿੱਖ ਸੰਗਤ ਦੇ ਕੰਮ ਆਵੇ, ਤਾਂ ਮੈਨੂੰ ਕਿਸੇ ਗੱਲ ਦਾ ਦੁੱਖ ਨਹੀਂ ਰਹੇਗਾ।" ਉਸਦੇ ਸੰਬੰਧੀਆਂ ਅਤੇ ਸਿੱਖ ਮਿੱਤਰਾਂ ਨੇ ਉਸਦੀ ਜਾਇਦਾਦ ਉਸਦੀ ਇੱਛਾ ਅਨੁਸਾਰ ਵੰਡ ਦਿੱਤੀ। ਸਿੱਖ ਇਤਿਹਾਸਕਾਰ ਦੇ ਕਥਨ ਅਨੁਸਾਰ, ਭਾਈ ਲਾਲੋ ਜੀ ਆਪਣੀ ਦੇਹ ਨੂੰ ਇਸ ਤਰ੍ਹਾਂ ਤਿਆਗ ਗਏ ਜਿਸ ਤਰ੍ਹਾਂ ਸੱਪ ਕੁੰਜ ਨੂੰ ਤਿਆਗ ਦਿੰਦਾ ਹੈ।

ਇਕ ਵਪਾਰੀ ਸਿੱਖ ਨੂੰ ਉਪਦੇਸ਼

ਇਕ ਦਿਨ ਇਕ ਵਪਾਰੀ ਸਿੱਖ ਗੁਰੂ ਜੀ ਪਾਸ ਆਇਆ ਅਤੇ ਬੇਨਤੀ ਕੀਤੀ ਕਿ ਮੈਂ ਬ੍ਰਾਹਮਣਾਂ ਨੂੰ ਪੁੰਨ ਦਾਨ ਕਰਦਾ ਰਿਹਾ ਹਾਂ ਤੇ ਭੋਜਨ ਖਵਾਂਦਾ ਰਿਹਾ ਹਾਂ, ਦੱਸੇ ਨਿਯਮਾਂ ਅਨੁਸਾਰ ਮੈਂ ਤੀਰਥ ਯਾਤਰਾਵਾਂ ਵੀ ਕੀਤੀਆਂ ਹਨ, ਪਰ ਉਨ੍ਹਾਂ ਤੋਂ ਨਾ ਮੈਨੂੰ ਕੋਈ ਆਤਮਕ ਲਾਭ ਹੋਇਆ ਤੇ ਨਾ ਹੀ ਮਨ ਨੂੰ ਸ਼ਾਂਤੀ ਮਿਲੀ ਹੈ। ਉਸਨੇ ਗੁਰੂ ਜੀ ਪਾਸ ਅਰਦਾਸ ਕੀਤੀ ਕਿ ਤੁਸੀਂ ਸੰਸਾਰ ਭਉਜਲ ਤੋਂ ਲੰਘਾਣ ਵਾਲੇ ਮਲਾਹ ਹੋ, ਇਸ ਲਈ ਮੈਨੂੰ ਤਾਰੋ।

ਗੁਰੂ ਜੀ ਨੇ ਉਸ ਦੇ ਪ੍ਰਥਾਏ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ :—

ਹਰਿ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ॥
ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ ਦੂਜੀ
ਸੇਵਾ ਜਨਮੁ ਬਿਰਥਾ ਜਾਇ ਜੀ॥੧॥
ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ ਹਰਿ ਮੇਰੀ ਕਥਾ ਕਹਾਨੀ ਜੀ॥
ਗੁਰਪ੍ਰਸਾਦਿ ਮੇਰਾ ਮਨੁ ਭੀਜੈ ਏਹਾ ਸੇਵ ਬਨੀ ਜੀਉ॥੧॥ਰਹਾਉ।
ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ॥
ਹਰਿ ਕੀ ਮੈ ਭੁਖ ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ
ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ॥੨॥
ਹਰਿ ਬਿਨੁ ਹੋਰ ਰਾਸਿ ਕੂੜੀ ਹੈ ਚਲਦਿਆਂ ਨਾਲਿ ਨਾ ਜਾਈ॥
ਹਰਿ ਮੇਰਾ ਧਨੁ ਮੇਰੈ ਸਾਥਿ ਚਾਲੈ ਜਹਾ ਹਉ ਜਾਉ ਤਹ ਜਾਈ॥੩॥
ਸੋ ਝੂਠਾ ਜੋ ਝੂਠੈ ਲਾਗੈ ਝੂਠੇ ਕਰਮ ਕਮਾਈ॥
ਕਹੈ ਨਾਨਕੁ ਹਰਿ ਕਾ ਭਾਣਾ ਹੋਆ ਕਹਣਾ ਕਛੂ ਨ ਜਾਈ॥੪॥੨॥੪॥

(ਆਃ ਗ੍ਰੰਃ ਪੰਃ ੪੯੦) (ਗੂਜਰੀ ਮਃ ੩)

ਗੁਰੂ ਜੀ ਨੇ ਫਿਰ ਉਪਦੇਸ਼ ਕੀਤਾ : "ਇਕ ਪ੍ਰਮਾਤਮਾ ਦਾ ਨਾਮ ਜਪੋ, ਨਿਰਮਾਣ ਰਹੋ, ਅਭਿਮਾਨ ਅਤੇ ਸ਼ੇਖੀ ਨੂੰ ਤਿਆਗੋ। ਜਿਸ ਤਰ੍ਹਾਂ ਸੁੱਕੀ ਹੋਈ ਖੇਤੀ ਨੂੰ ਅੱਗ ਸਾੜ ਦਿੰਦੀ ਹੈ, ਇਸੇ ਤਰ੍ਹਾਂ ਅਹੰਕਾਰ ਤੇ ਅਭਿਮਾਨ ਪੁੰਨਦਾਨ ਅਤੇ ਧਰਮ ਦੇ ਕੰਮਾਂ ਦੇ ਫਲ ਨੂੰ ਨਾਸ ਕਰ ਦਿੰਦੇ ਹਨ।"

ਸੰਤ ਕੌਣ ਹੈ

ਇਕ ਵਾਰ ਸਿੱਖਾਂ ਨੇ ਗੁਰੂ ਜੀ ਪਾਸ ਬੇਨਤੀ ਕੀਤੀ : "ਜਿਸ ਤਰ੍ਹਾਂ ਸੰਤ ਕਹਿੰਦੇ ਹਨ, ਜੇਕਰ ਸੰਸਾਰ ਸੁਪਨੇ ਸਮਾਨ ਹੈ, ਤਾਂ ਉਨ੍ਹਾਂ ਦੇ ਸਰੀਰ ਆਪਣੇ ਕੰਮ ਕਿਵੇਂ ਕਰਦੇ ਹਨ?" ਗੁਰੂ ਜੀ ਨੇ ਫੁਰਮਾਇਆ : "ਉਨ੍ਹਾਂ ਦੇ ਸਰੀਰ ਆਪਣੇ ਸਾਰੇ ਕੰਮ ਕਰਦੇ ਹਨ ਪਰ ਮਨ ਦੁਨੀਆਂ ਤੋਂ ਨਿਰਲੇਪ ਰਹਿੰਦੇ ਹਨ। ਸੰਤ ਆਮ ਮਨੁੱਖਾਂ ਵਾਂਗ ਦੁਨੀਆਂ ਵਿਚ ਰਹਿੰਦੇ ਹਨ, ਪਰ ਜਿਸ ਤਰ੍ਹਾਂ ਪਾਰਸ ਨੂੰ ਛੋਹੀ ਹੋਈ ਤਲਵਾਰ ਆਪਣੀ ਸ਼ਕਲ ਤਾਂ ਨਹੀਂ ਬਦਲਦੀ ਪਰ ਸੋਨੇ ਦੀ ਬਣ ਜਾਂਦੀ ਹੈ। ਨਿਮਰਤਾ ਅਤੇ ਸੰਸਾਰ ਤੋਂ ਉਦਾਸੀਨਤਾ ਕਰਨ ਸੰਤ ਅੰਤ ਸਮੇਂ ਮੁਕਤੀ ਪ੍ਰਾਪਤ ਕਰਦੇ ਹਨ।" ਗੁਰੂ ਜੀ ਨੇ ਹੇਠ ਲਿਖਿਆ ਦ੍ਰਿਸ਼ਟਾਂਤ ਦਿੱਤਾ : "ਕਿਸੇ ਨੇ ਇਕ ਸੰਤ ਨੂੰ ਦਸਿਆ ਕਿ ਤੇਰਾ ਇਕੋ ਇਕ ਪੁੱਤਰ ਕਤਲ ਹੋ ਗਿਆ। ਉਹ ਇਹ ਖਬਰ ਸੁਣਕੇ ਬਿਲਕੁਲ ਅਡੋਲ ਰਿਹਾ, ਤਾਂ ਲੋਕੀ ਉਸਦੇ ਇਤਨੇ ਜੇਰੇ ਦੀ ਸ਼ਲਾਘਾ ਕਰਨ ਲੱਗੇ ਅਤੇ ਆਖਣ ਲੱਗੇ : "ਤੁਹਾਡਾ ਪੁੱਤਰ ਬੜਾ ਸੁੰਦਰ ਤੇ ਆਗਿਆਕਾਰ ਜਵਾਨ ਸੀ। ਤੁਸੀਂ ਧੰਨ ਹੋ ਜਿਹੜੇ ਉਸਦੀ ਮੌਤ, ਬਿਨਾ ਸ਼ੋਕ ਦੇ ਸਹਿ ਸਕਦੇ ਹੋ।' ਸੰਤ ਬੋਲਿਆ : 'ਇਹ ਸੰਸਾਰ ਸੁਪਨੇ ਅਥਵਾ ਇਕ ਪਰਛਾਵੇਂ ਦੀ ਤਰ੍ਹਾਂ ਹੈ। ਪੁੱਤਰ, ਇਸਤ੍ਰੀ ਅਤੇ ਧਨ ਸਭੇ ਨਾਸ਼ਮਾਨ ਹਨ। ਸੁਪਨੇ ਵਿਚ ਇਕ ਕੰਗਾਲ ਆਦਮੀ ਰਾਜਾ ਬਣ ਜਾਂਦਾ ਹੈ ਅਤੇ ਰਾਜਾ ਕੰਗਾਲ, ਪਰ ਜਦ ਉਹ ਜਾਗਦਾ ਹੈ ਤਾਂ ਉਸ ਨੂੰ ਪਤਾ ਲੱਗਦਾ ਹੈ ਕਿ ਮੇਰੇ ਸੁਪਨੇ ਵਿਚ ਕੋਈ ਸੱਚਾਈ ਨਹੀਂ। ਆਦਮੀ ਕਿਸ ਦੇ ਵਾਸਤੇ ਖੁਸ਼ੀ ਕਰੇ ਅਤੇ ਕਿਸ ਦੇ ਵਾਸਤੇ ਸ਼ੋਕ

ਮਨਾਏ?' ਫਿਰ ਕਿਸੇ ਆਦਮੀ ਨੇ ਆ ਕੇ ਸੰਤ ਨੂੰ ਦੱਸਿਆ ਕਿ 'ਤੁਹਾਡਾ ਮੋਇਆ ਹੋਇਆ ਪੁੱਤਰ ਫਿਰ ਜੀ ਪਿਆ ਹੈ।' ਇਹ ਸੁਣ ਕੇ ਸੰਤ ਨੇ ਕੋਈ ਖੁਸ਼ੀ ਪ੍ਰਗਟ ਨਾ ਕੀਤੀ। ਗੁਰੂ ਜੀ ਨੇ ਇਹ ਕਹਾਣੀ ਸੁਣਾ ਕੇ ਫੁਰਮਾਇਆ : 'ਸੰਤ ਜਲ ਵਿਚ ਕੰਵਲ ਫੁੱਲ ਵਾਂਗ ਖੁਸ਼ੀ ਤੇ ਗ਼ਮੀ ਤੋਂ ਨਿਰਲੇਪ ਰਹਿੰਦੇ ਹਨ।'

ਹੋਰ ਸਿੱਖਾਂ ਤੇ ਸੰਗਤਾਂ ਨੂੰ ਉਪਦੇਸ਼

ਬਹੁਤ ਸਾਰੇ ਲੋਕੀ ਧਾਰਮਕ ਉਪਦੇਸ਼ ਲਈ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਭਾਈ ਲਾਲੂ, ਭਾਈ ਦੁਰਗਾ ਅਤੇ ਭਾਈ ਜਵੰਦਾ ਜੀ ਨੂੰ ਹੇਠ ਲਿਖੀ ਸਿੱਖਿਆ ਦਿੱਤੀ :

ਦੂਜਿਆਂ ਦਾ ਸਦਾ ਹੀ ਭਲਾ ਕਰੋ। ਇਹ ਤਿੰਨ ਪ੍ਰਕਾਰ ਨਾਲ ਹੋ ਸਕਦਾ ਹੈ—

(੧) ਸ਼ੁਭ ਸਿੱਖਿਆ ਦੇਣ ਨਾਲ, (੨) ਸਿੱਖਾਂ ਲਈ ਆਪਣੀ ਸ਼ੁਭ ਮਸ਼ਾਲ ਕਾਇਮ ਕਰਨ ਨਾਲ ਅਤੇ (੩) ਸਦਾ ਲੋਕਾਂ ਦਾ ਭਲਾ ਚਾਹੁਣ ਨਾਲ।

ਇਕ ਸਿੱਖ ਜਿਸ ਦਾ ਨਾਮ ਜੱਗਾ ਸੀ, ਗੁਰੂ ਜੀ ਪਾਸ ਬੇਨਤੀ ਕਰਨ ਲੱਗਾ ਕਿ ਮੈਨੂੰ ਸਾਧੂ ਬਣਨ ਦੀ ਆਗਿਆ ਦੇਵੋ। ਉਹ ਕਹਿਣ ਲੱਗਾ ਕਿ ਮੈਨੂੰ ਇਕ ਜੋਗੀ ਮਿਲਿਆ ਸੀ, ਮੈਂ ਉਸ ਪਾਸੋਂ ਉਪਦੇਸ਼ ਮੰਗਿਆ। ਜੋਗੀ ਕਹਿਣ ਲੱਗਾ ਮੈਂ ਤੈਨੂੰ ਤਾਂ ਹੀ ਉਪਦੇਸ਼ ਦੇਵਾਂਗਾ, ਜਦੋਂ ਤੂੰ ਗ੍ਰਿਹਸਤ ਛੱਡ ਕੇ ਤਿਆਗੀ ਹੋ ਜਾਵੇਂਗਾ। ਗੁਰੂ ਜੀ ਨੇ ਫੁਰਮਾਇਆ : ਮੁਕਤੀ, ਮਕਾਨ ਯਾ ਘਰ ਤਿਆਗਣ ਨਾਲ ਯਾ ਜੋਗ ਨਾਲ ਨਹੀਂ ਮਿਲ ਸਕਦੀ। ਜਿਸ ਤਰ੍ਹਾਂ ਕੰਵਲ ਫੁੱਲ ਭਾਵੇਂ ਚਿੱਕੜ ਵਿਚ ਹੁੰਦਾ ਹੈ, ਪਰ ਆਪਣੀਆਂ ਪੰਖੜੀਆਂ ਸੂਰਜ ਵੱਲ ਰਖਦਾ ਹੈ, ਇਸੇ ਪ੍ਰਕਾਰ ਆਦਮੀ ਨੂੰ ਚਾਹੀਦਾ ਹੈ ਕਿ ਸੰਸਾਰਕ ਕੰਮਾਂ ਵਿਚ ਰੁੱਝੇ ਹੋਇਆਂ ਵੀ ਆਪਣੀ ਬਿਰਤੀ ਗੁਰੂ ਦੇ ਉਪਦੇਸ਼ ਦੁਆਰਾ ਵਾਹਿਗੁਰੂ ਵੱਲ ਲਾਵੇ।

ਭਾਈ ਗੋਪੀ, ਮੋਹਨ, ਰਾਮਾ ਅਤੇ ਅਮਰੂ ਜੀ ਨੂੰ ਗੁਰੂ ਜੀ ਨੇ ਇਹ ਉਪਦੇਸ਼ ਕੀਤਾ :—"ਸਹਿਣਸ਼ੀਲਤਾ ਤੇ ਖਿਮਾ ਨੂੰ ਧਾਰਨ ਕਰੋ ਅਤੇ ਆਪਣੇ ਹਿਰਦੇ ਵਿਚ ਕਿਸੇ ਲਈ ਵੀ ਵੈਰ ਨਾ ਰੱਖੋ। ਜੇਕਰ ਕੋਈ ਤੁਹਾਨੂੰ ਕੌੜਾ ਨਿਰਾਦਰੀ ਦਾ ਬਚਨ ਬੋਲੇ ਤਾਂ ਕਰੋਧ ਵਿਚ ਨਾ ਆਓ, ਸਗੋਂ ਉਸਦੇ ਜਵਾਬ ਵਿਚ ਮਿੱਠਾ ਬੋਲੋ।"

ਗੰਗੂ ਅਤੇ ਸਹਾਰੂ ਨੂੰ ਗੁਰੂ ਜੀ ਨੇ ਹੇਠ ਲਿਖਿਆ ਉਪਦੇਸ਼ ਦਿੱਤਾ :—

ਜਦ ਤੁਸੀਂ ਭੋਜਨ ਤਿਆਰ ਕਰੋ ਤਾਂ ਪਹਿਲੇ ਸਿੱਖਾਂ ਨੂੰ ਛਕਾਓ, ਫਿਰ ਬਾਕੀ ਬਚਿਆ ਆਪ ਛਕੋ। ਜੋ ਕੋਈ ਆਪਣੇ ਸਿੱਖ ਭਰਾ ਨੂੰ ਛਕਾਣ ਮਗਰੋਂ ਖਾਏਗਾ ਉਹ ਮਹਾਂਪੁਰਸ਼ ਬਣ ਜਾਏਗਾ। ਸਦਾ ਵਾਹਿਗੁਰੂ ਨੂੰ ਯਾਦ ਰੱਖੋ। ਮੜ੍ਹੀ ਮਸਾਣ, ਤਲਾਵਾਂ[1] ਜਾਂ ਹਿੰਦੂ ਮੁਸਲਮਾਨਾਂ ਦੀਆਂ ਸਮਾਧਾਂ ਨੂੰ ਨਾ ਪੂਜੋ।

1. ਹਿੰਦੂ ਤੀਵੀਆਂ ਤਲਾਵਾਂ ਦੇ ਕੰਢਿਆਂ ਤੇ ਮੋਹ ਕਰਦੀਆਂ ਹਨ ਤਾਂ ਜੋ ਉਨ੍ਹਾਂ ਦੇ ਵੱਡੇ ਵਡੇਰਿਆਂ ਨੂੰ ਸੁੱਖ ਮਿਲੇ ਅਤੇ ਕਈ ਤਲਾਅ ਵਿਚੋਂ ਗਾਰਾ ਕੱਢ ਕੇ ਅਣਡਿੱਠ ਰੂਹਾਂ ਦੀ ਪੂਜਾ ਕਰਦੀਆਂ ਹਨ। ਜਿਨ੍ਹਾਂ ਬਾਬਤ ਕਿਹਾ ਜਾਂਦਾ ਹੈ ਕਿ ਉਹ ਬਾਲਾਂ ਦੀਆਂ ਬੀਮਾਰੀਆਂ ਕਾਬੂ ਵਿਚ ਰੱਖਦੀਆਂ ਹਨ।

ਜਦੋਂ ਗੁਰੂ ਜੀ ਡਲੇ ਦੀ ਸਿੱਖ ਸੰਗਤ ਤੇ ਉਨ੍ਹਾਂ ਦੇ ਕੁਟੰਬ ਨੂੰ ਦਰਸ਼ਨ ਦੇਣ ਗਏ ਤਾਂ ਭੱਲੇ ਜਾਤ ਦੇ ਪ੍ਰਿਥੀ ਮਲ ਅਰ ਤੁਲਸਾ, ਗੁਰੂ ਜੀ ਦੇ ਦਰਸ਼ਨ ਲਈ ਆਏ। ਉਹ ਬਿਨਾ ਨਮਸਕਾਰ ਕੀਤੇ ਦੇ (ਅਯੋਗ ਢੰਗ ਨਾਲ) ਗੁਰੂ ਜੀ ਪਾਸ ਬੈਠ ਗਏ ਅਤੇ ਬੜੇ ਜਾਣੂਆਂ ਪਛਾਣੂਆਂ ਵਾਂਗ ਕਹਿਣ ਲੱਗੇ : "ਤੁਸੀਂ ਤੇ ਅਸੀਂ ਇਕੋ ਜ਼ਾਤ ਦੇ ਹਾਂ।" ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਵਾਕ ਉਚਾਰਿਆ :—

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ।
ਜਿਨ੍ਹ ਕੀ ਲੇਖੇ ਪਤਿ ਪਵੈ ਚੰਗੇ ਸੇਈ ਕੇਇ। *(ਆਃ ਗ੍ਰੰਃ ਪੰਃ ੪੬੯)*

(ਆਸਾ ਦੀ ਵਾਰ ਮਃ ੧ (ਸਲੋਕ ੧੧)

ਗੁਰੂ ਜੀ ਫਿਰ ਕਹਿਣ ਲੱਗੇ : "ਇਹ ਸਰੀਰ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ। ਇਹ ਭੁੱਖ, ਪਿਆਸ, ਖੁਸ਼ੀ, ਗ਼ਮੀ, ਜੰਮਣ ਅਤੇ ਮਰਨ ਦੇ ਅਧੀਨ ਹੈ। ਇਹ ਨਾਸ਼ ਹੋ ਜਾਂਦਾ ਹੈ ਅਤੇ ਅੱਗੇ ਕੋਈ ਜ਼ਾਤ ਆਤਮਾ ਨਾਲ ਨਹੀਂ ਜਾਂਦੀ, ਵਾਹਿਗੁਰੂ ਦੀ ਦਰਗਾਹ ਵਿਚ ਉਹੋ ਹੀ ਮਾਨ ਤੇ ਵਡਿਆਈ ਪਾਂਦੇ ਹਨ ਜਿਨ੍ਹਾਂ ਦਾ ਮਨ ਨੀਵਾਂ ਹੈ। ਜਿਨ੍ਹਾਂ ਝੂਠ, ਕਪਟ, ਨਿੰਦਾ, ਧੋਖਾ, ਪਾਖੰਡ ਅਤੇ ਅਕ੍ਰਿਤਘਣਤਾ ਨੂੰ ਤਿਆਗ ਦਿੱਤਾ ਹੈ ਅਤੇ ਜਿਨ੍ਹਾਂ ਨੇ ਵਾਹਿਗੁਰੂ ਦਾ ਨਾਮ ਜਪਿਆ ਹੈ ਤੇ ਦੂਜਿਆਂ ਦਾ ਭਲਾ ਕੀਤਾ ਹੈ। ਉੱਚੀ ਜ਼ਾਤ, ਜਿਸਦਾ ਲੋਕੀਂ ਇਸ ਦੁਨੀਆਂ ਵਿਚ ਘੁਮੰਡ ਕਰਦੇ ਹਨ, ਅੱਗੇ ਨਹੀਂ ਪੁੱਛੀ ਜਾਂਦੀ, ਤਾਂ ਉਸ ਦਾ ਕੀ ਲਾਭ ਹੈ? ਵਾਹਿਗੁਰੂ ਕਿਸੇ ਜਾਤ ਨੂੰ ਨਹੀਂ ਪੁੱਛਦਾ।"[1]

ਭਾਈ ਮਲ੍ਹਣ, ਰਾਮੂ, ਗੋਬਿੰਦ ਅਤੇ ਦੀਪਾ ਜੀ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਸਾਨੂੰ ਉਪਦੇਸ਼ ਕਰੋ ਜਿਸ ਨਾਲ ਸਾਡੀ ਗਤੀ ਹੋ ਜਾਵੇ। ਗੁਰੂ ਜੀ ਨੇ ਫੁਰਮਾਇਆ : "ਹਠ ਤੇ ਅਹੰਕਾਰ ਨੂੰ ਤਿਆਗੋ, ਸੰਤਾਂ ਦੀ ਸੇਵਾ ਕਰੋ, ਆਪਣੀ ਧਾਰਮਕ ਮਰਯਾਦਾ ਅਨੁਸਾਰ ਕੜਾਹ ਪ੍ਰਸ਼ਾਦ ਕਰੋ, ਭੁੱਖਿਆਂ ਨੂੰ ਛਕਾਓ, ਨੰਗਿਆਂ ਨੂੰ ਕੱਪੜੇ ਪਵਾਓ, ਅੰਮ੍ਰਿਤ ਵੇਲੇ ਉਠ ਕੇ ਜਪੁਜੀ ਸਾਹਿਬ ਦਾ ਪਾਠ ਕਰੋ, ਆਪਣੇ ਸਮੇਂ ਤੇ ਧਨ ਵਿਚੋਂ ਕੁਝ ਵਾਹਿਗੁਰੂ ਦੇ ਲੇਖੇ ਲਾਓ, ਸੰਤਾਂ ਦੀ ਸੰਗਤ ਕਰੋ, ਸ਼ਬਦ ਵਿਚ ਸੁਰਤ ਜੋੜੋ, ਆਪਣੇ ਧਰਮ ਦੇ ਕੰਮ ਕਰੋ, ਕਿਸੇ ਦਾ ਦਿਲ ਨਾ ਦੁਖਾਓ, ਗੁਰੂ ਦੀ ਬਾਣੀ ਪੜ੍ਹੋ, ਨਿਮਰਤਾ ਧਾਰਨ ਕਰੋ ਤੇ ਅਭਿਮਾਨ ਤਿਆਗੋ, ਕੇਵਲ ਇਕੋ ਸਿਰਜਨਹਾਰ ਨੂੰ ਹੀ ਇਕ ਪਰਮਾਤਮਾ ਮੰਨੋ, ਤੁਹਾਡੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋਣਗੀਆਂ। ਜੇਕਰ ਕੋਈ ਆਦਮੀ ਦੁਨੀਆਂਦਾਰੀ ਦੇ ਭਾਰ ਨਾਲ ਬਹੁਤਾ ਲੱਦਿਆ ਜਾਵੇ ਤਾਂ ਉਹ ਬਹੁਤੀ ਲੱਦੀ ਹੋਈ ਬੇੜੀ ਵਾਂਗ ਸੰਸਾਰ ਸਾਗਰ ਵਿਚ ਹੀ ਡੁੱਬ ਜਾਏਗਾ, ਪਰ ਜੇਕਰ ਉਸ ਤੇ ਦੁਨੀਆਂਦਾਰੀ ਦਾ ਬਹੁਤਾ ਭਾਰ ਨਾ ਪਵੇ, ਤਾਂ ਉਸਦੀ ਬੇੜੀ ਤਰ ਪਏਗੀ, ਅਤੇ ਉਹ ਮੁਕਤੀ ਪ੍ਰਾਪਤ ਕਰੇਗਾ।"

ਬੂਲਾ ਨਾਮੇ ਬੜਾ ਵਿਦਵਾਨ ਪੰਡਤ ਸੀ, ਉਸ ਨੇ ਗੁਰਬਾਣੀ ਇਕੱਠੀ ਕਰਨ ਬਾਰੇ ਇਕ ਸਕੀਮ ਤਿਆਰ ਕੀਤੀ ਅਤੇ ਗੁਰੂ ਜੀ ਪਾਸ ਆ ਕੇ ਪੇਸ਼ ਕੀਤੀ ਤੇ ਆਪਣੀ ਮਿਹਨਤ ਦੇ ਬਦਲੇ (ਮਜ਼ੂਰੀ ਦੇ ਮਾਮਲੇ) ਉੱਤੇ ਗੁਰੂ ਜੀ ਨਾਲ ਵਿਚਾਰ ਕੀਤੀ। ਗੁਰੂ ਜੀ ਨੇ ਫੁਰਮਾਇਆ : "ਬੜੇ ਧਿਆਨ ਨਾਲ ਗੁਰਬਾਣੀ ਨੂੰ ਇਕੱਠਾ ਕਰ ਅਤੇ ਵਾਹਿਗੁਰੂ ਦੇ

ਨਾਂ ਉੱਤੇ ਸਿੱਖਾਂ ਨੂੰ ਦੇ ਦੇਹ, ਜੇਕਰ ਤੈਨੂੰ ਇਸਦੇ ਬਦਲੇ ਕੋਈ ਨਕਦੀ ਦੇਵੇ ਤਾਂ ਆਪਣੇ ਗੁਜ਼ਾਰੇ ਲਈ ਲੈ ਲਉ, ਪਰ ਮੰਗ ਨਾ, ਇਸ ਤਰ੍ਹਾਂ ਤੈਨੂੰ ਬਹੁਤ ਲਾਭ ਹੋਵੇਗਾ।''

ਇਕ ਸੁਲਤਾਨਪੁਰ ਦਾ ਰਹਿਣ ਵਾਲਾ ਭੱਟ ਭਿੱਖਾ ਪਰਮਾਤਮਾ ਨੂੰ ਲੱਭਣ ਲਈ ਦੁਨੀਆਂ ਤੋਂ ਤਿਆਗੀ ਹੋ ਗਿਆ। ਜਿੱਥੇ ਕਿਧਰੇ ਵੀ ਓਹ ਕਿਸੇ ਸੰਤ ਬਾਰੇ ਸੁਣਦਾ ਉਥੇ ਹੀ ਉਨ੍ਹਾਂ ਦੀ ਸੇਵਾ ਲਈ ਜਾਂਦਾ ਸੀ। ਢੇਰ ਚਿਰ ਉਹ ਇਕ ਬ੍ਰਾਹਮਣ ਦਾ ਚੇਲਾ ਬਣਿਆ ਰਿਹਾ, ਪਰ ਉਸਦੇ ਮਨ ਨੂੰ ਸ਼ਾਂਤੀ ਨਾ ਮਿਲੀ। ਇਕ ਦਿਨ ਭਿੱਖਾ ਬੜਾ ਉਦਾਸ ਹੋ ਗਿਆ ਅਤੇ ਉਸਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਮੈਨੂੰ ਰਾਹੇ ਪਾ ਇਸ ਉੱਤੇ ਉਸਨੂੰ ਅੰਦਰੋਂ ਆਵਾਜ਼ ਆਈ ਕਿ ਤੂੰ ਗੋਇੰਦਵਾਲ ਜਾ ਕੇ ਗੁਰੂ ਜੀ ਦੇ ਦਰਸ਼ਨ ਕਰ, ਜਿਨ੍ਹਾਂ ਦੀ ਸਾਰੇ ਹੀ ਵਡਿਆਈ ਕਰਦੇ ਹਨ। ਪ੍ਰੇਮ ਨਾਲ ਭਰਪੂਰ ਹੋਇਆ ਉਹ ਗੋਇੰਦਵਾਲ ਪੁੱਜਾ ਅਤੇ ਗੁਰੂ ਜੀ ਦੇ ਦਰਸ਼ਨ ਕਰਕੇ ਪ੍ਰਸੰਨ ਹੋਇਆ। ਉਹ ਕੁਝ ਚਿਰ ਧਿਆਨ ਵਿਚ ਮਗਨ ਰਿਹਾ ਅਤੇ ਫਿਰ ਗੁਰੂ ਜੀ ਦੀ ਉਸਤਤਿ ਵਿਚ ਹੇਠ ਲਿਖੇ ਸਵੱਈਏ ਉਚਾਰਨ ਕੀਤੇ :—

ਸਵਈਏ ਮਃ ੩ ॥ ਭਿਖੇ ਕੇ ॥

ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥
ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥
ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥
ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥
ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ।
ਗੁਰੁ ਮਿਲਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਆਉ ॥੧ ॥੧੯ ॥
ਰਹਿਓ ਸੰਤ ਹਉ ਟੋਲਿ ਸਾਧ ਡਿਠੇ।
ਸੰਨਿਆਸੀ ਤਪਸੀਅਹੁ ਮੁਖਹੁ ਏਹ ਪੰਡਿਤ ਮਿਠੇ।
ਬਰਸੁ ਏਕੁ ਹਉ ਫਿਰਿਓ ਕਿਨੇ ਨਹ ਪਰਚਉ ਲਾਯਉ।
ਕਹਤਿਅਹ ਕਹਤੀ ਸੁਣੀ ਰਹੰਤ ਕੇ ਖੁਸੀ ਨ ਆਯਉ।
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ ਕੇ ਗੁਣ ਹਉ ਕਿਆ ਕਹਉ।
ਗੁਰ ਦਯਿ ਮਿਲਾਯਉ ਭਿਖਿਆ ਜਿਵ ਰਖਹਿ ਤਿਵ ਰਹਉ ॥੨ ॥੨੦ ॥

(ਆਃ ਗ੍ਰੰਃ ਪੰਃ ੧੩੬੯)

ਗੁਰੂ ਜੀ ਨੇ ਭਿਖੇ ਦੇ ਸ਼ਬਦ ਸੁਣ ਕੇ ਉਸ ਦੇ ਮਸਤਕ ਤੇ ਹੱਥ ਰਖਿਆ, ਜਿਸ ਦਾ ਭਾਵ ਇਹ ਸੀ ਕਿ ਅਸਾਂ ਤੈਨੂੰ ਆਪਣਾ ਸਿੱਖ ਕੀਤਾ। ਸਤਿਨਾਮ ਦਾ ਮੰਤਰ ਦਿੱਤਾ ਅਤੇ ਉਸ ਨੂੰ ਨਿਹਾਲ ਕਰ ਦਿੱਤਾ। ਭਾਈ ਭਿੱਖਾ ਸੱਚੇ ਸਤਿਗੁਰੂ ਨੂੰ ਪ੍ਰਾਪਤ ਕਰਕੇ ਫਿਰ ਆਪਣੇ ਸ਼ਹਿਰ ਗਿਆ ਤੇ ਉਥੇ ਹੀ ਰਿਹਾ। ਆਪਣੇ ਹਿਰਦੇ ਵਿਚ ਗੁਰੂ ਜੀ ਦਾ ਸਰੂਪ ਧਾਰ ਕੇ, ਭਿੱਖਾ ਭਗਤੀ ਤੇ ਵਿਚਾਰ ਵਿਚ ਲੀਨ ਹੋ ਗਿਆ। ਉਸ ਦੀ ਭਗਤੀ ਦਾ ਸਿੱਟਾ ਇਹ ਹੋਇਆ ਕਿ ਭਿੱਖੇ ਦਾ ਨਾਮ ਪਵਿੱਤ੍ਰ ਸਿੱਖਾਂ ਦੀ ਮਾਨਯੋਗ ਸ਼੍ਰੇਣੀ ਵਿਚ ਆ ਗਿਆ ਅਤੇ ਉਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚੜ੍ਹਾਈ ਗਈ ਤੇ ਸਾਰੇ ਪ੍ਰਸਿੱਧ ਹੋ ਗਈ ਹੈ।

ਕਾਂਡ—28

ਬਾਉਲੀ ਸਾਹਿਬ ਤਿਆਰ ਕਰਨਾ

ਇਕ ਦਿਨ ਅੰਮ੍ਰਿਤ ਵੇਲੇ ਜਦੋਂ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ ਤਾਂ ਗੁਰੂ ਜੀ ਦੀ ਸਮਾਧੀ ਲੱਗ ਗਈ। ਆਪਣੇ ਧਿਆਨ ਵਿਚ ਦੇਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਦਰਸ਼ਨ ਦੇਕੇ ਹੁਕਮ ਕੀਤਾ ਹੈ ਕਿ ਇਕ ਤੀਰਥ ਬਣਾਓ ਜਿੱਥੇ ਕੇਵਲ ਵਾਹਿਗੁਰੂ ਦੀ ਹੀ ਪੂਜਾ ਹੋਵੇ ਅਤੇ ਇਸ ਤਰ੍ਹਾਂ ਸੰਸਾਰ ਦਾ ਭਲਾ ਕਰੋ। ਗੁਰੂ ਜੀ ਦਾ ਇਹ ਮੰਤਵ ਸੀ ਕਿ ਆਪਣੇ ਸਿੱਖਾਂ ਨੂੰ ਹਰਦੁਆਰ, ਬਨਾਰਸ ਅਤੇ ਹੋਰ ਹਿੰਦੂ ਤੀਰਥਾਂ ਤੇ ਜਾ ਕੇ ਕੁਰਾਹੇ ਪੈਣ ਤੋਂ ਬਚਾਇਆ ਜਾਏ। ਗੁਰੂ ਅਮਰਦਾਸ ਜੀ ਨੇ ਮਨ ਵਿਚ ਫੈਸਲਾ ਕੀਤਾ ਕਿ ਜੋ ਪਵਿੱਤਰ ਹੁਕਮ ਉਨ੍ਹਾਂ ਨੂੰ ਇਸ ਤਰ੍ਹਾਂ ਪ੍ਰਾਪਤ ਹੋਇਆ ਹੈ ਉਸ ਦਾ ਪੂਰੀ ਤਰ੍ਹਾਂ ਪਾਲਨ ਕੀਤਾ ਜਾਵੇ।

ਗੁਰੂ ਜੀ ਨੇ ਜ਼ਮੀਨ ਦਾ ਇਕ ਟੁਕੜਾ ਖਰੀਦ ਲਿਆ ਅਤੇ ਕਤਕ ਦੀ ਪੂਰਨਮਾਸ਼ੀ ਵਾਲੇ ਦਿਨ ਸਾਰੀਆਂ ਧਾਰਮਿਕ ਰੀਤਾਂ ਪੂਰਨ ਕਰਕੇ ਬਾਵਲੀ ਦੀ ਨੀਂਹ ਰੱਖੀ। ਇਹ ਬਾਉਲੀ ਗੋਇੰਦਵਾਲ ਵਿਚ ਅੱਜਕਲ ਹਿੰਦੂਆਂ ਅਤੇ ਸਿੱਖ ਯਾਤਰੂਆਂ ਲਈ ਇਕ ਪਵਿੱਤਰ ਤੀਰਥ ਹੈ। ਗੁਰੂ ਜੀ ਦੇ ਸਾਰੇ ਸਿੱਖ ਬੜੀ ਪ੍ਰਸੰਨਤਾ ਨਾਲ ਇਸ ਕੰਮ ਵਿਚ ਸ਼ਾਮਲ ਹੋਏ। ਕੋਈ ਜ਼ਮੀਨ ਪੁਟਦੇ ਸਨ, ਕੋਈ ਟੋਕਰੇ ਭਰਦੇ ਸਨ, ਕੋਈ ਗਾਰ ਬਾਹਰ ਕੱਢਦੇ ਸਨ, ਕੋਈ ਕੰਮ ਕਰਨ ਵਾਲਿਆਂ ਲਈ ਅੰਨ ਪਾਣੀ ਦੀ ਸੇਵਾ ਕਰਦੇ ਸਨ, ਕੋਈ ਉਨ੍ਹਾਂ ਲਈ ਜਲ ਕੱਢਦਾ ਸੀ, ਕੋਈ ਉਨ੍ਹਾਂ ਲਈ ਰੋਟੀ ਪਕਾਉਂਦਾ ਸੀ। ਜਦ ਤੱਕ ਬਾਉਲੀ ਬਣਦੀ ਰਹੀ ਸਾਰੇ ਗੋਇੰਦਵਾਲ ਵਿਚ ਖੂਬ ਗਹਿਮਾ ਗਹਿਮੀ ਰਹੀ।

ਜੇਠਾ ਜੀ ਦਾ ਜਨਮ

ਲਾਹੌਰ ਸ਼ਹਿਰ ਦੇ ਉਸ ਹਿੱਸੇ ਵਿਚ, ਜਿਸ ਨੂੰ ਚੂਨਾ ਮੰਡੀ ਕਹਿੰਦੇ ਹਨ, ਇਕ ਠਾਕਰਦਾਸ ਨਾਮ ਦਾ ਸੋਢੀ ਜ਼ਾਤ ਦਾ ਖਤਰੀ ਰਹਿੰਦਾ ਸੀ। ਠਾਕਰ ਦਾਸ ਜੀ ਦਾ ਵਿਆਹ (ਜਸਵੰਤੀ: ਪਦ ਅਰਥ : ਜਸਵਾਲੀ) ਜਸਵੰਤ ਨਾਮੇ ਇਸਤ੍ਰੀ ਨਾਲ ਹੋਇਆ।

ਉਨ੍ਹਾਂ ਦੇ ਘਰ ਇਕ ਪੁੱਤਰ ਹੋਇਆ ਜਿਸਦਾ ਨਾਮ ਹਰੀ ਦਾਸ ਰੱਖਿਆ ਗਿਆ, ਪਿਛੋਂ ਹਰੀਦਾਸ ਦਾ ਵਿਆਹ ਅਨੂਪ ਦੇਵੀ ਨਾਲ ਹੋਇਆ, ਵਿਆਹ ਮਗਰੋਂ ਅਨੂਪ ਦੇਵੀ ਦਾ ਨਾਉਂ ਦਿਆ ਕੌਰ ਪ੍ਰਸਿੱਧ ਹੋਇਆ, ਪਤੀ ਪਤਨੀ ਦੋਹਾਂ ਦੀ ਸੰਗਤ ਸਦਾ ਹੀ ਭਲੇ ਪੁਰਸ਼ਾਂ ਦੀ ਸੀ ਅਤੇ ਇਨ੍ਹਾਂ ਦੇ ਕਰਮ ਸ਼ਲਾਘਾਯੋਗ ਸਨ। ਉਸ ਸਮੇਂ ਦੇ ਦੇਵੀ ਦੇਵਤਿਆਂ ਦੀ ਪੂਜਾ ਦੇ ਰਿਵਾਜ ਦੇ ਉਲਟ ਉਹ ਇਕ ਵਾਹਿਗੁਰੂ ਦੀ ਪੂਜਾ ਕਰਦੇ ਸਨ, ਸੰਤਾਂ ਦੀ ਸੇਵਾ ਕਰਦੇ ਸਨ ਅਤੇ ਵਾਹਿਗੁਰੂ ਦਾ ਨਾਮ ਜਪਣਾ ਉਨ੍ਹਾਂ ਦਾ ਮੁੱਖ ਮਨੋਰਥ ਸੀ। ਉਹ ਆਪਣੇ

ਗੁਜ਼ਾਰੇ ਲਈ ਬੜੀ ਮਿਹਨਤ ਨਾਲ ਕੰਮ ਕਰਦੇ ਅਤੇ ਆਪਣੇ ਭਾਗਾਂ ਉੱਤੇ ਸੰਤੋਖ ਰਖਦੇ ਸਨ। ਉਹ ਵਾਹਿਗੁਰੂ ਦੀ ਪੂਜਾ ਪਾਠ ਕਰਨ ਅਤੇ ਧਿਆਨ ਧਰਨ ਲਈ ਅੰਮ੍ਰਿਤ ਵੇਲੇ ਉਠਦੇ ਅਤੇ ਉਨ੍ਹਾਂ ਦੀ ਸਦਾ ਇਹ ਅਰਦਾਸ ਹੁੰਦੀ ਸੀ ਕਿ ਸਾਡੇ ਘਰ ਇਕ ਪੁੱਤਰ ਹੋਵੇ ਜਿਹੜਾ ਸਾਡੀ ਕੁਲ ਦਾ ਚਾਨਣ ਹੋਵੇ ਅਤੇ ਉਸਦਾ ਪ੍ਰਤਾਪ ਸੂਰਜ ਵਾਂਗ ਚਮਕੇ।

ਹਰੀਦਾਸ ਅਤੇ ਦਿਆ ਕੌਰ ਦੀ ਅਰਦਾਸ ਅਤੇ ਭਗਤੀ ਦਾ ਇਹ ਫਲ ਹੋਇਆ ਕਿ ਵਿਆਹ ਦੇ ਬਾਰਾਂ ਸਾਲਾਂ ਮਗਰੋਂ ਸੰਮਤ ੧੫੯੧ ਬਿ: ਮੁਤਾਬਕ ੧੫੩੪ ਈ: ਵਿਚ ਕਤਕ ਵਦੀ ਦੂਜ ਨੂੰ ਵੀਰਵਾਰ ਵਾਲੇ ਦਿਨ ਅੰਮ੍ਰਿਤ ਵੇਲੇ ਉਨ੍ਹਾਂ ਦੇ ਘਰ ਇਕ ਬਾਲਕ ਪ੍ਰਗਟਿਆ। ਮਾਤਾ ਪਿਤਾ ਸੂਰਜ ਬੰਸੀ ਸਦਾਉਂਦੇ ਸਨ ਅਤੇ ਇਹ ਬਾਲਕ ਸੂਰਜ ਬੰਸੀ ਕੁਲ ਦਾ ਸੂਰਜ ਜਾਪਦਾ ਸੀ। ਬਾਲਕ ਦਾ ਨਾਉ ਰਾਮਦਾਸ ਰੱਖਿਆ ਗਿਆ ਪਰ ਆਮ ਤੌਰ ਤੇ ਉਨ੍ਹਾਂ ਨੂੰ ਜੇਠਾ (ਭਾਵ ਪਲੇਠੀ ਦਾ ਪੁੱਤਰ) ਸਦਦੇ ਸਨ। ਲਿਖਿਆ ਹੈ ਕਿ ਜੇਠਾ ਜੀ ਗੋਰੇ ਰੰਗ, ਸੁੰਦਰ ਡੀਲ ਡੌਲ ਵਾਲੇ ਤੇ ਸੋਹਣੇ ਹਸਮੁਖ ਸਨ। ਸਾਧਾਰਣ ਬਾਲਾਂ ਵਾਂਗ ਉਨ੍ਹਾਂ ਦਾ ਸੁਭਾਅ ਰੋਣ ਚੀਕਣ ਵਾਲਾ ਨਹੀਂ ਸੀ।

ਜੇਠਾ ਜੀ ਦਾ ਬਚਪਨ

ਜਦ ਜੇਠਾ ਜੀ ਵੱਡੇ ਹੋਏ ਤਾਂ ਉਹ ਬਹੁਤਾ ਸੰਤਾਂ ਦੀ ਸੰਗਤ ਵਿਚ ਜਾਇਆ ਕਰਦੇ ਸਨ, ਅਤੇ ਜੋ ਕੁਝ ਉਨ੍ਹਾਂ ਨੂੰ ਮਾਤਾ ਪਿਤਾ ਦੇਂਦੇ ਉਹ ਸੰਤਾਂ ਨੂੰ ਦੇ ਛੱਡਦੇ ਸਨ। ਉਨ੍ਹਾਂ ਦੇ ਮਾਤਾ ਪਿਤਾ ਦੀ ਇਹ ਇੱਛਾ ਸੀ ਕਿ ਜੇਠਾ ਜੀ ਆਪਣੀ ਉਪਜੀਵਕਾ ਲਈ ਕੋਈ ਵਿਹਾਰ ਕਰਨ ਪਰ ਉਨ੍ਹਾਂ ਦੀ ਰੁਚੀ ਇਧਰ ਨਹੀਂ ਸੀ। ਉਨ੍ਹਾਂ ਦੇ ਘਰ ਲਾਗੇ ਇਕ ਗਰੀਬ ਆਦਮੀ ਰਹਿੰਦਾ ਸੀ ਜੋ ਘੁੰਗਣੀਆਂ ਵੇਚ ਕੇ ਆਪਣਾ ਨਿਰਬਾਹ ਕਰਦਾ ਸੀ। ਉਸ ਆਦਮੀ ਦੇ ਕਹਿਣ ਤੇ ਜੇਠੇ ਨੂੰ ਵੇਚਣ ਲਈ ਦਿੱਤੀਆਂ ਤਾਂ ਜੋ ਉਹ ਕਮਾਈ ਕਰਨ ਲੱਗ ਪਏ। ਆਮ ਆਦਮੀ ਘੁੰਗਣੀਆਂ ਵੇਚਣ ਲਈ ਬਾਜ਼ਾਰ ਜਾਂ ਗਲੀਆਂ ਵਿਚ ਜਾਂਦੇ ਪਰ ਜੇਠਾ ਜੀ ਆਪਣਾ ਛਾਬਾ ਲੈ ਕੇ ਰਾਵੀ ਦਰਿਆ ਤੇ ਚਲੇ ਗਏ ਅਤੇ ਉਥੇ ਜਾ ਕੇ ਬੈਠੇ ਰਹੇ। ਜੇਠਾ ਜੀ ਨੇ ਇਕ ਸੰਤ ਮੰਡਲੀ ਸਾਮ੍ਹਣਿਉਂ ਆਉਂਦੀ ਵੇਖੀ ਅਤੇ ਓਨਾ ਚਿਰ ਉਨ੍ਹਾਂ ਨੂੰ ਉਡੀਕਿਆ ਜਿੰਨਾ ਚਿਰ ਉਹ ਨਹਾ ਕੇ ਦਰਿਆ ਵਿਚੋਂ ਬਾਹਰ ਨਾ ਨਿਕਲੇ। ਉਹ ਸੰਤ ਬੜੇ ਭੁੱਖੇ ਸਨ। ਉਨ੍ਹਾਂ ਜੇਠੇ ਦਾ ਛਾਬਾ ਵੇਖ ਕੇ ਕਿਹਾ ਕਿ ਸਾਨੂੰ ਭੁੱਖ ਲੱਗੀ ਹੈ ਸਾਡੀ ਲੋੜ ਪੂਰੀ ਕਰੋ। ਉਹ ਫਿਰ ਆਖਣ ਲੱਗੇ ਕਿ ਪਰਮਾਤਮਾ ਦੇ ਨਾਉਂ ਤੇ ਦਿੱਤਾ ਹੋਇਆ ਹਜ਼ਾਰ ਗੁਣਾਂ ਫਲਦਾ ਹੈ ਅਤੇ ਪਰਮਾਤਮਾ ਉਸ ਦੀ ਕਮਾਈ ਵਿਚ ਬਰਕਤ ਪਾਉਂਦਾ ਹੈ। ਜੇਠਾ ਜੀ ਨੇ ਜੋ ਕੁਝ ਛਾਬੇ ਵਿਚ ਸੀ ਸਭ ਕੁਝ ਉਨ੍ਹਾਂ ਨੂੰ ਦੇ ਦਿੱਤਾ ਤੇ ਆਪ ਖਾਲੀ ਹੱਥੀਂ ਘਰ ਨੂੰ ਚਲੇ ਗਏ। ਸੰਤ ਬੜੇ ਪ੍ਰਸੰਨ ਹੋਏ ਅਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਵਾਹਿਗੁਰੂ ਇਸ ਬਾਲਕ ਨੂੰ ਇਸਦਾ ਫੱਲ ਦੇਵੇ ਜਿਸ ਨੇ ਤਰਸ ਕਰਕੇ ਬੜੇ ਲੋੜ ਸਮੇਂ ਸਾਨੂੰ ਦਾਨ ਦਿੱਤਾ ਹੈ।

ਜੇਠਾ ਜੀ ਦਾ ਗੋਇੰਦਵਾਲ ਜਾਣਾ ਤੇ ਸੰਗਤਾਂ ਦੀ ਸੇਵਾ

ਇਸ ਮਗਰੋਂ ਜਲਦੀ ਹੀ ਭਾਈ ਜੇਠਾ ਜੀ ਨੂੰ ਸਿੱਖ ਸੰਗਤ ਮਿਲੀ ਜਿਹੜੀ ਢੋਲਕੀਆਂ, ਛੈਣਿਆਂ ਨਾਲ ਸ਼ਬਦ ਗਾਉਂਦੀ ਹੋਈ ਬੜੇ ਚਾਉ ਨਾਲ ਆਪਣੇ ਰਾਹ ਤੁਰੀ ਜਾਂਦੀ ਸੀ।

ਜਦੋਂ ਜੇਠਾ ਜੀ ਨੇ ਪੁੱਛਿਆ: "ਤੁਸੀਂ ਕਿਧਰ ਜਾ ਰਹੇ ਹੋ ?" ਤਾਂ ਉਨ੍ਹਾਂ ਵਿਚੋਂ ਇਕ ਨੇ ਕਿਹਾ—"ਸਾਡੇ ਨਾਲ ਚਲੋ, ਅਸੀਂ ਗੋਇੰਦਵਾਲ ਜਾ ਰਹੇ ਹਾਂ, ਉਥੇ ਗੁਰੂ ਅਮਰਦਾਸ ਜੀ ਤੀਜੀ ਪਾਤਸ਼ਾਹੀ ਆਪਣਾ ਦਰਬਾਰ ਲਾਉਂਦੇ ਹਨ। ਉਨ੍ਹਾਂ ਦੀ ਕਿਰਪਾ ਨਾਲ ਇਸ ਅਤੇ ਅਗਲੇ ਜਹਾਨ ਦੇ ਸਾਰੇ ਪਦਾਰਥ ਮਿਲਦੇ ਹਨ। ਇਹ ਸੁਣ ਕੇ ਜੇਠਾ ਜੀ ਦਾ ਹਿਰਦਾ ਪ੍ਰੇਮ ਨਾਲ ਭਰ ਗਿਆ ਅਤੇ ਛੇਤੀ ਹੀ ਸਿੱਖਾਂ ਨਾਲ ਯਾਤਰਾ ਲਈ ਚਲੇ ਗਏ। ਜਦੋਂ ਜੇਠਾ ਜੀ ਗੋਇੰਦਵਾਲ ਪੁੱਜੇ ਤਾਂ ਉਨ੍ਹਾਂ ਗੁਰੂ ਜੀ ਅੱਗੇ ਡੰਡੌਤ ਕੀਤੀ, ਗੁਰੂ ਜੀ ਦੇ ਦਿਲ ਵਿਚ ਜੇਠਾ ਜੀ ਦੇ ਪ੍ਰੇਮ ਅਤੇ ਉਸਦੇ ਸੋਹਣੇ ਰੰਗ ਢੰਗ ਨੇ ਡਾਢੀ ਖਿਚ ਪਾਈ, ਗੁਰੂ ਜੀ ਦੇ ਪੁੱਛਣ ਤੇ ਜੇਠਾ ਜੀ ਨੇ ਆਪਣਾ ਨਾਉਂ ਅਤੇ ਥਾਂ ਟਿਕਾਣਾ ਦੱਸਿਆ ਤੇ ਕਹਿਣ ਲੱਗੇ ਕਿ ਮੈਂ ਸਾਰੀਆਂ ਸੰਸਾਰਕ ਇੱਛਾਵਾਂ ਤਿਆਗ ਕੇ ਆਪਦੀ ਪਵਿੱਤਰ ਸ਼ਰਨ ਲਈ ਹੈ। ਗੁਰੂ ਜੀ ਨੇ ਫੁਰਮਾਇਆ, "ਜੇਕਰ ਤੂੰ ਸਾਰੀਆਂ ਸੰਸਾਰਕ ਇੱਛਾਵਾਂ ਛੱਡ ਕੇ ਆਇਆ ਹੈਂ ਤਾਂ ਤੂੰ ਸੱਚੀ ਪਾਤਸ਼ਾਹੀ ਪ੍ਰਾਪਤ ਕਰੇਂਗਾ। ਟਹਿਲ ਸੇਵਾ ਕਰਿਆ ਕਰ, ਵਾਹਿਗੁਰੂ ਦਾ ਦਰਬਾਰ ਇਸੇ ਤਰ੍ਹਾਂ ਪ੍ਰਾਪਤ ਹੁੰਦਾ ਹੈ। ਜੇਠਾ ਜੀ ਗੁਰੂ ਜੀ ਦੇ ਇਸ ਤਰ੍ਹਾਂ ਆਉਭਗਤ ਕਰਨ ਤੇ ਬੜੇ ਖੁਸ਼ ਹੋਏ ਅਤੇ ਤੁਰੰਤ ਆਪ ਜੀ ਦੀ ਸੇਵਾ ਵਿਚ ਲੱਗ ਗਏ। ਭਾਈ ਜੇਠਾ ਜੀ ਲੰਗਰ ਪਕਾਉਂਦੇ, ਗੁਰੂ ਜੀ ਦੀ ਮੁੱਠੀ ਚਾਪੀ ਕਰਦੇ, ਪਾਣੀ ਕੱਢਦੇ ਅਤੇ ਵਣ ਵਿਚੋਂ ਬਾਲਣ ਲਿਆਉਂਦੇ ਸਨ। ਜਦੋਂ ਇਨ੍ਹਾਂ ਕੰਮਾਂ ਤੋਂ ਵਿਹਲੇ ਹੁੰਦੇ ਤਾਂ ਬਾਉਲੀ ਪੁੱਟਣ ਵਿਚ ਸਹਾਇਤਾ ਕਰਦੇ, ਉਨ੍ਹਾਂ ਨੇ ਕਦੀ ਆਪਣੇ ਆਰਾਮ ਦਾ ਖਿਆਲ ਨਹੀਂ ਸੀ ਕੀਤਾ ਤੇ ਨਾ ਹੀ ਕਦੇ ਥਕਾਵਟ ਦਾ ਖਿਆਲ ਕੀਤਾ ਸੀ। ਉਹ ਅਜਿਹੇ ਨਿਮਰ ਸੁਭਾਓ ਵਾਲੇ ਸਨ ਕਿ ਜੇ ਕਦੇ ਕੋਈ ਉਨ੍ਹਾਂ ਨੂੰ ਕੌੜਾ ਬੋਲ ਵੀ ਬੋਲੇ ਤਾਂ ਉਹ ਕਦੇ ਉਸਦਾ ਜਵਾਬ ਨਹੀਂ ਸੀ ਦਿੰਦੇ, ਇਸੇ ਕਰਕੇ ਜੇਠਾ ਜੀ ਦਾ ਨਾਮ ਰਾਮਦਾਸ ਪੈ ਗਿਆ, ਜਿਹੜਾ ਉਨ੍ਹਾਂ ਦਾ ਅਸਲੀ ਨਾਮ ਸੀ।

ਬੀਬੀ ਭਾਨੀ ਜੀ

ਗੁਰੂ ਜੀ ਦੀਆਂ ਬੀਬੀਆਂ ਵਿਚੋਂ ਬੀਬੀ ਸੁਲੱਖਣੀ ਜੀ ਜਿਨ੍ਹਾਂ ਨੂੰ ਦਾਨੀ ਜੀ ਸਦਦੇ ਸਨ, ਬੇਦੀ ਕੁਲ ਵਿਚੋਂ ਭਾਈ ਰਾਮੇ ਨਾਲ ਵਿਆਹੇ ਹੋਏ ਸਨ। ਇਸੇ ਬੇਦੀ ਕੁਲ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਸਨ। ਦੂਜੀ ਬੀਬੀ ਭਾਨੀ ਸੀ ਜੋ ਨਿੱਕਿਆਂ ਹੁੰਦਿਆਂ ਤੋਂ ਹੀ ਭਗਤੀ ਭਾਵ ਅਤੇ ਇਕਾਂਤ ਵਿਚ ਰਾਜ਼ੀ ਰਹਿੰਦੇ ਸਨ। ਜਦ ਬੀਬੀ ਭਾਨੀ ਨੂੰ ਉਨ੍ਹਾਂ ਦੇ ਹਾਣਦੀਆਂ ਸਹੇਲੀਆਂ ਗਰਮੀ ਦੇ ਕਿੱਸੇ ਸੁਹਾਵਣੇ ਦਿਨ ਸੱਦਦੀਆਂ ਕਿ ਆਓ ਸਾਡੇ ਨਾਲ ਪੀਂਘ ਝੂਠਣ ਤੇ ਖੇਡਣ ਚਲੋ ਤਾਂ ਉਹ ਆਪਣੇ ਪਿਤਾ ਪਾਸੋਂ ਆਗਿਆ ਮੰਗਦੇ ਸਨ ਅਤੇ ਗੁਰੂ ਜੀ ਸਦਾ ਹੀ ਖੁਸ਼ੀ ਨਾਲ ਦੇ ਦਿੰਦੇ ਸਨ ਪਰ ਨਾਲ ਹੀ ਗੁਰੂ ਜੀ ਆਪਣਾ ਹੇਠ ਲਿਖਿਆ ਸ਼ਬਦ ਉਨ੍ਹਾਂ ਨੂੰ ਚੇਤੇ ਕਰਾਉਂਦੇ ਸਨ :—

ਇਹੁ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ।
ਗੁਰ ਕੈ ਭਾਣੈ ਜੋ ਚਲੈ ਤਾਂ ਜੀਵਣ ਪਦਵੀ ਪਾਹਿ।
ਓਇ ਸਦਾ ਸਦਾ ਜਨ ਜੀਵਤੇ ਜੋ ਹਰਿ ਚਰਣੀ ਚਿਤੁ ਲਾਹਿ।
ਨਾਨਕ ਨਦਰੀ ਮਨਿ ਵਸੈ ਗੁਰਮੁਖਿ ਸਹਜਿ ਸਮਾਹਿ। (ਆਃ ਗ੍ਰੰਃ ਪੰਃ ੫੦੮)

(ਗੂਜਰੀ ਦੀ ਵਾਰ ਸਲੋਕ ਮਃ ੩ ॥)

ਬੀਬੀ ਭਾਨੀ ਜੀ ਆਪਣੀਆਂ ਖੇਡਣ ਵਾਲੀਆਂ ਸਹੇਲੀਆਂ ਨੂੰ ਕਹਿੰਦੇ ਹੁੰਦੇ ਸਨ, "ਅਸੀਂ ਬੇਸਮਝ ਜੀਵ ਖੇਲਣ ਕੁੱਦਣ ਵਾਲੇ ਲੇਲਿਆਂ ਵਾਂਗ ਹਾਂ, ਮੌਤ ਕਸਾਈ ਸਾਡੇ ਉਪਰ ਖੜੀ ਹੈ।" ਬੀਬੀ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਇਹ ਤੁਕਾਂ ਪੜ੍ਹਦੇ ਸਨ :—

"ਘਰਿ ਘਰਿ ਇਹੋ ਪਾਹੁਚਾ ਸਦੜੇ ਨਿਤ ਪਵੰਨਿ।
ਸਦਣ ਹਾਰਾ ਸਿਮਰੀਐ ਨਾਨਕ ਸੇ ਦੇਹ ਆਵੰਨਿ॥" *(ਆਃ ਗ੍ਰੰਃ ਪੰਃ ੧੨)*
(ਰਾਗ ਗਉੜੀ ਦੀਪਕੀ ਮਃ ੧॥)

ਇਸ ਤੋਂ ਬੀਬੀ ਜੀ ਦਾ ਭਾਵ ਇਹ ਸੀ ਕਿ ਮੌਤ ਆਪਣੇ ਸ਼ਿਕਾਰ ਲਈ ਤਿਆਰ ਖੜੀ ਹੈ ਅਤੇ ਸੰਸਾਰਕ ਖੁਸ਼ੀਆਂ ਵਿਚ ਹੱਦ ਤੋਂ ਵੱਧ ਲੱਗ ਜਾਣਾ ਭੁਲ ਹੈ। ਉਨ੍ਹਾਂ ਦੇ ਮਾਤਾ ਜੀ ਜਿਹੜੇ ਬੀਬੀ ਜੀ ਦੇ ਨਾਲ ਜਾਂਦੇ ਸਨ, ਕਿਹਾ ਕਰਦੇ ਸਨ, "ਗੁਰੂ ਨਾਨਕ ਦੇਵ ਜੀ ਦੀ ਕਿਰਪਾ ਕਰਕੇ ਤੂੰ ਫਿਕਰ ਨਾ ਕਰ, ਤੈਨੂੰ ਮੌਤ ਦਾ ਕੀ ਡਰ ਹੈ? ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਇਸ ਦੁਨੀਆਂ ਵਿਚ ਸੁੱਖ ਅਤੇ ਅਗਲੀ ਦਰਗਾਹ ਲਈ ਮੁਕਤੀ ਬਖਸ਼ੀ ਹੈ। ਸਿੱਖਾਂ ਲਈ ਗੁਰੂ ਜੀ ਦਾ ਹੁਕਮ ਹੈ ਕਿ ਖਾਓ ਪੀਓ ਤੇ ਅਨੰਦ ਮਾਣੋ।"

ਇਕ ਸਿਦਕੀ ਸਿੱਖ ਨੇ ਇਕ ਵਾਰ ਗੁਰੂ ਜੀ ਪਾਸੋਂ ਆਗਿਆ ਮੰਗੀ ਕਿ ਮੈਂ ਬੀਬੀ ਭਾਨੀ ਜੀ ਨੂੰ ਕੱਪੜੇ ਤੇ ਗਹਿਣੇ ਖਰੀਦਣ ਲਈ ਰੁਪਏ ਦੇਣੇ ਚਾਹੁੰਦੇ ਹਾਂ ਤਾਂ ਕਿ ਦੂਜੀਆਂ ਕੁੜੀਆਂ ਵਾਂਗ ਉਹ ਵੀ ਪਹਿਨਣ ਅਤੇ ਉਨ੍ਹਾਂ ਦੇ ਇਕੱਠ ਵਿਚ ਕਿਸੇ ਗਲੋਂ ਘੱਟ ਨਾ ਜਾਪਣ। ਇਹ ਬਚਨ ਸੁਣ ਕੇ ਬੀਬੀ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਇਹ ਤੁਕ ਉਚਾਰੀ :—

'ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ।' *(ਆਃ ਗ੍ਰੰਃ ਪੰਃ ੪੬੮)*
(ਆਸਾ ਦੀ ਵਾਰ ਸਲੋਕ ਨੌਵਾਂ)

ਅਤੇ ਸਿੱਖ ਨੂੰ ਕਿਹਾ, ਕਿ "ਧਨ ਦਾ ਸਭ ਤੋਂ ਚੰਗਾ ਉਪਯੋਗ ਇਹ ਹੈ ਕਿ ਗੁਰੂ ਕੇ ਲੰਗਰ ਨੂੰ ਅੰਨ ਨਾਲ ਭਰਪੂਰ ਕਰੋ ਅਤੇ ਯਾਤਰੂਆਂ ਦੀਆਂ ਲੋੜਾਂ ਨੂੰ ਪੂਰੀਆਂ ਕਰੋ।"

ਬੀਬੀ ਭਾਨੀ ਦੀ ਕੁੜਮਾਈ ਤੇ ਵਿਆਹ

ਗੁਰੂ ਜੀ ਦੀ ਸੁਪਤਨੀ ਸ੍ਰੀ ਮਨਸਾ ਦੇਵੀ ਜੀ ਨੇ ਇਕ ਦਿਨ ਬੀਬੀ ਭਾਨੀ ਨੂੰ ਖੇਡਦਿਆਂ ਵੇਖਿਆ ਅਤੇ ਗੁਰੂ ਜੀ ਨੂੰ ਕਹਿਣ ਲੱਗੇ ਕਿ ਬੀਬੀ ਭਾਨੀ ਹੁਣ ਜਵਾਨ ਹੋ ਗਈ ਹੈ, ਸਾਨੂੰ ਇਸ ਲਈ ਕੋਈ ਵਰ ਘਰ ਢੂੰਡਣਾ ਚਾਹੀਦਾ ਹੈ। ਗੁਰੂ ਜੀ ਨੇ ਯੋਗ ਵਰ ਢੂੰਡਣ ਲਈ ਹੁਕਮ ਕੀਤਾ। ਜਦ ਗੁਰੂ ਜੀ ਦੇ ਲਾਗੀ ਤੁਰਨ ਲਈ ਤਿਆਰ ਹੋਏ ਤੇ ਮਾਤਾ ਜੀ ਨੇ ਦਰਵਾਜ਼ੇ ਦੇ ਬਾਹਿਰ ਇਕ ਲੜਕਾ ਵੇਖਿਆ, ਜਿਹੜਾ ਕੁਝ ਵੇਚਣ ਦੀ ਆਵਾਜ਼ ਦੇ ਰਿਹਾ ਸੀ। ਜਦ ਮਾਤਾ ਜੀ ਨੇ ਉਸ ਮੁੰਡੇ ਨੂੰ ਗਹੁ ਨਾਲ ਵੇਖਿਆ ਤਾਂ ਲਾਗੀਆਂ ਨੂੰ ਹੁਕਮ ਕੀਤਾ : "ਬੀਬੀ ਭਾਨੀ ਲਈ ਇਸ ਲੜਕੇ ਵਰਗਾ ਵਰ ਲੱਭਣਾ।" ਇਹ ਸੁਣਕੇ ਗੁਰੂ ਜੀ ਨੇ ਲਾਗੀਆਂ ਨੂੰ ਕਿਹਾ ਕਿ ਠਹਿਰ ਜਾਓ, ਗੁਰੂ ਜੀ ਨੇ ਉਸ ਲੜਕੇ ਦੀ ਸੂਰਤ ਵੇਖ ਕੇ ਕਿਹਾ—"ਇਹੋ ਜਿਹਾ ਤਾਂ ਇਹੋ ਹੀ ਹੈ ਕਿਉਂਕਿ ਇਸ ਵਰਗਾ ਵਾਹਿਗੁਰੂ ਨੇ ਹੋਰ ਕੋਈ ਨਹੀਂ ਬਣਾਇਆ।" ਗੁਰੂ ਜੀ ਨੇ ਫਿਰ ਉਸ ਲੜਕੇ ਨੂੰ ਬੁਲਾ ਕੇ ਜੋ ਕੁਝ ਸਹੁਰੇ ਘਰ ਲਈ ਪੁੱਛਣਾ ਜ਼ਰੂਰੀ ਸੀ ਪੁੱਛਿਆ, ਜਦ ਗੁਰੂ ਜੀ ਨੇ ਉਸਦੇ ਉੱਤਰ ਸੁਣ ਕੇ ਅਤੇ ਉਸਦੀ ਰਜ਼ਾਮੰਦੀ ਲੈ ਕੇ ਤਸੱਲੀ ਕਰ ਲਈ ਕਿ ਉਸਦਾ ਬੀਬੀ ਭਾਨੀ ਨਾਲ ਵਿਆਹ ਕੀਤਾ ਜਾਵੇ

ਤਾਂ ਮਹਾਰਾਜ ਨੇ ਲਾਹੌਰ ਉਸਦੇ ਪਿਤਾ ਹਰੀਦਾਸ ਨੂੰ ਵਿਆਹ ਦਾ ਸ਼ਗਨ ਭੇਜ ਦਿੱਤਾ ਅਤੇ ਕੁੜਮਾਈ ਦੀ ਮਰਿਆਦਾ ਪੂਰੀ ਕਰ ਦਿੱਤੀ।

ਵਿਆਹ ਸਬੰਧੀ ਗੱਲਬਾਤ ਪੂਰੀ ਹੋਣ ਉਪਰੰਤ ਗੁਰੂ ਅਮਰਦਾਸ ਜੀ ਨੇ ਹਰੀਦਾਸ ਨੂੰ ਲਿਖ ਭੇਜਿਆ ਕਿ ੨੨ ਫੱਗਣ ਸੰ: ੧੬੧੦ ਬਿ: ਵਿਆਹ ਲਈ ਯੋਗ ਸਮਾਂ ਹੋਵੇਗਾ, ਸਾਰੇ ਸੋਢੀ ਆਪਸ ਵਿਚ ਇਕੱਠੇ ਹੋਏ ਅਤੇ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ। ਤੀਵੀਆਂ ਨੇ ਗੁਰੂ ਦੇ ਸ਼ਬਦ ਪੜ੍ਹੇ ਅਤੇ ਭੱਟਾਂ ਨੇ ਆਪਣੀਆਂ ਕਵਿਤਾਵਾਂ ਦੇ ਜੌਹਰ ਵਿਖਾਏ, ਲਾੜੇ ਦੀ ਜੰਞ ਚੜ੍ਹੀ, ਉਸਨੂੰ ਘੋੜੀ ਤੇ ਚੜ੍ਹਾਇਆ ਗਿਆ। ਲਾੜਾ ਉਸਦੇ ਸਾਕ ਸਬੰਧੀ ਤੇ ਮਿੱਤਰ ਖੂਬ ਸਜ ਧਜ ਨਾਲ ਗੋਇੰਦਵਾਲ ਪੁੱਜੇ। ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਮੋਹਰੀ ਜੀ ਅੱਗੋਂ ਲੈਣ ਲਈ ਗਏ। ਜਦੋਂ ਲਾੜਾ ਗੁਰੂ ਜੀ ਦੇ ਘਰ ਅੰਦਰ ਵੜਨ ਲੱਗਾ ਤਾਂ ਗੁਰੂ ਮਹਾਰਾਜ ਨੇ ਉਸਨੂੰ ਕਿਹਾ : "ਪੁੱਤਰ ਜੇਠਾ ਜੀ, ਸਾਡੇ ਘਰ ਦੀ ਮਰਿਆਦਾ ਹੈ ਕਿ ਲਾੜਾ ਸਹੁਰੇ ਘਰ ਵੜਨ ਤੋਂ ਪਹਿਲਾਂ ਕੁਝ ਮੰਗੇ, ਇਸ ਲਈ ਤੁਸੀਂ ਵੀ ਕੁਝ ਮੰਗੋ।" ਇਹ ਹੁਕਮ ਮੰਨ ਕੇ ਜੇਠਾ ਜੀ ਨੇ ਰਹਿਰਾਸ ਸਾਹਿਬ ਵਾਲਾ ਰਾਗ ਗੂਜਰੀ ਮ: ੪ ਦਾ ਪਹਿਲਾ ਸ਼ਬਦ ਉਚਾਰਿਆ—

ਹਰਿ ਕੇ ਜਨ ਸਤਿਗੁਰ ਸਤ ਪੁਰਖਾ ਬਿਨਉ ਕਰਉ ਗੁਰ ਪਾਸਿ। (ਆ: ਗ੍ਰੰ: ਪੰ: ੪੯੨)

(ਰਾਗ ਗੂਜਰੀ ਮ: ੪)

ਗੁਰੂ ਅਮਰਦਾਸ ਜੀ ਇਸ ਉਤਸ਼ਾਹ ਭਰੀ ਬਾਣੀ ਵਿਚ ਅਰਦਾਸ ਸੁਣਕੇ ਅਤਿਅੰਤ ਪ੍ਰਸੰਨ ਹੋਏ ਅਤੇ ਭਾਈ ਜੇਠਾ ਜੀ ਨੂੰ ਨਾਮਦਾਨ ਬਖਸ਼ਿਆ ਅਤੇ ਬਚਨ ਕੀਤਾ, ਕਿ ਇਨ੍ਹਾਂ ਦੇ ਦਰਬਾਰ ਵਿਚ ਨਾਮ ਦਾ ਅਤੁੱਟ ਪ੍ਰਵਾਹ ਚਲੇਗਾ ਅਤੇ ਇਹ ਜਲ ਪ੍ਰਵਾਹ ਵਾਂਗ ਜਾਰੀ ਰਹੇਗਾ। ਜਦ ਵਿਆਹ ਦੀ ਮਰਿਯਾਦਾ ਪੂਰੀ ਹੋ ਗਈ ਤਾਂ ਜਨੇਤ ਲਾਹੌਰ ਵਾਪਸ ਆ ਗਈ ਇਥੇ ਆਮ ਪੂਰਬੀ ਰਵਾਜ਼ ਅਨੁਸਾਰ ਜੇਠਾ ਜੀ ਦੇ ਮਾਤਾ ਪਿਤਾ ਦੀ ਇੱਛਾ ਸੀ ਕਿ ਇਹ ਜਵਾਨ ਜੋੜੀ ਉਨ੍ਹਾਂ ਦੇ ਪਾਸ ਰਹੇ, ਪਰ ਜੇਠਾ ਜੀ ਗੁਰੂ ਜੀ ਨੂੰ ਆਪਣਾ ਦੇਵਤਾ ਅਤੇ ਆਪਣੇ ਆਪ ਉਨ੍ਹਾਂ ਦੇ ਉਪਾਸ਼ਕ ਸਨ ਅਤੇ ਜੇਠਾ ਜੀ ਗੁਰੂ ਮਹਾਰਾਜ ਨੂੰ ਨਿਰਾ ਸਹੁਰਾ ਕਰਕੇ ਨਹੀਂ ਸੀ ਜਾਣਦਾ। ਭਾਰਤ ਵਰਸ਼ ਵਿਚ ਸਾਧਾਰਨ ਤੌਰ ਤੇ ਇਸ ਸਾਕ ਦਾ ਜਵਾਈ ਵੱਲੋਂ ਘੱਟ ਹੀ ਸਨਮਾਨ ਕੀਤਾ ਜਾਂਦਾ ਹੈ। ਜੇਠਾ ਜੀ ਗੁਰੂ ਜੀ ਪਾਸੋਂ ਵਿਛੜਨਾ ਸਵਰਗ ਵਿਚੋਂ ਕੱਢੇ ਜਾਣ ਤੋਂ ਵੀ ਭੈੜਾ ਸਮਝਦੇ ਸਨ, ਇਸ ਲਈ ਉਹ ਥੋੜਾ ਚਿਰ ਲਾਹੌਰ ਰਹਿ ਕੇ ਬੀਬੀ ਭਾਨੀ ਜੀ ਸਮੇਤ ਗੋਇੰਦਵਾਲ ਆ ਗਏ। ਉਨ੍ਹਾਂ ਨੂੰ ਇਹ ਨਿਸ਼ਚਾ ਸੀ ਕਿ ਪ੍ਰੇਮ ਦਾ ਸੋਮਾ ਗੁਰੂ ਜੀ ਦੇ ਚਰਨ ਕਮਲਾਂ ਵਿਚੋਂ ਨਿਕਲਦਾ ਹੈ। ਉਹ ਅਰਦਾਸ ਕਰਦੇ ਸਨ—

"ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ।" (ਆ: ਗ੍ਰੰ: ਪੰ: ੧੩੭੦)

(ਸਲੋਕ ਕਬੀਰ ਜੀ ੧੨੦)

ਗੋਇੰਦਵਾਲ ਵਾਪਸ ਆ ਕੇ ਵੀ ਉਹੀਉ ਜੇਠਾ ਜੀ ਸਨ ਅਤੇ ਆਪਣੇ ਹਿਰਦੇ ਵਿਚ ਬਿਨਾ ਰੰਚਕ ਮਾਤਰ ਹੰਕਾਰ ਦੇ ਗੁਰੂ ਜੀ ਦੀ ਉਸੇ ਤਰ੍ਹਾਂ ਉਹੀ ਸੇਵਾ ਕਰਨ ਲੱਗ ਪਏ। ਜੇਠਾ ਜੀ ਗੁਰੂ ਜੀ ਦੀ ਜਿੰਨੀ ਬਹੁਤੀ ਸੇਵਾ ਕਰਦੇ ਸਨ, ਓਨਾ ਹੀ ਗੁਰੂ ਜੀ ਅਤੇ

ਮਨੁੱਖਤਾ ਲਈ ਪਿਆਰ ਵਧਦਾ ਸੀ। ਉਨ੍ਹਾਂ ਦਾ ਸੁਭਾਅ ਬੜਾ ਪਵਿੱਤਰ (ਦੇਵਤੇ ਸਮਾਨ) ਹੋ ਗਿਆ ਸੀ, ਜਿਸ ਤਰ੍ਹਾਂ ਲੋਹਾ ਪਾਰਸ ਨਾਲ ਲੱਗ ਕੇ ਸੋਨਾ ਹੋ ਜਾਂਦਾ ਹੈ। ਵਿਸ਼ੇਸ਼ ਕਰਕੇ ਜੇਠਾ ਜੀ ਬਾਉਲੀ ਦੀ ਸੇਵਾ ਕਰਦੇ ਸਨ ਜੋ ਗੁਰੂ ਜੀ ਉਸ ਸਮੇਂ ਬਣਵਾ ਰਹੇ ਸਨ, ਉਹ ਮਿੱਟੀ ਦੀ ਟੋਕਰੀ ਢੋਣ ਤੋਂ ਵੀ ਉਜ਼ਰ ਨਹੀਂ ਸੀ ਕਰਦੇ ਅਤੇ ਆਪਣੇ ਸਾਥੀਆਂ ਦੇ ਮਿਹਣਿਆਂ ਜਾਂ ਮਖੌਲਾਂ ਦੀ ਵੀ ਪਰਵਾਹ ਨਹੀਂ ਕਰਦੇ ਸਨ। ਗੁਰੂ ਜੀ ਉਨ੍ਹਾਂ ਦੀ ਰਹਿਣੀ ਬਹਿਣੀ ਦਾ ਖਾਸ ਧਿਆਨ ਰੱਖਦੇ ਸਨ ਅਤੇ ਉਨ੍ਹਾਂ ਉੱਤੇ ਖਾਸ ਹੀ ਦਿਆਲਤਾ ਕਰਦੇ ਸਨ।

ਬੀਬੀ ਭਾਨੀ ਜਾਂ ਵੀ ਗੁਰੂ ਅਮਰਦਾਸ ਜੀ ਨੂੰ ਕੇਵਲ ਆਪਣਾ ਪਿਤਾ ਹੀ ਨਹੀਂ ਸਮਝਦੇ ਸਗੋਂ ਉਨ੍ਹਾਂ ਨੂੰ ਆਪਣਾ ਗੁਰੂ ਅਤੇ ਗੁਰੂ ਨਾਨਕ ਦੇਵ ਜੀ ਦਾ ਹੀ ਸਰੂਪ ਖਿਆਲ ਕਰਦੇ ਸਨ। ਇਸ ਤਰ੍ਹਾਂ ਬੀਬੀ ਜੀ ਜੇਠਾ ਜੀ ਦੀ ਸੇਵਾ ਕੇਵਲ ਪਤੀ ਜਾਣਕੇ ਨਹੀਂ ਸਨ ਕਰਦੇ ਸਗੋਂ ਸੰਤ ਜਾਣ ਕੇ ਵੀ ਕਰਦੇ ਸਨ। ਸੰਮਤ ੧੬੧੪ ਬਿ: ਅਸੂ ਦੇ ਮਹੀਨੇ ਵਿਚ ਉਨ੍ਹਾਂ ਦੇ ਘਰ ਪਿਰਥੀ ਚੰਦ ਜੰਮਿਆ, ਤਿੰਨ ਸਾਲ ਮਗਰੋਂ ਹਾੜ ਦੇ ਮਹੀਨੇ ਵਿਚ ਦੂਜੇ ਪੁੱਤਰ ਮਹਾਂਦੇਵ ਜੀ ਪ੍ਰਗਟੇ। ਸੰਮਤ ੧੬੨੦ ਬਿ: ਵੈਸਾਖ ਵਦੀ ਸੱਤਵੀਂ ਨੂੰ ਮੰਗਲਵਾਰ ਵਾਲੇ ਦਿਨ ਜੇਠਾ ਜੀ ਅਤੇ ਬੀਬੀ ਬਾਨੀ ਜੀ ਦੇ ਘਰ ਤੀਜੇ ਸਪੁੱਤਰ ਅਰਜਨ ਦੇਵ ਜੀ ਨੇ ਅਵਤਾਰ ਧਾਰਿਆ। ਇਨ੍ਹਾਂ ਦੇ ਜਨਮ ਸਮੇਂ ਖਾਸ ਤੌਰ ਤੇ ਬਹੁਤ ਖੁਸ਼ੀਆਂ ਮਨਾਈਆਂ ਗਈਆਂ।

ਕਾਂਡ—29
ਮਾਈਆ ਬੈਰਾਗੀ

ਇਕ ਮਾਈ ਦਾਸ ਨਾਮ ਦਾ ਬੈਰਾਗੀ ਕ੍ਰਿਸ਼ਨ ਮਹਾਰਾਜ ਦਾ ਬੜਾ ਸਿਦਕੀ ਉਪਾਸ਼ਕ ਸੀ। ਉਸ ਨੇ ਸਾਰੀਆਂ ਵੈਸ਼ਨਵ ਰੀਤਾਂ ਪੱਕੀ ਤਰ੍ਹਾਂ ਧਾਰਨ ਕੀਤੀਆਂ ਹੋਈਆਂ ਸਨ ਅਤੇ ਉਹ ਕੇਵਲ ਆਪਣਿਆਂ ਹੱਥਾਂ ਨਾਲ ਹੀ ਪਕਾਇਆ ਹੋਇਆ ਭੋਜਨ ਖਾਂਦਾ ਸੀ। ਉਸਦੀ ਵੱਡੀ ਇੱਛਾ ਇਹ ਸੀ ਕਿ ਮੋਰ ਮੁਕਟ ਵਾਲੇ ਪੀਲੇ ਬਸਤਰ ਧਾਰੀ ਕ੍ਰਿਸ਼ਨ ਮਹਾਰਾਜ ਦੇ ਪ੍ਰਤੱਖ ਦਰਸ਼ਨ ਕਰਾਂ। ਮਾਈ ਦਾਸ ਨੇ ਗੁਰੂ ਜੀ ਦਾ ਜਸ ਸੁਣਿਆ ਹੋਇਆ ਸੀ ਇਸ ਲਈ ਉਹ ਇਹ ਆਸ ਕਰਕੇ ਗੋਇੰਦਵਾਲ ਗਿਆ, ਕਿ ਮੇਰਾ ਮੰਤਵ ਗੁਰੂ ਜੀ ਦੀ ਸਹਾਇਤਾ ਨਾਲ ਪੂਰਾ ਹੋਵੇਗਾ। ਪਰ ਜਦੋਂ ਮਾਈ ਦਾਸ ਉਥੇ ਪੁੱਜਾ ਉਸਨੂੰ ਦੱਸਿਆ ਗਿਆ ਕਿ ਤੂੰ ਉਦੋਂ ਤੀਕ ਗੁਰੂ ਜੀ ਦੇ ਦਰਸ਼ਨ ਨਹੀਂ ਕਰ ਸਕਦਾ, ਜਦੋਂ ਤੱਕ ਮਹਾਰਾਜ ਦੇ ਲੰਗਰ ਵਿਚੋਂ ਪ੍ਰਸ਼ਾਦ ਨਾ ਛਕੇਂ। ਮਾਈ ਦਾਸ ਨੇ ਫੈਸਲਾ ਕੀਤਾ ਕਿ ਮੈਂ ਪੱਕਾ ਵੈਸ਼ਨਵ ਹਾਂ ਇਸ ਲਈ ਇਹੋ ਜਿਹਾ ਭੋਜਨ ਕਦੇ ਨਹੀਂ ਖਾ ਸਕਦਾ। ਇਸ ਲਈ ਉਹ ਗੋਇੰਦਵਾਲ ਤੋਂ ਤੁਰ ਗਿਆ। ਰਾਹ ਵਿਚ ਮਾਈ ਦਾਸ ਆਪਣੇ ਮਨ ਵਿਚ ਵਿਚਾਰਨ ਲੱਗਾ : "ਮੈਂ ਭਾਗਾਂ ਵਾਲਾ ਸਾਂ ਜਦੋਂ ਕਿ ਗੁਰੂ ਜੀ ਦੇ ਦਰਸ਼ਨ ਕਰਨ ਦਾ ਸੰਕਲਪ ਧਾਰਿਆ ਸੀ, ਪਰ ਹੁਣ ਬੜਾ ਅਭਾਗਾਂ ਹਾਂ ਕਿ ਦਰਸ਼ਨ ਕੀਤੇ ਬਿਨਾਂ ਤੁਰ ਆਇਆ ਹਾਂ। ਪਰ ਚਲੋ ਮੈਂ ਆਪਣੇ ਮਨ ਨੂੰ ਧੀਰਜ ਦੇਣ ਲਈ ਦਵਾਰਕਾ ਜਾ ਕੇ ਕ੍ਰਿਸ਼ਨ ਮਹਾਰਾਜ ਦੇ ਦਰਸ਼ਨ ਕਰਾਂਗਾ।" ਇਸ ਲਈ ਮਾਈ ਦਾਸ ਨੇ ਦਵਾਰਕਾ ਦੀ ਲੰਮੀ ਯਾਤਰਾ ਕੀਤੀ ਅਤੇ ਲਾਗੇ ਦੇ ਵਣ ਵਿਚ ਜਾ ਡੇਰਾ ਲਾਇਆ। ਜਿਸ ਰਾਤ ਉਹ ਉੱਥੇ ਅਪੜਿਆ ਉਸਨੇ ਇਕਾਦਸੀ ਦਾ ਵਰਤ ਰੱਖਿਆ ਹੋਇਆ ਸੀ। ਵਰਤ ਵਿਚ ਉਸਨੂੰ ਫਲ ਖਾਣ ਦੀ ਆਗਿਆ ਸੀ ਪਰ ਸਿਆਲ ਦੀ ਰੁੱਤ ਹੋਣ ਕਰਕੇ ਫਲ ਨਹੀਂ ਪ੍ਰਾਪਤ ਸਨ ਹੋ ਸਕਦੇ। ਠੰਢੀ ਪੌਣ ਚਲ ਰਹੀ ਸੀ, ਮੋਹਲੇ ਧਾਰ ਮੀਂਹ ਪੈ ਰਿਹਾ ਸੀ, ਬਿਜਲੀ ਲਿਸ਼ਕਦੀ ਸੀ ਅਤੇ ਭਿਆਨਕ ਕਾਲੀ ਰਾਤ ਸੀ। ਮਾਈ ਦਾਸ ਨੇ ਸਾਰੇ ਦੇਵਤਿਆਂ ਦੀ ਅਰਾਧਨਾ ਕੀਤੀ : "ਹੇ ਵਾਸਦੇਵ, ਹੇ ਕ੍ਰਿਸ਼ਨ ਮਹਾਰਾਜ, ਹੇ ਗਿਰਧਾਰੀ, ਮੇਰਾ ਤੁਹਾਥੋਂ ਬਿਨਾ ਕੋਈ ਆਸਰਾ ਨਹੀਂ।" ਅਖੀਰ ਜਦ ਉਹ ਅਤ ਦੁਖੀ ਹੋਇਆ ਤਾਂ ਉਸਨੂੰ ਕਿਸਮਤ ਨਾਲ ਇਕ ਖੋਲ ਵਾਲਾ ਬ੍ਰਿਛ ਲੱਭ ਪਿਆ, ਜਿਸ ਵਿਚ ਉਸਨੇ ਰਾਤ ਦਾ ਆਸਰਾ ਲਿਆ।

ਦੂਜੇ ਦਿਨ ਸਵੇਰੇ ਮਾਈ ਦਾਸ ਨੇ ਸਾਰਾ ਵਣ ਭਾਲਿਆ, ਪਰ ਉਸਨੂੰ ਕੁਝ ਵੀ ਖਾਣ ਲਈ ਨਾ ਮਿਲਿਆ। ਫਿਰ ਉਸਨੇ ਅੱਖਾਂ ਮੀਟ ਕੇ ਵਾਹਿਗੁਰੂ ਦਾ ਧਿਆਨ ਧਰ ਕੇ ਸਹਾਇਤਾ ਲਈ ਪ੍ਰਾਰਥਨਾ ਕੀਤੀ। ਇਕ ਜੋਗੀ ਰਾਜ ਉਸਦੀ ਪ੍ਰੇਮ-ਭਗਤੀ ਵੇਖ ਕੇ ਇਕ ਦਾਲ ਤੇ ਚਾਵਲਾਂ ਦਾ ਭਰਿਆ ਹੋਇਆ ਥਾਲ ਲੈ ਆਇਆ ਅਤੇ ਉਸਦੇ ਅੱਗੇ ਰੱਖ ਕੇ

ਚਲਾ ਗਿਆ। ਜਦ ਮਾਈ ਦਾਸ ਨੇ ਆਪਣੀਆਂ ਅੱਖਾਂ ਖੋਹਲੀਆਂ ਤਾਂ ਅਜਿਹੀ ਥਾਂ ਤੇ ਪੱਕਾ ਹੋਇਆ ਭੋਜਨ ਵੇਖ ਕੇ ਹੈਰਾਨ ਹੋਇਆ। ਉਹ ਵਿਚਾਰਨ ਲੱਗਾ : "ਇਹ ਭੋਜਨ ਪਾਣੀ ਨਾਲ ਤਿਆਰ ਕੀਤਾ ਹੋਇਆ ਹੈ, ਇਸ ਲਈ ਅਪਵਿੱਤਰ ਹੈ। ਜੇਕਰ ਮੈਂ ਇਹ ਖਾਵਾਂ ਤਾਂ ਮੇਰਾ ਧਰਮ ਜਾਂਦਾ ਹੈ, ਜੇ ਨਾ ਖਾਵਾਂ ਤਾਂ ਮਰ ਜਾਵਾਂਗਾ। ਚਲੋ ! ਜੇ ਮੈਂ ਜ਼ਰੂਰ ਮਰਨਾ ਹੀ ਹੈ ਤਾਂ ਬੇਸ਼ਕ ਮਰ ਜਾਵਾਂ ਪਰ ਮੈਂ ਆਪਣੇ ਅਸੂਲਾਂ ਨੂੰ ਨਹੀਂ ਤਿਆਗਾਂਗਾ।"

ਜਦ ਜੋਗੀ ਰਾਜ ਨੇ ਸਮਝਿਆ ਕਿ ਮਾਈ ਦਾਸ ਦਾ ਨਿਸਚਾ ਨਹੀਂ ਡੋਲਿਆ ਤਾਂ ਉਹ ਮਾਈ ਦਾਸ ਦੇ ਵੇਖੇ ਬਿਨਾਂ ਉਸ ਅੱਗੇ ਮਠਿਆਈ ਦਾ ਥਾਲ ਰੱਖ ਆਇਆ, ਇਹ ਮਠਿਆਈ ਘਿਉ ਵਿਚ ਬਣੀ ਹੋਈ ਹੋਣ ਕਰਕੇ ਇਕ ਪੱਕਾ ਹਿੰਦੂ ਵੀ ਬਿਨਾ ਝਿਜਕ ਮੰਨੇ ਦੂਜੇ ਦੇ ਹੱਥੋਂ ਲੈ ਸਕਦਾ ਸੀ। ਹੁਣ ਮਾਈ ਦਾਸ ਸੋਚਣ ਲੱਗਾ : "ਇਸ ਬੀਆਬਾਨ ਵਿਚ ਕੋਈ ਆਦਮੀ ਵੀ ਮਠਿਆਈ ਨਹੀਂ ਲਿਆ ਸਕਦਾ, ਨਾ ਹੀ ਮੈਂ ਕੋਈ ਆਉਂਦਾ ਜਾਂਦਾ ਵੇਖਿਆ ਹੈ। ਪਹਿਲਾਂ ਮੇਰੇ ਲਈ ਅਪਵਿੱਤਰ ਭੋਜਨ ਆਇਆ, ਜਦ ਮੈਂ ਉਹ ਨਾ ਖਾਧਾ ਤਾਂ ਮੈਨੂੰ ਪਵਿੱਤਰ ਭੋਜਨ ਮਿਲਿਆ ਹੈ। ਸਚਮੁੱਚ ਮੇਰੇ ਪਾਸ ਈਸ਼ਵਰ ਆਇਆ ਪਰ ਮੈਂ ਆਪਣੇ ਮੰਦੇਭਾਗਾਂ ਕਰਕੇ ਉਸ ਦੇ ਦਰਸ਼ਨ ਨਹੀਂ ਕਰ ਸਕਿਆ।" ਮਾਈ ਦਾਸ ਚਾਰੇ ਪਾਸੇ ਢੂੰਡਣ ਲੱਗਾ ਅਤੇ ਬਾਰ ਬਾਰ ਆਪਣਿਆਂ ਦੇਵਤਿਆਂ ਨੂੰ ਅਰਾਧਣ ਲੱਗਾ : "ਹੇ ਕ੍ਰਿਸ਼ਨ ਮਹਾਰਾਜ, ਹੇ ਗਿਰਧਾਰੀ, ਹੇ ਮੁਰਾਰੀ, ਮੇਰੇ ਪਾਪਾਂ ਨੂੰ ਬਖਸ਼ੋ। ਹੇ ਦਿਆਲੂ ਤੇ ਕ੍ਰਿਪਾਲੂ, ਹੇ ਗੋਬਿੰਦ ਮੈਨੂੰ ਦਰਸ਼ਨ ਦਿਓ।" ਪ੍ਰੇਮ ਵਿਚ ਬਿਹਬਲ ਹੋਇਆ ਹੋਇਆ ਉਹ ਵਣ ਵਿਚ ਰੋਂਦਾ ਫਿਰਦਾ ਤੇ ਉੱਚੀ ਉੱਚੀ ਪੁਕਾਰਦਾ ਫਿਰਦਾ ਸੀ। ਲਿਖਿਆ ਹੈ ਕਿ ਉਸ ਵੇਲੇ ਉਸਨੇ ਇਕ ਆਵਾਜ਼ ਸੁਣੀ : "ਤੂੰ ਗੁਰੂ ਅਮਰਦਾਸ ਜੀ ਦੇ ਲੰਗਰ ਵਿਚੋਂ ਪ੍ਰਸ਼ਾਦ ਨਹੀਂ ਛਕਿਆ, ਤੇ ਨਾ ਹੀ ਉਨ੍ਹਾਂ ਦੇ ਦਰਸ਼ਨ ਕੀਤੇ ਹਨ, ਇਸ ਲਈ ਤੂੰ ਸਿਧੀ ਪ੍ਰਾਪਤ ਨਹੀਂ ਕਰ ਸਕੇਂਗਾ। ਜੇ ਤੂੰ ਇਸ ਦੀ ਇੱਛਾ ਕਰਦਾ ਹੈਂ, ਤਾਂ ਪਹਿਲਾਂ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰ।"

ਇਹ ਸੁਣ ਕੇ ਮਾਈ ਦਾਸ ਗੋਇੰਦਵਾਲ ਵੱਲ ਮੁੜਿਆ ਤੇ ਆਪਣੇ ਦੇਵ ਕ੍ਰਿਸ਼ਨ ਮਹਾਰਾਜ ਨੂੰ ਯਾਦ ਕਰਕੇ ਉਸ ਨੇ ਗੁਰੂ ਜੀ ਦੇ ਲੰਗਰ ਵਿਚੋਂ ਪ੍ਰਸ਼ਾਦ ਛਕਿਆ। ਮਾਈ ਦਾਸ ਨੂੰ ਗੁਰੂ ਜੀ ਦੇ ਦਰਬਾਰ ਵਿਚ ਬੈਠਣ ਦਾ ਅਧਿਕਾਰ ਅਤੇ ਉਨ੍ਹਾਂ ਦੇ ਦਰਸ਼ਨ ਕਰਨ ਦੀ ਖੁਲ੍ਹ ਪ੍ਰਾਪਤ ਹੋ ਗਈ। ਗੁਰੂ ਜੀ ਦੇ ਦਰਸ਼ਨ ਕਰਨ ਦੀ ਉਸ ਨੂੰ ਜੋ ਚਿਰ ਤੋਂ ਲਗਨ ਤੇ ਅਭਿਲਾਖਾ ਸੀ ਉਹ ਅੱਜ ਪੂਰੀ ਹੋਈ। ਗੁਰੂ ਜੀ ਉਸ ਵੱਲ ਵੇਖ ਕੇ ਕਹਿਣ ਲੱਗੇ : "ਆਓ, ਮਾਈਦਾਸ, ਤੂੰ ਵਾਹਿਗੁਰੂ ਦਾ ਇਕ ਵਿਸ਼ੇਸ਼ ਸੰਤ ਹੈਂ।" ਮਾਈ ਦਾਸ ਨੇ ਉਸਤਤਿ ਭਰੇ ਵਾਕਾਂ ਦੁਆਰਾ ਬੇਨਤੀ ਕੀਤੀ ਕਿ ਮਹਾਰਾਜ ਮੈਨੂੰ ਆਪਣਾ ਦਾਸ ਬਣਾਓ, ਤਾਂ ਜੋ ਮੈਂ ਸਦਾ ਆਪ ਦੇ ਦਰਸ਼ਨ ਕਰਾਂ। ਗੁਰੂ ਜੀ ਨੇ ਫੁਰਮਾਇਆ "ਸਾਡੇ ਪਾਸ ਅੱਠ ਦਿਨ ਰਹਿ ਕੇ ਸਾਡੇ ਸੰਤਾਂ ਦੀ ਸੰਗਤ ਕਰ, ਫਿਰ ਅਸੀਂ ਤੈਨੂੰ ਤੇਰਾ ਆਤਮਕ ਆਗੂ ਦੱਸਾਂਗੇ।"

ਉਨ੍ਹਾਂ ਦਿਨਾਂ ਵਿਚ ਸਿੱਖ ਬੜੇ ਉਤਸ਼ਾਹ ਤੇ ਸ਼ਰਧਾ ਭਗਤੀ ਨਾਲ ਬਾਵਲੀ ਖੋਦ ਰਹੇ ਸਨ। ਜਦੋਂ ਉਹ ਬਹੁਤ ਡੂੰਘੀ ਪੁੱਟ ਕੇ ਲੈ ਗਏ ਤਾਂ ਅੱਗੇ ਇਕ ਵੱਡਾ ਪੱਥਰ ਆ ਗਿਆ ਜਿਸ ਕਰਕੇ ਹੋਰ ਡੂੰਘਾ ਕਰਨ ਵਿਚ ਰੁਕਾਵਟ ਪੈ ਗਈ। ਉਨ੍ਹਾਂ ਨੇ ਗੁਰੂ ਜੀ ਪਾਸ ਬੇਨਤੀ

ਕੀਤੀ ਕਿ ਇਸ ਰੋਕ ਨੂੰ ਦੂਰ ਕਰੋ। ਗੁਰੂ ਜੀ ਨੇ ਫੁਰਮਾਇਆ : "ਧੀਰਜ ਰੱਖੋ, ਸਮੇਂ ਸਿਰ ਸਭ ਕੁਝ ਠੀਕ ਹੋ ਜਾਏਗਾ।"

ਜਦ ਉਸ ਕੜ ਕਰਕੇ ਬਾਵਲੀ ਵਿਚ ਪਾਣੀ ਉਕਾ ਹੀ ਨਾ ਆ ਸਕਿਆ ਤਾਂ ਗੁਰੂ ਜੀ ਨੇ ਪੁੱਛਿਆ ਕਿ ਸਾਡੇ ਸਿੱਖਾਂ ਵਿਚੋਂ ਕੋਈ ਅਜਿਹਾ ਦਲੇਰ ਹੈ, ਜਿਹੜਾ ਕੜ ਤੋੜਨ ਲਈ ਬਾਵਲੀ ਵਿਚ ਜਾ ਕੇ ਉਸ ਦੇ ਥੱਲੇ ਸੁੰਭਾ ਠੋਕੇ? ਨਾਲ ਹੀ ਗੁਰੂ ਜੀ ਨੇ ਸ਼ੋਤਿਆਂ ਨੂੰ ਖਬਰਦਾਰ ਵੀ ਕੀਤਾ ਕਿ ਇਸ ਕੰਮ ਵਿਚ ਸਖਤ ਖਤਰਾ ਹੈ। ਜਿਹੜਾ ਆਦਮੀ ਇਹ ਕੰਮ ਕਰੇ ਉਹ ਇਤਨਾ ਤਕੜਾ ਹੋਣਾ ਚਾਹੀਦਾ ਹੈ ਕਿ ਪਾਣੀ ਦੀ ਉਸ ਧਾਰ ਦਾ ਟਾਕਰਾ ਕਰ ਸਕੇ, ਜੋ ਸੁੰਬੇ ਨਾਲ ਕੀਤੇ ਹੋਏ ਛੇਕ ਵਿਚੋਂ ਨਿਕਲੇਗੀ, ਨਹੀਂ ਤਾਂ ਉਹ ਡੁਬ ਜਾਏਗਾ।" ਸਾਰੇ ਸਿੱਖ ਚੁੱਪ ਹੋ ਗਏ ਅਤੇ ਕਿਸੇ ਦਾ ਹੀਆ ਨਾ ਪਿਆ ਕਿ ਇਸ ਭਿਆਨਕ ਖਤਰੇ ਵਾਲੇ ਕੰਮ ਨੂੰ ਹੱਥ ਪਾਏ। ਆਖਿਰ ਵੈਰੋਵਾਲ ਦੇ ਰਹਿਣ ਵਾਲਾ ਇਕ ਨੌਜਵਾਨ ਮਾਣਕ ਚੰਦ ਉਠਿਆ ਤੇ ਕਿਹਾ ਕਿ ਮੈਂ ਗੁਰੂ ਜੀ ਦੇ ਹੁਕਮ ਅਨੁਸਾਰ ਸੇਵਾ ਲਈ ਹਾਜ਼ਰ ਹਾਂ। ਮਾਣਕ ਚੰਦ ਇਕ ਗੱਭਰੂ ਮੁੰਡਾ ਸੀ ਜਿਸ ਦੀ ਮੁੱਛ ਅਜੇ ਫੁੱਟ ਹੀ ਰਹੀ ਸੀ। ਉਹ ਗੁਰੂ ਜੀ ਦੀ ਭਤੀਜੀ ਨਾਲ ਵਿਆਹਿਆ ਹੋਇਆ ਸੀ।

ਮਾਣਕ ਚੰਦ ਦਾ ਜੀਵਨ ਪਹਿਲੀ ਪਾਤਸ਼ਾਹੀ ਦੀ ਇਕ ਕਰਾਮਾਤ ਨਾਲ ਸੰਬੰਧ ਰੱਖਦਾ ਸੀ। ਜਦ ਸ੍ਰੀ ਗੁਰੂ ਨਾਨਕ ਦੇਵ ਜੀ ਠੱਟੇ ਗਏ ਤਾਂ ਹਰੀ ਚੰਦ ਜਿਹੜਾ ਬੇਔਲਾਦ ਸੀ, ਆਪਣੀ ਭਾਵਨਾ ਸਿਧੀ ਦੀ ਆਸ ਰੱਖ ਕੇ ਗੁਰੂ ਜੀ ਅੱਗੇ ਦੁੱਧ ਦੀ ਭੇਟਾ ਲੈ ਆਇਆ। ਗੁਰੂ ਜੀ ਨੇ ਪ੍ਰਸੰਨ ਹੋ ਕੇ ਫੁਰਮਾਇਆ : "ਤੇਰੀ ਮਾਲਾ ਵਿਚ ਇਕ ਮਾਣਕ ਪਰੋਇਆ ਜਾਏਗਾ।" (ਭਾਵ ਤੇਰੇ ਘਰ ਇਕ ਪੁੱਤਰ ਹੋਵੇਗਾ।) ਇਕ ਸਾਲ ਦੇ ਅੰਦਰ ਹੀ ਹਰੀ ਚੰਦ ਦੇ ਘਰ ਇਕ ਪੁੱਤਰ ਪੈਦਾ ਹੋਇਆ, ਜਿਸ ਦਾ ਨਾਉਂ ਗੁਰੂ ਜੀ ਦੀ ਪੇਸ਼ੀਨਗੋਈ ਪੂਰੀ ਕਰਨ ਲਈ ਤੇ ਉਨ੍ਹਾਂ ਦੇ ਕੀਤੇ ਬਚਨਾਂ ਦੀ ਯਾਦਗਾਰ ਲਈ ਮਾਣਕ ਚੰਦ ਰੱਖਿਆ ਗਿਆ ਸੀ।

ਮਾਣਕ ਚੰਦ ਨੇ ਵਾਹਿਗੁਰੂ ਦਾ ਨਾਮ ਲੈ ਕੇ ਗੱਡਿਆ ਹੋਇਆ ਸੁੰਬਾ ਕੱਢਿਆ ਅਤੇ ਤੁਰੰਤ ਹੀ ਇਕ ਜ਼ੋਰਦਾਰ ਪਾਣੀ ਦੀ ਧਾਰ ਫੁਟ ਨਿਕਲ ਜਿਸ ਨਾਲ ਬਾਵਲੀ ਭਰ ਕੇ ਵਗਣ ਲੱਗ ਪਈ। ਭਾਵੇਂ ਮਾਣਕ ਚੰਦ ਬੜਾ ਹੁਸ਼ਿਆਰ ਸੀ ਪਰ ਪੁੱਠਾ ਹੋ ਗਿਆ, ਅਤੇ ਜ਼ੋਰੋ ਨਾਲ ਹੱਥ ਪੈਰ ਮਾਰਨ ਦੇ ਬਾਵਜੂਦ ਵੀ ਹੇਠਾਂ ਡੁੱਬ ਗਿਆ। ਦੂਜੇ ਦਿਨ ਸਵੇਰੇ ਉਸਦੀ ਬਿਰਧ ਵਿਧਵਾ ਮਾਤਾ ਅਤੇ ਜਵਾਨ ਇਸਤਰੀ ਬਾਵਲੀ ਦੇ ਕੰਢੇ ਆ ਕੇ ਦਰਦਨਾਕ ਵਿਰਲਾਪ ਕਰਨ ਲੱਗੀਆਂ, ਜਿਸਨੂੰ ਸੁਣਕੇ ਸਾਰਿਆਂ ਨੂੰ ਉਸ ਉੱਤੇ ਤਰਸ ਆਉਂਦਾ ਸੀ। ਬੁੱਢੀ ਮਾਂ ਇਸ ਤਰ੍ਹਾਂ ਕੁਰਲਾਂਵਦੀ ਸੀ, "ਹਾਇ! ਮੇਰੇ ਪੁੱਤਰ ਮਾਣਕ ਜੀ, ਹੁਣ ਮੇਰੀ ਕੌਣ ਰਖਿਆ ਕਰੇਗਾ। ਕਿਹਾ ਚੰਗਾ ਹੁੰਦਾ ਤੂੰ ਆਪਣੇ ਨਾਲ ਮੈਨੂੰ ਵੀ ਲੈ ਚਲਦੋਂ।" ਗੁਰੂ ਜੀ ਨੇ ਪੁੱਛਿਆ ਕੌਣ ਰੋਂਦਾ ਹੈ? ਸਿੱਖ ਉਸ ਬਿਰਧ ਮਾਈ ਨੂੰ ਗੁਰੂ ਜੀ ਪਾਸ ਲੈ ਆਏ ਤੇ ਮਾਈ ਨੇ ਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ। ਗੁਰੂ ਜੀ ਕਹਿਣ ਲੱਗੇ, "ਮਾਣਕ ਡੁੱਬਾ ਨਹੀਂ, ਓਹ ਅਜੇ ਕਈਆਂ ਨੂੰ ਤਾਰੇਗਾ। ਧੀਰਜ ਕਰੋ, ਮਾਣਕ ਤੇਰੇ ਪਾਸ ਆ ਜਾਏਗਾ।" ਗੁਰੂ ਜੀ

ਬਾਵਲੀ ਪਾਸ ਜਾ ਖੜੋਤੇ। ਮਹਾਰਾਜ ਨੇ ਉੱਚੀ ਆਵਾਜ਼ ਮਾਰੀ, "ਹੇ ਮਾਣਕ ਵੇਖ, ਤੇਰੀ ਮਾਂ ਤੇਰੇ ਵਾਸਤੇ ਰੋ ਰਹੀ ਹੈ ਆ ਅਤੇ ਉਸ ਨੂੰ ਮਿਲ।" ਮਾਣਕ ਦੀ ਲੋਥ ਝਟ ਪਾਣੀ ਉੱਤੇ ਤਰ ਆਈ, ਗੁਰੂ ਜੀ ਨੇ ਵਾਹਿਗੁਰੂ ਦਾ ਧਿਆਨ ਧਰ ਕੇ ਮਾਣਕ ਦੀ ਲੋਥ ਨੂੰ ਆਪਣਾ ਚਰਨ ਛੁਹਾਇਆ, ਇਸ ਤਰ੍ਹਾਂ ਕਰਨ ਨਾਲ ਮਾਣਕ ਚੰਦ ਪੂਰੇ ਜੀਵਨ ਤੇ ਬਲ ਸਣੇ ਪਾਣੀ ਵਿਚੋਂ ਬਾਹਰ ਨਿਕਲ ਆਇਆ। ਗੁਰੂ ਜੀ ਨੇ ਮਾਣਕ ਨੂੰ ਕਿਹਾ, "ਤੂੰ ਮੇਰਾ 'ਜੀਵੜ' ਪੁੱਤਰ ਹੈਂ। ਤੇਰੇ ਪੁੱਤਰਾਂ ਨੂੰ 'ਜੀਵੜੇ' ਦੇ ਪੁੱਤਰ ਸੱਦਿਆ ਜਾਇਆ ਕਰੇਗਾ। ਤੂੰ ਹੁਣ ਮਾਈ ਦਾਸ ਦੀ ਆਤਮਕ ਅਗਵਾਈ ਕਰ, ਘਰ ਜਾ, ਧੰਨ ਅਤੇ ਕਰਾਮਾਤੀ ਸ਼ਕਤੀ ਤੇਰੇ ਬਚਨ ਨਾਲ ਹਾਜ਼ਰ ਹੋ ਜਾਇਆ ਕਰੇਗੀ।" ਇਸ ਤਰ੍ਹਾਂ ਗੁਰੂ ਦੀ ਕਿਰਪਾ ਨਾਲ 'ਜੀਵੜ' ਅਤੇ ਉਸਦੀ ਸੰਤਾਨ ਦਾ ਕਈ ਪੀੜ੍ਹੀਆਂ ਤੱਕ ਅਦਬ ਤੇ ਸਤਿਕਾਰ ਹੁੰਦਾ ਰਿਹਾ।

ਹੁਣ ਓਥੇ ਠਹਿਰਿਆਂ ਹੋਇਆਂ ਮਾਈ ਦਾਸ ਦੇ ਭੀ ਅੱਠ ਦਿਨ ਪੂਰੇ ਹੋ ਗਏ ਸਨ। ਗੁਰੂ ਜੀ ਨੇ ਉਸਨੂੰ ਕਿਹਾ ਕਿ ਮਾਣਕ ਚੰਦ ਤੇਰਾ ਉਪਦੇਸ਼ਟਾ ਹੋਇਆ। ਗੁਰੂ ਜੀ ਨੇ ਮਾਈ ਦਾਸ ਨੂੰ ਲੋਕਾਂ ਵਿਚ ਜਾ ਕੇ ਪ੍ਰਚਾਰ ਕਰਨ ਲਈ ਹੁਕਮ ਦਿੰਦਿਆਂ ਹੋਇਆਂ ਇਸ ਤਰ੍ਹਾਂ ਬਚਨ ਕੀਤਾ! "ਤੂੰ ਵੀ ਸਿੱਖ ਬਣਾਏਂਗਾ ਅਤੇ ਇਕ ਉੱਘਾ ਸੰਤ ਹੋਵੇਂਗਾ, ਲੋਕਾਂ ਨੂੰ ਵਾਹਿਗੁਰੂ ਦਾ ਨਾਮ ਦਾਨ ਦੇ ਕੇ ਤਾਰ, ਗੁਰਬਾਣੀ ਪੜ੍ਹ ਅਤੇ ਤੈਨੂੰ ਸਭ ਪਦਾਰਥ ਪ੍ਰਾਪਤ ਹੋਣਗੇ।" ਮਾਈ ਦਾਸ ਨੇ ਮਾਣਕ ਚੰਦ ਪਾਸੋਂ ਆਤਮਕ ਅਤੇ ਸੰਸਾਰਕ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ ਅਤੇ ਮੁੜ ਆਪਣੇ ਪਿੰਡ ਆ ਗਿਆ। ਇਸ ਪਿੱਛੋਂ ਮਾਈ ਦਾਸ ਹਰ ਵਰ੍ਹੇ ਜਾ ਕੇ ਗੁਰੂ ਜੀ ਦੇ ਦਰਸ਼ਨ ਕਰਦਾ ਸੀ। ਉਸਨੇ ਗੁਰੂ ਜੀ ਪਾਸੋਂ ਮਨ ਦੀ ਸ਼ਾਂਤੀ ਅਤੇ ਮੁਕਤੀ ਪ੍ਰਾਪਤ ਕੀਤੀ ਅਤੇ ਨਾਲ ਹੀ ਦੂਜਿਆਂ ਨੂੰ ਮੁਕਤੀ ਦੇਣ ਦੇ ਯੋਗ ਹੋ ਗਿਆ।

ਬਾਵਲੀ ਸੰਪੂਰਨ ਹੋ ਗਈ। ਉਸਦਾ ਜਲ ਛਕਣ ਵਿਚ ਮਿੱਠਾ ਸੀ ਅਤੇ ਸਿੱਖ ਆਪਣੀ ਸੇਵਾ ਨੂੰ ਇਸ ਤਰ੍ਹਾਂ ਫੱਲ ਲੱਗਾ ਵੇਖ ਕੇ ਬੜੇ ਪ੍ਰਸੰਨ ਹੋਏ। ਬਾਵਲੀ ਦੀਆਂ ਚੌਰਾਸੀ ਪੌੜ੍ਹੀਆਂ ਬਣਾਈਆਂ ਗਈਆਂ, ਗੁਰੂ ਜੀ ਨੇ ਵਰ ਦਿੱਤਾ ਕਿ ਜਿਹੜਾ ਕੋਈ ਇਕਾਗਰ ਚਿੱਤ ਹੋ ਕੇ ਸ਼ਰਧਾ ਨਾਲ ਜਪੁਜੀ ਸਾਹਿਬ ਦਾ ਹਰ ਇਕ ਪਉੜੀ ਤੇ ਪਾਠ ਕਰੇਗਾ ਉਹ ਚੌਰਾਸੀ ਲੱਖ ਜੂਨਾਂ ਵਿਚ ਭਟਕਣ ਤੋਂ ਬਚ ਜਾਏਗਾ। ਸਾਧਾਰਨ ਨਾਮ ਦਾ ਇਕ ਸਿੱਖ ਕਾਰੀਗਰ ਸੀ ਉਸਨੇ ਬਾਵਲੀ ਦੀਆਂ ਸੱਤਾਂ ਪੌੜ੍ਹੀਆਂ ਦਾ ਬੜੇ ਪ੍ਰੇਮ ਨਾਲ ਲੱਕੜੀ ਦਾ ਕੰਮ ਕੀਤਾ ਅਤੇ ਉਸਨੂੰ ਲੋਹੇ ਨਾਲ ਮੜ੍ਹਿਆ।

ਹੁਣ ਅਕਬਰ ਬਾਦਸ਼ਾਹ ਦਾ ਲਾਹੌਰ ਦਾ ਦੌਰਾ ਕਰਨ ਦਾ ਸਮਾਂ ਸੀ। ਬਿਆਸ ਦਰਿਆ ਲੰਘ ਕੇ ਉਹ ਗੋਂਦਵਾਲ ਵੱਲ ਆਇਆ, ਬਾਦਸ਼ਾਹ ਬਹੁਤ ਸਾਰੇ ਮੁਗ਼ਲ ਅਤੇ ਪਠਾਣ ਸਿਪਾਹੀ ਆਪਣੀ ਅਰਦਲ ਵਿਚ ਲੈ ਕੇ ਸ਼ਾਹੀ ਸਜ ਧਜ ਨਾਲ ਗੁਰੂ ਜੀ ਦੇ ਦਰਸ਼ਨ ਕਰਨ ਲਈ ਗਿਆ। ਗੁਰੂ ਜੀ ਦੀ ਪਵਿੱਤਰਤਾ ਦੀ ਉਸ ਨੇ ਬਹੁਤ ਮਹਿਮਾ ਸੁਣੀ ਹੋਈ ਸੀ, ਉਸਨੇ ਹਰ ਪ੍ਰਕਾਰ ਦੀ ਵਡਮੁਲੀ ਭੇਟਾ ਗੁਰੂ ਜੀ ਦੇ ਪੇਸ਼ ਕੀਤੀ। ਗੁਰੂ ਜੀ ਦੇ

ਸਨਮਾਨ ਲਈ ਅਕਬਰ ਜਦ ਗੁਰੂ ਜੀ ਦੇ ਨਿਵਾਸ ਸਥਾਨ ਦੇ ਨੇੜੇ ਆਇਆ ਪੈਰੀਂ ਤੁਰ ਕੇ ਗਿਆ ਪਰ ਉਸ ਨੂੰ ਪਤਾ ਲੱਗਾ ਕਿ ਮੈਂ ਉਦੋਂ ਤੱਕ ਗੁਰੂ ਜੀ ਦੇ ਦਰਸ਼ਨ ਨਹੀਂ ਕਰ ਸਕਦਾ ਜਦ ਤੱਕ ਉਨ੍ਹਾਂ ਦੇ (ਲੰਗਰ) ਪ੍ਰਸ਼ਾਦ ਨਾ ਛਕ ਲਵਾਂ। ਬਾਦਸ਼ਾਹ ਨੇ ਪੁੱਛਿਆ ਕਿ ਕਿਸ ਚੀਜ਼ ਦਾ ਗੁਰੂ ਜੀ ਦਾ ਪ੍ਰਸ਼ਾਦ ਬਣਿਆ ਹੋਇਆ ਹੈ? ਤਾਂ ਬਾਦਸ਼ਾਹ ਨੂੰ ਦੱਸਿਆ ਗਿਆ ਕਿ ਓਗਰਾ (ਬੇ-ਸਵਾਦੀ ਅਲੂਣੀ ਖਿਚੜੀ) ਹੈ। ਬਾਦਸ਼ਾਹ ਨੇ ਕੁਝ ਪ੍ਰਸ਼ਾਦ ਮੰਗਿਆ ਅਤੇ ਉਸਨੇ ਉਸਨੂੰ ਇਸ ਤਰ੍ਹਾਂ ਸੁਆਦ ਨਾਲ ਛੱਕਿਆ ਜਿਸ ਤਰ੍ਹਾਂ ਅੰਮ੍ਰਿਤ ਹੁੰਦਾ ਹੈ।

ਬਹੁਤ ਸਾਰੇ ਲੋਕਾਂ ਨੂੰ ਗੁਰੂ ਜੀ ਦੇ ਲੰਗਰੋਂ ਪ੍ਰਸ਼ਾਦ ਛਕਦਿਆਂ ਵੇਖ ਕੇ ਬਾਦਸ਼ਾਹ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਮੇਰੀ ਸੇਵਾ ਅਤੇ ਭੇਟਾ ਪਰਵਾਨ ਕਰੋ। ਬਾਦਸ਼ਾਹ ਨੇ ਅਰਜ਼ ਕੀਤੀ : "ਆਪ ਜਿਹੜੀ ਜ਼ਮੀਨ ਪਸੰਦ ਕਰੋ, ਮੈਂ ਆਪ ਨੂੰ ਜਗੀਰ ਵਜੋਂ ਦੇ ਦਿੰਦਾ ਹਾਂ ਅਤੇ ਹੋਰ ਵੀ ਜੋ ਸੇਵਾ ਹੁਕਮ ਕਰੋ, ਕਰਨ ਨੂੰ ਤਿਆਰ ਹਾਂ।" ਗੁਰੂ ਜੀ ਨੇ ਫੁਰਮਾਇਆ : "ਅਸਾ ਆਪਣੇ ਸਿਰਜਨਹਾਰ ਪਾਸੋਂ ਜ਼ਮੀਨ ਅਤੇ ਜਾਗੀਰ ਪ੍ਰਾਪਤ ਕੀਤੀ ਹੋਈ ਹੈ। ਜਿਹੜਾ ਵਾਹਿਗੁਰੂ ਸਭ ਜੀਵਾਂ ਦੀ ਪ੍ਰਤਿਪਾਲਨਾ ਕਰਦਾ ਹੈ, ਓਹੀ ਸਾਨੂੰ ਵੀ ਦਿੰਦਾ ਹੈ। ਸਾਡੇ ਸਿੱਖ ਬੜੇ ਪ੍ਰੇਮ ਸਹਿਤ ਉਸ ਬਖਸ਼ੇ ਹੋਏ ਵਿਚੋਂ ਸਾਡੇ ਲੰਗਰ ਲਈ ਦਿੰਦੇ ਹਨ ਅਤੇ ਜੋ ਕੁਝ ਪਾਸ ਰੋਜ਼ ਆਉਂਦਾ ਹੈ, ਉਹ ਰੋਜ਼ ਹੀ ਖਰਚ ਕੀਤਾ ਜਾਂਦਾ ਹੈ ਅਤੇ ਕਲ੍ਹ ਲਈ ਸਾਡਾ ਭਰੋਸਾ ਵਾਹਿਗੁਰੂ ਤੇ ਹੁੰਦਾ ਹੈ। ਬਾਦਸ਼ਾਹ ਨੇ ਬਹੁਤ ਸਾਰੇ ਪਿੰਡ ਜਗੀਰ ਵਜੋਂ ਪਰਵਾਨ ਕਰਨ ਲਈ ਬਹੁਤ ਜ਼ੋਰ ਦਿੱਤਾ ਪਰ ਗੁਰੂ ਜੀ ਨਾ ਮੰਨੇ।" ਫਿਰ ਬਾਦਸ਼ਾਹ ਕਹਿਣ ਲੱਗਾ : "ਮੈਂ ਜਾਣਦਾ ਹਾਂ ਤੁਹਾਨੂੰ ਕਿਸੇ ਚੀਜ਼ ਦੀ ਇੱਛਾ ਨਹੀਂ, ਆਪਦੇ ਭੰਡਾਰੇ ਅਤੇ ਲੰਗਰ ਵਿਚੋਂ ਅਣਗਿਣਤ ਜੀਵਾਂ ਨੂੰ ਚੰਗੇ ਤੋਂ ਚੰਗੇ ਪਦਾਰਥ ਮਿਲਦੇ ਹਨ ਅਤੇ ਮੈਂ ਵੀ ਆਪ ਤੋਂ ਇਹੋ ਆਸ ਰਖਦਾ ਹਾਂ। ਪਰ ਜਿਹੜੇ ਪਿੰਡ ਤੁਸੀਂ ਪਰਵਾਨ ਕਰਨ ਤੋਂ ਨਾਂਹ ਕਰਦੇ ਹੋ ਉਹ ਮੈਂ ਆਪ ਜੀ ਨੂੰ ਨਹੀਂ ਸਗੋਂ ਆਪ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਨੂੰ ਦਿੰਦਾ ਹਾਂ।" ਇਸ ਤੇ ਬਾਦਸ਼ਾਹ ਨੇ ਬੀਬੀ ਭਾਨੀ ਜੀ ਦੇ ਨਾਉਂ ਪਿੰਡਾਂ ਦੀ ਜਾਗੀਰ ਲਿਖ ਦਿੱਤੀ। ਗੁਰੂ ਜੀ ਨੇ ਅਕਬਰ ਨੂੰ ਸਰੋਪਾ ਬਖਸ਼ਿਆ, ਅਤੇ ਉਸਦੀ ਯਾਤਰਾ ਤੇ ਬੜੇ ਪ੍ਰਸੰਨ ਹੋ ਕੇ ਉਸਨੂੰ ਵਿਦਾ ਕੀਤਾ। ਬਾਦਸ਼ਾਹ ਦੇ ਦਿੱਤੇ ਹੋਏ ਪਿੰਡਾਂ ਦੇ ਚੌਧਰੀ ਗੁਰੂ ਜੀ ਪਾਸ ਭੇਟਾ ਲੈ ਕੇ ਗਏ ਪਰ ਗੁਰੂ ਜੀ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੀਆਂ ਭੇਟਾਂਵਾਂ ਨੂੰ ਪਿੰਡਾਂ ਦੀ ਮਾਲਕ ਬੀਬੀ ਭਾਨੀ ਜੀ ਦੇ ਪਤੀ ਜੇਠਾ ਜੀ ਪਾਸ ਭੇਜ ਦਿੱਤਾ! ਉਨ੍ਹਾਂ ਪਿੰਡਾਂ ਦਾ ਪ੍ਰਬੰਧ ਭਾਈ ਬੁੱਢਾ ਜੀ ਨੂੰ ਸੌਂਪਿਆ ਗਿਆ ਅਤੇ ਉਹ ਉਨ੍ਹਾਂ ਪਿੰਡਾਂ ਦੇ ਵਿਚਕਾਰ ਬੀੜ ਵਿਚ ਜਾ ਕੇ ਰਹਿਣ ਲੱਗ ਪਏ।

ਤਪੇ ਦਾ ਸਾੜਾ ਤੇ ਉਸਦਾ ਅੰਤ

ਬਾਵਲੀ ਦਾ ਜਸ ਅਤੇ ਉਸਦੀ ਅਰੋਗਤਾ ਬਖਸ਼ਣ ਵਾਲੀ ਸ਼ਕਤੀ ਨੂੰ ਸੁਣ ਕੇ ਹਰ ਕੋਈ ਖੁਸ਼ ਹੁੰਦਾ ਸੀ, ਪਰ ਇਕ ਹੋਰ ਤਪਾ ਜਿਹੜਾ ਕਿ ਗੋਇੰਦਵਾਲ ਵਿਚ ਆ ਕੇ ਵਸਿਆ ਹੋਇਆ ਸੀ ਬੜਾ ਸੜਦਾ ਸੀ। ਉਸ ਤਪੇ ਦਾ ਮਨ ਤੁੰਮੇ ਵਰਗਾ ਕੌੜਾ ਸੀ ਪਰ ਉਸਦੇ ਬਚਨ ਅੰਬ ਵਰਗੇ ਮਿੱਠੇ ਸਨ। ਜਿਸ ਮਹੀਨੇ ਵਿਚ ਬਾਵਲੀ ਸੰਪੂਰਨ ਹੋਈ ਉਸਦੇ

ਅਗਲੇ ਮਹੀਨੇ ਦੀ ਦਸਵੀਂ ਨੂੰ ਗਰੂ ਜੀ ਨੇ ਇਕ ਵੱਡਾ ਯੱਗ ਕੀਤਾ। ਭਾਵੇਂ ਤਪੇ ਨੂੰ ਵੀ ਸੱਦਾ ਦਿੱਤਾ ਗਿਆ ਪਰ ਉਸਨੇ ਆਉਣ ਤੋਂ ਨਾਂਹ ਕਰ ਦਿੱਤੀ। ਉਹ ਗੁਰੂ ਜੀ ਦੇ ਘਲੇ ਆਦਮੀ ਨੂੰ ਕਹਿਣ ਲੱਗਾ : "ਮੈਨੂੰ ਗੁਰੂ ਜੀ ਪਾਸੋਂ ਕਿਸੇ ਚੀਜ਼ ਦੀ ਇੱਛਾ ਨਹੀਂ, ਨਾ ਹੀ ਮੈਂ ਉਨ੍ਹਾਂ ਨੂੰ ਕੋਈ ਚੀਜ਼ ਦਿਆਂਗਾ, ਮੈਂ ਇਸਦੀ ਥਾਂ ਸਗੋਂ ਸੂਬੇ ਦੇ ਦੀਵਾਨ ਪਾਸ ਜਾ ਕੇ ਰੋਟੀ ਖਾਵਾਂਗਾ। ਉਸਨੇ ਮੈਨੂੰ ਨਿਉਤਾ ਦਿੱਤਾ ਹੋਇਆ ਹੈ ਅਤੇ ਉਸ ਪਾਸੋਂ ਮੈਂ ਮੋਹਰਾਂ ਦੀ ਦੱਖਨਾਂ ਵੀ ਪ੍ਰਾਪਤ ਕਰਾਂਗਾ।" ਜਦ ਤਪਾ ਦੀਵਾਨ ਪਾਸ ਗਿਆ ਤਾਂ ਉਥੇ ਜਾ ਕੇ ਗੁਰੂ ਜੀ ਦੀ ਇਸ ਤਰ੍ਹਾਂ ਨਿੰਦਾ ਕਰਨ ਲੱਗਾ : "ਹੇ ਦੀਵਾਨ ਜੀ ਵੇਖੋ, ਗੁਰੂ ਅਮਰਦਾਸ ਖੱਤਰੀ ਹੋ ਕੇ ਬ੍ਰਾਹਮਣਾਂ ਵਾਂਗ ਪੂਜਾ ਦਾ ਦਾਨ ਖਾਂਦਾ ਹੈ। ਉਹ ਚਾਰੋਂ ਵਰਨਾਂ ਦੇ ਲੋਕਾਂ ਨੂੰ ਇਕ ਪੰਗਤ ਵਿਚ ਬਿਠਾ ਕੇ ਇਕੱਠਿਆਂ ਖਲਾਂਦਾ ਹੈ, ਇਸ ਤਰ੍ਹਾਂ ਉਨ੍ਹਾਂ ਦਾ ਧਰਮ ਨਸ਼ਟ ਕਰਦਾ ਹੈ। ਇਸ ਲਈ ਮੈਂ ਉਸਦੇ ਘਰੋਂ ਖਾਣ ਤੋਂ ਨਾਂਹ ਕਰ ਦਿੱਤੀ ਹੈ ਅਤੇ ਤੁਹਾਡੇ ਪਾਸ ਕ੍ਰਿਪਾ ਦਾ ਜਾਚਕ ਬਣ ਕੇ ਆਇਆ ਹਾਂ।"

ਇੱਥੇ ਵੀ ਤਪੇ ਨੂੰ ਬੜੀ ਨਿਰਾਸਤਾ ਹੋਈ। ਉਸਨੂੰ ਕੇਵਲ ਇਕ ਰੁਪਿਆ ਦਛਨਾਂ ਅਤੇ ਮਾੜਾ ਜਿਹਾ ਭੋਜਨ ਦੀਵਾਨ ਪਾਸੋਂ ਮਿਲਿਆ। ਜਦ ਤਪਾ ਘਰ ਆਇਆ ਤਾਂ ਉਸਨੇ ਸੁਣਿਆ ਕਿ ਗੁਰੂ ਜੀ ਨਾ ਕੇਵਲ ਆਪਣੇ ਸੱਦੇ ਹੋਇਆਂ ਪ੍ਰਾਹੁਣਿਆਂ ਨੂੰ ਭਾਂਤ ਭਾਂਤ ਦਾ ਤਿਆਰ ਕੀਤਾ ਹੋਇਆ ਭੋਜਨ ਦੇ ਰਹੇ ਹਨ, ਸਗੋਂ ਪੰਜ ਪੰਜ ਰੁਪਏ ਤੇ ਕਈਆਂ ਨੂੰ ਸੋਲਾਂ ਸੋਲਾਂ ਰੁਪਏ ਦੱਛਨਾਂ ਦਿੰਦੇ ਹਨ। ਇਹ ਸੁਣ ਕੇ ਤਪੇ ਨੂੰ ਡਾਢਾ ਸ਼ੋਕ ਹੋਇਆ ਅਤੇ ਕਹਿਣ ਲੱਗਾ ਜੇਕਰ ਮੈਨੂੰ ਇਸ ਗੱਲ ਦਾ ਪਤਾ ਹੁੰਦਾ ਤਾਂ ਮੈਂ ਦੀਵਾਨ ਦੇ ਘਰ ਭੋਜਨ ਖਾਣ ਦੀ ਥਾਂ ਗੁਰੂ ਜੀ ਦਾ ਭੋਜਨ ਖਾਂਦਾ। ਗੁਰੂ ਜੀ ਵੀ ਪ੍ਰਸੰਨ ਰਹਿੰਦੇ, ਭੋਜਨ ਵੀ ਚੰਗਾ ਖਾਂਦਾ ਤੇ ਘੱਟ ਤੋਂ ਘੱਟ ਪੰਜ ਰੁਪਏ ਵੀ ਉਨ੍ਹਾਂ ਤੋਂ ਪ੍ਰਾਪਤ ਕਰਦਾ। ਤਪਾ ਗੁਰੂ ਜੀ ਦੇ ਘਰ ਵੱਲ ਗਿਆ ਅਤੇ ਖੁਲ-ਮਖੁੱਲ੍ਹਾ ਰਹਿਣ ਲੱਗਾ, "ਮੇਰਾ ਤਾਂ ਗੁਰੂ ਜੀ ਨਾਲ ਨਾ ਹੀ ਝਗੜਾ ਹੈ, ਨਾ ਹੀ ਅਜਿਹਾ ਕਰਨ ਦੀ ਇੱਛਾ ਹੈ।" ਉਸ ਵੇਲੇ ਕੁਦਰਤੀ ਗੁਰੂ ਜੀ ਦਾ ਦਰਵਾਜ਼ਾ ਬੰਦ ਸੀ, ਕਿਉਂ ਜੋ ਅੰਦਰ ਲੰਗਰ ਵਰਤ ਰਿਹਾ ਸੀ। ਤਪੇ ਨੇ ਬਾਹਰੋਂ ਆਵਾਜ਼ਾਂ ਮਾਰੀਆਂ ਪਰ ਅੰਦਰੋਂ ਜਵਾਬ ਕੋਈ ਨਾ ਮਿਲਿਆ। ਫਿਰ ਤਪਾ ਘਰ ਗਿਆ ਤੇ ਆਪਣੇ ਪੁੱਤਰ ਨੂੰ ਲੈ ਆਇਆ। ਤਪੇ ਨੇ ਉਸ ਨੂੰ ਗੁਰੂ ਜੀ ਦੇ ਵਿਹੜੇ ਵਾਲੀ ਕੰਧ ਤੋਂ ਟਪਾਇਆ ਤਾਂ ਜੋ ਉਹ ਵੀ ਭੋਜਨ ਛਕਣ ਵਾਲੀ ਜਗ੍ਹਾ ਤੇ ਜਾਵੇ। ਤਪੇ ਦੇ ਪੁੱਤਰ ਨੂੰ ਗੁਰੂ ਜੀ ਪਾਸੋਂ ਭੋਜਨ ਤੇ ਪੰਜ ਰੁਪਏ ਮਿਲ ਗਏ। ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਤਪਾ ਫੜਾਂ ਮਾਰਨ ਲੱਗਾ ਕਿ ਗੁਰੂ ਜੀ ਦੇ ਲੰਗਰ ਵਿਚੋਂ ਹਰ ਕਿਸੇ ਨੂੰ ਭੋਜਨ ਦਿੱਤਾ ਗਿਆ ਹੈ, ਮੈਨੂੰ ਤੇ ਨਾ ਭੋਜਨ ਦੀ ਤੇ ਨਾ ਹੀ ਦਛਨਾ ਲੈਣ ਦੀ ਇੱਛਾ ਹੈ। ਮੈਂ ਤਾਂ ਕੇਵਲ ਗੁਰੂ ਜੀ ਦੇ ਘੜੀ ਘੜੀ ਬੁਲਾਣ ਤੇ ਆਪਣੇ ਪੁੱਤਰ ਨੂੰ ਭੇਜਿਆ ਸੀ। ਪਰ ਤਪੇ ਨੂੰ ਇਸ ਸੌਦੇ ਵਿਚ ਵੀ ਡਾਢਾ ਘਾਟਾ ਪਿਆ, ਕਿਉਂ ਜੋ ਉਸਦੇ ਪੁੱਤਰ ਦੀ ਕੰਧ ਟਪਦਿਆਂ ਲੱਤ ਟੁੱਟ ਗਈ ਸੀ ਅਤੇ ਗੁਰੂ ਜੀ ਸਬੰਧੀ ਤਪੇ ਦੇ ਕੀਤੇ ਕੁਬਚਨ ਸ਼ਹਿਰ ਦੇ ਚੌਧਰੀਆਂ ਨੂੰ ਪਤਾ ਲੱਗ ਗਏ ਸਨ।

ਚੌਧਰੀਆਂ ਨੇ ਆਪਸ ਵਿਚ ਸਲਾਹ ਕਰਕੇ ਕਿਹਾ ਕਿ ਚਲੋ ਤਪੇ ਨੂੰ ਮਿਲੀਏ, ਅਤੇ ਵੇਖੀਏ ਕਿ ਉਹ ਕਿਸ ਤਰ੍ਹਾਂ ਆਪਣਾ ਸਮਾਂ ਬਤੀਤ ਕਰਦਾ ਹੈ। ਉਹ ਪਹਿਲਾਂ ਖਬਰ ਕੀਤੇ ਬਿਨਾਂ ਹੀ ਤਪੇ ਦੇ ਅੰਦਰ ਜਾ ਵੜੇ ਅਤੇ ਉਸ ਨੂੰ ਇਕ ਜ਼ਿਮੀਂਦਾਰ ਦੀ ਤੀਵੀਂ ਨਾਲ ਵਿਭਚਾਰ ਕਰਦਿਆਂ ਜਾ ਫੜਿਆ। ਚੌਧਰੀ ਉਸਨੂੰ ਪਕੜ ਕੇ ਜ਼ਿਮੀਂਦਾਰ ਪਾਸ ਲੈ ਗਏ। ਹੁਣ ਜ਼ਿਮੀਦਾਰ ਦੀ ਵਾਰੀ ਸੀ ਕਿ ਆਪਣੀ ਪਤਨੀ ਦਾ ਬਦਲਾ ਲਵੇ। ਇਹੋ ਜਿਹੇ ਅਪਰਾਧਾਂ ਦੀ ਉਸ ਸਮੇਂ ਅਜਿਹੀ ਕਰੜੀ ਸਜ਼ਾ ਦਿੱਤੀ ਜਾਂਦੀ ਸੀ ਕਿ ਹੋਰਨਾਂ ਨੂੰ ਵੀ ਨਸੀਹਤ ਆਵੇ।

ਤਪੇ ਨੂੰ ਬਹੁਤ ਕਸ਼ਟ ਦੇ ਕੇ ਮਾਰ ਦਿੱਤਾ ਗਿਆ ਅਤੇ ਇਸ ਘਟਨਾ ਬਾਰੇ ਜੇਠਾ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ :

"ਤਪਾ ਨ ਹੋਵੈ ਅੰਦਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥
ਅਗੋਂ ਦੇ ਸਦਿਆਂ ਸਤੈ ਦੀ ਭਿਖਿਆ ਲਏ ਨਾਹੀ
ਪਿਛੋਂ ਦੇ ਪਛੁਤਾਇਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ॥
ਪੰਚ ਲੋਕ ਸਭਿ ਹਸਣ ਲਗੇ ਤਪਾ ਲੋਭ ਲਹਰਿ ਹੈ ਗਾਲਿਆ॥
ਜਿਥੈ ਥੋੜਾ ਧੰਨ ਵੇਖੈ ਤਿਥੈ ਤਪਾ ਭਿਟੈ
ਨਾਹੀ ਧੰਨਿ ਬਹੁਤੇ ਡਿਠੈ ਤਪੈ ਧਰਮੁ ਹਾਰਿਆ॥
ਭਾਈ ਏਹੁ ਤਪਾ ਨ ਹੋਵੀ ਬਗਲਾ ਹੈ ਬਹਿ ਸਾਧ ਜਨਾ ਵੀਚਾਰਿਆ॥
ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ
ਕੀ ਉਸਤਤਿ ਵਿਚਿ ਹੋਵੈ ਏਤੁ ਦੋਖੈ ਤਪਾ ਦਯਿ ਮਾਰਿਆ॥
ਮਹਾਂਪੁਰਖਾ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ
ਸਭੁ ਗਇਆ ਤਪੇ ਕਾ ਘਾਲਿਆ॥
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ॥
ਅੰਦਰ ਬਹੈ ਤਪਾ ਪਾਪ ਕਮਾਏ॥
ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ॥
ਧਰਮ ਰਾਏ ਜੰਮ ਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ
ਤਿਥੈ ਖੜਿ ਪਾਇਅਹੁ ਜਿਥੈ ਮਹਾ ਮਹਾਂ ਹਤਿਆਰਿਆ॥
ਫਿਰਿ ਏਸੁ ਤਪੈ ਦੇ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ।
ਹਰਿ ਕੈ ਦਰਿ ਵਰਤਿਆ ਸੁ ਨਾਨਕ ਆਖਿ ਸੁਣਾਇਆ
ਸੋ ਬੂਝੈ ਜੁ ਦਯਿ ਸਵਾਰਿਆ॥੧॥ *(ਗਉੜੀ ਕੀ ਵਾਰ ਮਃ ੧ ਸਲੋਕ ਮਃ ੪)*
(ਆਃ ਗ੍ਰੰਃ ਪੰਃ ੩੧੬)

ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਨੇ ਇਸ ਸ਼ਬਦ ਦੇ ਨਾਲ ਆਪਣਾ ਉਪਦੇਸ਼ ਕੀਤਾ—"ਤਪਾ ਉਹ ਹੈ ਜਿਹੜਾ ਤਪ ਕਰੇ, ਜਿਹੜਾ ਨਿੰਦਾ, ਝੂਠ, ਈਰਖਾ ਬਘੀਲੀ ਤਿਆਗੇ ਅਤੇ ਜਿਹੜਾ ਦੁਖ ਸੁਖ ਸਮ ਕਰਕੇ ਜਾਣੈ। ਜਦੋਂ ਇਕ ਕਪਟੀ ਅਤੇ ਵਿਭਚਾਰੀ ਆਦਮੀ ਤਪਾ ਬਣਨ ਦਾ ਪਾਖੰਡ ਕਰਦਾ ਹੈ ਤਾਂ ਉਸਦਾ ਝੂਠਾ ਪਾਜ ਛੇਤੀ ਹੀ ਉਘੜ

ਜਾਂਦਾ ਹੈ। ਇਸ ਲਈ ਚੰਗਾ ਹੈ ਕਿ ਕੁਕਰਮਾਂ, ਝੂਠ ਅਤੇ ਪਾਖੰਡਾਂ ਨੂੰ ਤਿਆਗ ਦਿੱਤਾ ਜਾਵੇ।''

ਉਪਰੰਤ ਗੁਰੂ ਜੀ ਨੇ ਹੇਠ ਲਿਖੇ ਸ਼ਬਦ ਹੋਰ ਉਚਾਰਣ ਕੀਤੇ—

ਮਨ ਕਾ ਝੂਠਾ ਝੂਠੁ ਕਮਾਵੈ॥
ਮਾਇਆ ਨੋ ਫਿਰੈ ਤਪਾ ਸਦਾਵੈ॥
ਭਰਮੇ ਭੂਲਾ ਸਭਿ ਤੀਰਥ ਗਹੈ॥
ਓਹੁ ਤਪਾ ਕੈਸੇ ਪਰਮ ਗਤਿ ਲਹੈ॥
ਗੁਰ ਪਰਸਾਦੀ ਕੋ ਸਚੁ ਕਮਾਵੈ॥
ਨਾਨਕ ਸੋ ਤਪਾ ਮੋਖੰਤਰੁ ਪਾਵੈ॥ (ਰਾਮਕਲੀ ਵਾਰ ਮ: ੩)
(ਆ: ਗ੍ਰੰ: ਪੰ: ੯੪੮)

ਸਚਾ ਤਪਾ—

ਸੋ ਤਪਾ ਜਿ ਇਹੁ ਤਪੁ ਘਾਲੇ॥
ਸਤਿਗੁਰ ਨੋ ਮਿਲੈ ਸਬਦੁ ਸਮਾਲੇ॥
ਸਤਿਗੁਰ ਕੀ ਸੇਵਾ ਇਹੁ ਤਪਾ ਪਰਵਾਣੁ॥ (ਆ: ਗ੍ਰੰ: ਪੰ: ੯੪੮)
ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ॥ (ਰਾਮਕਲੀ ਵਾਰ ਮ: ੩)

ਕਾਂਡ—30

ਮੋਤੀਆਂ ਦੀ ਮਾਲਾ

ਇਕ ਸਰਾਫ ਬਹੁਤ ਸਾਰੀ ਭੇਟਾ ਲੈ ਕੇ ਗੁਰੂ ਜੀ ਦੇ ਦਰਸ਼ਨ ਕਰਨ ਗਿਆ। ਭੇਟਾ ਵਿਚ ਹੀਰੇ ਜਵਾਹਰਾਤ ਤੇ ਇਕ ਮੋਤੀਆਂ ਦੀ ਮਾਲਾ ਸੀ। ਸਰਾਫ ਗੁਰੂ ਜੀ ਦੇ ਗਲ ਵਿਚ ਉਹ ਮਾਲਾ ਪਾਉਣੀ ਚਾਹੁੰਦਾ ਸੀ ਪਰ ਗੁਰੂ ਜੀ ਕਹਿਣ ਲੱਗੇ : "ਅਸੀਂ ਬਿਰਧ ਹੋਣ ਕਰਕੇ ਅਜਿਹੇ ਗਹਿਣੇ ਨਹੀਂ ਪਾਉਂਦੇ। ਤੂੰ ਉਸ ਮਹਾਂਪੁਰਸ਼ ਨੂੰ ਇਹ ਮਾਲਾ ਪਾ ਦੇਹ, ਜਿਹੜਾ ਸਾਡਾ ਹੀ ਰੂਪ ਹੈ ਅਤੇ ਜਿਹੜਾ ਸਾਨੂੰ ਜਾਨ ਤੋਂ ਪਿਆਰਾ ਹੈ, ਤਾਂ ਤੇਰੀ ਇੱਛਾ ਪੂਰੀ ਹੋ ਜਾਏਗੀ।" ਸਰਾਫ ਨੇ ਬੇਨਤੀ ਕੀਤੀ : "ਮਹਾਰਾਜ, ਤੁਸੀਂ ਆਪ ਹੀ ਜਿਸ ਨੂੰ ਚੰਗਾ ਸਮਝਦੇ ਹੋ ਪਾ ਦੇਵੋ।" ਸਿੱਖ ਅਨੁਮਾਨ ਲਾਣ ਲੱਗੇ, ਵੇਖੀਏ ਗੁਰੂ ਜੀ ਦੇ ਖਿਆਲ ਵਿਚ ਕਿਹੜਾ ਅਜਿਹਾ ਆਦਮੀ ਹੈ। ਕੁਝ ਤਾਂ ਗੁਰੂ ਜੀ ਦੇ ਪੁੱਤਰਾਂ ਵਿਚੋਂ ਮੋਹਰੀ ਜੀ ਦਾ ਨਾਂ ਲੈਣ ਲੱਗੇ, ਕੋਈ ਕਹੇ ਮੋਹਨ ਜੀ ਹੋਣਗੇ, ਕੋਈ ਹੋਰ ਸਿਦਕੀ ਤੇ ਆਗਿਆਕਾਰ ਸਿੱਖਾਂ ਦਾ ਨਾਉਂ ਲੈਣ ਲੱਗੇ। ਗੁਰੂ ਜੀ ਨੇ ਸਭ ਨੂੰ ਛੱਡ ਕੇ ਉਹ ਸੋਹਣੀ ਤੇ ਚਮਕ ਦਮਕ ਵਾਲੀ ਮਾਲਾ ਆਪਣੇ ਪਿਆਰੇ ਜੇਠਾ ਜੀ ਦੇ ਗਲ ਵਿਚ ਪਾ ਦਿੱਤੀ।

ਕਦੀ ਕਦੀ ਗੁਰੂ ਜੀ ਪਿਛਲੇ ਪਹਿਰ ਆਪਣੇ ਸਿੱਖਾਂ ਸੇਵਕਾਂ ਸਮੇਤ ਦਰਿਆ ਬਿਆਸਾ ਦੇ ਕੰਢੇ ਜਾਇਆ ਕਰਦੇ ਸਨ। ਰਾਹ ਵਿਚ ਇਕ ਮੈਲਾ ਕੁਚੈਲਾ ਤੇ ਨੰਗਾ ਮੁਨੰਗਾ ਮੁਸਲਮਾਨ ਫਕੀਰ ਬੈਠਾ ਹੁੰਦਾ ਸੀ ਅਤੇ ਉਹ ਹਰ ਵੇਲੇ ਨਸ਼ਿਆਂ ਵਿਚ ਹੀ ਗੁੱਟ ਰਹਿੰਦਾ ਸੀ। ਉਹ ਉੱਚੀ ਉੱਚੀ ਆਵਾਜ਼ ਵਿਚ ਇਉਂ ਆਖੇ ਤਾਂ ਜੋ ਗੁਰੂ ਜੀ ਜਦ ਕੋਲ ਦੀ ਲੰਘਣ ਤਾਂ ਸੁਣ ਲੈਣ : "ਗੁਰੂ ਸਾਰੀ ਦੁਨੀਆਂ ਦੀ ਦੌਲਤ ਖਾਈ ਜਾਂਦਾ ਹੈ ਜਿੰਨਾ ਹੀ ਬੁੱਢਾ ਹੁੰਦਾ ਜਾਂਦਾ ਹੈ, ਉਨ੍ਹਾਂ ਹੀ ਇਹ ਵੱਧ ਕੰਜੂਸ ਹੁੰਦਾ ਜਾਂਦਾ ਹੈ। ਇਹ ਕੇਵਲ ਉਨ੍ਹਾਂ ਨੂੰ ਦਾਨ ਦਿੰਦਾ ਹੈ, ਜਿਨ੍ਹਾਂ ਪਾਸੋਂ ਇਸ ਨੂੰ ਮੁੜ ਕੁਝ ਲੈਣ ਦੀ ਇੱਛਾ ਹੁੰਦੀ ਹੈ। ਇਹ ਫਕੀਰਾਂ ਦਾ ਕੋਈ ਧਿਆਨ ਨਹੀਂ ਕਰਦਾ, ਇਸ ਨੇ ਮੈਨੂੰ ਕਦੀ ਯਾਦ ਨਹੀਂ ਕੀਤਾ, ਮੈਂ ਵੀ ਦੂਜਿਆਂ ਵਾਂਗ ਇਕ ਮੰਗਤਾ ਹਾਂ। ਮੈਂ ਅਛੀਮੀ ਅਤੇ ਭੰਗੀ ਹਾਂ, ਪਰ ਇਸ ਨੇ ਮੈਨੂੰ ਕਦੀ ਕੁਝ ਨਹੀਂ ਦਿੱਤਾ, ਇਸ ਨੂੰ ਕਦੀ ਕਦੀ ਮੇਰੇ ਵਰਗੇ ਗਰੀਬਾਂ ਦਾ ਵੀ ਖਿਆਲ ਕਰਨਾ ਚਾਹੀਦਾ ਹੈ। ਮੈਂ ਕਿਸੇ ਦੀ ਪਰਵਾਹ ਨਹੀਂ ਕਰਦਾ, ਭਾਵੇਂ ਬਾਦਸ਼ਾਹ ਹੋਵੇ ਜਾਂ ਸ਼ਹਿਨਸ਼ਾਹ ਮੈਂ ਉਸ ਦੇ ਮੂੰਹ ਤੇ ਸੱਚ ਕਹਿੰਦਾ ਹਾਂ। ਜਦ ਮੈਨੂੰ ਕੋਈ ਆਦਮੀ ਕੁਝ ਦਿੰਦਾ ਹੈ ਤਾਂ ਮੈਂ ਉਸ ਦੇ ਭਲੇ ਵਾਸਤੇ ਦੁਆ ਕਰਦਾ ਹਾਂ।"

ਉਹ ਫਕੀਰ ਬਹੁਤ ਵਾਰੀ ਗੁਰੂ ਜੀ ਬਾਰੇ ਇਹੋ ਜਿਹੇ ਅਪਮਾਨ ਭਰੇ ਵਾਕ ਬੋਲਦਾ ਸੀ। ਗੁਰੂ ਜੀ, ਜਿਹੜੇ ਸਾਖ਼ਿਆਤ ਸ਼ਾਂਤੀ ਦੇ ਅਵਤਾਰ ਸਨ, ਚੁਪ ਕੀਤੇ ਲੰਘ ਜਾਂਦੇ ਸਨ।

ਇਕ ਦਿਨ ਜੇਠਾ ਜੀ ਗੁਰੂ ਜੀ ਦੇ ਨਾਲ ਸਨ, ਉਨ੍ਹਾਂ ਉਸ ਫਿਟਕੇ ਹੋਏ ਫਕੀਰ ਨੂੰ ਇਦਾਂ ਗੰਦ, ਬਕਵਾਸ ਉਗਲਦਿਆਂ ਸੁਣਿਆਂ ਜਿਵੇਂ ਕਿ ਉਹ ਆਪਣੀ ਪੀਤੀ ਭੰਗ ਦੀ ਮੈਲ ਨੂੰ ਬਾਹਰ ਕੱਢ ਰਿਹਾ ਸੀ, ਅਤੇ ਉਸ ਨੂੰ ਕਹਿਣ ਲੱਗੇ : "ਤੂੰ ਸਤਿਗੁਰਾਂ ਦੀ ਨਿੰਦਾ ਕਰਕੇ ਕਿਉਂ ਪਾਪ ਦਾ ਭਾਗੀ ਬਣਦਾ ਹੈਂ?" ਫਕੀਰ ਬੋਲਿਆ : 'ਮੈਂ ਕਿਉਂ ਨਾ ਇਵੇਂ ਕਰਾਂ? ਗੁਰੂ ਨੇ ਮੈਨੂੰ ਕਦੀ ਦਾਨ ਨਹੀਂ ਦਿੱਤਾ ਜਿਹੜੀ ਤੂੰ ਮਾਲਾ ਪਾਈ ਹੈ, ਮੈਨੂੰ ਦੇ ਦੇ ਤਾਂ।' ਜੇਠਾ ਜੀ ਨੇ ਆਪਣੀ ਸੁੰਦਰ ਡੁਲ੍ਹਕਦੀ ਮਾਲਾ ਲਾਹ ਕੇ ਫਕੀਰ ਨੂੰ ਪਾ ਦਿੱਤੀ। ਇਸ ਪੁਰ ਉਹ ਫਕੀਰ ਉੱਚੀ ਉੱਚੀ ਗੁਰੂ ਜੀ ਦੀ ਉਸਤਤ ਗਾਉਣ ਲੱਗ ਪਿਆ : "ਹੇ ਗੁਰੂ ਜੀ, ਤੁਸੀਂ ਰਾਜਾ ਹਰੀਚੰਦ, ਰਾਜਾ ਕਰਨ ਤੇ ਰਾਜਾ ਬਿਕਰਮਜੀਤ ਪਾਸੋਂ ਵੀ ਵਧ ਕੇ ਸੁਖੀ ਤੇ ਉਦਾਰ ਹੋ।" ਜਦ ਗੁਰੂ ਜੀ ਸਿੱਖਾਂ ਸਮੇਤ ਸ਼ਾਮ ਵੇਲੇ ਦਰਿਆ ਤੋਂ ਮੁੜ ਕੇ ਆ ਰਹੇ ਸਨ ਅਤੇ ਅਜੇ ਉਹ ਦੂਰ ਹੀ ਸਨ, ਕਿ ਉਹ ਫਕੀਰ ਗੁਰੂ ਜੀ ਦੀ ਹੋਰ ਉਸਤਤ ਤੇ ਅਸੀਸਾਂ ਦੀ ਬਰਖਾ ਕਰਨ ਲੱਗ ਪਿਆ : "ਤੁਸੀਂ ਜਗ ਨੂੰ ਤਾਰਦੇ ਹੋ, ਵਾਹਿਗੁਰੂ ਕਰੇ ਤੁਹਾਡੇ ਪੁੱਤ, ਪੋਤਰੇ ਫਲਣ ਫੁਲਣ।" ਗੁਰੂ ਜੀ ਇਹ ਸੁਣ ਕੇ ਕਹਿਣ ਲੱਗੇ, ਕਿਸੇ ਆਦਮੀ ਨੇ ਇਸ ਫਕੀਰ ਨੂੰ ਜ਼ਰੂਰ ਦਾਨ ਦਿੱਤਾ ਹੈ। ਨਹੀਂ ਤਾਂ ਇਹ ਇੰਨੀ ਛੇਤੀ ਆਪਣਾ ਵਤੀਰਾ ਤੇ ਬੋਲੀ ਕਿਸ ਤਰ੍ਹਾਂ ਬਦਲ ਲੈਂਦਾ? ਪੁੱਛਣ ਉੱਤੇ ਗੁਰੂ ਜੀ ਨੇ ਸਾਰੀ ਗੱਲ ਦਾ ਪਤਾ ਲੱਗ ਗਿਆ। ਜੇਠਾ ਜੀ ਨੇ ਵੀ ਮੰਨ ਲਿਆ : "ਹੇ ਸਤਿਗੁਰੂ ਜੀ, ਮੈਂ ਇਸ ਫਕੀਰ ਨੂੰ ਆਪਣੀ ਮਾਲਾ ਦੇ ਦਿੱਤੀ ਹੈ। ਤੁਸਾਂ ਤਾਂ ਮੈਨੂੰ ਵਾਹਿਗੁਰੂ ਦੇ ਨਾਮ ਦੀ ਮਾਲਾ ਦਿੱਤੀ ਹੋਈ ਹੈ। ਉਸਨੂੰ ਮੈਂ ਸਦਾ ਆਪਣੇ ਕੋਲ ਰਖਦਾ ਹਾਂ ਅਤੇ ਇਹ ਨਾਸ ਹੋ ਜਾਣ ਵਾਲੀ ਮਾਲਾ ਮੈਂ ਆਪਦੇ ਨਾਮ ਉੱਤੇ ਦੇ ਦਿੱਤੀ ਹੈ।" ਇਹ ਸੁਣ ਕੇ ਗੁਰੂ ਜੀ ਨੇ ਪ੍ਰਸੰਨ ਹੋ ਕੇ ਜੇਠਾ ਜੀ ਨੂੰ ਵਰ ਦਿੱਤਾ, "ਤੁਹਾਡੀ ਕੁਲ ਹਮੇਸ਼ਾ ਰਹੇਗੀ ਅਤੇ ਤੁਹਾਡੀ ਆਮਦਨ ਤੇ ਖਰਚ ਅਤੁੱਟ ਹੋਵੇਗਾ, ਤੇ ਕਦੀ ਤੋਟ ਨਾ ਆਵੇਗੀ।"

ਜਾਤ ਅਭਿਮਾਨੀ ਹਿੰਦੂਆਂ ਦੀ ਵਿਰੋਧਤਾ

ਇਸ ਸਮੇਂ ਹਿੰਦੂਆਂ ਦਾ ਵਿਰੋਧ ਪਹਿਲਾਂ ਨਾਲੋਂ ਵੀ ਵੱਧ ਦੁਖਦਾਈ ਤੌਰ ਤੇ ਪ੍ਰਗਟ ਹੋਣ ਲੱਗ ਪਿਆ, ਜਦੋਂ ਸਿੱਖ ਗੁਰੂ ਜੀ ਦੇ ਗੋਇੰਦਵਾਲ ਦਰਸ਼ਨ ਕਰਕੇ ਆਪਣੇ ਘਰਾਂ ਨੂੰ ਮੁੜ ਕੇ ਜਾਂਦੇ ਸਨ ਤਾਂ ਉਹ ਇਵੇਂ ਗੱਲਾਂ ਕਰਦੇ ਸਨ—"ਗੁਰੂ ਜੀ ਨੇ ਇਕ ਨਵਾਂ ਧਰਮ ਪ੍ਰਗਟ ਕੀਤਾ ਹੈ ਅਤੇ ਜ਼ਾਤਾਂ ਪਾਤਾਂ ਦਾ ਭਿੰਨ ਭੇਦ ਮਿਟਾ ਦਿੱਤਾ ਹੈ। ਉਨ੍ਹਾਂ ਕੋਲ ਚੌਹਾਂ ਵਰਨਾਂ ਦੇ ਲੋਕੀ ਇਕੋ ਭਾਂਡੇ ਵਿਚੋਂ ਖਾਂਦੇ ਪੀਂਦੇ ਹਨ ਅਤੇ ਬੜੇ ਪ੍ਰੇਮ ਨਾਲ ਇਕੋ ਤਰ੍ਹਾਂ ਪੂਜਾ ਕਰਦੇ ਹਨ। ਗੁਰੂ ਜੀ ਆਪਣੇ ਸਿੱਖਾਂ ਨੂੰ ਚਰਨਾਮ੍ਰਿਤ ਪਿਲਾਂਦੇ ਹਨ ਅਤੇ ਉਨ੍ਹਾਂ ਨੂੰ ਸਿੱਖਿਆ ਦਿੰਦੇ ਹਨ ਕਿ ਬੜੇ ਪ੍ਰੇਮ ਨਾਲ ਗਾਇਤ੍ਰੀ ਦੀ ਥਾਂ ਵਾਹਿਗੁਰੂ ਦਾ ਨਾਮ ਜਪੋ।"

ਜਦੋਂ ਖੱਤ੍ਰੀਆਂ ਤੇ ਬ੍ਰਾਹਮਣਾਂ ਨੇ ਜਿਹੜੇ ਅਤੀ ਅਗਿਆਨੀ, ਅਧਰਮੀ ਅਤੇ ਆਪਣੀ ਜ਼ਾਤ ਦੇ ਅਭਿਮਾਨੀ ਸਨ, ਇਹ ਗੱਲਾਂ ਸੁਣੀਆਂ ਤਾਂ ਉਹ ਗੁਰੂ ਜੀ ਦਾ ਜਸ ਸਹਾਰ ਨਾ ਸਕੇ ਅਤੇ ਕਹਿਣ ਲੱਗੇ : "ਇਸਨੇ ਕਿੱਡਾ ਦੰਭ ਰਚ ਰਖਿਆ ਹੈ।" ਉਹ ਸਾਰੇ ਹੀ ਇਕ ਦਿਨ ਇਕੱਠੇ ਹੋਏ ਅਤੇ ਇਸ ਸਿੱਟੇ ਤੇ ਪੁੱਜੇ—"ਇਹ ਭੈੜੀਆਂ ਗੱਲਾਂ ਗੁਰੂ ਜੀ ਨੇ ਨਵੀਆਂ ਪ੍ਰਚਲਤ ਕੀਤੀਆਂ ਹਨ। ਹੁਣ ਕੋਈ ਆਦਮੀ ਬ੍ਰਾਹਮਣਾਂ ਦਾ ਸਨਮਾਨ ਨਹੀਂ ਕਰੇਗਾ,

ਅਤੇ ਖੱਤ੍ਰੀਆਂ ਦਾ ਧਰਮ ਤਾਂ ਬਿਲਕੁਲ ਨਸ਼ਟ ਹੋ ਗਿਆ ਹੈ। ਗੁਰੂ ਨੇ ਚੌਹਾਂ ਵਰਨਾਂ ਨੂੰ ਮਿਟਾਕੇ ਇਕ ਕਰ ਦਿੱਤਾ ਹੈ ਅਤੇ ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਹਰ ਕੋਈ ਆਪਣੇ ਧਰਮ ਨੂੰ ਤਿਆਗ ਕੇ ਗਿਰ ਗਿਆ ਹੈ। ਸਾਰੇ ਲੋਕ ਇਕੱਠੇ ਖਾਂਦੇ ਹਨ, ਦੇਵਤਿਆਂ ਦੇ ਵਡ ਵਡੇਰਿਆਂ ਦੀ ਪੂਜਾ ਬੰਦ ਹੋ ਗਈ ਹੈ ਅਤੇ ਪੁਰਾਤਨ ਸਭ ਰੀਤਾਂ ਰਸਮਾਂ ਨਾਸ ਹੋ ਗਈਆਂ ਹਨ। ਸਾਡੇ ਪਾਸ ਹੁਣ ਕੇਵਲ ਇਕੋ ਉਪਾਅ ਹੈ ਕਿ ਅਸੀਂ ਬਾਦਸ਼ਾਹ ਪਾਸ ਜਾਕੇ ਫਰਿਆਦ ਕਰੀਏ, ਤਾਂ ਜੋ ਬਾਦਸ਼ਾਹ ਅਜਿਹੀਆਂ ਨਵੀਆਂ ਬਣੀਆਂ ਹੋਈਆਂ ਰੀਤਾਂ ਨੂੰ ਬੰਦ ਕਰੇ।''

ਗੁਰੂ ਜੀ ਦੀ ਵਿਰੋਧਤਾ ਵਿਚ ਹਿੰਦੂਆਂ ਨਾਲ ਇਕ ਮਰਵਾਹਾ ਖਤ੍ਰੀ ਵੀ ਰਲ ਗਿਆ। ਉਸ ਮਰਵਾਹੇ ਨੂੰ ਵਿਉਪਾਰ ਅਤੇ ਸ਼ਾਹੂਕਾਰੇ ਵਿਵਹਾਰਾਂ ਦੇ ਲਾਭ ਲਈ ਪੁਰਾਣੇ ਭਰਮਾਂ ਨੂੰ ਕਾਇਮ ਰੱਖਣ ਵਿਚ ਹੀ ਫਾਇਦਾ ਸੀ। ਉਸ ਸਮੇਂ ਗੁਰੂ ਜੀ ਦੇ ਜ਼ੋਰ ਵਾਲੇ ਸਾਥੀ ਥੋੜੇ ਸਨ। ਗੁਰੂ ਜੀ ਦਾ ਪੁਰਾਣਾ ਮਿੱਤਰ ਅਤੇ ਸਿੱਖ ਗੋਬਿੰਦਾ ਮਰ ਚੁੱਕਾ ਸੀ ਅਤੇ ਉਸਦਾ ਪੁੱਤਰ ਕੁਸੰਗਤ ਵਿਚ ਵਿਗੜ ਕੇ ਗੁਰੂ ਜੀ ਦੇ ਵਿਰੋਧੀਆਂ ਨਾਲ ਜਾ ਮਿਲਿਆ ਸੀ।

ਅਕਬਰ ਬਾਦਸ਼ਾਹ ਕੋਲ ਪੁਕਾਰ

ਉਹ ਆਦਮੀ ਵੀ ਜਿਨ੍ਹਾਂ ਪਾਸੋਂ ਗੁਰੂ ਜੀ ਨੇ ਬਾਉਲੀ ਲਈ ਜ਼ਮੀਨ ਮੁੱਲ ਲਈ ਸੀ, ਮਹਾਰਾਜ ਦੇ ਵਿਰੋਧੀ ਹੋ ਗਏ। ਨਿਰਸੰਦੇਹ ਉਹ ਬ੍ਰਾਹਮਣਾਂ ਦੇ ਚੁੱਕੇ ਚੁਕਾਏ ਹੋਏ ਹੀ ਸਨ ਅਤੇ ਕਹਿਣ ਲੱਗੇ ਕਿ ਗੁਰੂ ਜੀ ਨੇ ਸਾਨੂੰ ਇਕਰਾਰ ਕੀਤੀ ਹੋਈ ਜ਼ਮੀਨ ਦੀ ਕੀਮਤ ਨਹੀਂ ਦਿੱਤੀ, ਨਾਲੇ ਨਾ ਕੇਵਲ ਬੇਕਾਨੂੰਨੀ ਢੰਗ ਨਾਲ ਇਸ ਜ਼ਮੀਨ ਉੱਤੇ ਕਬਜ਼ਾ ਕਰ ਲਿਆ ਹੈ, ਸਗੋਂ ਧੱਕੇ ਨਾਲ ਸਾਨੂੰ ਗੁਰੂ ਜੀ ਨੇ ਸਾਡੇ ਘਰਾਂ ਵਿਚੋਂ ਵੀ ਕੱਢ ਦਿੱਤਾ ਹੈ। ਮਰਵਾਹੇ ਨੇ ਇਕ ਨੌਕਰ ਰਖਿਆ, ਜਿਸਨੇ ਆਪਣਾ ਮੂੰਹ ਕਾਲਾ ਕਰਕੇ ਰੰਦੇ ਫਟੇ ਲੀਰਾਂ ਵਾਲੇ ਕੱਪੜੇ ਪਾ ਲਏ, ਤਾਂ ਜੋ ਇਸ ਮਾਮਲੇ ਸਬੰਧੀ ਬਾਦਸ਼ਾਹ ਪਾਸ ਜਾ ਕੇ ਪੁਕਾਰ ਕਰੇ। ਜਦ ਮਰਵਾਹਾ ਅਤੇ ਉਸਦਾ ਨੌਕਰ ਬਾਦਸ਼ਾਹ ਕੋਲ ਪੁਕਾਰ ਕਰਨ ਨੂੰ ਤੁਰ ਪਏ ਤਾਂ ਉਨ੍ਹਾਂ ਨੇ ਰਾਹ ਵਿਚ ਗੁਰੂ ਜੀ ਨੂੰ ਬਦਨਾਮ ਕਰਨ ਦਾ ਯਤਨ ਕੀਤਾ, ਪਰ ਉਨ੍ਹਾਂ ਨੂੰ ਸਫਲਤਾ ਨਾ ਹੋਈ ਕਿਉਂਕਿ ਬਹੁਤ ਸਾਰੇ ਲੋਕੀ, ਜਿਨ੍ਹਾਂ ਨੇ ਗੁਰੂ ਜੀ ਦੇ ਚਰਨਾਂ ਬਾਰੇ ਤੇ ਉਨ੍ਹਾਂ ਦੀਆਂ ਅਸਚਰਜ ਸ਼ਕਤੀਆਂ ਬਾਰੇ ਸੁਣਿਆ ਹੋਇਆ ਸੀ ਮਰਵਾਹੇ ਅਤੇ ਉਸਦੇ ਨੌਕਰ ਨੂੰ ਆਪਣੇ ਪਿੰਡਾਂ ਵਿਚ ਰਹਿਣ ਹੀ ਨਹੀਂ ਸਨ ਦਿੰਦੇ।

ਜਦੋਂ ਮਰਵਾਹਾ ਤੇ ਉਸਦਾ ਨੌਕਰ ਬਾਦਸ਼ਾਹੀ ਕਚਹਿਰੀ ਵਿਚ ਪੁੱਜੇ ਤਾਂ ਗੁਰੂ ਜੀ ਦੇ ਵਿਰੁੱਧ ਉਨ੍ਹਾਂ ਦੀ ਫਰਿਆਦ ਪੜ੍ਹਕੇ ਬਾਦਸ਼ਾਹ ਨੂੰ ਸੁਣਾਈ ਗਈ। ਬਾਦਸ਼ਾਹ ਦੀ ਕਚਹਿਰੀ ਵਿਚ ਗੁਰੂ ਜੀ ਦਾ ਇਕ ਮਿੱਤਰ ਪਠਾਣ ਸੀ, ਉਸਨੇ ਦੱਸਿਆ ਗੁਰੂ ਜੀ ਦੇ ਵਿਰੁੱਧ ਫਰਿਆਦ ਝੂਠੀ ਹੈ। ਉਸ ਪਠਾਣ ਨੇ ਨਾਲ ਹੀ ਬਾਦਸ਼ਾਹ ਨੂੰ ਉਹ ਗੱਲਾਂ ਚੇਤੇ ਕਰਾਈਆਂ ਜਿਨ੍ਹਾਂ ਕਰਕੇ ਬਾਦਸ਼ਾਹ ਨੂੰ ਵੀ ਉਵੇਂ ਹੀ ਮੰਨਣਾ ਪਿਆ ਤੇ ਬਾਦਸ਼ਾਹ ਨੇ ਆਪਣਾ ਫੈਸਲਾ ਦਿੱਤਾ : ''ਮੈਂ ਪਹਿਲੇ ਕਦੀ ਨਹੀਂ ਸੁਣਿਆ ਕਿ ਗੁਰੂ ਜੀ ਨੇ ਕਿਸੇ ਤੇ ਜ਼ੁਲਮ ਕੀਤਾ ਹੋਵੇ, ਜਾਂ ਕਿਸੇ ਦੀ ਜਾਇਦਾਦ ਲੈਣ ਦਾ ਲੋਭ ਕੀਤਾ ਹੋਵੇ। ਮੈਂ ਗੁਰੂ ਜੀ ਦੇ ਲੰਗਰ ਵਾਸਤੇ ਪਿੰਡਾਂ ਨੂੰ ਪਰਵਾਨ ਕਰਨ ਲਈ ਉਨ੍ਹਾਂ ਨੂੰ ਮਸਾਂ ਮਸਾਂ ਮਨਾਇਆ ਸੀ ਅਤੇ ਮੇਰਾ ਨਿਸਚਾ

ਹੈ ਕਿ ਫਰਿਆਦੀ ਅਤੇ ਉਨ੍ਹਾਂ ਦੇ ਮੁਖਤਾਰ ਝੂਠ ਬੋਲਦੇ ਸਨ। ਇਨ੍ਹਾਂ ਆਦਮੀਆਂ ਨੂੰ ਮੇਰੀਆਂ ਅੱਖਾਂ ਤੋਂ ਦੂਰ ਕਰ ਦਿਓ। ਜਦ ਮਰਵਾਹਾ ਅਤੇ ਉਸਦਾ ਨੌਕਰ ਆਪਣਾ ਮਨੋਰਥ ਪੂਰਾ ਕੀਤੇ ਬਿਨਾਂ ਮੁੜ ਆਏ ਤਾਂ ਜੇਠਾ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ—

ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ
ਤਿਨਿ ਵੇਮੁਖਿ ਵੇਮੁਖੈ ਨੋ ਪਾਇਆ।
ਪਾਸਿ ਨ ਦੇਈ ਕੋਈ ਬਹਿਣ ਜਗਤ ਮਹਿ
ਗੂਹ ਪੜਿ ਸਗਲੀ ਮਲੁ ਲਾਇ ਮਨਮੁਖੁ ਆਇਆ।
ਪਰਾਈ ਚੁਗਲੀ ਨੋ ਵੇਮੁਖ ਕਰਿਕੈ ਭੇਜਿਆ
ਓਥੈ ਵੀ ਮੁਹੁ ਕਾਲਾ ਦੁਹਾਵੇ ਮੁਖਾਂ ਦਾ ਕਰਾਇਆ।
ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖ ਸਣੇ
ਨਫਰੈ ਪਉਲੀ ਪਉਦੀ ਫਾਵਾ ਹੋਇਕੈ ਉਠਿ ਘਰਿ ਆਇਆ।
ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨਾ ਮਿਲੈ
ਤਾਂ ਵਹੁਟੀ ਭਤੀਜੀ ਫਿਰਿ ਆਣਿਘਰਿ ਪਾਇਆ।
ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ
ਜਿਨਿ ਨਿਆਉ ਸਚੁ ਬਹਿ ਆਪ ਕਰਾਇਆ।
ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸੋਚੇ ਮਾਰ ਪਚਾਇਆ।
ਏਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭ ਉਪਾਇਆ॥੧॥

(ਆਃ ਗ੍ਰੰਃ ਪੰਃ ੬੦੬) (ਵਾਰ ਗਉੜੀ ਮਃ ੪)

ਫਿਰ ਬ੍ਰਾਹਮਣਾਂ ਨੇ ਆਪਣੀ ਖਾਸ ਫਰਿਆਦ ਗੁਰੂ ਜੀ ਦੇ ਵਿਰੁੱਧ ਤਿਆਰ ਕੀਤੀ ਉਹ ਇਸ ਪ੍ਰਕਾਰ ਸੀ—"ਹਜ਼ੂਰ ਬਾਦਸ਼ਾਹ ਸਲਾਮਤ ਹੀ ਸਾਡੀਆਂ ਗੀਤਾਂ ਦੇ ਰਖਿਅਕ ਅਤੇ ਸਾਡੇ ਦੁੱਖਾਂ ਨੂੰ ਦੂਰ ਕਰਨ ਵਾਲੇ ਹਨ। ਹਰ ਇਕ ਆਦਮੀ ਨੂੰ ਆਪਣਾ ਧਰਮ ਪਿਆਰਾ ਹੈ। ਗੋਇੰਦਵਾਲ ਦੇ ਰਹਿਣ ਵਾਲੇ ਗੁਰੂ ਅਮਰਦਾਸ ਜੀ ਨੇ ਹਿੰਦੂਆਂ ਦੀਆਂ ਧਾਰਮਕ ਭਾਈਚਾਰਕ ਰਸਮਾਂ ਛੱਡ ਦਿੱਤੀਆਂ ਹਨ ਅਤੇ ਚੌਹਾਂ ਵਰਨਾਂ ਦੇ ਭਿੰਨ ਭੇਦ ਮਿਟਾ ਦਿੱਤੇ ਹਨ। ਇਹੋ ਜਿਹੀ ਧਰਮ ਦੀ ਹਾਨੀ ਪਹਿਲਾਂ ਚੌਹਾਂ ਜੁਗਾਂ ਵਿਚ ਕਦੀ ਨਹੀਂ ਹੋਈ ਸੀ।

ਅੱਜ ਕਲ੍ਹ ਸੰਧਿਆ ਵੀ ਨਹੀਂ ਕੀਤੀ ਜਾਂਦੀ, ਨਾ ਗਾਇਤ੍ਰੀ ਪੜ੍ਹੀ ਜਾਂਦੀ ਹੈ, ਨਾ ਕੋਈ ਪਿਤਰਾਂ ਨੂੰ ਪਾਣੀ ਦਿੰਦਾ ਹੈ, ਨਾ ਤੀਰਥ ਯਾਤਰਾ ਕਰਦਾ ਹੈ, ਨਾ ਕੋਈ ਕਿਰਿਆ ਕਰਮ ਕਰਦਾ ਹੈ ਅਤੇ ਨਾ ਹੀ ਮੂਰਤੀ ਪੂਜਾ ਤੇ ਨਾ ਹੀ ਠਾਕਰ ਸਾਲਿਗਰਾਮ ਦੀ ਪੂਜਾ ਹੁੰਦੀ ਹੈ।" ਗੁਰੂ ਜੀ ਨੇ ਇਹ ਕੁਝ ਛੁਡਾ ਦਿੱਤਾ ਹੈ ਅਤੇ ਰਾਮ ਦੀ ਥਾਂ ਵਾਹਿਗੁਰੂ ਦਾ ਜਾਪ ਸ਼ੁਰੂ ਕਰਾ ਦਿੱਤਾ ਹੈ, ਹੁਣ ਕੋਈ ਵੇਦਾਂ ਤੇ ਸਿਮ੍ਰਤੀਆਂ ਅਨੁਸਾਰ ਨਹੀਂ ਚਲਦਾ। ਗੁਰੂ ਜੀ, ਜੋਗੀਆਂ, ਜਤੀਆਂ, ਬ੍ਰਾਹਮਣਾਂ ਦਾ ਸਤਿਕਾਰ ਨਹੀਂ ਕਰਦੇ। ਨਾ ਉਹ ਆਪ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਹਨ ਸਗੋਂ ਆਪਣੇ ਸਿੱਖਾਂ ਨੂੰ ਵੀ ਅੱਗੋਂ ਸਦਾ ਲਈ ਅਜਿਹਾ ਕਰਨੋ ਰੋਕਦੇ ਹਨ। ਗੁਰੂ ਜੀ ਆਪਣੇ ਮੰਨਣ ਵਾਲਿਆਂ ਨੂੰ ਇਕ ਪੰਗਤ ਵਿਚ ਬਿਠਾਂਦੇ ਹਨ ਅਤੇ ਉਨ੍ਹਾਂ ਨੂੰ ਜਾਤ ਪਾਤ ਦੇ ਭੇਤ ਤੋਂ ਬਿਨਾ ਹੀ ਆਪਣੇ ਲੰਗਰ ਵਿਚ ਇਕੱਠਿਆਂ

ਛਕਾਉਂਦੇ ਹਨ, ਭਾਵੇਂ ਉਹ ਜਟ, ਮੁਸਲਮਾਨ, ਬ੍ਰਾਹਮਣ, ਖਤਰੀ, ਹਟਵਾਣੀਏ, ਚੂਹੜੇ, ਨਾਈ, ਛੀਂਬੇ, ਮਾਛੀ ਜਾਂ ਤਰਖਾਣ ਹੋਣ। ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਹਜ਼ੂਰ ਗੁਰੂ ਜੀ ਨੂੰ ਹੁਣ ਰੋਕਣ, ਨਹੀਂ ਤਾਂ ਪਿੱਛੋਂ ਰੋਕਣਾ ਬਹੁਤ ਔਖਾ ਹੋ ਜਾਏਗਾ। ਰੱਬ ਕਰੇ ਹਜ਼ੂਰ ਦਾ ਧਰਮ ਤੇ ਬਾਦਸ਼ਾਹੀ ਵਧੇ ਫੁੱਲੇ ਤੇ ਦੁਨੀਆਂ ਵਿੱਚ ਫੈਲੇ।"

ਇਸ ਫਰਿਆਦ ਮਗਰੋਂ ਬਾਦਸ਼ਾਹ ਨੇ ਫੈਸਲਾ ਕੀਤਾ ਕਿ ਗੁਰੂ ਜੀ ਨੂੰ ਬੁਲਾਇਆ ਜਾਵੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੋਸ਼ ਲਾਉਣ ਵਾਲਿਆਂ ਦੇ ਸਾਹਮਣੇ ਕੀਤਾ ਜਾਵੇ। ਇਸ ਲਈ ਬਾਦਸ਼ਾਹ ਨੇ ਇਕ ਵੱਡੇ ਕਾਰਦਾਰ ਨੂੰ ਗੋਇੰਦਵਾਲ ਘਲਿਆ ਤਾਂ ਜੋ ਉਹ ਗੁਰੂ ਜੀ ਦੇ ਪਾਸ ਬੇਨਤੀ ਕਰਕੇ ਸੱਦ ਲਿਆਵੇ। ਬਾਦਸ਼ਾਹ ਦਾ ਸੱਦਾ ਅੱਜਕਲ ਦੀ ਕਚਹਿਰੀ ਦਾ ਨਿਰਦਈ ਹੁਕਮਨਾਮਾ ਨਹੀਂ ਸੀ ਪਈ "ਇਸ ਤੋਂ ਖੁੰਝਣਾ ਨਹੀਂ ਹੋਵੇਗਾ"। ਸਗੋਂ ਇਹ ਸੀ "ਮਹਾਰਾਜ ਕਿਰਪਾ ਕਰਕੇ ਮੈਨੂੰ ਆਪਣਾ ਦੀਦਾਰ ਬਖਸ਼ੋ।" ਉਸ ਬਾਦਸ਼ਾਹੀ ਕਾਰਦਾਰ ਨੇ ਗੁਰੂ ਜੀ ਨੂੰ ਉਨ੍ਹਾਂ ਦੇ ਵਿਰੁੱਧ ਬ੍ਰਾਹਮਣਾਂ, ਖੱਤਰੀਆਂ ਦੇ ਲਾਏ ਦੋਸ਼ ਦੱਸੇ। ਗੁਰੂ ਜੀ ਕਹਿਣ ਲੱਗੇ : "ਅਸੀਂ ਇਤਨੇ ਬਿਰਧ ਹਾਂ ਕਿ ਕਿਤੇ ਜਾ ਨਹੀਂ ਸਕਦੇ, ਸਾਡਾ ਪੁੱਤਰ ਮੋਹਨ ਵਾਹਿਗੁਰੂ ਦੇ ਧਿਆਨ ਵਿਚ ਮਗਨ ਰਹਿੰਦਾ ਹੈ ਅਤੇ ਸਾਡਾ ਦੂਜਾ ਪੁੱਤਰ ਮੋਹਰੀ ਕਹਿੰਦਾ ਹੈ ਮੈਂ ਕਦੀ ਕਚਹਿਰੀ ਨਹੀਂ ਵੇਖੀ। ਜੇਠਾ ਜੀ ਹੀ ਹਨ, ਉਹ ਜਾ ਕੇ ਬਾਦਸ਼ਾਹ ਨਾਲ ਮੁਲਾਕਾਤ ਕਰਨਗੇ।" ਗੁਰੂ ਜੀ ਨੇ ਭਾਈ ਜੇਠਾ ਜੀ ਨੂੰ ਉਪਦੇਸ਼ ਦਿੱਤਾ ਕਿ ਤੁਸੀਂ ਸਾਡੇ ਵਲੋਂ ਕਚਹਿਰੀ ਵਿੱਚ ਜਾਓ। ਗੁਰੂ ਅਮਰਦਾਸ ਜੀ ਨੇ ਜੇਠਾ ਜੀ ਨੂੰ ਗਲ ਨਾਲ ਲਾ ਕੇ ਇਸ ਤਰ੍ਹਾਂ ਹੁਕਮ ਕੀਤਾ :—

"ਤੁਸੀਂ ਮੇਰਾ ਹੀ ਸਰੂਪ ਹੋ, ਗੁਰੂ ਨਾਨਕ ਦੇਵ ਜੀ ਤੁਹਾਡੇ ਅੰਗ ਸੰਗ ਹਨ, ਤੁਹਾਡੇ ਸਾਹਮਣੇ ਕੋਈ ਠਹਿਰ ਨਹੀਂ ਸਕੇਗਾ। ਖਤਰੀ ਅਤੇ ਬ੍ਰਾਹਮਣ, ਜਿਨ੍ਹਾਂ ਨੇ ਪੁਕਾਰ ਕੀਤੀ ਹੈ, ਅਗਿਆਨੀ ਅਤੇ ਝੂਠੇ ਹਨ। ਸਾਰੇ ਪ੍ਰਸ਼ਨ ਜੋ ਤੁਹਾਡੇ ਤੇ ਕੀਤੇ ਜਾਣ ਉਨ੍ਹਾਂ ਦਾ ਸੱਚ ਸੱਚ ਉੱਤਰ ਦੇਵੋ, ਸੰਗਣਾ ਨਹੀਂ ਅਤੇ ਕਿਸੇ ਤੋਂ ਡਰਨਾ ਨਹੀਂ। ਜੇਕਰ ਕੋਈ ਔਖਾ ਪ੍ਰਸ਼ਨ ਕੀਤਾ ਜਾਵੇ ਅਤੇ ਤੁਹਾਨੂੰ ਉਸਦਾ ਉੱਤਰ ਨਾ ਅਹੁੜੇ, ਤਾਂ ਗੁਰੂ ਵੱਲ ਧਿਆਨ ਕਰੋ ਫਿਰ ਤੁਸੀਂ ਯੋਗ ਉੱਤਰ ਦੇ ਸਕੋਗੇ। ਗੁਰੂ ਨਾਨਕ ਦੇਵ ਜੀ ਦੀ ਸੱਚੀ ਸਿੱਖਿਆ ਨੂੰ ਕਚਹਿਰੀ ਦੇ ਸਾਹਮਣੇ ਸੱਚ ਸਾਬਤ ਕਰਕੇ ਵਿਖਾ ਦਿਓ। ਝੂਠ ਸੱਚ ਦੇ ਸਾਹਮਣੇ ਖਲੋ ਨਹੀਂ ਸਕਦਾ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ :—

"ਕੂੜ ਨਖੁਟੇ ਨਾਨਕਾ ਓੜਕ ਸਚਿ ਰਹੀ।" *(ਆਃ ਗ੍ਰੰ: ਪੰ:)*

ਇਹ ਉਪਦੇਸ਼ ਲੈ ਕੇ ਜੇਠਾ ਜੀ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ ਅਤੇ ਕਹਿਣ ਲੱਗੇ : "ਹੇ ਮੇਰੇ ਸਵਾਮੀ ਜੀ, ਮੈਂ ਆਪ ਕੁਝ ਨਹੀਂ ਜਾਣਦਾ ਕੇਵਲ ਆਪਦੇ ਦਰਸ਼ਨ ਹੀ ਮੇਰੀ ਸਵੇਰ ਅਤੇ ਸ਼ਾਮ ਦੀ ਅਰਦਾਸ ਹੈ। ਮੇਰਾ ਧਿਆਨ ਸਦਾ ਆਪ ਵੱਲ ਹੀ ਰਹੇਗਾ, ਜੋ ਆਪ ਨੇ ਹੁਕਮ ਕੀਤਾ ਹੈ ਸੋਈ ਮੈਂ ਕਰਾਂਗਾ।" ਤਾਂ ਗੁਰੂ ਜੀ ਨੇ ਪਿਆਰ ਨਾਲ ਉਨ੍ਹਾਂ ਦੀ ਪਿੱਠ ਉੱਤੇ ਥਾਪੀ ਦਿੱਤੀ ਅਤੇ ਪੰਜ ਭਰੋਸੇ ਵਾਲੇ ਸਿੱਖ ਨਾਲ ਦੇ ਕੇ ਭਾਈ ਜੇਠਾ ਜੀ ਨੂੰ ਤੋਰ ਦਿੱਤਾ।

ਕਾਂਡ—31

ਜੇਠਾ ਜੀ ਦਾ ਬਾਦਸ਼ਾਹ ਦੀ ਕਚਹਿਰੀ ਵਿਚ ਜਾਣਾ

ਬਾਦਸ਼ਾਹ ਨੇ ਬੜੇ ਮਾਨ ਤੇ ਸਤਿਕਾਰ ਨਾਲ ਭਾਈ ਜੇਠਾ ਜੀ ਦਾ ਸੁਆਗਤ ਕੀਤਾ ਅਤੇ ਗੁਰੂ ਜੀ ਦੀ ਸੁੱਖ ਅਨੰਦ ਪੁੱਛੀ। ਬ੍ਰਾਹਮਣਾਂ ਅਤੇ ਖਤਰੀਆਂ ਨੇ ਜਦੋਂ ਆਪਣੇ ਮੁਖਤਾਰ ਨੂੰ ਆਪਣੀਆਂ ਸ਼ਿਕਾਇਤਾਂ ਪੂਰੇ ਜ਼ੋਰ ਨਾਲ ਦੱਸਣ ਯੋਗ ਨਾ ਸਮਝਿਆ ਤਾਂ ਉਨ੍ਹਾਂ ਨੇ ਵਿਚਾਰ ਕਰਕੇ ਫੈਸਲਾ ਕੀਤਾ ਕਿ ਅਸੀਂ ਆਪ ਹੀ ਬਾਦਸ਼ਾਹ ਦੇ ਸਾਹਮਣੇ ਪੇਸ਼ ਹੋਈਏ। ਜਦ ਉਹ ਉੱਥੇ ਪੁੱਜੇ ਤਾਂ ਉਨ੍ਹਾਂ ਗੁਰੂ ਜੀ ਦੇ ਵਿਰੁੱਧ ਲਿਖ ਕੇ ਦਿੱਤੇ ਹੋਏ ਦੋਸ਼ ਮੁੜ ਜ਼ਬਾਨੀ ਕਹੇ। ਇਹ ਹੁਣ ਉਨ੍ਹਾਂ ਲਈ ਬਾਕੀ ਰਹਿੰਦਾ ਸੀ ਕਿ ਆਪਣੇ ਲਾਏ ਦੂਸ਼ਨਾਂ ਨੂੰ ਹੋਰ ਢੰਗ ਨਾਲ ਬਦਲ ਕੇ ਦੱਸਣ। ਉਹ ਕਹਿਣ ਲੱਗੇ ਕਿ ਇਹ ਜੋ ਗੁਰੂ ਜੀ ਲੋਕਾਂ ਨੂੰ ਪੁਰਾਤਨ ਮਤਿ ਤੋਂ ਹਟਾ ਰਹੇ ਹਨ, ਉਨ੍ਹਾਂ ਦੇ ਇਸ ਵਤੀਰੇ ਨਾਲ ਰਾਜ ਰੌਲਾ ਜਾਂ ਬਗਾਵਤ ਹੋ ਜਾਣ ਦਾ ਡਰ ਹੈ, ਇਹ ਸੁਣ ਕੇ ਬਾਦਸ਼ਾਹ ਨੇ ਭਾਈ ਜੇਠਾ ਜੀ ਨੂੰ ਕਿਹਾ ਕਿ ਇਨ੍ਹਾਂ ਦੂਸ਼ਨਾਂ ਦਾ ਉੱਤਰ ਦਿਓ।

ਜੇਠਾ ਜੀ ਬੋਲੇ : "ਹੇ ਬਾਦਸ਼ਾਹ, ਸਤਿਜੁਗ ਵਿਚ 'ਵਾਸਦੇਵ' ਦੇ ਨਾਮ ਨਾਲ, ਤ੍ਰੇਤੇ ਵਿਚ 'ਹਰੀ' ਦੇ ਨਾਮ ਨਾਲ, ਦੁਆਪਰ ਵਿਚ 'ਗੋਬਿੰਦ' ਦੇ ਨਾਮ ਨਾਲ ਅਤੇ ਕਲਜੁਗ ਵਿਚ 'ਰਾਮ' ਦੇ ਨਾਮ ਨਾਲ ਪਰਮਾਤਮਾ ਦੀ ਪੂਜਾ ਹੁੰਦੀ ਰਹੀ ਹੈ। ਗੁਰੂ ਜੀ ਨੇ ਇਨ੍ਹਾਂ ਚੌਦ੍ਹਾਂ ਨਾਵਾਂ ਦੇ ਪਹਿਲੇ ਅੱਖਰਾਂ ਤੋਂ 'ਵਾਹਿਗੁਰੂ' ਪਦ ਬਣਾ ਦਿੱਤਾ ਹੈ, ਜਿਸ ਦਾ ਭਾਵ ਗੁਰੂ ਅਤੇ ਪਰਮੇਸ਼ਰ ਦੀ ਉਸਤਤ ਹੈ। ਸ਼ਾਸਤ੍ਰ ਰਚਿਤ ਰਿਖੀਆਂ ਨੇ ਲਿਖਿਆ ਹੈ ਕਿ ਜਿੱਥੇ ਕਿਤੇ ਸੰਤ ਜਨ ਇਕੱਠੇ ਹੋ ਕੇ ਪਰਮਾਤਮਾ ਦਾ ਨਾਮ ਜਪਣ ਅਤੇ ਉਪਮਾ ਕਰਨ ਉੱਥੇ ਹੀ ਗੰਗਾ, ਜਮਨਾ, ਸਰਸਵਤੀ, ਗੋਦਾਵਰੀ ਅਤੇ ਸਭ ਹਿੰਦੂ ਤੀਰਥ ਹਨ। ਇਹ ਸੱਚ ਹੈ ਕਿ ਇਨ੍ਹਾਂ ਤੀਰਥਾਂ ਤੇ ਨਹਾਉਣ ਨਾਲ ਪਿੰਡੇ ਦੀ ਮੈਲ ਲੱਥ ਜਾਂਦੀ ਹੈ ਪਰ ਸੰਤਾਂ ਦੀ ਸੰਗਤ ਅਤੇ ਵਾਹਿਗੁਰੂ ਦਾ ਨਾਮ ਜਪਣ ਕਰਕੇ ਹੀ ਮਨ ਪਵਿੱਤਰ ਹੁੰਦਾ ਹੈ। ਮੂਰਤੀ ਪੂਜਾ ਨਾਲੋਂ ਚੰਗਾ ਹੈ ਕਿ ਹਰ ਇਕ ਜੀਵ ਵਿਚ ਵਾਹਿਗੁਰੂ ਦੀ ਜੋਤ ਪਛਾਣੀ ਜਾਏ, ਕਿਸੇ ਦੀ ਆਤਮਾ ਨਾ ਦੁਖਾਈ ਜਾਏ, ਕਿਉਂ ਜੋ ਦਇਆ ਦੇ ਬਰਾਬਰ ਕਿਹੜਾ ਤੀਰਥ ਅਸਥਾਨ ਹੈ? ਕਿਸੇ ਨਾਲ ਵੈਰ ਨਾ ਰੱਖਣਾ ਵਰਤ ਰੱਖਣ ਦੇ ਸਮਾਨ ਹੈ। ਪਖੰਡ ਛੱਡਕੇ ਵਾਹਿਗੁਰੂ ਦਾ ਨਾਮ ਜਪਣਾ ਸਾਡੇ ਧਰਮ ਦਾ ਵੱਡਾ ਮੂਲ ਹੈ। ਸਤਿਗੁਰੂ ਸਭਨਾ ਨੂੰ ਮਾਣ ਬਖਸ਼ਦੇ ਹਨ, ਪਰ ਆਪ ਨਿਰਮਾਣ ਰਹਿੰਦੇ ਹਨ। ਬ੍ਰਾਹਮਣ ਵਾਹਿਗੁਰੂ ਦੇ ਤੁਲ ਹੋਣ ਦਾ ਦਾਵਾ ਬੰਨ੍ਹਦੇ ਹਨ। ਗੁਰੂ ਜੀ ਇਹੋ ਜਿਹੀ ਆਪਣੀ ਫੋਕੀ ਵਡਿਆਈ ਨਹੀਂ ਕਰਦੇ, ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਅਸੀਂ ਵਾਹਿਗੁਰੂ ਦੇ ਦਾਸ ਹਾਂ। ਸਵਾਰਥੀ ਅਤੇ ਲੋਭੀ ਆਦਮੀ

ਦੌਲਤ ਦੇ ਮਗਰ ਭਟਕਦੇ ਫਿਰਦੇ ਹਨ, ਪਰ ਗੁਰੂ ਜੀ ਨੂੰ ਕੋਈ ਸੰਸਾਰਕ ਵਾਸ਼ਨਾ ਨਹੀਂ, ਇਹ ਜਾਣਦੇ ਹੋਏ ਕਿ ਵਾਹਿਗੁਰੂ ਹਰ ਇਕ ਜੀਵ ਵਿਚ ਅਤੇ ਥਾਂ ਵਸਦਾ ਹੈ, ਅਤੇ ਹਰ ਉਨ੍ਹਾਂ ਦੇ ਕਰਮਾਂ ਨੂੰ ਤਿਆਗ ਦਿੱਤਾ ਗਿਆ ਹੈ।" ਫਿਰ ਭਾਈ ਜੇਠਾ ਜੀ ਨੇ ਹੇਠ ਲਿਖਿਆ ਸ਼ਬਦ ਪੜ੍ਹਿਆ :—

ਰਾਮ ਨਾਮੁ ਨਿਧਾਨੁ ਹਰਿ ਗੁਰਮਤਿ ਰਖੁ ਉਰ ਧਾਰਿ।
ਦਾਸਨ ਦਾਸਾ ਹੋਇ ਰਹੁ ਹਉਮੈ ਬਿਖਿਆ ਮਾਰਿ।
ਜਨਮੁ ਪਦਾਰਥੁ ਜੀਤਿਆ ਕਦੇ ਨਾ ਆਵੈ ਹਾਰਿ।
ਧਨੁ ਧਨੁ ਵਡਭਾਗੀ ਨਾਨਕਾ ਜਿਨ
ਗੁਰਮਤਿ ਹਰਿ ਰਾਸੁ ਸਾਰਿ॥੧॥ ਮ: ੪॥
ਗੋਵਿੰਦੁ ਗੋਵਿੰਦੁ ਗੋਵਿੰਦ ਹਰਿ ਗੋਵਿੰਦੁ ਗੁਣੀ ਨਿਧਾਨੁ।
ਗੋਵਿੰਦ ਗੋਵਿੰਦ ਗੁਰਮਤਿ ਧਿਆਈਐ ਤਾਂ ਦਰਗਹ ਪਾਈਐ ਮਾਨੁ।੨॥

(ਆ: ਗ੍ਰੰ: ਪੰ:)

(ਵਾਰ ਕਾਨੜਾ ਮ: ੪)

ਫਿਰ ਜੇਠਾ ਜੀ ਨੇ ਕਿਹਾ : "ਪਰ ਜੇਕਰ ਮੇਰੇ ਉੱਤੇ ਦੂਸ਼ਨ ਵਾਲੇ ਜੇ ਮੇਰੀ ਵਿਦਿਆ ਦੀ ਪ੍ਰੀਖਿਆ ਕਰਨੀ ਚਾਹੁੰਦੇ ਹਨ ਤਾਂ ਮੈਂ ਗਾਇਤ੍ਰੀ ਦੀ ਵਿਆਖਿਆ ਕਰ ਦਿੰਦਾ ਹਾਂ ਭਾਵੇਂ ਮੈਨੂੰ ਇਸ ਦੀਆਂ ਖੂਬੀਆਂ ਤੇ ਕੋਈ ਨਿਸ਼ਚਾ ਨਹੀਂ।" ਜੇਠਾ ਜੀ ਨੂੰ ਇਸ ਬਚਨ ਨੂੰ ਪੂਰਾ ਕਰਨ ਲਈ ਆਖਿਆ ਗਿਆ। ਜਦ ਜੇਠਾ ਜੀ ਨੇ ਹਿੰਦੂਆਂ ਦੀ ਮਸ਼ਹੂਰ ਗਾਇਤ੍ਰੀ ਦੀ ਕਥਾ ਕੀਤੀ ਤਾਂ ਬ੍ਰਾਹਮਣ ਤੇ ਖਤਰੀ ਜਿਹੜੇ ਫਰਿਆਦ ਕਰਨ ਆਏ ਹੋਏ ਸਨ, ਜੇਠਾ ਜੀ ਦੀ ਵਿਦਿਆ ਅਤੇ ਉਨ੍ਹਾਂ ਦੀ ਹਿੰਦੂ ਧਰਮ ਸਬੰਧੀ ਗੂੜ੍ਹੀ ਵਾਕਫੀ ਵੇਖ ਕੇ ਹੈਰਾਨ ਹੋ ਗਏ। ਖਤਰੀ ਬ੍ਰਾਹਮਣਾਂ ਨੂੰ ਬਾਦਸ਼ਾਹ ਦੇ ਸਾਹਮਣੇ ਸ਼ਰਮਿੰਦੇ ਹੋਣਾ ਪਿਆ ਅਤੇ ਜੇਠਾ ਜੀ ਦੇ ਨਾਲ ਦੇ ਸਿੱਖ ਇਦਾਂ ਪ੍ਰਸੰਨ ਹੋਏ ਜਿਦਾਂ ਸੂਰਜ ਨੂੰ ਵੇਖ ਕੇ ਕੰਵਲ ਫੁੱਲ।

ਫਿਰ ਬਾਦਸ਼ਾਹ ਨੇ ਆਪਣਾ ਫੈਸਲਾ ਇਉਂ ਦਿੱਤਾ : "ਮੈਂ ਇਸ ਆਦਮੀ (ਗੁਰੂ ਜੀ) ਵਿਚ ਹਿੰਦੂ ਮਤ ਸਬੰਧੀ ਕੋਈ ਦੁਸ਼ਮਨੀ ਨਹੀਂ ਵੇਖਦਾ। ਨਾ ਹੀ ਮੈਨੂੰ ਇਨ੍ਹਾਂ ਦੀ ਰਚਨਾ ਵਿਚ ਕੋਈ ਨੁਕਸ ਜਾਪਦਾ ਹੈ। ਗਾਇਤ੍ਰੀ ਪੜ੍ਹਨਾ ਜਾਂ ਨਾ ਪੜ੍ਹਨਾ ਇਨ੍ਹਾਂ ਦੀ ਆਪਣੀ ਮਰਜ਼ੀ ਹੈ। ਗਾਇਤ੍ਰੀ ਦਾ ਜਾਪੁ ਕਰਾਉਣ ਜਾਂ ਸੰਧਿਆ ਕਰਾਉਣ ਨਾਲ ਮੇਰਾ ਉੱਕਾ ਹੀ ਕੋਈ ਸਬੰਧ ਨਹੀਂ। ਜੇਠਾ ਜੀ ਦੇ ਕਥਨ ਦੱਸਦੇ ਹਨ ਕਿ ਮਨ ਨੂੰ ਕਿਵੇਂ ਪਵਿੱਤਰ ਕਰਨਾ ਚਾਹੀਦਾ ਹੈ ਅਤੇ ਪਖੰਡ ਕਿਸ ਤਰ੍ਹਾਂ ਤਿਆਗ ਸਕੀਦਾ ਹੈ। ਖੁਦਾ ਅਤੇ ਉਸ ਦੇ ਦਰਵੇਸ਼ ਵਿਚ ਕੋਈ ਭੇਦ ਨਹੀਂ। ਕੋਈ ਆਦਮੀ ਇਨ੍ਹਾਂ ਦੋਹਾਂ ਦੀ ਰੀਸ ਨਹੀਂ ਕਰ ਸਕਦਾ। ਤੁਸੀਂ ਫਰਿਆਦ ਕਰਨ ਵਾਲੇ ਸੱਚ ਦੇ ਵੈਰੀ ਹੋ ਅਤੇ ਖਾਹ-ਮਖਾਹ ਵਾਧੂ ਤੰਗ ਕਰਦੇ ਹੋ। ਜੇਕਰ ਤੁਹਾਡੇ ਵਿਚ ਹਿੰਮਤ ਹੈ ਤਾਂ ਜੇਠਾ ਜੀ ਦੀਆਂ ਗੱਲਾਂ ਦਾ ਉੱਤਰ ਦੇਵੋ, ਜੇ ਨਹੀਂ ਤਾਂ ਜੇਠਾ ਜੀ ਪਾਸੋਂ ਖਿਮਾਂ ਮੰਗੋ।" ਬ੍ਰਾਹਮਣ ਕੋਈ ਜਵਾਬ ਨਾ ਦੇ ਸਕੇ ਅਤੇ ਡਾਢੇ ਸ਼ਰਮਿੰਦੇ ਹੋ ਕੇ ਕਚਹਿਰੀ ਵਿਚੋਂ ਚਲੇ ਗਏ।

ਫਿਰ ਵੀ ਬਾਦਸ਼ਾਹ ਨੇ ਜੇਠਾ ਜੀ ਨੂੰ ਅੱਡ ਕਰਕੇ ਕਿਹਾ ਕਿ ਗੁਰੂ ਅਮਰਦਾਸ ਜੀ ਪਾਸ ਬੇਨਤੀ ਕਰਨੀ ਕਿ ਜਿਵੇਂ ਸਿੱਖ ਬਣਨ ਤੋਂ ਪਹਿਲਾਂ ਉਹ ਆਪ ਹਰ ਵਰ੍ਹੇ ਗੰਗਾ ਦੀ ਯਾਤਰਾ ਕਰਦੇ ਹੁੰਦੇ ਸਨ, ਕਿਰਪਾ ਕਰਕੇ ਹਿੰਦੂਆਂ ਦੇ ਕਰੋਧ ਨੂੰ ਠੰਡਾ ਕਰਨ ਲਈ ਇਕ ਵਾਰ ਹੋਰ ਯਾਤਰਾ ਉੱਤੇ ਜਾਣ। ਬਾਦਸ਼ਾਹ ਨੇ ਫਿਰ ਕਿਹਾ ਕਿ ਮੈਂ ਇਕ ਹੁਕਮਨਾਮਾ ਕੱਢਾਂਗਾ ਕਿ ਗੁਰੂ ਜੀ ਅਤੇ ਉਨ੍ਹਾਂ ਦੀ ਨਾਲ ਦੀ ਸੰਗਤ ਪਾਸੋਂ ਕੋਈ[1] ਜਜ਼ੀਆ ਨਾ ਲਿਆ ਜਾਵੇ।

ਮਰਵਾਹੇ ਵਾਲੇ ਜ਼ਮੀਨ ਦੇ ਮੁਕੱਦਮੇ ਵਿਚ ਹਾਰ ਜਾਣ ਕਰਕੇ ਗੋਬਿੰਦੇ ਦੇ ਪੁੱਤਰ ਦੇ ਦਿਲ ਉੱਤੇ ਅਜਿਹੀ ਚੋਟ ਲੱਗੀ ਕਿ ਉਹ ਸੁਕ ਸੁਕ ਕੇ ਛੇਤੀ ਹੀ ਮਰ ਗਿਆ। ਉਸ ਦੀ ਮਾਂ ਨੂੰ ਨਿਸ਼ਚਾ ਸੀ ਕਿ ਮੇਰੇ ਪੁੱਤਰ ਦਾ ਇਹ ਹਾਲ ਗੁਰੂ ਜੀ ਦੀ ਵਿਰੋਧਤਾ ਕਰਨ ਕਰਕੇ ਹੀ ਹੋਇਆ ਹੈ, ਇਸ ਲਈ ਆਪਣੀ ਕੁਲ ਨੂੰ ਨਾਸ ਹੋਣ ਤੋਂ ਬਚਾਉਣ ਲਈ ਆਪਣੇ ਦੂਜੇ ਪੁੱਤਰ ਨੂੰ ਜਿਹੜਾ ਅਜੇ ਨਿੱਕਾ ਹੀ ਸੀ, ਗੁਰੂ ਜੀ ਪਾਸ ਲੈ ਆਈ ਅਤੇ ਬੇਨਤੀ ਕੀਤੀ ਕਿ ਇਸ ਬਾਲਕ ਦੀ ਰੱਖਿਆ ਕਰੋ। ਗੁਰੂ ਜੀ ਨੇ ਤਰਸ ਕਰਕੇ ਕਿਹਾ : "ਇਹ ਪੁੱਤਰ ਗੁਰੂ ਘਰ ਦੇ ਲੜ ਲੱਗਾ ਰਹੇਗਾ ਅਤੇ ਇਸ ਦੇ ਕਈ ਪੁੱਤਰ ਹੋਣਗੇ।" ਗੁਰੂ ਜੀ ਦਾ ਇਹ ਭਵਿੱਖ ਵਾਕ ਮਗਰੋਂ ਪੂਰਾ ਹੋਇਆ।

ਗੁਰੂ ਅਮਰਦਾਸ ਜੀ ਦੀ ਤੀਰਥ ਯਾਤਰਾ

ਗੁਰੂ ਜੀ ਬਾਦਸ਼ਾਹ ਦੀ ਸਲਾਹ ਮੰਨ ਕੇ ਅਤੇ ਇਹ ਵਿਚਾਰ ਕਰਕੇ ਕਿ ਸਾਨੂੰ ਆਪਣੇ ਧਰਮ ਦੇ ਪ੍ਰਚਾਰ ਕਰਨ ਦਾ ਵੀ ਅਵਸਰ ਮਿਲੇਗਾ, ਹਰਦੁਵਾਰ ਦੀ ਯਾਤਰਾ ਲਈ ਤੁਰ ਪਏ। ਗੁਰੂ ਮਹਾਰਾਜ ਦੇ ਬਿਆਸਾ ਦਰਿਆ ਲੰਘ ਕੇ ਦੁਆਬੇ ਵਿਚ ਪਹੁੰਚਣ ਤੱਕ ਉਨ੍ਹਾਂ ਨਾਲ ਲੋਕਾਂ ਦੀ ਇਕ ਵੱਡੀ ਭੀੜ ਹੋ ਗਈ ਸੀ। ਇਹਨਾਂ ਸਭ ਨੂੰ ਪਤਾ ਲੱਗ ਗਿਆ ਸੀ ਕਿ ਗੁਰੂ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸਾਧਾਰਨ ਯਾਤਰੂਆਂ ਵਾਲਾ ਟੈਕਸ (ਜਜ਼ੀਆ) ਮੁਆਫ ਕੀਤਾ ਗਿਆ ਹੈ, ਇਸ ਲਈ ਲੋਕੀ ਭਾਰੀ ਗਿਣਤੀ ਵਿਚ ਗੁਰੂ ਜੀ ਨਾਲ ਆ ਰਲੇ। ਉਨ੍ਹਾਂ ਸੋਚਿਆ ਕਿ ਗੁਰੂ ਜੀ ਦੇ ਦਰਸ਼ਨ ਕਰਾਂਗੇ, ਸ਼ਬਦ ਕੀਰਤਨ ਸੁਣਦਿਆਂ ਤੀਰਥ ਯਾਤਰਾ ਕਰਾਂਗੇ, ਗੁਰੂ ਜੀ ਦੇ ਲੰਗਰ ਵਿਚੋਂ ਪ੍ਰਸ਼ਾਦਾ ਛਕਾਂਗੇ, ਜਜ਼ੀਆ ਨਹੀਂ ਭਰਨਾ ਪਵੇਗਾ, ਲੁਟੇਰਿਆਂ ਤੇ ਚੋਰਾਂ ਤੋਂ ਬਚੇ ਰਹਾਂਗੇ ਅਤੇ ਨਾਲੇ ਆਪਣੇ ਉੱਘੇ ਤੀਰਥ ਅਸਥਾਨਾਂ ਉੱਤੇ ਜਾ ਕੇ ਸਾਰੀਆਂ ਗੀਤਾਂ ਰਸਮਾਂ ਸਣੇ ਇਸ਼ਨਾਨ ਕਰਨ ਦਾ ਲਾਭ ਪ੍ਰਾਪਤ ਕਰਾਂਗੇ।

ਇਨ੍ਹਾਂ ਸਾਰਿਆਂ ਕਾਰਨਾਂ ਕਰਕੇ ਹਜ਼ਾਰਾਂ ਲੋਕ ਗੁਰੂ ਜੀ ਦੇ ਮਗਰ ਲੱਗ ਤੁਰੇ। ਗੁਰੂ ਜੀ ਅਤੀ ਬਿਰਧ ਅਵਸਥਾ ਵਿਚ ਹੋਣ ਕਰਕੇ ਕਦੀ ਕਦੀ ਛਿਟੀ ਦੇ ਸਹਾਰੇ ਤੁਰਦੇ ਸਨ ਪਰ ਬਹੁਤਾ ਘੋੜੀ ਦੀ ਸਵਾਰੀ ਕਰਦੇ ਸਨ। ਸਤਲੁਜ ਦਰਿਆ ਤੋਂ ਪਾਰ ਹੋ ਕੇ ਗੁਰੂ ਜੀ

1. ਜਜ਼ੀਆ :—ਉਹ ਟੈਕਸ ਜੋ ਮੁਸਲਮਾਨ ਬਾਦਸ਼ਾਹ ਹਿੰਦੂਆਂ ਤੇ ਲਾਉਂਦੇ ਸਨ, ਆਮ ਤੌਰ ਤੇ ਤੀਰਥਾਂ ਤੇ ਜਾਣ ਵਾਲਿਆਂ ਪਾਸੋਂ ਲਿਆ ਜਾਂਦਾ ਸੀ। ਅਕਬਰ ਨੇ ਇਹ ਉਕਾ ਹਟਾ ਦਿੱਤਾ ਸੀ ਪਰ ਔਰੰਗਜ਼ੇਬ ਨੇ ਮੁੜ ਲਾ ਦਿੱਤਾ ਸੀ।

ਪਹੋਏ ਗਏ। ਪਹੋਵਾ ਤੀਰਥ ਥਾਨੇਸਰ ਜਾਂ ਕੁਰਖੇਤਰ ਤੋਂ ਦੂਰ ਨਹੀਂ ਹੈ। ਇਹ ਓਹ ਜਗ੍ਹਾ ਹੈ ਜਿੱਥੇ ਪਿੱਛਲੇ ਸਮੇਂ ਵਿਚ ਰਿਸ਼ੀ ਮੁਨੀ ਸਰਸਵਤੀ ਨਦੀ ਦੇ ਕੰਢੇ ਤੇ ਕਠਨ ਤਪੱਸਿਆ ਤੇ ਸਾਧਨਾ ਕਰਦੇ ਹੁੰਦੇ ਸਨ। ਪਹੋਵਾ ਦੇ ਪੰਡਤ ਅਤੇ ਬ੍ਰਾਹਮਣ ਗੁਰੂ ਜੀ ਦੇ ਦਰਸ਼ਨ ਕਰਕੇ ਬੜੇ ਪ੍ਰਸੰਨ ਹੋਏ। ਉਹ ਗੁਰੂ ਜੀ ਦੇ ਦਰਬਾਰ ਵਿਚ ਜਾ ਕੇ ਬੈਠੇ। ਫਿਰ ਗੁਰੂ ਜੀ ਥਾਨੇਸਰ ਅਰਥਾਤ ਸ੍ਰਿਸ਼ਟੀ ਨੂੰ ਥੈ ਕਰਨ ਵਾਲੇ ਸ਼ਿਵ ਜੀ ਦੇ ਮਹਾਨ ਪਵਿੱਤਰ ਅਸਥਾਨ ਤੇ ਗਏ। ਉੱਥੇ ਗੁਰੂ ਜੀ ਪਾਸੋਂ ਪੁੱਛਿਆ ਗਿਆ ਕਿ ਤੁਸਾਂ ਦੇਵਤਿਆਂ ਦੀ ਬੋਲੀ ਸੰਸਕ੍ਰਿਤ ਕਿਉਂ ਤਿਆਗੀ ਹੈ ਅਤੇ ਆਪਣੀ ਬਾਣੀ ਗਵਾਰ ਭਾਸ਼ਾ ਵਿਚ ਕਿਉਂ ਉਚਾਰਨ ਕੀਤੀ ਹੈ ?" ਗੁਰੂ ਜੀ ਨੇ ਫੁਰਮਾਇਆ : "ਖੂਹਾਂ ਦਾ ਪਾਣੀ ਕੇਵਲ ਲਾਗੇ ਦੀ ਧਰਤੀ ਨੂੰ ਸਿੰਜਦਾ ਹੈ, ਪਰ ਮੀਂਹ ਦਾ ਜਲ ਸਾਰੀ ਪ੍ਰਿਥਵੀ ਨੂੰ। ਇਸ ਕਰਕੇ ਗੁਰੂ ਜੀ ਨੇ ਆਪਣੀ ਬਾਣੀ ਸਾਧਾਰਨ ਦੇਸ਼ ਭਾਸ਼ਾ ਵਿਚ ਉਚਾਰਨ ਕਰਕੇ, ਉਸ ਨੂੰ ਗੁਰਮੁਖੀ ਅੱਖਰਾਂ ਵਿਚ ਲਿਖਿਆ ਹੈ ਤਾਂ ਕਿ ਹਰ ਜਾਤ ਅਤੇ ਪਦਵੀ ਦੇ ਇਸਤ੍ਰੀ ਪੁਰਖ ਉਸ ਨੂੰ ਪੜ੍ਹ ਸਕਣ।

ਇਕ ਬ੍ਰਾਹਮਣ ਬੋਲਿਆ : "ਬੱਦਲ ਧਰਤੀ ਤੇ ਬਰਸਦੇ ਹਨ, ਪਰ ਕੀ ਅੱਗੇ ਹੀ ਧਰਤੀ ਵਿਚ ਕਾਫੀ ਪਾਣੀ ਨਹੀਂ ਹੁੰਦਾ?" ਗੁਰੂ ਜੀ ਨੇ ਹੇਠ ਲਿਖੇ ਅਨੁਸਾਰ ਉੱਤਰ ਦਿੱਤਾ—

ਜੈਸੀ ਧਰਤੀ ਊਪਰ ਮੇਘੁਲਾ ਬਰਸਤੁ ਹੈ ਕਿਆ
ਧਰਤੀ ਮਧੇ ਪਾਣੀ ਨਾਹੀਂ। ਜੈਸੇ ਧਰਤੀ ਮਧੇ ਪਾਣੀ
ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ॥੧॥ *(ਆਃ ਗ੍ਰੰਃ ਪੰਃ ੧੬੨)*
(ਰਾਗ ਗਉੜੀ ਬੈਰਾਗਣ ਮਃ ੩)

[ਇਹਦਾ ਮਤਲਬ ਇਹ ਹੈ ਕਿ ਜਦ ਧਰਤੀ ਵਿਚ ਪਾਣੀ (ਸੰਸਕ੍ਰਿਤ) ਮੌਜੂਦ ਹੈ ਤਾਂ ਬੱਦਲ (ਭਾਸ਼ਾ ਬੋਲੀ) ਦੀ ਕੀ ਲੋੜ ਹੈ। ਗੁਰੂ ਜੀ ਨੇ ਇਸਦਾ ਉੱਤਰ ਦਿੱਤਾ ਕਿ ਬੱਦਲ ਨਾਲ ਹੀ ਧਰਤੀ ਵਿਚੋਂ ਪਾਣੀ ਨਿਕਲਦਾ ਹੈ ਜੇ ਬੱਦਲ ਨਾ ਵਸੇ ਤਾਂ ਖੂਹ ਵੀ ਸੁੱਕ ਜਾਂਦੇ ਹਨ। ਇਸੇ ਤਰ੍ਹਾਂ ਭਾਸ਼ਾ ਦੀ ਬਾਣੀ ਬੱਦਲ ਵਾਂਗ ਬਹੁਤੀ ਲਾਭਦਾਇਕ ਹੈ।]

ਪੰਡਤ ਕਹਿਣ ਲੱਗਾ ਕਿ ਧਰਮ ਉਪਦੇਸ਼ ਹਰ ਇਕ ਨੂੰ ਨਹੀਂ ਦੇਣਾ ਚਾਹੀਦਾ, ਕਿਉਂ ਜੋ ਧਰਮ ਸ਼ਾਸਤ੍ਰਾਂ ਵਿਚ ਸ਼ੂਦਰਾਂ ਅਤੇ ਇਸਤ੍ਰੀਆਂ ਨੂੰ ਉਪਦੇਸ਼ ਕਰਨਾ ਮਨ੍ਹਾ ਕੀਤਾ ਹੋਇਆ ਹੈ। ਗੁਰੂ ਜੀ ਨੇ ਉੱਤਰ ਦਿੱਤਾ :—

ਬਾਬਾ ਤੂੰ ਐਸੇ ਭਰਮੁ ਚੁਕਾਹੀ। ਜੋ ਕਿਛੁ ਕਰਤੁ ਹੈ
ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ॥੧॥ਰਹਾਉ॥
ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ।
ਨਾਨਾ ਰੂਪ ਸਦਾ ਰਹਿ ਤੇਰੇ ਤੁਝ ਹੀ ਮਾਹਿ ਸਮਾਹੀ॥੨॥
ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ।
ਜਾਕਾ ਕਾਰਜੁ ਸੋਈ ਪਰੁ ਜਾਣੈ ਜੇ ਗੁਰਕੈ ਸਬਦਿ ਸਮਾਹੀ॥੩॥

ਤੇਰਾ ਸਬਦੁ ਤੂੰਹੈਂ ਹਹਿ ਆਪੇ ਭਰਮੁ ਕਹਾਹੀ।
ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ॥੪॥

(ਆ: ਗ੍ਰੰ: ਪੰ: ੯੬੨)

(ਗਉੜੀ ਗੁਆਰੇਰੀ ਮ: ੩)

ਇਥੋਂ ਗੁਰੂ ਜੀ ਜਮਨਾ ਦਰਿਆ ਉੱਤੇ ਗਏ, ਜਿਸਦੀ ਨੀਲ ਧਾਰਾ ਨੇ ਗੁਰੂ ਜੀ ਦਿਆਂ ਨੇਤਰਾਂ ਨੂੰ ਡਾਢੀ ਪ੍ਰਸੰਨਤਾ ਦਿੱਤੀ। ਇੱਥੇ ਅਚਨਚੇਤ ਇਕ ਨਿੱਕੀ ਜਿਹੀ ਔਕੜ ਆ ਪਈ। ਹਰ ਇਕ ਯਾਤਰੂ ਨੇ ਇਹ ਕਹਿ ਕੇ ਜਜ਼ੀਏ ਤੋਂ ਬਚਣ ਦਾ ਯਤਨ ਕੀਤਾ ਕਿ ਮੈਂ ਸਿੱਖ ਹਾਂ ਅਤੇ ਗੁਰੂ ਜੀ ਨੂੰ ਮੰਨਣ ਵਾਲਾ ਹਾਂ। ਜਗਾਤੀਏ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਬੇਨਤੀ ਕਰਨ ਲੱਗੇ ਕਿ ਮਹਾਰਾਜ ਆਪਣੇ ਨਜ਼ਦੀਕੀ ਸਿੱਖਾਂ ਨੂੰ ਵਖਰੇ ਕਰ ਦੇਵੋ ਜਾਂ ਉਨ੍ਹਾਂ ਦੇ ਨਾਉਂ ਦੱਸੋ ਤਾਂ ਜੋ ਓਹ ਬਿਨਾ ਜਗਾਤ ਦਿੱਤੇ ਲੰਘ ਜਾਣ, ਪਰ ਦੂਜਿਆਂ ਸਾਰਿਆਂ ਨੂੰ ਜ਼ਰੂਰ ਜਗਾਤ ਦੇਣੀ ਪਵੇਗੀ। ਗੁਰੂ ਜੀ ਨੇ ਫੁਰਮਾਇਆ! "ਜੇਕਰ ਤੁਸੀਂ ਜਗਾਤ ਲੈਣੀ ਚਾਹੁੰਦੇ ਹੋ, ਤਾਂ ਅਸੀਂ ਤੁਹਾਨੂੰ ਜਿੰਨੀ ਰਕਮ ਕਹੋਗੇ ਦੇ ਦੇਵਾਂਗੇ, ਪਰ ਜੇਕਰ ਤੁਸੀਂ ਬਾਦਸ਼ਾਹ ਦੇ ਮੁਆਫੀ ਵਾਲੇ ਹੁਕਮ ਦੀ ਪਾਲਣਾ ਕਰਦੇ ਹੋਏ ਸਾਡੇ ਸਿੱਖਾਂ ਪਾਸੋਂ ਜਗਾਤ ਨਹੀਂ ਲਵੋਗੇ ਤਾਂ ਉਨ੍ਹਾਂ ਦੀ ਪਛਾਣ ਇਹ ਹੈ ਕਿ ਓਹ "ਸਤਿਨਾਮ ! ਸ੍ਰੀ ਵਾਹਿਗੁਰੂ!" ਦਾ ਉਚਾਰਨ ਕਰਨਗੇ। ਗੁਰੂ ਜੀ ਸੰਗਤ ਵਿਚੋਂ ਕਿਸੇ ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ। ਇੱਥੇ ਜੋ ਕੋਈ ਮਿੱਤਰ ਬਣ ਕੇ ਆਉਂਦਾ ਹੈ, ਉਸਦਾ ਸਦਾ ਆਦਰ ਕੀਤਾ ਜਾਂਦਾ ਹੈ।" ਜਦ ਗੁਰੂ ਜੀ ਜਮਨਾ ਤੋਂ ਲੰਘੇ ਤਾਂ ਹਜ਼ਾਰਾਂ ਲੋਕੀ ਜਿਹੜੇ ਸਿੱਖ ਨਹੀਂ ਸਨ, "ਸਤਿਨਾਮ ! ਵਾਹਿਗੁਰੂ!" ਉੱਚੀ ਉੱਚੀ ਕਹਿ ਕੇ ਗੁਰੂ ਜੀ ਦੇ ਨਾਲ ਹੋ ਕੇ ਬਿਨਾ ਜਗਾਤ ਦਿੱਤਿਆਂ ਪਾਰ ਲੰਘ ਗਏ।

ਜਮਨਾ ਉੱਤੇ ਪ੍ਰਚਾਰ ਕਰਨ ਦੇ ਮਗਰੋਂ ਗੁਰੂ ਜੀ ਹਰਦੁਵਾਰ ਵੱਲ ਨੂੰ ਗਏ, ਰਸਤੇ ਵਿਚ ਕੰਨਖਲ ਨਾਮੇ ਅਸਥਾਨ ਉੱਤੇ ਉਨ੍ਹਾਂ ਨੇ ਇਕ ਬ੍ਰਿਛ ਹੇਠਾਂ ਆਰਾਮ ਕੀਤਾ। ਇਹ ਅਸਥਾਨ ਹਿੰਦੂਆਂ ਦੇ ਭਗਤੀ ਤੇ ਹੈਜ਼ੇ ਦੇ ਵੱਡੇ ਸੋਮੇ ਹਰਦੁਆਰ ਤੋਂ ਤਿੰਨ ਮੀਲ ਦੱਖਣ ਵੱਲ ਹੈ। ਜਦ ਗੁਰੂ ਜੀ ਹਰਦੁਵਾਰ ਪਹੁੰਚੇ ਤਾਂ ਓਹ ਭੀੜ ਜਿਹੜੀ ਗੁਰੂ ਜੀ ਨਾਲ ਸੀ ਹੋਰ ਵੀ ਬਹੁਤੀ ਹੋ ਗਈ, ਜਦ ਜਗਾਤੀਆਂ ਨੇ ਉਨ੍ਹਾਂ ਵਿਚੋਂ ਕਿਸੇ ਤੇ ਵੀ ਜਜ਼ੀਆ ਲਾਉਣ ਦਾ ਯਤਨ ਕੀਤਾ ਤਾਂ ਉਨ੍ਹਾਂ ਨੂੰ ਗੁੱਸੇ ਵਾਲਾ ਇਹ ਉੱਤਰ ਮਿਲਦਾ ਸੀ, "ਕੀ ਮੈਂ ਵਾਹਿਗੁਰੂ ਨਹੀਂ ਕਿਹਾ ? ਕੀ ਮੈਂ ਗੁਰੂ ਦਾ ਸਿੱਖ ਨਹੀਂ।" ਇਵੇਂ ਜਗਾਤੀਆਂ ਦੀਆਂ ਸੰਦੂਕੜੀਆਂ ਵਿਚ ਇਕ ਕੌਡੀ ਵੀ ਨਾ ਪਈ ਅਤੇ ਓਹ ਸਾਧਾਰਨ ਉਗਰਾਹੀ ਬਿਨਾ ਆਪਣੇ ਘਰਾਂ ਨੂੰ ਚਲੇ ਗਏ।

ਗੁਰੂ ਜੀ ਨੇ ਇਸ ਸਮੇਂ ਆਪਣੇ ਸਿੱਖਾਂ ਨੂੰ ਇਕ ਸੰਖੇਪ ਧਾਰਮਕ ਉਪਦੇਸ਼ ਕੀਤਾ, "ਜਿਸ ਤਰ੍ਹਾਂ ਜਗਾਤੀਏ ਤੁਹਾਡੇ ਤੇ ਪ੍ਰਬਲ ਨਹੀਂ ਹੋ ਸਕੇ, ਇਸੇ ਤਰ੍ਹਾਂ ਦੂਜੇ ਜਮ ਜਗਾਤੀ ਦਾ ਵੀ ਉਨ੍ਹਾਂ ਤੇ ਜ਼ੋਰ ਨਹੀਂ ਚਲਦਾ ਜਿਹੜੇ ਕਿ "ਸਤਿਨਾਮ! ਸ੍ਰੀ ਵਾਹਿਗੁਰੂ!" ਜਾਪ ਕਰਦੇ ਹਨ। ਇਹ ਕਾਲ ਤੋਂ ਬਚਣ ਦੇ ਢੰਗ ਦਾ ਪ੍ਰਤੱਖ ਪ੍ਰਮਾਣ ਹੈ।

ਕਾਂਡ—32

ਤੀਰਥ ਯਾਤਰਾ

ਜਦੋਂ ਗੁਰੂ ਜੀ ਐਨੇ ਵਰ੍ਹਿਆਂ ਦੀ ਰੀਰਹਾਜ਼ਗੀ ਮਗਰੋਂ ਮੁੜ ਹਰਿਦੁਆਰ ਆਏ ਤਾਂ ਜੋਗੀਆਂ, ਬੈਰਾਗੀਆਂ, ਸੰਨਿਆਸੀਆਂ, ਬ੍ਰਹਮਚਾਰੀਆਂ, ਪੰਡਤਾਂ ਆਦਿ ਨੇ ਗੁਰੂ ਜੀ ਨੂੰ ਬੜੇ ਸਤਿਕਾਰ ਸਹਿਤ ਜੀ ਆਇਆਂ ਕਿਹਾ ਤੇ ਆ ਕੇ ਮਿਲੇ ਅਤੇ ਮਿੱਤਰਤਾ ਪ੍ਰਗਟ ਕੀਤੀ। ਉਨ੍ਹਾਂ ਨੇ ਗੁਰੂ ਮਹਾਰਾਜ ਅੱਗੇ ਆਪਣੇ ਸ਼ੰਕੇ ਅਤੇ ਆਤਮਕ ਔਕੜਾਂ ਪ੍ਰਗਟ ਕੀਤੀਆਂ ਅਤੇ ਗੁਰੂ ਜੀ ਨੇ ਉੱਤਰ ਦੇ ਕੇ ਉਨ੍ਹਾਂ ਦੀ ਚੰਗੀ ਤਰ੍ਹਾਂ ਤਸੱਲੀ ਕਰ ਦਿੱਤੀ। ਜਦੋਂ ਮਗਰੋਂ ਹਰਦੁਆਰ ਦੇ ਗ੍ਰਹਿਸਤੀ ਲੋਕਾਂ ਦੇ ਪੈਂਚ ਅਤੇ ਚੌਧਰੀ ਗੁਰੂ ਜੀ ਦੇ ਦਰਸ਼ਨ ਨੂੰ ਆਏ ਤਾਂ ਓਹ ਗੁਰੂ ਜੀ ਪਾਸੋਂ ਪੁੱਛਣ ਲੱਗੇ ਕਿ ਤੁਸੀਂ ਹਿੰਦੂਆਂ ਦੇ ਚੌਹਾਂ ਵਰਨਾਂ ਕੋਲੋਂ ਆਪਣੇ ਆਪ ਨੂੰ ਕਿਉਂ ਮੱਥਾ ਟਿਕਾਂਦੇ ਹੋ ਜਦੋਂ ਕਿ ਤੁਸੀਂ ਆਪ ਕਿਸੇ ਨੂੰ ਨਹੀਂ ਟੇਕਦੇ। ਗੁਰੂ ਜੀ ਨੇ ਫੁਰਮਾਇਆ : "ਬ੍ਰਾਹਮਣ ਤਾਂ ਅੱਗੇ ਹੀ ਬੜੇ ਹੰਕਾਰੀ ਹਨ। ਜੇ ਅਸੀਂ ਉਨ੍ਹਾਂ ਨੂੰ ਨਮਸਕਾਰ ਕਰੀਏ ਤਾਂ ਉਨ੍ਹਾਂ ਦਾ ਹੰਕਾਰ ਸਗੋਂ ਹੋਰ ਵਧੇਗਾ, ਦੂਜੇ ਇਸ ਗੱਲ ਸਬੰਧੀ ਕਿ ਚਾਰੇ ਵਰਣ ਸਾਨੂੰ ਕਿਉਂ ਮੱਥਾ ਟੇਕਦੇ ਹਨ। ਇਸਦਾ ਉੱਤਰ ਇਹ ਹੈ ਕਿ ਨਾ ਹੀ ਸਾਨੂੰ, ਤੇ ਨਾ ਹੀ ਪਹਿਲੇ ਸਤਿਗੁਰਾਂ ਨੂੰ ਲੋੜ ਸੀ ਕਿ ਕੋਈ ਨਮਸਕਾਰ ਕਰੇ। ਜਦੋਂ ਧਰਤੀ ਪਾਪਾਂ ਦੇ ਭਾਰ ਨਾਲ ਦੱਬੀ ਗਈ ਤੇ ਉਸਨੇ ਆਪਣੀ ਪੁਕਾਰ ਪ੍ਰਮਾਤਮਾ ਅੱਗੇ ਕੀਤੀ ਤਾਂ ਗੁਰੂ ਨਾਨਕ ਦੇਵ ਜੀ ਮੁਕਤੀ ਦਾ ਸੌਖਾ ਰਸਤਾ ਦੱਸਣ ਲਈ ਪ੍ਰਗਟੇ ਨਾ ਕਿ ਮਨੁੱਖਾਂ ਪਾਸੋਂ ਨਮਸਕਾਰ ਕਰਾਉਣ ਜਾਂ ਉਸਤਤ ਪ੍ਰਾਪਤ ਕਰਨ ਲਈ।"

ਜਦ ਗੁਰੂ ਜੀ ਅਤੇ ਉਨ੍ਹਾਂ ਦੇ ਨਾਲ ਦੀ ਸੰਗਤ (ਤੀਰਥ ਯਾਤਰਾ ਮਗਰੋਂ) ਗੋਇੰਦਵਾਲ ਵਾਪਸ ਆਈ ਤਾਂ ਅਣਗਿਣਤ ਲੋਕਾਂ ਦੀਆਂ ਪੁੱਛਾਂ ਅਤੇ ਬੇਨਤੀਆਂ ਦੇ ਉੱਤਰ ਵਿਚ ਜੇਠਾ ਜੀ ਨੇ ਹੇਠ ਲਿਖੇ ਛੰਤਾਂ ਵਿਚ ਇਸ ਨਵੀਂ ਯਾਤਰਾ ਦਾ ਹਾਲ ਵਰਨਣ ਕਰਕੇ ਦੱਸਿਆ—

ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥
ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰ ਗਇਆ॥
ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ॥
ਜਨਮ ਮਰਨ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ॥
ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੁ ਕੁਲਖੇਤਿ ਨਾਵਣਿ ਗਇਆ॥
ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥੧॥

...

ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ॥
ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ।
ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ।
ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ।
ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥
ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ॥੨॥

...

ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ॥
ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ॥
ਦੇਖਣਿ ਆਏ ਤੀਨ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ॥
ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ॥
ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ॥
ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ॥੩॥

...

ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ॥
ਜਾਗਾਤੀ ਮਿਲੇਦੇ ਭੇਟ ਗਰੁ ਪਿਛੈ ਲੰਘਾਇ ਦੀਆ॥
ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ॥
ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ
ਤਿਨ ਜਮੁ ਜਾਗਾਤੀ ਨੇੜਿ ਨਾ ਆਇਆ।
ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਿਕ ਗਇਆ॥
ਦੁਤੀਆ ਜਮਨ ਗਏ ਗੁਰਿ ਹਰਿ ਹਰਿ ਜਪਨੁ ਕੀਆ॥੪॥

...

ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ॥
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ॥
ਆਢੁ ਦਾਮੁ ਕਿਛੁ ਪਇਆ ਨਾ ਬੋਲਕ
ਜਾਗਾਤੀਆ ਮੋਹਣ ਮੁੰਦਣਿ ਪਈ॥
ਭਾਈ ਹਮ ਕਰਹਿ ਕਿਆ ਕਿਸੁ ਪਾਸਿ ਮਾਂਗਹ
ਸਭ ਭਾਗਿ ਸਤਿਗੁਰ ਪਿਛੈ ਪਈ॥
ਜਾਗਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ
ਭੰਨਿ ਬੋਲਕਾ ਸਭਿ ਉਠਿ ਗਇਆ॥
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ॥੫॥

...

ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ॥

ਗੁਰੁ ਸਤਿਗੁਰੁ ਗੁਰੁ ਗੋਵਿਦ ਪੁਛਿ ਸਿਮ੍ਰਿਤਿ ਕੀਤਾ ਸਹੀ॥
ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ
ਪ੍ਰਹਿਲਾਦਿ ਸ੍ਰੀਰਾਮ ਕਰਿ ਗੁਰ ਗੋਵਿੰਦ ਧਿਆਇਆ।
ਦੇਹੀ ਨਗਰਿ ਕੋਟਿ ਪੰਚ ਚੋਰ
ਵਟਵਾਰੇ ਤਿਨਕਾ ਥਾਉ ਥੇਹੁ ਗਵਾਇਆ॥
ਕੀਰਤਨ ਪੁਰਾਣ ਨਿਤ ਪੁੰਨ ਹੋਵਹਿ
ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ॥
ਮਿਲ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ॥੬॥

(ਆ: ਗ੍ਰੰ: ਪੰ: ੧੧੧੬-੧੭)

(ਤੁਖਾਰੀ ਛੰਤ ਮ: ੪)

ਗੰਗੂ ਸੌਦਾਗਰ ਦੀ ਸਾਖੀ

ਗੰਗੂ ਨਾਮ ਦਾ ਇਕ ਸੌਦਾਗਰ ਜੋ ਬਸੀ ਜਾਤ ਦਾ ਖੱਤਰੀ ਸੀ, ਵਿਉਪਾਰ ਵਿਚ ਘਾਟਾ ਪੈ ਜਾਣ ਕਰਕੇ ਦਿਵਾਲੀਆ ਹੋ ਗਿਆ। ਉਸ ਦੇ ਪਹਿਲੇ ਮਿੱਤਰਾਂ, ਸਬੰਧੀਆਂ ਅਤੇ ਰਿਸ਼ਤੇਦਾਰਾਂ ਨੇ ਉਸ ਦਾ ਸਾਥ ਛੱਡ ਦਿੱਤਾ ਅਤੇ ਉਸ ਨਾਲ ਹਾਸਾ ਮਖੌਲ ਕਰਨ ਲੱਗੇ। ਗੰਗੂ ਨੇ ਵੀ ਗੁਰੂ ਜੀ ਦਾ ਜਸ ਸੁਣਿਆ ਹੋਇਆ ਸੀ, ਓਹ ਮਨ ਵਿਚ ਝੁਰਦਾ ਹੋਇਆ, ਗੋਇੰਦਵਾਲ ਗੁਰੂ ਜੀ ਦੇ ਦਰਸ਼ਨ ਲਈ ਆਇਆ। ਪੂਰੀ ਸ਼ਰਧਾ ਨਾਲ ਉਸ ਨੇ ਲੰਗਰ ਵਿਚੋਂ ਪ੍ਰਸ਼ਾਦਾ ਛੱਕਿਆ ਅਤੇ ਫਿਰ ਜਾ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ। ਉਹ ਕੇਵਲ ਥੋਲਾ ਭਰ ਗੁੜ ਹੀ ਗੁਰੂ ਜੀ ਦੀ ਭੇਟਾ ਕਰ ਸਕਿਆ ਸੀ। ਉਹ ਗੁਰੂ ਜੀ ਨੂੰ ਕਹਿਣ ਲੱਗਾ ਕਿ ਮੈਂ ਭਾਵੇਂ ਸੰਸਾਰਕ ਵਿਹਾਰਾਂ ਵਿਚ ਬੜਾ ਅਭਾਗਾਂ ਹਾਂ ਪਰ ਆਪਦੇ ਦਰਸ਼ਨ ਕਰਕੇ ਬੜਾ ਪ੍ਰਸੰਨ ਹੋਇਆ ਹਾਂ ਅਤੇ ਆਪ ਦੀ ਸ਼ਰਨ ਮੰਗਦਾ ਹਾਂ। ਗੁਰੂ ਜੀ ਨੇ ਆਪਣੇ ਹੱਥ ਵਿਚ ਗੁੜ ਲੈ ਕੇ ਉਸ ਪਾਸੋਂ ਪੁੱਛਿਆ ਕਿ ਤੇਰੇ ਮਨ ਨੂੰ ਕਿਹੜੀ ਗੱਲ ਵਿਆਕੁਲ ਕਰਦੀ ਹੈ। ਗੰਗੂ ਨੇ ਗੁਰੂ ਜੀ ਨੂੰ ਸਭ ਹਾਲ ਦੱਸਿਆ ਅਤੇ ਅੰਤ ਵਿਚ ਕਿਹਾ : "ਮੈਂ ਕੇਵਲ ਆਪ ਦੀ ਆਖਰੀ ਓਟ ਤੱਕ ਕੇ ਆਇਆ ਹਾਂ।" ਗੁਰੂ ਜੀ ਨੇ ਫੁਰਮਾਇਆ : "ਦਿੱਲੀ ਜਾ ਅਤੇ ਉੱਥੇ ਜਾ ਕੇ ਇਕ ਬੈਂਕ ਖੋਲ੍ਹ, ਜਿਹੜੇ ਸੰਤ ਪੁਰਸ਼ ਤੇਰੇ ਪਾਸ ਆਉਣ, ਉਨ੍ਹਾਂ ਦੀ ਸਤਿਕਾਰ ਨਾਲ ਟਹਿਲ ਸੇਵਾ ਕਰ, ਤੈਨੂੰ ਕਰਤਾਰ ਪਾਸੋਂ ਬਹੁਤ ਦੌਲਤ ਪ੍ਰਾਪਤ ਹੋਵੇਗੀ।" ਗੰਗੂ ਨੇ ਗੁਰੂ ਜੀ ਦਾ ਹੁਕੰਮ ਮੰਨ ਕੇ ਬੈਂਕ ਦਾ ਵੱਡਾ ਦਫਤਰ ਦਿੱਲੀ ਖੋਲ੍ਹਿਆ ਅਤੇ ਮਗਰੋਂ ਇਕ ਸ਼ਾਖ ਲਾਹੌਰ ਖੋਲ੍ਹੀ ਅਤੇ ਪੁੱਤਰ ਦੀ ਭਿਆਲੀ ਨਾਲ ਸ਼ਾਹੂਕਾਰਾ ਕੰਮ ਕਰਨ ਲੱਗਾ। ਉਸ ਉੱਤੇ ਲੋਕਾਂ ਦਾ ਇਤਬਾਰ ਫਿਰ ਜੰਮ ਗਿਆ, ਉਹ ਧਨੀ ਹੋ ਗਿਆ ਅਤੇ ਮਗਰੋਂ ਆਪਣੇ ਆੜ੍ਹਤੀਆਂ ਉੱਤੇ ਵੱਡੀਆਂ ਵੱਡੀਆਂ ਰਕਮਾਂ ਦੀਆਂ ਹੁੰਡੀਆਂ ਤੇ ਪਰਚੇ ਕਰਨ ਲੱਗ ਪਿਆ।

ਇਕ ਸਮੇਂ ਇਕ ਬੜਾ ਗਰੀਬ ਆਦਮੀ ਗੁਰੂ ਜੀ ਪਾਸ ਆਇਆ ਅਤੇ ਆਪਣਾ ਦੁੱਖ ਦੱਸ ਕੇ ਕਿਹਾ ਕਿ ਭਾਵੇਂ ਮੇਰੀ ਧੀ ਵਿਆਹੁਣ ਯੋਗ ਹੈ ਪਰ ਉਸਦੇ ਵਿਆਹ ਦੇ ਖਰਚ ਸਹਿਣ ਲਈ ਮੇਰੇ ਕੋਲ ਕੋਈ ਉਪਾਉ ਨਹੀਂ। ਗੁਰੂ ਜੀ ਨੇ ਉਸ ਕੋਲੋਂ ਕੋਈ ਹੋਰ ਗੱਲ ਨਾ

ਪੁੱਛੀ, ਪਰ ਉਸ ਨੂੰ ਪੰਜਾਹ ਰੁਪਿਆਂ ਦੀ ਹੁੰਡੀ ਗੰਗੂ ਦੇ ਨਾਮ ਲਿਖ ਦਿੱਤੀ। ਗੰਗੂ ਆਪਣੇ ਮਨ ਵਿਚ ਵਿਚਾਰਨ ਲੱਗਾ : "ਜੇਕਰ ਮੈਂ ਇਸ ਨੂੰ ਭਰ ਦਿਆਂ, ਤਾਂ ਗੁਰੂਜੀ ਮੈਨੂੰ ਫਿਰ ਹੋਰ ਦੁੱਖ ਦੇਣਗੇ।" ਇਸ ਲਈ ਗੰਗੂ ਨੇ ਨਾ ਹੀ ਉਸ ਆਦਮੀ ਦੀ ਤੇ ਨਾ ਹੀ ਉਸ ਹੁੰਡੀ ਦੀ ਕੋਈ ਪਰਵਾਹ ਕੀਤੀ। ਉਹ ਆਦਮੀ ਗੁਰੂ ਜੀ ਪਾਸ ਮੁੜ ਆਇਆ ਅਤੇ ਉਨ੍ਹਾਂ ਨੂੰ ਉੱਥੇ ਜਾਣ ਦਾ ਸਾਰਾ ਹਾਲ ਦੱਸਿਆ। ਗੁਰੂ ਜੀ ਨੇ ਉਸ ਆਦਮੀ ਨੂੰ ਹੁੰਡੀ ਦੀ ਰਕਮ ਆਪਣੇ ਕੋਲੋਂ ਦੇ ਦਿੱਤੀ ਅਤੇ ਇਸ ਤਰ੍ਹਾਂ ਉਸ ਨੂੰ ਆਪਣੀ ਧੀ ਦੇ ਵਿਆਹ ਕਰਨ ਦੇ ਸਮਰਥ ਕਰ ਦਿੱਤਾ। ਗੰਗੂ ਦੇ ਵਤੀਰੇ ਬਾਰੇ ਗੁਰੂ ਜੀ ਕਹਿਣ ਲੱਗੇ : "ਸੰਸਾਰਕ ਮੋਹ ਅਤੇ ਹੰਕਾਰ, ਪ੍ਰੀਤ ਅਤੇ ਭਰੋਸੇ ਨੂੰ ਨਾਸ ਕਰ ਦਿੰਦੇ ਹਨ। ਇਨ੍ਹਾਂ ਦੇ ਅਸਰ ਕਰਕੇ ਆਦਮੀ ਆਪਣੇ ਗੁਰੂ ਤੋਂ ਬੇਮੁਖ ਹੋ ਜਾਂਦਾ ਹੈ ਅਤੇ ਉਸਦਾ ਸਿੱਟਾ ਇਹ ਨਿਕਲਦਾ ਹੈ ਕਿ ਉਹ ਬੜਾ ਦੁੱਖ ਸਹਿੰਦਾ ਹੈ।"

ਅਜਿਹਾ ਹੋਇਆ ਕਿ ਮਗਰੋਂ ਛੇਤੀ ਹੀ ਵਿਉਪਾਰ ਦੇ ਉਤਾਰ ਚੜ੍ਹਾਉ ਨਾਲ ਗੰਗੂ ਫਿਰ ਦੀਵਾਲਿਆ ਹੋ ਗਿਆ। ਡਾਢਾ ਪਛਤਾਉਂਦਾ ਹੋਇਆ, ਗੰਗੂ ਫਿਰ ਗੁਰੂ ਜੀ ਵੱਲ ਤੁਰ ਪਿਆ ਅਤੇ ਉਨ੍ਹਾਂ ਦੇ ਲੰਗਰ ਵਿਚ ਸੇਵਾ ਕਰਨ ਲੱਗਾ। ਉਸ ਨੇ ਸੰਸਾਰਕ ਲੱਜਿਆ ਅਤੇ ਆਪਣੀ ਬੰਸ ਦੀਆਂ ਮਰਿਆਦਾ ਦੇ ਖਿਆਲ ਦੀ ਉੱਕੀ ਪ੍ਰਵਾਹ ਛੱਡ ਦਿੱਤੀ। ਜਿਹੜੀ ਘਾਲ ਵੀ ਉਹ ਘਾਲਦਾ ਸੀ, ਉਹ ਆਪਣੇ ਦਿਲ ਵਿਚ ਕਹਿੰਦਾ ਸੀ ਕਿ ਗੁਰੂ ਜੀ ਦੀ ਹੁੰਡੀ ਨਾ ਤਾਰਨ ਦਾ ਮੈਂ ਇਹ ਪ੍ਰਾਸਚਿਤ ਕਰ ਰਿਹਾ ਹਾਂ।

ਜਦੋਂ ਗੰਗੂ ਜ਼ਿੰਮੇ ਲਾਈ ਸੇਵਾ ਕਰਦਾ ਸੀ ਤਾਂ ਉਹ ਸਦਾ ਭਗਤੀ ਵਿਚ ਹੀ ਮਗਨ ਰਹਿੰਦਾ ਸੀ। ਕੁਝ ਚਿਰ ਮਗਰੋਂ ਗੁਰੂ ਜੀ ਨੇ ਉਸ ਨੂੰ ਬੁਲਾ ਘਲਿਆ। ਉਹ ਆ ਕੇ ਗੁਰੂ ਜੀ ਦੇ ਚਰਨਾਂ ਉੱਤੇ ਢਹਿ ਪਿਆ ਅਤੇ ਕਹਿਣ ਲੱਗਾ ਕਿ ਸਾਰੇ ਜੀਵ ਭੁੱਲਣਹਾਰ ਹਨ। ਕਿਰਪਾ ਕਰਕੇ ਮੈਨੂੰ ਬਖਸ਼ ਲਉ। ਗੁਰੂ ਜੀ ਨੇ ਉਸਦੀ ਭੁੱਲ ਬਖਸ਼ ਦਿੱਤੀ ਤੇ ਉਸਨੂੰ ਇਕ ਚਿੱਟੀ ਪੁਸ਼ਾਕੀ ਦਿੱਤੀ। ਫਿਰ ਗੁਰੂ ਜੀ ਨੇ ਗੰਗੂ ਨੂੰ ਸਤਿਨਾਮ ਦਾ ਮੰਤਰ ਦੇ ਕੇ ਸਿੱਖ ਬਣਾਇਆ ਅਤੇ ਕਿਹਾ : "ਤੂੰ ਵੀ ਕਈਆਂ ਨੂੰ ਸਿੱਖ ਮਤਿ ਵਿਚ ਲਿਆਵੇਂਗਾ, ਤੇਰੇ ਵਾਕ ਸਤਿ ਹੋਇਆ ਕਰਨਗੇ ਅਤੇ ਰਿਧੀ ਸਿਧੀ ਤੇਰੇ ਬਚਨਾਂ ਉੱਤੇ ਹਾਜ਼ਰ ਹੋਵੇਗੀ।" ਗੰਗੂ ਦਾ ਦੇਹੁਰਾ ਇਸ ਵੇਲੇ ਦਾਊ ਨਾਮੇ ਪਿੰਡ ਵਿਚ ਹੈ ਜੋ ਖਰੜ ਦੇ ਲਾਗੇ ਜ਼ਿਲਾ ਅੰਬਾਲਾ ਵਿਚ ਹੈ।

ਗੁਰੂ ਜੀ ਦੇ ਲੰਗਰ ਵਿਚ ਚੰਗੇ ਤੋਂ ਚੰਗੇ ਭੋਜਨ ਵਰਤਦੇ ਰਹਿੰਦੇ ਸਨ। ਰਾਹੀ ਪ੍ਰਦੇਸੀ ਅਤੇ ਮੰਗਤੇ ਉਸੇ ਤਰ੍ਹਾਂ ਗੁਰੂ ਦੇ ਲੰਗਰ ਵਿਚੋਂ [1]ਖਟਰਸ ਦੇ ਸੁਆਦੀ ਭੋਜਨ ਛਕਦੇ ਤੇ ਪ੍ਰਸੰਨ ਹੁੰਦੇ ਸਨ ਜਿਸ ਤਰ੍ਹਾਂ ਸਿੱਖ ਛਕਦੇ ਛਕਾਂਦੇ ਸਨ। ਪਰ ਗੁਰੂ ਜੀ ਆਪ ਪਹਿਲੇ ਵਾਂਗ ਹੀ ਬਿਨਾ ਮਸਾਲੇ ਦੇ ਰੁੱਖੇ ਮਿੱਸੇ ਪ੍ਰਸ਼ਾਦੇ ਦਾ ਅਹਾਰ ਕਰਦੇ ਸਨ। ਗੁਰੂ ਜੀ ਦਾ ਲੰਗਰ ਇਕ ਪਹਿਰ ਰਾਤ ਗਈ ਤੱਕ ਖੁਲ੍ਹਾ ਰਹਿੰਦਾ ਸੀ। ਸੰਗਤਾਂ ਦੇ ਪ੍ਰਸ਼ਾਦ ਛਕ ਚੁਕਣ ਮਗਰੋਂ ਜੋ ਕੁਝ ਬਚਦਾ ਸੀ ਉਹ ਦਿਆਲਤਾ ਕਰਕੇ ਮਾਲ ਡੰਗਰ

1. ਖਟਰਸ—ਮਖਰ, ਲਵਣ, ਅਮਲ, ਕਟੂ, ਤਿਕਤ, ਕਖਾਯ।

ਅਤੇ ਪੰਖੇਰੂਆਂ ਨੂੰ ਪਾਇਆ ਜਾਂਦਾ ਸੀ ਅਤੇ ਜੇਕਰ ਉਨ੍ਹਾਂ ਦੇ ਤ੍ਰਿਪਤ ਹੋ ਜਾਣ ਪਿਛੋਂ ਕੁਝ ਬਾਕੀ ਰਹਿ ਜਾਂਦਾ ਸੀ ਤਾਂ ਉਹ ਦਰਿਆ ਵਿਚ ਮੱਛੀਆਂ ਨੂੰ ਸੁੱਟਿਆ ਜਾਂਦਾ ਸੀ, ਤਾਂ ਜੋ ਉਹ ਵੀ ਰੱਜ ਲੈਣ।

ਇਕ ਜੋਗੀ ਗੁਰੂ ਜੀ ਦੀ ਸ਼ਰਨ ਵਿਚ

ਇਕ ਦਿਨ ਇਕ ਸਿੱਧ ਜੋਗੀ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ ਅਤੇ ਬੜੀ ਨਿਮਰਤਾ ਨਾਲ ਉਸਨੇ ਬੇਨਤੀ ਕੀਤੀ : "ਹੇ ਸਤਿਗੁਰੂ ਜੀ, ਜਦੋਂ ਤੋਂ ਤੁਸੀਂ ਗੱਦੀ ਤੇ ਬੈਠੇ ਹੋ ਮੈਨੂੰ ਆਪਦੇ ਦਰਸ਼ਨਾਂ ਦੀ ਡਾਢੀ ਇੱਛਾ ਲੱਗੀ ਹੋਈ ਹੈ। ਮੈਂ ਅੱਜ ਭਾਗਾਂ ਵਾਲਾ ਹਾਂ ਕਿ ਮੇਰਾ ਮਨੋਰਥ ਪੂਰਾ ਹੋਇਆ ਹੈ। ਮੈਂ ਸਭ ਤਰ੍ਹਾਂ ਦੇ ਤਪ ਕੀਤੇ ਪਰ ਉਨ੍ਹਾਂ ਨਾਲ ਕੁਝ ਨਾ ਬਣਿਆ। ਉਹ ਸਾਰੇ ਵਿਅਰਥ ਜਾਣਕੇ, ਹੁਣ ਮੈਂ ਆਪ ਦੀ ਸੇਵਾ ਵਿਚ ਹਾਜ਼ਰ ਹੋਇਆ ਹਾਂ। ਮੈਂ ਮਨ ਦੀ ਸ਼ਾਂਤੀ ਪ੍ਰਾਪਤ ਕਰਨੀ ਚਾਹੁੰਦਾ ਹਾਂ ਅਤੇ ਆਪ ਦਾ ਇਹ ਬਚਨ ਲੈਣ ਦੀ ਇੱਛਾ ਹੈ ਕਿ ਜਦ ਮੈਂ ਆਪਣਾ ਇਹ ਸਰੀਰ ਤਿਆਗਾਂ ਤਾਂ ਮੈਂ ਆਪ ਦੀ ਬੰਸ ਵਿਚੋਂ ਜਨਮ ਲਵਾਂ ਤਾਂ ਜੋ ਵਾਹਿਗੁਰੂ ਨੂੰ ਧਿਆ ਕੇ ਅਤੇ ਉਸ ਦਾ ਜਸ ਗਾ ਕੇ ਸੁਖੀ ਹੋਵਾਂ।" ਗੁਰੂ ਜੀ ਨੇ ਫੁਰਮਾਇਆ : "ਸਿਧੀ ਅਤੇ ਮਨ ਦੀ ਸ਼ਾਂਤੀ ਆਪਣੇ ਆਪ ਨੂੰ ਸਿੱਧ ਆਖ ਕੇ ਬਾਹਲੇ ਲੋਕਾਂ ਨੂੰ ਪਿੱਛੇ ਲਾਉਣ ਨਾਲ ਪ੍ਰਾਪਤ ਨਹੀਂ ਹੁੰਦੀ। ਸੱਚੀ ਖੁਸ਼ੀ ਕੇਵਲ ਵਾਹਿਗੁਰੂ ਦੀ ਭਗਤੀ ਨਾਲ ਪ੍ਰਾਪਤ ਹੁੰਦੀ ਹੈ ਅਤੇ ਸਾਡੀ ਬੰਸ ਵਿਚ ਜਨਮ ਲੈਣ ਦੀ ਜੋ ਤੇਰੀ ਇੱਛਿਆ ਹੈ ਸੋ ਤੂੰ ਮੋਹਰੀ ਦੇ ਘਰ ਪੁੱਤਰ ਹੋ ਕੇ ਜਨਮ ਲਵੇਂਗਾ ਅਤੇ ਸਾਡਾ ਪੋਤਰਾ ਹੋਵੇਂਗਾ।" ਉਹ ਜੋਗੀ ਆਪਣੀ ਭਗਤੀ ਨੂੰ ਨਿਰਵਿਘਨ ਪੂਰਾ ਕਰਨ ਲਈ ਬਿਆਸਾ ਦੇ ਕੰਢੇ ਜਾ ਬੈਠਾ ਅਤੇ ਉਥੇ ਹੀ ਉਸਨੇ ਆਪਣਾ ਸਰੀਰ ਛੱਡਿਆ।

ਇਹ ਸਭ ਨੂੰ ਯਾਦ ਹੋਵੇਗਾ ਕਿ ਗੁਰੂ ਜੀ ਦੇ ਦੋ ਪੁੱਤਰ ਮੋਹਨ ਜੀ ਅਤੇ ਮੋਹਰੀ ਜੀ ਸਨ। ਮੋਹਰੀ ਜੀ ਦੇ ਵੱਡੇ ਪੁੱਤਰ ਦਾ ਨਾਉਂ ਅਰਥ ਮੱਲ ਸੀ, ਦੂਜਾ ਪੁੱਤਰ ਸਿੱਧ ਜੋਗੀ ਸੀ। ਜਦ ਗੁਰੂ ਜੀ ਨੇ ਮੁੜ ਜੋਗੀ ਦੇ ਜੰਮਣ ਬਾਬਤ ਸੁਣਿਆ ਤਾਂ ਉਨ੍ਹਾਂ ਭਾਈ ਬਲੂ ਜੀ ਨੂੰ ਭੇਜਿਆ ਕਿ ਸਾਡੇ ਪਾਸ ਬਾਲਕ ਨੂੰ ਲੈ ਆਓ। ਭਾਵੇਂ ਇਹ ਯੋਗ ਨਹੀਂ ਸੀ ਕਿ ਬੱਚੇ ਨੂੰ ਜੰਮਣ ਸਾਰ ਹੀ ਇੰਨੀ ਛੇਤੀ ਬਾਹਰ ਲਿਆਂਦਾ ਜਾਵੇ, ਪਰ ਗੁਰੂ ਜੀ ਦਾ ਹੁਕਮ ਕੋਈ ਮੋੜ ਨਹੀਂ ਸੀ ਸਕਦਾ। ਆਪਣੇ ਪੋਤਰੇ ਨੂੰ ਵੇਖ ਕੇ ਗੁਰੂ ਜੀ ਨੇ ਉਸ ਥਾਂ 'ਅਨੰਦ ਸਾਹਿਬ' ਦੀਆਂ[1] ਅਠੱਤੀ (੩੮) ਪੌੜੀਆਂ ਉਚਾਰਨ ਕੀਤੀਆਂ ਅਤੇ ਬਾਲਕ ਨੂੰ ਆਪਣੀ ਗੋਦੀ ਵਿਚ ਲੈ ਕੇ ਉਸ ਦਾ ਨਾਮ 'ਅਨੰਦੂ' ਰਖਿਆ। ਭਾਈ ਬਲੂ ਜੀ ਕੋਠੇ ਤੇ ਚੜ੍ਹ ਗਿਆ। ਢੋਲ ਵਜਾ ਕੇ ਲੋਕਾਂ ਨੂੰ ਬੁਲਾਇਆ ਅਤੇ ਕਿਹਾ, ਇਸ ਬਾਣੀ ਨੂੰ ਸੁਣੋ। ਫਿਰ ਭਾਈ ਬਲੂ ਜੀ ਨੇ ਸਾਰਾ 'ਅਨੰਦ ਸਾਹਿਬ' ਪੜ੍ਹਿਆ। 'ਅਨੰਦ ਸਾਹਿਬ' ਹੁਣ ਵਿਆਹ, ਖੁਸ਼ੀ ਸਮੇਂ, ਅਤੇ ਵੱਡੇ ਵੱਡੇ ਜੱਗਾਂ ਦੇ ਵੀ ਪਹਿਲਾਂ ਅਤੇ ਕੜਾਹ ਪ੍ਰਸ਼ਾਦ ਵਰਤਾਉਣ ਸਮੇਂ ਪੜ੍ਹਿਆ ਜਾਂਦਾ ਹੈ।

1. ਅਨੰਦ ਸਾਹਿਬ ਦੀਆਂ ਸਾਰੀਆਂ ੪੦ ਪਉੜੀਆਂ ਹਨ ੩੮ ਪਉੜੀਆਂ ਤੀਜੇ ਪਾਤਸ਼ਾਹੀ ਨੇ ਉਚਾਰੀਆਂ ੩੯ਵੀਂ ਚੌਥੇ ਗੁਰੂ ਜੀ ਨੇ ਤੇ ੪੦ਵੀਂ ਪੰਜਵੇਂ ਗੁਰੂ ਜੀ ਨੇ ਉਚਾਰਨ ਕੀਤੀ।

ਰਾਮਕਲੀ ਮਹਲਾ ੩

ਅਨੰਦੁ

ੴ ਸਤਿਗੁਰ ਪ੍ਰਸਾਦਿ॥

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੁ ਮੈ ਪਾਇਆ॥੧॥

...

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭ ਵਿਸਾਰਣਾ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥੨॥

....

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥
ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥
ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥
ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ॥
ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ॥੩॥

...

ਸਾਚਾ ਨਾਮੁ ਮੇਰਾ ਆਧਾਰੋ॥ ਸਾਚੁ ਨਾਮੁ ਅਧਾਰੁ ਮੇਰਾ
ਜਿਨਿ ਭੁਖਾ ਸਭਿ ਗਵਾਈਆ॥ ਕਰਿ ਸਾਂਤਿ ਸੁਖ ਮਨਿ
ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ॥
ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ॥
ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ॥
ਸਾਚਾ ਨਾਮੁ ਮੇਰਾ ਆਧਾਰੋ॥੪॥

...

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ॥
ਘਰ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ॥
ਪੰਚ ਦੂਤ ਤੁਧੁ ਵਸਿ ਕੀਲੇ ਕਾਲੁ ਕੰਟਕੁ ਮਾਰਿਆ
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥

...

ਸਾਚੀ ਲਿਵੈ ਬਿਨੁ ਦੇਹ ਨਿਮਾਣੀ॥ ਦੇਹ ਨਿਮਾਣੀ ਲਿਵੈ
ਬਾਝਹੁ ਕਿਆ ਕਰੇ ਵੇਚਾਰੀਆ॥ ਤੁਧੁ ਬਾਝੁ ਸਮਰਥ ਕੋਇ
ਨਾਹੀ ਕ੍ਰਿਪਾ ਕਰਿ ਬਨਵਾਰੀਆ॥ ਏਸ ਨਉ ਹੋਰੁ ਥਾਉ
ਨਾਹੀ ਸਬਦਿ ਲਾਗਿ ਸਵਾਰੀਆ॥ ਕਹੈ ਨਾਨਕ ਲਿਵੈ
ਬਾਝਹੁ ਕਿਆ ਕਰੇ ਵੇਚਾਰੀਆ ॥੬॥

...

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥
ਜਾਣਿਆ ਆਨੰਦੁ ਸਦਾ ਗੁ ਤੇ ਕ੍ਰਿਪਾ ਕਰੇ ਪਿਆਰਿਆ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥

...

ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ॥ ਪਾਵੈ ਤ ਸੋ
ਜਨੁ ਦੇਹਿ ਜਿਸਨੋ ਹੋਰਿ ਕਿਆ ਕਰਹਿ ਵੇਚਾਰਿਆ॥
ਇਕਿ ਭਰਮਿ ਭੂਲੇ ਫਿਰਹਿ ਦਹਦਿਸਿ ਇਕਿ ਨਾਮਿ ਲਾਗਿ ਸਵਾਰਿਆ॥
ਗੁਰਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ॥
ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥੮॥

...

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ॥
ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ॥
ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮੁ ਮੰਨਿਐ ਪਾਈਐ॥
ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ॥
ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥੯॥

...

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥
ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹ ਮੀਠਾ ਲਾਇਆ॥
ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥ ਏਹੁ ਕੁਟੰਬੁ
ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥ ਸਾਥਿ ਤੇਰੈ ਚਲੈ
ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥ ਐਸਾ ਕੰਮੁ
ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥ ਸਤਿਗੁਰੂ ਕਾ
ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥ ਕਹੈ ਨਾਨਕੁ ਮਨ
ਪਿਆਰੇ ਤੂ ਸਦਾ ਸਚੁ ਸਮਾਲੇ॥੧੧॥

...

ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ॥ ਅੰਤੋ ਨ
ਪਾਇਆ ਕਿਨੈ ਤੇਰਾ ਆਪਣਾ ਆਪ ਤੂ ਜਾਣਹੇ॥ ਜੀਅ
ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ॥
ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ॥
ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ॥੧੨॥

...

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ॥
ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ॥
ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ॥
ਕਹੈ ਨਾਨਕੁ ਜਿਸਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ॥੧੩॥

...

ਭਗਤਾ ਕੀ ਚਾਲ ਨਿਰਾਲੀ॥ ਚਾਲਾ ਨਿਰਾਲੀ ਭਗਤਾਹ
ਕੇਰੀ ਬਿਖਮੁ ਮਾਰਗਿ ਚਲਣਾ॥ ਲਬੁ ਲੋਭੁ ਅਹੰਕਾਰੁ ਤਜਿ
ਤ੍ਰਿਸਨਾ ਬਹੁਤੁ ਨਾਹੀ ਬੋਲਣਾ॥ ਖੰਨਿਅਹੁ ਤਿਖੀ ਵਾਲਹੁ
ਨਿਕੀ ਏਤੁ ਮਾਰਗਿ ਜਾਣਾ॥ ਗੁਰ ਪਰਸਾਦੀ ਜਿਨੀ ਆਪੁ
ਤਜਿਆ ਹਰਿ ਵਾਸਨਾ ਸਮਾਣੀ॥ ਕਹੈ ਨਾਨਕੁ ਚਾਲ
ਭਗਤਾ ਜੁਗਹੁ ਜੁਗੁ ਨਿਰਾਲੀ॥੧੪॥

...

ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ
ਜਾਣਾ ਗੁਣ ਤੇਰੇ॥ ਜਿਵ ਤੂੰ ਚਲਾਇਹਿ ਤਿਵੈ ਚਲਹ
ਜਿਨਾ ਮਾਰਗਿ ਪਾਵਹੇ॥ ਕਰਿ ਕਿਰਪਾ ਜਿਨ ਨਾਮਿ ਲਾਇਹਿ
ਸਿ ਹਰਿ ਹਰਿ ਸਦਾ ਧਿਆਵਹੇ॥ ਜਿਸਨੋ ਕਥਾ ਸੁਨਾਇਹਿ
ਆਪਣੀ ਸਿ ਗੁਰ ਦੁਆਰੈ ਸੁਖੁ ਪਾਵਹੇ॥ ਕਹੈ ਨਾਨਕੁ ਸਚੇ
ਸਾਹਿਬ ਜਿਉ ਭਾਵੈ ਤਿਵੈ ਚਲਾਵਹੇ॥੧੫॥

ਏਹੁ ਸੋਹਿਲਾ ਸਬਦ ਸੁਹਾਵਾ॥ ਸਬਦੋ ਸੁਹਾਵਾ ਸਦਾ
ਸੋਹਿਲਾ ਸਤਿਗੁਰੂ ਸੁਣਾਇਆ॥ ਏਹੁ ਤਿਨ ਕੈ ਮੰਨਿ ਵਸਿਆ
ਜਿਨਿ ਧੁਰਹੁ ਲਿਖਿਆ ਆਇਆ॥ ਇਕਿ ਫਿਰਹਿ ਘਨੇਰੇ
ਕਰਹਿ ਗਲਾ ਗਲੀ ਕਿਨੈ ਨ ਪਾਇਆ॥ ਕਹੈ ਨਾਨਕੁ
ਸਬਦੁ ਸੋਹਿਲਾ ਸਤਿਗੁਰੂ ਸੁਣਾਇਆ॥੧੬॥

...

ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ॥ ਹਰਿ
ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ॥
ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ॥
ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ॥
ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ॥੧੭॥
ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮਿ ਕਮਾਏ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਇ॥
ਮੰਨਿ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥੧੮॥

...

ਜੀਅਹੁ ਮੈਲੇ ਬਾਹਰਹੁ ਨਿਰਮਲ॥ ਬਾਹਰਹੁ ਨਿਰਮਲ
ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥ ਏਹ ਤਿਸਨਾ
ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥ ਵੇਦਾ ਮਹਿ
ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ
ਜੂਐ ਹਾਰਿਆ॥੧੯॥

...

ਜੀਅਹੁ ਨਿਰਮੱਲ ਬਾਹਰਹੁ ਨਿਰਮਲ॥ ਬਾਹਰਹੁ ਤ ਨਿਰਮਲੁ
ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥ ਕੂੜ ਕੀ
ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ॥ ਜਨਮੁ ਰਤਨੁ
ਜਿਨੀ ਖਟਿਆ ਭਲੇ ਸੇ ਵਣਜਾਰੇ॥ ਕਹੈ ਨਾਨਕੁ ਜਿਨ
ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ॥੨੦॥

...

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥ ਹੋਵੇ ਤ ਸਨਮੁਖੁ ਸਿਖੁ
ਕੋਈ ਜੀਅਹੁ ਰਹੈ ਗੁਰ ਨਾਲੇ॥ ਗੁਰ ਕੇ ਚਰਨ ਹਿਰਦੈ
ਧਿਆਏ ਅੰਤਰ ਆਤਮੈ ਸਮਾਲੇ॥ ਆਪੁ ਛਡਿ ਸਦਾ ਰਹੈ

ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥ ਕਹੈ ਨਾਨਕੁ
ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥੨੧॥

...

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥
ਪਾਏ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ॥
ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥੨੨॥

...

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗ ਪਾਣੀ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥੨੩॥

...

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥ ਬਾਣੀ ਤ ਕਚੀ
ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ ਕਹਦੇ ਕਚੇ ਸੁਣਦੇ
ਕਚੇ ਕਚੀ ਆਖਿ ਵਖਾਣੀ॥ ਹਰਿ ਹਰਿ ਨਿਤ ਕਰਹਿ
ਰਸਨਾ ਕਹਿਆ ਕਛੂ ਨ ਜਾਣੀ॥ ਚਿਤੁ ਜਿਨ ਕਾ ਹਰਿ
ਲਇਆ ਮਾਇਆ ਬੋਲਨਿ ਪਏ ਰਵਾਣੀ ਕਹੈ ਨਾਨਕੁ
ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥੨੪॥

...

ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ॥ ਸਬਦੁ
ਰਤਨੁ ਜਿਤੁ ਮੰਨੁ ਲਾਗਾ ਏਹੋ ਹੋਆ ਸਮਾਉ॥ ਸਬਦ ਸੇਤੀ
ਮਨੁ ਮਿਲਿਆ ਸਚੈ ਲਾਇਆ ਭਾਉ॥ ਆਪੇ ਹੀਰਾ ਰਤਨੁ
ਆਪੇ ਜਿਸਨੋ ਦੇਇ ਬੁਝਾਇ ਕਹੈ ਨਾਨਕੁ ਸਬਦੁ ਰਤਨੁ ਹੈ
ਹੀਰਾ ਜਿਤੁ ਜੜਾਉ॥੨੫॥

...

ਸਿਵ ਸਕਤਿ ਆਪਿ ਉਪਾਇਕ ਕਰਤਾ ਆਪੇ ਹੁਕਮੁ ਵਰਤਾਏ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੇ ਬੁਝਾਏ॥
ਤੋੜੈ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ॥
ਗੁਰਮੁਖਿ ਜਿਸਨੋ ਆਪਿ ਕਰੇ ਸੁ ਹੋਵੈ ਏਕਸੁ ਸਿਉ ਲਿਵਲਾਏ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ॥੨੬॥

...

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥
ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥
ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ
ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥
ਕਹੈ ਨਾਨਕੁ ਸੋ ਤਤੁ ਪਾਏ ਜਿਸਨੋ ਅਨਦਿਨੁ
ਹਰਿ ਲਿਵਲਾਗੈ ਜਾਗਤ ਰੈਣਿ ਵਿਹਾਣੀ॥੨੭॥

...

ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ
ਵਿਸਾਰੀਐ॥ ਮਨਹੁ ਕਿਉ ਵਿਸਾਰੀਐ ਏਵਡੁ ਦਾਤਾ
ਜਿਨ ਅਗਨਿ ਮਹਿ ਆਹਾਰੁ ਪਹੁਚਾਵਏ। ਓਸਨੋ ਕਿਹ
ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ॥
ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ॥
ਕਹੈ ਨਾਨਕੁ ਏਵਡੁ ਦਾਤਾ ਸੋਕਿਉ ਮਨਹੁ ਵਿਸਾਰੀਐ॥੨੮॥

...

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥
ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥
ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ
ਤਿਨੀ ਵਿਚੇ ਮਾਇਆ ॥੨੯॥

...

ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ॥
ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਲਿਵ ਲਾਇ॥
ਐਸਾ ਸਤਿਗੁਰੂ ਜੇ ਮਿਲੈ ਤਿਸਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ॥
ਜਿਸਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ॥
ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ
ਨਾਨਕਾ ਜਿਨ ਹਰਿ ਪਲੈ ਪਾਇ॥੩੦॥

...

ਹਰਿ ਰਾਸਿ ਮੇਰੀ ਮਨੁ ਵਣਜਾਰਾ॥ ਹਰਿ ਰਾਸਿ
ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ॥

ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ॥
ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ॥
ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ॥੩੧॥

...

ਏ ਰਸਨਾ ਤੂ ਅਨਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ॥
ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ॥
ਏਹੁ ਹਰਿਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥
ਕਹੈ ਨਾਨਕੁ ਹੋਰਿ ਅਨਰਸ ਸਭਿ ਵੀਸਰੇ
ਜਾ ਹਰਿ ਵਸੈ ਮਨਿ ਆਇ॥੩੨॥

...

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ
ਤੂੰ ਜਗ ਮਹਿ ਆਇਆ॥ ਹਰਿ ਜੋਤਿ ਰਖੀ ਤੁਧੁ
ਵਿਚਿ ਤਾ ਤੂੰ ਜਗ ਮਹਿ ਆਇਆ॥ ਹਰਿ ਆਪੇ
ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ
ਦਿਖਾਇਆ॥ ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ
ਚਲਤੁ ਨਦਰੀ ਆਇਆ॥ ਕਹੈ ਨਾਨਕੁ ਸ੍ਰਿਸਟਿ ਕਾ
ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ॥੩੩॥

...

ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ॥
ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ॥
ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ॥
ਗੁਰਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ॥
ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ॥
ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ॥੩੪॥

...

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇਕੈ ਕਿਆ ਤੁਧੁ
ਕਰਮ ਕਮਾਇਆ॥ ਕਿ ਕਰਮ ਕਮਾਇਆ ਤੁਧੁ ਸਰੀਰਾ
ਜਾ ਤੂ ਜਗ ਮਹਿ ਆਇਆ॥
ਜਿਨਿਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ॥
ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ॥੩੫॥

...

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ
ਅਵਰੁ ਨ ਦੇਖਹੁ ਕੋਈ॥ ਹਰਿ ਬਿਨੁ ਅਵਰੁ ਨ ਦੇਖਹੁ
ਕੋਈ ਨਦਰੀ ਹਰਿ ਨਿਹਾਲਿਆ। ਏਹੁ ਵਿਸੁ ਸੰਸਾਰ
ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ
ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥ ਕਹੈ ਨਾਨਕੁ
ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥੩੬॥

...

ਏ ਸ੍ਰਵਣਹੁ ਮੇਰਿਹੋ ਸਾਚੇ ਸੁਨਣੈ ਨੋ ਪਠਾਏ॥ ਸਾਚੈ ਸੁਨਣੈ
ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥ ਜਿਤੁ ਸੁਣੀ
ਮਨੁ ਤਨੁ ਹਰਿਆ ਹੋਇਆ ਰਸਨਾ ਰਸਿ ਸਮਾਣੀ॥ ਸਚੁ
ਅਲਖ ਵਿਡਾਣੀ। ਤਾਕੀ ਗਤਿ ਕਹੀ ਨ ਜਾਏ॥ ਕਹੈ
ਨਾਨਕੁ ਅੰਮ੍ਰਿਤ ਨਾਮ ਸੁਣਹੁ ਪਵਿਤ੍ਰ ਹੋਵਹੁ
ਸਾਚੈ ਸੁਨਣੈ ਨੋ ਪਠਾਏ॥੩੭॥

...

ਹਰਿ ਜੀਉ ਗੁਫਾ ਅੰਦਰਿ ਰਖਿਕੈ ਵਾਜਾ ਪਵਣੁ ਵਜਾਇਆ॥
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ
ਦਸਵਾ ਗੁਪਤੁ ਰਖਾਇਆ॥ ਗੁਰਦੁਆਰੈ ਲਾਇ ਭਾਵਨੀ
ਇਕਨਾ ਦਸਵਾ ਦੁਆਰੁ ਦਿਖਾਇਆ॥ ਤਹ ਅਨੇਕ ਰੂਪ
ਨਾਉ ਨਵ ਨਿਧਿ ਤਿਸਦਾ ਅੰਤੁ ਨ ਜਾਈ ਪਾਇਆ॥ ਕਹੈ
ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿਕੈ ਵਾਜਾ
ਪਵਣੁ ਵਜਾਇਆ॥੩੮॥

...

ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ॥ ਗਾਵਹੁ ਤ ਸੋਹਿਲਾ
ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ॥ ਸਚੋ ਧਿਆਵਹਿ
ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਏ॥ ਇਹੁ ਸਚੁ
ਸਭਨਾ ਕਾ ਖਸਮੁ ਹੈ ਜਿਸੁ ਬਖਸੇ ਜੋ ਜਨੁ ਪਾਵਹੇ॥ ਕਹੈ
ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ॥੩੯॥

...

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥
ਪਾਰਬ੍ਰਹਮ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥ ਦੂਖ
ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥ ਸੰਤ ਸਾਜਨ ਭਏ

ਸਰਸੇ ਪੂਰੇ ਗੁਰ ਤੇ ਜਾਣੀ॥ ਸੁਣਤੇ ਪੁਨੀਤ ਕਹਤੇ ਪਵਿਤੁ
ਸਤਿਗੁਰ ਰਹਿਆ ਭਰਪੂਰੇ॥ ਬਿਨਵੰਤਿ ਨਾਨਕੁ ਗੁਰ
ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥੧॥ (ਆ: ਗ੍ਰੰ: ਪੰ: ੯੧੧-੨੨)

...

ਸਾਰੇ ਲੋਕ ਜਿਨ੍ਹਾਂ ਨੇ ਅਨੰਦੁ ਸਾਹਿਬ ਸੁਣਿਆ ਪ੍ਰੇਮ ਭਗਤੀ ਨਾਲ ਭਰਪੂਰ ਹੋ ਗਏ। ਗੁਰੂ ਜੀ ਨੇ ਹੁਕਮ ਕੀਤਾ ਕਿ ਅੱਜ ਤੋਂ ਬਾਅਦ ਅਨੰਦੁ ਸਾਹਿਬ ਸਦਾ ਉਤਸ਼ਾਹ ਦੇ ਸਮਿਆਂ ਤੇ ਪੜ੍ਹਿਆ ਜਾਇਆ ਕਰੇ। ਸਿੱਖਾਂ ਦਾ ਨਿਸ਼ਚਾ ਹੈ ਕਿ ਜਦ ਕਿਸੇ ਕਾਰਜ ਦੇ ਅਰੰਭ ਸਮੇਂ ਅਨੰਦੁ ਸਾਹਿਬ ਦਾ ਪਾਠ ਕੀਤਾ ਜਾਵੇ ਤਾਂ ਉਸ ਵਿਚ ਸਫਲਤਾ ਹੁੰਦੀ ਹੈ ਅਤੇ ਜੇਕਰ ਸਵੇਰੇ ਅਨੰਦੁ ਸਾਹਿਬ ਦਾ ਪਾਠ ਕੀਤਾ ਜਾਵੇ ਤਾਂ ਸਾਰਾ ਦਿਨ ਅਨੰਦ ਵਿਚ ਹੀ ਬਤੀਤ ਹੁੰਦਾ ਹੈ। ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਇਕ ਇਕ ਪਉੜੀ ਹੋਰ ਉਚਾਰਨ ਕੀਤੀ ਤੇ ਅਨੰਦੁ ਸਾਹਿਬ ਵਿਚ ਪਾਈ, ਇਸ ਕਰਕੇ ਅਨੰਦੁ ਸਾਹਿਬ ਦੀਆਂ ਕੁਲ ਚਾਲੀ ਪਉੜੀਆਂ ਹਨ।[1]

ਮੋਹਰੀ ਜੀ ਦੇ ਘਰ ਤੀਜਾ ਪੁੱਤਰ ਜਨਮਿਆ, ਜਿਹੜਾ ਜੰਮਦਿਆਂ ਹੀ ਮਰ ਗਿਆ। ਮੋਹਰੀ ਜੀ ਦੀ ਸੁਪਤਨੀ ਗੁਰੂ ਜੀ ਪਾਸ ਜਾ ਕੇ ਕਹਿਣ ਲੱਗੀ : "ਮੇਰਾ ਪੁੱਤਰ ਮਰ ਗਿਆ, ਮੈਂ ਅਰਦਾਸ ਕਰਦੀ ਹਾਂ ਮੇਰੇ ਤੇ ਤਰਸ ਕਰੋ।" ਗੁਰੂ ਜੀ ਨੇ 'ਸਤਿਨਾਮ! ਸ੍ਰੀ ਵਾਹਿਗੁਰੂ!' ਕਹਿ ਕੇ ਬਾਲਕ ਨੂੰ ਆਪਣਾ ਚਰਨ ਛੁਹਾਇਆ ਅਤੇ ਕਿਹਾ : "ਅਰਜਨੀ, ਵਾਹਿਗੁਰੂ ਤੇਰੀ 'ਆਰਜਾ' (ਉਮਰ) ਲੰਮੀ ਕਰੇ।" ਇਸ ਉੱਤੇ ਬਾਲਕ ਸੁਰਜੀਤ ਹੋ ਗਿਆ।

1. ਸੂਰਜ ਪ੍ਰਕਾਸ਼

ਕਾਂਡ—33

ਮਸਤਾਨਾ ਮੋਹਨ

ਇਕ ਦਿਨ ਗੁਰੂ ਜੀ ਨੇ ਆਪਣੇ ਵੱਡੇ ਪੁੱਤਰ ਮੋਹਨ ਨੂੰ ਇਉਂ ਕਹਿ ਕੇ ਬੁਲਾਇਆ: "ਮਸਤਾਨੇ ਮੋਹਨ, ਇਧਰ ਆਉ।" ਮੋਹਨ ਜੀ ਨੇ ਆਪਣੇ ਪਿਤਾ ਜੀ ਦੇ ਵਾਕਾਂ ਨੂੰ ਪੂਰਾ ਕਰਨ ਲਈ ਉਸੇ ਵੇਲੇ ਤੋਂ ਹੀ ਦੁਨੀਆਂ ਤਿਆਗ ਦਿੱਤੀ ਅਤੇ ਇਕ ਕੋਠੇ ਵਿਚ ਬੰਦ ਹੋ ਕੇ ਆਪਣੀ ਬ੍ਰਿਤੀ ਵਾਹਿਗੁਰੂ ਵਿਚ ਜੋੜ ਲਈ। ਮੋਹਨ ਜੀ ਕਦੀ ਕਦੀ ਹਾਥੜੇ ਹੋਏ ਦੋਹਾਂ ਹੱਥਾਂ ਨਾਲ ਖਾਂਦੇ ਸਨ ਅਤੇ ਕਦੀ ਕਦੀ ਉਹ ਕਿਸੇ ਨਾਲ ਨਹੀਂ ਸਨ ਬੋਲਦੇ।

ਮੋਹਨ ਜੀ ਦੀ ਮਾਤਾ ਉਨ੍ਹਾਂ ਦੀ ਮਸਤਾਨੀ ਹਾਲਤ ਵੇਖ ਕੇ ਗੁਰੂ ਜੀ ਨੂੰ ਕਹਿਣ ਲੱਗੀ : "ਸੁਆਮੀ ਜੀ, ਆਪ ਦੀ ਮਿਹਰ ਦੀ ਨਜ਼ਰ ਨਾਲ ਮੁਰਦੇ ਵੀ ਸੁਰਜੀਤ ਹੁੰਦੇ ਹਨ। ਕਿਰਪਾ ਕਰੋ ਤਾਂ ਕਿ ਮੋਹਨ ਜੀ ਨੂੰ ਵੀ ਸੋਝੀ ਆ ਜਾਵੇ। ਜੇਕਰ ਮੈਨੂੰ ਪਤਾ ਹੁੰਦਾ ਕਿ ਮੋਹਨ ਜੀ ਨੇ ਇਸ ਤਰ੍ਹਾਂ ਹੋ ਜਾਣਾ ਹੈ ਤਾਂ ਮੈਂ ਉਨ੍ਹਾਂ ਦਾ ਵਿਆਹ ਨਾ ਕਰਾਂਦੀ। ਆਪ ਦੀ ਨੂੰਹ, ਹੁਣ ਮੈਲੇ ਵੇਸ ਕਰਕੇ ਬੈਠੀ ਰਹਿੰਦੀ ਹੈ ਅਤੇ ਅੱਠੇ ਪਹਿਰ ਝੁਰਦੀ ਤੇ ਠੰਢੇ ਸਾਹ ਭਰਦੀ ਰਹਿੰਦੀ ਹੈ।" ਗੁਰੂ ਜੀ ਨੇ ਉੱਤਰ ਦਿੱਤਾ : "ਲੋਕੀ ਮੋਹਨ ਜੀ ਦੀ ਵਡਿਆਈ ਨਹੀਂ ਜਾਣਦੇ। ਉਹਨਾਂ ਦੀ ਪਤਨੀ ਨੂੰ ਕਹੋ ਕਿ ਸ਼ਿੰਗਾਰ ਕਰਕੇ ਆਪਣੇ ਪਤੀ ਦੇ ਚਰਨਾਂ ਤੇ ਜਾਕੇ ਡਿਗ ਪਵੇ ਅਤੇ ਉਸ ਨੂੰ ਪੁੱਤਰ ਪੈਦਾ ਹੋਵੇਗਾ।" ਮੋਹਨ ਜੀ ਦੀ ਇਸਤ੍ਰੀ ਇਸ ਹੁਕਮ ਅਨੁਸਾਰ ਚੰਗੇ ਬਸਤਰ ਪਾਕੇ ਮੋਹਨ ਜੀ ਦੇ ਪਾਸ ਉਸ ਵੇਲੇ ਗਈ ਜਿਸ ਵੇਲੇ ਉਹ ਆਪਣੀ ਕੋਠੜੀ ਵਿਚ ਇਕੱਲੇ ਬੈਠੇ ਹੋਏ ਸਨ ਅਤੇ ਜਾ ਕੇ ਨਮਸਕਾਰ ਕੀਤੀ। ਉਸ ਦੀਆਂ ਮੁਰਾਦਾਂ ਪੂਰੀਆਂ ਹੋ ਗਈਆਂ ਅਤੇ ਫਿਰ ਸਮਾਂ ਆਉਣ ਤੇ ਉਸ ਦੇ ਘਰ ਪੁੱਤਰ ਨੇ ਜਨਮ ਲਿਆ। ਜਦੋਂ ਗੁਰੂ ਜੀ ਨੇ ਬਾਲਕ ਦੇ ਜਨਮ ਦੀ ਖ਼ਬਰ ਸੁਣੀ ਤਾਂ ਆਪ ਨੇ ਬਚਨ ਕੀਤਾ ਕਿ ਇਹ ਬਾਲਕ ਤਿਆਗੀ ਸੰਤ ਹੋਵੇਗਾ ਅਤੇ ਲੋਕੀਂ ਇਸ ਨੂੰ ਸੰਤਰਾਮ ਕਹਿਣਗੇ। ਥੋੜ੍ਹਾ ਸਮਾਂ ਬੀਤਣ ਮਗਰੋਂ ਇਸ ਬਾਲਕ ਦੀ ਮਾਤਾ ਸੁਰਗਵਾਸ ਹੋ ਗਈ ਤੇ ਬਾਲਕ ਦੀ ਪਾਲਨਾ ਸਤਿਗੁਰੂ ਜੀ ਦੀ ਨਿਗਰਾਨੀ ਹੇਠਾਂ ਹੋਈ। ਇਹ ਬਾਲਕ ਬੜਾ ਚਤੁਰ ਨਿਕਲਿਆ ਤੇ ਇਸ ਨੇ ਗੁਰਬਾਣੀ ਕੰਠ ਕਰ ਲਈ। ਇਹ ਬੜੇ ਉਤਸਾਹ ਨਾਲ ਗੁਰਬਾਣੀ ਦਾ ਪਾਠ ਕਰਿਆ ਕਰਦਾ ਸੀ। ਇਸਨੇ ਗੁਰੂ ਅਮਰਦਾਸ ਜੀ ਦੀ ਬਾਣੀ ਇਕ ਪੁਸਤਕ ਵਿਚ ਇਕੱਠੀ ਕੀਤੀ, ਜਿਹੜੀ ਕਹਿੰਦੇ ਹਨ ਕਿ ਹੁਣ ਤੀਕ ਮੌਜੂਦ ਹੈ।

ਭਾਈ ਮੁਰਾਰੀ ਜੀ ਦੀ ਸਾਖੀ

ਬੜੀਆਂ ਤਾਂਘਾਂ ਤੇ ਲਾਲਸਾ ਮਗਰੋਂ ਕਿਸੇ ਖਤਰੀ ਦੇ ਘਰ ਇਕ ਪੁੱਤਰ ਹੋਇਆ, ਜਿਸ ਦਾ ਨਾਮ ਉਸਨੇ ਪ੍ਰੇਮਾ ਰੱਖਿਆ। ਬਾਲਕ ਦੀ ਮਾਂ ਉਸਦੇ ਜੰਮਦੇ ਸਾਰ ਮਰ ਗਈ ਅਤੇ

ਫਿਰ ਉਸ ਦਾ ਪਿਤਾ ਵੀ ਗੁਜ਼ਰ ਗਿਆ। ਉਸ ਦੀ ਭੂਆ ਅਤੇ ਭੈਣਾਂ ਵੀ, ਜਿਹੜੀਆਂ ਉਸ ਨੂੰ ਪਾਲਦੀਆਂ ਸਨ, ਮਰ ਗਈਆਂ। ਇਸੇ ਤਰ੍ਹਾਂ ਉਸਦੇ ਦਾਦਕੇ ਤੇ ਨਾਨਕੇ ਸਾਕਾਂ ਦੇ ਸਾਰੇ ਆਦਮੀ ਗੁਜ਼ਰ ਗਏ ਅਤੇ ਉਹ ਇਸ ਸੰਸਾਰ ਵਿਚ ਇਕੱਲਾ ਹੀ ਰਹਿ ਗਿਆ। ਚਾਲ ਬਾਜ਼ ਆਦਮੀ ਉਸਦੀ ਸਾਰੀ ਜਾਇਦਾਦ ਹੜਪ ਕਰ ਗਏ। ਹੁਣ ਉਸਦੇ ਦੁੱਖਾਂ ਦੀ ਅੱਤ ਹੋ ਗਈ। ਉਹ ਅਜਿਹੇ ਕੋਹੜ ਦਾ ਸ਼ਿਕਾਰ ਹੋ ਗਿਆ ਜਿਸ ਨਾਲ ਉਸਦੇ ਹੱਥਾਂ ਪੈਰਾਂ ਦੀਆਂ ਉਂਗਲਾਂ ਝੜ ਗਈਆਂ, ਸਰੀਰ ਗਲ ਗਿਆ ਤੇ ਲਹੂ ਤੇ ਪਾਕ ਚੋਣ ਲੱਗ ਪਈ ਅਤੇ ਮੱਖੀਆਂ ਨੇ ਡੰਗ ਮਾਰ-ਮਾਰ ਕੇ ਉਸ ਦੀ ਮੁਸੀਬਤ ਦੀ ਰਹਿੰਦੀ ਕਸਰ ਵੀ ਪੂਰੀ ਕਰ ਦਿੱਤੀ। ਕਿਸੇ ਦਇਆਵਾਨ ਆਦਮੀ ਨੇ ਉਸਦੇ ਗਲ ਨਾਲ ਇਕ ਮਿੱਟੀ ਦਾ ਭਾਂਡਾ ਬੰਨ੍ਹ ਦਿੱਤਾ ਤਾਂ ਜੋ ਕੋਈ ਉਦਾਰ ਆਦਮੀ ਉਸਦੇ ਨਿਰਬਾਹ ਲਈ ਉਸ ਵਿਚ ਰੋਟੀ ਪਾ ਜਾਇਆ ਕਰੇ। ਉਹ ਰਿੜ ਰਿੜ ਕੇ ਆਪਣੀ ਥਾਂ ਬਦਲਦਾ ਸੀ ਪਰ ਕੋਈ ਵੀ ਉਸਨੂੰ ਲਾਗੇ ਨਹੀਂ ਸੀ ਆਉਣ ਦਿੰਦਾ। ਉਸਨੇ ਗੁਰੂ ਜੀ ਬਾਰੇ ਸੁਣਿਆ ਕਿ ਉਹ ਰੋਗੀਆਂ ਨੂੰ ਰਾਜ਼ੀ ਕਰ ਦਿੰਦੇ ਹਨ ਜਿਹਾ ਕਿ ਕੋੜੀਆਂ ਨੂੰ ਚੰਗਾ ਭਲਾ ਕਰ ਦਿੰਦੇ ਹਨ, ਅੰਨ੍ਹਿਆਂ ਨੂੰ ਅੱਖਾਂ ਦਿੰਦੇ ਹਨ, ਬੋਲੇ ਉਨ੍ਹਾਂ ਦੀ ਕਿਰਪਾ ਨਾਲ ਸੁਣਨ ਲੱਗ ਪੈਂਦੇ ਹਨ, ਇਸ ਲਈ ਉਸਦੀ ਤੀਬਰ ਇੱਛਾ ਹੋਈ ਕਿ ਮੈਂ ਵੀ ਅਜਿਹੇ ਕਰਾਮਾਤੀ ਗੁਰੂ ਜੀ ਦੇ ਦਰਸ਼ਨ ਕਰਾਂ। ਭੋਂਇ ਉੱਤੇ ਰਿੜਦਾ ਰਿੜਦਾ ਉਹ ਬੜੇ ਕਸ਼ਟਾਂ ਨਾਲ ਬੜੇ ਚਿਰ ਮਗਰੋਂ ਗੋਇੰਦਵਾਲ ਪੁੱਜਾ। ਉਸਨੇ ਉਹ ਅਨੰਦੁ ਵੇਖਿਆ ਜੋ ਗੁਰੂ ਜੀ ਦੇ ਸ਼ਹਿਰ (ਗੋਇੰਦਵਾਲ) ਵਿਚ ਵਰਤ ਰਿਹਾ ਸੀ ਅਤੇ ਖਾਸ ਕਰਕੇ ਜਦ ਸਿੱਖਾਂ ਦੀ ਪ੍ਰਸੰਨਤਾ ਵੇਖੀ ਤੇ ਗੁਰੂ ਜੀ ਦੇ ਲੰਗਰ ਵਿਚੋਂ ਪ੍ਰਸ਼ਾਦਾ ਛਕਿਆ ਤਾਂ ਉਹ ਐਨਾ ਖੁਸ਼ ਹੋਇਆ ਕਿ ਆਪਣੇ ਸਰੀਰ ਦੇ ਦੁੱਖਾਂ ਵੱਲ ਧਿਆਨ ਕਰਕੇ ਇੱਕ ਗੀਤ ਬਣਾਇਆ ਤੇ ਬੜੇ ਪ੍ਰੇਮ ਨਾਲ ਮੁੜ ਮੁੜ ਕੇ ਗਾਉਣ ਲੱਗਾ :—

"ਗਿਆ ਕਛੋਟਾ ਲਾਧੋ ਰੇ।
ਗਿਆ ਕਛੋਟਾ ਲਾਧੋ ਰੇ।"

ਲੋਕਾਂ ਦੀ ਬੀੜ ਉਸਦੇ ਚੁਫੇਰੇ ਇਕੱਠੀ ਹੋ ਗਈ, ਜਦੋਂ ਉਹ ਉਸ ਦੀ ਥਥਲਾਂਦੀ ਹੋਈ ਆਵਾਜ਼ ਸੁਣਦੇ ਸਨ ਤਾਂ ਕਹਿੰਦੇ ਸਨ "ਇਕ ਵਾਰ ਹੋਰ, ਇੱਕ ਵਾਰ ਹੋਰ" ਉਸਦੇ ਗਲ ਵਿੱਚ ਲਟਕਦੇ ਭਾਂਡੇ ਵਿਚ ਕੋਈ ਅੰਨ ਪਾਉਂਦਾ ਸੀ, ਕੋਈ ਪਾਣੀ। ਜਿਉਂ ਜਿਉਂ ਉਹ ਗੁਰਦੁਆਰੇ ਦੀ ਧੂੜੀ ਵਿਚ ਲੇਟਦਾ ਸੀ ਤਿਉਂ ਤਿਉਂ ਉਸਦਾ ਦੁੱਖ ਘੱਟਦਾ ਜਾਂਦਾ। ਉਸ ਨੇ ਸਿੱਖਾਂ ਪਾਸੋਂ ਬੇਨਤੀ ਕਰਕੇ ਪੁੱਛਿਆ ਕਿ ਮੈਂ ਗੁਰੂ ਜੀ ਦੇ ਦਰਸ਼ਨ ਕਿਵੇਂ ਕਰ ਸਕਦਾ ਹਾਂ। ਉਨ੍ਹਾਂ ਨੇ ਦੱਸਿਆ ਕਿ ਜਦੋਂ ਗੁਰੂ ਜੀ ਆਪਣੇ ਆਪ ਹੀ ਕੋੜ੍ਹਿਆਂ ਨੂੰ ਸੱਦਣ, ਤੂੰ ਵੀ ਉਨ੍ਹਾਂ ਨਾਲ ਰਲ ਕੇ ਚਲਾ ਜਾਵੀਂ। ਉਹ ਸੋਚਣ ਲੱਗਾ ਕਿ ਮੇਰਾ ਆਉਣਾ ਤਾਂ ਵਿਅਰਥ ਹੀ ਹੋਇਆ। ਜੇਕਰ ਮੈਨੂੰ ਗੁਰੂ ਦੇ ਘਰ ਵਿਚ ਆਸਰਾ ਨਾ ਮਿਲਿਆ ਤਾਂ ਮੈਂ ਹੋਰ ਕਿੱਥੇ ਜਾਵਾਂਗਾ? ਇਸ ਲਈ ਉਸਨੇ ਵਿਚਾਰਿਆ ਕਿ ਚੰਗਾ ਹੈ ਕਿ ਜਿੱਥੇ ਮੈਂ ਹਾਂ ਇੱਥੇ ਹੀ ਰਹਾਂ ਤੇ ਮਰ ਜਾਵਾਂ। ਉਹ ਕਦੀ ਰੋਂਦਾ ਸੀ, ਤੇ ਕਦੀ ਹਸਦਾ ਸੀ। ਉਹ ਆਪਣੇ ਪਿਛਲੇ ਜਨਮ

ਦੇ ਪਾਪਾਂ ਨੂੰ ਦੋਸ਼ ਦਿੰਦਾ ਸੀ ਕਿ ਜਿਨ੍ਹਾਂ ਕਾਰਨ ਉਸ ਨੂੰ ਗੁਰੂ ਦੇ ਦਰਸ਼ਨ ਨਹੀਂ ਹੋਏ, ਜਿਹੜੇ ਹੋਰਨਾਂ ਲਈ ਇਸੇ ਤਰ੍ਹਾਂ ਖੁਲ੍ਹੇ ਹਨ ਜਿਸ ਤਰ੍ਹਾਂ ਕੇ ਹਵਾ।

ਕੁਝ ਕੁ ਦਇਆਵਾਨ ਸਿੱਖਾਂ ਨੇ ਤਰਸ ਖਾ ਕੇ ਇਸ ਕੋਹੜੀ ਦਾ ਹਾਲ ਅਤੇ ਉਸ ਦੇ ਪ੍ਰੇਮ ਬਾਰੇ ਗੁਰੂ ਜੀ ਨੂੰ ਜਾ ਦੱਸਿਆ। ਗੁਰੂ ਜੀ ਕਹਿਣ ਲੱਗੇ : "ਉਹ ਸੱਚ ਆਖਦਾ ਹੈ, ਉਸ ਨੂੰ ਪਹਿਲਾ ਸਰੀਰ ਪ੍ਰਾਪਤ ਹੋ ਗਿਆ ਹੈ। ਭਲਕੇ ਸਾਡੇ ਇਸ਼ਨਾਨ ਕੀਤੇ ਹੋਏ ਜਲ ਨਾਲ ਇਸ ਨੂੰ ਨੁਹਾਉ, ਅਤੇ ਫਿਰ ਸਿਰ ਤੋਂ ਪੈਰਾਂ ਤੱਕ ਵਲ੍ਹੇਟ ਕੇ ਸਾਡੇ ਪਾਸ ਲਿਆਉਣਾ।" ਸਿੱਖਾਂ ਨੇ ਇਸੇ ਤਰ੍ਹਾਂ ਕੀਤਾ। ਗੁਰੂ ਜੀ ਨੇ ਉਸ ਨੂੰ ਦਰਸ਼ਨ ਦਿੱਤੇ ਅਤੇ ਆਪਣੇ ਹੱਥੀਂ ਉਸ ਤੋਂ ਉਹ ਕੱਪੜਾ ਲਾਹਿਆ, ਜਿਸ ਵਿੱਚ ਸਿੱਖਾਂ ਨੇ ਉਸ ਨੂੰ ਲਪੇਟਿਆ ਸੀ ਤਾਂ ਸਾਰੇ ਕੀ ਵੇਖਦੇ ਹਨ ਕਿ ਉਹ ਮਨੁੱਖਾਂ ਵਰਗਾ ਸੋਹਣਾ ਅਤੇ ਸਡੌਲ ਨਿਕਲ ਆਇਆ ਹੈ।

ਗੁਰੂ ਜੀ ਨੇ ਉਸਦਾ ਨਵਾਂ ਨਾਂ ਮੁਰਾਰੀ ਰੱਖਿਆ। ਮੁਰਾਰੀ ਕ੍ਰਿਸ਼ਨ ਮਹਾਰਾਜ ਜੀ ਦੇ ਗੁਣ ਵਾਚਕ ਨਾਵਾਂ ਵਿਚੋਂ ਇਕ ਨਾਂ ਹੈ।

ਇਕ ਦਿਨ ਗੁਰੂ ਜੀ ਨੇ ਭਰੇ ਦੀਵਾਨ ਵਿਚ ਪੁੱਛਿਆ : "ਕੋਈ ਗੁਰੂ ਦਾ ਪਿਆਰਾ ਹੈ ਜਿਹੜਾ ਆਪਣੀ ਕੰਨਿਆਂ ਮੁਰਾਰੀ ਦੇ ਵਿਆਹ ਲਈ ਦੇਵੇ?" ਸ਼ੀਂਹਾਂ ਨਾਮ ਦੇ ਸਿੱਖ ਨੇ ਉਠ ਕੇ ਕਿਹਾ ਕਿ ਮੈਂ ਆਪਣੀ ਕੰਨਿਆਂ ਦੇਣ ਲਈ ਹਾਜ਼ਰ ਹਾਂ। ਫਿਰ ਉਹ ਮੁਰਾਰੀ ਨੂੰ ਆਪਣੇ ਘਰ ਲੈ ਗਿਆ। ਜਦੋਂ ਘਰ ਪੁੱਜਾ ਤਾਂ ਸ਼ੀਂਹੇ ਨੇ ਆਪਣੀ ਇਸਤ੍ਰੀ ਨੂੰ ਜਿਹੜੀ ਸਖਤ ਸੁਭਾਅ ਵਾਲੀ ਸੀ, ਅੰਦਰ ਭੇਜ ਦਿੱਤਾ ਤਾਂ ਜੋ ਉਹ ਨਾ ਵੇਖੇ ਕਿ ਮੈਂ ਕੀ ਕਰਦਾ ਹਾਂ। ਸ਼ੀਂਹੇ ਨੇ ਵਿਆਹ ਲਈ ਚਾਂਦਨੀ ਲਾਈ ਅਤੇ ਨੌਜਵਾਨ ਜੋੜੀ ਪਾਸੋਂ ਯੋਗ ਤਰੀਕੇ ਨਾਲ ਵਿਆਹ ਦੀਆਂ ਗੀਤਾਂ ਰਸਮਾਂ ਤੇ ਲਾਵਾਂ ਕਰਵਾਕੇ ਉਨ੍ਹਾਂ ਦਾ ਵਿਆਹ ਕਰ ਦਿੱਤਾ।

ਜਦੋਂ ਸ਼ੀਂਹੇ ਦੀ ਇਸਤ੍ਰੀ ਨੂੰ ਵਿਆਹ ਦਾ ਪਤਾ ਲੱਗਾ ਤਾਂ ਉਹ ਰੋਂਦੀ, ਪਿਟਦੀ ਗੁਰੂ ਜੀ ਪਾਸ ਭੱਜੀ ਗਈ। ਉਹ ਕਹਿਣ ਲੱਗੀ : "ਮਹਾਰਾਜ, ਇਕ ਬੜੀ ਮਾੜੀ ਗੱਲ ਹੋਈ ਹੈ। ਇਸ ਆਦਮੀ ਦੇ ਪਿਛਲੇ ਖਾਨਦਾਨ ਦਾ ਜਾਂ ਜ਼ਾਤ ਦਾ ਜਾਂ ਇਸਦੇ ਮਾਂ ਪਿਓ ਦਾ ਮੈਨੂੰ ਕੋਈ ਪਤਾ ਨਹੀਂ ਪਰ ਮੇਰੇ ਪਤੀ ਨੇ ਇਸ ਦੇ ਨਾਲ ਮੇਰੀ ਧੀ ਨੂੰ ਵਿਆਹ ਦਿੱਤਾ ਹੈ।" ਗੁਰੂ ਜੀ ਨੇ ਫੁਰਮਾਇਆ : "ਅਸੀਂ ਇਸ ਦੇ ਮਾਤਾ ਪਿਤਾ ਹਾਂ, ਜੋ ਸਾਡੀ ਜ਼ਾਤ ਹੈ ਉਹੀ ਇਸ ਦੀ ਹੈ। ਤੇਰੀ ਧੀ ਦਾ ਨਾਂ ਮਥੋ ਅਤੇ ਸਾਡੇ ਪੁੱਤਰ ਦਾ ਨਾਂ ਮੁਰਾਰੀ ਹੈ। ਲੋਕੀ ਪਿਛੋਂ ਇਨ੍ਹਾਂ ਦਾ ਨਾਂ ਬੜੇ ਸਤਿਕਾਰ ਸਹਿਤ ਮਥੋ-ਮੁਰਾਰੀ ਕਰਕੇ ਸੱਦਿਆ ਕਰਨਗੇ। ਉਹ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਗਰੂ ਨਾਨਕ ਦੇਵ ਜੀ ਦੀ ਸ਼ਰਨ ਲਈ ਹੈ।" ਇਉਂ ਸ਼ੀਂਹੇ ਦੀ ਗੁੱਸੇ ਹੋਈ ਹੋਈ ਇਸਤ੍ਰੀ ਨੂੰ ਸ਼ਾਂਤੀ ਆ ਗਈ ਅਤੇ ਉਸਨੇ ਆਪਣੀ ਧੀ ਨੂੰ ਦਾਜ ਦਿੱਤਾ। ਫਿਰ ਗੁਰੂ ਜੀ ਨੇ ਮੁਰਾਰੀ ਨੂੰ ਹੁਕਮ ਦਿੱਤਾ : "ਹੁਣ ਆਪਣੇ ਘਰ ਜਾ ਕੇ ਰਹੋ ਤੇ ਸੁੱਖ ਨਾਲ ਵਸੋ। ਸਤਿਨਾਮ ਦਾ ਉਪਦੇਸ਼ ਦੇ ਕੇ ਲੋਕਾਂ ਨੂੰ ਸਿੱਖੀ ਮਾਰਗ ਵਿੱਚ ਲਿਆਓ ਅਤੇ ਉਨ੍ਹਾਂ ਨੂੰ ਤਾਰੋ। ਮੁਰਾਰੀ ! ਤੂੰ ਭੀ ਲੋਕਾਂ ਨੂੰ ਸਿੱਖ ਬਣਾਏਂਗਾ ਅਤੇ ਰਿਧੀਆਂ ਸਿਧੀਆਂ ਤੇਰੇ ਦਰ ਤੇ ਹਾਜ਼ਰ ਰਹਿਣਗੀਆਂ।"

ਦੁਰਗਾ ਭਗਤ ਖੇਡੇ ਦੀ ਸਾਖੀ

ਇੱਕ ਖੇਡਾ ਨਾਮ ਦਾ ਬ੍ਰਾਹਮਣ ਸੀ। ਉਹ ਦੁਰਗਾ ਦੇਵੀ ਦਾ ਅਜਿਹਾ ਸਿਦਕੀ ਉਪਾਸ਼ਕ ਸੀ ਜੋ ਹਰ ਵੇਲੇ ਦੇਵੀ ਦਾ ਹੀ ਜਸ ਗਾਉਂਦਾ ਰਹਿੰਦਾ ਸੀ। ਉਹ ਸਾਲ ਵਿਚ ਦੋ ਵਾਰੀ ਜਵਾਲਾਮੁਖੀ ਜਾ ਕੇ ਲਾਟਾਂ ਵਾਲੀ ਮਾਤਾ ਦਾ ਦਰਸ਼ਨ ਕਰਦਾ। ਇਕ ਵਾਰੀ ਗੋਇੰਦਵਾਲ ਵਿਚੋਂ ਜਾਂਦਾ ਹੋਇਆ, ਸ਼ੌਕੀਆ ਹੀ ਗੁਰੂ ਜੀ ਦੇ ਦਰਸ਼ਨਾਂ ਲਈ ਠਹਿਰ ਗਿਆ। ਸਿੱਖਾਂ ਨੇ ਗੁਰੂ ਜੀ ਨੂੰ ਇਸ ਪ੍ਰਦੇਸੀ ਦੇ ਆਉਣ ਦੀ ਖਬਰ ਦਿੱਤੀ ਪਰ ਗਰੂ ਜੀ ਨੇ ਪ੍ਰਚੱਲਤ ਗੀਤ ਅਨੁਸਾਰ ਕਿਹਾ ਕਿ ਅਸੀਂ ਖੇਡੇ ਨੂੰ ਉਦੋਂ ਮਿਲਾਂਗੇ ਜਦ ਉਹ ਸਾਡੇ ਲੰਗਰ ਵਿਚੋਂ ਪ੍ਰਸ਼ਾਦ ਛਕੇਗਾ। ਖੇਡਾ ਸੋਚਣ ਲੱਗਾ ਕਿ ਮੈਂ ਬ੍ਰਾਹਮਣ ਹਾਂ, ਇਸ ਲਈ ਮੈਂ ਉਹ ਹੀ ਭੋਜਨ ਖਾ ਸਕਦਾ ਹਾਂ ਜਿਹੜਾ ਕਿ ਪਵਿੱਤ੍ਰ ਚੌਂਕੇ ਵਿਚ ਆਪਣੀ ਹੱਥੀਂ ਬਣਾਇਆ ਗਿਆ ਹੋਵੇ। ਚਵ੍ਹਾਂ ਵਰਣਾਂ ਨੂੰ ਬਿਨਾ ਭਿੰਨ ਭੇਦ ਦੇ ਵਰਤਾਣ ਵਾਲੇ ਲੰਗਰ ਵਿਚੋਂ ਪ੍ਰਸ਼ਾਦ ਛੱਕ ਕੇ ਮੈਂ ਮੁਕਤੀ ਤੋਂ ਵਾਂਝਿਆਂ ਨਹੀਂ ਰਹਿਣਾ ਚਾਹੁੰਦਾ। ਇਸ ਲਈ ਉਹ ਆਪਣੇ ਸੰਗ ਵਿਚ ਵਾਪਸ ਆ ਗਿਆ ਅਤੇ ਉਸਨੇ ਆਪਣੀ ਯਾਤਰਾ ਜਾਰੀ ਰੱਖਣ ਦਾ ਫੈਸਲਾ ਕਰ ਲਿਆ ਕਿ ਅਸੀਂ ਸਾਰੇ ਸਵੇਰੇ ਤੁਰਾਂਗੇ। ਰਾਤ ਦੇ ਸਮੇਂ ਦੇਵੀ ਨੇ—ਜਿਸਦੀ ਉਹ ਪੂਜਾ ਕਰਦਾ ਸੀ ਭਿਆਨਕ ਰੂਪ ਧਾਰ ਕੇ ਉਸ ਨੂੰ ਸੁਪਨੇ ਵਿਚ ਦਰਸ਼ਨ ਦਿੱਤੇ। ਖੇਡਾ ਪੁਕਾਰ ਉਠਿਆ : "ਹੇ ਦੁਰਗਾ ਮਾਤਾ, ਮੇਰੀ ਸਹਾਇਤਾ ਕਰੋ ! ਮੈਂ ਕੀ ਅਵੱਗਿਆ ਕੀਤੀ ਹੈ?" ਦੁਰਗਾ ਕਹਿਣ ਲੱਗੀ : "ਗੁਰੂ ਨਾਨਕ ਦੇਵ ਜੀ ਜਗਤ ਨੂੰ ਤਾਰਨ ਲਈ ਪ੍ਰਗਟ ਹੋਏ ਸਨ, ਹੁਣ ਗੁਰੂ ਅਮਰਦਾਸ ਜੀ ਉਨ੍ਹਾਂ ਦੇ ਸਰੂਪ ਉਨ੍ਹਾਂ ਦੀ ਗੱਦੀ ਤੇ ਹਨ। ਗੁਰੂ ਜੀ ਤੋਂ ਮੁੱਖ ਮੋੜ ਕੇ ਤੂੰ ਗੋਇੰਦਵਾਲ ਤੋਂ ਜਾ ਰਿਹਾ ਹੈਂ, ਇਸ ਕਾਰਨ ਮੈਂ ਤੇਰੇ ਸਾਮ੍ਹਣੇ ਪ੍ਰਗਟ ਹੋਈ ਹਾਂ। ਹੁਣ ਜਾ ਅਤੇ ਗੁਰੂ ਜੀ ਦੇ ਦਰਸ਼ਨ ਕਰ।" ਖੇਡੇ ਨੇ ਮੁੜ ਜਾ ਕੇ ਗੁਰੂ ਜੀ ਦੇ ਲੰਗਰ ਵਿਚੋਂ ਪ੍ਰਸ਼ਾਦ ਛੱਕਿਆ ਅਤੇ ਫਿਰ ਉਸ ਨੂੰ ਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕਰਨ ਦੀ ਆਗਿਆ ਮਿਲੀ। ਗੁਰੂ ਜੀ ਦੇ ਪੁੱਛਣ ਤੇ ਉਸ ਨੇ ਮਹਾਰਾਜ ਨੂੰ ਆਪਣੀ ਸਾਰੀ ਵਿਥਿਆ ਆਖ ਸੁਣਾਈ। ਗੁਰੂ ਜੀ ਖੇਡੇ ਦੇ ਆਉਣ ਤੇ ਪ੍ਰਸੰਨ ਹੋਏ ਅਤੇ ਉਸਨੂੰ ਹਰ ਪ੍ਰਕਾਰ ਦਾ ਧੀਰਜ ਦਿੱਤਾ। ਗੁਰੂ ਜੀ ਨੇ ਉਸ ਨੂੰ ਸਿੱਖੀ ਦਾ ਮੰਤਰ ਦਿੱਤਾ, ਮੁਕਤੀ ਬਖਸ਼ੀ ਅਤੇ ਦੂਜਿਆਂ ਦੀ ਗਤੀ ਕਰਨ ਦੀ ਸ਼ਕਤੀ ਬਖਸ਼ੀ। ਖੇਡੇ ਨੇ ਮਗਰੋਂ ਸਿੱਖ ਧਰਮ ਦੇ ਫੈਲਾਣ ਵਿੱਚ ਵੱਡਾ ਹਿੱਸਾ ਲਿਆ।

ਵੇਦਾਚਾਰਯ ਪੰਡਤ ਬੇਣੀ ਜੀ

ਇੱਕ ਬੇਣੀ ਨਾਮ ਦਾ ਪੰਡਤ ਵੇਦਾਂ, ਸ਼ਾਸਤ੍ਰਾਂ ਦੀ ਵਿਆਖਿਆ ਕਰਦਾ ਹੁੰਦਾ ਸੀ। ਉਸਨੇ ਸੰਸਕ੍ਰਿਤ ਵਿਆਕਰਨ ਦਾ ਵਾਕ ਬੋਧ, ਸ਼ਬਦ ਬੋਧ ਅਤੇ ਛੰਦ ਬੋਧ ਕੰਠ ਕੀਤਾ ਹੋਇਆ ਸੀ। ਬੇਣੀ ਬ੍ਰਹਮ ਗਿਆਨ ਦੇ ਹੰਕਾਰ ਵਿਚ ਹਿੰਦੁਸਤਾਨ ਵਿਚ ਘੁੰਮਦਾ ਫਿਰਦਾ ਸੀ ਤੇ ਜਿੱਥੇ ਕਿਤੇ ਕਿਸੇ ਉਘੇ ਪੰਡਤ ਬਾਰੇ ਸੁਣਦਾ ਸੀ, ਉਥੇ ਹੀ ਜਾ ਕੇ ਉਸ ਨਾਲ ਚਰਚਾ ਕਰਦਾ ਸੀ ਤੇ ਉਸ ਨੂੰ ਜਿੱਤ ਕੇ ਉਸ ਦੀਆਂ ਸਾਰੀਆਂ ਪੁਸਤਕਾਂ ਤੇ ਕਬਜ਼ਾ ਕਰ ਲੈਂਦਾ ਸੀ। ਜਦ ਉਸਨੇ ਹਿੰਦੁਸਤਾਨ ਦੇ ਵੱਡੇ ਵੱਡੇ ਸ਼ਹਿਰਾਂ ਦੇ ਸਾਰੇ ਪੰਡਤਾਂ ਨੂੰ ਸ਼ਾਸਤ੍ਰਾਰਥ ਵਿਚ ਹਰਾ ਦਿੱਤਾ ਤਾਂ ਫਿਰ ਉਸ ਨੇ ਗੋਇੰਦਵਾਲ ਵੱਲ ਮੂੰਹ ਕੀਤਾ। ਗੋਇੰਦਵਾਲ ਦੇ

ਪੰਡਤਾਂ ਨੇ ਅਜਿਹੇ ਆਦਮੀ ਨਾਲ, ਜਿਸਨੇ ਕਈ ਜਿੱਤਾਂ ਪ੍ਰਾਪਤ ਕੀਤੀਆਂ ਹੋਈਆਂ ਸਨ, ਆਪ ਤਾਂ ਚਰਚਾ ਵਿਚ ਪੈਣ ਤੋਂ ਕੁਦਰਤੀ ਨਾਹ ਕਰਨੀ ਹੀ ਸੀ, ਸੋ ਉਸਨੂੰ ਉਨ੍ਹਾਂ ਗੁਰੂ ਜੀ ਵੱਲ ਘਲ ਦਿੱਤਾ। ਗੁਰੂ ਜੀ ਨੇ ਬੇਣੀ ਨੂੰ ਬਿਠਾਇਆ ਅਤੇ ਪੁੱਛਿਆ ਕਿ ਆਪ ਨੇ ਇੱਥੇ ਆਉਣ ਦੀ ਕ੍ਰਿਪਾਲਤਾ ਕਿਵੇਂ ਕੀਤੀ ਹੈ। ਉਸਨੇ ਉੱਤਰ ਦਿੱਤਾ—"ਤੁਹਾਡੇ ਸਿੱਖ ਸੰਧਿਆ ਜਾਂ ਗਾਇਤ੍ਰੀ ਦਾ ਪਾਠ ਨਹੀਂ ਕਰਦੇ। ਤੀਰਥ ਯਾਤਰਾ, ਤਪ ਅਤੇ ਹਿੰਦੂਆਂ ਦੇ ਕਰਮ ਧਰਮ ਨਹੀਂ ਕਰਦੇ, ਉਨ੍ਹਾਂ ਦੀ ਕਿਸ ਤਰ੍ਹਾਂ ਗਤੀ ਹੋਵੇਗੀ।" ਗੁਰੂ ਜੀ ਨੇ ਫੁਰਮਾਇਆ : "ਸੰਸਾਰ ਦੇ ਪਹਿਲੇ ਤਿੰਨਾਂ ਯੁਗਾਂ ਲਈ ਇਹ ਗੱਲਾਂ ਠੀਕ ਸਨ ਪਰ ਇਸ ਚੌਥੇ ਯੁਗ ਵਿਚ ਇਹ ਵਿਅਰਥ ਹਨ। ਇਸ ਸਮੇਂ ਇਕ ਨਾਮ ਹੀ ਮੁਕਤੀ ਦੇ ਸਕਦਾ ਹੈ। ਭਗਤੀ ਮੁਕਤੀ ਦੀ ਜੁਗਤਿ ਹੈ ਅਤੇ ਇਹ ਗੁਰੂ ਦੀ ਸਿੱਖਿਆ ਅਨੁਸਾਰ ਚੰਗੀ ਤਰ੍ਹਾਂ ਹੋ ਸਕਦੀ ਹੈ। ਬਿਨਾਂ ਭਗਤੀ ਸਭ ਗੀਤਾਂ ਰਸਮਾਂ ਵਿਅਰਥ ਹਨ। ਆਪਣੇ ਹੱਥ ਵਿਚ ਦੀਵਾ ਫੜੋ ਅਤੇ ਅਨ੍ਹੇਰੇ ਵਿਚ ਨਾ ਜਾਓ, ਬੀਜ ਆਪਣੀ ਠੀਕ ਰੁਤ ਸਿਰ ਹੀ ਉਗਦਾ ਹੈ। ਕੂੜੇ ਹੰਕਾਰ ਨੂੰ ਤਿਆਗੋ ਅਤੇ ਅਜਿਹੀ ਭਗਤੀ ਕਰੋ ਕਿ ਤੁਹਾਡਾ ਮਨ ਵਾਹਿਗੁਰੂ ਦੀ ਪ੍ਰੀਤ ਵਿਚ ਮਗਨ ਰਹੇ ਕਿਉਂ ਜੋ ਤੁਸੀਂ ਪੰਡਤ ਹੋ। ਹੁਣ ਸਾਡੇ ਪ੍ਰਸ਼ਨਾਂ ਦੇ ਉੱਤਰ ਦਿਓ :—

ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ।
ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ॥੧॥
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ।
ਇਸੁ ਮਨ ਕਉ ਮਮਤਾ ਕਿਥਹੁ ਲਾਗੀ॥੧॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ।
ਅਵਰੁ ਕਿ ਬਹੁਤਾ ਪੜਿਐ ਉਠਾਵਹਿ ਭਾਰੁ॥੧॥ ਰਹਾਉ।
ਮਾਇਆ ਮਮਤਾ ਕਰਤੈ ਲਾਈ। ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ॥
ਗੁਰ ਪਰਸਾਦੀ ਬੂਝਹੁ ਭਾਈ॥ ਸਦਾ ਰਹਹੁ ਹਰਿ ਕੀ ਸਰਣਾਈ॥੨॥

ਤਿੰਨ ਗੁਣ :—

ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥ ਅਨਦਿਨੁ ਏਕੋ
ਨਾਮੁ ਵਖਾਣੈ॥ ਸਤਿਗੁਰ ਕੀ ਓਹੁ ਦੀਖਿਆ ਲੇਇ।
ਸਤਿਗੁਰ ਆਗੈ ਸੀਸੁ ਧਰੇਇ। ਸਦਾ ਅਲਗੁ ਰਹੈ
ਨਿਰਬਾਣੁ। ਸੋ ਪੰਡਿਤੁ ਦਰਗਾਹ ਪਰਵਾਣੁ॥੩॥
ਸਭਨਾਂ ਮਹਿ ਏਕੋ ਏਕੋ ਵਖਾਣੈ। ਜਾਂ ਏਕੋ ਵੇਖੈ
ਤਾਂ ਏਕੋ ਜਾਣੈ। ਜਾ ਕਉ ਬਖਸੇ ਮੇਲੇ ਸੋਇ।
ਐਥੈ ਓਥੈ ਸਦਾ ਸੁਖੁ ਹੋਇ॥੪॥ ਕਹਤ ਨਾਨਕੁ
ਕਵਨ ਬਿਧਿ ਕਰੇ ਕਿਆ ਕੋਇ॥ ਸੋਈ ਮੁਕਤਿ
ਜਾ ਕਉ ਕਿਰਪਾ ਹੋਇ॥ ਅਨੁਦਿਨ ਹਰਿ ਗੁਣ ਗਾਵੇ
ਸੋਇ॥ ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ॥੫॥ *(ਆ: ਗ੍ਰੰ: ਪੰ: ੧੨੬੧)*

(ਮਲਾਰ ਮਹਲਾ ੩ ਘਰੁ ੨)

ਪੰਡਤ ਬੇਣੀ ਇਹ ਸੁਣਕੇ ਸੋਚਣ ਲੱਗਾ : "ਮੈਂ ਬੁੱਧੀ ਦੇ ਹੰਕਾਰ ਦੀ ਨਦੀ ਵਿਚ ਰੁੜ੍ਹਦਾ ਜਾ ਰਿਹਾ ਸਾਂ। ਹੁਣ ਜਦ ਮੈਨੂੰ ਗੁਰੂ ਜੀ ਦੇ ਉਪਦੇਸ਼ ਦਾ ਬੇੜਾ ਮਿਲ ਗਿਆ ਹੈ, ਮੈਂ ਇਸ ਤੇ ਚੜ੍ਹਕੇ ਸੰਸਾਰ ਭਉਜਲ ਤੋਂ ਪਾਰ ਹੋ ਕੇ ਮੁਕਤੀ ਨੂੰ ਪ੍ਰਾਪਤ ਕਰਾਂਗਾ।" ਪੰਡਤ ਦੇ ਚੰਗੇ ਭਾਗਾਂ ਦਾ ਸਿਤਾਰਾ ਚੜ੍ਹ ਪਿਆ ਸੀ। ਉਸਨੇ ਗੁਰੂ ਜੀ ਦੀ ਸਰਨ ਲਈ ਅਤੇ ਉਥੋਂ ਫਲ ਪ੍ਰਾਪਤ ਕੀਤਾ। ਬੇਣੀ ਨੇ ਫਿਰ ਹੱਥ ਜੋੜ ਕੇ ਗੁਰੂ ਜੀ ਅੱਗੇ ਬੇਨਤੀ ਕੀਤੀ : "ਹੇ ਸੱਚੇ ਪਾਤਸ਼ਾਹ, ਮੈਂ ਪੜ੍ਹ ਕੇ ਪੰਡਤ ਹੋ ਗਿਆ ਸਾਂ ਪਰ ਅਜੇ ਤੱਕ ਮੈਨੂੰ ਇਹ ਸਮਝ ਨਹੀਂ ਆਈ ਕਿ ਅਸਲ ਗਿਆਨ ਕੀ ਹੈ ਤੇ ਉਸ ਦਾ ਕੀ ਮਤਲਬ ਹੈ। ਮੈਂ ਸ਼ਾਸਤਰ ਪੜ੍ਹਨ, ਤਪ ਕਰਨ, ਤੀਰਥ ਯਾਤਰਾ ਕਰਨ ਨਾਲ ਇਤਨਾ ਅੰਨ੍ਹਾ ਹੋ ਗਿਆ ਹਾਂ ਅਤੇ ਹੰਕਾਰ ਤੇ ਮੂਰਤੀ ਪੂਜਾ ਵਿਚ ਅਜਿਹਾ ਲੀਨ ਹਾਂ ਕਿ ਮੇਰੇ ਵਿਚ ਅਸਲੀ ਭਗਤੀ ਨਹੀਂ ਆਈ। ਹੁਣ ਜਦ ਮੈਂ ਆਪਦੀ ਸ਼ਰਨ ਆਇਆ ਹਾਂ, ਮੈਨੂੰ ਉਪਦੇਸ਼ ਦਿਉ ਅਤੇ ਮੇਰੀ ਗਤੀ ਕਰੋ।" ਪੰਡਤ ਬੇਣੀ ਨੇ ਆਪਣੇ ਤੋਂ ਸਭ ਪੋਥੀਆਂ ਦਾ ਭਾਰ ਲਾਹ ਦਿੱਤਾ ਅਤੇ ਨਿਰਮਾਣਤਾ ਨਾਲ ਆਤਮਕ ਉਪਦੇਸ਼ ਲਈ ਗੁਰੂ ਜੀ ਦਿਆਂ ਚਰਨਾਂ ਵਿਚ ਬੈਠ ਗਿਆ।

ਉਸ ਦੀ ਬੁੱਧੀ ਦੇ ਕਪਾਟ ਖੁਲ੍ਹ ਗਏ ਅਤੇ ਉਹ ਪ੍ਰੇਮ ਨਾਲ ਰੰਗਿਆ ਗਿਆ। ਇਸ ਤਰ੍ਹਾਂ ਗਰੂ ਜੀ ਦੀ ਕਿਰਪਾ ਨਾਲ ਜੀਵਨ-ਮੁਕਤੀ ਪ੍ਰਾਪਤ ਕਰਕੇ ਬੇਣੀ ਨੇ ਗੁਰੂ ਜੀ ਦਾ ਧੰਨਵਾਦ ਕੀਤਾ ਅਤੇ ਵਿਦਾ ਹੋਇਆ।

ਕਾਂਡ—34
ਭਾਈ ਪ੍ਰੇਮੇ ਦੀ ਸਾਖੀ

ਗੋਇੰਦਵਾਲ ਤੋਂ ਤਕਰੀਬਨ ਸੱਤ ਕੋਹ ਦੀ ਵਾਟ ਤੇ ਪਿੰਡ [1]ਤਲਵੰਡੀ ਵਿਚ ਇਕ ਬੜਾ ਸਿਦਕੀ ਸਿੱਖ ਪ੍ਰੇਮਾ ਭਾਈ ਰਹਿੰਦਾ ਸੀ। ਭਾਈ ਪ੍ਰੇਮਾ ਲੰਗਾ ਸੀ ਪਰ ਫਿਰ ਵੀ ਲੱਕੜ ਦੀ ਭੌਂਡ ਦੇ ਸਹਾਰੇ ਚੱਲ ਸਕਦਾ ਸੀ। ਉਹ ਹਰ ਰੋਜ਼ ਗੁਰੂ ਜੀ ਲਈ ਇਕ ਘੜਾ ਦੁੱਧ ਦਾ ਲੈ ਜਾਂਦਾ। ਗੁਰੂ ਜੀ ਉਸ ਵਿਚੋਂ ਕੁਝ ਤਾਂ ਆਪ ਛਕਦੇ ਸਨ ਤੇ ਬਾਕੀ ਸੰਗਤਾਂ ਵਿਚ ਵੰਡ ਦਿੰਦੇ ਸਨ। ਇਕ ਦਿਨ ਜਦੋਂ ਜ਼ੋਰ ਦੀ ਬਰਖਾ ਹੋ ਰਹੀ ਸੀ ਅਤੇ ਸੜਕਾਂ ਚਿੱਕੜ ਨਾਲ ਭਰੀਆਂ ਹੋਈਆਂ ਸਨ, ਉਹ ਆਪਣੀ ਭੇਟਾ ਪਹਿਲਾਂ ਵਾਂਗ ਹੀ ਲੈ ਕੇ ਤੁਰ ਪਿਆ। ਪਿੰਡ ਦਾ ਚੌਧਰੀ ਬਹੁਤ ਵਾਰੀ ਭਾਈ ਪ੍ਰੇਮਾ ਜੀ ਨੂੰ ਆਉਂਦਿਆਂ ਜਾਂਦਿਆਂ ਵੇਖਦਾ ਸੀ। ਇਕ ਦਿਨ ਚੌਧਰੀ ਆਪਣੇ ਘਰ ਹੀ ਰਿਹਾ, ਉਸ ਪਾਸ ਕੋਈ ਹੋਰ ਚੰਗਾ ਕੰਮ ਕਰਨ ਨੂੰ ਨਹੀਂ ਸੀ ਤੇ ਇਸ ਸਿੱਖ ਨੂੰ ਤਾੜਦਾ (ਜਦ ਭਾਈ ਪ੍ਰੇਮਾ ਦੁੱਧ ਲੈ ਕੇ ਚਲਿਆ ਤਾਂ) ਉਸਨੇ ਉਸਦੀ ਲੱਕੜ ਦੀ ਭੌਂਡੀ ਲੁਕਾ ਲਈ ਅਤੇ ਉਸਨੂੰ ਕਹਿਣ ਲੱਗਾ : "ਅੱਜ ਤੂੰ ਨਾ ਜਾ ਕਿਉਂਕਿ ਚਿੱਕੜ ਬਹੁਤ ਜ਼ਿਆਦਾ ਹੈ। ਜੇਕਰ ਤੂੰ ਜਾਣ ਦੀ ਜ਼ਿੱਦ ਕਰੇਂਗਾ, ਤਾਂ ਡਿੱਗ ਕੇ ਮਰ ਜਏਂਗਾ।" ਕੋਲੋਂ ਇੱਕ ਹੋਰ ਆਦਮੀ ਭਾਈ ਪ੍ਰੇਮਾ ਜੀ ਨੂੰ ਆਖਣ ਲੱਗਾ :—"ਤੇਰਾ ਗੁਰੂ ਐਨਾ ਕਰਾਮਾਤੀ ਹੈ ਫਿਰ ਉਹ ਤੇਰੀ ਲੱਤ ਕਿਉਂ ਨਹੀਂ ਠੀਕ ਕਰ ਦਿੰਦਾ? ਜੇਕਰ ਤੇਰਾ ਗੁਰੂ ਇੱਥੇ ਇਹ ਨਹੀਂ ਕਰ ਸਕਦਾ ਤਾਂ ਅੱਗੇ ਤੇਰੀ ਗਤੀ ਕਿਵੇਂ ਕਰੇਂਗਾ?" ਤਾਂ ਭਾਈ ਪ੍ਰੇਮਾ ਜੀ ਨੇ ਬੇਨਤੀ ਕੀਤੀ ਤੇ ਆਗਿਆ ਮੰਗੀ ਕਿ ਮੈਨੂੰ ਰੋਜ਼ ਵਾਂਗ ਗੁਰੂ ਜੀ ਦੇ ਦਰਸ਼ਨ ਕਰਨ ਲਈ ਜਾਣ ਦਿਉ। ਉਨ੍ਹਾਂ ਨੇ ਨਿਰਾਦਰੀ ਵਾਲੇ ਸੁਆਲਾਂ ਦੇ ਜਵਾਬ ਵਿਚ ਭਾਈ ਪ੍ਰੇਮਾ ਜੀ ਕਹਿਣ ਲੱਗੇ ਕਿ ਮੈਂ ਅਜੇ ਸਿੱਖ ਨਹੀਂ ਬਣਿਆ ਕਿ ਮੇਰੀ ਲੱਤ ਠੀਕ ਹੋ ਜਾਏ ਅਤੇ ਨਾ ਹੀ ਮੈਂ ਕਦੇ ਗੁਰੂ ਜੀ ਅੱਗੇ ਅਰਦਾਸ ਨਵੀਂ ਲੱਤ ਲਈ ਕੀਤੀ ਹੈ। ਉਸਨੂੰ ਤੰਗ ਕਰਨ ਵਾਲੇ ਕੁਝ ਸਮਾਂ ਉਸਨੂੰ ਖਿਝਾਂਦੇ ਰਹੇ ਤੇ ਅੰਤ ਭਾਈ ਪ੍ਰੇਮੇ ਨੂੰ ਉਸਦੀ ਲੱਕੜ ਦੀ ਭੌਂਡੀ ਮੋੜ ਦਿੱਤੀ। ਫਿਰ ਭਾਈ ਪ੍ਰੇਮਾ ਜੀ ਆਪਣਾ ਸਾਰਾ ਜ਼ੋਰ ਲਾ ਕੇ ਛੇਤੀ ਛੇਤੀ ਗੁਰੂ ਜੀ ਪਾਸ ਪਹੁੰਚੇ। ਉਥੇ ਜਾ ਕੇ ਦੇਰੀ ਨਾਲ ਪਹੁੰਚਣ ਦੀ ਸਾਰੀ ਵਿੱਥਿਆ ਜਾ ਦੱਸੀ ਕਿ ਕਿਸ ਤਰ੍ਹਾਂ ਉਸ ਨੂੰ ਚੌਧਰੀ ਨੇ ਸ਼ਰਾਰਤ ਭਰੇ ਮਖੌਲ ਨਾਲ ਦੇਰੀ ਕਰਵਾ ਦਿੱਤੀ ਹੈ। ਗੁਰੂ ਜੀ ਨੇ ਕਿਹਾ ਕਿ ਤੇਰੀ ਲੱਤ ਜ਼ਰੂਰ ਠੀਕ ਹੋਣੀ ਚਾਹੀਦੀ ਹੈ। ਫਿਰ ਗੁਰੂ ਜੀ ਨੇ ਹੁਕਮ ਕੀਤਾ : "ਦਰਿਆ ਦੇ ਕੰਢੇ ਤੇ ਇੱਕ ਮੁਸਲਮਾਨ ਫਕੀਰ ਰਹਿੰਦਾ ਹੈ, ਜਿਸਦਾ ਨਾਂ ਹੁਸੈਨੀ ਸ਼ਾਹ ਹੈ,

1. ਇਹ ਉਹ ਤਲਵੰਡੀ ਨਹੀਂ ਹੈ ਜਿੱਥੇ ਗੁਰੂ ਨਾਨਕ ਜੀ ਜਨਮੇ ਸਨ।

ਉਸ ਪਾਸ ਜਾਹ ਅਤੇ ਕਹੋ ਕਿ ਗੁਰੂ ਜੀ ਨੇ ਮੈਨੂੰ ਤੇਰੇ ਪਾਸ ਪੂਰੀ ਤਰ੍ਹਾਂ ਰਾਜ਼ੀ ਹੋਣ ਲਈ ਭੇਜਿਆ ਹੈ।"

ਹੁਸੈਨੀ ਸ਼ਾਹ ਇਕੱਲਾ ਹੀ ਰਹਿੰਦਾ ਸੀ ਅਤੇ ਕਿਸੇ ਨੂੰ ਆਪਣੇ ਨੇੜੇ ਨਹੀਂ ਸੀ ਆਉਣ ਦਿੰਦਾ ਪਰ ਗੁਰੂ ਜੀ ਦੀ ਕਿਰਪਾ ਕਰਕੇ ਭਾਈ ਪ੍ਰੇਮੇ ਜੀ ਨੂੰ ਰੁਕਾਵਟ ਨਾ ਪਈ ਅਤੇ ਉਸਨੂੰ ਫਕੀਰ ਨੇ ਆਪਣੇ ਪਾਸ ਬੈਠਣ ਦੀ ਆਗਿਆ ਦੇ ਦਿੱਤੀ। ਜਦ ਭਾਈ ਪ੍ਰੇਮੇ ਨੇ ਆਪਣੀ ਵਿਥਿਆ ਸੁਣਾਈ ਤਾਂ ਫਕੀਰ ਨੇ ਉਸਨੂੰ ਸਜ਼ਾ ਦੇਣ ਲਈ ਸੋਟਾ ਫੜਿਆ ਜਿਵੇਂ ਕਿ ਉਹ ਇਕਾਂਤ ਵਿਚ ਵਿਘਣ ਪਾਉਣ ਵਾਲੇ ਹੋਰਨਾਂ ਨੂੰ ਸਜ਼ਾ ਦਿੰਦਾ ਸੀ। ਭਾਈ ਪ੍ਰੇਮਾ ਉਸ ਦਾ ਇਹ ਵਤੀਰਾ ਵੇਖਦਿਆਂ ਹੀ ਨਸ ਉਠਿਆ, ਕਾਹਲੀ ਵਿਚ ਆਪਣੀ ਲੱਕੜ ਦੀ ਭੰਡੀ ਲੈਣੀ ਵੀ ਭੁੱਲ ਗਿਆ। ਉਹ ਇਹ ਵੇਖ ਕੇ ਡਾਢਾ ਹੈਰਾਨ ਅਤੇ ਖੁਸ਼ ਹੋਇਆ ਕਿ ਉਸਦੀ ਲੱਤ ਠੀਕ ਹੋ ਗਈ ਹੈ। ਭਾਈ ਪ੍ਰੇਮਾ ਫਿਰ ਫਕੀਰ ਕੋਲ ਮੁੜ ਆਇਆ ਤੇ ਉਸ ਅੱਗੇ ਧਰਤੀ ਉੱਤੇ ਲੇਟ ਗਿਆ ਅਤੇ ਅਜਿਹੇ ਕੁਢੰਗੇ ਤੇ ਅਸਚਰਜ ਤਰੀਕੇ ਨਾਲ ਉਸਦੀ ਲੱਤ ਠੀਕ ਕਰਨ ਲਈ ਉਸਦਾ ਬਹੁਤ ਬਹੁਤ ਧੰਨਵਾਦ ਕੀਤਾ। ਫਕੀਰ ਹੁਸੈਨੀ ਨੇ ਨਿਮਰਤਾ ਨਾਲ ਕਿਹਾ : "ਮੇਰੀ ਇਸ ਵਿਚ ਕੋਈ ਵਡਿਆਈ ਨਹੀਂ, ਤੇਰੀ ਲੱਤ ਤਾਂ ਉਦੋਂ ਹੀ ਰਾਜ਼ੀ ਹੋ ਗਈ ਸੀ, ਜਦੋਂ ਗੁਰੂ ਜੀ ਨੇ ਤੈਨੂੰ ਮੇਰੇ ਪਾਸ ਆਉਣ ਲਈ ਆਖਿਆ ਸੀ। ਪਰ ਗੁਰੂ ਜੀ ਨੇ ਕਰਾਮਾਤੀ ਸ਼ਕਤੀ ਵਰਤਣ ਦੀ ਬਦਨਾਮੀ ਮੇਰੇ ਸਿਰ ਮੜ੍ਹ ਦਿੱਤੀ ਹੈ। ਜਾਹ ਹੁਣ ਗੁਰੂ ਜੀ ਦੇ ਚਰਨਾਂ ਤੇ ਢਹਿ ਪਉ ਅਤੇ ਉਨ੍ਹਾਂ ਨੂੰ ਮੇਰੇ ਵਲੋਂ ਵੀ ਨਮਸਕਾਰ ਕਰਨੀ। ਮੇਰੇ ਵਰਗੇ ਬਹੁਤ ਵਾਹਿਗੁਰੂ ਦੇ ਦਾਸ ਹਨ ਪਰ ਮੈਨੂੰ ਪੱਕਾ ਨਿਸਚਾ ਹੈ ਕਿ ਗੁਰੂ ਜੀ ਵਰਗਾ ਪੂਰਨ ਤੇ ਸਰਬ ਸ਼ਕਤੀਮਾਨ ਕੋਈ ਨਹੀਂ।" ਇਸ ਤਰ੍ਹਾਂ ਗੁਰੂ ਜੀ ਦੀ ਆਤਮਕ ਸ਼ਕਤੀ ਤੇ ਵਡਿਆਈ ਦੀ ਗਵਾਹੀ ਮੁਸਲਮਾਨ ਫਕੀਰ ਵੀ ਦਿੰਦੇ ਸਨ।

ਸਿੱਖ ਧਰਮ ਦੇ ਨਿਯਮ

ਗੁਰੂ ਜੀ ਦਇਆ ਦੇ ਸਮੁੰਦਰ ਸਨ, ਜਿਨ੍ਹਾਂ ਵਿਚ ਬ੍ਰਹਮ ਗਿਆਨ ਅਤੇ ਹੋਰ ਗੁਣਾਂ ਦੇ ਬਹੁਤ ਸਾਰੇ ਹੀਰੇ ਜਵਾਹਰਾਤ ਸਨ। ਜਿਹੜਾ ਆਦਮੀ ਵੀ ਸ਼ਰਧਾ ਨਾਲ ਇਸ ਸਮੁੰਦਰ ਵਿਚ ਚੁਭੀ ਲਾਉਂਦਾ ਸੀ ਉਸਨੂੰ ਬੜਾ ਫਲ ਪ੍ਰਾਪਤ ਹੁੰਦਾ ਸੀ। ਇਕ ਦਿਨ ਸ਼ੁਭ ਸਮਾਂ ਜਾਣਕੇ ਭਾਈ ਬੁੱਢਾ ਜੀ ਅਤੇ ਹੋਰ ਸਿੱਖਾਂ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ਕਿਰਪਾ ਕਰਕੇ ਆਪਣੇ ਧਰਮ ਦੇ ਨਿਯਮ ਸਾਨੂੰ ਦੱਸੋ। ਗੁਰੂ ਅਮਰਦਾਸ ਜੀ ਨੇ ਫੁਰਮਾਇਆ : "ਮੇਰੇ ਸਿੱਖਾਂ ਨੂੰ ਇਕ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰਕੇ ਇਕਾਂਤ ਵਿਚ ਵਾਹਿਗੁਰੂ ਦੇ ਧਿਆਨ ਵਿੱਚ ਬੈਠ ਜਾਣਾ ਚਾਹੀਦਾ ਹੈ। ਦਿਨ ਚੜ੍ਹਨ ਤੱਕ ਗੁਰਬਾਣੀ ਦੀ ਵਿਚਾਰ ਅਤੇ ਵਾਹਿਗੁਰੂ ਦੇ ਨਾਮ ਦਾ ਜਾਪੁ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੀ ਧਰਮ ਦੀ ਕਿਰਤ ਵਿਚੋਂ ਸਿੱਖਾਂ ਦੀ ਅਤੇ ਸੰਤਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ।

ਸਿੱਖਾਂ ਨੂੰ ਪਰ ਇਸਤ੍ਰੀ ਤੇ ਪਰ ਧਨ ਨੂੰ ਕਦੀ ਹੱਥ ਨਹੀਂ ਲਾਉਣਾ ਚਾਹੀਦਾ ਸਿੱਖ ਕਦੀ ਕੌੜਾ ਤੇ ਝੂਠਾ ਬਚਨ ਨਾ ਬੋਲੇ ਤੇ ਨਾ ਹੀ ਨਿੰਦਾ ਚੁਗਲੀ ਕਰੇ। ਸਿੱਖਾਂ ਨੂੰ ਦੂਜਿਆਂ

ਦੇ ਦੁੱਖ ਵਿਚ ਦੁਖੀ ਅਤੇ ਦੂਜਿਆਂ ਦੇ ਸੁੱਖ ਵਿਚ ਖੁਸ਼ ਹੋਣਾ ਚਾਹੀਦਾ ਹੈ। ਭੁੱਖ ਤੋਂ ਬਿਨਾਂ ਖਾਣਾ ਨਹੀਂ ਚਾਹੀਦਾ ਤੇ ਨੀਂਦ ਤੋਂ ਬਿਨਾਂ ਸੌਣਾ ਨਹੀਂ ਚਾਹੀਦਾ ਕਿਉਂ ਜੋ ਜਿਹੜਾ ਲੋੜ ਤੋਂ ਬਿਨਾਂ ਖਾਂਦਾ ਹੈ ਉਸ ਨੂੰ ਰੋਗ ਲੱਗਦਾ ਹੈ ਅਤੇ ਜਿਹੜਾ ਆਦਮੀ ਲੋੜ ਤੋਂ ਬਿਨਾਂ ਸੌਂਦਾ ਹੈ ਆਪਣੀ ਉਮਰ ਨੂੰ ਘਟਾਉਂਦਾ ਹੈ। ਸਿੱਖਾਂ ਨੂੰ ਇਕ ਖਿਨ ਭਰ ਲਈ ਵੀ ਸੱਚਾ ਨਾਮ ਨਹੀਂ ਵਿਸਾਰਨਾ ਚਾਹੀਦਾ, ਵਾਹਿਗੁਰੂ ਦੇ ਭਾਣੇ ਨੂੰ ਮੰਨਦਾ ਚਾਹੀਦਾ ਹੈ ਅਤੇ ਜੋ ਕੁਝ ਕਰਤਾਰ ਕਰੇ ਉਸੇ ਨੂੰ ਠੀਕ ਸਮਝਕੇ ਵਾਹਿਗੁਰੂ ਨੂੰ ਕੋਈ ਦੋਸ਼ ਨਹੀਂ ਦੇਣਾ ਚਾਹੀਦਾ। ਮਨ ਦੀ ਪਵਿੱਤਰਤਾ ਰੱਖਣੀ ਚਾਹੀਦੀ ਹੈ। ਕਾਮੁ, ਕ੍ਰੋਧੁ, ਲੋਭ, ਮੋਹ ਤੇ ਅਹੰਕਾਰ ਨੂੰ ਜਿੱਤਣਾ ਚਾਹੀਦਾ ਹੈ ਤੇ ਆਪਣੀ ਹੱਕ ਦੀ ਕਮਾਈ ਤੇ ਸੰਤੋਖ ਰੱਖਣਾ ਚਾਹੀਦਾ ਹੈ। ਆਪਣੇ ਭਲੇ ਕੰਮ ਪ੍ਰਗਟ ਨਹੀਂ ਕਰਨੇ ਚਾਹੀਦੇ, ਨਹੀਂ ਤਾਂ ਉਨ੍ਹਾਂ ਦਾ ਪੂਰਾ ਫਲ ਨਹੀਂ ਮਿਲੇਗਾ ਅਤੇ ਝੂਠੀ ਵਡਿਆਈ ਉਨ੍ਹਾਂ ਦੇ ਹੋਰਾਂ ਪਾਪਾਂ ਨਾਲ ਮਿਲ ਜਾਏਗੀ। ਗੁਰੂ ਤੇ ਪਰਮਾਤਮਾ ਦੀ ਨਿੰਦਾ ਨਹੀਂ ਸੁਣਨੀ ਚਾਹੀਦੀ, ਸਗੋਂ ਨਿੰਦਕਾਂ ਦੀ ਸੰਗਤ ਤਿਆਗ ਦੇਣੀ ਚਾਹੀਦੀ ਹੈ। ਕਪਟ, ਈਰਖਾ, ਲਾਲਚ ਨੂੰ ਤਿਆਗ ਦੇਣਾ ਚਾਹੀਦਾ ਹੈ ਅਤੇ ਮੁਕਤੀ ਲਈ ਵਾਹਿਗੁਰੂ ਦੀ ਅਰਾਧਨਾ ਤੇ ਵਿਸ਼ਵਾਸ ਰੱਖਣਾ ਚਾਹੀਦਾ ਹੈ। ਸਿੱਖਾਂ ਨੂੰ ਅੱਗੇ ਦੇ ਸੁੱਖ ਲਈ ਤਿਆਰੀ ਕਰਨੀ ਚਾਹੀਦੀ ਹੈ ਅਤੇ ਸੰਸਾਰਕ ਖੁਸ਼ੀਆਂ ਵਿਚ ਕਦੇ ਵੀ ਉਲਝਣਾ ਨਹੀਂ ਚਾਹੀਦਾ, ਸਿੱਖਾਂ ਨੂੰ ਸਦਾ ਹੀ ਮਹਾਂਪੁਰਖਾਂ ਦੀ ਸੰਗਤ ਕਰਨੀ, ਗੁਰਬਾਣੀ ਨਾਲ ਪਿਆਰ ਕਰਨਾ ਅਤੇ ਗੁਰਬਾਣੀ ਨੂੰ ਪੜ੍ਹ ਸੁਣਕੇ ਪ੍ਰਸੰਨ ਹੋਣਾ ਚਾਹੀਦਾ ਹੈ। ਗੁਰੂ ਦੇ ਬਚਨਾਂ ਅਨੁਸਾਰ ਉਨ੍ਹਾਂ ਨੂੰ ਚਲਣਾ ਚਾਹੀਦਾ ਹੈ ਤਾਂ ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਅਸਾਡੀ ਗਤੀ ਹੋ ਗਈ ਹੈ।

ਬਾਲਕ ਅਰਜਨ ਦੇਵ

ਜਦ ਕਦੀ ਜੇਠਾ ਜੀ ਸਭ ਤੋਂ ਛੋਟੇ ਸਾਹਿਬਜ਼ਾਦੇ ਅਰਜਨ ਦੇਵ ਜੀ ਨੂੰ ਗੁਰੂ ਜੀ ਪਾਸ ਲੈ ਆਉਂਦੇ ਸਨ, ਤਾਂ ਮਹਾਰਾਜ ਉਨ੍ਹਾਂ ਨੂੰ ਗਲ ਲਾਉਂਦੇ ਸਨ ਅਤੇ ਲਾਡ ਕਰਦੇ ਸਨ। ਇਕ ਦਿਨ ਜਦੋਂ ਗੁਰੂ ਜੀ ਪ੍ਰਸ਼ਾਦ ਛਕ ਰਹੇ ਸਨ ਤਾਂ ਅਰਜਨ ਦੇਵ ਜੀ ਰਿੜ੍ਹਦੇ ਰਿੜ੍ਹਦੇ ਉਨ੍ਹਾਂ ਦੇ ਕਮਰੇ ਵਿਚ ਚਲੇ ਗਏ ਅਤੇ ਮਹਾਰਾਜ ਦੇ ਥਾਲ ਵਿਚ ਹੱਥ ਜਾ ਪਾਇਆ। ਸਿੱਖ ਅਰਜਨ ਦੇਵ ਜੀ ਨੂੰ ਚੁਕ ਕੇ ਪਰ੍ਹਾਂ ਲੈ ਗਏ ਪਰ ਉਹ ਫਿਰ ਆ ਕੇ ਉਵੇਂ ਹੀ ਕਰਨ ਲੱਗੇ। ਉਨ੍ਹਾਂ ਨੂੰ ਫਿਰ ਲੈ ਗਏ, ਪਰ ਜਦੋਂ ਉਹ ਤੀਜੀ ਵਾਰ ਆਏ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਸੀਤ ਪ੍ਰਸ਼ਾਦਿ ਦਿੱਤਾ। ਤੇ ਫਿਰ ਕਹਿਣ ਲੱਗੇ : "ਆ ਥਾਲ ਦੇ ਮਾਲਕ, ਕੀ ਤੂੰ ਇਹ ਲਏਂਗਾ?" ਸਿੱਖਾਂ ਸਮਝਿਆ ਕਿ ਗੁਰੂ ਜੀ ਨੇ ਭਵਿੱਖਤ ਬਚਨ ਕੀਤਾ ਹੈ ਕਿ ਅਰਜਨ ਦੇਵ ਜੀ ਗੁਰਿਆਈ ਦੀ ਉੱਚ ਪਦਵੀ ਤੇ ਬੈਠਣਗੇ।

ਲੰਗਰ ਦਾ ਪ੍ਰਸ਼ਾਦਾ

ਇਕ ਦਿਨ ਭਾਈ ਬੁੱਢਾ ਜੀ ਗੁਰੂ ਜੀ ਨੂੰ ਪ੍ਰਸ਼ਾਦ ਛਕਦਿਆਂ ਵੇਖ ਕੇ ਕਹਿਣ ਲੱਗੇ : "ਮਹਾਰਾਜ, ਕੀ ਸਿੱਖਾਂ ਲਈ ਯੋਗ ਹੈ ਕਿ ਉਹ ਸਵਾਦਲੇ ਭੋਜਨ ਛਕਣ, ਜਦ ਕਿ ਤੁਸੀਂ ਆਪ ਰੁਖੇ ਮਿਸੇ ਤੇ ਪ੍ਰਸੰਨ ਰਹਿੰਦੇ ਹੋ? ਆਪ ਹੁਕਮ ਕਰੋ ਕਿ ਕੇਵਲ ਇਹੋ ਜਿਹਾ ਪ੍ਰਸ਼ਾਦਾ

ਲੰਗਰ ਵਿਚੋਂ ਵਰਤਿਆ ਕਰੇ, ਜਿਹਾ ਤੁਸੀਂ ਛਕਦੇ ਹੋ।" ਗੁਰੂ ਜੀ ਨੇ ਫੁਰਮਾਇਆ : "ਭਾਈ ਬੁੱਢਾ ਜੀ, ਤੁਸੀਂ ਖਿਆਲ ਕਰਦੇ ਹੋ ਕਿ ਮੇਰੇ ਤੇ ਸਿੱਖਾਂ ਵਿਚ ਕੋਈ ਭਿੰਨ ਭੇਦ ਹੈ। ਜੋ ਕੁਝ ਸਿੱਖ ਛਕਦੇ ਹਨ ਉਸ ਦਾ ਆਨੰਦ ਅਸੀਂ ਲੈਂਦੇ ਹਾਂ।" ਤਾਂ ਸਭਨਾਂ ਨੂੰ ਨਿਸਚਾ ਆ ਗਿਆ ਕਿ ਜੋ ਕੁਝ ਸਿੱਖਾਂ ਦੇ ਮੂੰਹ ਵਿਚ ਪੈਂਦਾ ਹੈ ਉਸਦਾ ਹਿੱਸਾ ਗੁਰੂ ਜੀ ਦੇ ਅਹਾਰ ਲਈ ਜਾਂਦਾ ਹੈ। ਉਸਦੇ ਪ੍ਰਥਾਏ ਜੇਠਾ ਜੀ ਨੇ ਇਉਂ ਉਚਾਰਣ ਕੀਤਾ ਹੈ :—

ਮਾਤਾ ਪ੍ਰੀਤਿ ਕਰੇ ਪੁਤੁ ਖਾਇ॥ ਮੀਨੇ ਪ੍ਰੀਤਿ ਭਈ ਜਲਿ ਨਾਇ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥੧॥
ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ॥ ਜਿਨ ਮਿਲਿਆ
ਦੁਖ ਜਾਹਿ ਹਮਾਰੇ॥੧॥ ਰਹਾਉ॥ ਜਿਉ ਮਿਲਿ ਬਛਰੇ
ਗਊ ਪ੍ਰੀਤ ਲਗਾਵੈ॥ ਕਾਮਨਿ ਪ੍ਰੀਤਿ ਜਾ ਪਿਰੁ ਘਰ ਆਵੈ॥
ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ॥ ਸਾਰਿੰਗ ਪ੍ਰੀਤਿ
ਬਸੈ ਜਲ ਧਾਰਾ॥ ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ॥
ਹਰਿ ਜਨ ਪ੍ਰੀਤ ਜਪੈ ਨਿਰੰਕਾਰਾ॥੨॥ ਨਰ ਪ੍ਰਾਣੀ ਪ੍ਰੀਤਿ
ਮਾਇਆ ਧਨੁ ਖਾਟੇ॥ ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ (ਆਃ ਗ੍ਰੰਃ ਪੰਃ ੧੬੪)
ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ॥੪॥ (ਗਉੜੀ ਗੁਆਰੇਰੀ ਮਹਲਾ ੪)

ਭਾਈ ਫਿਰਾਇਆ ਤੇ ਟਾਰਾ ਸਿੱਖ ਬਣੇ

ਫਿਰਾਇਆ ਤੇ ਕਟਾਰਾ ਨਾਮ ਦੇ ਦੋ ਆਦਮੀ ਦਿੱਲੀ ਦੇ ਨੇੜੇ ਦੇ ਰਹਿਣ ਵਾਲੇ ਸਨ। ਉਹ ਗੁਰੂ ਜੀ ਦਾ ਜਸ ਸੁਣਕੇ ਗੋਇੰਦਵਾਲ ਦਰਸ਼ਨਾਂ ਲਈ ਆਏ ਅਤੇ ਗੁਰੂ ਜੀ ਦੀ ਮਨ ਮਾਰਕੇ ਸੇਵਾ ਕੀਤੀ। ਗੁਰੂ ਜੀ ਬੜੇ ਪ੍ਰਸੰਨ ਹੋਏ ਤੇ ਇਕ ਦਿਨ ਕਹਿਣ ਲੱਗੇ : "ਤੁਹਾਨੂੰ ਹੁਣ ਸਾਡੇ ਧਰਮ ਦਾ ਪੂਰਾ ਗਿਆਨ ਹੋ ਗਿਆ ਹੈ, ਇਸ ਲਈ ਹੁਣ ਤੁਸੀਂ ਆਪਣੇ ਦੇਸ਼ ਵਿਚ ਜਾ ਕੇ ਸਤਿਨਾਮ ਦਾ ਪ੍ਰਚਾਰ ਕਰੋ ਅਤੇ ਮੁਕਤੀ ਦਾ ਰਾਹ ਦੱਸੋ।" ਉਹ ਕਹਿਣ ਲੱਗੇ : "ਸੱਚੇ ਪਾਤਸ਼ਾਹ, ਸਾਡੇ ਦੇਸ ਦੇ ਵਸਨੀਕ ਜੋਗੀਆਂ ਨੂੰ ਮੰਨਦੇ ਹਨ। ਜੋਗੀ ਉਨ੍ਹਾਂ ਦੇ ਕੰਨ ਪਾੜਦੇ ਹਨ। ਜੋਗੀ ਉਨ੍ਹਾਂ ਨੂੰ ਜਾਦੂ ਟੂਣਿਆਂ ਤੇ ਮੰਤ੍ਰਾਂ ਜੰਤ੍ਰਾਂ ਨਾਲ ਠਗਦੇ ਹਨ ਅਤੇ ਇਸ ਕਰਕੇ ਲੋਕੀ ਪ੍ਰੇਮਾ ਭਗਤੀ, ਗੁਰਬਾਣੀ ਅਤੇ ਬ੍ਰਹਮ ਗਿਆਨ ਬਾਰੇ ਕੁਝ ਨਹੀਂ ਜਾਣਦੇ। ਉਹ ਗੋਰਾਂ ਤੇ ਮੜ੍ਹੀਆਂ ਨੂੰ ਪੂਜਦੇ ਹਨ, ਸੱਚੇ ਧਰਮ ਤੋਂ ਬਿਨਾਂ ਹੋਰ ਕੋਈ ਉਨ੍ਹਾਂ ਨੂੰ ਤਾਰ ਨਹੀਂ ਸਕਦਾ।" ਗੁਰੂ ਜੀ ਨੇ ਫੁਰਮਾਇਆ "ਜਾਓ ਅਤੇ ਵਾਹਿਗੁਰੂ ਦਾ ਉਚਾਰਨ ਕਰੋ, ਜਿਸ ਕਿਸੇ ਨੂੰ ਤੁਸੀਂ ਮਿਲੇ ਸਤਿਨਾਮ ਦੇ ਗੁਣ ਦੱਸੋ ਅਤੇ ਲੋਕਾਂ ਨੂੰ ਗੁਰੂ ਦੇ ਮਾਰਗ ਤੇ ਪਾਓ।" ਫਿਰਾਇਆ ਤੇ ਟਾਰਾ ਨੇ ਫਿਰ ਬੇਨਤੀ ਕੀਤੀ : "ਮਹਾਰਾਜ ਜੋਗੀਆਂ ਦਾ ਇਤਨਾ ਜ਼ੋਰ ਹੈ ਕਿ ਸਾਡੇ ਵਰਗੇ ਸਾਧਾਰਨ ਆਦਮੀ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਗੁਰੂ ਜੀ ਦੀ ਖਾਸ ਸ਼ਕਤੀ ਤੋਂ ਬਿਨਾਂ ਅਜਿਹੇ ਲੋਕਾਂ ਵਿਚ ਸਤਿਨਾਮ ਦਾ ਪ੍ਰਚਾਰ ਕਿਸ ਤਰ੍ਹਾਂ ਹੋ ਸਕਦਾ ਹੈ?" ਗੁਰੂ ਜੀ ਨੇ ਫੁਰਮਾਇਆ : "ਕਰਤਾਰ ਤੁਹਾਡੇ ਅੰਗ ਸੰਗ ਹੈ। ਤੁਹਾਡੇ ਬਚਨ ਉਨ੍ਹਾਂ ਦੇ ਹਿਰਦਿਆਂ ਨੂੰ ਵਿੰਨ੍ਹਦੇ ਜਾਣਗੇ ਅਤੇ ਉਨ੍ਹਾਂ ਦੇ ਪਾਪ ਭਰੇ ਬਚਨ

ਤੁਹਾਡੇ ਉਤੇ ਬਲ ਨਹੀਂ ਪਾ ਸਕਣਗੇ, ਲੋਕੀਂ ਅਗਿਆਨਤਾ ਦੀ ਨੀਂਦ ਤੋਂ ਜਾਗ ਉਠਣਗੇ ਤੇ ਬ੍ਰਹਮ ਗਿਆਨ ਨੂੰ ਪ੍ਰਾਪਤ ਕਰਨਗੇ। ਉਨ੍ਹਾਂ ਨੂੰ ਨਾਮ ਦਾਨ ਬਖਸ਼ੋ, 'ਵਾਹਿਗੁਰੂ' ਦਾ ਜਾਪ ਕਰਾਓ ਅਤੇ ਗੁਰੂ ਦੇ ਦੱਸੇ ਹੋਏ ਮਾਰਗ ਤੇ ਚਲਾਓ।" ਇਹ ਹੁਕਮ ਅਤੇ ਗੁਰੂ ਜੀ ਦਾ ਵਰ ਲੈਕੇ ਆਪਣੇ ਹਿਰਦੇ ਵਿਚ ਅਕਾਲਪੁਰਖ ਦਾ ਧਿਆਨ ਧਰ ਕੇ ਫਿਰਾਇਆ ਅਤੇ ਟਾਰਾ ਆਪਣੇ ਦੇਸ ਨੂੰ ਮੁੜ ਪਏ। ਜਦ ਉਥੇ ਪੁੱਜੇ ਤਾਂ ਉਹ ਜੋਗੀਆਂ ਦੇ ਮੱਠ ਵੱਲ ਗਏ। ਗੁਰੂ ਜੀ ਦੇ ਬਖਸ਼ੇ ਹੋਏ ਤੇਜ਼ ਨਾਲ ਉਨ੍ਹਾਂ ਦੇ ਚਮਕਦਿਆਂ ਹੋਇਆਂ ਚਿਹਰਿਆਂ ਨੂੰ ਵੇਖਕੇ ਜੋਗੀ ਇਸ ਤਰ੍ਹਾਂ ਭਜ ਉਠੇ ਜਿਸ ਤਰ੍ਹਾਂ ਮਿਰਗ ਚਿਤਰੇ ਨੂੰ ਵੇਖ ਕੇ ਭੱਜਦਾ ਹੈ। ਭਾਈ ਫਿਰਾਏ ਅਤੇ ਟਾਰੇ ਨੇ ਫਿਰ ਮਠ ਦੀ ਜਗ੍ਹਾ ਧਰਮਸ਼ਾਲਾ ਬਣਾ ਦਿੱਤੀ। ਲੋਕਾਂ ਦੀ ਬਹੁਤ ਸਾਰੀ ਭੀੜ ਇਕੱਠੀ ਹੋ ਗਈ ਅਤੇ ਪੁੱਛਣ ਲੱਗੇ ਕਿ ਇਹ ਇੱਡੇ ਵੱਡੇ ਬਲ ਵਾਲੇ ਆਦਮੀ ਕਿੱਥੋਂ ਆਏ ਹਨ ਜਿਨ੍ਹਾਂ ਨੇ ਗੋਰਖਨਾਥ ਜੀ ਦੇ ਪਵਿੱਤਰ ਸਥਾਨ ਨੂੰ ਤੋੜਨ ਦਾ ਹੌਸਲਾ ਕੀਤਾ ਹੈ ਅਤੇ ਜਿਨ੍ਹਾਂ ਦੇ ਅੱਗੇ ਜੋਗੀਆਂ ਦੇ ਮਹੰਤ ਨੱਠ ਗਏ ਹਨ। ਲੋਕਾਂ ਦੀ ਭੀੜ ਰੌਲਾ ਪਾਉਣ ਨੂੰ ਆਈ ਪਰ ਜਦ ਉਨ੍ਹਾਂ ਭਾਈ ਫਿਰਾਏ ਅਤੇ ਟਾਰੇ ਨੂੰ ਗੁਰਬਾਣੀ ਪੜ੍ਹਦਿਆਂ ਸੁਣਿਆ ਤਾਂ ਉਨ੍ਹਾਂ ਦੇ ਕਠੋਰ ਹਿਰਦੇ ਇਤਨੇ ਢਲ ਗਏ ਕਿ ਭਾਈ ਫਿਰਾਏ ਤੇ ਟਾਰੇ ਜੀ ਦੀ ਸ਼ਰਨ ਪੈ ਗਏ। ਉਨ੍ਹਾਂ ਲੋਕਾਂ ਨੇ ਪੂਰਨ ਮਰਿਆਦਾ ਅਨੁਸਾਰ ਸਿੱਖ ਧਰਮ ਨੂੰ ਧਾਰਨ ਕਰ ਲਿਆ ਅਤੇ ਇਕ ਵਾਹਿਗੁਰੂ ਦੀ ਪੂਜਾ ਕਰਨ ਲੱਗ ਪਏ। ਉਨ੍ਹਾਂ ਦੀਆਂ ਸਭ ਪਰਮਾਰਥਕ ਤੇ ਵਿਹਾਰਕ ਇੱਛਾਵਾਂ ਪੂਰੀਆਂ ਹੋ ਗਈਆਂ। ਬਹੁਤ ਸਾਰੇ ਆਦਮੀ ਹੌਲੀ ਹੌਲੀ ਸਿੱਖ ਬਣ ਗਏ ਤੇ ਜੋਗੀਆਂ ਦੇ ਮੱਠ ਢਾਹ ਕੇ ਵਾਹਿਗੁਰੂ ਅਤੇ ਸੱਚੇ ਧਰਮ ਦੀ ਮਹਿਮਾਂ ਵਿਚ ਉਨ੍ਹਾਂ ਦੀ ਥਾਂ ਆਲੀਸ਼ਾਨ ਗੁਰਦੁਵਾਰੇ ਬਣਾਏ ਗਏ।

ਕਾਂਡ—35

ਅੰਮ੍ਰਿਤਸਰ ਵਸਾਉਣਾ

ਵੀਹ ਵਿਸਵੇ ਪਹਿਲਾਂ ਹੀ ਇਹ ਵਿਚਾਰ ਕੇ ਕਿ ਸਾਡੇ ਪੁੱਤਰ ਮੋਹਨ ਜੀ ਤੇ ਮੋਹਰੀ ਜੀ ਜੇਠਾ ਜੀ ਨੂੰ ਦੁੱਖ ਦੇਣਗੇ, ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ : "ਸਿੱਖਾਂ ਦੇ ਨਿਵਾਸ ਲਈ ਗੋਇੰਦਵਾਲ ਤੋਂ ਬਿਨਾਂ ਕੋਈ ਹੋਰ ਥਾਂ ਲੱਭੋ ! ਉਥੇ ਜਾ ਕੇ ਇੱਕ ਵੱਡਾ ਸ਼ਹਿਰ ਵਸਾਉ ਤੇ ਬਾਦਸ਼ਾਹ ਵਲੋਂ ਮਿਲੀ ਹੋਈ ਜ਼ਮੀਨ ਤੁਹਾਡੇ ਪਾਸ ਹੈ। ਪਹਿਲਾਂ ਉਸ ਵਿਚ ਆਪਣੇ ਲਈ ਇਕ ਘਰ ਬਣਾਓ, ਫਿਰ ਉਸਦੇ ਪੂਰਬ ਵੱਲ ਸਿੱਖਾਂ ਲਈ ਇਕ ਸਰੋਵਰ ਬਣਵਾਓ ਜੋ ਸਿੱਖਾਂ ਲਈ ਤੀਰਥ ਬਣੇ।"

ਜੇਠਾ ਜੀ ਜਗ੍ਹਾ ਦੀ ਤਲਾਸ਼ ਲਈ ਨਿਕਲੇ ਤੇ ਗੋਇੰਦਵਾਲ ਤੋਂ ਕੋਈ ਪੰਜੀ ਕੁ ਮੀਲ ਤੇ ਇਕ ਖੁਲ੍ਹੀ ਤੇ ਵਸੋਂ ਰਹਿਤ ਧਰਤੀ ਦਾ ਟੁਕੜਾ ਉਨ੍ਹਾਂ ਨੇ ਲੱਭਿਆ। ਉਥੇ ਆਪਣਾ ਡੇਰਾ ਲਾ ਲਿਆ। ਜੇਠਾ ਜੀ ਨੇ ਆਪਣੇ ਰਹਿਣ ਲਈ ਇਕ ਘਰ ਬਣਾਇਆ ਅਤੇ ਬਹੁਤ ਸਾਰੇ ਮਜ਼ਦੂਰ ਸਰੋਵਰ ਬਣਾਉਣ ਵਾਸਤੇ ਧਰਤੀ ਪੁੱਟਣ ਤੇ ਲਾ ਦਿੱਤੇ। ਕੁਝ ਚਿਰ ਮਗਰੋਂ ਜਦੋਂ ਕੁਝ ਕੰਮ ਪੂਰਾ ਹੋ ਗਿਆ ਅਤੇ ਬਹੁਤ ਸਾਰੇ ਲੋਕਾਂ ਨੇ ਇਸ ਨਵੀਂ ਥਾਂ ਤੇ ਆਪਣੇ ਲਈ ਕੱਚੇ ਘਰ ਤੇ ਝੁੱਗੀਆਂ ਬਣਾ ਲਈਆਂ ਤਾਂ ਜੇਠਾ ਜੀ ਗੁਰੂ ਜੀ ਦੇ ਵਿਛੋੜੇ ਦੇ ਦੁੱਖ ਕਾਰਨ ਗੋਇੰਦਵਾਲ ਨੂੰ ਚਲੇ ਗਏ ਅਤੇ ਜਿੰਨਾ ਕੰਮ ਹੋਇਆ ਸੀ, ਗੁਰੂ ਜੀ ਨੂੰ ਜਾ ਦੱਸਿਆ : "ਮੈਂ ਇੱਕ ਪਿੰਡ ਵਸਾਇਆ ਹੈ, ਜਿਸ ਵਿਚ ਕਈ ਘਰ ਬਣ ਗਏ ਹਨ ਅਤੇ ਜਿਸ ਥਾਂ ਤੁਸੀਂ ਹੁਕਮ ਕੀਤਾ ਸੀ ਉਥੇ ਸਰੋਵਰ ਦਾ ਚੌਖਾ ਸਾਰਾ ਹਿੱਸਾ ਪੁਟਵਾਇਆ ਹੈ।" ਜੇਠਾ ਜੀ ਕੁਝ ਚਿਰ ਲਈ ਗੋਇੰਦਵਾਲ ਹੀ ਰਹੇ ਅਤੇ ਗੁਰੂ ਜੀ ਦੇ ਖਜ਼ਾਨਚੀ ਬਣੇ ਰਹੇ ਅਤੇ ਉਨ੍ਹਾਂ ਦੇ ਖਰਚ ਦੀ ਦੇਖਭਾਲ ਵੀ ਕਰਦੇ ਰਹੇ।

ਗੁਰੂ ਅਮਰਦਾਸ ਜੀ ਨੇ ਸਮਾਂ ਆਉਣ ਤੇ ਫਿਰ ਜੇਠਾ ਜੀ ਨੂੰ ਕਿਹਾ :—"ਜਾਓ ਅਤੇ ਗੁਰੂ ਕੇ ਚੱਕ ਵਿਚ ਆਪਣੇ ਬਣਾਏ ਹੋਏ ਘਰ ਦੀ ਸਾਰ ਲਵੋ। ਉਹ ਚੌਰਸ ਜਿਸ ਦਾ ਤੁਸਾਂ ਟੱਕ ਲਾਇਆ ਹੈ ਅਤੇ ਜਿਸ ਉੱਤੇ ਕੰਮ ਵੀ ਕੀਤਾ ਹੈ, ਉਸਦਾ ਬਣਨਾ ਬੰਦ ਕਰ ਦੇਵੋ ਅਤੇ ਸੰਤੋਖਸਰ ਨਾਮ ਰੱਖ ਕੇ ਇਕ ਸਰੋਵਰ ਬਣਾਓ (ਭਾਵ : ਉਹ ਸਰ ਜੋ ਸਭ ਨਹਾਉਣ ਵਾਲਿਆਂ ਨੂੰ ਸੰਤੋਖ ਦੇਵੇ)। ਉਸਦੇ ਚੜ੍ਹਦੇ ਵਾਲੇ ਪਾਸੇ ਨੀਵੀਂ ਧਰਤੀ ਤੇ ਇੱਕ ਹੋਰ ਤਾਲ ਪੁਟਵਾਵੋ ਅਤੇ ਉਸਦਾ ਨਾਉਂ ਅੰਮ੍ਰਿਤਸਰ (ਅੰਮ੍ਰਿਤ ਦਾ ਸਰੋਵਰ) ਰੱਖੋ। ਸਮੇਂ ਸਿਰ ਇਹ ਇੱਟਾਂ ਨਾਲ ਪੱਕਾ ਕੀਤਾ ਜਾਏਗਾ। ਜਾਉ ਅਤੇ ਇਸ ਕੰਮ ਨੂੰ ਪੂਰਾ ਕਰਨ ਲਈ ਯਤਨ ਕਰੋ।"

ਜੇਠਾ ਜੀ ਚਲੇ ਗਏ ਅਤੇ ਕੰਮ ਕਰਨ ਵਾਲਿਆਂ ਦੇ ਦਿਲ ਵਧਾਉਣ ਲਈ ਕੜਾਹ ਪ੍ਰਸ਼ਾਦ ਵੰਡਣ ਉਪਰੰਤ ਉਨ੍ਹਾਂ ਨੂੰ ਕੰਮ ਤੇ ਲਾ ਦਿੱਤਾ। ਕਈ ਮਹੀਨੇ ਬੜੀ ਤੇਜ਼ੀ ਨਾਲ ਕੰਮ ਹੁੰਦਾ ਰਿਹਾ। ਇੰਨੇ ਚਿਰ ਨੂੰ ਗੁਰੂ ਅਮਰਦਾਸ ਜੀ ਦੇ ਗੁਰਿਆਈ ਦੇਣ ਦਾ ਸਮਾਂ ਆ ਗਿਆ ਅਤੇ ਗੁਰੂ ਜੀ ਨੇ ਜੇਠਾ ਜੀ ਨੂੰ ਬੁਲਾ ਭੇਜਿਆ। ਜੇਠਾ ਜੀ ਨੇ ਆਪਣੇ ਤੁਰਨ ਸਮੇਂ ਤਾਈਂ ਬੇਰੀ ਦੇ ਕੋਲ ਜਿਸਨੂੰ ਅੱਜ ਕਲ ਦੁਖ ਭੰਜਨੀ ਕਿਹਾ ਜਾਂਦਾ ਹੈ, ਇਕ ਬਹੁਤ ਸਾਰਾ ਡੂੰਘਾ ਜਿਹਾ ਥਾਂ ਪੁਟਵਾ ਦਿੱਤਾ ਸੀ, ਪਰ ਉਨ੍ਹਾਂ ਨੂੰ ਤਾਲ ਦਾ ਕੰਮ ਅਧੂਰਾ ਛੱਡਣਾ ਪਿਆ।

ਜੇਠਾ ਜੀ ਤੇ ਰਾਮਾ ਜੀ ਦੀ ਪ੍ਰੀਖਿਆ

ਗੁਰੂ ਅਮਰਦਾਸ ਜੀ ਦੀ ਵੱਡੀ ਪੁੱਤਰੀ ਬੀਬੀ ਦਾਨੀ ਭਾਈ ਰਾਮਾ ਜੀ ਨਾਲ ਵਿਆਹੀ ਹੋਈ ਸੀ, ਰਾਮਾ ਇਕ ਜੋਸ਼ੀਲਾ ਸਿੱਖ ਬਣ ਗਿਆ ਸੀ। ਰਾਮਾ ਜੀ ਸਾਧਾਰਨ ਸਿੱਖੀ ਦੇ ਨੇਮਾਂ ਨੂੰ ਪੂਰਾ ਕਰਨ ਤੋਂ ਇਲਾਵਾ ਗੁਰੂ ਕੇ ਲੰਗਰ ਦੀ ਸੇਵਾ ਕਰਦੇ ਸਨ ਅਤੇ ਬਾਉਲੀ ਤੇ ਆਏ ਯਾਤਰੂਆਂ ਦੀਆਂ ਲੋੜਾਂ ਵੀ ਪੂਰੀਆਂ ਕਰਦੇ ਸਨ। ਇਕ ਦਿਨ ਸਿੱਖ ਗੁਰੂ ਜੀ ਅੱਗੇ ਬੇਨਤੀ ਕਰਨ ਲੱਗੇ : "ਮਹਾਰਾਜ, ਜੇਠਾ ਜੀ ਅਤੇ ਰਾਮਾ ਜੀ ਆਪ ਦੇ ਇਕੋ ਜਿਹੇ ਸਬੰਧੀ ਹਨ ਅਤੇ ਦੋਵੇਂ ਬੜੀ ਕੁਰਬਾਨੀ ਕਰਕੇ ਸੇਵਾ ਕਰਦੇ ਹਨ। ਰਾਮਾ ਜੀ ਵੱਡੇ ਹਨ, ਪਰ ਆਪਦਾ ਬਹੁਤਾ ਪਿਆਰ ਜੇਠਾ ਜੀ ਨਾਲ ਹੈ। ਇਸਦਾ ਕੀ ਕਾਰਣ ਹੈ?" ਗੁਰੂ ਜੀ ਨੇ ਫੁਰਮਾਇਆ : "ਜਿਹੜਾ ਬਹੁਤਾ ਨਿਸਚੇ ਵਾਲਾ, ਆਗਿਆਕਾਰ ਨਿਰਮਾਣ ਅਤੇ ਪ੍ਰੇਮੀ ਹੈ, ਉਹੀ ਵੱਧ ਅਧਿਕਾਰੀ ਹੈ।"

ਵਾਹਿਗੁਰੂ ਮਹਾਂਪੁਰਸ਼ਾਂ ਦੇ ਵਸ ਵਿਚ ਹੈ ਅਤੇ ਜਿਹੜੇ ਲੋਕ ਆਪਣੇ ਆਪਣੇ ਸਾਧਾਰਨ ਕਰਮ ਧਰਮ ਕਰਦੇ ਹਨ ਉਹ ਉਸ ਤੋਂ ਫਲ ਪ੍ਰਾਪਤ ਕਰਦੇ ਹਨ। ਅਸੀਂ ਤੁਹਾਡੇ ਸਾਹਮਣੇ ਰਾਮਾ ਜੀ ਤੇ ਜੇਠਾ ਜੀ ਦੀ ਪ੍ਰੀਖਿਆ ਕਰਦੇ ਹਾਂ, ਜਿਸਦਾ ਚੰਗਾ ਵਰਤਾਓ ਹੋਵੇਗਾ ਉਸੇ ਨੂੰ ਬਹੁਤ ਯੋਗ ਸਮਝਿਆ ਜਾਵੇਗਾ।

ਗੁਰੂ ਜੀ ਬਾਵਲੀ ਵੱਲ ਗਏ ਅਤੇ ਜੇਠਾ ਜੀ ਤੇ ਰਾਮਾ ਜੀ ਦੋਹਾਂ ਨੂੰ ਸੱਦ ਘੱਲਿਆ। ਦੋਹਾਂ ਨੂੰ ਹੁਕਮ ਦਿੱਤਾ ਕਿ ਬਾਵਲੀ ਦੇ ਲਾਗੇ ਥੜੇ ਬਣਾਓ ਤਾਂ ਜੋ ਇੱਕ ਉੱਤੇ ਅਸੀਂ ਸਵੇਰੇ ਬੈਠਿਆ ਕਰੀਏ ਅਤੇ ਦੂਜੇ ਉੱਤੇ ਸ਼ਾਮ ਵੇਲੇ। ਜਿਹੜਾ ਬਹੁਤਾ ਚੰਗਾ ਕੰਮ ਕਰੇਗਾ, ਉਸ ਨੂੰ ਬਹੁਤਾ ਮਾਣ ਪ੍ਰਾਪਤ ਹੋਵੇਗਾ। ਜੇਠਾ ਜੀ ਤੇ ਰਾਮਾ ਜੀ ਆਪੋ ਆਪਣਾ ਕੰਮ ਕਰਨ ਲੱਗ ਪਏ। ਜਦੋਂ ਥੜੇ ਪੂਰੇ ਬਣ ਗਏ ਤਾਂ ਗੁਰੂ ਜੀ ਉਨ੍ਹਾਂ ਨੂੰ ਵੇਖਣ ਗਏ। ਰਾਮਾ ਜੀ ਨੇ ਮਰਯਾਦਾ ਅਨੁਸਾਰ ਬੰਦਨਾ ਕਰਨ ਮਗਰੋਂ ਗੁਰੂ ਜੀ ਨੂੰ ਆਪਣਾ ਕੰਮ ਵਿਖਾਇਆ ਅਤੇ ਮਨ ਵਿਚ ਖਿਆਲ ਕੀਤਾ ਕਿ ਮੈਂ ਥੜਾ ਠੀਕ ਬਣਾਇਆ ਹੈ। ਗੁਰੂ ਜੀ ਕਹਿਣ ਲੱਗੇ : "ਥੜਾ ਸਿੱਧਾ ਨਹੀਂ ਇਸ ਨੂੰ ਢਾਹ ਦਿਓ ਅਤੇ ਹੋਰ ਬਣਾਓ।" ਰਾਮਾ ਜੀ ਨੇ ਕਿਹਾ ਕਿ ਮੈਂ ਬੜੇ ਯਤਨਾਂ ਨਾਲ ਆਪਣੇ ਹੱਥੀਂ ਸਿੱਧਾ ਅਤੇ ਬੜਾ ਸੁੰਦਰ ਥੜਾ ਬਣਾਇਆ ਹੈ। ਗੁਰੂ ਜੀ ਨੇ ਕਿਹਾ : "ਬੇਸ਼ਕ ਤੁਸੀਂ ਬੜੀ ਮਿਹਨਤ ਕੀਤੀ ਹੈ। ਪਰ ਥੜਾ ਸਾਡੇ ਪਸੰਦ ਦਾ ਨਹੀਂ।" ਗੁਰੂ ਜੀ ਨੇ ਉਸਦੇ ਢਾਹ ਦੇਣ ਅਤੇ ਉਸਦੀ ਥਾਂ ਹੋਰ ਬਣਾਉਣ ਤੇ ਜ਼ੋਰ ਦਿੱਤਾ। ਰਾਮਾ ਜੀ ਨੇ ਹੁਕਮ ਮੰਨ ਲਿਆ ਤੇ ਦੂਜੀ ਵਾਰ ਥੜਾ ਉਸਾਰਿਆ ਪਰ ਇਹ ਵੀ ਗੁਰੂ ਜੀ ਨੂੰ ਚੰਗਾ

ਨਾ ਲੱਗਾ। ਰਾਮਾ ਜੀ ਨੇ ਲੰਮੀ ਬਹਿੰਸ ਮਗਰੋਂ ਥੜਾ ਫਿਰ ਢਾਹ ਦਿੱਤਾ, ਪਰ ਤੀਜੀ ਵਾਰ ਬਣਾਉਣ ਤੋਂ ਨਾਂਹ ਕਰ ਦਿੱਤੀ, ਉਹ ਕਹਿਣ ਲੱਗਾ : "ਗੁਰੂ ਜੀ ਬਿਰਧ ਹੋ ਗਏ ਹਨ ਅਤੇ ਉਨ੍ਹਾਂ ਦੀ ਮੱਤ ਠਿਕਾਣੇ ਨਹੀਂ ਰਹੀ।" ਗੁਰੂ ਜੀ ਕਹਿਣ ਲੱਗੇ ਇਸ ਆਦਮੀ ਵਿਚ ਸੱਚਾ ਪ੍ਰੇਮ ਨਹੀਂ ਹੈ, ਇਹ ਗੁਰਿਆਈ ਦੇ ਯੋਗ ਕਿਸ ਤਰ੍ਹਾਂ ਹੋ ਸਕਦਾ ਹੈ?"

ਗੁਰੂ ਜੀ ਜੇਠਾ ਜੀ ਦੇ ਥੜੇ ਪਾਸ ਗਏ ਤੇ ਜਾ ਕੇ ਕਹਿਣ ਲੱਗੇ : "ਜੇਠਾ ਜੀ, ਸਾਨੂੰ ਇਹ ਥੜਾ ਚੰਗਾ ਨਹੀਂ ਲੱਗਦਾ, ਇਸ ਨੂੰ ਢਾਹ ਕੇ ਹੋਰ ਬਣਾਓ।" ਜੇਠਾ ਜੀ ਉਸਨੂੰ ਤੁਰੰਤ ਢਾਹ ਕੇ ਨਵਾਂ ਬਨਾਉਣ ਲੱਗ ਪਏ। ਜਦੋਂ ਉਹ ਤਿਆਰ ਹੋ ਗਿਆ ਤਾਂ ਗੁਰੂ ਜੀ ਨੇ ਹੁਕਮ ਕੀਤਾ ਕਿ ਇਹ ਵੀ ਸਾਡੇ ਪਸੰਦ ਨਹੀਂ, ਮੁੜ ਬਣਾਓ, ਜੇਠਾ ਜੀ ਨੇ ਆਗਿਆ ਪਰਵਾਨ ਕੀਤੀ ਅਤੇ ਦਿਨ ਰਾਤ ਲੱਗ ਕੇ ਤੀਜੀ ਵਾਰ ਥੜੇ ਨੂੰ ਪੂਰਾ ਕੀਤਾ। ਗੁਰੂ ਜੀ ਨੇ ਕਿਸੇ ਨਾ ਕਿਸੇ ਬਹਾਨੇ ਦੂਸ਼ਨ ਕੱਢ ਕੇ ਸੱਤ ਵਾਰ ਢਵ੍ਹਾ ਕੇ ਸੱਤ ਵਾਰ ਥੜਾ ਬਣਵਾਇਆ। ਆਖਰ ਜੇਠਾ ਜੀ ਨੇ ਗੁਰੂ ਜੀ ਦੇ ਚਰਨ ਫੜ ਲਏ ਅਤੇ ਨਿਮਰਤਾ ਸਹਿਤ ਬੇਨਤੀ ਕੀਤੀ : "ਮੈਂ ਇੱਕ ਮੂਰਖ ਹਾਂ, ਕਿਰਪਾ ਕਰਕੇ ਮੈਨੂੰ ਆਪਣਾ ਪੁੱਤਰ ਜਾਣਕੇ ਬਿਰਦ ਦੀ ਲਾਜ ਰੱਖੋ। ਮੈਂ ਭੁੱਲਣਹਾਰ ਹਾਂ ਅਤੇ ਅਲਪ ਬੁੱਧੀ ਵਾਲਾ ਹਾਂ ਅਤੇ ਆਪ ਜਾਣੀ ਜਾਣ ਹੋ।"

ਇਹ ਸੁਣ ਕੇ ਗੁਰੂ ਜੀ ਮੁਸਕਰਾ ਪਏ। ਜੇਠਾ ਜੀ ਨੂੰ ਜੱਫੀ ਵਿਚ ਲੈ ਲਿਆ ਅਤੇ ਕਹਿਣ ਲੱਗੇ : "ਸਾਡਾ ਹੁਕਮ ਮੰਨ ਕੇ ਤੁਸਾਂ ਸੱਤ ਵਾਰ ਥੜਾ ਬਣਾਇਆ ਹੈ, ਇਸ ਲਈ ਤੁਹਾਡੀਆਂ ਸੱਤ ਪੀੜ੍ਹੀਆਂ ਗੁਰਿਆਈ ਦੀ ਗੱਦੀ ਤੇ ਬੈਠਣਗੀਆਂ।" ਗੁਰੂ ਜੀ ਸਿੱਖਾਂ ਵੱਲ ਮੁਖ ਕਰਕੇ ਕਹਿਣ ਲੱਗੇ : "ਅਸਾਂ ਹੁਣ ਆਪਣੇ ਦੋਹਾਂ ਜਵਾਈਆਂ ਦੇ ਪ੍ਰੇਮ ਦੀ ਪ੍ਰੀਖਿਆ ਕਰ ਲਈ ਹੈ। ਤੁਸਾਂ ਸਿੱਟਾ ਵੇਖ ਹੀ ਲਿਆ ਹੈ ਕਿ ਜੇਠਾ ਜੀ ਕਿਉਂ ਸਾਨੂੰ ਵੱਧ ਪਿਆਰੇ ਹਨ। ਉਹ ਪੂਰਨ ਪੁਰਖ ਅਵਤਾਰ ਹੋ ਗਏ ਹਨ, ਉਨ੍ਹਾਂ ਦੇ ਪਿੱਛੇ ਲੱਗ ਕੇ ਦੁਨੀਆਂ ਤਰ ਜਾਏਗੀ। ਸਿੱਖ ਜੇਠਾ ਜੀ ਦੇ ਅਸਚਰਜ ਪ੍ਰੇਮ ਅਤੇ ਆਗਿਆਕਾਰੀ ਹੋਣ ਨੂੰ ਵੇਖਨ ਕੇ ਹੈਰਾਨ ਹੋ ਗਏ ਅਤੇ ਉਨ੍ਹਾਂ ਨੂੰ ਗੁਰੂ ਜੀ ਦਾ ਸਰੂਪ ਜਾਣਨ ਲੱਗੇ।

ਬੀਬੀ ਭਾਨੀ ਜੀ ਨੂੰ ਵਰ

ਬੀਬੀ ਭਾਨੀ ਜੀ ਆਪਣੇ ਵਿਆਹ ਮਗਰੋਂ ਵੀ ਗੁਰੂ ਜੀ ਦੀ ਸੇਵਾ ਕਰਦੇ ਰਹੇ। ਉਹ ਗੁਰੂ ਜੀ ਨੂੰ ਪੱਖਾ ਝਲਦੇ ਸਨ, ਪਾਣੀ ਢੋਂਦੇ ਅਤੇ ਲੰਗਰ ਵਿਚ ਸੇਵਾ ਕਰਦੇ ਸਨ। ਇਕ ਰਾਤ, ਜਦੋਂ ਗੁਰੂ ਜੀ ਅਗਾਧ ਸਮਾਧੀ ਵਿਚ ਲੀਨ ਸਨ ਤਾਂ ਬੀਬੀ ਜੀ ਨੇ ਵੇਖਿਆ ਕਿ ਉਨ੍ਹਾਂ ਦੇ ਪਲੰਘ ਦਾ ਇਕ ਪਾਵਾ ਟੁੱਟ ਗਿਆ ਹੈ। ਬੀਬੀ ਜੀ ਨੇ ਇਸ ਗੱਲੋਂ ਡਰ ਕੇ ਕਿ ਮਤੇ ਗੁਰੂ ਜੀ ਦੀ ਸਮਾਧੀ ਉਟਕ ਜਾਏ, ਆਪਣਾ ਹੱਥ ਟੁੱਟੇ ਹੋਏ ਪਾਵੇ ਹੇਠਾਂ ਦੇ ਦਿੱਤਾ ਤਾਂ ਕਿ ਪਲੰਘ ਬਰਾਬਰ ਟਿਕਿਆ ਰਹੇ। ਜਦ ਗੁਰੂ ਜੀ ਉਠੇ ਅਤੇ ਉਨ੍ਹਾਂ ਬੀਬੀ ਦੇ ਇਸ ਕਾਰਜ ਨੂੰ ਵੇਖਿਆ ਅਤੇ ਪੁੱਛਿਆ ਕਿ ਬੀਬੀ ਤੁਸਾਂ ਇੰਨਾਂ ਕਸ਼ਟ ਕਿਉਂ ਝੱਲਿਆ ਹੈ। ਬੀਬੀ ਭਾਨੀ ਜੀ ਨੇ ਉੱਤਰ ਦਿੱਤਾ ਕਿ ਮੈਂ ਪਾਵਾ ਟੁੱਟਾ ਵੇਖਿਆ ਸੀ, ਇਸ ਗੱਲੋਂ ਡਰ ਕੇ ਕਿ ਦੂਜਾ ਲਿਆਉਂਦਿਆਂ ਚਿਰ ਲੱਗ ਜਾਏਗਾ, ਮੈਂ ਇਸ ਹੇਠਾਂ ਆਪਣਾ ਹੱਥ ਦੇ ਦਿੱਤਾ ਤਾਂ ਜੋ ਮੇਰੇ ਪਿਤਾ ਜੀ ਨੂੰ ਤਕਲੀਫ ਨਾ ਹੋਵੇ। ਮੈਂ ਸੋਚਿਆ ਕਿ ਜੇਕਰ ਮੇਰਾ ਇਹ ਨਿਕੰਮਾ ਸਰੀਰ ਗੁਰੂ

ਜੀ ਦੀ ਸੇਵਾ ਵਿੱਚ ਲੱਗੇ ਤਾਂ ਮੈਂ ਬੜੀ ਭਾਗਾਂ ਵਾਲੀ ਹੋਵਾਂਗੀ। ਗੁਰੂ ਜੀ ਪ੍ਰਸੰਨ ਹੋ ਕੇ ਕਹਿਣ ਲੱਗੇ : "ਜਿਹੜਾ ਭਲੇ ਕੰਮ ਕਰਦਾ ਹੈ ਉਸ ਨੂੰ ਉਨ੍ਹਾਂ ਦਾ ਫਲ ਮਿਲਦਾ ਹੈ।" ਫਿਰ ਗੁਰੂ ਜੀ ਨੇ ਕਿਹਾ : "ਕੁਝ ਮੰਗੋ।" ਬੀਬੀ ਜੀ ਨੇ ਬੇਨਤੀ ਕੀਤੀ ਕਿ ਗੁਰਿਆਈ ਮੇਰੀ ਕੁਲ ਵਿਚ ਰਹੇ। ਗੁਰੂ ਜੀ ਨੇ ਬੀਬੀ ਜੀ ਨੂੰ ਇਹ ਕਹਿੰਦੇ ਵਰ ਦਿੱਤਾ : "ਤੇਰੀ ਸੰਤਾਨ ਨੂੰ ਜਗਤ ਪੂਜੇਗਾ। ਤੇਰੀ ਕੁਖ ਦੀ ਸੰਤਾਨ ਤੋਂ ਇਕ ਜਗਤ ਦੇ ਤਾਰਣ ਵਾਲਾ ਪ੍ਰਗਟ ਹੋਵੇਗਾ। ਪਰ ਤੁਸੀਂ ਗੁਰਿਆਈ ਦੀ ਸਾਫ ਵਗਦੀ ਨਦੀ ਨੂੰ ਬੰਨ੍ਹ ਮਾਰ ਦਿੱਤਾ ਹੈ। ਇਸ ਲਈ ਇਸਦਾ ਸਿੱਟਾ ਝਗੜੇ ਅਤੇ ਕਲੇਸ਼ਾਂ ਵਿਚ ਨਿਕਲੇਗਾ।"

ਜੇਠਾ ਜੀ ਵਿਚ ਆਗਿਆਕਾਰਤਾ ਦਾ ਖਾਸ ਗੁਣ ਹੋਣ ਕਰਕੇ ਉਹ ਗੁਰੂ ਜੀ ਦੀ ਦਿਨ ਰਾਤ ਸੇਵਾ ਕਰਦੇ ਰਹਿੰਦੇ ਸਨ ਅਤੇ ਕਦੀ ਥੱਕਦੇ ਨਹੀਂ ਸਨ। ਉਹ ਗੁਰੂ ਜੀ ਦੀ ਮੁਠੀ ਚਾਪੀ ਕਰਦੇ, ਪਾਣੀ ਢੋਂਦੇ, ਰੋਟੀ ਪਕਾਂਦੇ, ਲੰਗਰ ਵਿਚੋਂ ਪ੍ਰਸ਼ਾਦਾ ਛਕਾਂਦੇ ਅਤੇ ਫਿਰ ਖਾਣ ਵਾਲੇ ਭਾਂਡੇ ਧੋਂਦੇ ਸਨ। ਗੁਰੂ ਜੀ ਨੇ ਜੇਠਾ ਜੀ ਨੂੰ ਵਰ ਦਿੱਤਾ : "ਸਾਰਾ ਜਗਤ ਤੁਹਾਨੂੰ ਨਮਸਕਾਰ ਕਰੇਗਾ ਅਤੇ ਅਮੀਰ ਗਰੀਬ ਤੁਹਾਡੀ ਸੇਵਾ ਕਰਕੇ ਫਲ ਪ੍ਰਾਪਤ ਕਰਨਗੇ।"

ਜੇਠਾ ਜੀ ਦੇ ਸਬੰਧੀ ਗੋਇੰਦਵਾਲ ਆਏ

ਇਕ ਵਾਰ ਜੇਠਾ ਜੀ ਦੇ ਸਬੰਧੀ ਗੰਗਾ ਦੀ ਯਾਤਰਾ ਕਰਕੇ ਮੁੜਦੀ ਵਾਰ ਗੋਇੰਦਵਾਲ ਆ ਕੇ ਠਹਿਰੇ, ਗੁਰੂ ਜੀ ਨੇ ਪਿਆਰ ਸਹਿਤ ਉਨ੍ਹਾਂ ਦੀ ਆਉ ਭਗਤ ਕੀਤੀ ਪਰ ਉਨ੍ਹਾਂ ਨੇ ਦਿਲ ਵਿਚ ਇਹ ਸਮਝ ਕੇ ਕਿ ਅਸੀਂ ਗੁਰੂ ਜੀ ਦੇ ਕੁੜਮ ਹਾਂ, ਹੱਦੋਂ ਵੱਧ ਹੰਕਾਰ ਕੀਤਾ ਅਤੇ ਮਹਾਰਾਜ ਜੀ ਨੂੰ ਮੱਥਾ ਨਾ ਟੇਕਿਆ ਅਤੇ ਗੁਰੂ ਜੀ ਪਾਸੋਂ ਕੇਵਲ ਐਨਾ ਹੀ ਪੁੱਛਿਆ ਕਿ ਹਰੀ ਦਾਸ ਪੁੱਤਰ ਭਾਵ : "ਜੇਠਾ ਕਿੱਥੇ ਹੈ? ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਖਾਣ ਪੀਣ ਨੂੰ ਦਿੱਤਾ ਅਤੇ ਜੇਠਾ ਜੀ ਨੂੰ ਸੱਦ ਘੱਲਿਆ। ਜਦੋਂ ਉਨ੍ਹਾਂ ਨੂੰ ਜੇਠਾ ਜੀ ਦੇ ਕੰਮ ਦਾ ਪਤਾ ਲੱਗਾ ਤਾਂ ਉਹ ਕ੍ਰੋਧਵਾਨ ਹੋ ਗਏ ਅਤੇ ਜੇਠਾ ਜੀ ਨੂੰ ਕਹਿਣ ਲੱਗੇ : "ਤੂੰ ਆਪਣੇ ਸਹੁਰੇ ਦੇ ਘਰ ਵਿਚ ਆ ਕੇ ਕੰਮੀਆਂ ਵਾਲੀ ਸੇਵਾ ਕਰਕੇ ਆਪਣੀ ਕੁਲ ਨੂੰ ਲਾਜ ਲਾਈ ਹੈ। ਕੀ ਤੈਨੂੰ ਗੁਰੂ ਜੀ ਦੀਆਂ ਮੁਠੀਆਂ ਭਰਨ, ਜੂਠੇ ਭਾਂਡੇ ਮਾਂਜਣ ਅਤੇ ਪਾਣੀ ਢੋਣ ਤੋਂ ਬਿਨਾਂ ਆਪਣੇ ਮਾਂ ਪਿਓ ਪਾਸ ਕੋਈ ਚੰਗਾ ਕੰਮ ਨਹੀਂ ਸੀ ਮਿਲਦਾ? ਤੂੰ ਇਕ ਖਤਰੀ ਦਾ ਪੁੱਤਰ ਹੋ ਕੇ ਇਦਾਂ ਦੇ ਕੰਮ ਕਰਦਾ ਹੈਂ? ਵਾਹ, ਤੂੰ ਆਪਣੀ ਕੁਲ ਦੀ ਸੋਹਣੀ ਇੱਜ਼ਤ ਵਧਾਈ ਹੈ। ਜਦ ਅਸੀਂ ਆਪਣੇ ਸਹੁਰੇ ਘਰੀਂ ਜਾਂਦੇ ਹਾਂ ਤਾਂ ਸਾਨੂੰ ਲੇਟਣ ਲਈ ਅਤੀ ਸੁੰਦਰ ਪਲੰਘ, ਮਠਿਆਈਆਂ ਅਤੇ ਪਲਾਉ ਖਾਣ ਨੂੰ ਮਿਲਦੇ ਹਨ, ਸਾਲੀਆਂ ਨਾਲ ਹੱਸਦੇ ਖੇਡਦੇ ਹਾਂ। ਸਾਡੇ ਸਹੁਰਿਆਂ ਦੇ ਸਾਰੇ ਪਰਿਵਾਰ ਸਾਡੇ ਆਦਰ ਭਾ ਕਰਨ ਵਿੱਚ ਲੱਗੇ ਰਹਿੰਦੇ ਹਨ। ਤੇਰੀ ਹਾਲਤ ਵੇਖ ਕੇ ਕੋਲੋਂ ਲੰਘਣ ਵਾਲਾ ਵੀ ਸ਼ਰਮਿੰਦਾ ਹੁੰਦਾ ਹੈ। ਕੀ ਤੇਰੇ ਭਾਗਾਂ ਵਿਚ ਇਹੋ ਸੀ?'

ਜੇਠਾ ਜੀ ਅਜਿਹੀਆਂ ਬੋਲੀਆਂ ਸੁਣ ਕੇ ਅਤੇ ਖਾਸ ਕਰਕੇ ਗੁਰੂ ਜੀ ਲਈ ਨਿਰਾਦਰੀ ਭਰੇ ਬਚਨ ਸੁਣਕੇ ਬੜੇ ਦੁਖੀ ਹੋਏ ਤੇ ਕਹਿਣ ਲੱਗੇ : "ਤੁਹਾਡੀਆਂ ਨਜ਼ਰਾਂ ਵਿਚ ਤਾਂ

ਗੁਰੂ ਜੀ ਮੇਰੇ ਸਹੁਰੇ ਹਨ ਪਰ ਮੇਰੀਆਂ ਅੱਖਾਂ ਵਿਚ ਉਹ ਪ੍ਰਤੱਖ ਪ੍ਰਮਾਤਮਾ ਦਾ ਰੂਪ ਹਨ। ਉਨ੍ਹਾਂ ਨੇ ਮੈਨੂੰ ਦੋਹਾਂ ਜਹਾਨਾਂ ਦਾ ਸੁੱਖ ਬਖਸ਼ਿਆ ਹੈ। ਉਨ੍ਹਾਂ ਦੀ ਕਿਰਪਾ ਨਾਲ ਮੈਂ ਮਨ ਦੀ ਸ਼ਾਂਤੀ, ਧੀਰਜ, ਭਰੋਸਾ ਗਿਆਨ ਪ੍ਰਾਪਤ ਕੀਤਾ ਹੈ। ਮੈਂ ਤਾਂ ਮਨ, ਬਚਨ ਤੇ ਕਰਮ ਕਰਕੇ ਇਨ੍ਹਾਂ ਦਾ ਗੋਲਾ ਹਾਂ।" ਇਹ ਸੁਣ ਕੇ ਜੇਠਾ ਜੀ ਦੇ ਰਿਸ਼ਤੇਦਾਰ ਗੁਰੂ ਜੀ ਪਾਸ ਗਏ ਅਤੇ ਉਨ੍ਹਾਂ ਨੂੰ ਕਹਿਣ ਲੱਗੇ : "ਤੁਸੀਂ ਆਪਣੇ ਆਪ ਨੂੰ ਜਗਤ ਗੁਰੂ ਸਦਾਉਂਦੇ ਹੋ ਅਤੇ ਆਪਣੇ ਆਪ ਨੂੰ ਜਾਣੀ ਜਾਣ ਦੱਸਦੇ ਹੋ। ਹਰ ਕਿਸੇ ਨੂੰ ਆਪਣੀ ਕੁਲ ਦੀ ਇੱਜ਼ਤ ਪਿਆਰੀ ਹੁੰਦੀ ਹੈ ਪਰ ਤੁਸੀਂ ਇਸ ਗੱਲ ਦੀ ਉੱਕੀ ਪ੍ਰਵਾਹ ਨਹੀਂ ਕਰਦੇ। ਸਾਡੀ ਕੁਲ ਵਿਚ ਇਕ ਜੇਠਾ ਹੀ ਹੈ ਜਿਹੜਾ ਆਪਣੇ ਮਾਤਾ ਪਿਤਾ ਨੂੰ ਛੱਡ ਕੇ ਸਹੁਰੇ ਪਾਸ ਰਹਿੰਦਾ ਹੈ, ਅਤੇ ਉਸਦਾ ਗੰਦ ਮੰਦ ਆਪਣੇ ਸਿਰ ਤੇ ਚੁਕਦਾ ਹੈ। ਜੇਕਰ ਤੁਸੀਂ ਜੇਠੋਂ ਪਾਸੋਂ ਆਪਣਾ ਕੰਮ ਕਰਾਉਣਾ ਹੀ ਚਾਹੁੰਦੇ ਹੋ ਤਾਂ ਉਸ ਨੂੰ ਕਿਸੇ ਹੋਰ ਵਿਹਾਰ ਤੇ ਲਾਓ ਤਾਂ ਜੋ ਉਹ ਲੋਕਾਂ ਦੀਆਂ ਨਜ਼ਰਾਂ ਵਿਚ ਹੀਣਾ ਤਾਂ ਨਾ ਬਣੇ।" ਗੁਰੂ ਜੀ ਜੇਠਾ ਜੀ ਵੱਲ ਵੇਖ ਕੇ ਆਖਣ ਲੱਗੇ : "ਅਸੀਂ ਇਨ੍ਹਾਂ ਦੇ ਸਿਰ ਤੇ ਗੰਦ ਨਹੀਂ ਚੁਕਾਇਆ ਹੋਇਆ, ਸਗੋਂ ਇਨ੍ਹਾਂ ਦੇ ਨਿੰਦਕਾਂ ਦੇ ਸਿਰਾਂ ਉੱਤੇ ਗੰਦ ਰੱਖਿਆ ਹੈ ਅਤੇ ਜੇਠੇ ਦੇ ਸਿਰ ਉੱਤੇ ਸੱਚੀ ਪਾਤਸ਼ਾਹੀ ਦਾ ਛਤਰ ਝੁਲਾਇਆ ਹੈ। ਜੇਕਰ ਜੇਠਾ ਤੁਹਾਡੀ ਕੁਲ ਵਿਚ ਜਨਮ ਨਾ ਲੈਂਦਾ ਤਾਂ ਤੁਸੀਂ ਸਭ ਨਰਕਾਂ ਵਿਚ ਜਾਂਦੇ। ਇਹ ਜੇਠਾ ਹੀ ਹੈ ਜਿਸ ਨੇ ਤੁਹਾਡੀ ਕੁਲ ਨੂੰ ਤਾਰ ਦਿੱਤਾ ਹੈ। ਇਹ ਭਗਤੀ, ਧਰਮ ਅਤੇ ਮੁਕਤੀ ਦੇ ਅਵਤਾਰ ਹਨ। ਇਹ ਪਵਿੱਤਰ ਮਨ ਵਾਲੇ ਤੇ ਖਾਸ ਨਿਮਰਤਾ ਦੇ ਤੱਤ ਹਨ ਅਤੇ ਸਦਾ ਉਹ ਕੰਮ ਕਰਦੇ ਆਏ ਹਨ ਜੋ ਗੁਰਸਿੱਖਾਂ ਦੇ ਕਰਨ ਯੋਗ ਹਨ।"

ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਬਖਸ਼ਣੀ

ਗੁਰੂ ਜੀ ਹੁਣ ਬਿਰਧ ਹੋ ਗਏ ਸਨ ਅਤੇ ਆਪਣੇ ਅੰਤ ਸਮੇਂ ਨੂੰ ਨੇੜੇ ਜਾਣ ਕੇ ਸੋਚਣ ਲੱਗੇ ਕਿ ਆਪਣੇ ਸਿੱਖਾਂ ਵਿਚੋਂ ਸਭ ਤੋਂ ਵੱਧ ਅਧਿਕਾਰੀ ਨੂੰ ਗੁਰਿਆਈ ਦਈਏ। ਜੇਠਾ ਜੀ ਦਿਨ ਰਾਤ ਅਜਿਹੀ ਅਤੁਟ ਸੇਵਾ ਕਰਦੇ ਰਹੇ ਸਨ ਕਿ ਉਹ ਆਪਣੇ ਮਨ ਜਾਂ ਸਰੀਰ ਨੂੰ ਕਦੀ ਆਰਾਮ ਨਹੀਂ ਸੀ ਦਿੰਦੇ। ਇਕ ਦਿਨ ਜਦੋਂ ਗੁਰੂ ਜੀ ਇਸ਼ਨਾਨ ਕਰਨ ਦੇ ਮਗਰੋਂ ਬੈਠੇ ਹੋਏ ਸਨ ਤਾਂ ਬੀਬੀ ਭਾਨੀ ਜੀ ਨੇ ਆ ਕੇ ਉਨ੍ਹਾਂ ਨੂੰ ਨਮਸਕਾਰ ਕੀਤੀ। ਗੁਰੂ ਜੀ ਨੇ ਉਨ੍ਹਾਂ ਪਾਸੋਂ ਪੁੱਛਿਆ ਕਿ ਜੇਕਰ ਤੁਹਾਡਾ ਪਤੀ ਗੁਜ਼ਰ ਜਾਵੇ ਤਾਂ ਤੁਸੀਂ ਕੀ ਕਰੋ? ਬੀਬੀ ਜੀ ਨੇ ਸਮਝਿਆ ਕਿ ਗੁਰੂ ਜੀ ਦਾ ਇਸ ਤੋਂ ਇਹ ਭਾਵ ਹੈ ਕਿ ਮੇਰੇ ਪਤੀ ਜੀ ਦੇ ਸਰੀਰ ਦਾ ਨਾਸ ਹੋਣ ਦਾ ਸਮਾਂ ਨੇੜੇ ਹੈ। ਬੀਬੀ ਭਾਨੀ ਜੀ ਨੇ ਕਿਹਾ ਕਿ ਮੈਨੂੰ ਭਾਣਾ ਹੀ ਮੰਨਣਾ ਪਵੇਗਾ। ਜਾਂ ਤਾਂ ਮੈਂ ਵੀ ਆਪਣੇ ਪਤੀ ਜੀ ਨਾਲ ਸਰੀਰ ਛੱਡ ਦੇਵਾਂਗੀ, ਜਾਂ ਜਿਸ ਤਰ੍ਹਾਂ ਆਪ ਦੀ ਰਜ਼ਾ ਹੋਵੇਗੀ ਕਰਾਂਗੀ। ਗੁਰੂ ਜੀ ਕਹਿਣ ਲੱਗੇ : "ਤੁਹਾਨੂੰ ਸਰੀਰ ਛੱਡਣ ਦੀ ਕੋਈ ਲੋੜ ਨਹੀਂ, ਅਸੀਂ ਤੁਹਾਡੇ ਤੇ ਮੇਹਰ ਕਰਾਂਗੇ ਜੋ ਤੁਹਾਡੇ ਲਈ ਜ਼ਿਆਦਾ ਲਾਭਦਾਇਕ ਹੋਵੇਗੀ। ਅਸੀਂ ਤੁਹਾਡੇ ਪਤੀ ਨੂੰ ਗੁਰਿਆਈ ਬਖਸ਼ਾਂਗੇ ਅਤੇ ਉਨ੍ਹਾਂ ਦੀ ਆਯੂ ਲੰਮੀ ਕਰਾਂਗੇ।"

ਗੁਰੂ ਅਮਰਦਾਸ ਜੀ ਨੇ ਹਰ ਪ੍ਰਕਾਰ ਪ੍ਰੀਖਿਆ ਕਰਕੇ ਜੇਠਾ ਜੀ ਨੂੰ ਪੂਰਨ ਜਾਣਿਆ ਅਤੇ ਭਾਈ ਬਲੂ ਜੀ ਨੂੰ ਹੁਕਮ ਕੀਤਾ ਕਿ ਇਕ ਨਾਰੀਅਲ ਤੇ ਪੰਜ ਪੈਸੇ ਲੈ ਆਓ। ਗੁਰੂ ਜੀ ਨੇ ਫਿਰ ਜੇਠਾ ਜੀ ਨੂੰ ਇਸ਼ਨਾਨ ਕਰਾ ਕੇ ਨਵੀਂ ਪੁਸ਼ਾਕ ਪਹਿਨਾਈ। ਗਰੂ ਜੀ ਨੇ ਆਪਣੇ ਪੁੱਤਰਾਂ, ਮੋਹਨ ਤੇ ਮੋਹਰੀ ਜੀ ਅਤੇ ਆਪਣੇ ਵੱਡੇ ਵੱਡੇ ਸਿੱਖਾਂ ਨੂੰ ਭਾਈ ਬੁੱਢਾ ਜੀ ਸਮੇਤ ਸੱਦ ਘੱਲਿਆ। ਜਦ ਸਾਰੇ ਬੈਠ ਗਏ ਤਾਂ ਗੁਰੂ ਜੀ ਨੇ ਇਉਂ ਫੁਰਮਾਇਆ :—"ਗੁਰੂ ਨਾਨਕ ਦੇਵ ਜੀ ਨੇ ਆਦਿ ਵਿਚ ਇਹ ਰੀਤੀ ਕਾਇਮ ਕੀਤੀ ਹੈ ਕਿ ਗੁਰਿਆਈ ਸਭ ਤੋਂ ਵੱਧ ਅਧਿਕਾਰੀ ਨੂੰ ਦਿੱਤੀ ਜਾਵੇ। ਇਸ ਲਈ ਰਾਮਦਾਸ ਜੀ (ਜਿਨ੍ਹਾਂ ਨੂੰ ਹੁਣ ਭਾਈ ਜੇਠਾ ਜੀ ਕਰਕੇ ਸੱਦਦੇ ਸਨ) ਨੂੰ ਪੂਰਨ ਅਧਿਕਾਰੀ ਜਾਣਕੇ, ਅਸੀਂ ਹੁਣ ਗੁਰਿਆਈ ਦਿੰਦੇ ਹਾਂ।"

ਗੁਰੂ ਜੀ ਆਪਣੇ ਸਿੰਘਾਸਨ ਤੋਂ ਉਤਰੇ ਤੇ ਗੁਰੂ ਰਾਮਦਾਸ ਜੀ ਦੀ ਬਾਂਹ ਫੜ ਕੇ ਉਨ੍ਹਾਂ ਨੂੰ ਉਸ ਸਿੰਘਾਸਨ ਤੇ ਬਿਠਾ ਦਿੱਤਾ। ਭਾਈ ਬੁੱਢਾ ਜੀ ਨੇ ਪੁਰਾਤਨ ਰੀਤੀ ਅਨੁਸਾਰ ਗੁਰੂ ਰਾਮਦਾਸ ਜੀ ਦੇ ਮਸਤਕ ਤੇ ਤਿਲਕ ਲਾਇਆ ਤਾਂ ਪੰਜ ਪੈਸੇ ਅਤੇ ਨਾਰੀਅਲ ਉਨ੍ਹਾਂ ਦੇ ਅੱਗੇ ਰੱਖ ਕੇ ਗੁਰੂ ਜੀ ਨੇ ਫੁਰਮਾਇਆ :—"ਭਾਵ—ਗੁਰਿਆਈ ਦੀ ਜ਼ਿੰਮੇਵਾਰੀ ਕੋਈ ਪਵਿੱਤਰ ਪੁਰਖ ਹੀ ਚੁਕ ਸਕਦਾ ਹੈ। ਫਿਰ ਗੁਰੂ ਜੀ ਨੇ ਹੁਕਮ ਕੀਤਾ ਕਿ ਰਾਮਦਾਸ ਜੀ ਸਾਡੀ ਥਾਂ ਠੀਕ ਗੁਰੂ ਥਾਪੇ ਗਏ ਹਨ। ਇਸ ਪ੍ਰਥਾਏ ਗੁਰੂ ਅਮਰਦਾਸ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ :—

ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ।।
ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ॥
ਅੰਨ੍ਹੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ॥
ਓਨਾ ਪਰਖ ਨ ਆਵਈ ਅਢੁ ਨ ਪਲੈ ਪਾਇ॥ ਜੇ ਆਪਿ
ਪਰਖ ਨ ਆਵਈ ਤਾਂ ਪਾਰਖੀਆ ਥਾਵਹੁ ਲਇਉ ਪਰਖਾਇ॥
ਜੇ ਓਸੁ ਨਾਲ ਚਿਤੁ ਲਾਏ ਤਾਂ ਵਥ ਲਹੈ ਨਉ ਨਿਧ ਘਲੈ ਪਾਇ॥
ਘਰਿ ਹੋਦੇ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ॥
ਸਬਦੁ ਸੀਤਲੁ ਮਨਿ ਤਨਿ ਵਸੈ ਤਿਥੈ ਸੋਗੁ ਵਿਜੋਗੁ ਨ ਕੋਇ॥
ਵਸਤੁ ਪਰਾਈ ਆਪਿ ਗਰਬੁ ਕਰੇ ਮੂਰਖੁ ਆਪ ਗਣਾਏ॥
ਨਾਨਕ ਬਿਨੁ ਬੂਝੇ ਕਿਨੈ ਨ ਪਾਇਓ ਫਿਰਿ ਫਿਰਿ ਆਵੈ ਜਾਇ॥੫੧॥

(ਆਃ ਗ੍ਰੰਃ ਪੰਃ ੧੨੪੯)

(ਸਾਰੰਗ ਕੀ ਵਾਰ ਮਃ ੪ ਸਲੋਕ ਮਃ ੩)

ਸਭ ਸਿੱਖਾਂ ਨੇ ਆਪਣੀ ਵਿਤ ਅਨੁਸਾਰ ਭੇਟਾਂ ਰੱਖੀਆਂ ਅਤੇ ਗੁਰੂ ਰਾਮਦਾਸ ਜੀ ਨੂੰ ਗੁਰੂ ਥਾਪੇ ਜਾਣ ਉੱਤੇ ਨਮਸਕਾਰ ਕੀਤੀ। ਬੜੀਆਂ ਖੁਸ਼ੀਆਂ ਹੋਈਆਂ। ਉਨ੍ਹਾਂ ਤੇ ਛਤਰ ਝੁਲਿੱਆ ਤੇ ਚੌਰੀਆਂ ਹੋਈਆਂ, ਸੰਖ ਪੂਰੇ ਗਏ ਅਤੇ ਕਰੱਨਾ, ਤੁਰੀਆਂ ਅਤੇ ਨਰਸਿੰਘੇ ਵਜਾਏ ਗਏ। ਭਾਦੋਂ ਸ਼ੁਦੀ ਤ੍ਰੈਦਸ ਸੰਮਤ ੧੬੩੧ ਬਿ: (ਮੁਤਾਬਕ ੧੫੭੪ ਈ:) ਨੂੰ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦੀ ਗੱਦੀ ਮਿਲੀ।

ਸਵੱਈਏ ਦੀਆਂ ਹੇਠ ਲਿਖੀਆਂ ਤੁਕਾਂ ਇਸ ਸਮੇਂ ਸਬੰਧੀ ਹਨ—

"ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ
ਜੀਅ ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ।" *(ਆਃ ਗ੍ਰੰਃ ਪੰਃ ੧੪੦੪)*
ਸੋਢੀ ਸ੍ਰਿਸ਼ਟਿ ਸ਼ਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ।"
(ਆਃ ਗ੍ਰੰਃ ਪੰਃ ੧੪੦੬)

ਮੋਹਨ ਜੀ ਨੇ ਗੁਰੂ ਰਾਮਦਾਸ ਜੀ ਨੂੰ ਮੱਥਾ ਨਾ ਟੇਕਿਆ। ਉਹ ਕਹਿਣ ਲੱਗੇ : "ਸਾਡੇ ਪਿਤਾ ਨੇ ਸਾਨੂੰ ਛੱਡ ਕੇ ਆਪਣੇ ਜਵਾਈ ਨੂੰ ਗੁਰਿਆਈ ਦੇ ਦਿੱਤੀ ਹੈ। ਅਸੀਂ ਉਸ ਨੂੰ ਆਪਣਾ ਨੌਕਰ ਜਾਣਦੇ ਹਾਂ। ਅਸੀਂ ਉਸ ਅੱਗੇ ਕਿਉਂ ਨਿਵੀਏ?" ਇਹ ਕਹਿ ਕੇ ਮੋਹਨ ਜੀ ਆਪਣੇ ਚੁਬਾਰੇ ਨੂੰ ਚਲੇ ਗਏ ਅਤੇ ਆਪਣੇ ਨਸੀਬਾਂ ਤੇ ਅਫਸੋਸ ਕਰਨ ਲੱਗੇ।

ਗੁਰੂ ਅਮਰਦਾਸ ਜੀ ਨੇ ਆਪਣੇ ਪੁੱਤਰ ਮੋਹਰੀ ਜੀ ਨੂੰ ਪੁੱਛਿਆ ਕਿ ਤੁਸੀਂ ਗੁਰੂ ਰਾਮਦਾਸ ਜੀ ਨੂੰ ਕਿਸ ਤਰ੍ਹਾਂ ਕਰਕੇ ਜਾਣੋਗੇ। ਮੋਹਰੀ ਜੀ ਕਹਿਣ ਲੱਗੇ : "ਪਿਤਾ ਜੀ, ਜਿਸ ਵੇਲੇ ਤੋਂ ਤੁਸੀਂ ਉਨ੍ਹਾਂ ਦਾ ਨਾਉਂ 'ਰਾਮਦਾਸ' ਰੱਖਿਆ ਹੈ, ਮੈਂ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਅਤੇ ਤੁਹਾਡਾ ਹੀ ਸਰੂਪ ਜਾਣਦਾ ਹਾਂ।" ਗੁਰੂ ਅਮਰਦਾਸ ਜੀ ਇਹ ਸੁਣਕੇ ਬਹੁਤ ਪ੍ਰਸ਼ੰਨ ਹੋਏ ਅਤੇ ਆਪਣੇ ਪੁੱਤਰ ਨੂੰ ਇਸ ਤਰ੍ਹਾਂ ਵਧਾਈ ਦਿੱਤੀ : "ਤੂੰ ਸਤਿਗੁਰਾਂ ਵਿਚ ਭੇਦ ਨਹੀਂ ਸਮਝਦਾ, ਅਸੀਂ ਤੈਨੂੰ ਧਰਮੀ ਅਤੇ ਆਗਿਆਕਾਰੀ ਪੁੱਤਰ ਸਮਝਦੇ ਹਾਂ।" ਮੋਹਰੀ ਜੀ ਫਿਰ ਆਖਣ ਲੱਗੇ : "ਪਿਤਾ ਜੀ, ਜਦ ਧਰਮ ਰਾਜ ਦੀ ਦਰਗਾਹ ਵਿਚ ਮੇਰਾ ਲੇਖਾ ਮੰਗਿਆ ਜਾਏਗਾ ਤਾਂ ਆਪ ਨੇ ਮੇਰੀ ਸਹਾਇਤਾ ਕਰਨੀ।" ਗੁਰੂ ਜੀ ਕਹਿਣ ਲੱਗੇ, "ਅਸੀਂ ਤੁਹਾਡਾ ਜੀਵੰਦਿਆਂ ਹੀ ਲੇਖਾ ਨਬੇੜ ਦਿੱਤਾ ਹੈ। ਤੈਨੂੰ ਧਰਮ ਰਾਜ ਪਾਸ ਜਾਣ ਦੀ ਲੋੜ ਨਹੀਂ।" ਇਹ ਸੁਣਕੇ ਗੁਰੂ ਰਾਮਦਾਸ ਜੀ ਕਹਿਣ ਲੱਗੇ : "ਹੇ ਸਤਿਗੁਰ ਜੀ ਮੈਨੂੰ ਆਪਣਾ ਸਿੱਖ ਹੋਣ ਦੀ ਪਦਵੀ ਬਖਸ਼ੋ, ਅਤੇ ਗੁਰਿਆਈ ਮੋਹਰੀ ਜੀ ਨੂੰ ਦੇ ਦਿਓ।" ਗੁਰੂ ਜੀ ਕਹਿਣ ਲੱਗੇ : "ਜੋ ਪੁਰਾਤਨ ਦਾਤ ਅਸੀਂ ਦੇਣੀ ਸੀ ਉਹ ਤੁਹਾਨੂੰ ਦੇ ਦਿੱਤੀ ਹੈ ਅਤੇ ਜੋ ਕੁਝ ਮੋਹਰੀ ਜੀ ਨੂੰ ਦੇਣਾ ਸੀ ਅਸੀਂ ਉਸ ਨੂੰ ਦੇ ਦਿੱਤਾ ਹੈ। ਮੋਹਰੀ ਜੀ ਸਾਡੇ ਨਿਰਮਾਣ ਪੁੱਤਰ ਹਨ, ਇਨ੍ਹਾਂ ਦਾ ਧਿਆਨ ਰੱਖਣਾ।"

ਗੁਰੂ ਅਮਰਦਾਸ ਜੀ ਨੇ ਭਗਤੀ ਦੇ ਅਨੰਦ ਵਿਚ ਬਿਹਬਲ ਹੋ ਕੇ ਤਦੋਂ ਇਹ ਸ਼ਬਦ ਉਚਾਰਨ ਕੀਤਾ—

ਮਨਿ ਅਨਦੁ ਭਇਆ ਮਿਲਿਆ ਹਰਿ ਪ੍ਰੀਤਮੁ ਸਰਸੇ ਸਜਣ ਸੰਤ ਪਿਆਰੇ॥
ਜੋ ਧੁਰਿ ਮਿਲੇ ਨ ਵਿਛੁੜਹਿ ਕਬਹੂ ਜਿ ਆਪਿ ਮੇਲੇ ਕਰਤਾਰੇ॥
ਅੰਤਰਿ ਸਬਦੁ ਰਵਿਆ ਗੁਰੁ ਪਾਇਆ ਸਗਲੇ ਦੂਖ ਨਿਵਾਰੇ॥
ਹਰਿ ਸੁਖਦਾਤਾ ਸਦਾ ਸਲਾਹੀ ਅੰਤਰਿ ਰਖਾਂ ਉਰ ਧਾਰੇ॥
ਮਨਮੁਖੁ ਤਿਨ ਕੀ ਬਖੀਲੀ ਕਿ ਕਰੇ ਜਿ ਸਚੈ ਸਬਦੁ ਸਵਾਰੇ॥

ਓਨਾ ਦੀ ਆਪਿ ਪਤਿ ਰਖਸੀ ਮੇਰਾ ਪਿਆਰਾ ਸਰਣਾਗਤਿ ਪਏ ਗੁਰ ਦੁਆਰੇ॥
ਨਾਨਕ ਗੁਰਮੁਖਿ ਸੇ ਸੁਹੇਲੇ ਭਏ ਮੁਖ ਊਜਲ ਦਰਬਾਰੇ॥੨॥

(ਆਃ ਗ੍ਰੰਃ ਪੰਃ ੧੨੪੯)

(ਸਾਰੰਗ ਕੀ ਵਾਰ ਮਹਲਾ ੪ ਸਲੋਕ ੩)

ਭਾਈ ਗੁਰਦਾਸ ਜੀ ਨੇ ਗੁਰੂ ਰਾਮਦਾਸ ਜੀ ਦੇ ਗੁਰਿਆਈ ਦੀ ਗੱਦੀ ਤੇ ਬੈਠਣ ਸਮੇਂ ਹੇਠ ਲਿਖੀ ਵਾਰ ਦੀ ਪਉੜੀ ਉਚਾਰਣ ਕੀਤੀ—

ਦਿਚੈ ਪੂਰਬਿ ਦੇਵਣਾ ਜਿਸਦੀ ਵਸਤੁ ਤਿਸੈ ਘਰਿ ਆਵੈ॥
ਬੈਠਾ ਸੋਢੀ ਪਾਤਿਸਾਹੁ ਰਾਮਦਾਸ ਸਤਿਗੁਰੂ ਕਹਾਵੈ॥
ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜਤਿ ਜਗਾਵੈ॥
ਉਲਟਾ ਖੇਲੁ ਖਸੰਮ ਦਾ ਉਲਟੀ ਗੰਗ ਸਮੁੰਦ੍ਰਿ ਸਮਾਵੈ॥
ਦਿਤਾ ਲਈਅ ਆਪਣਾ ਅਣਦਿਤਾ ਕਛੁ ਹਥਿ ਨਾ ਆਵੈ॥
ਫਿਰਿ ਆਈ ਘਰਿ ਅਰਜਣ ਪੁਤ ਸੰਸਾਰੀ ਗੁਰੂ ਕਹਾਵੈ॥
ਜਾਣਿ ਨ ਦੇਸਾਂ ਸੋਢੀਓਂ ਹੋਰਸਿ ਅਜਰੁ ਨ ਜਰਿਆ ਜਾਵੈ॥
ਘਰ ਹੀ ਕੀ ਵਥੁ ਘਰੇ ਰਹਾਵੈ॥ (ਵਾਰ ਪਹਿਲੀ, ਪਉੜੀ ੪੭)

ਕਾਂਡ—36
ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਸਮਾਉਣਾ ਤੇ ਅੰਤਮ ਉਪਦੇਸ਼

ਜਦੋਂ ਗੁਰੂ ਰਾਮਦਾਸ ਜੀ ਨੂੰ ਗੱਦੀ ਤੇ ਬੈਠਾਣ ਦੀਆਂ ਸਭ ਰੀਤਾਂ ਸੰਪੂਰਨ ਹੋ ਗਈਆਂ ਤਾਂ ਗੁਰੂ ਅਮਰਦਾਸ ਜੀ ਨੇ ਭਾਈ ਬੁੱਢਾ ਜੀ ਅਤੇ ਹੋਰ ਸਿੱਖਾਂ ਨੂੰ ਹੁਕਮ ਕੀਤਾ ਕਿ ਨਵੇਂ ਗੱਦੀ ਤੇ ਥਾਪੇ ਹੋਏ ਗੁਰੂ ਰਾਮਦਾਸ ਜੀ ਨੂੰ ਮੱਥਾ ਟੇਕੋ। ਇਸ ਮਗਰੋਂ ਇੱਕ ਵੱਡਾ ਯੱਗ ਕੀਤਾ ਗਿਆ ਜਿਸ ਵਿਚ ਹਰ ਪ੍ਰਕਾਰ ਦੇ ਖਾਣੇ ਅਤੇ ਸਵਾਦਲੇ ਭੋਜਨ ਵਰਤਾਏ ਗਏ, ਗੋਇੰਦਵਾਲ ਦੇ ਚੌਧਰੀਆਂ ਨੂੰ, ਪਰਿਵਾਰ ਦੇ ਆਦਮੀਆਂ ਨੂੰ ਅਤੇ ਆਪਣੇ ਸਭ ਸਿੱਖਾਂ ਨੂੰ ਗੁਰੂ ਅਮਰਦਾਸ ਜੀ ਨੇ ਬੁਲਾ ਘਲਿਆ ਅਤੇ ਉਨ੍ਹਾਂ ਨੂੰ ਕਿਹਾ, "ਵਾਹਿਗੁਰੂ ਦਾ ਸੱਦਾ ਸਾਨੂੰ ਆ ਗਿਆ ਹੈ ਅਤੇ ਅਸੀਂ ਚੱਲਣ ਵਾਲੇ ਹਾਂ, ਅਸੀਂ ਵਾਹਿਗੁਰੂ ਦਾ ਭਾਣਾ ਖੁਸ਼ੀ ਨਾਲ ਮੰਨਾਂਗੇ। ਕਰਤਾਰ ਨੇ ਸਾਨੂੰ ਬੁਲਾਇਆ ਹੈ ਤੇ ਸਾਨੂੰ ਮਾਣ ਬਖਸ਼ਿਆ ਹੈ। ਕਿਉਂਕਿ ਸੱਚੇ ਮਿੱਤਰ, ਸੰਬੰਧੀ ਅਤੇ ਸ਼ੁਭ ਚਿੰਤਕ ਆਪਣੇ ਮਿੱਤਰ ਨੂੰ ਮਾਣ ਮਿਲਿਆ ਵੇਖ ਕੇ ਖੁਸ਼ ਹੁੰਦੇ ਹਨ ਨਾ ਕਿ ਦੁਖੀ, ਇਸ ਲਈ ਸਾਡੇ ਪਿੱਛੋਂ ਸੋਗ ਨਹੀਂ ਕਰਨਾ। ਜਦੋਂ ਅਸੀਂ ਚਲਾਣਾ ਕਰ ਜਾਈਏ, ਵਾਹਿਗੁਰੂ ਦਾ ਜਸ ਗਾਉਣਾ, ਗੁਰੂ ਕਾ ਸ਼ਬਦ ਪੜ੍ਹਨਾ, ਸੁਣਨਾ ਅਤੇ ਵਾਹਿਗੁਰੂ ਦਾ ਭਾਣਾ ਮੰਨਣਾ।" ਮੋਹਰੀ ਜੀ ਪੁੱਛਣ ਲੱਗੇ ਕਿ ਆਪ ਦਾ ਕਿਰਿਆ ਕਰਮ (ਮ੍ਰਿਤਕ ਸੰਸਕਾਰ) ਕਿਸ ਤਰ੍ਹਾਂ ਕਰੀਏ। ਗਰੂ ਜੀ ਨੇ ਉੱਤਰ ਦਿੱਤਾ ; "ਸਾਡੇ ਲਈ ਕੋਈ ਕਿਰਿਆ ਕਰਮ ਨਾ ਕਰਨਾ, ਅੰਤ ਵੇਲੇ ਸਾਡਾ ਦੀਵਾ ਵਟੀ ਨਾ ਕਰਨਾ। ਜਿਸ ਤਰ੍ਹਾਂ ਹਿੰਦੂ ਮਰਨ ਦੇ ਤੇਰ੍ਹਵੇਂ ਦਿਨ ਤੱਕ ਪਿੱਛੋਂ ਕਰਦੇ ਹਨ। ਤੁਸੀਂ ਸਾਨੂੰ ਪ੍ਰੇਤ ਪ੍ਰੇਤ ਨਾ ਕਹਿਣਾ, ਸਾਡੇ ਉਪਦੇਸ਼ ਨੂੰ ਯਾਦ ਰੱਖਣਾ ਤੇ ਇਸ ਤੇ ਅਮਲ ਕਰਨਾ।"

ਮੋਹਰੀ ਜੀ ਨੇ ਆਪਣੇ ਪਿਤਾ ਜੀ ਪਾਸੋਂ ਅੰਤਲਾ ਸੁਆਲ ਪੁੱਛਿਆ : "ਆਪ ਜੀ ਦਾ ਹੁਕਮ ਹੈ ਕਿ ਅਸੀਂ ਗ੍ਰਿਹਸਤੀ ਹੋ ਕੇ ਰਹੀਏ ਪਰ ਇਹ ਧਨ ਦੀ ਸਹਾਇਤਾ ਬਿਨਾ ਨਹੀਂ ਹੋ ਸਕਦਾ। ਸੋ ਦੱਸੋ ਕਿ ਅਸੀਂ ਆਪਣੀ ਗੁਜ਼ਰਾਨ ਲਈ ਕੀ ਕਾਰ ਵਿਹਾਰ ਕਰੀਏ?" ਗੁਰੂ ਜੀ ਨੇ ਫੁਰਮਾਇਆ "ਈਮਾਨਦਾਰੀ ਨਾਲ ਰਹੋ, ਈਸ਼ਵਰ ਦੀ ਭਗਤੀ ਕਰੋ, ਵਾਹਿਗੁਰੂ ਤੋਂ ਬੇਮੁਖ ਨਾ ਹੋਵੋ। ਸਾਡੀ ਸਿੱਖਿਆ ਤੇ ਚਲੋ, ਤੁਸੀਂ ਸਦਾ ਸੁਖੀ ਰਹੋਗੇ।

ਗੁਰੂ ਸਾਹਿਬ ਜੀ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ, ਉਤੇ ਚਾਦਰ ਤਾਣ ਲਈ ਅਤੇ ਚੁਫੇਰੇ ਬੈਠੇ ਸਿੱਖਾਂ ਦੀ ਵਾਹਿਗੁਰੂ ! ਸਤਿਗੁਰੂ ! ਸਤਿਨਾਮ ! ਦੀ ਅਤੁਟ ਧੁਨੀ ਵਿਚ ਉਨ੍ਹਾਂ ਦੀ ਜੋਤ ਵਾਹਿਗੁਰੂ ਦੀ ਜੋਤ ਵਿਚ ਮਿਲ ਗਈ ਅਤੇ ਜੋਤੀ ਜੋਤ ਸਮਾ ਗਏ। ਗੁਰੂ ਜੀ ਨੂੰ ਇਸ਼ਨਾਨ ਕਰਾਉਣ ਅਤੇ ਵਡਮੁੱਲੀ ਪੁਸ਼ਾਕ ਪਵਾਉਣ ਉਪਰੰਤ ਇਕ ਸੁੰਦਰ

ਬਬਨਾਨ ਵਿਚ ਰੱਖਿਆ ਗਿਆ ਅਤੇ ਉਸਦੇ ਨਾਲ ਕੀਰਤਨੀਏ ਸਿੱਖ ਤਬਲੇ ਤੇ ਰਬਾਬਾਂ ਨਾਲ ਸ਼ਬਦ ਪੜ੍ਹਦੇ ਅਤੇ ਫੁੱਲਾਂ ਦੀ ਬਰਖਾ ਕਰਦੇ ਹੋਏ ਦਰਿਆ ਬਿਆਸਾ ਦੇ ਕੰਢੇ ਤੇ ਲੈ ਗਏ। ਉਥੇ ਦੇਹੀ ਦਾ ਪੂਰਨ ਧਰਮ ਭਾਵ ਅਤੇ ਵਿਧੀ ਅਨੁਸਾਰ ਸਸਕਾਰ ਕੀਤਾ ਗਿਆ। ਮਗਰੋਂ ਚਿਖਾ ਦੀ ਬਿਭੂਤੀ ਦਰਿਆ-ਪ੍ਰਵਾਹ ਕਰ ਦਿੱਤੀ ਗਈ। ਜਦ ਸ਼ਬਦ ਕੀਰਤਨ ਹੋ ਚੁੱਕਾ ਤਾਂ ਸੰਗਤ ਨੇ ਕੀਰਤਨ ਸੋਹਿਲੇ ਦਾ ਪਾਠ ਕੀਤਾ ਅਤੇ ਕੜਾਹ ਪ੍ਰਸ਼ਾਦ ਵਰਤਾਇਆ। ਫਿਰ ਗੁਰੂ ਜੀ ਦਾ ਜਸ ਗਾਉਂਦੀ ਹੋਈ ਸੰਗਤ ਉਸ ਤਰ੍ਹਾਂ ਮੁੜ ਗਈ ਜਿਵੇਂ ਗਈ ਸੀ। ਗੁਰੂ ਰਾਮਦਾਸ ਜੀ ਨੇ ਸਿੱਖਾਂ ਅਤੇ ਗੁਰੂ ਅਮਰਦਾਸ ਜੀ ਦੇ ਸਬੰਧੀਆਂ ਨੂੰ ਧੀਰਜ ਦਿੱਤੀ।

ਗੁਰੂ ਰਾਮਦਾਸ ਜੀ ਦਾ ਪ੍ਰਤਾਪ ਚੜ੍ਹਦੇ ਸੂਰਜ ਦੀਆਂ ਕਿਰਨਾਂ ਵਾਂਗ ਹਰ ਰੋਜ ਵਧਣ ਲੱਗਾ ਅਤੇ ਸਿੱਖ ਧਰਮ ਬੜੇ ਵੱਡੇ ਬ੍ਰਿਛ ਵਾਂਗ ਵਧਣ ਲੱਗਾ। ਗੁਰੂ ਨਾਨਕ ਦੇਵ ਜੀ ਨੇ ਹੀ ਬੀਜ ਬੀਜਿਆ ਸੀ ਜਿਸ ਤੋਂ ਇਹ ਉਗਿਆ। ਗੁਰੂ ਅੰਗਦ ਦੇਵ ਜੀ ਦੇ ਸਮੇਂ ਇਸ ਦਾ ਤਣਾ ਥੋੜਾ ਉਤਾਂਹ ਹੋ ਗਿਆ ਅਤੇ ਇਸ ਦੀਆਂ ਜੜ੍ਹਾਂ ਧਰਤੀ ਵਿਚ ਡੂੰਘੀਆਂ ਚਲੀਆਂ ਗਈਆਂ। ਜਦ ਗੁਰੂ ਅਮਰਦਾਸ ਜੀ ਦੀ ਆਤਮਕ ਬਾਦਸ਼ਾਹੀ ਸੀ ਤਾਂ ਇਸ ਬ੍ਰਿਛ ਨੇ ਆਪਣੀਆਂ ਪੁਲ੍ਹੀਆਂ ਫੈਲਣ ਵਾਲੀਆਂ ਸ਼ਾਖਾਂ ਹਰ ਪਾਸੇ ਨੂੰ ਛੱਡੀਆਂ।

ਜਿਸ ਤਰ੍ਹਾਂ ਅਕਬਰ ਬਾਦਸ਼ਾਹ ਸੂਬਿਆਂ ਦੇ ਹਾਕਮਾਂ ਰਾਹੀਂ ਆਪਣੀ ਬਾਦਸ਼ਾਹੀ ਦਾ ਪ੍ਰਬੰਧ ਕਰਦਾ ਸੀ, ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੀ ਬਾਦਸ਼ਾਹੀ ਨੂੰ ਬਾਈਆਂ (੨੨) ਜ਼ਿਲਿਆਂ (ਮੰਜੀਆਂ) ਵਿਚ ਵੰਡਿਆ ਹੋਇਆ ਸੀ। ਗੁਰੂ ਅਮਰਦਾਸ ਜੀ ਬਾਈ (੨੨) ਵਰ੍ਹੇ ਆਤਮਕ ਰਾਜ ਕਰਨ ਦੇ ਮਗਰੋਂ ਸੰਮਤ ੧੬੩੧ ਬਿ: ਮੁਤਾਬਕ ੧੫੭੪ ਈ: ਵਿਚ ਭਾਦੋਂ ਦੀ ਪੂਰਨਮਾਸ਼ੀ ਵਾਲੇ ਦਿਨ ਸਵੇਰ ਦੇ ਦਸ ਵਜੇ ਜੋਤੀ ਜੋਤ ਸਮਾ ਗਏ। ਇਸ ਦਿਨ ਹਰ ਵਰ੍ਹੇ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਯਾਦ ਵਿਚ ਗੋਇੰਦਵਾਲ ਵਿਖੇ ਮੇਲਾ ਲੱਗਦਾ ਹੈ।

ਜਿਹਾ ਕਿ ਅਸੀਂ ਲਿਖ ਆਏ ਹਾਂ, ਮੋਹਰੀ ਜੀ ਦਾ ਪੁੱਤਰ ਅਨੰਦ ਸੀ। ਅਨੰਦ ਦਾ ਪੁੱਤਰ ਸੁੰਦਰ ਦਾਸ ਸੀ। ਸੁੰਦਰ ਦਾਸ ਨੇ ਗੁਰੂ ਅਰਜਨ ਦੇਵ ਜੀ ਦੇ ਆਖਣ ਤੇ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਬਾਰੇ ਹੇਠ ਲਿਖਿਆ ਹਾਲ ਲਿਖਿਆ ਹੈ। ਇਸ ਰਚਨਾ ਨੂੰ ਸੱਦ ਆਖਦੇ ਹਨ ਅਤੇ ਅੱਜ ਕੱਲ ਸਿੱਖ ਮਰਗ ਸਮੇਂ ਇਹ ਪੜ੍ਹਦੇ ਹਨ—

ਜਗਿ ਦਾਤਾ ਸੋਇ ਭਗਤ ਵਛਲੁ ਤਿਹੁ ਲੋਇ ਜੀਉ॥
ਗੁਰ ਸਬਦਿ ਸਮਾਵਏ ਅਵਰੁ ਨ ਜਾਣੈ ਕੋਇ ਜੀਉ॥
ਅਵਰ ਨ ਜਾਣਹਿ ਸਬਦਿ ਗੁਰਕੈ ਏਕੁ ਨਾਮੁ ਪਾਵਹੇ॥
ਆਇਆ ਹਕਾਰਾ ਚਲਣਵਾਰਾ ਹਰਿ ਰਾਮਨਾਮਿ ਸਮਾਇਆ॥
ਜਗਿ ਅਮਰੁ ਅਟਲੁ ਅਤੋਲੁ ਠਾਕੁਰੁ ਭਗਤਿ ਤੇ ਹਰਿ ਪਾਇਆ॥੧।
...
ਹਰਿ ਭਾਣਾ ਗੁਰ ਭਾਇਆ ਗੁਰੁ ਜਾਵੈ ਹਰਿਪ੍ਰਭੂ ਪਾਸਿ ਜੀਉ॥
ਸਤਿਗੁਰੁ ਕਰੇ ਹਰਿ ਪਹਿ ਬੇਨਤੀ ਮੇਰੀ ਪੈਜ ਰਖਹੁ ਅਰਦਾਸਿ ਜੀਉ॥

ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮੁ ਨਿਰੰਜਨੋ ॥
ਅੰਤਿ ਚਲਦਿਆ ਹੋਇ ਬੇਲੀ ਜਮ ਦੂਤ ਕਾਲੁ ਨਿਖਜਨੋ ॥
ਸਤਿਗੁਰੂ ਕੀ ਬੇਨਤੀ ਪਾਈ ਹਰਿ ਪ੍ਰਭਿ ਸੁਣੀ ਅਰਦਾਸਿ ਜੀਉ ॥
ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ ਧਨੁ ਧਨੁ ਕਹੈ ਸਾਬਾਸਿ ਜੀਉ ॥੨॥

...

ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ ॥
ਹਰਿ ਬਾਣਾ ਗੁਰ ਭਾਇਆ ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ ॥
ਭਗਤੁ ਸਤਿਗੁਰੂ ਪੁਰਖੁ ਸੋਈ ਜਿਸੁ ਹਰਿਪ੍ਰਭੁ ਭਾਣਾ ਭਾਵਏ ॥
ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ ॥
ਤੁਸੀ ਪੁਤ ਭਾਈ ਪ੍ਰਵਾਰੁ ਮੇਰਾ ਮਨਿ ਵੇਖਹੁ ਕਰਿ ਨਿਰਜਾਸਿ ਜੀਉ ॥
ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ ਗੁਰੂ ਜਾਇ ਹਰਿਪ੍ਰਭੁ ਪਾਸਿ ਜੀਉ ॥੩॥

...

ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ ॥
ਮਤ ਪੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥
ਮਿਤੁ ਪੈਝੈ ਮਿਤੁ ਬਿਗਸੈ ਜਿਸੁਮਿਤ ਕੀ ਪੈਜ ਭਾਵਏ ॥
ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ ॥
ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ ॥
ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ ॥੪॥

...

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣ ਜੀਉ ॥
ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥
ਹਰਿ ਕਥਾ ਪੜੀਐ ਹਰਿਨਾਮੁ ਸੁਣੀਐ ਬੇਬਾਨੁ ਹਰਿ ਰੰਗੁ ਗੁਰ ਭਾਵਏ ॥
ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ
ਹਰਿ ਭਾਇਆ ਸਤਿਗੁਰੁ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ॥
ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ ॥੫॥

...

ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ ॥
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥
ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪ ਰਖਿਆ ॥
ਕੋਈ ਕਰਿ ਬਖੀਲੀ ਨਿਵੈ ਨਾਹਿ ਫਿਰਿ ਸਤਿਗੁਰੂ ਆਣਿ ਨਿਵਾਇਆ ॥
ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ ॥
ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ ॥੬॥ (ਰਾਮਕਲੀ ਸਦ)
(ਆਃ ਗ੍ਰੰਃ ਪੰਃ ੯੨੩-੨੪)

ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦੀ ਜੀਵਨ ਕਥਾ

ਕਾਂਡ—37

ਸ੍ਰੀ ਗੁਰੂ ਅਮਰਦਾਸ ਜੀ ਦੀ ਬੰਸ, ਜਨਮ, ਉਨ੍ਹਾਂ ਦਾ ਪਹਿਲਾ ਜੀਵਨ, ਉਨ੍ਹਾਂ ਦਾ ਗੁਰੂ ਅਮਰਦਾਸ ਸਾਹਿਬ ਜੀ ਨਾਲ ਮਿਲਾਪ, ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਨਾਲ ਵਿਆਹ ਅਤੇ ਉਨ੍ਹਾਂ ਦੇ ਜੀਵਨ ਦੀਆਂ ਕਈ ਹੋਰ ਘਟਨਾਵਾਂ ਗੁਰੂ ਅਮਰਦਾਸ ਜੀ ਦੀ ਜੀਵਨ ਕਥਾ ਵਿਚ ਪਹਿਲਾਂ ਹੀ ਦੱਸੀਆਂ ਜਾ ਚੁੱਕੀਆਂ ਹਨ।

ਜਿਸ ਤਰ੍ਹਾਂ ਬਾਦਸ਼ਾਹ ਅਕਬਰ ਨੇ ਗੁਰੂ ਅਮਰਦਾਸ ਜੀ ਦੇ ਨਾਂਹ ਕਰਨ ਮਗਰੋਂ, ਉਨ੍ਹਾਂ ਦੀ ਸਪੁੱਤਰੀ ਬੀਬੀ ਭਾਨੀ ਜੀ ਨੂੰ ਕਈ ਪਿੰਡ ਦੇ ਦਿੱਤੇ ਸਨ ਉਹ ਵੀ ਦੱਸਿਆ ਜਾ ਚੁੱਕਾ ਹੈ। ਬੀਬੀ ਭਾਨੀ ਜੀ ਨੇ ਆਪਣੇ ਪਿਤਾ ਦੇ ਹੁੰਦਿਆਂ ਹੀ ਉਹ ਪਿੰਡ ਆਪਣੇ ਪਤੀ (ਗੁਰੂ ਰਾਮਦਾਸ ਜੀ) ਨੂੰ ਦੇ ਦਿੱਤੇ ਸਨ।

ਇਹ ਵੀ ਵਰਣਨ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਅੰਮ੍ਰਿਤਸਰ ਵਿਚ ਸਰੋਵਰ ਬਣਾਉਣ ਦਾ ਕੰਮ ਭਾਈ ਜੇਠਾ ਜੀ ਨੂੰ ਸੌਂਪਿਆ ਗਿਆ ਸੀ ਅਤੇ ਕਿਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਦਾ ਨਾਉਂ ਗੁਰੂ ਰਾਮਦਾਸ ਰੱਖ ਕੇ ਆਪਣੀ ਗੁਰਗੱਦੀ ਸੌਂਪੀ। ਇਹ ਦੱਸਣ ਦੀ ਲੋੜ ਨਹੀਂ ਕਿ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੀ ਹੀ ਕਰਨੀ ਤੇ ਧਾਰਮਕ ਨਿਯਮ ਧਾਰਨ ਕਰ ਲਏ ਸਨ।

ਸਤੇ ਰਬਾਬੀ ਨੇ ਗੁਰੂ ਰਾਮਦਾਸ ਜੀ ਦੇ ਗੁਰਗੱਦੀ ਤੇ ਬੈਠਣ ਸਮੇਂ ਪਿੱਛੇ ਦੱਸੀ 'ਟਿਕੇ ਦੀ ਵਾਰ' ਦੀ ਸੱਤਵੀਂ ਪਉੜੀ ਉਨ੍ਹਾਂ ਨੂੰ ਸਮਰਪਣ ਕੀਤੀ। ਇਹ ਵਾਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ ਅਤੇ ਪ੍ਰਸਿੱਧ ਹੈ ਕਿ ਸਤੇ ਬਲਵੰਡ ਦੋਹਾਂ ਦੀ ਸਾਂਝੀ ਰਚਨਾ ਹੈ।

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥
ਸਿਖੀ ਅਤੈ ਸੰਗਤੀ ਪਾਰਬ੍ਰਹਮ ਕਰਿ ਨਮਸਕਾਰਿਆ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥
ਜਿਨੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ॥
ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ॥
ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ॥
ਨਾਨਕੁ ਤੂ ਲਹਣਾ ਤੂ ਹੈ ਗੁਰੁ ਅਮਰੁ ਤੂ ਵੀਚਾਰਿਆ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ॥ (ਆ: ਗ੍ਰੰ: ਪੰ: ੯੬੮)

(ਵਾਰ ਰਾਮਕਲੀ ਸਤੇ ਬਲਵੰਡ ਦੀ ਪਉੜੀ ੭)

ਇਕ ਦਿਨ ਸਿੱਖਾਂ ਨੇ ਗੁਰੂ ਰਾਮਦਾਸ ਜੀ ਪਾਸ ਬੇਨਤੀ ਕੀਤੀ : "ਮਹਾਰਾਜ, ਪੁਰਾਣਾਂ ਵਿਚ ਤੀਰਥ ਯਾਤਰਾ ਦੇ ਬੜੇ ਪੁੰਨ ਵਰਣਨ ਕੀਤੇ ਹੋਏ ਹਨ ਪਰ ਆਪ ਫੁਰਮਾਉਂਦੇ ਹੋ ਕਿ ਨਾਮ ਜਪਣਾ ਹੀ ਵਾਹਿਗੁਰੂ ਦੀ ਪੂਜਾ ਦਾ ਸਭ ਤੋਂ ਉੱਤਮ ਢੰਗ ਹੈ। ਕਿਰਪਾ ਕਰਕੇ ਇਸ ਗੱਲ ਦੀ ਸਾਨੂੰ ਤਸੱਲੀ ਕਰਾਉ।" ਗੁਰੂ ਜੀ ਨੇ ਫੁਰਮਾਇਆ : "ਜਿਹੜੇ ਲੋਕ ਤੀਰਥ ਯਾਤਰਾ ਕਰਦੇ ਹਨ ਉਹ ਹਰ ਪ੍ਰਕਾਰ ਦਾ ਅਤਿਆਚਾਰ ਕਮਾਉਂਦੇ ਹਨ। ਜਿਹੜੇ ਉਹ ਭਲੇ ਕੰਮ ਵੀ ਕਰਦੇ ਹਨ, ਉਹ ਕੇਵਲ ਦਿਖਾਵੇ ਵਾਸਤੇ ਹੁੰਦੇ ਹਨ, ਜਿਹੜੇ ਉਨ੍ਹਾਂ ਦੇ ਮੂੰਹ ਤੇ ਉਨ੍ਹਾਂ ਦੀ ਖੁਸ਼ਾਮਦ ਕਰਨ, ਜਾਂ ਹੋਰਨਾਂ ਅੱਗੇ ਉਨ੍ਹਾਂ ਦੀ ਉਸਤਤ ਕਰਨ, ਇਹੋ ਜਿਹੇ ਲੋਕਾਂ ਦੀ ਗਤੀ ਕਿਸ ਤਰ੍ਹਾਂ ਹੋਵੇਗੀ?" ਫਿਰ ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਹੇਠ ਲਿਖੇ ਸ਼ਬਦ ਦਵਾਰਾ ਪ੍ਰਮਾਣ ਦਿੱਤਾ—

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦੁ ਬੀਚਾਰੁ ਅੰਤਰਿ ਗਿਆਨੁ ਹੈ॥
ਗੁਰਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥਨ ਮਜਨਾ॥੧॥
ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ॥
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ॥
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ॥੨॥
ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ।
ਗਾਵੈ ਗਾਵਣਹਾਰੁ ਸ਼ਬਦਿ ਸੁਹਾਵਣੋ।
ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨਦਾਨ ਦਇਆ ਮਤੇ॥
ਪਿਰ ਸੰਗਿ ਭਾਵੈ ਸਹਿਜ ਨਾਵੈ ਬੇਣੀ ਤ ਸੰਗਮੁ ਸਤ ਸਤੇ॥
ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜ੍ਹੈ ਸਵਾਇਆ॥
ਗਤਿ ਸੰਗਿ ਮੀਤਾ ਸੰਤ ਸੰਗਤਿ ਕਰਿ ਨਦਰਿ ਮੇਲਿ ਮਿਲਾਇਆ॥੩॥
ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ॥
ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ॥
ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ॥
ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ॥
ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿ ਪੁਰਿ ਰਹਿਆ ਸੋਈ॥
ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ॥੪॥ (ਧਨਾਸਰੀ ਮਹਲਾ ੧)
(ਆ: ਗ੍ਰੰ: ਪੰ: ੬੮੮)

ਇਸ ਸ਼ਬਦ ਨਾਲ ਗੁਰੂ ਜੀ ਨੇ ਆਪਣਾ ਹੇਠਾਂ ਲਿਖਿਆ ਸ਼ਬਦ ਵੀ ਉਚਾਰਣ ਕੀਤਾ :—

ਪੰਡਿਤੁ ਸਾਸਤ ਸਿਮ੍ਰਿਤਿ ਪੜਿਆ॥
ਜੋਗੀ ਗੋਰਖੁ ਗੋਰਖੁ ਕਰਿਆ॥
ਮੈਂ ਮੂਰਖ ਹਰਿ ਹਰਿ ਜਪੁ ਪੜਿਆ॥੧॥
ਨਾ ਜਾਨਾ ਕਿਆ ਗਤਿ ਰਾਮ ਹਮਾਰੀ॥
ਹਰਿ ਭਜੁਮਨ ਮੇਰੇ ਤਰੁ ਭਉਜਲੁ ਤੂ ਤਾਰੀ॥੧॥ਰਹਾਉ॥
ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ॥
ਪਰਤ੍ਰਿਆ ਤਿਆਗੁ ਕਰੀ ਬ੍ਰਹਮਚਾਰੀ॥
ਮੈਂ ਮੂਰਖ ਹਰਿ ਆਸ ਤੁਮਾਰੀ॥੨॥
ਖਤ੍ਰੀ ਕਰਮ ਕਰੈ ਸੂਰਤਣੁ ਪਾਵੈ॥
ਸੂਦੁ ਵੈਸੁ ਪਰ ਕਿਰਤਿ ਕਮਾਵੈ॥
ਮੈ ਮੂਰਖ ਹਰਿਨਾਮੁ ਛਡਾਵੈ॥੩॥
ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ॥
ਗੁਰਮੁਖਿ ਨਾਨਕ ਦੇ ਵਡਿਆਈ॥
ਮੈ ਅੰਧਲੇ ਹਰਿ ਟੇਕ ਟਿਕਾਈ॥੪॥ *(ਗਉੜੀ ਗੁਆਰੇਰੀ ਮਃ ੪)*
(ਆਃ ਗ੍ਰੰਃ ਪੰਃ ੧੬੪)

ਫਿਰ ਗੁਰੂ ਜੀ ਫੁਰਮਾਉਣ ਲੱਗੇ : "ਜੇਕਰ ਕੋਈ ਤੀਰਥ ਯਾਤਰਾ ਤੇ ਜਾਵੇ ਤਾਂ ਵੀ ਉਸ ਨੂੰ ਨਾਮ ਦਾ ਜਸ ਹੀ ਕਰਨਾ ਚਾਹੀਦਾ ਹੈ। ਸਚਮੁਚ ਨਾਮ ਜਪਣ ਨਾਲ ਸਾਰੇ ਵਿਹਾਰਕ ਤੇ ਪ੍ਰਮਾਰਥਕ ਲਾਭ ਪ੍ਰਾਪਤ ਹੁੰਦੇ ਹਨ। ਨਾਮ ਦੀ ਵਡਿਆਈ ਲਈ ਹੀ ਉਨ੍ਹਾਂ ਥਾਵਾਂ ਤੇ ਤੀਰਥ ਬਣਾਏ ਗਏ ਹਨ ਜਿਨ੍ਹਾਂ ਥਾਵਾਂ ਤੇ ਵੱਡੇ ਵੱਡੇ ਰਿਖੀ ਮੁਨੀ ਜਾਇਆ ਕਰਦੇ ਸਨ ਤੇ ਉੱਥੇ ਬੈਠ ਕੇ ਨਾਮ ਜਪਿਆ ਕਰਦੇ ਸਨ। ਇਸ ਦੇ ਉਲਟ ਤੀਰਥ ਦਰਸ਼ਨ ਲਈ ਬੜੇ ਕਸ਼ਟ ਝਲਣੇ ਪੈਂਦੇ ਹਨ ਅਤੇ ਮਨ ਦੀ ਅਵਸਥਾ ਡਾਂਵਾ ਡੋਲ ਹੁੰਦੀ ਹੈ, ਪਰ ਨਾਮ ਦੇ ਤੀਰਥ ਲਈ ਨਾ ਕੋਈ ਖੇਚਲ ਕਰਨੀ ਪੈਂਦੀ ਅਤੇ ਨਾ ਹੀ ਅਸ਼ਾਂਤੀ ਉਪਜਦੀ ਹੈ। ਤ੍ਰਿਬੇਣੀ ਜਿਹੜਾ ਹਿੰਦੂਆਂ ਦੀ ਨਜ਼ਰ ਵਿਚ ਇਕ ਬੜਾ ਪਵਿੱਤਰ ਤੀਰਥ ਹੈ, ਉਹ ਕੀ ਹੈ? ਸਿੱਖਾਂ ਦੀ ਤ੍ਰਿਬੇਣੀ ਵਾਹਿਗੁਰੂ ਦਾ ਨਾਮ ਜਪਣਾ, ਉਸਦਾ ਜਸ ਗਾਵਣਾ, ਅਤੇ ਹਰ ਕਿਸੇ ਦੇ ਹਿਰਦੇ ਵਿਚ ਉਸਨੂੰ ਹਾਜ਼ਰ ਨਾਜ਼ਰ ਜਾਣਨਾ ਹੈ। ਬੁੱਧੀ ਅਤੇ ਸਮਝ ਤੋਂ ਵਾਂਝੇ ਲੋਕੀ ਤੀਰਥਾਂ ਤੇ ਭਟਕਦੇ ਫਿਰਦੇ ਹਨ। ਭਗਤ ਕਬੀਰ ਅਤੇ ਰਵਿਦਾਸ ਜੀ ਨੇ ਕਿਹੜੇ ਤੀਰਥਾਂ ਦੀ ਯਾਤਰਾ ਕੀਤੀ ਸੀ? ਪਰ ਫਿਰ ਵੀ ਉਨ੍ਹਾਂ ਨੇ ਮੁਕਤੀ ਪ੍ਰਾਪਤ ਕੀਤੀ ਸੀ ਅਤੇ ਸਾਰੀ ਦੁਨੀਆਂ ਉਨ੍ਹਾਂ ਦਾ ਸਤਿਕਾਰ ਕਰਦੀ ਹੈ। ਉਹ ਦੋਵੇਂ ਨਾਮ ਤੀਰਥ ਵਾਲੀ ਕੁਟੀਆ ਵਿਚ ਵਸਦੇ ਹਨ। ਆਪਣੀਆਂ ਵਾਸ਼ਨਾਂ ਨੂੰ ਰੋਕਣ ਲਈ ਉਨ੍ਹਾਂ ਨੇ ਆਪਣੀਆਂ ਛਪਰੀਆਂ ਦੀਆਂ ਚਾਰ ਕੰਧਾਂ ਬਣਾਈਆਂ ਹੋਈਆਂ ਸਨ। ਪ੍ਰੇਮਾ ਭਗਤੀ ਦੀ ਉਨ੍ਹਾਂ ਉੱਤੇ ਛੱਤ ਸੀ, ਬ੍ਰਹਮ ਗਿਆਨ ਅਤੇ ਵਾਹਿਗੁਰੂ ਦਾ ਧਿਆਨ ਸ਼ਤੀਰ ਸਨ ਜਿਨ੍ਹਾਂ ਉੱਤੇ ਛਤ ਖੜੋਤੀ ਸੀ।

ਲਾਲਚ ਦੀ ਗਰਮੀ, (ਅੱਗ) ਭਰਮ ਦੀ ਸਰਦੀ ਅਤੇ ਕੁਸੰਗਤ ਦੇ ਮੀਂਹ ਤੋਂ ਬਚਾਉਣ ਲਈ ਉਨ੍ਹਾਂ ਨੇ ਆਪਣੇ ਹਿਰਦੇ ਵਿਚ ਵਾਹਿਗੁਰੂ ਦਾ ਪਿਆਰ ਰਖਿਆ ਹੋਇਆ ਸੀ। ਇਹੋ ਜਿਹੀਆਂ ਝੁੱਗੀਆਂ ਵਿਚ ਰਹਿਣ ਵਾਲੇ ਲੋਕਾਂ ਨੂੰ ਤੀਰਥਾਂ ਤੇ ਫਿਰਨ ਦੀ ਲੋੜ ਨਹੀਂ ਅਤੇ ਉਹ ਚੁਰਾਸੀ ਤੋਂ ਸਹਿਜੇ ਹੀ ਛੁਟਕਾਰਾ ਪਾ ਲੈਂਦੇ ਹਨ।

ਬਾਬਾ ਸਿਰੀ ਚੰਦ ਜੀ ਉਦਾਸੀ

ਬਾਬਾ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਸ੍ਰੀ ਚੰਦ ਦੀ ਜਟਾਧਾਰੀ ਸਨ ਅਤੇ ਨਾਂਗੇ ਫਕੀਰ ਬਣ ਕੇ ਫਿਰਦੇ ਸਨ। ਉਨ੍ਹਾਂ ਨੇ ਹੀ ਉਦਾਸੀ ਸੰਪ੍ਰਦਾਇ ਚਲਾਈ ਸੀ। ਸ੍ਰੀ ਚੰਦ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੂੰ ਮਿਲਣ ਨਹੀਂ ਸਨ ਗਏ ਪਰ ਹੁਣ ਉਨ੍ਹਾਂ ਦੇ ਪਿਤਾ ਜੀ ਨੂੰ ਜੋਤੀ ਜੋਤ ਸਮਾਇਆਂ ਬਹੁਤ ਸਮਾਂ ਬੀਤ ਚੁੱਕਾ ਸੀ ਅਤੇ ਸ੍ਰੀ ਚੰਦ ਜੀ ਦੇ ਦਿਲ 'ਚੋਂ ਨਾਰਾਜ਼ਗੀ ਵੀ ਦੂਰ ਹੋ ਗਈ ਸੀ। ਉਨ੍ਹਾਂ ਸੋਚਿਆ ਕਿ ਗੁਰੂ ਰਾਮਦਾਸ ਜੀ ਨੂੰ ਚਲ ਕੇ ਮਿਲੀਏ। ਜਦੋਂ ਸ੍ਰੀ ਚੰਦ ਜੀ ਗੋਇੰਦਵਾਲ ਦੇ ਨੇੜੇ ਪੁੱਜੇ ਤਾਂ ਗੁਰੂ ਜੀ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਜਾਣ ਕੇ ਅੱਗੋਂ ਲੈਣ ਗਏ ਅਤੇ ਮਿਠਾਈ ਅਤੇ ਪੰਜ ਸੌ ਰੁਪਏ ਉਨ੍ਹਾਂ ਦੀ ਭੇਟ ਕਰਨ ਲਈ ਆਪਣੇ ਨਾਲ ਲੈ ਗਏ। ਜਦ ਸ੍ਰੀ ਚੰਦ ਜੀ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਨ੍ਹਾਂ ਨੂੰ ਸਾਖਿਆਤ ਗੁਰੂ ਨਾਨਕ ਦੇਵ ਜੀ ਦਾ ਸਰੂਪ ਜਾਣਿਆ। ਗੱਲਾਂ ਬਾਤਾਂ ਕਰਦਿਆਂ ਸ੍ਰੀ ਚੰਦ ਜੀ ਗੁਰੂ ਜੀ ਨੂੰ ਕਹਿਣ ਲੱਗੇ ਕਿ ਤੁਸੀਂ ਇੰਨੀ ਲੰਮੀ ਦਾੜ੍ਹੀ ਕਿਉਂ ਵਧਾਈ ਹੋਈ ਹੈ। ਗੁਰੂ ਜੀ ਨੇ ਕਿਹਾ—

"ਮੈਂ ਇਹ ਲੰਮੀ ਦਾਹੜੀ ਇਸ ਵਾਸਤੇ ਵਧਾਈ ਹੋਈ ਹੈ ਕਿ ਇਸ ਨਾਲ ਆਪਦੇ ਚਰਨ ਸਾਫ ਕਰਾਂ।" ਇਹ ਆਖ ਕੇ ਗੁਰੂ ਜੀ ਕਥਨੀ ਨੂੰ ਕਰਨੀ ਵਿਚ ਲੈ ਆਉਣ ਲੱਗੇ ਅਰਥਾਤ ਦਾੜ੍ਹੇ ਨਾਲ ਸ੍ਰੀ ਚੰਦ ਜੀ ਦੇ ਚਰਨ ਪੂੰਝਣ ਲੱਗੇ। ਬਾਬਾ ਸ੍ਰੀ ਚੰਦ ਸ਼ਰਮਿੰਦੇ ਜਿਹੇ ਹੋ ਗਏ ਅਤੇ ਆਪਣੇ ਚਰਨ ਗੁਰੂ ਜੀ ਤੋਂ ਪਿਛਾਂਹ ਖਿਚਕੇ ਕਹਿਣ ਲੱਗੇ : "ਗੁਰੂ ਮਹਾਰਾਜ ਜੀ, ਤੁਸੀਂ ਵੱਡੇ ਹੋ, ਮੇਰੇ ਪਿਤਾ ਦੀ ਥਾਂ ਹੋ, ਇਹੋ ਜਿਹੇ ਗੁਣਾਂ ਕਰਕੇ ਹੀ ਤੁਸੀਂ ਗੁਰੂ ਬਣ ਗਏ ਹੋ। ਮੇਰੇ ਵਿਚ ਅਜਿਹੀ ਕੋਈ ਸ਼ਕਤੀ ਨਹੀਂ ਅਤੇ ਇਸੇ ਕਰਕੇ ਮੈਂ ਗੁਰਗੱਦੀ ਪ੍ਰਾਪਤ ਨਹੀਂ ਕਰ ਸਕਿਆ। ਮੈਂ ਆਪਦੀ ਵਡਿਆਈ ਕਥਨ ਨਹੀਂ ਕਰ ਸਕਦਾ ਜਿਹੜੇ ਸਿੱਖ ਤੁਹਾਡੇ ਦਰਸ਼ਨ ਕਰਨ ਆਉਣਗੇ ਉਹ ਤਰ ਜਾਣਗੇ।"

ਅੰਮ੍ਰਿਤਸਰ ਤਾਲ ਪੁਟਾਉਣਾ

ਇਕ ਦਿਨ ਗੁਰੂ ਰਾਮਦਾਸ ਜੀ ਗੁਰੂ ਅਮਰਦਾਸ ਜੀ ਦਾ ਧਿਆਨ ਧਰ ਰਹੇ ਸਨ ਤਾਂ ਉਨ੍ਹਾਂ ਨੂੰ ਚੇਤੇ ਆਇਆ ਕਿ ਸਾਨੂੰ ਗੁਰੂ ਅਮਰਦਾਸ ਜੀ ਨੇ ਅੰਤਮ ਸਮੇਂ ਹੁਕਮ ਕੀਤਾ ਸੀ ਕਿ ਹਰ ਥਾਂ ਸਤਿਨਾਮ ਦਾ ਪ੍ਰਚਾਰ ਕਰੋ ਅਤੇ ਅੰਮ੍ਰਿਤਸਰ ਵਿਚ ਇਕ ਮਹਾਂ ਤੀਰਥ ਅਸਥਾਨ ਬਣਵਾਓ। ਗੁਰੂ ਜੀ ਨੇ ਗੁਰੂ ਅਮਰਦਾਸ ਜੀ ਦੇ ਸਪੁੱਤਰਾਂ ਬਾਬਾ ਮੋਹਨ ਅਤੇ ਮੋਹਰੀ ਜੀ ਨੂੰ ਕਿਹਾ ਕਿ ਤੁਸੀਂ ਸਾਡੇ ਨਾਲ ਇਸ ਕੰਮ ਲਈ ਅੰਮ੍ਰਿਤਸਰ ਚਲੋ ਪਰ ਉਨ੍ਹਾਂ ਜਾਣੋ ਨਾਂਹ ਕਰ ਦਿੱਤੀ। ਗੁਰੂ ਜੀ ਆਪ ਅੰਮ੍ਰਿਤਸਰ ਆਏ ਅਤੇ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਤਾਲ ਪੁਟਾਉਣ ਵਿਚ ਕਈ ਮਹੀਨੇ ਲਗਾਏ। ਜਦੋਂ ਇਹ ਕੰਮ ਹੋ ਰਿਹਾ

ਸੀ ਤਾਂ ਲਾਹੌਰ ਤੋਂ ਸਿੱਖ ਸੰਗਤ ਆਈ ਅਤੇ ਗੁਰੂ ਜੀ ਪਾਸ ਬੇਨਤੀ ਕਰਨ ਲੱਗੀ ਕਿ ਆਪ ਸਾਡੇ ਪੁਰਾਣੇ ਸ਼ਹਿਰ ਵਿਚ ਚੱਲ ਕੇ ਚਰਨ ਪਾਓ। ਸੰਗਤ ਕਹਿਣ ਲੱਗੀ : "ਜਦ ਤੋਂ ਆਪ ਜੀ ਦੇ ਮਾਤਾ ਪਿਤਾ ਚਲਾਣਾ ਕਰ ਗਏ ਹਨ, ਆਪਨੇ ਆਪਣੀ ਜਨਮ ਭੂਮੀ ਨਹੀਂ ਵੇਖੀ। ਘਰ ਚਲੋ ਅਤੇ ਸਬੰਧੀਆਂ ਨੂੰ ਮਿਲੋ, ਸਿੱਖਾਂ ਨੂੰ ਉਪਦੇਸ਼ ਕਰੋ, ਅਤੇ ਆਪਣੇ ਸ਼ਹਿਰ ਨੂੰ ਵਰ ਦੇਵੋ ਜਿੱਥੇ ਜਿੱਥੇ ਤੁਸੀਂ ਚਰਨ ਪਾਉਂਦੇ ਹੋ ਉਥੇ ਅਣਗਿਣਤ ਪਾਪੀਆਂ ਨੂੰ ਤਾਰਦੇ ਹੋ।"

ਗੁਰੂ ਰਾਮਦਾਸ ਜੀ ਲਾਹੌਰ ਗਏ

ਗੁਰੂ ਜੀ ਸਿੱਖਾਂ ਦੀ ਬੇਨਤੀ ਪ੍ਰਵਾਨ ਕਰਕੇ ਲਾਹੌਰ ਨੂੰ ਤੁਰ ਪਏ। ਜਦੋਂ ਉਹ ਸ਼ਹਿਰ ਦੇ ਨੇੜੇ ਪੁੱਜੇ ਤਾਂ ਉਨ੍ਹਾਂ ਦੇ ਸਾਕ ਸਬੰਧੀ ਅਤੇ ਸਿੱਖ ਉਨ੍ਹਾਂ ਨੂੰ ਅੱਗੋਂ ਲੈਣ ਆਏ। ਗੁਰੂ ਜੀ ਕੁਝ ਸਮਾਂ ਉੱਥੇ ਹੀ ਰਹੇ, ਆਪਣੇ ਮਾਤਾ ਪਿਤਾ ਵਾਲੇ ਘਰ ਨੂੰ ਢਾਹ ਕੇ ਉਥੇ ਗੁਰਦਵਾਰਾ ਬਣਾ ਦਿੱਤਾ, ਅਤੇ ਉਸਦੇ ਨੇੜੇ ਇਕ ਖੂਹ ਲਵਾਇਆ ਤਾਂ ਕਿ ਉਨ੍ਹਾਂ ਦੇ ਸਿੱਖ ਇਸ਼ਨਾਨ ਕਰਕੇ ਭਗਤੀ ਕਰਨ। ਜਿੰਨਾ ਚਿਰ ਗੁਰੂ ਜੀ ਆਪਣੀ ਜਨਮ ਭੂਮੀ ਵਿਚ ਰਹੇ, ਉਨ੍ਹਾਂ ਨੇ ਬਹੁਤ ਸਾਰੇ ਸਿੱਖ ਬਣਾਏ। ਕਹਿੰਦੇ ਹਨ ਕਿ ਗੁਰੂ ਜੀ ਦੀ ਸੂਰਤ ਅਤੇ ਕਥਨ ਵਿਚ ਅਜਿਹੀ ਮੋਹ ਵਾਲੀ ਸ਼ਕਤੀ ਸੀ ਕਿ ਜੋ ਕੋਈ ਉਨ੍ਹਾਂ ਦੇ ਦਰਸ਼ਨ ਕਰਦਾ ਸੀ, ਉਹ ਸਿੱਖੀ ਧਾਰਨ ਕਰ ਲੈਂਦਾ ਸੀ। ਫਿਰ ਗੁਰੂ ਜੀ ਗੋਇੰਦਵਾਲ ਨੂੰ ਮੁੜ ਆਏ।

ਕਾਂਡ—38
ਜੋਗੀਆਂ ਨੂੰ ਉਪਦੇਸ਼

ਜੋਗੀਆਂ ਦੀ ਇਕ ਟੋਲੀ ਆਪਣੇ ਗੁਰੂ ਸਣੇ ਗੁਰੂ ਰਾਮਦਾਸ ਜੀ ਦੀ ਪ੍ਰੀਖਿਆ ਲਈ ਆਈ। ਜੋਗੀ ਕਹਿਣ ਲੱਗੇ : "ਹੇ ਮਹਾਰਾਜ, ਤੁਹਾਡੇ ਸਿੱਖ ਅਸ਼ਟਾਂਗ ਸਹਿਤ ਜੋਗ ਨਹੀਂ ਕਮਾਉਂਦੇ ਅਤੇ ਜੋਗ ਕੀਤੇ ਬਿਨਾਂ ਮਨ ਨੂੰ ਸ਼ਾਂਤੀ ਨਹੀਂ ਆਉਂਦੀ। ਜਦੋਂ ਤੱਕ ਮਨ ਨੂੰ ਸ਼ਾਂਤੀ ਨਾ ਆਏ ਤਦੋਂ ਤੱਕ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ ਤੇ ਵਾਹਿਗੁਰੂ ਦੀ ਪ੍ਰਾਪਤੀ ਤੋਂ ਬਿਨਾਂ ਮੁਕਤੀ ਅਸੰਭਵ ਹੈ। ਅਤੇ ਜਦ ਤੱਕ ਮੁਕਤੀ ਪ੍ਰਾਪਤ ਨਾ ਹੋਵੇ, ਤਦੋਂ ਤੱਕ ਜੀਵ ਚੁਰਾਸੀ ਲੱਖ ਜੂਨਾਂ ਵਿਚ ਭਟਕਦਾ ਰਹਿੰਦਾ ਹੈ। ਹੇ, ਗੁਰੂ ਜੀ, ਤੁਹਾਡੇ ਸਿੱਖ ਕਿਸ ਤਰ੍ਹਾਂ ਮੁਕਤੀ ਪ੍ਰਾਪਤ ਕਰਨਗੇ? ਤੁਹਾਡੀ ਸੇਵਾ ਕਰਕੇ ਸਿੱਖਾਂ ਨੂੰ ਕੀ ਲਾਭ ਹੋਵੇਗਾ?"

ਗੁਰੂ ਜੀ ਕਹਿਣ ਲੱਗੇ : "ਜਿਸ ਤਰ੍ਹਾਂ ਬੱਕਰੀ ਦੀਆਂ ਲੂਲ੍ਹਾਂ ਦੁੱਧ ਨਹੀਂ ਦਿੰਦੀਆਂ, ਇਸੇ ਤਰ੍ਹਾਂ ਭਗਤੀ ਤੋਂ ਬਿਨਾਂ ਜੋਗ ਦਾ ਕੋਈ ਲਾਭ ਨਹੀਂ। ਸਾਡੇ ਸਿੱਖ ਗ੍ਰਹਿਸਤੀ ਹਨ ਅਤੇ ਉਹ ਗ੍ਰਹਿਸਤ ਵਿਚ ਹੀ ਮੁਕਤੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਲਈ ਜੋਗ ਕਰਨਾ ਅਸੰਭਵ ਹੈ। ਜੋਗ ਕਰਨ ਦੀ ਸਭ ਤੋਂ ਚੰਗੀ ਜੁਗਤੀ ਨਾਮ ਜਪਣਾ ਹੈ। ਸਾਡੇ ਸਿੱਖਾਂ ਦੇ ਹਿਰਦੇ ਵਿਚ ਨਾਮ ਦਾ ਨਿਵਾਸ ਹੋਇਆ ਹੈ ਅਤੇ ਉਹ ਦਿਨ ਰਾਤ ਜਾਪ ਕਰਦੇ ਹਨ। ਸਾਰੇ ਲੋਕੀ, ਜਿਨ੍ਹਾਂ ਦਿਆਂ ਹਿਰਦਿਆਂ ਵਿਚ ਪ੍ਰੇਮ ਅਤੇ ਭਗਤੀ ਹੈ, ਨਿਰਸੰਦੇਹ ਚੁਰਾਸੀ ਤੋਂ ਛੁਟਕਾਰਾ ਪਾਉਣਗੇ। ਮਾਇਆ ਜਾਂ ਰਿੱਧੀਆਂ ਸਿੱਧੀਆਂ ਭਾਵੇਂ ਸਿੱਖਾਂ ਨੂੰ ਕੁਰਾਹੇ ਲੈ ਜਾਣ ਦਾ ਯਤਨ ਕਰਨ ਪਰ ਇਨ੍ਹਾਂ ਨੂੰ ਸਫਲਤਾ ਨਹੀਂ ਹੋਵੇਗੀ। ਲਾਭ ਜਾਂ ਹਾਨੀ ਸੁੱਖ ਜਾਂ ਦੁੱਖ, ਉਸਤਤਿ ਜਾਂ ਨਿੰਦਾ ਸਿੱਖ ਨੂੰ ਡੁਲਾ ਨਹੀਂ ਸਕਦੀਆਂ। ਉਹ ਸ੍ਵਾਸ ਸ੍ਵਾਸ ਸ੍ਰੀ ਵਾਹਿਗੁਰੂ ਅਕਾਲਪੁਰਖ ਦਾ ਨਾਮ ਜਪਦੇ ਹਨ। ਸਿੱਖ ਮਾਇਆ ਜਾਂ ਸੰਸਾਰਕ ਲਾਭਾਂ ਵੱਲ ਕਦੀ ਨਹੀਂ ਲੱਗਦੇ ਕਿਉਂਕਿ ਉਹ ਜਾਣਦੇ ਹਨ ਕਿ ਇਹੋ ਜਿਹੀਆਂ ਚੀਜ਼ਾਂ ਸਭ ਨਾਸ਼ਮਾਨ ਹਨ ਅਤੇ ਮ੍ਰਿਗ ਤ੍ਰਿਸ਼ਨਾਂ ਵਾਂਗ ਧੋਖਾ ਦੇਣ ਵਾਲੀਆਂ ਹਨ। ਬ੍ਰਹਮ ਗਿਆਨ ਤੋਂ ਖਾਲੀ ਪੁਰਸ਼ ਉਸ ਉਜਾੜ ਜੰਗਲ ਦੇ ਆਦਮੀ ਵਰਗਾ ਹੈ, ਜਿਹੜਾ ਡਾਢੀ ਗਰਮੀ ਦੀ ਰੁੱਤ ਵਿਚ ਪਾਣੀ ਢੂੰਡਦਾ ਫਿਰਦਾ ਹੈ ਪਰ ਉਸਨੂੰ ਕੇਵਲ ਰੇਤ-ਥਲ ਹੀ ਮਿਲਦਾ ਹੈ। ਉਸਦੇ ਸਿਰ ਨੂੰ ਉਤੋਂ ਤਾਂ ਸੂਰਜ ਸਾੜਦਾ ਹੈ, ਹੇਠੋਂ ਪੈਰਾਂ ਨੂੰ ਰੇਤ ਅਤੇ ਉਸ ਨੂੰ ਕਸ਼ਟ ਤੋਂ ਥੋੜੇ ਚਿਰ ਲਈ ਵੀ ਆਰਾਮ ਨਹੀਂ ਮਿਲਦਾ। ਇਸ ਦੇ ਉਲਟ, ਜਿਸ ਪਾਸ ਬ੍ਰਹਮ ਗਿਆਨ ਹੈ, ਉਹ ਜਾਣਦਾ ਹੈ ਕਿ ਮੇਰੇ ਸਾਹਮਣੇ ਇਹ ਪਾਣੀ ਨਹੀਂ ਸਗੋਂ ਰੇਤ ਦਾ ਥਲ ਹੈ ਅਤੇ ਇਹ ਸਭ ਕੁਝ ਮਿਥਿਆ ਹੈ, ਕੇਵਲ ਵਾਹਿਗੁਰੂ ਹੀ ਸੱਚ ਹੈ। ਵਾਹਿਗੁਰੂ ਦੀ ਪ੍ਰੇਮਾ ਭਗਤੀ ਤੋਂ ਬਿਨਾਂ ਮੁਕਤੀ ਪ੍ਰਾਪਤ ਕਰਨ ਦੇ ਹੋਰ ਸਾਧਨ ਵਿਅਰਥ ਹਨ। ਹੇ ਜੋਗੀਓ, ਇਸ ਜੁਗ ਵਿਚ ਤੁਹਾਡੇ ਲਈ ਵੀ ਜੋਗ ਕਰਨਾ ਬੜਾ ਕਠਨ ਹੈ ਅਤੇ ਤੁਸੀਂ ਜੋਗ ਨਾਲ ਪੂਰਨਤਾ ਕਦੀ ਪ੍ਰਾਪਤ ਨਹੀਂ ਕਰ ਸਕਦੇ। ਭਲਾ ਜੇਕਰ ਤੁਸੀਂ ਰਿੱਧੀਆਂ ਸਿੱਧੀਆਂ ਪ੍ਰਾਪਤ ਕਰ ਵੀ ਲਵ

ਤਾਂ ਵੀ ਤੁਹਾਡੇ ਲਈ ਵਾਹਿਗੁਰੂ ਵੱਲ ਬ੍ਰਿਤੀ ਲਗਾਉਣੀ ਬੜੀ ਕਠਨ ਹੈ, ਕਿਉਂਕਿ ਮਨ ਹਰ ਪਾਸੇ ਭਟਕਦਾ ਫਿਰਦਾ ਹੈ ਅਤੇ ਖਿਨ ਭਰ ਵੀ ਨਹੀਂ ਠਹਿਰਦਾ। ਪਰ ਜੇ ਮੰਨ ਵੀ ਲਿਆ ਜਾਵੇ ਕਿ ਜੋਗ ਹੋ ਵੀ ਸਕਦਾ ਹੈ ਤਾਂ ਵੀ ਰਿੱਧੀਆਂ ਸਿੱਧੀਆਂ ਦਾ ਧਿਆਨ ਅੰਤ ਵਿਚ ਲੋਕਾਂ ਨੂੰ ਕੁਰਾਹੇ ਲੈ ਜਾਂਦਾ ਹੈ। ਲੋਕਾਂ ਦੀ ਇੱਛਾ ਧਨ, ਸੁੰਦਰ ਇਸਤ੍ਰੀਆਂ, ਜਸ, ਵਡਿਆਈ ਅਤੇ ਮਾਣ ਪ੍ਰਾਪਤ ਕਰਨ ਦੀ ਹੁੰਦੀ ਹੈ। ਇਹੋ ਜਿਹੀਆਂ ਵਾਸ਼ਨਾਵਾਂ ਵਿਚ ਆਦਮੀ ਵਾਹਿਗੁਰੂ ਨੂੰ ਭੁੱਲ ਜਾਂਦਾ ਹੈ। ਜਿਹੜੇ ਉਸ ਅਕਾਲ ਪੁਰਖ ਦਾ ਗਿਆਨ ਰਖਦੇ ਹਨ, ਉਨ੍ਹਾਂ ਦੇ ਮਨ ਨੂੰ ਲੁਭਾਉਣ ਵਾਲੀਆਂ ਤ੍ਰਿਸ਼ਨਾਵਾਂ ਭਾਵੇਂ ਕਿੰਨੀਆਂ ਹੀ ਬਲਵਾਨ ਹੋਣ, ਪਰ ਉਹ ਉਨ੍ਹਾਂ ਨੂੰ ਜਿੱਤ ਲੈਂਦੇ ਹਨ ਅਤੇ ਇਸ ਲਈ ਉਹ ਬ੍ਰਹਮ ਗਿਆਨ ਅਤੇ ਧਿਆਨ ਦੀ ਮਿਠਾਸ ਦਾ ਅਨੰਦ ਲੈਂਦੇ ਹਨ। ਇੱਕ ਆਦਮੀ ਜੋਗੀਆਂ ਦਾ ਭੇਖ ਧਾਰਨ ਕਰ ਲਵੇ, ਪਰ ਉਸਦੇ ਹਿਰਦੇ ਵਿਚ ਪ੍ਰੇਮ ਤੋਂ ਬਿਨਾਂ ਵਾਹਿਗੁਰੂ ਨਿਵਾਸ ਨਹੀਂ ਹੋ ਸਕਦਾ। ਸਾਡਾ ਇਕ ਵੱਡਾ ਮਨੋਰਥ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਆਪਣੇ ਆਪ ਨੂੰ ਸੰਸਾਰ ਦੇ ਚਿੱਕੜ ਵਿਚੋਂ ਕੱਢੀਏ।" ਗੁਰੂ ਜੀ ਨੇ ਜੋਗੀਆਂ ਪ੍ਰਤੀ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ :—

ਹਥਿ ਕਰਿ ਤੰਤੁ ਵਜਾਵੈ ਜੋਗੀ ਬੋਥਰ ਵਾਜੈ ਬੇਨ॥
ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ॥੧॥
ਜੋਗੀ ਹਰਿ ਦੇਹੁ ਮਤੀ ਉਪਦੇਸੁ॥
ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ॥੧॥ਰਹਾਉ॥
ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹ ਮਨੂਆ ਖੇਲੈ ਖੇਲ॥
ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ॥
ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ॥
ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ॥੩॥
ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜਦੋ ਦੇਹੁ ਮਤੀ ਤਿਤੁ ਚੇਲ॥
ਜਨੁ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ॥੪॥

(ਆਃ ਗ੍ਰੰਃ ਪੰਃ ੩੬) (ਰਾਗ ਆਸਾ ਘਰ ੬ ਮਹਲਾ ੪)

ਗੁਰੂ ਜੀ ਦੀ ਸਿੱਖਿਆ ਦੇ ਪ੍ਰਭਾਵ ਕਰਕੇ ਹਰ ਇਕ ਧਰਮ ਅਤੇ ਸ਼੍ਰੇਣੀ ਦੇ ਲੋਕ ਉਨ੍ਹਾਂ ਦੇ ਦਰਸ਼ਨਾਂ ਲਈ ਤੇ ਉਪਦੇਸ਼ ਸੁਣਨ ਲਈ ਆ ਜੁੜਦੇ ਸਨ ਅਤੇ ਸਿੱਖੀ ਦਾ ਬੜਾ ਵਾਧਾ ਹੋ ਰਿਹਾ ਸੀ। ਕਈ ਲੋਕੀ ਜਿਹਾ ਕਿ ਇਹੋ ਜਿਹੀਆਂ ਹਾਲਤਾਂ ਵਿਚ ਹੋਇਆ ਕਰਦਾ ਹੈ, ਗੁਰੂ ਜੀ ਦੀ ਸਫਲਤਾ ਅਤੇ ਜੱਸ ਦੇਖ ਕੇ ਈਰਖਾ ਕਰਨ ਲੱਗ ਪਏ। ਉਨ੍ਹਾਂ ਵਿਚੋਂ ਸਭ ਦਾ ਆਗੂ ਇਕ ਤੀਜਾ [1]ਤਪਾ ਸੀ। ਤਪਾ ਕਹਿੰਦਾ ਸੀ : "ਠੀਕ ਹੀ ਇਹ ਭਿਆਨਕ ਕਲਜੁਗ ਹੈ, ਵੇਖੋ ਮੈਂ ਇਕ ਤਪਾ ਸਰਦੀ, ਗਰਮੀ ਸਹਿੰਦਾ

1. ਇਕ ਤਪਾ ਗੁਰੂ ਅੰਗਦ ਦੇਵ ਜੀ ਦੇ ਸਮੇਂ ਹੋਇਆ ਤੇ ਦੂਜਾ ਗੁਰੂ ਅਮਰਦਾਸ ਜੀ ਦੇ ਸਮੇਂ ਹੋਇਆ ਸੀ ਜਿਨ੍ਹਾਂ ਨੇ ਗੁਰੂਆਂ ਦੀ ਵਿਰੋਧਤਾ ਕੀਤੀ ਸੀ, ਜਿਨ੍ਹਾਂ ਦਾ ਹਾਲ ਪਿੱਛੇ ਆ ਚੁੱਕਾ ਹੈ ਇਹ ਤੀਜਾ ਤਪਾ ਸੀ।

ਹਾਂ ਪਰ ਲੋਕੀ ਮੇਰੇ ਵੱਲ ਧਿਆਨ ਨਹੀਂ ਕਰਦੇ ਅਤੇ ਇਸ ਗ੍ਰਿਹਸਤੀ ਨੂੰ ਗੁਰੂ ਮੰਨ ਕੇ ਸਤਿਕਾਰ ਕਰਦੇ ਹਨ।"

ਇਸ ਤਰ੍ਹਾਂ, ਤਪਾ ਬੜ ਬੜ ਕਰਦਾ, ਬਿਨਾਂ ਗੱਲੋਂ ਕਚੀਚੀਆਂ ਵਟਦਾ ਤੇ ਮੂੰਹ ਵਿਚੋਂ ਝੱਗ ਸੁੱਟਦਾ। ਇਕ ਦਿਨ ਉਹ ਗੁਰੂ ਜੀ ਦੇ ਦਰਬਾਰ ਵਿਚ ਆਇਆ ਅਤੇ ਮਹਾਰਾਜ ਨੂੰ ਇਉਂ ਕਹਿਣ ਲੱਗਾ : "ਗੁਰੂ ਜੀ, ਤੁਹਾਡੇ ਸਿੱਖ ਬੜੇ ਅਹੰਕਾਰੀ ਹਨ, ਵੇਦ ਸ਼ਾਸਤ੍ਰਾਂ ਨੂੰ ਨਹੀਂ ਮੰਨਦੇ, ਤੀਰਥ ਯਾਤਰਾ ਨਹੀਂ ਕਰਦੇ, ਨਾ ਹੀ ਉਹ ਵਰਤ ਰੱਖਦੇ ਹਨ, ਨਾ ਹਿੰਦੂਆਂ ਵਰਗੇ ਕਰਮ ਧਰਮ, ਨਾ ਕਿਸੇ ਪ੍ਰਕਾਰ ਦਾ ਤਪ ਕਰਦੇ ਹਨ ਅਤੇ ਕੇਵਲ ਤੁਹਾਡੀ ਬਾਣੀ ਨੂੰ ਹੀ ਮੰਨਦੇ ਹਨ। ਉਨ੍ਹਾਂ ਦਾ ਪੂਜਾ ਪਾਠ ਬਸ ਵਾਹਿਗੁਰੂ ਦਾ ਜਾਪੁ ਹੀ ਹੈ। ਇਹ ਭੁਲੇ ਹੋਏ ਲੋਕੀ ਆਪਣੇ ਮਨੁੱਖਾ ਜਨਮ ਨੂੰ ਗਵਾ ਰਹੇ ਹਨ। ਮਹਾਰਾਜ, ਕਿਰਪਾ ਕਰਕੇ ਦੱਸੋ, ਇਹ ਕਿਸ ਤਰ੍ਹਾਂ ਸਵਰਗ ਨੂੰ ਜਾਣਗੇ?"

ਗੁਰੂ ਜੀ ਨੇ ਫੁਰਮਾਇਆ : "ਹੇ ਤਪੇ, ਸਾਡੇ ਸਿੱਖਾਂ ਨੂੰ ਸਵਰਗ ਦੀ ਇੱਛਾ ਨਹੀਂ। ਉਹ ਸਵਰਗ ਨੂੰ ਆਪਣੇ ਕਰਮਾਂ ਦੇ ਫੱਲ ਤੁਲ ਨਹੀਂ ਸਮਝਦੇ। ਉਹ ਅਜਿਹੇ ਧਰਮ ਕਰਮ ਨਹੀਂ ਕਰਦੇ, ਜਿਹੜੇ ਕੇਵਲ ਲੋਕਾਂ ਦੀ ਸ਼ਲਾਘਾ ਲਈ ਕੀਤੇ ਜਾਣ। ਉਨ੍ਹਾਂ ਦੇ ਮਨ ਵਾਹਿਗੁਰੂ ਦੀ ਪ੍ਰੀਤ ਵਿਚ ਮਗਨ ਰਹਿੰਦੇ ਹਨ। ਉਹੀ ਸਿੱਖਾਂ ਲਈ ਸੁਵਰਗ ਅਤੇ ਉਹੀ ਹੀ ਮੁਕਤੀ ਹੈ। ਤੂੰ ਸੰਤਾਂ ਦੀ ਮਹਿਮਾ ਨੂੰ ਨਹੀਂ ਜਾਣਦਾ। ਤੂੰ ਅਸਲ ਵਸਤ ਨੂੰ ਛੱਡ ਕੇ ਝੂਠੀਆਂ ਗੀਤਾਂ ਦੇ ਲੜ ਲੱਗ ਕੇ ਆਪਣਾ ਕਲਿਆਣ ਨਹੀਂ ਕਰ ਸਕਦਾ। ਤੇਰਾ ਮਨ ਅਹੰਕਾਰ ਨਾਲ ਭਰਿਆ ਹੋਇਆ ਹੈ। ਹੰਕਾਰ ਅਤੇ ਸ਼ੇਖੀ ਕਰਕੇ ਲੋਕੀ ਉੱਕਾ ਹੀ ਇਸ ਸੰਸਾਰ ਵਿਚ ਆਪਣਾ ਰਸਤਾ ਭੁੱਲ ਜਾਂਦੇ ਹਨ। ਸ਼ਰਧਾ ਤੋਂ ਬਿਨਾਂ ਭਗਤੀ, ਤਪ ਅਤੇ ਪੂਜਾ ਵਿਅਰਥ ਹੈ। ਜਿਨ੍ਹਾਂ ਵਿਚ ਸ਼ਰਧਾ ਨਹੀਂ ਉਹ ਹੰਕਾਰ, ਕਾਮ, ਕ੍ਰੋਧ, ਮੋਹ, ਲੋਭ ਅਤੇ ਬਾਕੀ ਹੋਰ ਬੁਰਾਈਆਂ ਵਿਚ ਡੁੱਬੇ ਹੋਏ ਹਨ। ਸਾਡੇ ਸਿੱਖਾਂ ਦੀ ਅਜਿਹੀ ਹਾਲਤ ਨਹੀਂ। ਉਨ੍ਹਾਂ ਨੂੰ ਵਿਸ਼ਵਾਸ ਅਤੇ ਭਰੋਸਾ ਇਕੋ ਅਕਾਲਪੁਰਖ ਤੇ ਹੈ। ਉਹ ਸਵਾਸ ਸਵਾਸ ਉਸਦਾ ਨਾਮ ਜਪਦੇ ਹਨ ਅਤੇ ਸਹਿਜੇ ਹੀ ਮੁਕਤੀ ਯੋਗ ਹੋ ਜਾਂਦੇ ਹਨ। ਉਨ੍ਹਾਂ ਨੂੰ ਤਪ ਜਾਂ ਤੀਰਥਾਂ ਦੀ ਲੋੜ ਨਹੀਂ ਉਹ ਆਪ ਹੀ ਤਪੁ ਤੀਰਥ ਹਨ।" ਇਸਦੇ ਪ੍ਰਥਾਇ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ—

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ
ਧੂਰਿ ਸਾਧੂ ਕੀ ਤਾਈ॥ ਕਿਲਵਿਖ ਮੈਲੁ ਭਰੇ ਪਰੇ
ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥
ਤੀਰਥ ਅਠਸਠਿ ਮਜਨੁ ਨਾਈ॥ ਸਤਸੰਗਤਿ ਕੀ
ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ॥੧॥ ਰਹਾਉ॥
ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ॥
ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ॥੨॥
ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ॥੩॥
ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ
ਧੂਰਿ ਸਾਧੂ ਕੀ ਤਾਈ॥ ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ

ਤਿਸੁ ਸਾਧੂ ਧੂਰਿ ਦੇਹ ਹਰਿ ਧਾਰਿ ਲੰਘਾਈ॥੪॥ *(ਰਾਗ ਮਲਾਰ ਮਹਲਾ ੪)*
(ਆ: ਗ੍ਰੰ: ਪੰ: ੧੨੬੩)

ਲਿਖਿਆ ਹੈ ਕਿ ਇਹ ਸ਼ਬਦ ਸੁਣਕੇ ਤਪੇ ਨੂੰ ਗੁਰੂ ਜੀ ਤੇ ਨਿਸਚਾ ਹੋ ਗਿਆ ਅਤੇ ਉਸਨੇ ਸਿੱਖ ਧਰਮ ਧਾਰਨ ਕਰ ਲਿਆ।

ਗੁਰੂ ਜੀ ਆਪਣਾ ਬਹੁਤਾ ਸਮਾਂ ਬੜੇ ਪ੍ਰੇਮ ਤੇ ਉਤਸ਼ਾਹ ਭਰੇ ਸ਼ਬਦਾਂ ਦੀ ਰਚਨਾ ਕਰਨ ਵਿਚ ਅਤੇ ਸਿੱਖਾਂ ਨੂੰ ਮਿਲਣ ਅਤੇ ਉਨ੍ਹਾਂ ਨੂੰ ਉਪਦੇਸ਼ ਕਰਨ ਵਿਚ ਬਤੀਤ ਕਰਦੇ ਸਨ। ਢੇਰਾਂ ਦਾ ਢੇਰ ਧਨ ਉਨ੍ਹਾਂ ਨੂੰ ਭੇਟ ਕੀਤਾ ਜਾਂਦਾ ਸੀ ਪਰ ਗੁਰੂ ਜੀ ਦਾ ਇਸ ਵੱਲ ਧਿਆਨ ਹੀ ਨਹੀਂ ਸੀ ਜਾਂਦਾ।

ਬਾਬਾ ਹਿੰਦਾਲ

ਗੋਇੰਦਵਾਲ ਦੇ ਸਿੱਖਾਂ ਵਿਚ ਇਕ ਭੋਲਾ ਭਾਲਾ ਹਿੰਦਾਲ ਨਾਮ ਦਾ ਸਿੱਖ ਸੀ। ਉਹ ਜੰਡਿਆਲੇ ਜ਼ਿਲਾ ਅੰਮ੍ਰਿਤਸਰ ਦਾ ਵਸਨੀਕ ਸੀ। ਉਹ ਸਦਾ ਹੀ ਗੁਰੂ ਜੀ ਵਾਸਤੇ ਛੋਟੀ ਤੋਂ ਛੋਟੀ ਸੇਵਾ ਕਰਨ ਲਈ ਤਿਆਰ ਰਹਿੰਦਾ ਸੀ। ਹਿੰਦਾਲ ਹਮੇਸ਼ਾਂ ਵਾਹਿਗੁਰੂ ਦਾ ਨਾਮ ਜਪਦਾ, ਕਿਸੇ ਨਾਲ ਗੱਲਬਾਤ ਨਾ ਕਰਦਾ ਅਤੇ ਸਿਮਰਨ ਲੀਨ ਰਹਿੰਦਾ। ਦੁੱਖ ਸੁੱਖ ਉਸ ਲਈ ਸਮਾਨ ਸੀ। ਉਸਦੇ ਭੋਲਾ ਭਾਲੇ ਸੁਭਾਅ ਕਰਕੇ ਹਰ ਕੋਈ ਉਸ ਨਾਲ ਪਿਆਰ ਕਰਦਾ ਸੀ ਪਰ ਉਹ ਨਾ ਕਿਸੇ ਨਾਲ ਪਿਆਰ ਤੇ ਨਾ ਕਿਸੇ ਨੂੰ ਘ੍ਰਿਣਾ ਕਰਦਾ ਸੀ। ਲੋਕੀ ਉਸ ਨੂੰ ਸੰਤ ਕਹਿੰਦੇ ਸਨ। ਇਕ ਦਿਨ ਮਹਾਰਾਜ ਆਪਣੇ ਲੰਗਰ ਨੂੰ ਵੇਖਣ ਲੱਗੇ ਤਾਂ ਗੁਰੂ ਜੀ ਨੇ ਉਥੇ ਪ੍ਰੇਮੀ ਸਿੱਖਾਂ ਨੂੰ ਆਪਣੇ ਆਪ ਸੇਵਾ ਕਰਦਿਆਂ ਵੇਖਿਆ। ਹਿੰਦਾਲ, ਜੋ ਉਸ ਵੇਲੇ ਆਟਾ ਗੁਨ੍ਹ ਰਿਹਾ ਸੀ, ਗੁਰੂ ਜੀ ਦੇ ਦਰਸ਼ਨ ਕਰਕੇ ਬੜਾ ਪ੍ਰਸੰਨ ਹੋਇਆ ਅਤੇ ਗੁਰੂ ਜੀ ਨੂੰ ਡੰਡੌਤ ਕਰਨ ਲੱਗਾ। ਉਸਦੇ ਹੱਥਾਂ ਨੂੰ ਗਿੱਲਾ ਆਟਾ ਨਾਲ ਲੱਗਾ ਹੋਇਆ ਸੀ, ਇਸ ਲਈ ਉਸਨੇ ਆਪਣੇ ਹੱਥਾਂ ਨੂੰ ਪਿੱਠ ਪਿੱਛੇ ਕਰ ਲਿਆ ਤਾਂ ਕਿ ਗੁਰੂ ਜੀ ਵੇਖਣ ਨਾ ਅਤੇ ਫਿਰ ਉਹ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਗੁਰੂ ਜੀ ਉਸਦਾ ਸੱਚਾ ਅਤੇ ਨਿਰਮਾਣ ਪ੍ਰੇਮ ਵੇਖ ਕੇ ਬੜੇ ਪ੍ਰਸੰਨ ਹੋਏ ਅਤੇ ਕਹਿਣ ਲੱਗੇ : "ਹੇ ਹਿੰਦਾਲ, ਤੇਰੀ ਪ੍ਰੀਤ ਸਾਡੀ ਆਤਮਾ ਨੂੰ ਪਿਆਰੀ ਲੱਗਦੀ ਹੈ । ਤੂੰ ਇਕ ਨਵੇਂ ਢੰਗ ਨਾਲ ਪ੍ਰਣਾਮ ਕੀਤਾ ਹੈ। ਤੇਰੀ ਘਾਲ ਪੂਰੀ ਹੋਈ ਜੋ ਮੰਗੇਂ ਸੋ ਤੈਨੂੰ ਦਿਆਂਗੇ।" ਗੁਰੂ ਜੀ ਨੇ ਹਿੰਦਾਲ ਨੂੰ ਵਰ ਅਤੇ ਸਿਰੋਪਾ ਦੇ ਕੇ ਮੁਕਤੀ ਬਖਸ਼ੀ ਅਤੇ ਉਸਨੂੰ ਇਉਂ ਕਿਹਾ : "ਆਪਣੇ ਘਰ ਨੂੰ ਜਾਹ, ਨਾਮ ਜਪੁ, ਸਿੱਖ ਬਣਾ ਅਤੇ ਉਨ੍ਹਾਂ ਨੂੰ ਗੁਰ ਮਾਰਗ ਤੇ ਚਲਾ। ਕਰਤਾਰ ਅਤੇ ਸਤਿਗੁਰੂ ਤੋਂ ਛੁਟ ਹੋਰ ਕਿਸੇ ਤੇ ਵਿਸ਼ਵਾਸ ਨਾ ਰੱਖ।" ਹਿੰਦਾਲ ਜੰਡਿਆਲੇ ਆਪਣੇ ਘਰ ਜਾ ਕੇ ਰਹਿਣ ਲੱਗਾ। ਜੰਡਿਆਲੇ ਉਸਦੀ ਯਾਦ ਵਿਚ ਸਮਾਧ ਬਣਾਈ ਹੋਈ ਹੈ। ਹੰਦਾਲੀਏ ਹਿੰਦੂਆਂ ਵਾਂਗ ਕਿਰਿਆ ਕਰਮ ਨਹੀਂ ਕਰਦੇ ਤੇ ਨਾ ਹੀ ਫੁੱਲਾਂ ਨੂੰ ਗੰਗਾ ਲੈ ਜਾਂਦੇ ਹਨ। ਜਿਹੜੇ ਭਾਂਡੇ ਕੱਪੜੇ ਹਿੰਦੂ ਆਪਣੇ ਪਿੱਤਰਾਂ ਨੂੰ ਪ੍ਰਲੋਕ ਦੇ ਮਾਰਗ ਲਈ ਦਿੰਦੇ ਹਨ, ਹਿੰਦਾਲੀਏ ਉਨ੍ਹਾਂ ਚੀਜ਼ਾਂ ਨੂੰ ਕਿਰਿਆ ਕਰਮ ਕਰਨ ਵਾਲੇ ਪੁੋਹਿਤ ਨੂੰ ਦੇਣ ਦੀ ਥਾਂ ਆਪਣੀਆਂ ਲੋੜਾਂ ਲਈ ਵਰਤਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਸੇ ਧਰਮੀ ਪੁਰਸ਼ ਦੀ ਸੰਤਾਨ ਨੇ ਸਤਿਗੁਰਾਂ ਦੇ ਜੀਵਨ ਕਥਾਵਾਂ ਵਿਚ ਝੂਠ ਰਲਾ ਕੇ ਲਿਖ ਦਿੱਤਾ ਹੈ ਅਤੇ ਸਤਿਗੁਰਾਂ ਦੀਆਂ ਜੀਵਨ ਕਥਾਵਾਂ ਦੀਆਂ ਪਹਿਲੀਆਂ ਪ੍ਰਮਾਣਿਕ ਸਾਖੀਆਂ ਨਾਸ ਕਰ ਦਿੱਤੀਆਂ ਹਨ।

ਕਾਂਡ—39

ਭਾਈ ਗੁਰਦਾਸ ਜੀ ਦਾ ਆਗਰੇ ਜਾਣਾ

ਇਸ ਸਮੇਂ ਭਾਈ ਗੁਰਦਾਸ ਜੀ ਜਿਨ੍ਹਾਂ ਨੇ 'ਵਾਰਾਂ' ਤੇ 'ਕਬਿੱਤ' ਰਚੇ ਹਨ, ਗੁਰੂ ਜੀ ਦੇ ਦਰਸ਼ਨ ਕਰਨ ਆਏ। ਭਾਈ ਸਾਹਿਬ ਜੀ ਨੇ ਗੁਰੂ ਜੀ ਅੱਗੇ ਡੰਡੌਤ ਕੀਤੀ ਅਤੇ ਬੇਨਤੀ ਕਰਨ ਲੱਗੇ : "ਮੇਰੇ ਸੁਆਮੀ ਜੀ, ਤੁਸੀਂ ਨਿਮਾਣਿਆਂ ਦੇ ਮਾਣ, ਸੰਤਾਂ ਦੀ ਜਿੰਦ ਜਾਨ ਅਤੇ ਗਰੀਬਾਂ ਦੇ ਰਖਿਅਕ ਹੋ, ਮੈਂ ਆਪ ਦੀ ਸ਼ਰਨ ਆਇਆ ਹਾਂ, ਮੈਨੂੰ ਵੀ ਆਪਣਾ ਸਿੱਖ ਬਣਾਉ।" ਗੁਰੂ ਜੀ ਹਮੇਸ਼ਾ ਅਜਿਹੀ ਬੇਨਤੀ ਪ੍ਰਵਾਨ ਕਰਕੇ ਪ੍ਰਸੰਨ ਹੁੰਦੇ ਸਨ। ਗੁਰੂ ਜੀ ਭਾਈ ਗੁਰਦਾਸ ਜੀ ਸਬੰਧੀ ਸਿੱਖੀ ਅਸੂਲ ਤੇ ਚਲਣ ਦੀ ਖਬਰ ਸੁਣ ਚੁੱਕੇ ਸਨ। ਗੁਰੂ ਜੀ ਨੇ ਭਾਈ ਗੁਰਦਾਸ ਨੂੰ ਕਿਹਾ ਕਿ ਤੁਸੀਂ ਆਗਰੇ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕਰੋ।

ਭਾਈ ਜੀ ਇੱਕ ਉੱਘੇ ਤੇ ਬੜੇ ਕਾਮਯਾਬ ਪ੍ਰਚਾਰਕ ਬਣ ਗਏ। ਉਨ੍ਹਾਂ ਨੇ ਕਈ ਆਗਰੇ ਦੇ ਸਿੱਖ ਗੁਰੂ ਜੀ ਪਾਸ ਭੇਜੇ, ਜਿਨ੍ਹਾਂ ਨੂੰ ਮਹਾਰਾਜ ਨੇ ਮਾਨਵ ਜੀਵਨ ਦੇ ਲਾਭ ਅਤੇ ਅੰਤ ਮੁਕਤੀ ਪ੍ਰਾਪਤ ਕਰਨ ਦੀ ਲੋੜ ਸਮਝਾਈ। ਉਸ ਸਮੇਂ ਗੁਰੂ ਜੀ ਨੇ ਆਪਣੇ ਸਿੱਖਾਂ ਦੇ ਉਪਦੇਸ਼ ਹਿੱਤ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ—

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ
ਨਾਮ ਧਿਆਵੈ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ
ਕਰੇ ਅੰਮ੍ਰਿਤ ਸਰਿ ਨਾਵੈ॥ ਉਪਦੇਸਿ ਗੁਰੂ ਹਰਿ ਹਰਿ
ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ
ਹਰਿ ਨਾਮੁ ਧਿਆਵੈ॥ ਜੋ ਸਾਸਿ ਗਿਰਾਸਿ ਧਿਆਏ ਮੇਰਾ
ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ
ਗੁਰੂ ਉਪਦੇਸੁ ਸੁਣਾਵੈ॥ ਜਨੁ ਨਾਨਕ ਧੂੜਿ ਮੰਗੈ ਤਿਸ
ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮ ਜਪਾਵੈ॥੨॥ *(ਆ: ਗ੍ਰੰ: ਪੰ: ੩੦੬)*

(ਗਉੜੀ ਕੀ ਵਾਰ ਮਹਲਾ ੪)

ਸਤਿਵੰਤੀ ਤੇ ਪਿੰਗਲੇ ਦੀ ਸਾਖੀ ਅਤੇ ਅੰਮ੍ਰਿਤ ਸਰੋਵਰ ਦਾ ਪ੍ਰਗਟ ਹੋਣਾ

ਗੁਰੂ ਰਾਮਦਾਸ ਜੀ ਨੇ ਆਪਣੇ ਸਿੱਖਾਂ ਨੂੰ ਅੰਮ੍ਰਿਤ ਸਰੋਵਰ ਅਰਥਾਤ ਦੂਜਾ ਸਿੱਖ ਤੀਰਥ ਬਨਾਉਣ ਸਬੰਧੀ ਗੁਰੂ ਅਮਰਦਾਸ ਜੀ ਦਾ ਹੁਕਮ ਯਾਦ ਕਰਾਇਆ ਅਤੇ ਉਨ੍ਹਾਂ ਨੂੰ ਪ੍ਰੇਰਨਾ ਕੀਤੀ ਕਿ ਸਾਡੇ ਆਰੰਭੇ ਹੋਏ ਇਸ ਕੰਮ ਨੂੰ ਪੂਰਾ ਕਰਨ ਲਈ ਮਦਦ ਕਰੋ। ਗੁਰੂ ਜੀ

ਆਪਣੀ ਸੰਗਤ ਸਮੇਤ ਡਾਢੇ ਸੰਘਣੇ ਬ੍ਰਿਛਾਂ ਨਾਲ ਭਰੇ ਹੋਏ ਇਕ ਬਣ ਵਿਚ ਗਏ। ਮਹਾਰਾਜ ਉਸ ਟਾਹਲੀ ਦੀ ਛਾਂ ਹੇਠ ਬੈਠ ਗਏ ਜਿਸਦੇ ਲਾਗੇ ਉਨ੍ਹਾਂ ਨੇ ਪਹਿਲਾਂ ਤਾਲ ਦਾ ਟਕ ਲਾ ਕੇ ਕੁਝ ਖੁਦਾਈ ਕੀਤੀ ਸੀ।

ਜ਼ਿਲਾ ਲਾਹੌਰ ਵਿਚ ਪੱਟੀ ਨਗਰ ਹੈ। ਇਥੋਂ ਦੇ [1]'ਕਾਰਦਾਰ' ਦੀਆਂ ਪੰਜ ਲੜਕੀਆਂ ਸਨ ਪਰ ਰੱਬ ਨੇ ਉਸਨੂੰ ਕੋਈ ਪੁੱਤਰ ਨਹੀਂ ਸੀ ਬਖਸ਼ਿਆ। ਲਿਖਿਆ ਹੈ ਕਿ ਸਾਰੀਆਂ ਲੜਕੀਆਂ ਸੁੰਦਰ, ਨੇਕ ਅਤੇ ਆਗਿਆਕਾਰ ਸਨ। ਉਨ੍ਹਾਂ ਵਿਚੋਂ ਚਾਰ ਤਾਂ ਵਿਆਹੀਆਂ ਹੋਈਆਂ ਸਨ ਅਤੇ ਉਸ ਸਮੇਂ ਕੁਦਰਤੀ ਚਾਰੇ ਆਪਣੇ ਮਾਤਾ ਪਿਤਾ ਨੂੰ ਮਿਲਣ ਆਈਆਂ ਹੋਈਆਂ ਸਨ। ਸਭ ਤੋਂ ਛੋਟੀ ਅਜੇ ਮੰਗੀ ਹੋਈ ਵੀ ਨਹੀਂ ਸੀ। ਇਕ ਦਿਨ ਉਹ ਪੰਜੇ ਭੈਣਾਂ ਇਕੱਠੀਆਂ ਹੀ ਆਪਣੇ ਪਿਤਾ ਦੇ ਪਿੰਡ ਵਾਲੇ ਬਾਗ ਵਿਚ ਇਸ਼ਨਾਨ ਕਰਨ ਅਤੇ ਤਾਜ਼ੀ ਹਵਾ ਦਾ ਅਨੰਦ ਲੈਣ ਗਈਆਂ। ਜਦ ਉਹ ਘਰ ਨੂੰ ਮੁੜ ਕੇ ਆ ਰਹੀਆਂ ਸਨ, ਤਾਂ ਉਨ੍ਹਾਂ ਨੂੰ ਇਕ ਸੰਤਾਂ ਦੀ ਮੰਡਲੀ ਮਿਲੀ ਜੋ ਕਿ ਵਾਹਿਗੁਰੂ ਦੇ ਭਜਨ ਵਿਚ ਲੱਗੀ ਹੋਈ ਸੀ। ਉਨ੍ਹਾਂ ਵਿਚੋਂ ਇਕ ਸੰਤ ਪ੍ਰੇਮ ਨਾਲ ਵਾਹਿਗੁਰੂ ਦਾ ਜਸ ਉੱਚੀ ਉੱਚੀ ਗਾਉਣ ਲੱਗ ਪਿਆ। ਵਿਆਹੀਆਂ ਹੋਈਆਂ ਚਾਰੇ ਲੜਕੀਆਂ ਤਾਂ ਆਪਣੇ ਘਰ ਚਲੀਆਂ ਗਈਆਂ ਪਰ ਕੁਆਰੀ ਲੜਕੀ ਸੁਣਨ ਲਈ ਉਥੇ ਹੀ ਠਹਿਰ ਗਈ। ਉਸ ਵੇਲੇ ਉਹ ਸੰਤ ਆਸਾ ਦੀ ਵਾਰ ਦਾ ਅੱਠਵਾਂ ਸਲੋਕ ਗਾ ਰਿਹਾ ਸੀ। ਉਸ ਸੰਤ ਨੇ ਆਪਣਾ ਉਪਦੇਸ਼ ਇਉਂ ਸੰਪੂਰਨ ਕੀਤਾ—"ਵਾਹਿਗੁਰੂ ਸਭਨਾਂ ਦਾ ਸੁਆਮੀ ਅਤੇ ਪ੍ਰਤਿਪਾਲਕ ਹੈ। ਉਹ ਹੀ ਕਰਣ ਕਾਰਣ ਹੈ। ਉਸੇ ਦੀਆਂ ਹਿਲਾਈਆਂ ਹੋਈਆਂ ਸਭ ਚੀਜ਼ਾਂ ਹਿਲਦੀਆਂ ਹਨ ਅਤੇ ਹਰ ਇਕ ਵਸਤੂ ਨੂੰ ਉਹ ਆਪਣੇ ਹੁਕਮ ਅਧੀਨ ਰੱਖਦਾ ਹੈ। ਇਕੋ ਵਾਹਿਗੁਰੂ ਹੀ ਹੈ ਜੋ ਪੈਦਾ ਕਰਦਾ ਹੈ ਅਤੇ ਪ੍ਰਤਿਪਾਲਨਾ ਕਰਦਾ ਹੈ। ਜੋ ਨਾਸ਼ ਕਰਦਾ ਹੈ ਅਤੇ ਰਖਿਆ ਕਰਦਾ ਹੈ।" ਜਦ ਉਸ ਮੁਟਿਆਰ ਲੜਕੀ ਨੇ ਇਹ ਅਤੇ ਇਹੋ ਜਿਹਾ ਹੋਰ ਉਪਦੇਸ਼ ਸੁਣਿਆ ਤਾਂ ਉਸ ਦੇ ਅੰਦਰ ਵਾਹਿਗੁਰੂ ਦਾ ਪ੍ਰੇਮ ਜਾਗ ਉਠਿਆ। ਬੀਬੀ ਨੇ ਉਸੇ ਵੇਲੇ ਉਥੇ ਹੀ ਆਪਣੇ ਗਹਿਣੇ ਅਤੇ ਵਾਧੂ ਵਡਮੁੱਲੇ ਬਸਤਰ ਲਾਹ ਕੇ ਉਨ੍ਹਾਂ ਸੰਤਾਂ ਨੂੰ ਵੰਡ ਦਿੱਤੇ। ਇਸ ਤਰ੍ਹਾਂ ਆਪਣੀ ਆਤਮਕ ਤਰੰਗ ਨੂੰ ਤ੍ਰਿਪਤ ਕਰਕੇ ਉਹ ਘਰ ਚਲੀ ਗਈ ਅਤੇ ਉੱਥੇ ਜਾ ਕੇ ਵਾਹਿਗੁਰੂ ਦੇ ਪ੍ਰੇਮ ਵਿਚ ਲੀਨ ਰਹਿਣ ਲੱਗ ਪਈ। ਉਸ ਉਪਦੇਸ਼ ਅਤੇ ਆਤਮਕ ਸ਼ਾਂਤੀ, ਜੋ ਉਸ ਨੇ ਪ੍ਰਾਪਤ ਕੀਤੀ ਸੀ, ਬਾਰੇ ਆਪਣੀਆਂ ਭੈਣਾਂ ਨੂੰ ਦੱਸਣ ਲੱਗ ਪਈ।

ਜਦ ਉਸ ਦੀ ਮਾਂ ਨੇ ਸੁਣਿਆ ਕਿ ਉਸ ਦੀ ਸਭ ਤੋਂ ਛੋਟੀ ਧੀ ਹੁਣੇ ਹੀ ਸੰਤਾਂ ਦੇ ਉਪਦੇਸ਼ ਮਨ ਵਿਚ ਰੱਖਣ ਲੱਗ ਪਈ ਹੈ ਤਾਂ ਉਹ ਬੜੇ ਗੁੱਸੇ ਹੋਈ ਅਤੇ ਆਪਣੇ ਪਤੀ ਨੂੰ ਸਾਰੀ ਗੱਲ ਦੱਸ ਦਿੱਤੀ। ਪਿਤਾ ਨੇ ਆਪਣੀਆਂ ਪੰਜਾਂ ਲੜਕੀਆਂ ਦੀ ਪ੍ਰੀਖਿਆ ਕਰਨ ਲਈ ਉਨ੍ਹਾਂ ਨੂੰ ਆਪਣੇ ਸਾਹਮਣੇ ਬੁਲਾਇਆ ਅਤੇ ਪੁਛਿਆ ਕਿ ਤੁਹਾਨੂੰ ਖਾਣ ਪੀਣ ਲਈ ਕੌਣ ਦਿੰਦਾ ਹੈ? ਤੁਹਾਡੀ ਪ੍ਰਤਿਪਾਲਨਾ ਅਤੇ ਰੱਖਿਆ ਕੌਣ ਕਰਦਾ ਹੈ? ਚਾਰੇ ਵਿਆਹੀਆਂ ਹੋਈਆਂ ਲੜਕੀਆਂ ਆਪਣੇ ਪਿਤਾ ਅੱਗੇ ਨਮਸਕਾਰ ਕਰਕੇ ਆਖਣ ਲੱਗੀਆਂ ਕਿ ਤੁਸੀਂ ਸਾਡੇ ਮਾਤਾ ਪਿਤਾ ਹੀ ਸਾਨੂੰ ਖਾਣ ਪੀਣ ਨੂੰ ਦਿੰਦੇ ਹੋ, ਅਤੇ ਤੁਸੀਂ ਹੀ ਸਾਡੀ ਪ੍ਰਤਿਪਾਲਨਾ ਅਤੇ ਰੱਖਿਆ ਕਰਦੇ ਹੋ। ਰਤਨ ਜਵਾਹਰ ਤੇ ਗਹਿਣੇ ਅਤੇ ਹੋਰ ਜੋ ਕੁਝ

1. ਪਿਛਲੇ ਸਮੇਂ ਦੇ ਮੈਜਿਸਟਰੇਟ ਅਤੇ ਡਿਪਟੀ ਕਮਿਸ਼ਨਰ ਦੇ ਅਹੁਦੇ ਦਾ ਨਾਮ।

ਸਾਡੇ ਪਾਸ ਹੈ ਸਭ ਕੁਝ ਤੁਸੀਂ ਹੀ ਦਿੱਤਾ ਹੈ। ਪਿਤਾ ਨੇ ਵੇਖਿਆ ਕਿ ਉਸਦੀ ਛੋਟੀ ਲੜਕੀ ਚੁੱਪ ਚਾਪ ਖੜੀ ਹੈ। ਉਸ ਕੋਲੋਂ ਕਾਰਨ ਪੁੱਛਿਆ। ਉਸ ਦੇ ਮੂੰਹੋਂ ਇਹ ਨਿਕਲਿਆ : "ਸ੍ਰਿਸ਼ਟੀ ਦੀ ਪ੍ਰਤਿਪਾਲਨਾ ਕਰਨ ਵਾਲਾ ਇਕੋ ਵਾਹਿਗੁਰੂ ਹੈ। ਮਾਂ ਪਿਉ ਤਾਂ ਕੇਵਲ ਬਹਾਨਾ ਹਨ।" ਇਹ ਸੁਣ ਕੇ ਉਸਦਾ ਪਿਤਾ ਬੜਾ ਕ੍ਰੋਧਵਾਨ ਹੋਇਆ, ਪ੍ਰੰਤੂ ਉਹ ਫਿਰ ਉਸ ਨੂੰ ਫਿਰ ਕਹਿਣ ਲੱਗਾ : "ਪਿਆਰੇ ਪਿਤਾ ਜੀ, ਇਹ ਸਭ ਕੁਝ ਵਾਹਿਗੁਰੂ ਦਾ ਬਖਸ਼ਿਆ ਹੋਇਆ ਹੈ। ਉਹ ਕਰਤਾਰ ਹੀ ਹੈ, ਜੋ ਸਭ ਕੁਝ ਦਿੰਦਾ ਹੈ। ਉਹ ਤੁਹਾਨੂੰ ਵੀ ਦਿੰਦਾ ਹੈ ਅਤੇ ਮੈਨੂੰ ਵੀ, ਅਤੇ ਸਾਡੀ ਸਾਰਿਆਂ ਦੀ ਰੱਖਿਆ ਕਰਦਾ ਹੈ।" ਉਸ ਦਾ ਪਿਤਾ ਆਖਣ ਲੱਗਾ : "ਅੱਛਾ, ਮੈਂ ਵੇਖਾਂਗਾ ਕਿ ਵਾਹਿਗੁਰੂ ਕਿਸ ਤਰ੍ਹਾਂ ਮਦਦ ਕਰਦਾ ਹੈ।"

ਕੁਝ ਸਮੇਂ ਮਗਰੋਂ ਇੱਕ ਕੋਹੜੀ ਤੇ ਪਿੰਗਲਾ ਪੱਟੀ ਵਿਚ ਆਇਆ। ਉਸ ਦਾ ਮਾਸ, ਜਿਥੋਂ ਗਲਿਆ ਹੋਇਆ ਸੀ ਉਥੋਂ ਕੀੜਿਆਂ ਦਾ ਖਾਧਾ ਹੋਇਆ ਸੀ। ਉਸ ਦੇ ਸਾਰੇ ਸਰੀਰ ਵਿਚੋਂ ਬਦਬੂ ਆਉਂਦੀ ਸੀ। ਇਸ ਧਰਮੀ ਬੀਬੀ ਨੂੰ ਬਿਨਾਂ ਇਸਦੀ ਰਜ਼ਾਮੰਦੀ ਦੇ ਅਤੇ ਬਿਨਾਂ ਕੁਝ ਦਾਜ ਦਿੱਤੇ, ਕ੍ਰੋਧਵਾਨ ਪਿਤਾ ਨੇ ਇਸ ਕੋਹੜੀ ਪਿੰਗਲੇ ਨਾਲ ਵਿਆਹ ਦਿੱਤਾ। ਉਸ ਬੀਬੀ ਨੇ ਉਹ ਗਹਿਣੇ ਕੱਪੜੇ ਵੀ ਜੋ ਉਸ ਨੇ ਸੰਤਾਂ ਨੂੰ ਭੇਟਾ ਕਰਨ ਮਗਰੋਂ ਆਪਣੇ ਪਾਸ ਰੱਖੇ ਸਨ, ਲਾਹ ਸੁੱਟੇ। ਇਹ ਤਾਂ ਅਸੰਭਵ ਸੀ ਕਿ ਬੀਬੀ ਆਪਣੇ ਪਤੀ ਨਾਲ ਖੁਸ਼ ਹੁੰਦੀ ਪਰ ਫਿਰ ਵੀ ਉਸ ਨੇ ਆਪਣੇ ਮੰਦੇ ਭਾਗਾਂ ਨੂੰ ਬੜੇ ਜੇਰੇ ਨਾਲ ਮੰਨਿਆਂ ਅਤੇ ਕਹਿਣ ਲੱਗੀ, "ਹੇ ਵਾਹਿਗੁਰੂ, ਭਾਵੇਂ ਮੈਂ ਇਸ ਸੰਸਾਰ ਵਿਚ ਆਪਣੇ ਪਤੀ ਨਾਲ ਸੁੱਖ ਨਹੀਂ ਮਾਣ ਸਕਦੀ ਪਰ ਤੂੰ ਮੇਰਾ ਸੱਚਾ ਸੁਆਮੀ ਅਤੇ ਪੈਦਾ ਕਰਨ ਵਾਲਾ ਹੈਂ, ਤੂੰ ਹੀ ਚੁਰਾਸੀ ਲੱਖ ਜੀਆ ਜੰਤ ਦੀ ਪ੍ਰਤਿਪਾਲਨਾ ਕਰਦਾ ਹੈਂ, ਅਤੇ ਮੇਰੀ ਪ੍ਰਤਿਪਾਲਨਾ ਵੀ ਤੂੰ ਹੀ ਕਰੇਂਗਾ।" ਇਹ ਕਹਿ ਕੇ ਉਹ ਬੀਬੀ ਆਪਣੇ ਕੋਹੜੀ ਪਤੀ ਨੂੰ ਪਰਮੇਸ਼ਰ ਜਾਣ ਕੇ ਉਸ ਦੀ ਸੇਵਾ ਵਿਚ ਲੱਗ ਗਈ। ਉਹ ਦਰ ਦਰ ਮੰਗਕੇ ਨਿਰਬਾਹ ਕਰਦੀ ਸੀ ਅਤੇ ਆਪਣੇ ਦੁੱਖ ਦੇ ਦਿਨ ਕੱਟਦੀ ਸੀ।

ਇਕ ਦਿਨ ਉਸ ਦਾ ਪਤੀ ਉਸਨੂੰ ਕਹਿਣ ਲੱਗਾ : "ਮੇਰੀ ਪਿਆਰੀ ਤੇ ਸੁੰਦਰੀ, ਹੋਰ ਲੋਕੀ ਤਾਂ ਘ੍ਰਿਣਾ ਨਾਲ ਮੈਥੋਂ ਪਰ੍ਹੇ ਪਰ੍ਹੇ ਹਟਦੇ ਹਨ ਪਰ ਤੁਸੀਂ ਮਨ ਮਾਰਕੇ ਹੱਦੋਂ ਵੱਧ ਮੇਰੀ ਸੇਵਾ ਕਰਦੇ ਹੋ। ਮੈਂ ਤੁਹਾਨੂੰ ਇੱਕ ਹੋਰ ਬੇਨਤੀ ਕਰਨੀ ਹੈ ਜੇ ਤੁਸੀਂ ਉਸਨੂੰ ਮੰਨੋਗੇ ਤਾਂ ਵਾਹਿਗੁਰੂ ਆਪ ਨੂੰ ਇਸ ਦਾ ਫਲ ਦੇਵੇਗਾ। ਉਹ ਕਹਿਣ ਲੱਗੀ : "ਮੇਰਾ ਮਨ ਤੁਹਾਡਾ ਹੋ ਚੁੱਕਾ ਹੈ, ਜੋ ਤੁਸੀਂ ਹੁਕਮ ਦੇਵੋਗੇ ਮੈਂ ਕਰਾਂਗੀ।" ਫਿਰ ਉਸਦਾ ਪਤੀ ਕਹਿਣ ਲੱਗਾ : "ਮੈਂ ਜਮਾਂਦਰੂ ਪਿੰਗਲਾ ਹਾਂ ਅਤੇ ਪਿਛੋਂ ਮੈਨੂੰ ਕੋਹੜ ਹੋ ਗਿਆ ਸੀ। ਮੈਂ ਨਿਤਾਣਾ ਗਰੀਬ ਅਤੇ ਦੁਖੀਆ ਹਾਂ। ਦੂਜਿਆਂ ਦੀ ਸੇਵਾ ਕਰਨੀ ਤਾਂ ਕਿਤੇ ਰਹੀ ਮੈਂ ਤਾਂ ਆਪਣੇ ਆਪ ਨੂੰ ਵੀ ਸੰਭਾਲ ਨਹੀਂ ਸਕਦਾ। ਮੇਰੇ ਲੜ ਲੱਗ ਕੇ ਤੁਸੀਂ ਬੜਾ ਕਸ਼ਟ ਅਤੇ ਦੁੱਖ ਉਠਾਇਆ ਹੈ। ਹੁਣ ਮੈਂ ਆਪਣੇ ਜਨਮ ਜਨਮਾਂਤਰਾਂ ਦੇ ਮੰਦ ਕਰਮਾਂ ਦਾ ਦੁੱਖ ਸਹਿ ਰਿਹਾ ਹਾਂ ਪਰ ਇਸ ਜਨਮ ਵਿਚ ਵੀ ਕੋਈ ਚੰਗੀ ਗੱਲ ਨਹੀਂ ਕੀਤੀ। ਹੁਣ ਮੇਰੇ ਉੱਤੇ ਇਹ ਕਿਰਪਾ ਕਰੋ ਕਿ ਮੈਨੂੰ ਕਿਸੇ ਤੀਰਥ ਅਸਥਾਨ ਤੇ ਲੈ ਚਲੋ ਤਾਂ ਜੋ ਮੈਂ ਅੱਗੇ ਲਈ ਮੁਕਤੀ ਪ੍ਰਾਪਤ ਕਰਨ ਦਾ ਯਤਨ ਕਰਾਂ।" ਉਸ ਇਸਤਰੀ ਨੇ ਇੱਕ ਟੋਕਰਾ ਲਿਆ, ਉਸ ਵਿਚ ਆਪਣੇ ਪਤੀ ਨੂੰ ਬਿਠਾਇਆ ਤੇ ਉਸਨੂੰ ਦੁੱਖਾਂ ਤੋਂ ਛੁਟਕਾਰਾ ਦਿਵਾਉਣ ਦੀ ਆਸ ਕਰਕੇ ਉਸਨੂੰ ਬੜੇ ਪ੍ਰੇਮ ਨਾਲ ਸਿਰ ਤੇ ਚੁੱਕ ਕੇ ਹਰਿਦਵਾਰ, ਤ੍ਰਿਵੇਣੀ ਅਤੇ ਹੋਰ ਹਿੰਦੂ ਤੀਰਥਾਂ ਤੇ ਯਾਤਰਾ ਕਰਾਉਣ ਲੈ ਗਈ। ਫਿਰਦੀ ਫਿਰਾਂਦੀ ਤੇ ਭੌਂਦੀ ਭੌਂਦੀ ਉਸਦੇ ਪੈਰਾਂ ਤੇ ਛਾਲੇ ਪੈ ਗਏ ਤੇ

ਥਕ ਟੁੱਟ ਗਈ। ਆਖਰ ਉਹ ਸਤਿ ਧਰਮ ਦੀ ਪੁਤਲੀ ਰੱਬੀ ਪ੍ਰੇਰਨਾ ਨਾਲ ਠੀਕ ਉਸੇ ਟਿਕਾਣੇ ਤੇ ਆ ਪੁੱਜੀ ਜਿੱਥੇ ਤੀਜੀ ਪਾਤਸ਼ਾਹੀ ਦੇ ਹੁਕਮ ਨਾਲ ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਰਚਣ ਲਈ ਟਕ ਲਾਇਆ ਹੋਇਆ ਸੀ। ਉਸ ਜਗ੍ਹਾ ਆਣ ਕੇ ਉਸਨੇ ਆਪਣਾ ਟੋਕਰਾ ਰੱਖ ਦਿੱਤਾ। ਉਸ ਨੂੰ ਅਤੇ ਉਸਦੇ ਪਤੀ ਨੂੰ ਛੇਤੀ ਹੀ ਡਾਢੀ ਭੁੱਖ ਨੇ ਆ ਘੇਰਿਆ ਅਤੇ ਉਹ ਵਿਚਾਰ ਕਰਨ ਲੱਗੇ ਕਿ ਖਾਣ ਨੂੰ ਕਿਵੇਂ ਮਿਲੇ। ਇਸਤਰੀ ਆਪਣੇ ਪਤੀ ਨੂੰ ਇਕੱਲਾ ਛੱਡ ਕੇ ਜਾਣ ਲਈ ਰਾਜ਼ੀ ਨਹੀਂ ਸੀ ਪਰ ਆਖਰ ਬੜੀ ਚਰਚਾ ਮਗਰੋਂ ਇਹ ਫੈਸਲਾ ਹੋਇਆ ਕਿ ਪਿੰਗਲਾ ਬੇਰੀ ਦੇ ਹੇਠਾਂ ਪਾਣੀ ਲਾਗੇ ਠੰਡੀ ਅਤੇ ਰਮਣੀਕ ਥਾਂ ਠਹਿਰੇ ਅਤੇ ਉਹ ਆਪ ਰੋਜ਼ ਵਾਂਗ ਖਾਣਾ ਮੰਗਣ ਲਈ ਨੇੜੇ ਦੇ ਪਿੰਡ ਨੂੰ ਚਲੀ ਗਈ। ਜਦ ਉਹ ਕੋਹੜੀ ਇਕੱਲਾ ਰਹਿ ਗਿਆ ਤਾਂ ਉਸਨੇ ਦੋ ਕਾਂ ਲੜਦੇ ਵੇਖੇ। ਇਕ ਦੇ ਮੂੰਹ ਵਿਚ ਰੋਟੀ ਦਾ ਟੁਕ ਸੀ, ਦੂਜਾ ਉਸ ਤੋਂ ਖੋਹਣਾ ਚਾਹੁੰਦਾ ਸੀ। ਜਦ ਉਹ ਆਪਸ ਵਿਚ ਲੜ ਰਹੇ ਸਨ ਤਾਂ ਰੋਟੀ ਛਪੜੀ ਵਿਚ ਡਿੱਗ ਪਈ। ਦੋਵੇਂ ਕਾਂ ਉਸ ਟੁਕ ਉੱਤੇ ਜਾ ਝਪਟੇ ਜਦ ਉਸ ਤਾਲ ਦੀਆਂ ਨਿੱਕੀਆਂ ਨਿੱਕੀਆਂ ਤਰੰਗਾਂ ਵਿਚੋਂ ਨਹਾ ਕੇ ਬਾਹਰ ਨਿਕਲੇ, ਤਾਂ ਉਹ ਅਦੁਤੀ ਚਿੱਟੇ ਰਾਜ ਹੰਸ ਬਣੇ ਹੋਏ ਸਨ ਅਤੇ ਫਿਰ ਮਾਨ ਸਰੋਵਰ ਨੂੰ ਉਡ ਗਏ। ਮਾਨ ਸਰੋਵਰ ਤਿੱਬਤ ਵਿਚ ਇੱਕ ਝੀਲ ਹੈ ਅਤੇ ਭਾਰਤ ਵਾਸੀ ਲੋਕਾਂ ਦੇ ਖਿਆਲ ਅਨੁਸਾਰ ਇਹ ਇਨ੍ਹਾਂ ਸੁੰਦਰ ਪੰਛੀਆਂ (ਰਾਜ ਹੰਸਾਂ) ਦੀ ਜਨਮ ਭੂਮੀ ਹੈ। ਕੋਹੜੀ ਨੇ ਵੇਖਿਆ ਕਿ ਇਸ ਜਲ ਵਿਚ ਅਰੋਗ ਅਤੇ ਸਵੱਛ ਕਰਨ ਦੀ ਅਸਚਰਜ ਸ਼ਕਤੀ ਹੈ ਅਤੇ ਉਸਨੇ ਝਟ ਦਿਲ ਵਿਚ ਪੱਕਾ ਫੈਸਲਾ ਕਰ ਲਿਆ ਕਿ ਮੈਂ ਵੀ ਉਸ ਜਲ ਦੇ ਗੁਣਾਂ ਦੀ ਆਪਣੇ ਉੱਤੇ ਪ੍ਰੀਖਿਆ ਕਰਾਂਗਾ। ਟੋਕਰੇ ਨੂੰ ਛੱਡ ਕੇ ਉਹ ਰਿੜਦਾ ਰਿੜਦਾ ਪਾਣੀ ਵਿਚ ਜਾ ਵੜਿਆ। ਉਸਦਾ ਕੋਹੜ ਝਟਪਟ ਦੂਰ ਹੋ ਗਿਆ ਕੇਵਲ ਇਕ ਉਂਗਲ ਰਹਿ ਗਈ ਜਿਸ ਨਾਲ ਕਿ ਉਸਨੇ ਕੰਢੇ ਵਾਲੀ ਬੇਰੀ ਦੀ ਟਾਹਣੀ ਫੜੀ ਹੋਈ ਸੀ। ਨਾ ਕੇਵਲ ਉਸਦਾ ਕੋਹੜ ਹੀ ਚਲਾ ਗਿਆ, ਸਗੋਂ ਉਹ, ਜਿਹੜਾ ਹੁਣ ਤਾਂਈ ਪਿੰਗਲਾ ਸੀ ਨੌ ਬਰ ਨੌ ਹੋ ਗਿਆ ਅਤੇ ਉਸ ਤੇ ਸੁੰਦਰਤਾ ਦੀ ਛਬ ਆ ਗਈ। ਉਹ ਆਪਣੀ ਪਿਆਰੀ ਅਤੇ ਆਰਿਆਕਾਰ ਸੁਪਤਨੀ ਨੂੰ ਆਪਣੀ ਗਦਾਗਰੀ ਤੋਂ ਮੁੜ ਆਉਣ ਲਈ ਧੀਰਜ ਨਾਲ ਉਡੀਕਣ ਲੱਗਾ। ਜਦ ਉਹ ਮੁੜਕੇ ਆਈ ਤਾਂ ਉਸਦੀ ਘਬਰਾਹਟ ਦੀ ਕੋਈ ਹੱਦ ਨਾ ਰਹੀ। ਸਾਬਤ ਸਬੂਤ ਅੰਗਾਂ ਵਾਲੇ ਮਨੁੱਖ ਨੂੰ ਆਪਣੇ ਸਾਹਮਣੇ ਖੜੋਤਾ ਵੇਖ, ਉਸਨੇ ਉੱਕਾ ਨਾ ਪਛਾਣਿਆ ਕਿ ਇਹ ਮੇਰਾ ਪਤੀ ਹੈ ਜਿਹੜਾ ਕਿ ਥੋੜਾ ਚਿਰ ਪਹਿਲਾਂ ਪਿੰਗਲਾ ਅਤੇ ਲੂਲ੍ਹਾ ਕੋਹੜੀ ਸੀ। ਜਦ ਉਹ ਸਨੇਹ ਨਾਲ ਅੱਗੋਂ ਆਪਣੀ ਸਤਵੰਤੀ ਇਸਤਰੀ ਨੂੰ ਗਲਵਕੜੀ ਪਾਉਣ ਲੱਗਾ ਤਾਂ ਉਹ ਬਹੁਤ ਕ੍ਰੋਧ ਵਿਚ ਆ ਕੇ ਸਤਭੰਗ ਹੋਣ ਤੋਂ ਬਚਾਉਣ ਲਈ ਉਸ ਤੋਂ ਪਿੱਛੇ ਹਟ ਗਈ। ਉਸ ਪੁਰਸ਼ ਨੇ ਆਪਣੀ ਕਾਇਆ ਪਲਟਣ ਦਾ ਕਾਰਨ ਦੱਸਣ ਦਾ ਵਿਅਰਥ ਯਤਨ ਕੀਤਾ ਪਰ ਸਤਵੰਤੀ ਸੁਣਨ ਦੀ ਥਾਂ ਰੋਂਦੀ ਤੇ ਕੁਰਲਾਂਦੀ ਤੇ ਸਰਾਪ ਦਿੰਦੀ ਸੀ। ਉਸਦਾ ਨਿਚਤਾ ਸੀ ਕਿ ਜਿਹੜਾ ਓਪਰਾ ਮਰਦ ਸਾਹਮਣੇ ਹੈ, ਇਸ ਨੇ ਮੇਰੇ ਪਤੀ ਨੂੰ ਮਾਰ ਦਿੱਤਾ ਅਤੇ ਮੇਰੀ ਬੇਵੱਸੀ ਅਤੇ ਗਮੀ ਵਿਚ ਇਹ ਪਾਪੀ ਆਦਮੀ ਮੇਰਾ ਪ੍ਰੇਮੀ ਬਣ ਕੇ ਆ ਖੜੋਤਾ ਹੈ। ਇਸ ਤਰ੍ਹਾਂ ਇਸਤਰੀ ਪਤੀ ਵਿਚ ਤਕੜਾ ਝਗੜਾ ਵੱਧ ਗਿਆ। ਉਹ ਇਸਤਰੀ ਤਾਂ ਉਸਦਾ ਬਿਰਤਾਂਤ ਮੰਨਣ ਤੋਂ ਉੱਕਾ ਇਨਕਾਰ ਕਰਦੀ ਸੀ ਤੇ ਪੁਰਸ਼ ਨੂੰ ਵੀ ਹੁਣ ਤਾਂਈ ਆਪਣੀ ਅਦੁਤੀ ਇਸਤਰੀ ਦੇ ਨਾਂਹ

ਨਿਸਚਾ ਕਰਨ ਤੇ ਡਾਢਾ ਦੁੱਖ ਹੋ ਰਿਹਾ ਸੀ। ਸਤਵੰਤੀ ਉਤੇ ਉਸਦੇ ਗਿਲੇ ਗੁਜ਼ਾਰੀਆਂ ਅਤੇ ਦਲੀਲਾਂ ਦਾ ਕੋਈ ਅਸਰ ਨਹੀਂ ਸੀ ਹੁੰਦਾ। ਤ੍ਰਿਆ ਹਠ ਦੀ ਕੁਝ ਚਿਰ ਲਈ ਜਿਤ ਹੋ ਗਈ। ਉਸਨੂੰ ਧਿਕਾਰਦੀ ਹੋਈ ਅਤੇ ਇਹ ਕਹਿੰਦੀ ਹੋਈ ਕਿ ਰੱਬ ਤੈਥੋਂ ਬਦਲਾ ਲਏਗਾ। ਉਹ ਸਤਵੰਤੀ ਉਸ ਆਦਮੀ ਦੇ ਸਾਮ੍ਹਣਿਉਂ ਜਿਸ ਬਾਰੇ ਉਸਨੂੰ ਮਹਾਂ ਪਾਪ ਦੇ ਅਪਰਾਧੀ ਹੋਣ ਦਾ ਨਿਸਚਾ ਸੀ ਲਾਂਭੇ ਚਲੀ ਗਈ ਅਤੇ ਆਪਣੇ ਪਿਆਰੇ ਕੋਹੜੀ ਪਤੀ ਦਾ ਸ਼ੋਕ ਕਰਨ ਲਈ ਕੁਝ ਦੂਰ ਤੇ ਨਵੇਕਲੀ ਥਾਂ ਇਕਾਂਤ ਵਿਚ ਜਾ ਕੇ ਬੈਠ ਗਈ।

ਕੁਝ ਪਿੰਡ ਦੇ ਲੋਕਾਂ ਨੇ, ਜਿਨ੍ਹਾਂ ਨੇ ਕੁਦਰਤੀ ਇਹ ਘਟਨਾ ਵੇਖੀ ਸੀ, ਇਸ ਗੱਲ ਦੀ ਗਵਾਹੀ ਦਿੱਤੀ ਕਿ ਠੀਕ ਇਹ ਉਹੀ ਆਦਮੀ ਹੈ, ਜਿਸ ਨੂੰ ਤੂੰ ਖਾਰੇ ਵਿਚ ਲਿਆਂਦਾ ਸੀ। ਸਤਵੰਤੀ ਦਾ ਫਿਰ ਵੀ ਸ਼ੰਕਾ ਦੂਰ ਨਾ ਹੋਇਆ। ਫਿਰ ਉਨ੍ਹਾਂ ਨੇ ਸਤਵੰਤੀ ਨੂੰ ਦੱਸਿਆ ਕਿ ਗੁਰੂ ਰਾਮਦਾਸ ਜੀ ਪਰਮਾਤਮਾ ਦੇ ਇੱਕ ਪ੍ਰਸਿੱਧ ਸੰਤ ਨੇੜੇ ਹੀ ਇਕ ਥ੍ਹਿਛ ਦੇ ਹੇਠਾਂ ਬੈਠੇ ਹਨ, ਜੇਕਰ ਤੂੰ ਉਨ੍ਹਾਂ ਪਾਸ ਜਾਵੇਂ ਤਾਂ ਤੇਰਾ ਸ਼ੰਕਾ ਉਹ ਨਵਿਰਤ ਕਰ ਦੇਣਗੇ। ਇਹ ਗੱਲ ਮੰਨ ਕੇ ਸਤਵੰਤੀ ਅਤੇ ਉਸ ਦਾ ਪਤੀ ਗੁਰੂ ਜੀ ਅੱਗੇ ਜਾ ਖੜੋਤੇ। ਇਸਤਰੀ ਨੇ ਪ੍ਰਣਾਮ ਕਰਨ ਮਗਰੋਂ ਬੇਨਤੀ ਕੀਤੀ : "ਮੈਂ ਇਕ ਸਤਿ ਧਰਮ ਵਾਲੀ ਇਸਤਰੀ ਹਾਂ। ਮੈਂ ਆਪਣੇ ਕੋਹੜੀ ਪਤੀ ਨੂੰ ਇੱਥੇ ਛੱਡ ਗਈ ਸਾਂ ਪਰ ਉਹ ਅਲੋਪ ਹੋ ਗਿਆ ਹੈ। ਇਹ ਪੁਰਸ਼ ਜਿਸ ਨੂੰ ਮੈਂ ਜਾਣਦੀ ਨਹੀਂ ਕਹਿੰਦਾ ਹੈ ਕਿ ਮੈਂ ਉਹੀ ਹਾਂ, ਪਰ ਮੇਰਾ ਨਿਸ਼ਚਾ ਹੈ ਕਿ ਇਹ ਕੋਈ ਕਪਟੀ ਆਦਮੀ ਹੈ, ਜਿਸ ਦੀ ਮੇਰੇ ਸਤਿ ਧਰਮ ਤੇ ਅੱਖ ਹੈ। ਮੈਂ ਨਹੀਂ ਸਮਝਦੀ ਕਿ ਇਸ ਛਪੜੀ ਵਿਚ ਅਜਿਹੇ ਅਨੋਖੇ ਗੁਣ ਹਨ, ਜਿਨ੍ਹਾਂ ਬਾਰੇ ਇਹ ਦੱਸਦਾ ਹੈ।" ਗੁਰੂ ਜੀ ਮੁਸਕਰਾ ਕੇ ਕਹਿਣ ਲੱਗੇ : "ਤੂੰ ਕਹਿੰਦੀ ਹੈਂ ਕਿ ਇਸ ਛੱਪੜੀ ਵਿਚ ਅਜਿਹੀ ਸ਼ਕਤੀ ਨਹੀਂ ਪਰ ਇਹ ਸੱਚਮੁੱਚ ਹੀ ਸਭ ਤੀਰਥਾਂ ਵਿਚੋਂ ਇੱਕ ਮਹਾਨ ਤੀਰਥ ਹੈ। ਜੇ ਤੈਨੂੰ ਅਜੇ ਵੀ ਨਿਸ਼ਚਾ ਨਹੀਂ, ਤਾਂ ਵੇਖ ਇਸ ਪੁਰਸ਼ ਦੀ ਇੱਕ ਉਂਗਲੀ ਤੇ ਅਜੇ ਕੋਹੜ ਹੈ। ਇਹ ਉਂਗਲ ਨੂੰ ਇਸ ਜਲ ਵਿਚ ਜਾ ਕੇ ਡਬੋਏ, ਫਿਰ ਤੂੰ ਇਸ ਦਾ ਫਲ ਆਪ ਹੀ ਵੇਖ ਲਵੇਂਗੀ। ਜੋ ਵੀ ਇਸ ਸਰੋਵਰ ਵਿਚ ਇਸ਼ਨਾਨ ਕਰੇਗਾ ਉਸ ਨੂੰ ਆਪਣੇ ਜ਼ਖਮੀ ਆਤਮਾ ਲਈ ਮਰ੍ਹਮ ਪ੍ਰਾਪਤ ਹੋਵੇਗੀ।" ਜਦ ਉਸ ਪੁਰਸ਼ ਨੇ, ਜਿਹੜਾ ਪਹਿਲਾਂ ਕੋਹੜੀ ਤੇ ਪਿੰਗਲਾ ਸੀ, ਆਪਣੀ ਉਂਗਲੀ ਜਲ ਵਿਚ ਪਾਈ ਤਾਂ ਉਹ ਤੁਰੰਤ ਰਾਜ਼ੀ ਹੋ ਗਈ। ਇਸ ਤਰ੍ਹਾਂ ਉਸਦੀ ਇਸਤਰੀ ਨੂੰ ਪੱਕਾ ਨਿਸ਼ਚਾ ਹੋ ਗਿਆ ਕਿ ਠੀਕ ਉਹੀ ਉਸਦਾ ਪਤੀ ਹੈ, ਜਿਹੜਾ ਕਿ ਉਸ ਨਾਲ ਗੱਲਾਂ ਬਾਤਾਂ ਕਰ ਰਿਹਾ ਸੀ ਅਤੇ ਇਸ ਛੱਪੜੀ ਵਿਚ ਸੱਚਮੁੱਚ ਕਰਾਮਾਤੀ ਗੁਣ ਹਨ।

ਉਹ ਬੇਰੀ ਅਜੇ ਵੀ ਉਸੇ ਥਾਂ ਤੇ ਹੈ ਜਿੱਥੇ ਉਹ ਸਤਵੰਤੀ ਆਪਣਾ ਪਿੰਗਲਾ ਪਤੀ ਛੱਡ ਗਈ ਸੀ। ਇਸ ਅਸਥਾਨ ਨੂੰ 'ਦੁਖ ਭੰਜਨੀ' ਕਹਿੰਦੇ ਹਨ ਜਿਸ ਦਾ ਅਰਥ ਹੈ ਦੁੱਖਾਂ ਨੂੰ ਨਾਸ ਕਰਨ ਵਾਲੀ।

ਗੁਰੂ ਜੀ ਦੀ ਕਿਰਪਾਲਤਾ ਦੁਆਰ ਪਤੀ ਤੇ ਪਤਨੀ ਦਾ ਫਿਰ ਮਿਲਾਪ ਹੋ ਜਾਣ ਉਪਰੰਤ ਸਿਦਕੀ ਜੋੜੀ ਨੇ ਸਿੱਖੀ ਧਾਰਨ ਕਰ ਲਈ। ਫਿਰ ਪਹਿਲਾਂ ਰਹਿ ਚੁਕੇ ਉਸ ਕੋਹੜੀ ਅਤੇ ਪਿੰਗਲੇ ਨੇ ਇਸ ਅੰਮ੍ਰਿਤ ਸਰੋਵਰ ਨੂੰ ਵੱਡਾ ਕਰਨ, ਇਸ ਵਿਚ ਉਤਰਨ ਤੇ ਚੜ੍ਹਨ ਲਈ ਪਉੜੀਆਂ ਬਣਾਉਣ ਅਤੇ ਇਸ ਦੇ ਕਿਨਾਰੇ ਉਪਰ ਵਾਹਿਗੁਰੂ ਦਾ ਭਜਨ ਬੰਦਗੀ ਕਰਨ ਲਈ ਇਹੋ ਜਿਹਾ ਮਹਾਨ ਮੰਦਰ ਉਸਾਰਨ ਵਿਚ ਬਹੁਤ ਸੇਵਾ ਕੀਤੀ ਜਿਹੋ ਜਿਹਾ ਕਿ ਇਸ ਕਰਾਮਾਤੀ ਜਲ ਅਤੇ ਉਤਮ ਗੁਣਾਂ ਵਾਲੇ ਸਰੋਵਰ ਦੇ ਯੋਗ ਸੀ।

ਇਸ ਕਰਾਮਾਤ ਵਿਚ ਗੁਰੂ ਜੀ ਦਾ ਹਿੱਸਾ ਵੇਖ ਕੇ ਸਿੱਖ ਬਹੁਤ ਪ੍ਰਸੰਨ ਹੋਏ ਅਤੇ ਪੱਟੀ ਦਾ ਕਾਰਦਾਰ ਵੀ ਇਹ ਸੁਣਕੇ ਬੜਾ ਹੈਰਾਨ ਹੋਇਆ। ਉਹ ਗੁਰੂ ਜੀ ਨੂੰ ਸੱਚਾ ਵਾਹਿਗੁਰੂ ਦਾ ਸੰਤ ਜਾਣਨ ਲੱਗ ਪਿਆ। ਉਸ ਨੇ ਗੁਰੂ ਜੀ ਅੱਗੇ ਭੇਟਾ ਲਿਆ ਕੇ ਰੱਖੀ ਅਤੇ ਡੰਡੌਤ ਕੀਤੀ। ਉਰ ਕਾਰਦਾਰ ਆਪਣੀ ਪੁੱਤਰੀ ਨੂੰ ਫਿਰ ਮਿਲ ਕੇ ਅਤੇ ਉਸ ਦੇ ਪਤੀ ਨੂੰ ਆਮ ਮਨੁੱਖਾਂ ਵਰਗੀ ਸ਼ਕਲ ਵਾਲਾ ਅਤੇ ਬਲ ਵਾਲਾ ਵੇਖ ਕੇ ਬਹੁਤ ਖੁਸ਼ ਹੋਇਆ। ਉਸ ਦਾ ਕੋਈ ਪੁੱਤਰ ਨਹੀਂ ਸੀ, ਇਸ ਲਈ ਪੂਰੀ ਤਰ੍ਹਾਂ ਰਾਜ਼ੀ ਹੋਏ ਆਪਣੇ ਜਵਾਈ ਨੂੰ ਪੁਤ੍ਰੇਲਾ ਬਣਾ ਲਿਆ।[1] ਤੇ ਗੁਰੂ ਜੀ ਨੇ ਉਸ ਦੇ ਪ੍ਰਥਾਇ ਇਹ ਸ਼ਬਦ ਉਚਾਰਨ ਕੀਤਾ :—

ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ ਮਿਲਿ ਸਤਸੰਗਤਿ ਸਬਦਿ ਮਨੁ ਮੋਹੈ॥
ਜਪਿ ਗੋਵਿੰਦੁ ਗੋਵਿੰਦੁ ਧਿਆਈਐ ਸਭ ਕਉ ਦਾਨ ਦੇਇ ਪ੍ਰਭ ਓਹੈ॥੧॥
ਮੇਰੇ ਭਾਈ ਜਨਾ ਮੋ ਕਉ ਗੋਵਿੰਦੁ ਗੋਵਿੰਦੁ ਗੋਵਿੰਦੁ ਮਨੁ ਮੋਹੈ॥
ਗੋਵਿੰਦ ਗੋਵਿੰਦ ਗੋਵਿੰਦ ਗੁਣ ਗਾਵਾ ਮਿਲਿ ਗੁਰ ਸਾਧਸੰਗਤਿ ਜਨੁ ਸੋਹੈ॥੧॥ ਰਹਾਉ॥ ਸੁਖ ਸਾਗਰ ਹਰਿ ਭਗਤਿ ਹੈ ਗੁਰਮਤਿ ਕਉਲਾ ਰਿਧਿ ਸਿਧਿ ਲਾਗੈ ਪਗਿ ਓਹੈ॥ ਜਨ ਕਉ ਰਾਮ ਨਾਮੁ ਆਧਾਰਾ ਹਰਿ ਨਾਮੇ ਸੋਹੈ॥੨॥ ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ॥ ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪੈਤ ਵਿਸਟਾ ਖਾਇ ਮੁਖ ਗੋਹੈ॥੩॥ ਨਾਨਕ ਧੰਨੁ ਧੰਨੁ ਵਡੇ ਵਡਭਾਗੀ ਜਿਨ ਗੁਰਮਤਿ ਨਾਮੁ ਰਿਦੇ ਮਲ ਧੋਹੈ॥੪॥
(ਆ: ਗ੍ਰੰ: ਪੰ: ੪੫੨-੩) (ਰਾਗ ਗੂਜਰੀ ਮਹਲਾ ੪)

ਜਦ ਕਾਰਦਾਰ ਨੇ ਇਹ ਸ਼ਬਦ ਸੁਣਿਆ ਤਾਂ ਉਹ ਆਪਣੀ ਪਹਿਲੀ ਮਨਮੁਖਤਾ ਤੇ ਸ਼ਰਮਿੰਦਾ ਹੋਇਆ। ਉਸਨੇ ਆਪਣੀ ਸਾਰੀ ਜਾਇਦਾਦ ਆਪਣੇ ਜਵਾਈ ਦੇ ਹਵਾਲੇ ਕਰ ਦਿੱਤੀ ਤੇ ਆਪ ਜੀ ਦੀ ਸੇਵਾ ਕਰਨ ਲਈ ਮਹਾਰਾਜ ਪਾਸ ਆ ਗਿਆ ਅਤੇ ਉਨ੍ਹਾਂ ਦੀ ਸ਼ਰਨ ਲਈ।

ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਦੱਸਿਆ ਕਿ ਜਿਹੜਾ ਪਹਿਲਾਂ ਸਰੋਵਰ ਸੰਤੋਖਸਰ ਅਸੀਂ ਅਰੰਭ ਕੀਤਾ ਸੀ, ਉਹ ਸਾਡੀ ਗੱਦੀ ਤੇ ਬੈਠਣ ਵਾਲੇ ਪੂਰਾ ਕਰਨਗੇ। ਆਪ ਮਹਾਰਾਜ ਅੰਮ੍ਰਿਤਸਰ ਅਰਥਾਤ ਅੰਮ੍ਰਿਤ ਦੇ ਸਰੋਵਰ ਨੂੰ ਪੂਰਾ ਕਰਨ ਵਿਚ ਜੁਟ ਪਏ। ਗੁਰੂ ਜੀ ਨੇ ਆਪਣੇ ਸਭ ਸਿੱਖਾਂ ਨੂੰ ਭਾਈ ਬੁੱਢਾ ਜੀ ਦੇ ਪ੍ਰਬੰਧ ਹੇਠ ਕੰਮ ਵਿਚ ਲੱਗ ਜਾਣ ਲਈ ਪ੍ਰੇਰਿਆ, ਅਤੇ ਉਨ੍ਹਾਂ ਦੀ ਸਹਾਇਤਾ ਲਈ ਮਜ਼ਦੂਰ ਰੱਖੇ। ਮਹਾਰਾਜ ਨੇ ਬਚਨ ਕੀਤਾ ਕਿ ਇਹ ਅੰਮ੍ਰਿਤ ਦਾ ਸਰੋਵਰ ਪਰਮੇਸਰ ਦਾ ਘਰ ਹੋਵੇਗਾ, ਅਤੇ ਜਿਹੜਾ ਵੀ ਇਸ ਵਿਚ ਇਸ਼ਨਾਨ ਕਰੇਗਾ, ਉਹ ਪ੍ਰਮਾਰਥਕ ਅਤੇ ਸੰਸਾਰਕ ਸਭ ਪਦਾਰਥ ਪ੍ਰਾਪਤ ਕਰੇਗਾ। ਜਦ ਇਹ ਕੰਮ ਹੋ ਰਿਹਾ ਸੀ ਤਾਂ ਗੁਰੂ ਜੀ ਨੇ ਆਪਣਾ ਟਿਕਾਣਾ ਕਰਨ ਵਾਲੀ ਪਹਿਲੀ ਕੁਟੀਆ ਨੂੰ ਆਪਨੇ ਨਿਵਾਸ ਲਈ ਵਡੇਰਾ ਕਰ ਲਿਆ। ਅੱਜ ਕੱਲ ਇਸ ਅਸਥਾਨ ਨੂੰ ਗੁਰੂ ਕੇ ਮਹਿਲ ਕਹਿੰਦੇ ਹਨ।

1. ਸੂਰਜ ਪ੍ਰਕਾਸ਼ ਰਾਸ ਦੂਜੀ ਵਿਚ ਇਹ ਸਾਰਾ ਬਿਰਤਾਂਤ ਪੰਜਵੇਂ ਗੁਰੂ ਜੀ ਦੇ ਸਮੇਂ ਹੋਇਆ ਲਿਖਿਆ ਹੈ ਪਰ ਇਹ ਠੀਕ ਨਹੀਂ ਹੈ। ਇਹ ਕਦੀ ਨਹੀਂ ਸੀ ਹੋ ਸਕਦਾ ਕਿ ਪਿਆਰੇ ਤੀਜੇ ਗੁਰੂ ਦੇ ਹੁਕਮ ਨਾਲ ਆਪ ਆਰੰਭਿਆ ਹੋਇਆ ਕੰਮ ਗੁਰੂ ਰਾਮ ਦਾਸ ਜੀ ਵਿਚੇ ਛੱਡ ਦਿੰਦੇ। ਸੂਰਜ ਪ੍ਰਕਾਸ਼ ਦੇ ਲੇਖਕ ਨੂੰ ਆਪ ਵੀ ਆਪਣੇ ਬਿਆਨ ਉੱਤੇ ਸ਼ੱਕ ਹੈ ਦੇਖੋ ਰਾਸ ਦੂਜੀ।

ਕਾਂਡ—40

ਉਗ੍ਰਾਹੀ ਲਈ ਮਸੰਦ ਬਾਹਰ ਭੇਜਣੇ

ਭਾਵੇਂ ਸਰੋਵਰ ਦੀ ਖੁਦਾਈ ਵਿਚ ਮਦਦ ਕਰਨ ਲਈ ਹਰ ਇਕ ਸ਼੍ਰੇਣੀ ਵਿਚੋਂ ਗੁਰੂ ਜੀ ਦੇ ਸਿੱਖ, ਸੇਵਕ ਅਤੇ ਪ੍ਰੇਮੀ ਆਏ ਹੋਏ ਸਨ ਪਰ ਫਿਰ ਵੀ ਮਜ਼ਦੂਰਾਂ ਨੂੰ ਦੇਣ ਲਈ ਅਤੇ ਲੰਗਰ ਦੇ ਚਲਾਣ ਲਈ ਵਾਧੂ ਮਾਇਆ ਦੀ ਲੋੜ ਸੀ। ਇਸ ਲਈ ਭਾਈ ਬੁਢਾ ਜੀ ਅਤੇ ਵੱਡੇ-ਵੱਡੇ ਮੁਖੀ ਸਿੱਖਾਂ ਨੇ ਇਕ ਦਿਨ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੋਕੇ ਬੇਨਤੀ ਕੀਤੀ ਕਿ ਮਹਾਰਾਜ ਕੰਮ ਸੰਪੂਰਨ ਕਰਨ ਲਈ ਹੋਰ ਰੁਪਏ ਦੀ ਲੋੜ ਹੈ।

ਗੁਰੂ ਜੀ ਨੇ ਵਿਚਾਰ ਮਗਰੋਂ ਫੈਸਲਾ ਕੀਤਾ ਕਿ ਆਪਣੇ ਉਪਦੇਸ਼ਕਾਂ ਨੂੰ ਅਡੋ-ਅੱਡ ਦੇਸ਼ਾਂ ਵਿੱਚ ਸਿੱਧੀ ਧਰਮ ਫੈਲਾਉਣ ਅਤੇ ਨਾਲ ਹੀ ਸਿੱਖਾਂ ਸੇਵਕਾਂ ਪਾਸੋਂ ਭੇਟਾ ਇਕਠੀ ਕਰਨ ਲਈ ਭੇਜਿਆ ਜਾਵੇ। ਇਹੋ ਜਿਹੇ ਉਪਦੇਸ਼ਕਾਂ ਨੂੰ 'ਮਸੰਦ' ਆਖਦੇ ਸਨ। ਪਠਾਣ ਬਾਦਸ਼ਾਹਾਂ ਦੇ ਸਮੇਂ ਅਮੀਰਾਂ ਵਜ਼ੀਰਾਂ ਨੂੰ 'ਮਸਨਦੇ ਆਲੀ' ਕਿਹਾ ਜਾਂਦਾ ਸੀ। ਇਸ ਲਈ 'ਮਸਨਦ' ਪੱਦ ਦਰਬਾਰੀਆਂ ਦੀ ਆਮ ਪਦਵੀ ਲਈ ਵਰਤਿਆ ਜਾਣ ਲੱਗ ਪਿਆ। ਇਸਦੇ ਬਹੁਤਾ ਵਰਤੇ ਜਾਣ ਕਰਕੇ ਸਿੱਖਾਂ ਵੇਲੇ 'ਮਸਨਦ' ਦਾ 'ਮਸੰਦ' ਬਣ ਗਿਆ। ਸਿੱਖ ਗੁਰੂ ਜੀ ਨੂੰ 'ਸੱਚਾ ਪਾਦਸ਼ਾਹ' ਸਦਦੇ ਸਨ, ਇਸ ਲਈ ਮਹਾਰਾਜ ਦੇ ਕਰਮਚਾਰੀਆਂ ਨੂੰ 'ਮਸੰਦ' ਕਿਹਾ ਜਾਂਦਾ ਸੀ। ਮਸੰਦਾਂ ਨੂੰ ਬਾਹਰ ਭੇਜਣ ਤੋਂ ਥੋੜੇ ਚਿਰ ਮਗਰੋਂ ਹੀ ਗੁਰੂ ਜੀ ਨੂੰ ਭੇਟਾ ਦੀਆਂ ਵੱਡੀਆਂ ਵੱਡੀਆਂ ਰਕਮਾਂ ਪਹੁੰਚਣ ਲੱਗ ਪਈਆਂ। ਪਰ ਮਸੰਦ ਪਿਛੋਂ ਆਮ ਤੌਰ ਤੇ ਬੇਈਮਾਨ ਆਦਮੀਆਂ ਦਾ ਇੱਕ ਜੱਥਾ ਬਣ ਗਿਆ। ਉਹ ਗੁਰੂ ਜੀ ਦੀ ਗੋਲਕ ਲਈ ਕੁਝ ਨਹੀਂ ਸੀ ਭੇਜਦੇ ਅਤੇ ਜਦੋਂ ਕਦੀ ਕੋਈ ਅਵਸਰ ਮਿਲਦਾ ਸੀ ਤਾਂ ਆਪਣਾ ਅਧਿਕਾਰ ਵਧਾ ਲੈਂਦੇ ਸਨ।

ਗੁਰੂ ਜੀ ਦੇ ਵਰ ਨਾਲ ਭਗਤੂ ਦਾ ਜਨਮ

ਇੱਕ ਵੱਡੀ ਉਮਰ ਦੀ ਜੋੜੀ ਗੁਰੂ ਜੀ ਪਾਸ ਬੇਨਤੀ ਕਰਨ ਲੱਗੀ ਕਿ ਮਹਾਰਾਜ ਸਾਨੂੰ ਇੱਕ ਪੁਤਰ ਦਾ ਦਾਨ ਬਖਸ਼ੋ। ਗੁਰੂ ਜੀ ਨੇ ਫੁਰਮਾਇਆ ਕਿ ਤੁਹਾਡੇ ਭਾਗਾਂ ਵਿੱਚ ਪੁਤਰ ਨਹੀਂ ਲਿਖਿਆ ਹੋਇਆ, ਉਹ ਕਹਿਣ ਲੱਗੇ ਕਿ ਸਾਨੂੰ ਪਤਾ ਹੈ, ਪਰ ਅਸੀਂ ਤੁਹਾਡੇ ਪਾਸ ਇਸ ਲਈ ਆਏ ਹਾਂ ਕਿ ਤੁਸੀਂ ਸਾਡੀ ਕਿਸਮਤ ਦੇ ਲੇਖਾਂ ਨੂੰ ਉਲਟਾ ਦਿਉ। ਗੁਰੂ ਜੀ ਨੇ ਉਨ੍ਹਾਂ ਨੂੰ ਦਸਿਆ ਕਿ ਸਾਡੇ ਘਰ ਚਾਰ ਪੁੱਤਰ ਹੋਣੇ ਹਨ, ਪਰ ਉਨ੍ਹਾਂ ਵਿਚੋਂ ਇਕ ਤੁਹਾਨੂੰ ਦਿੰਦੇ ਹਾਂ ਅਤੇ ਸਾਨੂੰ ਤਿੰਨ ਹੀ ਕਾਫੀ ਹਨ। ਇਸ ਪਿਛੋਂ ਉਸ ਵਡੇਰੀ ਆਯੂ ਵਾਲੇ ਜੋੜੀ ਦੇ ਘਰ ਭਾਈ [1]ਭਗਤੂ ਜਨਮਿਆ।

1. ਇਹੋ ਭਾਈ ਭਗਤੂ ਕੈਥਲ ਦੇ ਖਾਨਦਾਨ ਅਤੇ ਅਰਨੌਲੀ ਜ਼ਿਲਾ ਅੰਬਾਲਾ ਦੇ ਰਈਸਾਂ ਦਾ ਵਡਾ ਹੋਇਆ ਹੈ।

ਜੋਗੀਆਂ ਨੂੰ ਉਪਦੇਸ਼

ਕੁਝ ਜੋਗੀ ਜਿਹੜੇ ਪਹਿਲਾਂ ਗੁਰੂ ਜੀ ਦੇ ਦਰਸ਼ਨ ਕਰ ਗਏ ਸਨ ਇਹ ਸੁਣਕੇ ਫਿਰ ਗੁਰੂ ਮਹਾਰਾਜ ਪਾਸ ਗਏ ਕਿ ਜਾਕੇ ਵੇਖੀਏ ਕਿ ਉਨ੍ਹਾਂ ਦਾ ਜੱਸ ਵੱਧਣ ਨਾਲ ਉਨ੍ਹਾਂ ਦੇ ਹਿਰਦੇ ਵਿਚ ਅਹੰਕਾਰ ਘਰ ਕਰ ਗਿਆ ਹੈ ਕਿ ਨਹੀਂ। ਜੋਗੀਆਂ ਨੂੰ ਇਹ ਵੇਖਕੇ ਬੜੀ ਖੁਸ਼ੀ ਹੋਈ ਕਿ ਗੁਰੂ ਜੀ ਵਿਚ ਉਹੀ ਨਿਮਰਤਾ, ਉਹੀ ਮਧੁਰਤਾ ਅਤੇ ਉਹੀ ਸਹਿਨ ਸ਼ੀਲਤਾ ਹੈ ਜੋ ਪਹਿਲਾਂ ਸੀ। ਜੋਗੀਆਂ ਨੇ ਬੇਨਤੀ ਕੀਤੀ ਕਿ ਮਹਾਰਾਜ ਸਾਨੂੰ ਉਪਦੇਸ਼ ਦੇਵੋ ਗੁਰੂ ਜੀ ਨੇ ਬੜੀ ਨਿਮਰਤਾ ਨਾਲ ਅੱਗੇ ਲਿਖੇ ਸ਼ਬਦ ਦਾ ਉਚਾਰਣ ਕੀਤਾ—

ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ॥
ਘਰ ਮੰਦਰ ਘੋੜੇ ਕੁਸੀ ਮਨੁ ਅਨ ਰਸਿ ਲਾਇਆ॥
ਹਰਿ ਪ੍ਰਭੁ ਚਿਤਿ ਨ ਆਵਈ ਕਿਉ ਛੂਟਾ ਮੇਰੇ ਹਰਿ ਰਾਇਆ॥੧॥
ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ॥ ਗੁਣਵੰਤਾ
ਹਰਿ ਹਰਿ ਦਇਆਲੁ ਕਰਿ ਕਿਰਪਾ ਬਖਸਿ ਅਵਗੁਣ ਸਭਿ ਮੇਰੇ॥੧॥ ਰਹਾਉ॥
ਕਿਛੁ ਰੂਪੁ ਨਹੀ ਕਿਛੁ ਜਾਤਿ ਨਾਹੀ ਕਿਛੁ ਢੰਗੁ ਨ ਮੇਰਾ॥
ਕਿਆ ਮੁਹੁ ਲੈ ਬੋਲਹ ਗੁਣ ਬਿਹੂਨ ਨਾਮੁ ਜਪਿਆ ਨ ਤੇਰਾ॥
ਹਮ ਪਾਪੀ ਸੰਗਿ ਗੁਰ ਉਬਰੇ ਪੁੰਨ ਸਤਿਗੁਰ ਕੇਰਾ॥੨॥
ਸਭੁ ਜੀਉ ਪਿੰਡੁ ਮੁਖੁ ਨਕੁ ਦੀਆ ਵਰਤਣ ਕਉ ਪਾਣੀ॥
ਅੰਨੁ ਖਾਣਾ ਕਪੜੁ ਪੈਨਣੁ ਦੀਆ ਰਸ ਅਨਿ ਭੋਗਾਣੀ॥
ਜਿਨਿ ਦੀਏ ਸੁ ਚਿਤਿ ਨ ਆਵਈ ਪਸੂ ਹਉ ਕਰਿ ਜਾਣੀ ॥੩॥
ਸਭੁ ਕੀਤਾ ਤੇਰਾ ਵਰਤਦਾ ਤੂੰ ਅੰਤਰਜਾਮੀ॥ ਹਮ ਜੰਤ
ਵਿਚਾਰੇ ਕਿਆ ਕਰਹ ਸਭੁ ਖੇਲੁ ਤੁਮ ਸੁਆਮੀ॥
ਜਨ ਨਾਨਕੁ ਹਾਟਿ ਵਿਹਾਝਿਆ ਹਰਿ ਗੁਲਮ ਗੁਲਾਮੀ॥੪॥ (ਆ: ਗ੍ਰੰ: ਪੰ: ੧੬੭)
(ਗਉੜੀ ਬੈਰਾਗਣਿ ਮਹਲਾ ੪)

ਇਸ ਉਪਦੇਸ਼ ਬਾਰੇ ਕਿ ਵਾਹਿਗੁਰੂ ਤੋਂ ਛੁਟ ਹੋਰ ਕਿਸੇ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ, ਗੁਰੂ ਜੀ ਨੇ ਹੇਠ ਲਿਖੇ ਸ਼ਬਦ ਦਾ ਉਚਾਰਣ ਕੀਤਾ—

ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥
ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੇ ਸੁਆਈ॥
ਹਮਾਰਾ ਧੜਾ ਹਰਿ ਰਹਿਆ ਸਮਾਈ॥੧॥
ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ ਹਰਿ ਗੁਣ ਗਾਵਾ ਅਸੰਖ
ਅਨੇਕ॥੧। ਰਹਾਉ॥ ਜਿਨ ਸਿਉ ਧੜੇ ਕਰਹਿ ਸੇ ਜਾਹਿ॥ ਝੂਠੁ ਧੜੇ ਕਰਿ ਪਛੋਤਾਹਿ॥
ਥਿਰੁ ਨ ਰਹਹਿ ਮਨਿ ਖੋਟੁ ਕਮਾਹਿ॥ ਹਮ ਹਰਿ ਸਿਉ ਧੜਾ ਕੀਆ ਜਿਸ ਕਾ
ਕੋਈ ਸਮਰਥੁ ਨਾਹਿ॥੨॥ ਏਹ ਸਭਿ ਧੜੇ ਮਾਇਆ ਮੋਹ ਪਸਾਰੀ॥
ਮਾਇਆ ਕਉ ਲੂਝਹਿ ਗਾਵਾਰੀ॥ ਜਨਮਿ ਮਰਹਿ ਜੂਐ ਬਾਜੀ ਹਾਰੀ॥

ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ ॥੩॥
ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ॥
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ॥
ਜਿਸ ਨੋ ਕ੍ਰਿਪਾ ਕਰੇ ਤਿਸ ਸਤਿਸੰਗ ਮਿਲਾਏ॥
ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥੪॥
ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ॥
ਪਰਾਇਆ ਛਿਦ੍ ਅਟਕਲੈ ਆਪਣਾ ਅਹੰਕਾਰੁ ਵਧਾਵੈ॥
ਜੈਸਾ ਬੀਜੈ ਤੈਸਾ ਖਾਵੈ॥
ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟ ਜਿਣਿ ਆਵੈ ॥੫॥

(ਆਃ ਗ੍ਰੰਃ ਪੰਃ ੬੩੩) (ਰਾਗੁ ਆਸਾ ਘਰੁ ੨ ਮਹਲਾ ੪)

ਗੁਰੂ ਜੀ ਨੇ ਫਿਰ ਸਿੱਖਾਂ ਵਲ ਮੁਖਾਰਬਿੰਦ ਕਰਕੇ ਉਪਦੇਸ਼ ਦਿੱਤਾ ਕਿ ਸਭ ਕਾਰਜਾਂ ਲਈ ਵਾਹਿਗੁਰੂ ਅੱਗੇ ਅਰਦਾਸ ਕਰੋ ਅਤੇ ਉਹ ਤੁਹਾਡੀ ਸਹਾਇਤਾ ਕਰੇਗਾ—

.....ਪਉੜੀ॥ ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥
ਸੰਤਾ ਸੰਗਿ ਨਿਧਾਨੁ ਅੰਮਿਤੁ ਚਾਖੀਐ॥
ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ॥
ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ॥ (ਸ੍ਰੀ ਰਾਗ ਕੀ ਵਾਰ ਮਹਲਾ ੪)

(ਆਃ ਗ੍ਰੰਃ ਪੰਃ ੯੧)

ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ॥
ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅਜੰਨ ਮਾਹਿ ਨਿਰੰਜਨੁ ਪਾਵੈ॥
ਤਜਿ ਮਾਨੁ ਅਭਿਮਾਨੁ ਪੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ॥
ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿਨਾਮਿ ਸਮਾਵੈ ॥੨॥

(ਆਃ ਗ੍ਰੰਃ ਪੰਃ ੧੪੧) (ਵਾਰ ਮਹਲਾ ੪)

ਭਾਈ ਤੀਰਥੇ ਨੂੰ ਉਪਦੇਸ਼

ਇੱਕ ਤੀਰਥਾ ਨਾਮ ਦਾ ਸਿੱਖ ਗੁਰੂ ਜੀ ਪਾਸ ਜਾਕੇ ਬੇਨਤੀ ਕਰਨ ਲੱਗਾ ਕਿ ਮਹਾਰਾਜ ਮੈਨੂੰ ਉਪਦੇਸ਼ ਦੇਵੋ ਕਿ ਮੈਂ ਕਿਸ ਤਰ੍ਹਾਂ ਆਪਣਿਆਂ ਪਾਪਾਂ ਤੋਂ ਛੁਟਕਾਰਾ ਪਾਵਾਂ ਅਤੇ ਮਨ ਦੀ ਸ਼ਾਂਤੀ ਪ੍ਰਾਪਤ ਕਰਾਂ ? ਗੁਰੂ ਜੀ ਨੇ ਫੁਰਮਾਇਆ : "ਸਦਾ ਸੱਚ ਬੋਲੋ, ਸੱਚ ਨਾਲੋਂ ਵਧਕੇ ਕੋਈ ਚੀਜ਼ ਵੀ ਚੰਗੀ ਨਹੀਂ। ਸਤਿਗੁਰੂ ਸਦਾ ਉਸਦੀ ਸਹਾਇਤਾ ਕਰੇਗਾ, ਜਿਹੜਾ ਸੱਚ ਬੋਲਦਾ ਹੈ। ਵਾਹਿਗੁਰੂ ਸੱਤ ਹੈ। ਅਤੇ ਜਿਹੜਾ ਕੋਈ ਸੱਚ ਬੋਲਦਾ ਹੈ ਉਹ ਪ੍ਰਮੇਸ਼ਰ ਵਿੱਚ ਲੀਨ ਹੋ ਜਾਂਦਾ ਹੈ।"

ਹੋਰ ਤਿੰਨ ਸਿੱਖਾਂ ਨੂੰ ਉਪਦੇਸ਼

ਤਿੰਨ ਸਿੱਖ ਬਿਸ਼ਨ ਦਾਸ, ਮਾਣਕ ਚੰਦ ਅਤੇ ਫੇਰੂ ਗੁਰੂ ਜੀ ਦੇ ਦਰਸ਼ਨ ਕਰਨ ਗਏ। ਉਨ੍ਹਾਂ ਨੇ ਮਹਾਰਾਜ ਨੂੰ ਬੇਨਤੀ ਕੀਤੀ ਕਿ ਸਾਨੂੰ ਸਾਡੀ ਆਪਣੀ ਅਤੇ ਸਾਡੇ ਕੁਟੰਬ ਦੀ

ਮੁਕਤੀ ਲਈ ਉਪਦੇਸ਼ ਦੇਵੋ। ਗੁਰੂ ਜੀ ਨੇ ਉਨ੍ਹਾਂ ਨੂੰ ਹੁਕਮ ਕੀਤਾ ਕਿ ਸਿੱਖਾਂ ਦੀ ਸੇਵਾ ਕਰੋ ਅਤੇ ਆਪਣੇ ਸਬੰਧੀਆਂ ਨੂੰ ਇਉਂ ਹੀ ਕਰਨ ਲਈ ਪ੍ਰੇਰਨਾ ਕਰੋ। ਬਿਸ਼ਨ ਦਾਸ, ਮਾਨਕ ਚੰਦ ਅਤੇ ਫੇਰੂ ਨੂੰ ਗੁਰੂ ਜੀਨੇ ਹੋਰ ਸਿਖਿਆ ਦਿੱਤੀ ਕਿ ਆਪਣੇ ਪਰਿਵਾਰਾਂ ਨੂੰ ਵਾਹਿਗੁਰੂ ਦੀ ਦਾਤ ਸਮਝੋ ਅਤੇ ਉਨ੍ਹਾਂ ਸਮੇਤ ਕਰਤਾਰ ਦਾ ਨਾਮ ਜਪੋ।

ਹੋਰ ਉਪਦੇਸ਼

ਗੁਰੂ ਜੀ ਨੇ ਮਈਏ, ਜੋਪੇ, ਘਨਈਏ ਅਤੇ ਤੁਲਸੇ ਨੂੰ ਉਪਦੇਸ਼ ਕੀਤਾ ਕਿ ਗੁਰਬਾਣੀ ਨਾਲ ਆਪਣੇ ਕਾਰ ਵਿਹਾਰਾਂ ਨਾਲੋਂ ਵਧੀਕ ਪਿਆਰ ਕਰੋ। ਜਦੋਂ ਤੁਸੀਂ ਗੁਰਬਾਣੀ ਪੜ੍ਹੋ ਤਾਂ ਆਪਣੀ ਬ੍ਰਿਤੀ ਨੂੰ ਅਰਥਾਂ ਵੱਲ ਇਕਾਗਰ ਕਰੋ ਅਤੇ ਮਨਾਂ ਨੂੰ ਭਟਕਣ ਨਾ ਦੇਵੋ। ਜਿਸ ਤਰ੍ਹਾਂ ਬੀਮਾਰ ਘੋੜੇ ਨੂੰ ਮਸਾਲਾ ਦੇਣ ਲਈ ਲਗਾਮ ਪਾਈ ਜਾਂਦੀ ਹੈ ਇਸ ਤਰ੍ਹਾਂ ਗੁਰਬਾਣੀ ਅਤੇ ਉਸਦੇ ਲਾਭ ਪ੍ਰਾਪਤ ਕਰਨ ਲਈ ਮਨ ਨੂੰ ਰੋਕਣਾ ਚਾਹੀਦਾ ਹੈ। ਬੁਰਾਈ ਤੋਂ ਆਪਣੇ ਮਨ ਹਟਾਓ ਅਤੇ ਗੁਰੂ ਜੀ ਦੇ ਬਚਨ ਤੇ ਵਿਚਾਰ ਕਰੋ ਅਤੇ ਸੋਚੋ ਕਿ ਤੁਹਾਨੂੰ ਕੀ ਕਰਨਾ ਚਾਹੀਦਾ ਹੈ।

ਸੱਤਾਂ ਸਿੱਖਾਂ ਨੂੰ ਉਪਦੇਸ਼

ਧਰਮ ਦਾਸ, ਡੋਗਰ ਦਾਸ, ਦੀਪਾ, ਜੇਠਾ, ਸੇਂਸਰੀ, ਬੁਲਾ ਅਤੇ ਤੀਰਥ ਨਾਮ ਦੇ ਸੱਤਾਂ ਸਿੱਖਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਡੀ ਗਤੀ ਕਿਸ ਤਰ੍ਹਾਂ ਹੋ ਸਕਦੀ ਹੈ? ਗੁਰੂ ਜੀ ਨੇ ਇਉਂ ਫੁਰਮਾਇਆ : "ਪਹਿਲਾਂ ਤਾਂ ਮਨ ਦਾ ਅਹੰਕਾਰ ਤਿਆਗੋ, ਨਿਮਰਤਾ ਧਾਰਨ ਕਰੋ, ਨਿੰਦਾ ਨਾ ਕਰੋ, ਬੁਰਾਈ ਛੱਡੋ, ਆਪਣੀ ਕਮਾਈ ਵਿਚੋਂ ਆਏ ਸਿੱਖਾਂ ਦੀ ਸੇਵਾ ਕਰੋ। ਪ੍ਰਸੰਨਤਾ ਨਾਲ ਉਨ੍ਹਾਂ ਨੂੰ ਬਸਤਰ ਅਤੇ ਭੋਜਨ ਦੇਵੋ। ਸਿੱਖ ਜੋ ਕੁਝ ਕਹਿਣ ਪ੍ਰਵਾਨ ਕਰੋ, ਨਾਂਹ ਨਾ ਕਰੋ। ਜਦ ਕੋਈ ਸਿੱਖ ਕੋਈ ਜ਼ਰੂਰੀ ਕੰਮ ਕਰ ਰਿਹਾ ਹੋਵੇ ਤਾਂ ਉਸ ਨਾਲ ਲੱਗ ਪਉ ਅਤੇ ਉਸ ਲਈ ਅਰਦਾਸ ਕਰੋ, ਜੇ ਵੇਖੋ ਕਿ ਬਿਨਾਂ ਮਾਇਆ ਤੋਂ ਕੰਮ ਪੂਰਾ ਨਹੀਂ ਹੁੰਦਾ ਤਾਂ ਹਰ ਪਾਸਿਉਂ ਉਸ ਸਿੱਖ ਲਈ ਚੰਦਾ ਉਗਰਾਹੋ ਅਤੇ ਨਾਲ ਹੀ ਤੁਸੀਂ ਆਪ ਵੀ ਹਿੱਸਾ ਪਾਉ, ਸਿੱਖੀ ਦੇ ਕਾਰਜ ਨੂੰ ਪੂਰਾ ਕਰੋ ਅਤੇ ਤੁਹਾਨੂੰ ਸੁਖ ਦਾ ਸੱਚਾ ਫੱਲ ਪ੍ਰਾਪਤ ਹੋਵੇਗਾ। ਜਦ ਕਦੀ ਮਹਾਂ ਪੁਰਸ਼ਾਂ ਦਾ ਕਿਧਰੇ ਸਤਿਸੰਗ ਹੋਵੇ ਤਾਂ ਵਾਹਿਗੁਰੂ ਸ਼ਬਦ ਦਾ ਚੰਗੀ ਤਰ੍ਹਾਂ ਪ੍ਰਚਾਰ ਕਰਾਉ ਅਤੇ ਉਸਦਾ ਕੀਰਤਨ ਕਰਾਉ, ਸਵੇਰੇ ਤੇ ਸ਼ਾਮ ਨੂੰ ਭਾਵ ਭਗਤੀ ਨਾਲ ਉਥੇ ਜਾਉ ਅਤੇ ਪ੍ਰੇਮ ਵਿੱਚ ਆਪਣੇ ਮਨ ਰੰਗੋ। ਆਪਣੇ ਵਿੱਤ ਅਨੁਸਾਰ ਵਾਹਿਗੁਰੂ ਦੇ ਨਮਿਤ ਇੱਕ ਸੁੰਦਰ ਧਰਮਸਾਲਾ ਬਣਾਉ ਅਤੇ ਉਥੇ ਇੱਕ ਅਜਿਹਾ ਗ੍ਰੰਥੀ ਨੀਅਤ ਕਰੋ, ਜਿਹੜਾ ਵਾਹਿਗੁਰੂ ਸ਼ਬਦ ਦੀ ਵਿਆਖਿਆ ਕਰ ਸਕੇ। ਰਾਹੀਆਂ ਅਤੇ ਪਰਦੇਸੀਆਂ ਨੂੰ ਸਦਾ ਭੋਜਨ ਛਕਾਉ, ਇਕਲਿਆਂ ਹੋ ਸਕੇ ਤਾਂ ਚੰਗਾ ਨਹੀਂ ਤਾਂ ਸਾਰੇ ਰਲ ਕੇ ਛਕਾਓ। ਨਾਮ ਚੇਤੇ ਰਖੋ, ਉਸ ਤੋਂ ਤੁਸੀਂ ਅਕਥ ਆਤਮਕ ਲਾਭ ਪ੍ਰਾਪਤ ਕਰੋਗੇ। ਸੰਤਾਂ ਦੀ ਸੇਵਾ ਕਰੋ, ਇਸ ਤੋਂ ਵਧੀਕ ਹੋਰ ਕੋਈ ਪੁੰਨ ਦਾਨ ਦਾ ਕੰਮ ਨਹੀਂ ਹੈ। ਇਸ ਉਪਦੇਸ਼ ਗ੍ਰਹਿਣ ਕਰਨ ਨਾਲ ਤੁਹਾਨੂੰ ਇਸ ਸੰਸਾਰ ਵਿੱਚ ਸੁਖ ਪ੍ਰਾਪਤ ਹੋਵੇਗਾ ਅਤੇ ਅਗਾਂਹ ਲਈ ਗੁਰੂ ਜੀ ਦੇ ਚਰਨਾਂ ਵਿੱਚ ਤੁਹਾਡਾ ਨਿਵਾਸ ਹੋਵੇਗਾ।"

ਰਾਮ ਦਾਸ ਪੁਰ

ਜਦੋਂ ਸਰੋਵਰ ਦੀ ਖੁਦਾਈ ਹੋ ਰਹੀ ਸੀ ਤਾਂ ਗੁਰੂ ਜੀ ਦਿਆਂ ਸਿੱਖਾਂ, ਦਰਸ਼ਨ ਕਰਨ ਆਈਆਂ ਸੰਗਤਾਂ ਅਤੇ ਮਜ਼ਦੂਰਾਂ ਦੇ ਨਿਵਾਸ ਲਈ ਨੇੜੇ-ਨੇੜੇ ਘਰ ਪੈ ਗਏ ਅਤੇ ਇੱਕ ਸੁੰਦਰ ਸ਼ਹਿਰ ਤਿਆਰ ਹੋ ਗਿਆ। ਇਸ ਨੂੰ ਪਹਿਲਾਂ [1]ਰਾਮਦਾਸਪੁਰ ਆਖਦੇ ਸਨ। ਪਿਛੋਂ ਅੰਮ੍ਰਿਤਸਰ ਹੀ ਕਹਿਣ ਲੱਗ ਪਏ, ਜਿਵੇਂ ਅੱਜ ਕਲ ਪ੍ਰਸਿੱਧ ਹੈ।

ਅਰਜਨ ਦੇਵ ਦਾ ਲਾਹੌਰ ਜਾਣਾ

ਗੁਰੂ ਜੀ ਦੇ ਤਾਏ ਦਾ ਵੱਡਾ ਪੁੱਤਰ ਸਹਾਰੀ ਮਲ ਲਾਹੌਰ ਤੋਂ ਖਾਸ ਤੌਰ ਤੇ ਗੁਰੂ ਜੀ ਨੂੰ ਸੱਦਣ ਲਈ ਆਇਆ ਕਿ ਚਲਕੇ ਉਸ ਦੇ ਪੁੱਤਰ ਦੇ ਵਿਆਹ ਦੇ ਸਮਾਗਮ ਨੂੰ ਸੁਸ਼ੋਭਤ ਕਰੋ। ਗੁਰੂ ਜੀ ਨੇ ਉਸ ਨੂੰ ਦਸਿਆ ਕਿ ਅੰਮ੍ਰਿਤਸਰ ਛਡਣ ਵਿੱਚ ਸਾਨੂੰ ਇਥੇ ਦੇ ਕੰਮ ਵਿੱਚ ਬਹੁਤ ਔਕੜਾਂ ਪੈਂਦੀਆਂ ਹਨ। ਸਿੱਖ ਰੋਜ਼ ਸਾਡੇ ਪਾਸ ਦਰਸ਼ਨ ਕਰਨ ਅਤੇ ਉਪਦੇਸ਼ ਲੈਣ ਲਈ ਆਉਂਦੇ ਹਨ ਅਤੇ ਗੁਰਿਆਈ ਦੇ ਕੰਮ ਨੂੰ ਭੁਲਾਣਾ ਸਾਡੇ ਲਈ ਠੀਕ ਨਹੀਂ ਹੈ। ਦੂਜੀ ਗੱਲ ਇਹ ਵੀ ਹੈ ਕਿ ਜਿੱਥੇ ਕਿੱਥੇ ਅਸੀਂ ਜਾਈਏ ਸਾਡੇ ਨਾਲ ਸਿੱਖ ਸੰਗਤ ਦੀ ਬੜੀ ਭੀੜ ਹੁੰਦੀ ਹੈ ਅਤੇ ਇਹ ਠੀਕ ਨਹੀਂ ਹੈ ਕਿ ਸਭ ਸੰਗਤਾਂ ਦੇ ਪ੍ਰਸਾਧ ਦਾ ਭਾਰ ਕੁੜਮਾਂ ਉਤੇ ਪਾਇਆ ਜਾਵੇ। ਗੁਰੂ ਜੀ ਨੇ ਇਹ ਗੱਲ ਮੰਨ ਲਈ ਉਹ ਆਪਣੀ ਥਾਂ ਆਪਣੇ ਇੱਕ ਪੁੱਤਰ ਨੂੰ ਭੇਜਦੇਣਗੇ। ਫਿਰ ਮਹਾਰਾਜ ਨੇ ਪ੍ਰਿਥਵੀਚੰਦ, ਜਿਸਨੂੰ ਆਮ ਤੌਰ ਤੇ ਪ੍ਰਿਥੀਆ ਕਿਹਾ ਜਾਂਦਾ ਹੈ, ਜਾਣ ਲਈ ਕਿਹਾ, ਪਰ ਉਹ ਬਹਾਨੇ ਬਣਾਉਣ ਲੱਗਾ ਅਤੇ ਕਹਿਣ ਲਗਾ : "ਮਹਾਰਾਜ, ਮੈਂ ਆਪ ਤੋਂ ਪਹਿਲਾਂ ਕਦੀ ਨਹੀਂ ਵਿਛੜਿਆ ਅਤੇ ਹੁਣ ਵੀ ਵਿਛੜਨਾ ਨਹੀਂ ਚਾਹੁੰਦਾ। ਇਹ ਕਿੰਨਾ ਜ਼ਰੂਰੀ ਹੈ ਕਿ ਮੈਂ ਘਰ ਰਹਿ ਕੇ ਚੜ੍ਹਾਵਾ ਸੰਭਾਲਾਂ ਅਤੇ ਵੇਖਾਂ ਕਿ ਕੋਈ ਖਾ ਪੀ ਨਾ ਜਾਵੇ। ਇਸ ਗੱਲ ਦੀ ਵੀ ਲੋੜ ਹੈ ਕਿ ਮੈਂ ਗੁਰੂ ਕੇ ਲੰਗਰ ਦੀ ਸੇਵਾ ਕਰਾਂ ਅਤੇ ਖਿਆਲ ਰੱਖਾਂ ਕਿ ਪਰਦੇਸੀਆਂ ਦੀ ਸੇਵਾ ਠੀਕ ਹੁੰਦੀ ਹੈ ਕਿ ਨਹੀਂ।" ਗੁਰੂ ਜੀ ਨੇ ਫੁਰਮਾਇਆ ਕਿ ਸਾਡਾ ਕੰਮ ਕਦੀ ਨਹੀਂ ਅਟਕਦਾ ਅਤੇ ਕੋਈ ਹੋਰ ਸਿੱਖ ਤੇਰਾ ਕੰਮ ਖੁਸ਼ੀ ਨਾਲ ਸੰਭਾਲ ਲਏਗਾ। ਪ੍ਰਿਥੀਏ ਨੇ ਅੰਤ ਵਿੱਚ ਇਸ ਗੱਲ ਤੇ ਜ਼ੋਰ ਦਿੱਤਾ ਕਿ ਮੈਨੂੰ ਵਿਆਹ ਦੇ ਟੰਟੇ ਤੋਂ ਡਰ ਲੱਗਦਾ ਹੈ ਅਤੇ ਜੇ ਮੈਂ ਗਿਆ ਤਾਂ ਦੁਖੀ ਹੋਵਾਂਗਾ। ਪ੍ਰਿਥੀਏ ਦੇ ਨਾਂਹ ਕਰਨ ਦੇ ਦੋ ਮਨੋਰਥ ਸਨ। ਇੱਕ ਤਾਂ ਉਹ ਚੜ੍ਹਾਵੇ ਨੂੰ ਸੰਭਾਲਦਾ ਹੁੰਦਾ ਸੀ ਅਤੇ ਆਪਣੇ ਲਈ ਬਹੁਤ ਸਾਰਾ ਪਦਾਰਥ ਚੁਰਾ ਕੇ ਲਾਂਭੇ ਕਰ ਸਕਦਾ ਸੀ। ਜੇਕਰ ਉਹ ਲਾਹੌਰ ਜਾਂਦਾ ਤਾਂ ਇਹ ਅਯੋਗ ਲਾਭ ਕਿਸੇ ਹੋਰ ਪਾਸ ਜਾਂਦਾ। ਦੂਜੇ ਉਸਨੂੰ ਪਤਾ ਸੀ ਕਿ ਮੇਰੇ ਪਿਤਾ ਦੀ ਗੱਦੀ ਲਈ ਗੁਰੂ ਚੁਣਨ ਦਾ ਸਮਾਂ ਨੇੜੇ ਆ ਰਿਹਾ ਹੈ ਅਤੇ ਉਸ ਨੂੰ ਡਰ ਸੀ ਕਿ ਮੇਰੇ ਇਥੇ ਨਾ ਹੋਣ ਕਰਕੇ ਕਿਧਰੇ ਮੈਨੂੰ ਗੱਦੀ ਤੋਂ ਵਾਂਜਿਆਂ ਨਾ ਰੱਖਿਆ ਜਾਵੇ।

1. ਅੰਮ੍ਰਿਤਸਰ ਨਾਮ ਪ੍ਰਚਲਤ ਹੋਣ ਤੋਂ ਪਹਿਲਾਂ ਇਹੋ ਨਾਮ ਪ੍ਰਸਿੱਧ ਸੀ। ਇਹ ਵੀ ਇਸ ਗੱਲ ਦਾ ਹੋਰ ਸਬੂਤ ਹੈ ਕਿ ਗੁਰੂ ਰਾਮ ਦਾਸ ਜੀ ਨੇ ਆਪਣੇ ਪਹਿਲੇ ਗੁਰੂ ਦੇ ਹੁਕਮ ਅਨੁਸਾਰ ਕੰਮ ਨੂੰ ਜਾਰੀ ਰੱਖਿਆ ਸੀ।

ਫਿਰ ਗੁਰੂ ਜੀ ਨੇ ਆਪਣੇ ਦੂਜੇ ਪੁੱਤਰ ਮਹਾਂਦੇਵ ਜੀ ਨੂੰ ਜਾਣ ਲਈ ਕਿਹਾ। ਮਹਾਂਦੇਵ ਜੀ ਸਿਮਰਨ ਵਿੱਚ ਮਸਤ ਅਤੇ ਸੰਸਾਰਕ ਵਿਵਹਾਰਾਂ ਤੋਂ ਬੇ-ਪਰਵਾਹ ਰਹਿੰਦੇ ਸਨ। ਉਹ ਕਹਿਣ ਲੱਗੇ ਕਿ ਮੇਰਾ ਸੰਸਾਰ ਵਿੱਚ ਕੋਈ ਸਾਕ ਸੰਬੰਧੀ ਨਹੀਂ ਇਸ ਕਰਕੇ ਮੈਂ ਇਹੋ ਜਿਹੇ ਔਖੇ ਕੰਮ ਵਿੱਚ ਕਿਉਂ ਫਸਾਂ ? ਗੁਰੂ ਜੀ ਨੇ ਫਿਰ ਆਪਣੇ ਸਭ ਤੋਂ ਛੋਟੇ ਸਾਹਿਬਜ਼ਾਦੇ ਅਰਜਨ ਦੇਵ ਜੀ ਨੂੰ ਜਾਣ ਲਈ ਕਿਹਾ। ਅਰਜਨ ਦੇਵ ਜੀ ਜਦੋਂ ਗੁਰੂ ਜੀ ਦੀ ਹਜ਼ੂਰੀ ਟਹਿਲ ਸੇਵਾ ਵਿੱਚ ਨਹੀਂ ਸਨ ਹੁੰਦੇ ਤਾਂ ਸਦਾ ਭਗਤੀ ਵਿੱਚ ਲੀਨ ਰਹਿੰਦੇ ਸਨ। ਉਨ੍ਹਾਂ ਵਿੱਚ ਸੰਤਾਂ ਵਾਲੇ ਸਾਰੇ ਗੁਣ ਸਨ ਅਤੇ ਧਨ ਜਾਂ ਸੰਸਾਰਕ ਪਦਾਰਥਾਂ ਦੀ ਪ੍ਰਵਾਹ ਨਹੀਂ ਸੀ ਕਰਦੇ। ਗੁਰੂ ਜੀ ਨੇ ਉਨ੍ਹਾਂ ਨੂੰ ਹੁਕਮ ਕੀਤਾ ਕਿ ਤੁਸੀਂ ਆਪਣੇ ਤਾਏ ਨਾਲ ਲਾਹੌਰ ਜਾਉ ਅਤੇ ਵਿਆਹ ਦੇ ਪਿਛੋਂ ਗੁਰਦੁਆਰੇ ਵਿੱਚ ਰਹਿ ਕੇ ਸਿੱਖ ਨੂੰ ਧਰਮ-ਉਪਦੇਸ਼ ਦੇਵੋ। ਅਰਜਨ ਦੇਵ ਜੀ ਨੇ ਬੇਨਤੀ ਕੀਤੀ : "ਪਿਤਾ ਜੀ, ਮੈਨੂੰ ਤਾਂ ਕੇਵਲ ਆਪਦੀ ਪ੍ਰਸੰਨਤਾ ਦੀ ਚਾਹ ਹੈ।" ਇਹ ਤਾਂ ਵਿਆਹ ਹੈ ਅਤੇ ਖੁਸ਼ੀ ਦਾ ਸਮਾਂ ਹੈ ਪਰ ਜੇਕਰ ਆਪ ਅਜਿਹੇ ਕਾਰਜ ਲਈ ਵੀ ਭੇਜੋ ਜਿਸ ਵਿੱਚ ਜਾਨ ਦਾ ਖਤਰਾ ਹੋਵੇ ਤਾਂ ਵੀ ਮੈਂ ਖੁਸ਼ੀ ਨਾਲ ਤੁਹਾਡਾ ਹੁਕਮ ਮੰਨ ਕੇ ਜਾਵਾਂਗਾ। ਗੁਰੂ ਜੀ ਬੜੇ ਪ੍ਰਸੰਨ ਹੋਏ ਅਤੇ ਫਿਰ ਅਰਜਨ ਦੇਵ ਜੀ ਨੂੰ ਕਿਹਾ ਕਿ ਤੁਸੀਂ ਕੁਝ ਚਿਰ ਲਈ ਲਾਹੌਰ ਰਹਿਣਾ ਅਤੇ ਜਦ ਤੱਕ ਸਾਡੇ ਵੱਲੋਂ ਲਿਖਤੀ ਸਦਾ ਨਾ ਪੁਜੇ ਵਾਪਸ ਨਹੀਂ ਆਉਣਾ, ਜਦ ਤੱਕ ਉਥੇ ਰਹੋ, ਜਿਹੜੀ ਭੇਟਾ ਆਵੇ, ਲੰਗਰ ਲਈ ਵਰਤੋ, ਪ੍ਰਦੇਸੀਆਂ ਅਤੇ ਅਨਾਥਾਂ ਨੂੰ ਭੋਜਨ ਛਕਾਉ ਤਾਂ ਜੋ ਕੋਈ ਭੁਖਾ ਹੀ ਨਾ ਚਲਾ ਜਾਏ।

ਅਰਜਨ ਦੇਵ ਜੀ ਨੂੰ ਮਾਤਾ ਦੀ ਅਸੀਸ

ਅਰਜਨ ਦੇਵ ਜੀ ਦੇ ਤੁਰਨ ਤੋਂ ਪਹਿਲਾਂ ਉਨ੍ਹਾਂ ਦੇ ਮਾਤਾ ਜੀ ਅੰਮ੍ਰਿਤ ਵੇਲੇ ਉਨ੍ਹਾਂ ਨੂੰ ਬੁਲਾਉਣ ਲਈ ਗਏ ਅਤੇ ਕਹਿਣ ਲੱਗੇ ਕਿ ਵਾਹਿਗੁਰੂ ਦਾ ਨਾਮ ਜਪਿਆ ਕਰੋ। ਮਾਤਾ ਜੀ ਨੇ ਇਹ ਗੱਲ ਪਹਿਲਾਂ ਕਹੀ ਤੇ ਫਿਰ ਅਰਜਨ ਦੇਵ ਜੀ ਨੂੰ ਮਾਤਾ ਵਾਲੀ ਅਸੀਸ ਦਿੱਤੀ ਅਤੇ ਉਨ੍ਹਾਂ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ ਜਿਹੜੀ ਕਿ ਅਰਜਨ ਦੇਵ ਜੀ ਨੇ ਮਗਰੋਂ ਹੇਠ ਲਿਖੇ ਸ਼ਬਦ ਦਵਾਰਾ ਛੰਦਾਬੰਦੀ ਵਿੱਚ ਉਚਾਰਨ ਕੀਤੀ—

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ।
ਸੋ ਹਰਿ ਹਰਿ ਤੁਮ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ॥੧॥
ਪੂਤਾ ਮਾਤਾ ਕੀ ਅਸੀਸ। ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥੧॥ ਰਹਾਉ॥ ਸਤਿਗੁਰ ਤੁਮ ਕਉ ਹੋਇ ਦਇਆਲਾ ਸੰਤ ਸੰਗਿ ਤੇਰੀ ਪ੍ਰੀਤਿ॥ ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ ॥੨॥
ਅੰਮ੍ਰਿਤ ਪੀਵਹੁ ਸਦਾ ਚਿਰ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥
ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ॥੩॥
ਭਵਰੁ ਤੁਮਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ॥
ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕ ਮਉਲਾ॥੪॥

(ਗੂਜਰੀ ਮਹਲਾ ੪) (ਆ: ਗ੍ਰੰ: ਪੰ: ੧੯੬)

ਕਾਂਡ—41

ਅਰਜਨ ਦੇਵ ਜੀ ਦੀਆਂ ਗੁਰੂ ਰਾਮਦਾਸ ਜੀ ਨੂੰ ਚਿੱਠੀਆਂ

ਇੱਕ ਦਿਨ ਲਾਹੌਰ ਵਿੱਚ ਆਰਣੇ ਸਿੱਖਾਂ ਨਾਲ ਗੱਲ ਬਾਤ ਕਰਦਿਆਂ ਅਰਜਨ ਦੇਵ ਜੀ ਨੇ ਆਪਣੇ ਪਿਤਾ ਜੀ ਦੇ ਲੰਮੇ ਵਿਛੋੜੇ ਦਾ ਦੁਖ ਪ੍ਰਗਟ ਕੀਤਾ ਜੋ ਉਹ ਅਨੁਭਵ ਕਰ ਰਹੇ ਸਨ : ਤਾਂ ਉਨ੍ਹਾਂ ਸਲਾਹ ਦਿੱਤੀ ਕਿ ਗੁਰੂ ਜੀ ਨੂੰ ਚਿੱਠੀ ਲਿਖ ਭੇਜੋ ਕਿ ਆਪ ਨੂੰ ਬੁਲਾ ਭੇਜਣ। ਅਰਜਨ ਦੇਵ ਜੀ ਨੂੰ ਇਹ ਰਾਇ ਚੰਗੀ ਲੱਗੀ ਅਤੇ ਕਹਿਣ ਲੱਗੇ : "ਭਾਵੇਂ ਗੁਰੂ ਜੀ ਸਾਨੂੰ ਭੁਲ ਗਏ ਜਾਪਦੇ ਹਨ ਪਰ ਅਸੀਂ ਉਨ੍ਹਾਂ ਨੂੰ ਕਦੀ ਨਹੀਂ ਭੁਲਾਇਆ। ਫਿਰ ਅਰਜਨ ਦੇਵ ਜੀ ਨੇ ਆਪਣੇ ਪਿਤਾ ਜੀ ਨੂੰ ਇਉਂ ਲਿਖਿਆ—

ਪਹਿਲੀ ਚਿੱਠੀ

ਮੇਰਾ ਮਨੁ ਲੋਚੈ ਗੁਰਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ।
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ॥
ਬਿਨੁ ਦਰਸਨ ਸੰਤ ਪਿਆਰੇ ਜੀਉ॥੧॥ ਰਹਾਉ॥
ਹਉ ਘੋਲੀ ਜੀਉ ਘੋਲ ਘੁਮਾਈ॥
ਗੁਰਦਰਸਨ ਸੰਤ ਪਿਆਰੇ ਜੀਉ॥੧॥ ਰਹਾਉ॥ *(ਮਾਝ ਮ: ੫)*

(ਆ: ਗ੍ਰੰ: ਪੰ: ੯੬)

ਇਹ ਚਾਰ ਤੁਕਾਂ ਲਿਖ ਕੇ ਅਰਜਨ ਦੇਵ ਜੀ ਨੇ ਇੱਕ ਸਿੱਖ ਹੱਥ ਗੁਰੂ ਜੀ ਪਾਸ ਘੱਲੀਆਂ। ਜਦ ਉਹ ਸਿੱਖ ਅੰਮ੍ਰਿਤਸਰ ਪੁਜਾ ਤਾਂ ਗੁਰੂ ਜੀ ਉਸ ਸਮੇਂ ਦੁਪਹਿਰ ਮਗਰੋਂ ਬਿਸ਼ਰਾਮ ਕਰ ਰਹੇ ਸਨ। ਪ੍ਰਿਥੀਏ ਨੇ ਪਛਾਣ ਲਿਆ ਕਿ ਹਰਕਾਰਾ ਉਹੀ ਸੇਵਕ ਹੈ ਜਿਹੜਾ ਅਰਜਨ ਦੇਵ ਜੀ ਨਾਲ ਲਾਹੌਰ ਗਿਆ ਸੀ। ਪ੍ਰਿਥੀਏ ਨੇ ਉਸਨੂੰ ਬੁਲਾ ਕੇ ਪੁਛਿਆ ਕਿ ਕੀ ਤੂੰ ਕੋਈ ਪੱਤਰ ਲਿਆਂਦਾ ਹੈ ? ਸਿੱਖ ਹਰਕਾਰੇ ਨੇ ਉੱਤਰ ਦਿੱਤਾ ਕਿ ਹਾਂ ਜੀ ਮੈਂ ਪੱਤਰ ਲਿਆਂਦਾ ਹੈ ਅਤੇ ਬਿਨਾਂ ਸ਼ਕ ਸ਼ੁਭੇ ਦੇ ਉਸਨੇ ਉਹ ਪੱਤਰ ਪ੍ਰਿਥੀਏ ਨੂੰ ਦੇ ਦਿੱਤਾ । ਜਦ ਪ੍ਰਿਥੀਏ ਨੇ ਇਹ ਪੱਤਰ ਪੜ੍ਹਿਆ ਤਾਂ ਉਸ ਦਾ ਦਿਲ ਈਰਖਾ ਨਾਲ ਭਰ ਗਿਆ। ਉਸਨੂੰ ਪਤਾ ਸੀ ਕਿ ਮੈਂ ਆਪ ਇਹ ਤੁਕਾਂ ਕਦੀ ਨਹੀਂ ਸੀ ਲਿਖ ਸਕਦਾ, ਅਤੇ ਉਸਨੂੰ ਡਰ ਸੀ ਕਿ ਜੇਕਰ ਗੁਰੂ ਜੀ ਨੇ ਇਹ ਪੱਤਰ ਵੇਖ ਲਿਆ ਤਾਂ ਉਹ ਆਪਣੀ ਥਾਂ ਗੱਦੀ ਉੱਤੇ ਅਰਜਨ ਦੇਵ ਜੀ ਨੂੰ ਥਾਪ ਦੇਣਗੇ। ਇਸ ਲਈ ਪ੍ਰਿਥੀਏ ਨੇ ਉਹ ਪੱਤਰ ਲੁਕਾ ਲਿਆ ਅਤੇ ਗੁਰੂ ਜੀ ਦੇ ਨਾਉਂ ਤੇ ਜ਼ਬਾਨੀ ਉਤਰ ਭੇਜ ਦਿੱਤਾ ਕਿ ਅਰਜਨ ਦੇਵ ਜੀ ਨੂੰ ਆਖੀਂ ਕਿ ਉਹ ਲਾਹੌਰ ਹੀ ਰਹਿਣ ਅਤੇ ਜਦ ਤੱਕ ਸਦਾ ਨਾ ਘਲੀਏ, ਆਉਣ ਨਾਂਹ।

ਜਦ ਅਰਜਨ ਦੇਵ ਜੀ ਨੂੰ ਇਹ ਸੰਦੇਸ਼ ਪੁੱਜਾ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਪ੍ਰਿਥੀਏ ਨੇ ਘਲਿਆ ਹੈ ਨਾ ਕਿ ਸਾਡੇ ਪਿਤਾ ਗੁਰੂ ਜੀ ਨੇ ਅਤੇ ਹਰਕਾਰੇ ਪਾਸੋਂ ਪੁਛਣ ਨਾਲ ਸਾਰੀ ਗੱਲ ਨਾ ਭੇਦ ਖੁਲ੍ਹ ਗਿਆ। ਅਰਜਨ ਦੇਵ ਜੀ ਨੇ ਦੂਜੀਆਂ ਚਾਰ ਤੁਕਾਂ ਲਿਖੀਆਂ ਅਤੇ ਕਰੜਾ ਹੁਕਮ ਦੇ ਕੇ ਕਿਹਾ ਕਿ ਇਹ ਪੱਤਰ ਕੇਵਲ ਗੁਰੂ ਜੀ ਨੂੰ ਦੇਣਾ ਅਤੇ ਹਰਕਾਰੇ ਨੂੰ ਪੱਤਰ ਦੇ ਕੇ ਤਰੇ ਦਿੱਤਾ ! ਚਾਰ ਤੁਕਾਂ ਇਉਂ ਹਨ—

ਦੂਜੀ ਚਿੱਠੀ

ਤੇਰਾ ਮੁਖੁ ਸੁਹਾਵਾ ਜੀਉ ਸਹਜਧੁਨਿ ਬਾਣੀ॥
ਚਿਰ ਹੋਆ ਦੇਖੇ ਸਾਰਿੰਗਪਾਣੀ॥
ਧੰਨ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥੨॥
ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ॥੧॥ ਰਹਾਉ॥

(ਆ: ਗ੍ਰੰ: ਪੰ: ੯੬)

ਪ੍ਰਿਥੀਆ ਪਹਿਲਾਂ ਹੀ ਅਰਦਾਸੀਏ ਲਈ ਤਾੜ ਲਾਈ ਬੈਠਾ ਸੀ ਅਤੇ ਅਰਜਨ ਦੇਵ ਜੀ ਦਾ ਦੂਜਾ ਪੱਤਰ ਉਸਨੇ ਬਦੋ ਬਦੀ ਖੋਹ ਲਿਆ ਅਤੇ ਪੜ੍ਹ ਕੇ ਉਹ ਪਹਿਲਾਂ ਨਾਲੋਂ ਵੀ ਵੱਧ ਕ੍ਰੋਧਵਾਨ ਹੋਇਆ ਅਤੇ ਆਪਣੇ ਪਿਤਾ ਜੀ ਵਲੋਂ ਉਸ ਨੂੰ ਦੂਜਾ ਸਨੇਹਾ ਭੇਜਿਆ : "ਤੁਸੀਂ ਅਜੇ ਕੁਝ ਚਿਰ ਲਈ ਲਾਹੌਰ ਹੀ ਰਹੋ ਅਤੇ ਆਗਿਆ ਬਿਨਾਂ ਨਾ ਆਉ, ਅਸੀਂ ਆਪ ਛੇਤੀ ਤੁਹਾਨੂੰ ਲੈਣ ਲਈ ਆਵਾਂਗੇ।" ਪ੍ਰਿਥੀਏ ਨੇ ਸਿੱਖ ਨੂੰ ਕਿਹਾ ਕਿ ਇਹ ਸੰਦੇਸ਼ ਛੇਤੀ ਲੈ ਜਾਹ ਨਹੀਂ ਤਾਂ ਗੁਰੂ ਜੀ ਗੁੱਸੇ ਹੋਣਗੇ। ਪ੍ਰਿਥੀਏ ਨੂੰ ਅਸਲ ਵਿੱਚ ਇਹ ਡਰ ਸੀ ਕਿ ਜੇਕਰ ਉਹ ਚਿੱਠੀਆਂ ਲਿਆਉਣ ਵਾਲਾ ਸਿੱਖ ਬਹੁਤ ਚਿਰ ਅੰਮ੍ਰਿਤਸਰ ਠਹਿਰਿਆ ਤਾਂ ਹੋ ਸਕਦਾ ਹੈ ਕਿ ਗੁਰੂ ਜੀ ਨੂੰ ਇਸ ਸਾਰੇ ਛਲ ਦਾ ਪਤਾ ਲਗ ਜਾਵੇ ਜੋ ਪ੍ਰਿਥੀਆ ਕਰ ਰਿਹਾ ਸੀ। ਉਸ ਸਿੱਖ ਨੇ ਲਾਹੌਰ ਪਹੁੰਚ ਕੇ ਅਰਜਨ ਦੇਵ ਜੀ ਨੂੰ ਦੱਸਿਆ ਕਿ ਕਿਸ ਤਰ੍ਹਾਂ ਪ੍ਰਿਥੀਏ ਨੇ ਚਿੱਠੀ ਲੈ ਲਈ ਹੈ। ਫਿਰ ਅਰਜਨ ਦੇਵ ਜੀ ਤੀਜੀਆਂ ਚਾਰ ਤੁਕਾਂ ਲਿਖ ਕੇ ਆਪਣੇ ਪਿਤਾ ਜੀ ਨੂੰ ਘਲੀਆਂ—

ਤੀਜੀ ਚਿੱਠੀ ਅਤੇ ਪ੍ਰਿਥੀਏ ਦਾ ਪੋਲ ਖੁਲ੍ਹਣਾ

ਇਕ ਘੜੀ ਨ ਮਿਲਤੇ ਤਾ ਕਲਜੁਗੁ ਹੋਤਾ॥
ਹੁਣ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਸੋਹਿ ਰੈਣ ਨ ਵਿਹਾਵੈ ਨੀਂਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥੨॥
ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥੧॥ ਰਹਾਉ॥

(ਆ: ਗ੍ਰੰ: ਪੰ: ੯੬-੭)

ਇਸ ਚਿੱਠੀ ਉਤੇ ਅਰਜਨ ਦੇਵ ਜੀ ਨੇ ਅੰਕ ੩ ਲਿਖਣ ਦਾ ਖਾਸ ਰੱਖਿਆ ਤਾਂ ਕਿ ਉਨ੍ਹਾਂ ਦੇ ਪਿਤਾ ਜੀ ਨੂੰ ਪਤਾ ਲੱਗ ਜਾਵੇ ਕਿ ਦੋ ਹੋਰ ਚਿੱਠੀਆਂ ਪਹਿਲਾਂ ਘੱਲੀਆਂ ਜਾ ਚੁੱਕੀਆਂ ਹਨ। ਇਸ ਵਾਰ ਅਰਜਨ ਦੇਵ ਜੀ ਨੇ ਅਰਦਾਸੀਏ ਨੂੰ ਡਾਢੀ ਪਕਿਆਈ ਕੀਤੀ ਕਿ ਪੱਤਰ ਕੇਵਲ ਗੁਰੂ ਜੀ ਦੇ ਆਪਣੇ ਹੱਥ ਵਿੱਚ ਹੀ ਦੇਣਾ।

ਪ੍ਰਿਥੀਆ, ਪਹਿਲਾਂ ਵਾਂਗ ਤੀਜੇ ਪੱਤਰ ਨੂੰ ਰੋਕਣ ਲਈ ਵੀ ਉਡੀਕ ਕਰ ਰਿਹਾ ਸੀ। ਹੁਣ ਹਰਕਾਰਾ ਵੀ ਸਾਵਧਾਨ ਸੀ। ਉਹ ਪ੍ਰਿਥੀਏ ਨੂੰ ਵੇਖ ਕੇ ਲੁੱਕ ਗਿਆ। ਪ੍ਰਿਥੀਆ ਹਰ ਵੇਲੇ ਤਾਂ ਰਾਖੀ ਰੱਖ ਨਹੀਂ ਸੀ ਸਕਦਾ, ਜਦ ਉਹ ਆਪਣੇ ਘਰ ਗਿਆ ਤਾਂ ਹਰਕਾਰਾ ਸਿੱਖ ਮੌਕਾ ਪਾਕੇ ਗੁਰੂ ਜੀ ਪਾਸ ਚਲਾ ਗਿਆ ਅਤੇ ਉਨ੍ਹਾਂ ਨੂੰ ਸਾਹਿਬਜ਼ਾਦੇ ਅਰਜਨ ਦੇਵ ਜੀ ਦਾ ਪੱਤਰ ਦੇ ਦਿੱਤਾ। ਜਦੋਂ ਗੁਰੂ ਨੇ ਚਿੱਠੀ ਵੇਖੀ ਤਾਂ ਉਨ੍ਹਾਂ ਦਾ ਧਿਆਨ ਲਿਖੇ ਹੋਏ ਅੰਕ-3 ਤੇ ਜਾ ਪਿਆ ਪਰ ਉਨ੍ਹਾਂ ਨੂੰ ਕੇਵਲ ਇਹੋ ਪੱਤਰ ਮਿਲਿਆ ਸੀ। ਚਿੱਠੀ ਲਿਆਉਣ ਵਾਲੇ ਸਿੱਖ ਨੇ ਪਹਿਲਾਂ ਵਰਤੀ ਹੋਈ ਸਾਰੀ ਗੱਲ ਸੁਣਾ ਦਿੱਤੀ। ਗੁਰੂ ਜੀ ਨੂੰ ਬੜਾ ਗੁੱਸਾ ਆਇਆ ਪ੍ਰਿਥੀਆ ਜੋ ਕਿ ਗੁਰੂ ਜੀ ਦੀ ਹਜ਼ੂਰੀ ਤੋਂ ਬਹੁਤਾ ਚਿਰ ਲਾਂਭੇ ਨਹੀਂ ਸੀ ਰਹਿਣਾ ਚਾਹੁੰਦਾ, ਠੀਕ ਉਸੇ ਵੇਲੇ ਜਦੋਂ ਚਿੱਠੀ ਲਿਆਉਣ ਵਾਲੇ ਸਿੱਖ ਨੇ ਆਪਣੀ ਗੱਲ ਖਤਮ ਕੀਤੀ, ਆ ਗਿਆ। ਗੁਰੂ ਜੀ ਨੇ ਪ੍ਰਿਥੀਏ ਪਾਸੋਂ ਪੁਛਿਆ ਕਿ ਪਹਿਲੀਆਂ ਦੋ ਚਿੱਠੀਆਂ ਕਿੱਥੇ ਹਨ ? ਪ੍ਰਿਥੀਆ ਕਹਿਣ ਲੱਗਾ ਕਿ ਮੈਨੂੰ ਚੇਤਾ ਨਹੀਂ ਕਿੱਥੇ ਰੱਖੀਆਂ ਗਈਆਂ ਹਨ। ਮੈਂ ਲੱਭ ਕੇ ਲੈ ਆਉਂਦਾ ਹਾਂ, ਗੁਰੂ ਜੀ ਨੇ ਤਿੰਨ ਵਾਰ ਪੁੱਛਿਆ ਕਿ ਕੀ ਤੈਨੂੰ ਪਤਾ ਨਹੀਂ ਚਿੱਠੀਆਂ ਕਿੱਥੇ ਹਨ ? ਪ੍ਰਿਥੀਏ ਨੇ ਤਿੰਨ ਵਾਰ ਗੁਰੂ ਜੀ ਦੇ ਪਵਿੱਤਰ ਚਰਨਾਂ ਦੀ ਸੁਗੰਧ ਖਾ ਕੇ ਕਿਹਾ ਮੈਨੂੰ ਬਿਲਕੁਲ ਪਤਾ ਨਹੀਂ, ਤਾਂ ਗੁਰੂ ਜੀ ਉਸਦੇ ਦਿਲ ਦਾ ਭੇਦ ਬੁੱਝ ਕੇ ਪ੍ਰਿਥੀਏ ਨੂੰ ਕਹਿਣ ਲੱਗੇ ਕਿ ਤੂੰ ਘਰ ਆਪਣੇ ਕੋਟ ਦੀ ਜੇਬ ਵਿੱਚ ਚਿੱਠੀਆਂ ਲੁਕਾਈਆਂ ਹੋਈਆਂ ਹਨ। ਗੁਰੂ ਜੀ ਨੇ ਇੱਕ ਸੇਵਕ ਨੂੰ ਪ੍ਰਿਥੀਏ ਦੇ ਘਰ ਭੇਜਿਆ ਅਤੇ ਕਿਹਾ ਕਿ ਉਸਦੀ ਇਸਤਰੀ ਨੂੰ ਕਹੋ ਕਿ ਪ੍ਰਿਥੀਏ ਦਾ ਕੋਟ, ਜਿਹੜਾ ਕੰਧ ਨਾਲ ਕਿੱਲੀ ਉਤੇ ਟੰਗਿਆ ਹੋਇਆ ਹੈ, ਭੇਜ ਦੇਵੇ। ਸੇਵਕ ਕੋਟ ਲੈ ਆਇਆ ਅਤੇ ਦੋਵੇਂ ਗੁੰਮੀਆਂ ਹੋਈਆਂ ਚਿੱਠੀਆਂ ਕੋਟ ਦੀ ਜੇਬ ਵਿਚੋਂ ਨਿਕਲ ਆਈਆਂ।

ਤਦੋਂ ਭਾਈ ਬੁੱਢਾ ਜੀ ਨੇ ਗੁਰੂ ਜੀ ਦੀ ਆਗਿਆ ਨਾਲ ਸਭ ਸੰਗਤ ਵਿੱਚ ਪ੍ਰਿਥੀਏ ਦੀ ਨੀਚਤਾ ਪ੍ਰਗਟ ਕੀਤੀ। ਪ੍ਰਿਥੀਆ ਡਾਢਾ ਸ਼ਰਮਿੰਦਾ ਹੋਇਆ। ਨਾ ਹੀ ਉਸਨੂੰ ਬਚਾਉ ਲਈ ਕੋਈ ਬਹਾਨਾ ਲਭਦਾ ਸੀ ਤੇ ਨਾਹੀ ਮੁਆਫੀ ਮੰਗਣ ਨਾਲ ਬਖਸ਼ਿਆ ਜਾ ਸਕਦਾ ਸੀ। ਗੁਰੂ ਜੀ ਕਹਿਣ ਲੱਗੇ : "ਪ੍ਰਿਥੀਏ ਦਾ ਕਪਟ ਸਿੱਖਾਂ ਦੇ ਸਾਹਣੇ ਉਘੜ ਗਿਆ ਹੈ। ਇਹ ਇੱਕ ਪ੍ਰੀਖਿਆ ਕੀਤੀ ਗਈ ਹੈ ਕਿ ਪ੍ਰਿਥੀਆ ਖਰਾ ਹੈ ਜਾਂ ਖੋਟਾ, ਗੁਰੂ ਜੀ ਦਾ ਆਗਿਆਕਾਰੀ ਹੈ ਜਾਂ ਅਵੱਗਿਆਕਾਰੀ।"

ਅਰਜਨ ਦੇਵ ਨੂੰ ਅੰਮ੍ਰਿਤਸਰ ਮੰਗਵਾਉਣਾ

ਗੁਰੂ ਜੀ ਨੇ ਤੁਰਤ ਹੀ ਭਾਈ ਬੁੱਢਾ ਜੀ ਨੂੰ ਬਹਿਲ ਦੇ ਕੇ ਲਾਹੌਰੋਂ ਅਰਜਨ ਦੇਵ ਜੀ ਨੂੰ ਜਿੰਨੀ ਛੇਤੀ ਹੋ ਸਕਦਾ ਸੀ ਅੰਮ੍ਰਿਤਸਰ ਲੈ ਆਉਣ ਲਈ ਭੇਜਿਆ। ਜਦੋਂ ਅਰਜਨ ਦੇਵ ਜੀ ਘਰ ਪੁੱਜੇ ਅਤੇ ਆਪਣੇ ਪਿਤਾ ਜੀ ਨੂੰ ਆਕੇ ਨਮਸ਼ਕਾਰ ਕੀਤੀ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਪਹਿਲਾਂ ਤੁਸੀਂ ਤਿੰਨ ਦੋਤੁਕੇ ਭੇਜੇ ਹਨ, ਹੁਣ ਚੌਥੇ ਲਿਖ ਤਾਂ ਜੋ ਸ਼ਬਦ ਸੰਪੂਰਨ ਹੋ ਜਾਏ। ਤਾਂ ਅਰਜਨ ਦੇਵ ਜੀ ਨੇ ਤਿਆਰੀ ਕੀਤੇ ਬਿਨਾ ਹੀ ਇਉਂ ਉਚਾਰਨ ਕੀਤਾ :—

ਭਾਗੁ ਹੋਆ ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ ਘਰਿ ਮਹਿ ਪਾਇਆ।
ਸੇਵਾ ਕਰ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ॥ ਰਹਾਉ ॥੧॥੮॥
(ਆਃ ਗ੍ਰੰਃ ਪੰਃ ੯੭)

ਅਰਜਨ ਦੇਵ ਨੂੰ ਗੁਰਿਆਈ

ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਅਰਜਨ ਦੇਵ ਜੀ ਨੂੰ ਗਲ਼ ਨਾਲ ਲਾ ਲਿਆ। ਗੁਰੂ ਜੀ ਨੇ ਫਿਰ ਉਨ੍ਹਾਂ ਨੂੰ ਹੇਠ ਲਿਖੇ ਸੰਖੇਪ ਪਰ ਭਾਵ ਦੇ ਭਰੇ ਹੋਏ ਸ਼ਬਦ ਕਹੇ—

"ਗੁਰੂ ਅਮਰਦਾਸ ਜੀ ਨੇ ਫੁਰਮਾਇਆ ਸੀ ਕਿ ਗੁਰਿਆਈ ਗੁਣਾਂ ਬਦਲੇ ਮਿਲਦੀ ਹੈ। ਕੇਵਲ ਉਹ ਹੀ ਆਦਮੀ ਜਿਹੜਾ ਨਿਮਰ ਅਤੇ ਨਿਰਮਾਣ ਹੋਵੇ ਇਸਦਾ ਅਧਿਕਾਰੀ ਹੋ ਸਕਦਾ ਹੈ, ਅਸੀਂ ਇਹ ਗੁਰਿਆਈ ਤੁਹਾਨੂੰ ਬਖਸ਼ਦੇ ਹਾਂ।" ਇਹ ਕਹਿਕੇ ਗੁਰੂ ਜੀ ਨੇ ਪੰਜ ਪੈਸੇ ਅਤੇ ਇਕ ਨਾਰੀਅਲ ਮੰਗਵਾ ਘਲਿਆ। ਅਰਜਨ ਦੇਵ ਜੀ ਦੇ ਅੱਗੇ ਇਹ ਚੀਜ਼ਾਂ ਰੱਖੀਆਂ ਅਤੇ ਆਪਣੇ ਸੰਘਾਸਨ ਤੋਂ ਉਤਰ ਕੇ ਸਭ ਸੰਗਤ ਦੀ ਹਜ਼ੂਰੀ ਵਿੱਚ ਅਰਜਨ ਦੇਵ ਜੀ ਨੂੰ ਗੁਰਗੱਦੀ ਤੇ ਬਿਠਾਇਆ। ਭਾਈ ਬੁੱਢਾ ਜੀ ਨੇ ਤਿਲਕ ਅਰਥਾਤ ਰੂਹਾਨੀ ਪਾਤਸ਼ਾਹੀ ਦਾ ਨਿਸ਼ਾਨ ਅਰਜਨ ਦੇਵ ਜੀ ਦੇ ਮਸਤਕ ਤੇ ਲਾਇਆ ਅਤੇ ਉਹਨਾਂ ਨੂੰ ਗੁਰੂ ਪ੍ਰਗਟ ਕੀਤਾ ਅਤੇ ਸਭ ਨੇ ਖੁਸ਼ੀ ਮਨਾਈ। ਗੁਰੂ ਰਾਮਦਾਸ ਜੀ ਨੇ ਬਚਨ ਕੀਤਾ—

"ਗੁਰੂ ਅਰਜਨ ਦੇਵ ਜੀ ਜਗਤ ਗੁਰੂ ਹੋ ਗਏ ਹਨ ਅਤੇ ਜਿਸ ਤਰ੍ਹਾਂ ਇੱਕ ਦੀਵੇ ਨਾਲੋਂ ਦੂਜਾ ਦੀਵਾ ਜਗਾਇਆ ਜਾਂਦਾ ਹੈ, ਇਸ ਪ੍ਰਕਾਰ ਗੁਰੂ ਜੋਤ ਇਨ੍ਹਾਂ ਵਿਚ ਚਲੀ ਗਈ ਹੈ ਅਤੇ ਇਹ ਦੁਨੀਆਂ ਦੇ ਅੰਧਕਾਰ ਨੂੰ ਮਿਟਾਵੇਗੀ।"

ਜਦੋਂ ਗੁਰੂ ਅਰਜਨ ਦੇਵ ਜੀ ਆਪਣੀ ਮਾਤਾ ਜੀ ਨੂੰ ਮਿਲਣ ਗਏ ਤਾਂ ਆਪਨੇ ਫੁਰਮਾਇਆ : "ਮੇਰੀਆਂ ਸਭ ਚਿੰਤਾ ਦੂਰ ਹੋ ਗਈਆਂ ਹਨ। ਵਾਹਿਗੁਰੂ ਦਾ ਸੱਚਾ ਨਾਮ ਪ੍ਰਾਪਤ ਕਰਕੇ ਮੈਂ ਘਰ ਆਇਆ ਹਾਂ।" ਫਿਰ ਗੁਰੂ ਅਰਜਨ ਦੇਵ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ—

ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ॥
ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧਿ ਸੰਗਤਿ ਮਹਿ ਪਾਇਆ॥੧॥
ਮਾਈ ਖਾਟਿ ਆਇਓ ਘਰਿ ਪੂਤਾ॥
ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ॥੧॥ ਰਹਾਉ॥
ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਮੰਗਿ ਲਾਇ ਧਿਆਨਾ॥
ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪੁਰਾਨਾ॥੨॥
ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ॥
ਹਰਿ ਧਨ ਤੇ ਮੈ ਨਵਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ॥੩॥
ਖਾਵਹੁ ਖਰਚਹੁ ਤੋਟਿ ਨਾ ਆਵੈ ਹਲਤ ਪਲਤ ਕੈ ਸੰਗੇ॥
ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ॥ ੪॥੨॥੩॥
(ਆ: ਗ੍ਰੰ: ਪੰ: ੪੯੫-੬) (ਗੁਜਰੀ ਮਹਲਾ ੫)

ਪ੍ਰਿਥੀਏ ਦੀ ਕੁਟਲਤਾ

ਹੁਣ ਪ੍ਰਿਥੀਏ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ। ਉਹ ਆਪਣੇ ਪਿਤਾ ਨੂੰ ਦੁਰਬਚਨ ਬੋਲਣ ਲੱਗਾ ਅਤੇ ਭਾਈ ਬੁੱਢਾ ਜੀ ਨੂੰ ਕਹਿਣ ਲੱਗਾ : "ਮੇਰੇ ਪਿਤਾ ਨੇ ਅਯੋਗ ਕੰਮ

ਕੀਤਾ ਹੈ। ਗੁਰਿਆਈ ਦਾ ਹੱਕ ਮੇਰਾ ਸੀ। ਪਰ ਇਹ ਮੇਰੇ ਛੋਟੇ ਭਰਾ ਨੂੰ ਦਿੱਤੀ ਗਈ ਹੈ। ਮੈਂ ਪ੍ਰਣ ਕਰਦਾ ਹਾਂ ਕਿ ਮੈਂ ਗੁਰੂ ਅਰਜਨ ਦੇਵ ਨੂੰ ਉਤਾਰ ਕੇ ਆਪ ਗੁਰਿਆਈ ਦੇ ਸਿੰਘਾਸਨ ਤੇ ਬੈਠਾਂਗਾ ਅਤੇ ਬਾਦਸ਼ਾਹ ਵੀ ਮੰਨੇਗਾ ਕਿ ਨਿਆਂ ਅਨੁਸਾਰ ਮੇਰਾ ਹੀ ਹੱਕ ਹੈ। ਗੁਰੂ ਜੀ ਨੇ ਪ੍ਰਿਥੀਏ ਨੂੰ ਇਉਂ ਝਾੜ ਪਾਈ—

ਕਾਹੇ ਪੂਤ ਝਗਰਤ ਹੋਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥੧॥ ਰਹਾਉ॥
ਜਿਸੁ ਧਨੁ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨਾ ਆਖ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ॥੧॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ॥
ਉਪਦੇਸ਼ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ॥੨॥੧॥੭॥
(ਆਃ ਗ੍ਰੰਃ ਪੰਃ ੧੨੦੦) (ਸਾਰੰਗ ਮਹਲਾ ੪ ਘਰੁ ੪ ਦੁਪਦਾ)

ਇਸ ਝਾੜ ਪੈਣ ਕਰਕੇ ਵੀ ਪ੍ਰਿਥੀਆ ਆਪਣੇ ਪਿਤਾ ਨੂੰ ਕੁਬਚਨ ਬੋਲਦਾ ਰਿਹਾ। ਉਹ ਕਹਿਣ ਲੱਗਾ : "ਤੁਸੀਂ ਮੇਰੇ ਉੱਤੇ ਚੰਗੀ ਕਿਰਪਾ ਕੀਤੀ ਹੈ। ਗੁਰਿਆਈ ਤਾਂ ਆਪਣੇ ਛੋਟੇ ਪੁੱਤਰ ਨੂੰ ਦੇ ਦਿੱਤੀ ਹੈ ਅਤੇ ਮੈਨੂੰ ਝੂਠੀਆਂ ਗੱਲਾਂ ਆਖਦੇ ਰਹੇ ਹੋ, ਮੈਨੂੰ ਤਾਂ ਵਾਹਿਗੁਰੂ ਦਾਨਾਮ ਜਪਣ ਵਾਸਤੇ ਕਹਿੰਦੇ ਹੋ; ਆਪ ਕਮਾਉ, ਤੁਹਾਡੇ ਉਪਦੇਸ਼ ਦੀ ਲੋੜ ਅਰਜਨ ਨੂੰ ਹੋਵੇਗੀ ਜਿਸ ਨੂੰ ਤੁਸੀਂ ਮਾਣ ਦਿੱਤਾ ਹੈ।" ਗੁਰੂ ਰਾਮਦਾਸ ਜੀ ਨੇ ਫਿਰ ਹੇਠ ਲਿਖਿਆ ਸ਼ਬਦ ਕਿਹਾ—

ਤਿਨ੍ਹੀ ਅੰਤਰਿ ਹਰਿ ਆਰਾਧਿਆ ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ॥
ਤਿਨ ਕੀ ਬਖੀਲੀ ਕੋਈ ਕਿਆ ਕਰੇ ਜਿਨੁ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ॥੧॥
ਹਰਿ ਹਰਿ ਧਿਆਇ ਮਨ ਮੇਰੇ ਮਨ ਧਿਆਇ ਹਰਿ ਜਨਮ ਜਨਮ ਕੇ ਸਭਿ
ਦੁਖ ਨਿਵਾਰਣਹਾਰਾ॥੧॥ ਰਹਾਉ
ਧੁਰਿ ਭਗਤ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤਿ ਭੰਡਾਰਾ॥
ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ ਤਿਸੁ ਹਲਤਿ ਪਲਤਿ ਮੁਹੁ ਕਾਰਾ॥੨॥
ਸੇ ਭਗਤਿ ਸੇ ਸੇਵਕਾ ਜਿਨਾ ਹਰਿਨਾਮੁ ਪਿਆਰਾ॥
ਤਿਨ ਕੀ ਸੇਵਾ ਤੇ ਹਰਿ ਪਾਈਐ ਸਿਰਿ ਨਿੰਦਕ ਕੈ ਪਵੈ ਛਾਰਾ॥
ਜਿਸੁ ਘਰਿ ਵਿਰਤੀ ਸੋਈਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ॥
ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ ਹਰਿ ਸੇਵਕ
ਭਾਇ ਨਿਸਤਾਰਾ॥੪॥੨॥੯॥ *(ਆਃ ਗ੍ਰੰਃ ਪੰਃ ੭੩੩) (ਸੂਹੀ ਮਹਲਾ ੪)*

ਜਦੋਂ ਪ੍ਰਿਥੀਆ ਅਜੇ ਵੀ ਗੁਰੂ ਜੀ ਦੀ ਨਿਰਾਦਰੀ ਕਰਨੋਂ ਨਾ ਟਲਿਆ ਤਾਂ ਮਹਾਰਾਜ ਨੇ ਉਸ ਨੂੰ ਹੁਕਮ ਦਿੱਤਾ ਕਿ ਸਾਡੀਆਂ ਅੱਖਾਂ ਤੋਂ ਦੂਰ ਹੋ ਜਾ ਅਤੇ ਬਚਨ ਕੀਤਾ : "ਤੂੰ ਮੀਣਾ ਹੈ, ਸਾਡੇ ਸਿੱਖ ਤੈਨੂੰ ਨਹੀਂ ਮੰਨਣਗੇ ਅਤੇ ਨਾ ਹੀ ਤੇਰੇ ਨਾਲ ਵਰਤਣਗੇ।" ਬੀਬੀ ਭਾਨੀ ਜੀ ਨੂੰ ਅਫਸੋਸ ਵਿੱਚ ਗੁਰੂ ਅਮਰਦਾਸ ਜੀ ਦੇ ਇਹ ਬਚਨ ਚੇਤੇ ਆਏ : "ਤੂੰ ਗੁਰਿਆਈ ਦੀ ਸਾਫ ਵਗਦੀ ਨਦੀ ਨੂੰ ਬੰਨ੍ਹ ਮਾਰਿਆ ਹੈ, ਇਸ ਦਾ ਸਿੱਟਾ ਇਹ ਹੋਵੇਗਾ ਕਿ ਇਸ ਤੋਂ ਵੱਡੇ ਕਸ਼ਟ ਅਤੇ ਝਗੜੇ ਨਿਕਲਣਗੇ।"

ਗੁਰੂ ਰਾਮ ਦਾਸ ਜੀ ਦਾ ਜੋਤੀ ਜੋਤ ਸਮਾਉਣਾ

ਜਦ ਇਹ ਮੰਦ ਕੌਤਕ ਵਰਤ ਰਿਹਾ ਸੀ ਤਾਂ ਰਾਤ ਆ ਪਈ ਅਤੇ ਗੁਰੂ ਅਰਜਨ ਦੇਵ ਜੀ, ਉਨ੍ਹਾਂ ਦੀ ਮਾਤਾ ਜੀ, ਭਾਈ ਬੁੱਢਾ ਜੀ ਅਤੇ ਸਾਰੇ ਸਿੱਖ ਗੁਰੂ ਰਾਮ ਦਾਸ ਜੀ ਨੂੰ ਨਮਸਕਾਰ ਕਰਨ ਗਏ। ਗੁਰੂ ਰਾਮ ਦਾਸ ਜੀ ਨੇ ਬਚਨ ਕੀਤਾ ਕਿ ਅਸੀਂ ਸਦਾ ਲਈ ਤੁਹਾਡੇ ਪਾਸ ਨਹੀਂ ਰਹਿ ਸਕਦੇ, ਸਾਡਾ ਅੰਤ ਸਮਾਂ ਨੇੜੇ ਆ ਰਿਹਾ ਹੈ। ਅਸੀਂ ਗੋਇੰਦਵਾਲ ਜਾਕੇ ਜੋਤੀ ਜੋਤ ਸਮਾਵਾਂਗੇ। ਗੁਰੂ ਜੀ ਦੇ ਤੁਰਨ ਸਮੇਂ ਸਿੱਖਾਂ ਦੀ ਇਤਨੀ ਭੀੜ ਉਨ੍ਹਾਂ ਦੇ ਆਲੇ-ਦੁਆਲੇ ਇਕੱਠੀ ਹੋ ਗਈ ਕਿ ਉਨ੍ਹਾਂ ਲਈ ਗੁਰੂ ਜੀ ਦਾ ਦੀਦਾਰ ਕਰਨਾ ਵੀ ਕਠਨ ਹੋ ਗਿਆ। ਮਹਾਰਾਜ ਨੇ ਸਿੱਖਾਂ ਨੂੰ ਵਿਛੜਨ ਸਮੇਂ ਅਮੋਲਕ ਸਿਖਿਆ ਦੇ ਕੁਝ ਸ਼ਬਦ ਕਹੇ ਅਤੇ ਗੁਰੂ ਅਰਜਨ ਦੇਵ ਜੀ ਨੂੰ ਨਾਲ ਲੈਕੇ ਗੋਇੰਦਵਾਲ ਨੂੰ ਤੁਰ ਪਏ।

ਗੋਇੰਦਵਾਲ ਪਹੁੰਚ ਕੇ ਗੁਰੂ ਰਾਮ ਦਾਸ ਜੀ ਨੇ ਬਾਵਲੀ ਵਿੱਚ ਇਸ਼ਨਾਨ ਕੀਤਾ ਅਤੇ ਮੋਹਨ ਅਤੇ ਬਾਬਾ ਮੋਹਰੀ ਜੀ ਆਪਣੇ ਦੋਹਾਂ ਸੰਬੰਧੀਆਂ ਨੂੰ ਮਿਲੇ। ਦੂਜੇ ਦਿਨ ਗੁਰੂ ਜੀ ਨੇ ਇਕ ਵੱਡਾ ਯਗ ਕੀਤਾ, ਜਿਸ ਵਿੱਚ ਸਭ ਨੇ ਰੱਜ ਕੇ ਭੋਜਨ ਛਕਿਆ। ਉਸ ਤੋਂ ਅਗਲੇ ਦਿਨ ਅੰਮ੍ਰਿਤ ਵੇਲੇ ਗੁਰੂ ਜੀ ਨੇ ਫਿਰ ਇਸ਼ਨਾਨ ਕੀਤਾ, ਅਤੇ ਜਪੁਜੀ ਦੇ ਮੂਲ ਮੰਤਰ ਅਤੇ ਆਸਾ ਦੀ ਵਾਰ ਦਾ ਪਾਠ ਕਰਕੇ ਆਪਣਾ ਧਿਆਨ ਗੁਰੂ ਅਮਰਦਾਸ ਜੀ ਵੱਲ ਲਾਇਆ। ਜਦੋਂ ਦਿਨ ਚੜ੍ਹਿਆ ਅਤੇ ਉਨ੍ਹਾਂ ਦੀ ਭਜਨ ਬੰਦਗੀ ਸੰਪੂਰਨ ਹੋ ਗਈ ਤਾਂ ਮਹਾਰਾਜ ਨੇ ਆਪਣੇ ਸਿੱਖਾਂ ਦੀ ਸੌਂਪਣਾ ਗੁਰੂ ਅਰਜਨ ਦੇਵ ਜੀ ਨੂੰ ਕੀਤੀ। ਗੁਰੂ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਅੰਮ੍ਰਿਤਸਰ ਦੇ ਸਰੋਵਰਾਂ ਦੇ ਸੰਪੂਰਨ ਕਰਨ ਲਈ ਬਚਨ ਕੀਤਾ ਅਤੇ ਸਿੱਖੀ ਦੇ ਮੁੱਢਲੇ ਨਿਯਮ ਫਿਰ ਦਸਕੇ ਹੁਕਮ ਕੀਤਾ ਕਿ ਇਨ੍ਹਾਂ ਤੇ ਸਦਾ ਚਲਣਾ।

ਜਦ ਬੀਬੀ ਭਾਨੀ ਜੀ ਨੇ ਜਾਣਿਆ ਕਿ ਇਹ ਹੁਕਮ ਮੇਰੇ ਪਤੀ ਜੀ ਦੇ ਜੋਤੀ ਜੋਤ ਸਮਾਉਣ ਦੀਆਂ ਨਿਸ਼ਾਨੀਆਂ ਹਨ ਤਾਂ ਉਨ੍ਹਾਂ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਮੈਨੂੰ ਆਪਣੇ ਅੰਤਮ ਸਫਰ ਵਿੱਚ ਆਪਣੇ ਨਾਲ ਹੀ ਲੈ ਚਲੋ। ਗੁਰੂ ਜੀ ਨੇ ਹੁਕਮ ਕੀਤਾ ਕਿ ਤੁਸੀਂ ਕੁਝ ਦਿਨਾਂ ਲਈ ਇਸ ਸੰਸਾਰ ਵਿੱਚ ਰਹੋ, ਫਿਰ ਤੁਸੀਂ ਸਾਨੂੰ ਮਿਲੋਗੇ। ਗੁਰੂ ਰਾਮਦਾਸ ਜੀ ਦੀ ਆਤਮਾ ਨੇ ਸੰਮਤ ੧੬੩੮ ਬਿ: ਮੁਤਾਬਕ ੧੫੮੧ ਈ: ਭਾਦੋਂ ਸੁਦੀ ਤੀਜ ਨੂੰ ਸਚ ਖੰਡ ਵਿੱਚ ਜਾ ਕੇ ਨਿਵਾਸ ਕੀਤਾ। ਮਥਰਾ ਭੱਟ ਨੇ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਣ ਤੇ ਹੇਠ ਲਿਖਿਆ ਸਵੱਈਆ ਉਚਾਰਣ ਕੀਤਾ—

ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ॥
ਹਰਿ ਸਿੰਘਾਸਨੁ ਦੀਅਉ ਸਿਰੀ ਗੁਰੁ ਤਹ ਬੈਠਾਯਉ॥
ਰਹਸੁ ਕੀਅਉ ਸੁਰ ਦੇਵ ਤੋਹਿ ਜਿਸੁ ਜਯ ਜਯ ਜੰਪਹਿ॥
ਅਸੁਰ ਗਏ ਤੇ ਭਾਗਿ ਪਾਪ ਤਿਨ ਭੀਤਰਿ ਕੰਪਹਿ॥
ਕਾਟੇ ਸੁ ਪਾਪ ਤਿਨ ਨਰਹੁ ਕੇ ਗੁਰੁ ਰਾਮਦਾਸੁ ਜਿਨ੍ਹ ਪਾਇਯਉ॥
ਛਤ੍ਰ ਸਿੰਘਾਸਨੁ ਪਿਰਥਮੀ ਗੁਰ ਅਰਜਨੁ ਕਉ ਆਇਆਉ॥ ੨॥੨੧॥੯॥

(ਆ: ਗ੍ਰੰ: ਪੰ: ੧੪੦੫)

ਜੀਵਨ ਕਥਾ
ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ
ਕਾਂਡ—42
ਜਨਮ, ਗੁਰ ਗੱਦੀ ਤੇ ਵਿਆਹ

ਗੁਰੂ ਅਰਜਨ ਦੇਵੀ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁਖੋਂ ਸੰਮਤ ੧੬੨੦ ਬਿ: ਮੁਤਾਬਕ ੧੫੬੩ ਈ: ਵਿਸਾਖ ਵਦੀ ਸਤਵੀਂ ਮੰਗਲਵਾਰ ਨੂੰ ਗੋਇੰਦਵਾਲ ਵਿਖੇ ਪ੍ਰਗਟ ਹੋਏ। ਅਸੀਂ ਪਹਿਲਾਂ ਗੁਰੂ ਅਮਰਦਾਸ ਜੀ ਦਾ ਆਪਣੇ ਦੋਹਤੇ ਗੁਰੂ ਅਰਜਨ ਦੇਵ ਜੀ ਨਾਲ ਅਤੇ ਗੁਰਿਆਈ ਦਾ ਵਰ ਦੇਣ ਸੰਬੰਧੀ ਇੱਕ ਸਾਖੀ ਵਰਨਣ ਕਰ ਚੁੱਕੇ ਹਾਂ। ਇੱਕ ਹੋਰ ਸਾਖੀ ਪ੍ਰਸਿੱਧ ਹੈ। ਗੁਰੂ ਅਰਜਨ ਦੇਵ ਜੀ ਬਾਲ ਅਵਸਥਾ ਸਮੇਂ ਇਕ ਦਿਨ ਗੁਰੂ ਅਮਰਦਾਸ ਜੀ ਦੇ ਪਲੰਘ ਪਾਸ ਚਲੇ ਗਏ ਜਦੋਂ ਮਹਾਰਾਜ ਬਿਸਰਾਮ ਕਰ ਰਹੇ ਸਨ। ਗੁਰੂ ਜੀ ਨੂੰ ਦੁਪਹਿਰ ਮਗਰੋਂ ਨੀਂਦ ਸਮੇਂ ਉਟਕਾਉਣਾ ਸਾਧਾਰਣ ਤੌਰ ਤੇ ਡਰ ਵਾਲੀ ਗੱਲ ਸਮਝੀ ਜਾਂਦੀ ਸੀ। ਬੀਬੀ ਭਾਨੀ ਜੀ ਨੇ ਜਦੋਂ ਬਾਲ ਨੂੰ ਨੇੜੇ-ਤੇੜੇ ਨ ਵੇਖਿਆ ਤਾਂ ਉਹ ਉਸਨੂੰ ਲਿਆਉਣ ਲਈ ਗਏ ਪਰ ਬਾਲ ਨੇ ਗੁਰੂ ਜੀ ਨੂੰ ਪਹਿਲਾਂ ਹੀ ਜਗਾ ਦਿੱਤਾ ਸੀ। ਗੁਰੂ ਜੀ ਫੁਰਮਾਉਣ ਲੱਗੇ : "ਇਹਨੂੰ ਸਾਡੇ ਪਾਸ ਆਉਣ ਦਿਉ, ਇਹ ਮੇਰਾ ਦੋਹਤਾ ਬਾਣੀ ਦਾ ਬੋਹਿਤਾ ਹੋਵੇਗਾ।" ਭਾਵ : ਇਹ ਸਾਡਾ ਦੋਹਤਾ ਮਨੁਖਾਂ ਨੂੰ ਸੰਸਾਰ ਸਾਗਰ ਤੋਂ ਪਾਰ ਲੰਘਾਣ ਲਈ ਜਹਾਜ਼ ਹੋਵੇਗਾ।

ਗੁਰੂ ਅਰਜਨ ਦੇਵ ਜੀ ਦਾ ਵਿਆਹ ਮਿਉ ਪਿੰਡ ਦੇ ਵਸਨੀਕ ਕ੍ਰਿਸ਼ਨ ਚੰਦ ਦੀ ਸਪੁਤਰੀ ਸ੍ਰੀ ਗੰਗਾ ਜੀ ਨਾਲ ਹੋਇਆ। ਮਿਉ ਪਿੰਡ ਅਜ ਕੱਲ੍ਹ ਦੇ ਜ਼ਿਲੇ ਜਲੰਧਰ ਦੀ ਤਹਿਸੀਲ ਫਲੌਰ ਵਿੱਚ ਹੈ।

ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਤੱਕ ਗੁਰੂ ਅਰਜਨ ਦੇਵ ਜੀ ਦੇ ਜੀਵਨ ਬਾਰੇ ਗੁਰੂ ਰਾਮਦਾਸ ਜੀ ਦੀ ਕਥਾ ਵਿੱਚ ਦੱਸਿਆ ਜਾ ਚੁੱਕਾ ਹੈ। ਇਹ ਯਾਦ ਹੋਵੇਗਾ ਕਿ ਚੌਥੀ ਪਾਤਸ਼ਾਹੀ ਗੋਇੰਦਵਾਲ ਵਿਖੇ ਜੋਤੀ-ਜੋਤ ਸਮਾਏ ਸਨ। ਗੁਰੂ ਜੀ ਦੇ ਜੋਤੀ ਸਮਾਉਣ ਮਗਰੋਂ ਗੁਰੂ ਅਰਜਨ ਦੇਵ ਜੀ ਸਮੇਂ ਮੋਹਰੀ ਜੀ ਨੇ, ਪੁਰਾਤਨ ਰੀਤੀ ਅਨੁਸਾਰ ਉਨ੍ਹਾਂ ਨੂੰ ਆਪਣੇ ਪਿਤਾ ਦੀ ਗੱਦੀ ਦਾ ਵਾਰਸ ਜਾਣ ਕੇ ਪੱਗ ਦਿੱਤੀ। ਪ੍ਰਿਥੀਏ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਸਚਖੰਡ ਨਿਵਾਸੀ ਗੁਰੂ ਰਾਮਦਾਸ ਦਾ ਵੱਡਾ ਪੁੱਤਰ ਮੈਂ ਹਾਂ, ਪੱਗ ਮੈਨੂੰ ਮਿਲਣੀ ਚਾਹੀਦੀ ਹੈ।

ਪ੍ਰਿਥੀਏ ਦਾ ਵਿਰੋਧ

ਗੁਰੂ ਅਰਜਨ ਦੇਵ ਜੀ ਨੇ ਪੱਗ ਪ੍ਰਿਥੀਏ ਨੂੰ ਦੇ ਦਿੱਤੀ ਅਤੇ ਆਪ ਅੰਮ੍ਰਿਤਸਰ ਚਲੇ ਗਏ। ਕੁਝ ਚਿਰ ਮਗਰੋਂ ਪ੍ਰਿਥੀਆ ਲਾਹੌਰ ਸੂਬੇ ਦੇ ਮਾਲ ਅਫਸਰ ਸੁਲਹੀ ਖਾਨ ਨੂੰ ਮਿਲਿਆ, ਪ੍ਰਿਥੀਆ ਬਾਦਸ਼ਾਹ ਪਾਸ ਇਹ ਫਰਿਆਦ ਕਰਨ ਦੀ ਤਿਆਰੀ ਕਰ ਰਿਹਾ ਸੀ ਕਿ ਮੈਨੂੰ ਛਡ ਕੇ ਗੁਰਿਆਈ ਮੇਰੇ ਛੋਟੇ ਭਰਾ ਨੂੰ ਦਿੱਤੀ ਗਈ ਹੈ। ਇਸ ਕੰਮ ਵਿੱਚ ਉਹਨੇ ਸੁਲਹੀ ਖਾਨ ਨੂੰ ਆਪਣਾ ਸਹਾਇਕ ਬਣਾ ਲਿਆ।

ਫਿਰ ਪ੍ਰਿਥੀਆ ਅੰਮ੍ਰਿਤਸਰ ਦੇ ਚੌਧਰੀਆਂ ਪਾਸ ਜਾ ਫਰਿਆਦੀ ਹੋਇਆ ਕਿ ਮੈਂ ਅਤੇ ਮੇਰਾ ਭਰਾ ਬਿਨਾ ਗੁਜ਼ਾਰੇ ਤੋਂ ਹਾਂ। ਚੌਧਰੀਆਂ ਨੇ ਗੁਰੂ ਅਰਜਨ ਦੇਵ ਜੀ ਪਾਸ ਇਸ ਸਬੰਧੀ ਬੇਨਤੀ ਕੀਤੀ। ਇਸ ਲਈ ਗੁਰੂ ਜੀ ਨੇ ਕੁਝ ਮਾਮਲਾ ਅਤੇ ਘਰਾਂ ਦੇ ਕਿਰਾਏ ਪ੍ਰਿਥੀਏ ਨੂੰ, ਅਤੇ ਪਾਸੀਆਂ ਦੇ ਚੌਂਕ ਦੀ ਚੁੰਗੀ ਆਪਣੇ ਦੂਜੇ ਭਰਾ ਮਹਾਂਦੇਵ ਜੀ ਨੂੰ ਬਖਸ਼ ਦਿੱਤੀ। ਆਪਣੇ ਨਿਰਬਾਹ ਲਈ ਕੇਵਲ ਸੇਵਕਾਂ ਦੀ ਪ੍ਰੇਮ ਨਾਲ ਲਿਆਂਦੀ ਹੋਈ ਭੇਟਾ ਹੀ ਰੱਖੀ।

ਜਿਹਾ ਅਸੀਂ ਲਿਖ ਆਏ ਹਾਂ ਕਿ ਗੁਰੂ ਅਮਰਦਾਸ ਜੀ ਦੇ ਸਮੇਂ ਹੀ ਉਨ੍ਹਾਂ ਦੇ ਜਵਾਈ ਜੇਠਾ ਜੀ ਨੇ, ਜਿਨ੍ਹਾਂ ਦਾ ਨਾਉਂ ਮਗਰੋਂ ਗੁਰੂ ਰਾਮਦਾਸ ਜੀ ਹੋਇਆ, ਸੰਤੋਖਸਰ, ਅੰਮ੍ਰਿਤਸਰ ਸਰੋਵਰਾਂ ਦੀ ਖੁਦਾਈ ਅਤੇ (ਅੰਮ੍ਰਿਤਸਰ) ਸ਼ਹਿਰ ਬਣਾਉਣਾ ਆਰੰਭ ਕੀਤਾ ਸੀ। ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਗੁਰੂ ਅਰਜਨ ਦੇਵ ਜੀ ਸਰੋਵਰਾਂ ਦੇ ਸੰਪੂਰਨ ਕਰਨ ਅਤੇ ਰਾਮਦਾਸਪੁਰ ਨੂੰ ਵਸਾਉਣ ਦੇ ਕੰਮ ਵਿੱਚ ਲੱਗ ਪਏ। ਗੁਰੂ ਜੀ ਹਰ ਰੋਜ਼ ਉਸ ਟਾਹਲੀ ਹੇਠਾਂ ਜਾ ਕੇ ਬੈਠਦੇ ਸਨ, ਜਿਸਦੇ ਹੇਠਾਂ ਗੁਰੂ ਰਾਮਦਾਸ ਜੀ ਬੈਠਦੇ ਸਨ ਅਤੇ ਕੰਮ ਦੀ ਨਿਗਰਾਨੀ ਕਰਦੇ ਸਨ।

ਜਦ ਸੰਤੋਖਸਰ ਦਾ ਤਾਲ ਪੂਰਾ ਹੋਣ ਤੇ ਆਇਆ ਤਾਂ ਲਿਖਿਆ ਹੈ, ਕਿ ਕੰਮ ਕਰਨ ਵਾਲਿਆਂ ਨੂੰ ਇਕ ਮੱਟ ਮਿਲਿਆ ਜਿਸ ਵਿੱਚ ਇੱਕ ਨਾਂਗਾ ਜੋਗੀ ਅਗਾਧ ਸਮਾਧੀ ਲਾਈ ਬੈਠਾ ਸੀ। ਗੁਰੂ ਅਰਜਨ ਦੇਵ ਜੀ ਨੇ ਉਸਨੂੰ ਬਸਤਰ ਪਵਾ ਕੇ ਹੋਸ਼ ਵਿੱਚ ਲਿਆਂਦਾ। ਉਸ ਜੋਗੀ ਨੂੰ ਝਸਿਆ ਅਤੇ ਉਸਦੇ ਸਵਾਸ ਜਿਹੜੇ ਦਸਵੇਂ ਦੁਆਰ ਚੜ੍ਹੇ ਹੋਏ ਸਨ, ਉਤਰੇ ਤੇ ਸਾਰੇ ਸ਼ਰੀਰ ਵਿੱਚ ਜਿੰਦ ਫਿਰ ਆਈ। ਜੋਗੀ ਨੇ ਆਪਣੀਆਂ ਅੱਖਾਂ ਖੋਹਲੀਆਂ ਅਤੇ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਆਸ ਪਾਸ ਖੜੋਤੇ ਵੇਖ ਕੇ ਪੁੱਛਿਆ : "ਤੁਸੀਂ ਕੌਣ ਹੋ ਅਤੇ ਅੱਜ ਕੱਲ੍ਹ ਕਿਸਦਾ ਰਾਜ ਹੈ ?" ਭਾਈ ਬੁਢਾ ਜੀ ਨੇ ਇਸ ਅਤੇ ਕਈ ਹੋਰ ਪ੍ਰਸ਼ਨਾਂ ਦੇ ਉੱਤਰ ਦਿੱਤੇ। ਗੁਰੂ ਜੀ ਨੇ ਜੋਗੀ ਨੂੰ ਪੁਛਿਆ ਕਿ ਤੂੰ ਇੰਨਾਂ ਚਿਰ ਧਰਤੀ ਦੇ ਥੱਲੇ ਜੀਉਂਦਾ ਕਿਵੇਂ ਲੁਕਿਆ ਰਿਹਾ ਹੈਂ ? ਜੋਗੀ ਨੇ ਉੱਤਰ ਦਿੱਤਾ : "ਮੈਂ ਆਪਣੇ ਗੁਰੂ ਨੂੰ ਪ੍ਰਸੰਨ ਕੀਤਾ ਸੀ ਤੇ ਉਸਨੇ ਮੈਨੂੰ ਇਥੇ ਅਗਾਧ ਸਮਾਧੀ ਵਿੱਚ ਪਏ ਰਹਿਣ ਦਾ ਵਿਸ਼ੇਸ਼ ਅਧਿਕਾਰ ਬਖਸ਼ਿਆ, ਉਸਨੇ ਬਚਨ ਕੀਤਾ ਸੀ ਕਿ ਗੁਰੂ ਅਰਜਨ ਦੇਵ ਜੀ ਦੇ ਆਉਣ ਤੱਕ ਸਮਾਧੀ ਵਿੱਚ ਰਹੋ ਅਤੇ ਗੁਰੂ ਜੀ ਤੈਨੂੰ ਉਠਾ ਕੇ ਮੁਕਤੀ ਬਖਸ਼ਣਗੇ।" ਤਾਂ ਜੋਗੀ ਨੇ ਗੁਰੂ ਜੀ ਨੂੰ ਕਿੰਨੇ ਸਾਰੇ ਪ੍ਰਸ਼ਨ ਕੀਤੇ ਅਤੇ ਮਹਾਰਾਜ ਨੇ ਹੇਠ ਲਿਖੇ ਸ਼ਬਦ ਦੁਵਾਰਾ ਉਨ੍ਹਾਂ ਦੇ ਉੱਤਰ ਦਿੱਤੇ—

ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥
ਸਾਂਗੁ ਉਤਾਰਿ ਥੰਮਿਓ ਪਾਸਾਰਾ॥ ਤਬ ਏਕੋ ਏਕੰਕਾਰਾ॥੧॥
ਕਵਨ ਰੂਪ ਦ੍ਰਿਸਟਿਓ ਬਿਨਸਾਇਓ॥
ਕਤਹਿ ਗਇਓ ਉਹੁ ਕਤ ਤੇ ਆਇਓ॥੧॥ ਰਹਾਉ॥
ਜਲ ਤੇ ਊਠਹਿ ਅਨਿਕ ਤਰੰਗਾ॥ ਕਨਿਕ ਭੂਖਨ ਕੀਨੇ ਬਹੁ ਰੰਗਾ॥
ਬੀਜੁ ਬੀਜਿ ਦੇਖਿਓ ਬਹੁ ਪਰ ਕਾਰਾ॥ ਫਲ ਪਾਕੇ ਤੇ ਏਕੰਕਾਰਾ॥੨॥
ਸਹਸ ਘਟਾ ਮਹਿ ਏਕੁ ਅਕਾਸੁ॥ ਘਟ ਫੂਟੇ ਤੇ ਓਹੀ ਪ੍ਰਗਾਸੁ॥
ਭਰਮ ਲੋਭ ਮੋਹ ਮਾਇਆ ਵਿਕਾਰ॥ ਭ੍ਰਮ ਛੂਟ ਤੇ ਏਕੰਕਾਰ॥੩॥
ਓਹੁ ਅਬਿਨਾਸੀ ਬਿਨਸਤ ਨਾਹੀ॥ ਨਾ ਕੋ ਆਵੈ ਨਾ ਕੋ ਜਾਹੀ॥
ਗੁਰਿ ਪੂਰੇ ਹਉਮੈ ਮਲੁ ਧੋਈ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ॥੪॥੧॥
(ਆ: ਗ੍ਰੰ: ਪੰ: ੭੩੬) (ਰਾਗੁ ਸੂਹੀ ਮਹਲਾ ੫ ਘਰੁ ੧)

ਕਹਿੰਦੇ ਹਨ ਕਿ ਇਹ ਸ਼ਬਦ ਸੁਣ ਕੇ ਜੋਗੀ ਦੇ ਸ਼ੰਕੇ ਨਵਿਰਤ ਹੋ ਗਏ ਅਤੇ ਉਸਨੂੰ ਬ੍ਰਹਮ-ਗਿਆਨ ਪ੍ਰਾਪਤ ਹੋਇਆ। ਸਿੱਖ ਇਤਿਹਾਸਕਾਰ ਦੇ ਕਥਨ ਅਨੁਸਾਰ ਜੋਗੀ ਨੇ ਫਿਰ ਆਪਣੀ ਦੇਹ ਇਸ ਤਰ੍ਹਾਂ ਤਿਆਗ ਦਿੱਤੀ ਜਿਸ ਤਰ੍ਹਾਂ ਸੱਪ ਆਪਣੀ ਕੁੰਜ ਛੱਡਦਾ ਹੈ ਅਤੇ ਗੁਰੂ ਜੀ ਦੀ ਕਿਰਪਾ ਨਾਲ ਉਸਨੇ ਮੁਕਤੀ ਪ੍ਰਾਪਤ ਕੀਤੀ। ਉਹ ਸਰੋਵਰ ਜਿਸ ਵਿਚੋਂ ਜੋਗੀ ਨਿਕਲਿਆ ਸੀ, ਪਹਿਲੀ ਫਗਣ ਸੰਮਤ ੧੬੪੫ ਬਿਕਰਮੀ ਮੁਤਾਬਕ ੧੫੮੮ ਈ: ਨੂੰ ਸੰਪੂਰਨ ਹੋਇਆ।

ਗੁਰੂ ਜੀ ਅੰਮ੍ਰਿਤਸਰ ਅਰਥਾਤ ਪਵਿੱਤਰ ਸਰੋਵਰ ਨੂੰ ਛੇਤੀ ਛੇਤੀ ਬਣਾਉਣ ਲੱਗ ਪਏ ਅਤੇ ਹਰਮਿੰਦਰ ਸਾਹਿਬ ਦੀ ਵਿਉਂਤ ਵੀ ਤਿਆਰ ਹੋ ਗਈ। ਮਹਾਰਾਜ ਨੇ ਆਪਣੇ ਸਭ ਤੋਂ ਵੱਧ ਭਰੋਸੇ ਵਾਲੇ ਸਿੱਖਾਂ—ਭਾਈ ਬੁਢਾ ਜੀ, ਭਾਈ ਸਾਲੋ, ਭਾਈ ਭਗਤੂ, ਭਾਈ ਪੈੜਾ, ਭਾਈ ਬਹਿਲੋ, ਭਾਈ ਕਲਿਆਨਾ ਜੀ ਆਦਿ ਨੂੰ ਕੰਮ ਕਰਾਉਣ ਅਤੇ ਚੂੰਨਾ, ਇਟਾਂ ਅਤੇ ਹੋਰ ਸਭ ਲੋੜਵੰਦਾ ਮਸਾਲਾ ਲਿਆਉਣ ਲਈ ਨਿਯਤ ਕਰ ਦਿੱਤਾ। (ਤਾਲ ਵਿਚੋਂ) ਮਿੱਟੀ ਕਢਣ ਦਾ ਸਾਰਾ ਕੰਮ ਗੁਰੂ ਰਾਮਦਾਸ ਜੀ ਦੇ ਸਮੇਂ ਸੰਮਤ ੧੬੩੪ ਬਿ: ਵਿੱਚ ਹੋ ਚੁੱਕਾ ਸੀ। ਕੰਢਿਆਂ ਦੀਆਂ ਦੀਵਾਰਾਂ ਅਤੇ ਫਰਸ਼ ਦਾ ਕੰਮ ਰਾਜਾਂ ਤੋਂ ਕਰਵਾਣਾ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਹਿੱਸੇ ਆਇਆ।

ਭਾਈ ਕਲਿਆਨੇ ਦਾ ਮੰਡੀ ਵਿੱਚ ਜਾਣਾ ਤੇ ਰਾਜੇ ਦਾ ਸਿੱਖ ਬਣਨਾ

ਇੱਕ ਦਿਨ ਗੁਰੂ ਜੀ ਨੇ ਦਰਬਾਰ ਵਿੱਚ ਬੈਠਿਆਂ ਫੁਰਮਾਇਆ ਕਿ ਕੰਮ ਸੰਪੂਰਨ ਕਰਨ ਲਈ ਹੋਰ ਮਾਇਆ ਦੀ ਲੋੜ ਹੈ ਅਤੇ ਸਿੱਖਾਂ ਨੂੰ ਕਿਹਾ ਪਹਾੜੀ ਰਾਜਿਆਂ ਪਾਸੋਂ ਧੰਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਭਾਈ ਕਲਿਆਨਾ ਜੀ ਕਹਿਣ ਲੱਗੇ ਕਿ ਮੈਂ ਬੜੀ ਪ੍ਰਸੰਨਤਾ ਨਾਲ ਗੁਰੂ ਜੀ ਦੀ ਇੱਛਾ ਅਨੁਸਾਰ ਇਹ ਕੰਮ ਕਰਨ ਨੂੰ ਤਿਆਰ ਹਾਂ। ਭਾਈ ਕਲਿਆਨਾ ਪਹਾੜ ਵਿੱਚ ਹਿੰਦੂ ਰਿਆਸਤ ਮੰਡੀ ਨੂੰ ਗਿਆ ਅਤੇ ਉਥੇ ਉਸਨੇ

ਰਿਹਾਇਸ਼ ਕੀਤੀ। ਮਗਰੋਂ ਉਸ ਦੇਸ ਦੀ ਸੁੰਦਰਤਾ ਨੂੰ ਪਸੰਦ ਕਰਕੇ ਉਥੇ ਹੀ ਟਿਕਣ ਦਾ ਫੈਸਲਾ ਕਰ ਲਿਆ। ਜਨਮ-ਅਸ਼ਟਮੀ (ਭਾਦਰੋਂ ਵਦੀ ਅਸ਼ਟਮੀ) ਨੂੰ ਕ੍ਰਿਸ਼ਨ ਜੀ ਮਹਾਰਾਜ ਦੀ ਵਰ੍ਹੇ ਗੰਢ ਸੀ; ਇਸ ਸਮੇਂ ਰਾਜੇ ਨੇ ਹੁਕਮ ਦਿੱਤਾ ਕਿ ਮੇਰੀ ਰਿਆਸਤ ਦੇ ਰਹਿਣ ਵਾਲੇ ਸਾਰੇ ਲੋਕ ਇਸ ਦਿਨ ਵਰਤ ਰਖਣ ਅਤੇ ਇਸ ਰਾਤ ਨੂੰ ਕੋਈ ਨ ਸਵੇਂ, ਸਗੋਂ ਜਗਰਾਤਾ ਰੱਖਣ ਅਤੇ ਆਪਣਾ ਸਮਾਂ 'ਕ੍ਰਿਸ਼ਨ, ਕ੍ਰਿਸ਼ਨ' ਜਪਣ ਵਿੱਚ ਹੀ ਬਤੀਤ ਕਰਨ। ਸਵੇਰੇ ਸਾਰੇ ਹੀ ਮੰਦਰ ਵਿੱਚ ਜਾਕੇ ਸਾਲਗਰਾਮ (ਠਾਕਰ) ਦੇ ਦਰਸ਼ਨ ਕਰਨ ਅਤੇ ਉਥੇ ਉਹ ਜਲ ਪੀ ਕੇ ਆਪਣਾ ਵਰਤ ਖੋਲ੍ਹਣ, ਜਿਸ ਵਿੱਚ ਸਾਲਗਰਾਮ ਨੂੰ ਇਸ਼ਨਾਨ ਕਰਾ ਦਿੱਤਾ ਗਿਆ ਹੋਵੇ।

ਇੱਕੋ ਭਾਈ ਕਲਿਆਨਾ ਹੀ ਸੀ ਜਿਸ਼ ਨੇ ਇਨ੍ਹਾਂ ਕਰੜੇ ਹੁਕਮਾਂ ਦੀ ਪਰਵਾਹ ਨਾ ਕੀਤੀ। ਉਸਨੇ ਨਾ ਵਰਤ ਰਖਿਆ, ਨਾ ਮੰਦਰ ਵਿੱਚ ਗਿਆ ਅਤੇ ਨਾ ਹੀ ਉਹ ਜਲ ਪੀਤਾ ਜਿਸ ਵਿੱਚ ਮੂਰਤੀ ਨੂੰ ਇਸ਼ਨਾਨ ਕਰਾਇਆ ਗਿਆ ਸੀ। ਰਾਜੇ ਦਾ ਹੁਕਮ ਨਾ ਮੰਨਣ ਕਾਰਣ ਉਸ ਉਤੇ ਕਈ ਪ੍ਰਸ਼ਨ ਕੀਤੇ ਗਏ ਜਿਨ੍ਹਾਂ ਦੇ ਉੱਤਰ ਵਿੱਚ ਭਾਈ ਕਲਿਆਣਾ ਜੀ ਨੇ ਕਿਹਾ: "ਮੇਰਾ ਵਾਹਿਗੁਰੂ ਜੀਵਤ ਰੂਪ ਵਿੱਚ ਹੈ, ਜਿਹੜਾ ਬੋਲਦਾ ਹੈ ਅਤੇ ਆਪਣੇ ਪੂਜਣ ਵਾਲਿਆਂ ਤੇ ਬਖ਼ਸ਼ੀਆਂ ਬਖਸ਼ਸ਼ਾਂ ਕਰਦਾ ਹੈ। ਨਿਰਜੀਵ ਪੱਥਰ ਦੀ ਪੂਜਾ ਵਿਅਰਥ ਹੈ। ਜੋ ਨਾ ਹੀ ਖਾਂਦਾ ਹੈ, ਨਾ ਬੋਲਦਾ ਹੈ, ਨਾ ਕੁਝ ਦਿੰਦਾ ਹੈ। ਇਹ ਸੱਚ ਹੈ ਕਿ ਤੁਸੀਂ ਕਦੀ-ਕਦੀ ਵਰਤ ਰਖਦੇ ਹੋ ਪਰ ਨਾਲ ਹੀ ਤੁਸੀਂ ਘੋਰ ਪਾਪਾਂ ਤੋਂ ਸੰਕੋਚ ਨਹੀਂ ਕਰਦੇ। ਮੇਰੇ ਗੁਰੂ ਦੇ ਸਿਖ ਥੋੜਾ ਖਾਂਦੇ ਹਨ ਅਤੇ ਇਸ ਤਰ੍ਹਾਂ ਉਹ ਸਦਾ ਹੀ ਵਰਤ ਰੱਖਦੇ ਹਨ। ਸਿੱਖ ਸਦਾ ਹੀ ਕਾਮ ਕ੍ਰੋਧ ਨੂੰ ਰੋਕਦੇ ਹਨ ਅਤੇ ਆਪਣੇ ਮਨ ਨੂੰ ਵਾਹਿਗੁਰੂ ਦੀ ਭਗਤੀ ਵਿੱਚ ਲਾਈ ਰੱਖਦੇ ਹਨ। ਫਿਰ ਭਾਈ ਕਲਿਆਣਾ ਜੀ ਨੇ ਗੁਰੂ ਅਰਜਨ ਦੇਵ ਜੀ ਦਾ ਹੇਠ ਲਿਖਿਆ ਸ਼ਬਦ ਪੜ੍ਹਿਆ :—

ਸਗਲੀ ਥੀਤਿ ਪਾਸਿ ਡਾਰਿ ਰਾਖੀ॥ ਅਸਟਮ ਥੀਤਿ ਗੋਵਿੰਦ ਜਨਮਾ ਸੀ॥੧॥
ਭਰਮਿ ਭੂਲੇ ਨਰ ਕਰਤ ਕਚਰਾਇਣ॥ ਜਨਮ ਮਰਣ ਤੇ ਰਹਤ ਨਾਰਾਇਣ॥੧॥ਰਹਾਉ॥
ਕਰਿ ਪੰਜੀਰੁ ਖਵਾਇਓ ਚੋਰ॥ ਓਹੁ ਜਨਮਿ ਨ ਮਰੈ ਰੇ ਸਾਕਤ ਢੋਰ॥੨॥
ਸਗਲ ਪਰਾਧ ਦੇਹਿ ਲੋਰੋਨੀ॥ ਸੁ ਮੁਖੁ ਜਲਉ ਜਿਤੁ ਕਹਹਿ ਠਾਕੁਰ ਜੋਨੀ॥੩॥
ਜਨਮਿ ਨ ਮਰੈ ਨ ਆਵੈ ਨ ਜਾਇ॥ ਨਾਨਕ ਕਾ ਪ੍ਰਭੁ ਰਹਿਓ ਸਮਾਇ॥੪॥੧॥

(ਆ: ਗ੍ਰੰ: ਪੰ: ੧੧੭੬)

(ਭੈਰਉ ਮਹਲਾ ੫ ਘਰੁ ੧)

ਇਹ ਸੁਣਕੇ ਸਾਰੇ ਲੋਕੀ ਹੱਸ ਪਏ ਅਤੇ ਕਲਿਆਣਾ ਦੇ ਕਥਨ ਬਾਰੇ ਨੁਕਤਾਚੀਨੀ ਕਰਨ ਲੱਗੇ। ਭਾਈ ਕਲਿਆਨਾ ਜੀ ਦੀਆਂ ਕਹੀਆਂ ਹੋਈਆਂ ਗੱਲਾਂ ਦੀ ਸਾਰੇ ਸ਼ਹਿਰ ਵਿੱਚ ਚਰਚਾ ਹੋਣ ਲੱਗੀ ਅਤੇ ਰਾਜੇ ਨੂੰ ਵੀ ਖਬਰ ਕੀਤੀ ਗਈ ਕਿ ਰਿਆਸਤ ਵਿੱਚ ਇੱਕ ਪਰਦੇਸੀ ਆਇਆ ਹੈ ਜਿਸਨੇ ਸਾਲਗਰਾਮ ਦੀ ਨਿਰਾਦਰੀ ਵਿੱਚ ਬਚਨ ਬੋਲੇ ਹਨ ਅਤੇ ਉਸ ਨੂੰ ਪਥਰ ਕਿਹਾ ਹੈ। ਉਸ ਆਦਮੀ ਨੇ ਕ੍ਰਿਸ਼ਨ ਮਹਾਰਾਜ ਦੀ ਪਵਿੱਤਰ ਵਰ੍ਹੇ ਗੰਢ ਵਾਲੇ ਦਿਨ ਵਰਤ ਵੀ ਨਹੀਂ ਰੱਖਿਆ। ਇਹ ਸੁਣਕੇ ਰਾਜੇ ਨੂੰ ਬੜਾ ਕ੍ਰੋਧ ਆਇਆ ਅਤੇ

ਭਾਈ ਕਲਿਆਣਾ ਜੀ ਨੂੰ ਬੁਲਾਉਣ ਲਈ ਤੁਰਤ ਇੱਕ ਅਰਦਲੀ ਭੇਜ ਦਿੱਤਾ। ਜਦ ਭਾਈ ਕਲਿਆਣਾ ਜੀ ਰਾਜੇ ਪਾਸ ਪੁਜੇ ਤਾਂ ਰਾਜੇ ਨੇ ਅਭਿਮਾਨ ਅਤੇ ਕ੍ਰੋਧ ਭਰੀ ਆਵਾਜ਼ ਨਾਲ ਭਾਈ ਕਲਿਆਣਾ ਜੀ ਪਾਸੋਂ ਪੁਛਿਆ ਕਿ ਤੂੰ ਦਸ: "ਤੇਰਾ ਘਰ ਕਿਥੇ ਹੈ ? ਤੇਰਾ ਧਰਮ ਕਿਹੜਾ ਹੈ, ਅਤੇ ਤੇਰੇ ਗੁਰੂ ਦਾ ਕੀ ਨਾਉਂ ਹੈ ?"

ਭਾਈ ਕਲਿਆਨਾ ਜੀ ਨੇ ਉੱਤਰ ਦਿੱਤਾ :—"ਮਹਾਰਾਜ ਗੁਰੂ ਨਾਨਕ ਦੇਵ ਜੀ—ਜਿਹੜੇ ਜਗਤ ਵਿੱਚ ਬੜੇ ਪ੍ਰਸਿੱਧ ਹੋਏ ਹਨ—ਦੇ ਸਿੰਘਾਸਨ ਉੱਤੇ ਅੱਜ ਕੱਲ ਪਵਿੱਤਰ ਤੇ ਪੂਰਨ ਗੁਰੂ ਅਰਜਨ ਦੇਵ ਜੀ ਮਹਾਰਾਜ ਬਿਰਾਜਮਾਨ ਹਨ। ਅਸੀਂ ਉਨ੍ਹਾਂ ਦੇ ਸਿੱਖ ਹਾਂ ਤੇ ਉਨ੍ਹਾਂ ਪਾਸੋਂ ਆਪਣੇ ਸਾਰੇ ਮਨੋਰਥ ਪੂਰੇ ਕਰਦੇ ਹਾਂ। ਗੁਰੂ ਜੀ ਸਾਨੂੰ ਉਹ ਉਪਦੇਸ਼ ਦਿੰਦੇ ਹਨ, ਜਿਸ ਨਾਲ ਇਸ ਲੋਕ ਵਿੱਚ ਅਤੇ ਅੱਗੇ ਲਈ ਵੀ ਸੁਖ ਮਿਲਦਾ ਹੈ। ਅਸੀਂ ਸਦਾ ਉਨ੍ਹਾਂ ਦੀ ਬਾਣੀ ਪੜ੍ਹਦੇ ਹਾਂ, ਜਿਸ ਕਰਕੇ ਅਸੀਂ ਪੱਥਰਾਂ ਦਾ ਸਤਿਕਾਰ ਨਹੀਂ ਕਰਦੇ, ਜਿਹੜੇ ਨਾ ਵੇਖਦੇ ਹਨ, ਨਾ ਸੁਣਦੇ ਹਨ, ਨਾ ਹੀ ਬੋਲਦੇ ਹਨ। ਭਲਾ ਪੱਥਰ ਨੂੰ ਕਿਵੇਂ ਪ੍ਰਸੰਨ ਕੀਤਾ ਜਾ ਸਕਦਾ ਹੈ ਅਤੇ ਉਸਨੂੰ ਪੂਜਣ ਨਾਲ ਅਸੀਂ ਕੀ ਲਾਭ ਪ੍ਰਾਪਤ ਕਰ ਸਕਦੇ ਹਾਂ ? ਵਾਹਿਗੁਰੂ, ਜਿਹੜਾ ਸਾਡਾ ਜੀਵਨ ਹੈ ? ਜਿਸਦੇ ਆਸਰੇ ਅਸੀਂ ਰਹਿੰਦੇ ਹਾਂ ਅਤੇ ਜਿਹੜਾ ਸਾਡੇ ਸਾਰਿਆਂ ਉੱਤੇ ਸਦਾ ਮਿਹਰਾਂ ਕਰਦਾ ਹੈ। ਉਸ ਵਾਹਿਗੁਰੂ ਨੂੰ ਤੁਸੀਂ ਪੱਥਰ ਖਿਆਲ ਕਰਦੇ ਹੋ। ਵਾਹਿਗੁਰੂ, ਜਿਹੜਾ ਜਲ ਥਲ ਵਿੱਚ ਪਸਰਿਆ ਹੋਇਆ ਹੈ, ਜਿਹੜਾ ਇੱਥੇ ਅਤੇ ਅੱਗੇ ਲਈ ਸੁਖ ਬਖਸ਼ਦਾ ਹੈ, ਜਿਹੜਾ ਜੀਵ ਅਤੇ ਨਿਰਜੀਵ ਸ੍ਰਿਸ਼ਟੀ ਵਿਚ ਸਮਾਇਆ ਹੋਇਆ ਹੈ, ਜਿਹੜਾ ਭੂਤ, ਭਵਿਖਤ ਅਤੇ ਵਰਤਮਾਨ ਵਿੱਚ ਹੈ, ਜਿਹੜਾ ਤਿੰਨਾਂ ਲੋਕਾਂ ਵਿੱਚ ਸਭ ਤੋਂ ਵੱਡਾ ਹੈ ਅਤੇ ਜਿਸਦੇ ਤੁਲ ਕੋਈ ਵੀ ਨਹੀਂ, ਉਸ ਵਾਹਿਗੁਰੂ ਨੂੰ ਤੁਸੀਂ ਇੱਕ ਨਿਰਜੀਵ ਚੀਜ਼ ਖਿਆਲ ਕਰਦੇ ਹੋ। ਉਹ ਤੁਹਾਡੇ ਨਾਲ ਕਿਵੇਂ ਪ੍ਰਸੰਨ ਹੋ ਸਕਦਾ ਹੈ, ਜਦ ਕਿ ਤੁਸੀਂ ਉਸ ਨਾਲ ਅਜਿਹਾ ਨਿਰਾਦਰੀ ਵਾਲਾ ਵਰਤਾਉ ਕਰਦੇ ਹੋ।[1]

ਰਾਜੇ ਨੇ ਭਾਈ ਕਲਿਆਣਾ ਜੀ ਨੂੰ ਅਜਿਹਾ ਹੱਠੀ ਵੇਖ ਕੇ ਹੁਕਮ ਦਿੱਤਾ ਕਿ ਇਸ ਨੂੰ ਕੈਦ ਕਰ ਦਿੱਤਾ ਜਾਵੇ। ਦੂਜੇ ਦਿਨ ਭਾਈ ਜੀ ਨੂੰ ਫੇਰ ਪੇਸ਼ ਕੀਤਾ ਗਿਆ ਅਤੇ ਹੁਕਮ ਦਿੱਤਾ ਗਿਆ ਕਿ ਮੂਰਤੀ ਅੱਗੇ ਮੱਥਾ ਟੇਕੋ। ਭਾਈ ਕਲਿਆਨਾ ਨੇ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਮੇਰੇ ਸਾਲਗਰਾਮ ਗੁਰੂ ਅਰਜਨ ਦੇਵ ਜੀ ਹਨ। ਰਾਜੇ ਨੇ ਫਿਰ ਹੁਕਮ ਕੀਤਾ ਕਿ

1. ਇਸ ਸਿਖਿਆ ਨਾਲ ਅੱਜ ਕੱਲ ਦੇ ਕਈ ਅਗਿਆਨ ਤੇ ਬੁਤ ਪੂਜਕ ਸਿੱਖਾਂ ਦੇ ਵਤੀਰੇ ਦਾ ਟਾਕਰਾ ਕਰਕੇ ਵੇਖੋ। ਸ: ਕਾਹਨ ਸਿੰਘ ਜੀ ਨਾਭੇ ਵਾਲੇ ਗੁਰਮਤਿ ਸੁਧਾਕਰ ਵਿੱਚ ਲਿਖਦੇ ਹਨ ਕਿ ਕਈ ਸ਼ਿਵ ਦੁਆਲਿਆਂ ਵਿੱਚ ਜਾਂਦੇ ਹਨ ਤੇ ਉਥੇ ਬਕਰੀ ਵਾਂਗ ਮਿਆਂਕਦੇ ਹਨ। ਉਹ ਵਿਸ਼ਨੂੰ ਦੇ ਮੰਦਰ ਵਿੱਚ ਜਾਂਦੇ ਹਨ ਤੇ ਉਥੇ ਤੁਲਸੀ ਦੇ ਪੱਤਰ ਚੂਸਦੇ ਹਨ ਜੋ ਕਿ ਹਿੰਦੂਆਂ ਦੀ ਨਜ਼ਰ ਵਿੱਚ ਬੜੀ ਪਵਿੱਤਰ ਬੂਟੀ ਹੈ ਅਤੇ ਜਿਸ ਪਾਣੀ ਵਿਚ ਬੁਤਾਂ ਨੂੰ ਨਹਾਉਂਦੇ ਹਨ ਉਹ ਚਰਨਾਮ੍ਰਿਤ ਲੈ ਕੇ ਪੀਂਦੇ ਹਨ। ਉਹ ਦੁਰਗਾ ਦੇ ਮੰਦਰ ਵਿੱਚ ਜਾਂਦੇ ਹਨ ਅਤੇ ਉਥੇ ਬਕਰਿਆਂ ਦੀਆਂ ਕੁਰਬਾਨੀਆਂ ਦਿੰਦੇ ਹਨ। ਦੇਵੀ ਮਾਤਾ ਦੀਆਂ ਪਵਿੱਤਰ ਕੀਤੀਆਂ ਹੋਇਆਂ ਲਾਲ ਤੇ ਪੀਲੀਆਂ ਮਾਲਾ ਪਾਂਦੇ ਹਨ। ਉਹ ਮੁਸਲਮਾਨਾਂ ਦੀਆਂ ਦਰਗਾਹਾਂ ਤੇ ਕਬਰਾਂ ਨੂੰ ਪੂਜਣ ਲਈ ਵੀ ਜਾਂਦੇ ਹਨ ਉਥੇ ਦੀਵੇ ਜਗਾਂਦੇ ਤੇ ਮਠਿਆਈਆਂ ਆਕੇ ਚੜ੍ਹਾਂਦੇ ਹਨ ਜਿਵੇਂ ਕਿ ਕਈ ਮੂਰਖ ਮੁਸਲਮਾਨ ਕਰਦੇ ਹਨ।

ਡੰਡ ਦੇ ਤੌਰ ਤੇ ਇਸ ਦੀ ਇੱਕ ਲੱਤ ਵੱਢ ਦਿਓ ਅਤੇ ਦੇਸ ਵਿਚੋਂ ਕੱਢ ਦਿਉ। ਇਸ ਹੁਕਮ ਦੇਣ ਮਗਰੋਂ ਰਾਜੇ ਨੂੰ ਗੱਸ਼ ਪੈ ਗਈ। ਇਸ ਕਰਕੇ ਉਸ ਹੁਕਮ ਨੂੰ ਅਮਲ ਵਿਚ ਲਿਆਉਣ ਤੋਂ ਰੋਕ ਲਿਆ। ਰਾਜੇ ਨੂੰ ਹੋਸ਼ ਵਿੱਚ ਲਿਆਉਣ ਲਈ ਜੋ ਦਵਾਈ ਵੀ ਕਿਸੇ ਨੂੰ ਪਤਾ ਸੀ ਵਰਤੀ ਗਈ, ਪਰ ਕੋਈ ਲਾਭ ਨਾ ਹੋਇਆ। ਰਾਜੇ ਦੇ ਸਿਆਣੇ-ਸਿਆਣੇ ਦਰਬਾਰੀ ਸਾਫ ਕਹਿਣ ਲੱਗ ਪਏ ਕਿ ਇਸ ਪਰਦੇਸੀ ਮਹਾਂ ਪੁਰਸ਼ ਨੂੰ ਦੁਖ ਦੇਣ ਕਰਕੇ ਹੀ ਇਹ ਸਿੱਟਾ ਨਿਕਲਿਆ ਹੈ। ਡੰਡ ਦੇਣ ਦੀ ਥਾਂ ਸਗੋਂ ਉਸਦਾ ਸਤਿਕਾਰ ਤੇ ਆਉ ਭਗਤ ਕਰਕੇ ਪ੍ਰਾਹੁਣਚਾਰੀ ਕਰਨੀ ਚਾਹੀਦੀ ਹੈ।

ਇਸ ਤਰ੍ਹਾਂ ਦੀ ਨੇਕ ਸਲਾਹ ਮੰਨੀ ਗਈ ਅਤੇ ਭਾਈ ਕਲਿਆਣੇ ਨੂੰ ਰਾਜੇ ਦੇ ਬਿਸਤਰੇ ਕੋਲ ਬੁਲਾ ਲਿਆ ਗਿਆ। ਭਾਈ ਕਲਿਆਨਾ ਜੀ ਨੇ ਕਿਹਾ ਕਿ ਮੈਂ ਰਾਜੇ ਨੂੰ ਰਾਜ਼ੀ ਕਰ ਸਕਦਾ ਹਾਂ, ਜੇਕਰ ਇਹ ਗੁਰੂ ਜੀ ਤੇ ਨਿਸਚਾ ਲਿਆਉਣ ਦਾ ਭਰੋਸਾ ਦਿਵਾਵੇ ਅਤੇ ਉਨ੍ਹਾਂ ਦਾ ਸਿੱਖ ਬਣ ਜਾਵੇ ਨਹੀਂ ਤਾਂ ਮੇਰੇ ਵਿੱਚ ਰਾਜ਼ੀ ਕਰਨ ਦੀ ਕੋਈ ਸ਼ਕਤੀ ਨਹੀਂ। ਰਾਜੇ ਵਲੋਂ ਮੰਤ੍ਰੀਆਂ ਨੇ ਭਰੋਸਾ ਦਿੱਤਾ ਕਿ ਰਾਜਾ ਉਸੇ ਤਰ੍ਹਾਂ ਹੀ ਕਰੇਗਾ ਜਿਵੇਂ ਤੁਹਾਡੀ ਇੱਛਾ ਹੈ। ਤਾਂ ਭਾਈ ਕਲਿਆਣਾ ਜੀ ਖੜੇ ਹੋ ਗਏ ਤੇ ਉਨ੍ਹਾਂ ਨੇ ਦੇਵੇਂ ਹਥ ਜੋੜ ਕੇ ਰਾਜੇ ਦੀ ਜਾਨ ਬਖਸ਼ਣ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ। ਜਿਸ ਵੇਲੇ ਭਾਈ ਕਲਿਆਣਾ ਜੀ ਇਉਂ ਅਰਦਾਸ ਕਰ ਰਹੇ ਸਨ ਤਾਂ ਰਾਜੇ ਨੂੰ ਹੋਸ਼ ਆ ਗਈ। ਜਦ ਰਾਜੇ ਨੇ ਭਾਈ ਕਲਿਆਣਾ ਜੀ ਨੂੰ ਆਪਣੇ ਸਾਹਮਣੇ ਖੜੋਤਾ ਹੋਇਆ ਉਸਦਾ ਇਲਾਜ ਕਰਦਿਆਂ ਵੇਖਿਆ ਤਾਂ ਹੁਕਮ ਦਿੱਤਾ ਕਿ ਇਸ ਨੂੰ ਮੇਰੇ ਮਹਲ ਵਿੱਚ ਨਿਵਾਸ ਕਰਾਉ ਅਤੇ ਹਰ ਤਰ੍ਹਾਂ ਦੇ ਆਦਰ ਮਾਣ ਵਾਲਾ ਵਰਤਾ ਕਰੋ।

ਜਦ ਰਾਜਾ ਪੂਰੀ ਤਰ੍ਹਾਂ ਰਾਜ਼ੀ ਹੋ ਗਿਆ ਤਾਂ ਉਸਨੇ ਭਾਈ ਕਲਿਆਣੇ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਗੁਰੂ ਜੀ ਪਾਸ ਲੈ ਚਲੋ। ਰਾਜਾ ਆਪਣੀਆਂ ਰਾਣੀਆਂ, ਦਾਸੀਆਂ ਅਤੇ ਸੈਨਾ ਸਮੇਤ ਅੰਮ੍ਰਿਤਸਰ ਆਇਆ ਤੇ ਸ਼ਹਿਰ ਦੇ ਬਾਹਰ ਤੰਬੂ ਲਾ ਲਏ। ਭਾਈ ਕਲਿਆਣਾ ਜੀ ਨੇ ਗੁਰੂ ਜੀ ਪਾਸ ਜਾ ਕੇ ਰਾਜੇ ਦੇ ਆਉਣ ਦੀ ਖਬਰ ਪਹੁੰਚਾਈ ਅਤੇ ਉਹ ਸਾਰਾ ਹਾਲ ਵੀ ਦੱਸਿਆ ਜਿਸ ਨੇ ਰਾਜੇ ਨੂੰ ਇਥੇ ਲਿਆਂਦਾ। ਦੂਜੇ ਦਿਨ ਰਾਜਾ ਕੇਵਲ ਆਪਣੇ ਚੋਬਦਾਰਾਂ ਨੂੰ ਨਾਲ ਲੈ ਕੇ ਗੁਰੂ ਜੀ ਦੇ ਦਰਸ਼ਨ ਨੂੰ ਤੁਰ ਕੇ ਗਿਆ। ਗੁਰੂ ਜੀ ਦੀ ਹਜ਼ੂਰੀ ਵਿੱਚ ਜਾ ਕੇ ਰਾਜੇ ਨੇ ਆਪਣਾ ਸਿਰ ਗੁਰੂ ਜੀ ਦੇ ਚਰਨਾਂ ਉੱਤੇ ਰੱਖਿਆ ਅਤੇ ਬੇਨਤੀ ਕੀਤੀ ਕਿ ਮੈਂ ਹੁਣ ਆਪ ਦੀ ਸ਼ਰਨ ਆਇਆ ਹਾਂ ਮੈਨੂੰ ਬਖਸ਼ ਲਵੋ। ਗੁਰੂ ਜੀ ਨੇ ਉਸ ਨੂੰ ਧਰਮ ਦਾ ਉਪਦੇਸ਼ ਦਿੱਤਾ, ਜਿਸ ਨਾਲ ਰਾਜੇ ਨੂੰ ਆਪਣੀਆਂ ਪਿਛਲੀਆਂ ਭੁਲਾਂ ਦਾ ਪਤਾ ਲੱਗ ਗਿਆ। ਗੁਰੂ ਜੀ ਨੇ ਹੁਕਮ ਕੀਤਾ ਕਿ ਤਿੰਨ ਦਿਨ ਸਾਡੇ ਪਾਸ ਹੀ ਰਹੋ ਅਤੇ ਇਸ ਤੋਂ ਤੈਨੂੰ ਫੱਲ ਪ੍ਰਾਪਤ ਹੋਵੇਗਾ। ਰਾਜੇ ਨੇ ਤਿੰਨ ਦਿਨ ਲਈ ਉਥੇ ਠਹਿਰਨਾ ਮੰਨ ਲਿਆ ਅਤੇ ਗੁਰੂ ਜੀ ਦੇ ਲੰਗਰ ਵਿਚੋਂ ਪ੍ਰਸ਼ਾਦਾ ਵੀ ਛਕਿਆ। ਤਿੰਨਾਂ ਦਿਨੰ ਮਗਰੋਂ ਰਾਜਾ ਗੁਰੂ ਜੀ ਪਾਸੋਂ ਵਿਦਾ ਹੋਇਆ ਅਤੇ ਆਪਣੇ ਸਾਰੇ ਸਾਥੀਆਂ ਸਮੇਤ ਮੁੜ ਆਪਣੇ ਰਾਜ ਵਿੱਚ ਆ ਗਿਆ।

ਭਾਈ ਮੰਝ ਦੀ ਸਾਖੀ

ਇਕ ਭਾਈ ਮੰਢ ਨਾਮ ਦੇ ਸਿੱਖ ਸੀ ਸਾਖੀ ਸੁਣਾਈ ਜਾਂਦੀ ਹੈ, ਜਿਹੜਾ ਪਹਿਲਾਂ ਸਖੀ ਸਰਵਰ ਦਾ ਬੜਾ ਪੱਕਾ ਸ਼ਰਧਾਲੂ ਸੀ। ਸਖੀ ਸਰਵਰ ਇੱਕ ਮੁਸਲਮਾਨ ਪੀਰ ਸੀ ਤੇ ਇਸ ਦਾ ਮਕਬਰਾ ਬਲੋਚਿਸਤਾਨ ਦੀ ਹੱਦ ਉੱਤੇ ਹੈ। ਭਾਈ ਮੰਝ ਨੇ ਗੁਰੂ ਜੀ ਦਾ ਜਸ ਅਤੇ ਉਨ੍ਹਾਂ ਦੀ ਬਾਣੀ ਦਾ ਪਾਠ ਸੁਣਿਆ। ਉਸ ਦੇ ਦਿਲ ਵਿੱਚ ਗੁਰੂ ਜੀ ਦੇ ਦਰਸ਼ਨ ਕਰਨ ਦੀ ਬੜੀ ਲਾਲਸਾ ਲੱਗ ਗਈ ਸੀ। ਜਦ ਭਾਈ ਮੰਝ ਨੂੰ ਇਹ ਦਾਨ ਪ੍ਰਾਪਤ ਹੋਇਆ ਤਾਂ ਉਸਨੇ ਗੁਰੂ ਜੀ ਅੱਗੇ ਹੇਠ ਲਿਖੀਆਂ ਬੇਨਤੀਆਂ ਕੀਤੀਆਂ—

"ਹੇ ਸਤਿਗੁਰੂ ਜੀ, ਮੇਰੇ ਤਿੰਨ ਪਾਪ ਦੂਰ ਕਰੋ, ਮੈਨੂੰ ਆਪਣਾ ਸਿੱਖ ਬਣਾਉ ਅਤੇ ਮੈਨੂੰ ਆਪਣਾ ਸੇਵਕ ਜਾਣ ਕੇ ਮੇਰੀ ਗਤੀ ਕਰੋ ਅਤੇ ਚੁਰਾਸੀ ਦੇ ਦੁਖਾਂ ਤੋਂ ਮੇਰਾ ਛੁਟਕਾਰਾ ਕਰਾਉ।"

ਗੁਰੂ ਜੀ ਕਹਿਣ ਲੱਗੇ : "ਤੂੰ ਸਖੀਸਰਵਰ ਨੂੰ ਆਪਣਾ ਪੀਰ ਬਣਾਇਆ ਹੋਇਆ ਹੈ, ਉਸਦਾ ਰਾਹ ਸੌਖਾ ਹੈ। ਇਸ ਦੇ ਉਲਟ ਸਿੱਖੀ ਬੜੀ ਕਠਨ ਹੈ। ਇਸ ਵਿੱਚ ਪੈਣ ਲਈ ਤੂੰ ਆਪਣੇ ਆਪ ਨੂੰ ਪੇਸ਼ ਨਹੀਂ ਕਰ ਸਕਦਾ, ਜਾਂ ਤੂੰ ਇਸਦਾ ਦਮ ਨਹੀਂ ਮਾਰ ਸਕਦਾ। ਜੇਕਰ ਤੂੰ ਸਿੱਖੀ ਬਦਲੇ ਆਪਣੀ ਜਾਨ ਬਿਨਾ ਹਾਇ ਕਰਨ ਦੇ ਵਾਰਨ ਲਈ ਤਿਆਰ ਨਹੀਂ ਤਾਂ ਤੂੰ ਇਸ ਨੂੰ ਧਾਰਨ ਨਹੀਂ ਕਰ ਸਕਦਾ, ਜੇ ਤੂੰ ਇਸਦਾ ਦਮ ਨਹੀਂ ਮਾਰ ਸਕਦਾ। ਜੇਕਰ ਤੂੰ ਸਿੱਖੀ ਬਦਲੇ ਆਪਣੀ ਜਾਨ ਬਿਨਾ ਹਾਇ ਕਰਨ ਦੇ ਵਾਰਨ ਲਈ ਤਿਆਰ ਨਹੀਂ ਤਾਂ ਤੂੰ ਇਸ ਨੂੰ ਧਾਰਨ ਨਹੀਂ ਕਰ ਸਕਦਾ। ਜੇ ਤੂੰ ਸਾਡਾ ਸਿੱਖ ਬਣੇਗਾ ਤਾਂ ਤੂੰ ਸਾਰੇ ਲੋਕਾਂ ਦੀਆਂ ਫਿਟਕਾਰਾਂ ਦੀ ਥਾਂ ਬਣੇਗਾ। ਤੇਰੇ ਸੰਬੰਧੀ ਤੇਰੇ ਉੱਤੇ ਹੱਸਿਆ ਕਰਨਗੇ, ਅਤੇ ਤੈਨੂੰ ਆਪਣੇ ਨਾਲ ਵਰਤਣ ਨਹੀਂ ਦੇਣਗੇ, ਉਹ ਤੇਰੀ ਸਭ ਜਾਇਦਾਦ ਵੀ ਤੇਰੇ ਪਾਸੋਂ ਖੋਹ ਲੈਣਗੇ। ਜੇਕਰ ਇਹੋ ਜਿਹੀਆਂ ਕਰੜਾਈਆਂ ਅਤੇ ਕਸ਼ਟਾਂ ਨੂੰ ਤੂੰ ਝਲਣ ਲਈ ਤਿਆਰ ਹੈਂ ਤਾਂ ਤੂੰ ਬੇਸ਼ਕ ਸਾਡਾ ਸਿੱਖ ਬਣ ਜਾ, ਨਹੀਂ ਤਾਂ ਆਪਣੇ ਪੀਰ ਦੀ ਖਾਨਗਾਹ ਨੂੰ ਪੂਜੀ ਜਾਹ ਅਤੇ ਸਿੱਖ ਬਣਨ ਦਾ ਨਾਂ ਨਾ ਲੈ । ਆਪਣਾ ਧਨ ਅਤੇ ਆਪਣੀ ਕੁਲ ਦੀ ਸੋਭਾ ਆਪਣੇ ਪਾਸ ਰੱਖ । ਸਾਡਾ ਧਰਮ ਧਾਰਨ ਕਰਕੇ ਤੂੰ ਆਪਣੇ ਸਿਰ ਕਿਉਂ ਔਕੜਾਂ ਦੇ ਭਾਰ ਲੈਂਦਾ ਹੈ?"

ਭਾਈ ਮੰਝ ਕਹਿਣ ਲੱਗਾ : "ਗੁਰੂ ਜੀ ਜਿਸ ਵੇਲੇ ਮੈਂ ਆਪਦੇ ਦਰਸ਼ਨ ਕੀਤੇ ਅਤੇ ਆਪਦੇ ਬਚਨ ਸੁਣੇ ਮੈਂ ਉਸੇ ਵੇਲੇ ਤੋਂ ਸਖੀ ਸਰਵਰ ਨੂੰ ਛਡ ਦਿੱਤਾ ਹੈ ਅਤੇ ਹੁਣ ਜਦ ਮੈਂ ਵਿਚਾਰਦਾ ਹਾਂ ਕਿ ਦੂਜਿਆਂ ਮਗਰ ਲਗ ਕੇ ਮੈਂ ਇਕ ਪਖੰਡੀ ਪੀਰ (ਜਿਸ ਵਿੱਚ ਅਸਲੋਂ ਕੋਈ ਵਡਿਆਈ ਨਹੀਂ) ਦੀ ਖਾਨਗਾਹ ਤੇ ਆਪਣਾ ਸਿਰ ਨਿਵਾਂਦਾ ਰਿਹਾ ਹਾਂ ਤਾਂ ਮੈਂ ਸ਼ਰਮ ਵਿੱਚ ਡੁੱਬ ਜਾਂਦਾ ਹਾਂ। ਇਸ ਤਰ੍ਹਾਂ ਲੋਕੀ ਆਪਣਾ ਧਰਮ ਹਾਰ ਬਹਿੰਦੇ ਹਨ ਅਤੇ ਮਾਨਸ ਜਨਮ ਦਾ ਲਾਭ ਗਵਾ ਲੈਂਦੇ ਹਨ।"

ਭਾਈ ਮੰਝ ਨੇ ਇਸ ਤਰ੍ਹਾਂ ਬੜੀ ਨਿਮਰਤਾ ਨਾਲ ਕਹਿੰਦਿਆਂ ਹੋਇਆਂ ਅੱਖਾਂ ਵਿੱਚ ਅੱਥਰੂ ਭਰ ਲਏ। ਗੁਰੂ ਜੀ ਕਹਿਣ ਲੱਗੇ—"ਸਿੱਖ ਹੋ ਜਾ, ਸੱਚੇ ਵਾਹਿਗੁਰੂ ਦੀ ਭਗਤੀ ਕਰ ਅਤੇ ਇਹ ਤੇਰੇ ਲਈ ਸੁੱਖ ਦਾ ਸੋਮਾ ਬਣੇਗਾ।" ਗੁਰੂ ਜੀ ਨੇ ਭਾਈ ਮੰਝ ਨੂੰ ਕਿਹਾ : "ਤੂੰ ਘਰ ਜਾ ਅਤੇ ਆਪਣੇ ਘਰ ਵਿੱਚ ਤੂੰ ਜੋ ਸਖੀਸਰਸਵਰ ਦੀ ਪੂਜਾ ਦੀ ਥੜੀ ਬਣਾਈ ਹੋਈ

ਹੈ ਉਸਨੂੰ ਢਾਹ ਦੇ ਤੇ ਫਿਰ ਵਾਪਸ ਆ ਕੇ ਸਾਡੇ ਪਾਸ ਰਹੋ !" ਭਾਈ ਮੰਝ ਇਹ ਸਭ ਕੁਝ ਕਰਕੇ ਗੁਰੂ ਜੀ ਪਾਸ ਆ ਗਿਆ ਅਤੇ ਕਿਰਤ ਨਿਰਬਾਹ ਕਰਨ ਲੱਗਾ, ਅਤੇ ਆਪਣੀ ਕਮਾਈ ਦਾ ਚੌਥਾ ਹਿੱਸਾ ਸਿੱਖੀ ਨਮਿਤ ਦੇਣ ਲੱਗਾ।

ਭਾਈ ਬਹਿਲੋ ਜੀ

ਇੱਕ ਮਾਲਵੇ ਦਾ ਭਾਈ ਬਹਿਲੋ ਨਾਮ ਦਾ ਸਿੱਖ ਗੁਰੂ ਜੀ ਦੇ ਦਰਸ਼ਨ ਕਰਨ ਨੂੰ ਆਇਆ। ਉਹ ਕਹਿਣ ਲੱਗਾ ਕਿ ਮੈਂ ਬਹੁਤ ਵਧੀਆ ਤੇ ਪੱਕੀਆਂ ਇੱਟਾਂ ਬਣਾਉਣੀਆਂ ਜਾਣਦਾ ਹਾਂ। ਗੁਰੂ ਜੀ ਨੂੰ ਹਰਿਮੰਦਰ ਅਤੇ ਸਰੋਵਰ ਪੂਰਾ ਕਰਨ ਲਈ ਜਿਤਨੀਆਂ ਇੱਟਾਂ ਦੀ ਲੋੜ ਸੀ, ਉਹ ਸਾਰਾ ਕੰਮ ਭਾਈ ਬਹਿਲੋ ਜੀ ਨੂੰ ਸੌਂਪ ਦਿੱਤਾ। ਸਚਮੁਚ ਉਸ ਸਮੇਂ ਬਹੁਤ ਸਾਰੇ ਅਜਿਹੇ ਸਿੱਖ ਸਨ ਜੋ ਅਤਿਅੰਤ ਸ਼ਰਧਾ ਨਾਲ ਗੁਰੂ ਜੀ ਦੇ ਸੇਵਾ ਕਰਦੇ ਸਨ। ਉਨ੍ਹਾਂ ਵਿਚੋਂ ਭਾਈ ਅਜਬ, ਅਜਾਇਬ ਅਤੇ ਭਾਈ ਉਮਰ ਸ਼ਾਹ ਦਾ ਜ਼ਿਕਰ ਭੀ ਆਉਦਾ ਹੈ। ਇਹ ਮਸੰਦ ਸਨ, ਜੋ ਕਿ ਗੁਰੂ ਜੀ ਦੀ ਭੇਟਾ ਇਕੱਠਾ ਕਰਕੇ ਈਮਾਨਾਰੀ ਨਾਲ ਪਹੁੰਚਾਉਂਦੇ ਸਨ। ਇਕ ਸਮੇਂ ਗੁਰੂ ਜੀ ਨੇ ਉਨ੍ਹਾਂ ਤੋਂ ਪੁਛਿਆ ਕਿ ਤੁਸੀਂ ਉਸ ਚੜ੍ਹਾਵੇ ਨੂੰ ਜਿਹੜਾ ਤੁਹਾਡੇ ਹਥੀਂ ਆਉਂਦਾ ਹੈ ਕਿਸ ਭਾਵਨਾ ਨਾਲ ਵੇਖਦੇ ਹੋ। ਉਨ੍ਹਾਂ ਉਤਰ ਦਿੱਤਾ ਕਿ ਅਸੀਂ ਨਾ ਕੇਵਲ ਇਸਨੂੰ ਆਪਣੇ ਸਰੀਰ ਲਈ ਸਗੋਂ ਆਪਣੇ ਆਤਮਾ ਲਈ ਵੀ ਜ਼ਹਿਰ ਸਮਝਦੇ ਹਾਂ।

ਕਾਂਡ—43

ਗੰਗਾ ਰਾਮ ਦੀ ਸ਼ਰਧਾ ਭਗਤੀ

ਕਈਆਂ ਪਾਸਿਆਂ ਤੋਂ ਗੁਰੂ ਜੀ ਨੂੰ ਆਪਣੇ ਆਪ ਸਹਾਇਤਾ ਪੁਜੀ। ਇਕ ਗੰਗਾ ਰਾਮ, ਬ੍ਰਾਹਮਣ ਸੌਦਾਗਰ, ਬਠਿੰਡੇ ਤੋਂ ਅਨਾਜ ਵੇਚਣ ਲਈ ਲੈ ਕੇ ਆਇਆ। ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਪਾਸ ਕੁਝ ਚਿਰ ਰਿਹਾ। ਜਦ ਉਹ ਉਥੇ ਹੀ ਸੀ ਤਾਂ ਇਕ ਦਿਨ ਗੁਰੂ ਜੀ ਦਾ ਲੰਗਰ ਮਸਤਾਨਾ ਹੋ ਗਿਆ। ਇਸ ਲਈ ਗੰਗਾ ਰਾਮ ਨੇ ਆਪਣਾ ਸਾਰਾ ਹੀ ਅਨਾਜ ਦੇ ਦਿੱਤਾ ਅਤੇ ਸਰੋਵਰ ਤੇ ਕੰਮ ਕਰਨ ਵਾਲਿਆਂ ਸਾਰਿਆਂ ਮਜ਼ਦੂਰਾਂ ਨੂੰ ਪੰਜ ਦਿਨ ਤੱਕ ਭੋਜਨ ਛਕਾਇਆ। ਵਿਸਾਖੀ ਦਾ ਮੇਲਾ ਨੇੜੇ ਆ ਰਿਹਾ ਸੀ, ਇਸ ਲਈ ਗੁਰੂ ਜੀ ਨੇ ਗੰਗਾ ਰਾਮ ਨੂੰ ਪ੍ਰੇਰਨਾ ਕੀਤੀ ਕਿ ਉਹ ਠਹਿਰੇ ਅਤੇ ਮੇਲੇ ਦਾ ਅਨੰਦ ਲਵੇ। ਮੇਲੇ ਸਮੇਂ ਗੁਰੂ ਜੀ ਨੂੰ ਬੜੀ ਭੇਟਾ ਆਈ; ਮਹਾਰਾਜ ਨੇ ਹੁਕਮ ਕੀਤਾ ਕਿ ਸਭ ਚੜ੍ਹਾਵਾ ਗੰਗਾ ਰਾਮ ਨੂੰ ਦੇ ਦਿਉ। ਇਹ ਉਸ ਦੀ ਸੱਚਾਈ ਅਤੇ ਪ੍ਰੇਮ ਦੀ ਪ੍ਰੀਖਿਆ ਲਈ ਕੀਤਾ ਗਿਆ ਸੀ ਪਰ ਗੰਗਾ ਰਾਮ ਨੇ ਇਹ ਲੈਣ ਤੋਂ ਨਾਂਹ ਕਰ ਦਿੱਤੀ। ਗੁਰੂ ਜੀ ਅਜਿਹੇ ਨਿਸ਼ਕਾਮ ਸਜਣ ਨੂੰ ਮਿਲਕੇ ਕੁਦਰਤੀ ਤੌਰ ਤੇ ਹੀ ਪ੍ਰਸੰਨ ਹੋਏ ਸਨ, ਉਸਦੀ ਸ਼ਲਾਘਾ ਕੀਤੀ ਅਤੇ ਉਸਨੂੰ ਵਰ ਦਿੱਤਾ।

ਨਿਮਰਤਾ

ਜਦ ਸਰੋਵਰ ਦੀ ਖੁਦਾਈ ਹੋ ਗਈ ਤਾਂ ਗੁਰੂ ਜੀ ਪਾਸ ਸਿੱਖਾਂ ਨੇ ਬੇਨਤੀ ਕੀਤੀ ਕਿ ਹਰਿਮੰਦਿਰ ਜਿਹੜਾ ਸਰੋਵਰ ਦੇ ਵਿਚਾਲੇ ਬਣਨਾ ਹੈ ਉਹ ਨੇੜੇ ਦੇ ਹੋਰ ਸਭ ਮਕਾਨਾਂ ਨਾਲੋਂ ਉਚਾ ਉਸਾਰਨਾ ਚਾਹੀਦਾ ਹੈ ਤਾਂਕਿ ਇਸ ਦਾ ਚੰਗੀ ਤਰ੍ਹਾਂ ਸਨਮਾਨ ਹੋਵੇ। ਗੁਰੂ ਜੀ ਨੇ ਫੁਰਮਾਇਆ : "ਨਹੀਂ, ਜੋ ਨਿਰਮਾਣ ਹੈ ਉਹੀ ਉਚਾ ਗਿਣਿਆ ਜਾਵੇਗਾ। ਇਕ ਬ੍ਰਿਛ ਜਿੰਨਾ ਬਹੁਤ ਫਲ ਨਾਲ ਲੱਦਿਆ ਹੋਵੇ, ਉਸ ਦੀਆਂ ਟਾਹਣੀਆਂ ਉਤਨੀਆਂ ਹੀ ਧਰਤੀ ਵਲ ਨੀਵੀਆਂ ਹੁੰਦੀਆਂ ਹਨ। ਜਿਸ ਰਾਹ ਵੀ ਤੁਸੀਂ ਹਰਿਮੰਦਿਰ ਸਾਹਿਬ ਜਾਉ, ਅੱਠ ਜਾਂ ਦੱਸ ਪੌੜੀਆਂ ਜ਼ਰੂਰ ਹੇਠਾਂ ਨੀਵੇਂ ਉਤਰੋ। ਇਸ ਲਈ ਹਰਿਮੰਦਰ ਸਾਹਿਬ ਸਭ ਨਾਲੋਂ ਨੀਵੀਂ ਇਮਾਰਤ ਹੋਣੀ ਚਾਹੀਦੀ ਹੈ" ਗੁਰੂ ਜੀ ਆਪ ਨਿਰਮਾਣ ਸਨ ਪਰ ਆਪਣੀ ਆਤਮਕ ਵਡਿਆਈ ਕਰਕੇ ਉਨ੍ਹਾਂ ਨੇ ਉਹ ਉਚ ਪਦਵੀ ਪ੍ਰਾਪਤ ਕੀਤੀ ਸੀ ਕਿ ਹਿੰਦੁਸਤਾਨ ਦੇ ਸਾਰੇ ਪਾਸਿਆਂ ਤੋਂ ਵੱਡੇ-ਵੱਡੇ ਲੋਕੀ ਉਨ੍ਹਾਂ ਦੇ ਦਰਸ਼ਨ ਕਰਨ ਆਉਂਦੇ ਸਨ ਅਤੇ ਆਪਣੀਆਂ ਵਡਮੁਲੀਆਂ ਭੇਟਾ ਚੜ੍ਹਾਉਂਦੇ ਸਨ।

ਹਿੰਦੂ ਮੰਦਰ ਤਿੰਨਾਂ ਪਾਸਿਆਂ ਤੋਂ ਬੰਦ ਹੁੰਦੇ ਹਨ ਅਤੇ ਕੇਵਲ ਪੂਰਬ ਵਲੋਂ ਜਿਧਰੋਂ ਸੂਰਜ ਚੜ੍ਹਦਾ ਹੈ ਖੁਲ੍ਹੇ ਹੁੰਦੇ ਹਨ। ਅੰਮ੍ਰਿਤਸਰ ਵਿੱਚ ਸਿੱਖਾਂ ਦਾ ਵੱਡਾ ਮੰਦਰ ਸਾਰਿਆਂ ਪਾਸਿਆਂ ਤੋਂ ਖੁਲ੍ਹਾ ਰਖਿਆ ਗਿਆ ਹੈ। ਇਸਦਾ ਭਾਵ ਇਹ ਸੀ ਕਿ ਸਿੱਖ ਧਰਮ ਦੀ ਪੂਜਾ ਸਭਨਾ ਲਈ ਖੁਲ੍ਹੀ ਹੈ ਅਤੇ ਇਸ ਦਾ ਸੂਰਜ ਦੀ ਪੂਜਾ ਨਾਲ ਕੋਈ ਸੰਬੰਧ ਨਹੀਂ। ਗੁਰੂ ਗ੍ਰੰਥ

ਸਾਹਿਬ ਜੀ ਹਰਿਮੰਦਰ ਦੇ ਵਿਚਾਲੇ ਸਥਾਪਤ ਕੀਤੇ ਜਾਂਦੇ ਹਨ ਤਾਂ ਕਿ ਕੋਈ ਆਦਮੀ ਇਨ੍ਹਾਂ ਦੇ ਸਥਾਨ ਤੇ ਨਾ ਬੈਠੇ।

ਹਰਿਮੰਦਰ ਸਾਹਿਬ ਦੀ ਨੀਂਹ

ਪਹਿਲੀ ਮਾਘ ਸੰਮਤ ੧੬੪੫ ਬਿ: ਮੁਤਾਬਕ ੧੪੮੯ ਈ: ਨੂੰ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਹਰਿਮੰਦਰ ਜਾਂ ਦਰਬਾਰ ਸਾਹਿਬ ਦੀ ਨੀਂਹ ਦੀ ਇੱਟ ਰੱਖੀ ਜੋ ਕਿ ਯੋਰਪ ਦੇ ਲੋਕਾਂ ਵਿਚ 'ਗੋਲਡਨ ਟੈਂਪਲ' (GOLDEN-TEMPLE) ਦੇ ਨਾਮ ਨਾਲ ਪ੍ਰਸਿੱਧ ਹੈ।

ਇੱਕ ਰਾਜ ਨੇ ਮਗਰੋਂ ਸਹਿਜ ਸੁਭਾ ਹੀ ਉਸ ਇੱਟ ਨੂੰ ਥਾਂ ਬਦਲ ਕੇ ਰਖਿਆ, ਜਿਸ ਪੁਰ ਗੁਰੂ ਜੀ ਨੇ ਭਵਿੱਖ ਬਾਣੀ ਕੀਤੀ ਕਿ ਇਹ ਨੀਂਹ ਮੁੜ ਕੇ ਰੱਖਣੀ ਪਵੇਗੀ। ਮਹਾਰਾਜ ਜੀ ਦਾ ਇਹ ਵਾਕ ਮਗਰੋਂ ਪੂਰਾ ਹੋਇਆ। ਅਹਿਮਦ ਸ਼ਾਹ ਅਬਦਾਲੀ ਨੇ ੧੮੧੯ ਸੰਮਤ ਬਿ: ਵਿੱਚ ਹਰਿਮੰਦਰ ਸਾਹਿਬ ਨੂੰ ਢਾਹ ਸੁੱਟਿਆ ਅਤੇ ਸਰੋਵਰ ਨੂੰ ਅਪਵਿੱਤਰ ਕੀਤਾ। ਦੋ ਸਾਲ ਮਗਰੋਂ ਬਲੀ ਖਾਲਸਾ ਫੌਜ ਨੇ ਮੁੜ ਹਰਿਮੰਦਰ ਜੀ ਦਾ ਕਬਜ਼ਾ ਲੈ ਲਿਆ ਅਤੇ ਦੋਬਾਰਾ ਨੀਂਹ ਰੱਖ ਕੇ ਹਰਿਮੰਦਰ ਜੀ ਨੂੰ ਨਵੇਂ ਸਿਰੋਂ ਬਣਾਇਆ।

ਗੁਰੂ ਜੀ ਦਾ ਹੁਕਮ ਸੀ ਕਿ ਕੇਵਲ ਭਠੇ ਦੀਆਂ ਪੱਕੀਆਂ ਹੋਈਆਂ ਇੱਟਾਂ ਲਾਈਆਂ ਜਾਣ। ਕੁਝ ਕੁ ਮਸੰਦਾਂ ਦੇ ਜਿਨ੍ਹਾਂ ਪਾਸ ਇੱਟਾਂ ਦਾ ਕੰਮ ਸੀ, ਗੁਰੂ ਜੀ ਨੂੰ ਠਗਣ ਦਾ ਇਰਾਦਾ ਕਰ ਲਿਆ ਅਤੇ ਬੇਪਰਵਾਹੀ ਨਾਲ ਕੰਮ ਕਰਨ ਲੱਗੇ। ਉਨ੍ਹਾਂ ਧੁਪ ਦੀਆਂ ਸੁੱਕੀਆਂ ਕੱਚੀਆਂ ਇੱਟਾਂ ਲਾ ਕੇ ਉੱਤੇ ਗਾਰੇ ਦਾ ਪਲਸਤਰ ਕਰ ਦਿੱਤਾ। ਗੁਰੂ ਜੀ ਨੂੰ ਉਨ੍ਹਾਂ ਦੀ ਬੇਈਮਾਨੀਦਾ ਪਤਾ ਲੱਗ ਗਿਆ ਅਤੇ ਉਨ੍ਹਾਂ ਨੂੰ ਹੁਕਮ ਕੀਤਾ ਕਿ ਇਸ ਕੰਮੋਂ ਟਲ ਜਾਣ। ਮਸੰਦ ਤਿੰਨ ਵਾਰ ਗੁਰੂ ਜੀ ਦੇ ਹੁਕਮ ਕਰਨ ਤੇ ਵੀ ਨਾ ਮੁੜੇ। ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਕੱਢ ਦਿੱਤਾ ਅਤੇ ਬਚਨ ਕੀਤਾ ਕਿ ਜਦ ਅਸੀਂ ਦਸਵੇਂ ਗੁਰੂ ਹੋਵਾਂਗੇ ਤਾਂ ਤੁਹਾਨੂੰ ਯੋਗ ਡੰਡ ਦੇਵਾਂਗੇ।

ਜਦ ਬਹੁਤ ਸਾਰੀ ਗਿਣਤੀ ਵਿੱਚ ਸਿੱਖਾਂ ਨੇ ਆਕੇ ਇਸ ਕੰਮ ਵਿੱਚ ਹਿੱਸਾ ਲਿਆ ਅਤੇ ਸਰੋਵਰ ਅਤੇ ਹਰਿਮੰਦਰ ਸੰਪੂਰਣ ਹੋਣ ਦੇ ਨੇੜੇ ਆ ਗਏ ਤਾਂ ਗੁਰੂ ਜੀ ਨੂੰ ਪ੍ਰਤੀਤ ਹੋਇਆ ਕਿ ਵਾਹਿਗੁਰੂ ਨੇ ਆਪ ਇਸ ਕੰਮ ਸਹਾਇਤਾ ਕੀਤੀ ਹੈ ਅਤੇ ਅਨੰਦ ਵਿੱਚ ਆਕੇ ਵਾਹਿਗੁਰੂ ਦੇ ਸ਼ਕੁਰ ਵਿੱਚ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ—

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ।
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥੧॥
ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ॥
ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ॥
ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰ ਜਾਮੀ ਪਾਇਆ॥
ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ॥

ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ॥
ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ॥੨॥
ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ॥
ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ॥
ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧ ਸੰਗਤਿ ਸੰਗਿ ਬਨੀ॥
ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ॥
ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ॥
ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ॥੩॥
ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੇ ਰਾਮ॥
ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾਰਸੁ ਦੀਜੈ ਰਾਮ॥
ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ॥
ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ॥
ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ॥
ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨ ਜੀਜੈ॥ (ਆਃ ਗ੍ਰੰਃ ਪੰਃ ੧੮੩੪)
(ਰਾਗ ਸੂਹੀ ਛੰਤ ਮਹਲਾ ੫ ਘਰੁ ੩)

ਇਸੇ ਪ੍ਰਥਾਏ ਇਹ ਸਬਦ ਭੀ ਉਚਾਰਣ ਕੀਤਾ—
ਵਿਚਿ ਕਰਤਾ ਪੁਰਖੁ ਖਲੋਆ॥ ਵਾਲੁ ਨ ਵਿੰਗਾ ਹੋਆ॥
ਮਜਨੁ ਗੁਰ ਆਂਦਾ ਰਾਸੇ॥ ਜਪਿ ਹਰਿ ਹਰਿ ਕਿਲਵਿਖ ਨਾਸੇ॥੧॥
ਸੰਤਹੁ ਰਾਮਦਾਸ ਸਰੋਵਰੁ ਨੀਕਾ॥
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀਕਾ॥੧॥ ਰਹਾਉ॥
ਜੈ ਜੈ ਕਾਰੁ ਜਗੁ ਗਾਵੈ॥ ਮਨਿ ਚਿੰਦਿਅੜੇ ਫਲ ਪਾਵੈ॥
ਸਹੀ ਸਲਾਮਤਿ ਨਾਇ ਆਏ॥ ਆਪਣਾ ਪ੍ਰਭੂ ਧਿਆਏ॥੨॥
ਸੰਤ ਸਰੋਵਰ ਨਾਵੈ॥ ਸੋ ਜਨੁ ਪਰਮ ਗਤਿ ਪਾਵੈ॥
ਮਰੈ ਨ ਆਵੈ ਜਾਈ॥ ਹਰਿ ਹਰਿ ਨਾਮੁ ਧਿਆਈ॥੩॥
ਇਹ ਬ੍ਰਹਮ ਬਿਚਾਰੁ ਸੁ ਜਾਨੈ ਜਿਸ ਦਇਆਲੁ ਹੋਇ ਭਗਵਾਨੈ॥
ਬਾਬਾ ਨਾਨਕ ਪ੍ਰਭ ਸਰਣਾਈ। ਸਭ ਚਿੰਤਾ ਗਣਤ ਮਿਟਾਈ॥੪॥
(ਆਃ ਗ੍ਰੰਃ ਪੰਃ ੬੨੩) (ਸੋਰਠ ਮਹਲਾ ੫)

ਸਰੋਵਰ ਦੇ ਲਾਭ ਗੁਰੂ ਜੀ ਨੇ ਇਉਂ ਵਰਣਨ ਕੀਤੇ ਹਨ—
ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥
ਨਿਰਮਲ ਹੋਏ ਕਰਿ ਇਸਨਾਨਾ॥ ਗੁਰਿ ਪੂਰੇ ਕੀਨੇ ਦਾਨਾ॥੧॥
ਸਭਿ ਕੁਸਲ ਖੇਮ ਪ੍ਰਭਿ ਧਾਰੇ॥ ਸਹੀ ਸਲਾਮਤਿ ਸਭਿ ਥੋਕ ਉਬਾਰੇ॥
ਗੁਰ ਕਾ ਸਬਦ ਵਿਚਾਰੇ ॥ ਰਹਾਉ॥
ਸਾਧੂ ਸੰਗਿ ਮਲ ਲਾਥੀ॥ ਪਾਰਬ੍ਰਹਮੁ ਭਇਓ ਸਾਥੀ॥
ਨਾਨਕ ਨਾਮੁ ਧਿਆਇਆ॥ ਆਦਿ ਪੁਰਖ ਪ੍ਰਭੁ ਪਾਇਆ॥੨॥
(ਆਃ ਗ੍ਰੰਃ ਪੰਃ ੬੨੫-੬) (ਸੋਰਠਿ ਮਹਲਾ ੫ ਘਰੁ ੩ ਦੁਪਦੇ)

ਕਾਂਡ—44

ਹਰਿਮੰਦਰ ਸਾਹਿਬ ਦੇ ਸੰਪੂਰਨ ਹੋਣ ਤੇ ਖੁਸ਼ੀਆਂ

ਜਦੋਂ ਸਰੋਵਰ ਅਤੇ ਹਰਿਮੰਦਰ ਸਾਹਿਬ ਸੰਪੂਰਨ ਹੋਏ ਤਾਂ ਬੜੀਆਂ ਖੁਸ਼ੀਆਂ ਹੋਈਆਂ। ਭਾਈ ਬੁੱਢਾ ਜੀ, ਭਾਈ ਭਗਤੂ ਜੀ ਅਤੇ ਭਾਈ ਬਹਿਲੋ ਜੀ ਦੀਆਂ ਬੇਅੰਤ ਘਾਲਣਾਵਾਂ ਅਤੇ ਕੁਰਬਾਨੀਆਂ ਦਾ ਖਾਸ ਕਰਕੇ ਵਰਣਨ ਕੀਤਾ ਗਿਆ ਹੈ। ਇਕ ਦਿਨ ਜਦੋਂ ਉਹ ਸਾਰੇ ਇਸ਼ਨਾਨ ਕਰ ਰਹੇ ਸਨ ਤਾਂ ਗੁਰੂ ਜੀ ਨੇ ਉਨ੍ਹਾਂ ਦੇ ਸਰੀਰਾਂ ਨੂੰ ਵੇਖਿਆ। ਮੁਸ਼ੱਕਤਾਂ ਨਾਲ ਉਨ੍ਹਾਂ ਦੀ ਬੁਰੀ ਹਾਲਤ ਹੋਈ ਵੇਖ ਕੇ ਗੁਰੂ ਜੀ ਦੀਆਂ ਅੱਖਾਂ ਵਿਚ ਹੰਝੂ ਕਿਰ ਪਏ। ਗੁਰੂ ਅਰਜਨ ਦੇਵ ਜੀ ਨੇ ਦਰਦ ਭਰੀ ਆਵਾਜ਼ ਨਾਲ ਕਿਹਾ ਕਿ ਇਹੋ ਜਿਹੇ ਸਿਦਕੀ ਅਤੇ ਸੱਚੇ ਸਿੱਖਾਂ ਨੇ ਜਿਹੜਾ ਸਰੋਵਰ ਬਣਾਇਆ ਹੈ, ਉਥੇ ਜੋ ਕੋਈ ਇਸ਼ਨਾਨ ਕਰੇਗਾ ਤੇ ਵਾਹਿਗੁਰੂ ਦਾ ਭਜਨ ਕਰੇਗਾ ਉਸ ਦੇ ਸਭ ਪਾਪ ਦੂਰ ਹੋਣਗੇ ਅਤੇ ਸਭ ਇੱਛਾਵਾਂ ਪੂਰੀਆਂ ਹੋਣਗੀਆਂ। ਉਸ ਸਮੇਂ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ। ਇਸ ਦੇ ਅਰਥ ਹੀ ਦਿੱਤੇ ਜਾਂਦੇ ਹਨ-

"ਉਹ, ਜਿਹੜਾ ਵਾਹਿਗੁਰੂ ਦਾ ਭਜਨ ਕਰਦਾ ਤੇ ਇੱਥੇ ਅਸ਼ਨਾਨ ਕਰਦਾ ਹੈ ਉਹ ਬਿਲਕੁਲ ਅਰੋਗ ਹੋ ਜਾਵੇਗਾ।"

"ਉਹ ਜਿਹੜਾ ਸੰਤਾਂ ਦੇ ਸਰੋਵਰ ਵਿੱਚ ਨ੍ਹਾਉਂਦਾ ਹੈ, ਮੁਕਤੀ ਪ੍ਰਾਪਤ ਕਰੇਗਾ।"

"ਉਹ ਜਿਹੜਾ ਵਾਹਿਗੁਰੂ ਦਾ ਭਜਨ ਕਰਦਾ ਹੈ, ਉਹ ਨਹੀਂ ਮਰੇਗਾ ਤੇ ਚੌਰਾਸੀ ਦੇ ਗੇੜ ਵਿੱਚ ਨਹੀਂ ਆਵੇਗਾ।"

"ਜਿਸ ਉੱਤੇ ਵਾਹਿਗੁਰੂ ਦੀ ਨਜ਼ਰ ਹੈ ਉਸ ਨੂੰ ਪੂਰਨ ਬ੍ਰਹਮ ਗਿਆਨ ਪ੍ਰਾਪਤ ਹੋਇਆ ਹੈ।"

ਨਾਨਕ ਵਾਹਿਗੁਰੂ ਦੇ ਦਰਬਾਰ ਵਿੱਚ ਪਹੁੰਚਿਆ ਹੈ ਤੇ ਉਸਨੇ ਮੇਰੇ ਸਾਰੇ ਫਿਕਰ ਦੂਰ ਕਰ ਦਿੱਤੇ ਹਨ।"

ਇਸ ਸਮੇਂ ਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ—

ਚਰਣ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ॥
ਪ੍ਰਭਿ ਸਰਣਾਗਤਿ ਜਨ ਪਰੇ ਤਾ ਕਾ ਸਦ ਪਰਤਾਪੁ॥੧॥
ਰਾਖਨਹਾਰ ਅਪਾਰ ਪ੍ਰਭ ਤਾ ਕੀ ਨਿਰਮਲ ਸੇਵ॥
ਰਾਮ ਰਾਜ ਰਾਮਦਾਸ ਪੁਰਿ ਕੀਨੇ ਗੁਰਦੇਵ॥੧॥ ਰਹਾਉ॥
ਸਦਾ ਸਦਾ ਹਰਿ ਧਿਆਈਐ ਕਿਛੁ ਬਿਘਨੁ ਨ ਲਾਗੈ॥
ਨਾਨਕ ਨਾਮੁ ਸਲਾਹੀਐ ਭਇ ਦੁਸਮਨ ਭਾਗੈ॥੨॥ (ਰਾਗੁ ਬਿਲਾਵਲ ਮਹਲਾ ੫)
(ਆਃ ਗ੍ਰੰਃ ਪੰਃ ੮੧੭)

ਹਰਿਮੰਦਰ ਜੀ ਦੇ ਸੰਪੂਰਨ ਹੋਣ ਸਮੇਂ ਮਹਾਰਾਜ ਦੇ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ—

ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ॥
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ॥
ਹਰਿ ਗੁਣ ਗਾਇ ਪਰਮ ਪਦੁ ਪਾਇਆ ਪ੍ਰਭ ਕੀ ਊਤਮ ਬਾਣੀ॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ॥
ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ ਰਖਾਈ॥
ਜਨ ਨਾਨਕ ਪ੍ਰਭ ਭਏ ਦਇਆਲਾ ਸਰਬ ਕਲਾ ਬਣਿ ਆਈ॥੧॥
ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮੁ ਮਨਿ ਵੂਠਾ ਰਾਮ॥
ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ॥
ਅਨਹਦ ਬਾਣੀ ਗੁਰਮੁਖ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ॥
ਸਰਬ ਸੁਖਾ ਤਿਸ ਹੀ ਬਣਿ ਆਏ ਜੋ ਪ੍ਰਭਿ ਅਪਨਾ ਕਰਿਆ॥
ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮਿ ਨਾਮਿ ਰੰਗੁ ਲਾਗਾ॥
ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾਕੇ ਭਾਗਾ ॥੨॥
ਛਾਇਆ ਪ੍ਰਭਿ ਛਤ੍ਰਪਤਿ ਕੀਨੀ ਸਗਲੀ ਤਪਤਿ ਬਿਨਾਸੀ ਰਾਮ॥
ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ॥
ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨੁ ਫਲਿਆ॥
ਸੋ ਪ੍ਰਭੁ ਆਪੁਨਾ ਸਦਾ ਧਿਆਈਐ ਸੋਵਤ ਬੈਸਤ ਖਲਿਆ॥
ਗੁਣ ਨਿਧਾਨ ਸੁਖ ਸਾਗਰ ਸੁਆਮੀ ਜਲਿ ਥਲਿ ਮਹੀਅਲਿ ਸੋਈ॥
ਜਨ ਨਾਨਕ ਪ੍ਰਭ ਕੀ ਸਰਣਾਈ ਤਿਸੁ ਬਿਨੁ ਅਵਰੁ ਨ ਕੋਈ॥੩॥
ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ॥
ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ ਗੁਣ ਮੰਗਲ ਹਰਿ ਗਾਇਆ ਰਾਮ॥
ਗੁਣ ਗਾਇ ਪ੍ਰਭੂ ਧਿਆਇ ਸਾਚਾ ਸਗਲ ਇਛਾ ਪਾਈਆ॥
ਗੁਰ ਚਰਣ ਲਾਗੇ ਸਦਾ ਜਾਗੇ ਮਨਿ ਵਜੀਆ ਵਾਧਾਈਆ॥
ਕਰੀ ਨਦਰਿ ਸੁਆਮੀ ਸੁਖਹ ਗਾਮੀ ਹਲਤੁ ਪਲਤੁ ਸਵਾਰਿਆ॥
ਬਿਨਵੰਤਿ ਨਾਨਕ ਨਿਤੁ ਨਾਮੁ ਜਪੀਐ ਜੀਉ ਪਿੰਡੁ ਜਿਨਿ ਧਾਰਿਆ॥
(ਆ: ਗ੍ਰੰ: ਪੰ: ੭੬੧-੨) (ਸੂਹੀ ਛੰਤ ਮਹਲਾ ੫ ਘਰੁ ੩)

ਗੁਰੂ ਜੀ ਨਾਲ ਬੀਰਬਲ ਦਾ ਵਿਰੋਧ

ਅਕਬਰ ਬਾਦਸ਼ਾਹ ਦਾ ਨਵਾਂ ਵੱਡਾ ਮੰਤਰੀ ਬੀਰਬਲ ਇੱਕ ਵਿਦਵਾਨ ਅਤੇ ਸੁਘੜ ਆਦਮੀ ਸੀ। ਉਹ ਕੁਝ ਧਾਰਮਕ ਕਾਰਨਾਂ ਕਰਕੇ ਗੁਰੂ ਜੀ ਦਾ ਵਿਰੋਧੀ ਸੀ ਅਤੇ ਮਹਾਰਾਜ ਦੇ ਹਰ ਰੋਜ ਵੱਧਦੇ ਪ੍ਰਤਾਪ ਅਤੇ ਸ਼ੋਭਾ ਕਾਰਨ ਈਰਖਾ ਕਰਦਾ ਸੀ। ਉਹ ਬਾਦਸ਼ਾਹ ਦਾ ਬਹੁਤ ਪਿਆਰਾ ਵਜ਼ੀਰ ਸੀ। ਅਕਬਰ ਦੀ ਇੱਛਾ ਸੀ ਕਿ ਇਹ ਸਦਾ ਹੀ ਉਸ ਪਾਸ ਰਹੇ।

ਲਿਖਿਆ ਹੈ ਕਿ ਬੀਰਬਲ ਆਪਣੀ ਬੁੱਧੀ ਨਾਲ ਕਿਸੇ ਵੇਲੇ ਵੀ ਬਾਦਸ਼ਾਹ ਨੂੰ ਉਸ ਦੇ ਦਿਲ ਦੇ ਭੇਦ ਦੱਸ ਸਕਦਾ ਸੀ। ਉਹਦੀ ਵਿਚਾਰ-ਸ਼ਕਤੀ ਕੁਝ ਸਮੇਂ ਲਈ ਤਾਂ ਖੂਬ ਚਮਕੀ ਪਰ ਉਹ ਕੇਵਲ ਬੁਝਦੇ ਦੀਵੇ ਦੀ ਟਿਮ-ਟਿਮਾਹਟ ਹੀ ਸੀ। ਗੁਰੂ ਜੀ ਨਾਲ ਬੀਰਬਲ ਦੀ ਵਿਰੋਧਤਾ ਕਾਰਨ ਉਸਤੇ ਛੇਤੀ ਹੀ ਬੁਰੇ ਦਿਨ ਆ ਗਏ। ਜਦ ਜ਼ੈਨਖਾਨ ਫੌਕਾਹ ਯੂਸਫਜ਼ਈਆਂ ਉੱਤੇ ਆਪਣੀ ਕੀਤੀ ਚੜ੍ਹਾਈ ਵਿੱਚ ਅਸਫਲ ਰਿਹਾ ਤਾਂ ਬੀਰਬਲ ਨੂੰ ਸਹਾਇਤਾ ਲਈ ਸੈਨਾ ਲੈਕੇ ਉਸ ਕੋਲ ਪੁੱਜਣ ਦਾ ਹੁਕਮ ਹੋਇਆ। ਤੁਰਨੋਂ ਪਹਿਲਾਂ ਉਸ ਨੂੰ ਬਾਦਸ਼ਾਹ ਪਾਸੋਂ ਇਹ ਲਿਖਤੀ ਆਗਿਆ ਮਿਲੀ ਕਿ ਰਾਹ ਵਿੱਚ ਹਰ ਇੱਕ ਖਤਰੀ ਦੇ ਘਰੋਂ ਪ੍ਰਤੀ ਇੱਕ ਰੁਪਿਆ ਟੈਕਸ ਵਸੂਲ ਕਰ ਲਵੇ। ਬਿਆਸਾ ਦਰਿਆ ਲੰਘ ਕੇ ਬੀਰਬਲ ਨੇ ਆਪਣੇ ਆਦਮੀ ਅੰਮ੍ਰਿਤਸਰ ਵਿਚੋਂ ਟੈਕਸ ਵਸੂਲ ਕਰਨ ਲਈ ਭੇਜੇ। ਇਥੋਂ ਦੇ ਖਤਰੀਆਂ ਨੇ ਇਹ ਕਰ ਦੇਣ ਤੋਂ ਨਾਂਹ ਕਰ ਦਿਤੀ ਅਤੇ ਗੁਰੂ ਜੀ ਪਾਸ ਜਾ ਕੇ ਫਰਿਆਦ ਕੀਤੀ। ਗੁਰੂ ਮਹਾਰਾਜ ਨੇ ਬੀਰਬਲ ਦੇ ਆਦਮੀਆਂ ਨੂੰ ਕਿਹਾ : "ਇਹ ਕਰ ਖਤਰੀਆਂ ਉੱਤੇ ਲਾਇਆ ਗਿਆ ਹੈ। ਅਸੀਂ ਸਿੱਖ ਹਾਂ ਅਤੇ ਸਾਨੂੰ ਮੁਆਫ਼ ਹੋਣਾ ਚਾਹੀਦਾ ਹੈ। ਹੁਣ ਤੱਕ ਸਰਕਾਰ ਨੇ ਗੁਰੂ ਘਰ ਉੱਤੇ ਕਦੀ ਵਗਾਰ ਜਾਂ ਜ਼ਗਾਤ ਨਹੀਂ ਲਾਈ। ਸਾਡਾ ਲੰਗਰ ਸਿੱਖਾਂ ਅਤੇ ਸੰਤਾਂ ਦੀ ਭੇਟਾ ਦੇ ਆਸਰੇ ਖੁਲ੍ਹਾ ਰਹਿੰਦਾ ਹੈ, ਕਿਸੇ ਨੂੰ ਇਸ ਵਿਚੋਂ ਆਕੇ ਛਕਣ ਦੀ ਰੋਕ ਨਹੀਂ, ਜਿੰਨਾ ਅੰਨ ਅਤੇ ਭੋਜਨ ਤੁਹਾਨੂੰ ਚਾਹੀਦਾ ਹੈ ਲੈ ਲਵੋ, ਪਰ ਤੁਹਾਨੂੰ ਦੇਣ ਲਈ ਸਾਡੇ ਪਾਸ ਰੁਪਿਆ ਨਹੀਂ। ਅਸੀਂ ਵਾਹਿਗੁਰੂ ਦੇ ਭਰੋਸੇ ਤੇ ਰਹਿੰਦੇ ਹਾਂ।"

ਬੀਰਬਲ ਦੇ ਆਦਮੀਆਂ ਨੇ ਇਹ ਗੱਲ ਜਾ ਕੇ ਬੀਰਬਲ ਨੂੰ ਦੱਸੀ ; ਉਹ ਸੁਣ ਕੇ ਬੜਾ ਗੁੱਸੇ ਹੋ ਗਿਆ ਤੇ ਕਹਿਣ ਲੱਗਾ : 'ਮੈਂ ਸੈਨਾਪਤੀ ਹਾਂ। ਗੁਰੂ ਦੀ ਕੀ ਮਜਾਲ ਹੈ ਮੇਰਾ ਹੁਕਮ ਮੋੜੇ ? ਨਾਲੇ ਮੇਰੇ ਪਾਸ ਬਾਦਸ਼ਾਹ ਦਾ ਹੁਕਮ ਹੈ। ਜੇਕਰ ਗੁਰੂ ਦਾ ਘਰ ਵੀ ਹੋਵੇ ਤਾਂ ਇਸਦਾ ਸਤਿਕਾਰ ਕਰਨ ਸਿੱਖਾਂ ਲਈ ਹੈ, ਨਾ ਕਿ ਮੇਰੇ ਲਈ।" ਇਸ ਮਗਰੋਂ ਬੀਰਬਲ ਨੇ ਕੁਝ ਸਿਪਾਹੀ ਇਹ ਸੰਦੇਸ਼ਾ ਦੇਕੇ ਗੁਰੂ ਜੀ ਪਾਸ ਘੱਲੇ : "ਤੁਸੀਂ ਇੱਕ ਖਤਰੀ ਹੋ, ਪਰਜਾ ਹੋ ਅਤੇ ਹਰ ਤਰ੍ਹਾਂ ਨਾਲ ਰਾਜ ਦੇ ਅਧੀਨ ਹੋ। ਚੰਗਾ ਹੋਵੇਗਾ ਜੇ ਤੁਸੀਂ ਆਪ ਮੈਨੂੰ ਆਕੇ ਮਿਲੋ ਨਹੀਂ ਤਾਂ ਮੈਂ ਤੁਹਾਡੇ ਸਾਰੇ ਸ਼ਹਿਰ ਨੂੰ ਲੁੱਟ ਲਵਾਂਗਾ।' ਸਿਪਾਹੀ ਗਏ, ਪਰ ਗੁਰੂ ਜੀ ਦੀ ਹਜ਼ੂਰੀ ਵਿਚ ਉਨ੍ਹਾਂ ਪਾਸੋਂ ਕੋਈ ਗੱਲ ਨਾ ਨਿਕਲੀ। ਗੁਰੂ ਜੀ ਉਨ੍ਹਾਂ ਦੇ ਮੰਤਵ ਨੂੰ ਅਨੁਭਵ ਕਰਕੇ ਉਨ੍ਹਾਂ ਨੂੰ ਇਉਂ ਕਹਿਣ ਲੱਗੇ : ਸੱਜਣੋ, ਨਾ ਹੀ ਅਸੀਂ ਕਿਸੇ ਦੀ ਪਰਵਾਹ ਕਰਦੇ ਹਾਂ ਤੇ ਨਾ ਹੀ ਕਿਸੇ ਪਾਸੋਂ ਸਾਨੂੰ ਕੋਈ ਭੈ ਹੈ । ਬੇਸ਼ਕ ਬੀਰਬਲ ਆਵੇ ਅਤੇ ਜੋ ਉਸਦੀ ਇੱਛਾ ਹੈ ਕਰੇ। ਸਾਡਾ ਰਾਖਾ ਕਰਤਾਰ ਹੈ।" ਸਿਪਾਹੀ ਗੁਰੂ ਜੀ ਦੇ ਬਚਨਾਂ ਤੋਂ ਡਰ ਗਏ ਅਤੇ ਉਹ ਬੀਰਬਲ ਦੇ ਕਰੋਧ ਤੋਂ ਵੀ ਭੈ ਖਾਂਦੇ ਸਨ। ਇਸ ਲਈ ਉਨ੍ਹਾਂ ਜਾ ਕੇ ਬੀਰਬਲ ਨੂੰ ਝੂਠ ਹੀ ਕਹਿ ਦਿੱਤਾ ਕਿ ਗੁਰੂ ਜੀ ਭਲਕੇ ਆਉਣਗੇ। ਬੀਰਬਲ ਕਹਿਣ ਲੱਗਾ : "ਭਾਵੇਂ ਗੁਰੂ ਇਕ ਸੰਤ ਹੋਵੇ ਜਾਂ ਆਦਰ ਸਤਿਕਾਰ ਦੀ ਥਾਂ ਤੇ ਹੋਵੇ ਜਾਂ ਬਹੁਤ ਬਿਰਧ ਹੀ ਹੋਵੇ, ਕੀ ਹੋਇਆ ਜੇਕਰ ਉਹ ਮੇਰੇ ਤੋਂ ਡਰਦਾ ਨਹੀਂ ? ਚੰਗਾ ਜੇਕਰ ਉਹ ਕਲ ਨਾ ਆਇਆ ਤਾਂ ਮੈਂ ਅੰਮ੍ਰਿਤਸਰ ਨੂੰ ਲੁੱਟ ਲਵਾਂਗਾ।" ਉਸ ਰਾਤੀਂ ਬੀਰਬਲ ਮਨ ਦੀ ਅਸ਼ਾਂਤੀ ਕਰਕੇ ਉੱਕਾ ਹੀ ਨਾ ਸੌਂ ਸਕਿਆ।

ਇੰਨੇ ਨੂੰ ਬਾਦਸ਼ਾਹ ਵਲੋਂ ਬੀਰਬਲ ਨੂੰ ਇੱਕ ਹੋਰ ਹੁਕਮ ਪੁਜਾ ਕਿ ਛੇਤੀ ਕਰੋ ਅਤੇ ਤੇਜ਼-ਤੇਜ਼ ਮੰਜ਼ਲਾਂ ਕਰਕੇ ਆਪਣੀ ਫੌਜ ਨੂ ਯੂਸਫਜ਼ਾਈਆਂ ਦੇ ਮੁਕਾਬਲੇ ਉਤੇ ਜ਼ੈਨਖਾਨ ਕੋਲ ਜਾ ਕੇ ਪੁਚਾਉ। ਜਦ ਬੀਰਬਲ ਨੂੰ ਇਹ ਨਿਹਾਇਤ ਜ਼ਰੂਰੀ ਹੁਕਮ ਮਿਲਿਆ ਤਾਂ ਉਹ ਬੜਾ ਨਿਰਾਸ਼ ਹੋਇਆ ਕਿਉਂਕਿ ਉਸ ਪਾਸ ਹੁਣ ਸਮਾਂ ਹੀ ਨਹੀਂ ਸੀ ਕਿ ਗੁਰੂ ਜੀ ਤੋਂ ਬਦਲਾ ਲਵੇ। ਉਸਨੇ ਆਪਣੇ ਅਮਲੇ ਨੂੰ ਹੁਕਮ ਦਿੱਤਾ ਕਿ ਮੇਰੇ ਵਾਪਸ ਮੁੜਨ ਸਮੇਂ ਗੁਰੂ ਬਾਰੇ ਚੇਤਾ ਕਰਾਇਆ ਜਾਵੇ, ਅਤੇ ਕਹਿਣ ਲੱਗਾ ਕਿ ਜੇਕਰ ਉਦੋਂ ਮੈਨੂੰ ਅੰਮ੍ਰਿਤਸਰ ਦੇ ਹਰ ਇੱਕ ਘਰ ਪ੍ਰਤੀ ਇੱਕ ਰੁਪਿਆ ਨਾ ਮਿਲਿਆ ਤਾਂ ਮੈਂ ਸ਼ਹਿਰ ਨੂੰ ਮਿੱਟੀ ਨਾਲ ਮਿਲਾ ਦੇਵਾਂਗਾ। ਜਿਸ ਤਰ੍ਹਾਂ ਹਵਨ ਦੀ ਅਗਨੀ, ਘਿਉ ਪਾਇਆ ਲੰਬੇ ਛੱਡਦੀ ਹੈ, ਇਵੇਂ ਬੀਰਬਲ ਦੀ ਆਤਮਾ ਗੁਰੂ ਜੀ ਦੇ ਬਚਨਾਂ ਨੂੰ ਚੇਤੇ ਕਰ ਕਰਕੇ ਬਲ ਉਠਦੀ ਸੀ। ਜਦ ਸਿੱਖਾਂ ਨੇ ਬੀਰਬਲ ਦੇ ਕ੍ਰੋਧ ਭਰੇ ਸ਼ਬਦ ਗੁਰੂ ਜੀ ਨੂੰ ਜਾ ਕੇ ਦੱਸੇ, ਤਾਂ ਮਹਾਰਾਜ ਨੇ ਕੇਵਲ ਇਹ ਹੀ ਕਿਹਾ : "ਜੇਕਰ ਬੀਰਬਲ ਮੁੜ ਕੇ ਆਵੇਗਾ, ਤਾਂ ਹੀ ਸਾਨੂੰ ਦੁਖ ਦੇਵੇਗਾ।" ਸੈਨਾਪਤੀ ਜ਼ੈਨਖਾਨ ਅਤੇ ਬੀਰਬਲ ਦੀ ਆਪਸ ਵਿੱਚ ਸਲਾਹ ਨਾ ਮਿਲੀ (ਇਨ੍ਹਾਂ ਦੀਆਂ ਰਾਵਾਂ ਵਖੋ ਵਖਰੀਆਂ ਹਨ)। ਯੂਸਫਜ਼ਈਆਂ ਨੇ ਇਨ੍ਹਾਂ ਤੇ ਧਾਵਾ ਬੋਲ ਦਿੱਤਾ ਤੇ ਇਨ੍ਹਾਂ ਨੂੰ ਭਾਂਜ ਦੇ ਦਿੱਤੀ। ਜ਼ੈਨਖਾਨ ਮੁਸ਼ਕਲ ਨਾਲ ਬਚਿਆ, ਪਰ ਬੀਰਬਲ ਮਾਰਿਆ ਗਿਆ।[1]

ਬਜ਼ੀਰ ਖਾਨ ਗੁਰੂ ਜੀ ਦਾ ਸ਼ਰਧਾਲੂ ਕਿਵੇਂ ਬਣਿਆ

ਪ੍ਰਿਥੀਏ ਨੂੰ ਸੁਲਹੀ ਖਾਨ ਨਾਲ ਮਿਲਕੇ ਗੁਰੂ ਜੀ ਨੂੰ ਦੁਖ ਦੇਣ ਦਾ ਬਥੇਰਾ ਮੌਕਾ ਮਿਲਿਆ। ਬਾਦਸ਼ਾਹ ਦੇ ਛੋਟੇ ਮੰਤਰੀ ਵਜ਼ੀਰ ਖਾਨ ਨੇ ਗੁਰੂ ਜੀ ਵਲੋਂ ਵਿੱਚ ਪੈਕੇ ਸੁਲਹੀ ਖਾਨ ਨੂੰ ਪ੍ਰੇਰਨਾ ਦਿੱਤੀ ਕਿ ਝਗੜਦੇ ਹੋਏ ਭਰਾਵਾਂ ਦਾ ਮਿਲਾਪ ਕਰਾ ਵੇਦੇ।

ਵਜ਼ੀਰ ਖਾਨ ਗੁਰੂ ਜੀ ਦਾ ਪੱਖ ਕਿਉਂ ਪਾਲਦਾ ਸੀ, ਇਸ ਗੱਲ ਦਾ ਕਾਰਨ ਇਉਂ ਦੱਸਿਆ ਗਿਆ ਹੈ—ਇੱਕ ਵਾਰ ਜਦੋਂ ਵਜ਼ੀਰਖਾਨ ਜਲੋਧਰ ਦੇ ਰੋਗ ਨਾਲ ਲਾਹੌਰ ਵਿੱਚ ਆਪਣੇ ਘਰ ਬੀਮਾਰ ਪਿਆ ਸੀ ਤਾਂ ਇੱਕ ਸਿੱਖ ਗੁਰੂ ਜੀ ਦੀ ਰਚਿਤ ਬਾਣੀ ਸੁਖਮਨੀ ਸਾਹਿਬ ਦਾ ਪਾਠ ਕਰਦਾ ਹੋਇਆ ਕੋਲੋਂ ਲੰਘਿਆ। ਜਦ ਵਜ਼ੀਰਖਾਨ ਨੇ ਬਾਣੀ ਸੁਣੀ ਤਾਂ ਪੀੜ ਘਟ ਗਈ। ਜਦ ਉਹ ਸਿੱਖ ਇਤਨਾ ਦੂਰ ਚਲਾ ਗਿਆ ਕਿ ਉਸਦੀ ਆਵਾਜ਼ ਸੁਣਾਈ ਨਹੀਂ ਦਿੰਦੀ ਸੀ ਤਾਂ ਪੀੜ ਫਿਰ ਹੋਣ ਲੱਗ ਪਈ। ਜਦ ਉਹ ਸਿੱਖ ਉਸੇ ਰਾਹ ਉਸੇ ਸੁਰ ਵਿੱਚ ਬਾਣੀ ਪੜ੍ਹਦਾ ਹੋਇਆ ਮੁੜਕੇ ਲੰਘਿਆ ਤਾਂ ਵਜ਼ੀਰਖਾਨ ਦੀ ਪੀੜ ਫਿਰ ਘਟ ਗਈ। ਉਸਨੇ ਸਿੱਖ ਨੂੰ ਬੁਲਾਇਆ ਅਤੇ ਬੇਨਤੀ ਕੀਤੀ ਕਿ ਸੁਖਮਨੀ ਸਾਹਿਬ ਦਾ ਪਾਠ ਉਸਦੇ ਕੋਲ ਬੈਠ ਕੇ ਸੁਣਾਵੇ। ਫਿਰ ਵਜ਼ੀਰਖਾਨ ਨੇ ਗੁਰੂ ਜੀ ਦੇ ਨਾਉਂ ਤੇ ਕੜਾਹ ਪ੍ਰਸ਼ਾਦ ਵੰਡਿਆ ਅਤੇ ਛੇਤੀ ਹੀ ਉਹ ਉਹ ਪੂਰੀ ਤਰ੍ਹਾਂ ਅਰੋਗ ਹੋ ਗਿਆ। ਜਦੋਂ ਵਜ਼ੀਰਖਾਨ ਨੂੰ ਮੌਕਾ ਮਿਲਿਆ, ਤਾਂ ਉਹਨੇ ਆਕੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਉਨ੍ਹਾਂ ਨੂੰ ਸਭ ਹਾਲ ਦਸਿਆ ਅਤੇ ਮਹਾਰਾਜ ਦਾ ਸਿਦਕੀ ਸਿੱਖ ਬਣ ਗਿਆ । ਵਜ਼ੀਰਖਾਨ ਨੇ ਆਪਣੇ

1. ਇਹ ਸਾਖੀ ਕਈ ਸਿੱਖ-ਇਤਿਹਾਸਕਾਰਾਂ ਨੇ ਗੁਰੂ ਅਮਰਦਾਸ ਦੇ ਸਮੇਂ ਲਿਖੀ ਹੈ ਜੋ ਕਿ ਇਤਿਹਾਸ ਦੇ ਉਲਟ ਹੈ।

ਚਲਾਣੇ ਸਮੇਂ ਤੱਕ ਸਿੱਖਾਂ ਨੂੰ ਆਪਣੇ ਪਾਸ ਰੱਖਿਆ ਜੋ ਅੰਮ੍ਰਿਤ ਵੇਲੇ ਉਸਨੂੰ ਗੁਰਬਾਣੀ ਸੁਣਾਇਆ ਕਰਦੇ ਸਨ। ਜਦ ਵਜ਼ੀਰਖਾਨ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਮੈਨੂੰ ਉਪਦੇਸ਼ ਦਿਉ, ਤਾਂ ਗੁਰੂ ਜੀ ਨੇ ਹੇਠ ਲਿਖਿਆਂ ਸੋਲਹਾ ਉਸ ਪ੍ਰਤੀ ਉਚਾਰਨ ਕੀਤਾ—

ਅਲਹ ਅਗਮ ਖੁਦਾਈ ਬੰਦੇ॥ ਛੋਡਿ ਖਿਆਲ ਦੁਨੀਆ ਕੇ ਧੰਧੇ॥
ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲ ਦਰਾ॥੧॥
ਸਚੁ ਨਿਵਾਜ ਯਕੀਨ ਮੁਸਲਾ॥ ਮਨਸਾ ਮਾਰਿ ਨਿਵਾਰਿਹੁ ਆਸਾ॥
ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ॥੨॥
ਸਰਾ ਸਰੀਅਤਿ ਲੇ ਕੰਮਾਵਹੁ ਤਰੀਕਤਿ ਤਰਕ ਖੋਜਿ ਟੋਲਾਵਹੁ॥
ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ॥੩॥
ਕੁਰਾਣੁ ਕਤੇਬ ਦਿਲ ਮਾਹਿ ਕਮਾਹੀ॥ ਦਸ ਅਉਰਾਤ ਰਖਹੁ ਬਦ ਰਾਹੀ॥
ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ॥੪॥
ਮਕਾ ਮਿਹਰ ਰੋਜਾ ਪੈ ਖਾਕਾ॥ ਭਿਸਤੁ ਪੀਰ ਲਫਜ ਕਮਾਇ ਅੰਦਾਜਾ॥
ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ॥੫॥
ਸਚੁ ਕਮਾਵੈ ਸੋਈ ਕਾਜੀ॥ ਜੋ ਦਿਲੁ ਸੋਧੈ ਸੋਈ ਹਾਜੀ॥
ਸੋ ਸੁਲਾ ਮਲਊਨ ਨਿਵਾਰੈ ਸੋ ਦਰਵੇਸ ਜਿਸੁ ਸਿਫਤਿ ਧਰਾ॥੬॥
ਸਭੇ ਵਖਤ ਸਭੇ ਕਰਿ ਵੇਲਾ॥ ਖਾਲਕੁ ਯਾਦਿ ਦਿਲੈ ਮਹਿ ਮਉਲਾ॥
ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ॥੭॥
ਦਿਲ ਮਹਿ ਜਾਨਹੁ ਸਭ ਫਿਲਹਾਲਾ॥ ਖਿਲਖਾਨਾ ਬਿਰਾਦਰ ਹਮੂ ਜੰਜਾਲਾ॥
ਮੀਰ ਮਾਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ॥੮॥
ਅਵਲਿ ਸਿਫਤਿ ਦੂਜੀ ਸਾਬੂਰੀ॥ ਤੀਜੈ ਹਲੇਮੀ ਚਉਥ ਖੈਰੀ॥
ਪੰਜਵੈ ਪੰਜੇ ਇਕਤੁ ਮੁਖਾਮੈ ਏਹਿ ਪੰਜਿ ਵਖਤ ਤੇਰੇ ਅਪਰ ਪਰਾ॥੯॥
ਸਗਲੀ ਜਾਨਿ ਕਰਹੁ ਮਉਦੀਫਾ॥ ਬਦ ਅਮਲ ਛੋਡਿ ਕਰਹੁ ਹਥਿ ਕੂਜਾ॥
ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ॥੧੦॥
ਹਕੁ ਹਲਾਲੁ ਬਧੋਰਹੁ ਖਾਣਾ॥ ਦਿਲ ਦਰੀਆਉ ਧੋਵਹੁ ਮੈਲਾਣਾ॥
ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ॥੧੧॥
ਕਾਇਆ ਕਿਰਦਾਰ ਅਉਰਤ ਯਕੀਨਾ॥ ਰੰਗ ਤਮਾਸੇ ਮਾਣਿ ਹਕੀਨਾ॥
ਨਾਪਾਕੁ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ॥੧੨॥
ਮੁਸਲਮਾਣੁ ਮੋਮ ਦਿਲਿ ਹੋਵੈ॥ ਅੰਤਰ ਕੀ ਮਲੁ ਦਿਲ ਤੇ ਧੋਵੈ॥
ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਹਾਕੁ ਹਰਾ॥੧੩॥
ਜਾਕਉ ਮਿਹਰ ਮਿਹਰ ਮਿਹਰਵਾਨਾ ਸੋਈ ਮਰਦੁ ਮਰਦੁ ਮਰਦਾਨਾ॥
ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ ਨਰਾ॥੧੪॥
ਕੁਦਰਤਿ ਕਾਦਰ ਕਰਣ ਕਰੀਮਾ॥ ਸਿਫਤਿ ਮੁਹਬਤਿ ਅਥਾਹ ਰਹੀਮਾ॥
ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ॥੧੫॥

(ਆ: ਗ੍ਰੰ: ਪੰ: ੧੦੮੩-੮੪) (ਮਾਰੂ ਸੋਲਹੇ ਮਹਲਾ ੫)

ਕਾਂਡ—45

ਸ੍ਰੀ ਅੰਮ੍ਰਿਤਸਰ ਨੂੰ ਵਰ

ਜਦੋਂ ਸਰੋਵਰ ਦੇ ਆਲੇ-ਦੁਆਲੇ ਇਮਾਰਤਾਂ ਵੱਧ ਗਈਆਂ ਤਾਂ ਗੁਰੂ ਜੀ ਨੇ ਆਪਣੇ ਸਿੱਖਾਂ ਅਤੇ ਸ਼ਰਧਾਲੂਆਂ ਨੂੰ ਉਨ੍ਹਾਂ ਵਿਚ ਵਸਣ ਦਾ ਹੁਕਮ ਦੇ ਦਿੱਤਾ। ਇਸ ਤਰ੍ਹਾਂ ਅੰਮ੍ਰਿਤਸਰ ਸ਼ਹਿਰ ਹੌਲੀ-ਹੌਲੀ ਵੱਧ ਗਿਆ। ਇੱਕ ਸਿੱਖ ਜਿਸਦਾ ਨਾਮ ਭਾਈ ਸਾਲ੍ਹੋ ਸੀ, ਪ੍ਰਤੀਤ ਹੁੰਦਾ ਹੈ ਕਿ ਉਸਦਾ ਅੰਮ੍ਰਿਤਸਰ ਵਿਚ ਵੜਾ ਪ੍ਰਤਾਪ ਸੀ, ਗੁਰੂ ਜੀ ਨੂੰ ਉਨ੍ਹਾਂ ਦੇ ਮੰਤਵ ਦੀ ਸਿਧੀ ਵਿੱਚ, ਉਸ ਨੇ ਚੋਖੀ ਸਹਾਇਤਾ ਕੀਤੀ, ਪਰ ਥੋੜ੍ਹੇ ਚਿਰ ਮਗਰੋਂ ਜਦ ਸਿੱਖਾਂ ਨੂੰ ਪਤਾ ਲੱਗਾ ਕਿ ਸਾਨੂੰ ਅੰਮ੍ਰਿਤਸਰ ਰਹਿਣ ਵਿੱਚ ਕੋਈ ਆਰਥਿਕ ਲਾਭ ਨਹੀਂ ਤਾਂ ਉਨ੍ਹਾਂ ਨੇ ਗੁਰੂ ਜੀ ਦੀ ਸੇਵਾ ਵਿੱਚ ਬੇਨਤੀ ਕੀਤੀ : "ਮਹਾਰਾਜ ਜੀ, ਇੱਥੇ ਕਿਸੇ ਪ੍ਰਕਾਰ ਦਾ ਵਣਜ-ਵਿਉਪਾਰ ਨਹੀਂ, ਜਿਸ ਨਾਲ ਅਸੀਂ ਆਪਣੀ ਉਪਜੀਵਕਾ ਪ੍ਰਾਪਤ ਕਰ ਸਕੀਏ ਅਤੇ ਆਪਣੇ ਪਰਿਵਾਰਾਂ ਦੀ ਪਾਲਨਾ ਕਰੀਏ। ਇੱਥੇ ਬੜੀ ਥੋੜੀ ਵਸੋਂ ਹੈ ਇਸ ਕਰਕੇ ਇੱਥੇ ਅਜੇ ਕੋਈ ਵਪਾਰ ਨਹੀਂ ਹੈ।" ਗੁਰੂ ਜੀ ਨੇ ਉੱਤਰ ਵਿਚ ਉਨ੍ਹਾਂ ਨੂੰ ਕਿਹਾ ਕਿ ਨਿਰਾਸ ਨਾ ਹੋਵੋ, ਅੰਮ੍ਰਿਤਸਰ ਇਕ ਵਡਾ ਸ਼ਹਿਰ ਬਣੇਗਾ ਅਤੇ ਇਸਦੀ ਬੜੀ ਸੰਘਣੀ ਵਸੋਂ ਹੋਵੇਗੀ। ਗੁਰੂ ਮਹਾਰਾਜ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਕਿ ਆਪਣੀ ਸਫਲਤਾ ਲਈ ਵਾਹਿਗੁਰੂ ਦੀ ਭਜਨ ਬੰਦਗੀ ਤੇ ਭਰੋਸਾ ਰੱਖੋ । ਅੰਮ੍ਰਿਤ ਵੇਲੇ ਜਾਗੋ, ਇਸ਼ਨਾਨ ਕਰੋ ਤੇ ਹਰਿਮੰਦਰ ਵਿਚ ਜਾਕੇ ਗੁਰਬਾਣੀ ਦੀ ਕਥਾ ਸੁਣੋ। ਇਸ ਮਗਰੋਂ ਸ਼ਾਮ ਵੇਲੇ ਤੱਕ ਆਪਣੇ ਵਿਵਹਾਰਕ ਕੰਮ ਕਰੋ । ਫਿਰ ਰਹਿਰਾਸ ਸਾਹਿਬ ਅਤੇ ਕੀਰਤਨ ਸੋਹਲੇ ਦੇ ਪਾਠ ਕਰਨ ਨਾਲ ਆਪਣੇ ਭਜਨ ਨੂੰ ਆਰੰਭ ਕਰੋ।"

ਪ੍ਰਿਥੀਆ ਦਾ ਵਿਰੋਧ ਅਤੇ ਗੁਰੂ ਅਰਜਨ ਦੇਵ ਜੀ ਦਾ ਅੰਮ੍ਰਿਤਸਰ ਤਿਆਗਣਾ

ਗੁਰੂ ਜੀ ਅਤੇ ਪ੍ਰਿਥੀਏ ਦਾ ਆਪਸ ਵਿੱਚ ਸਮਝੌਂਤਾ ਹੋ ਜਾਣ ਦੇ ਬਾਵਜੂਦ ਵੀ, ਉਨ੍ਹਾਂ ਦਾ ਝਗੜਾਲੂ ਭਰਾ ਪ੍ਰਿਥੀਆ ਮਹਾਰਾਜ ਨੂੰ ਹਰ ਪ੍ਰਕਾਰ ਦੁਖ ਦਿੰਦਾ ਰਿਹਾ। ਇਸ ਕਰਕੇ ਗੁਰੂ ਜੀ ਨੇ ਫੈਸਲਾ ਕੀਤਾ ਕਿ ਅੰਮ੍ਰਿਤਸਰ ਨੂੰ ਤਿਆਗ ਕੇ 'ਮਾਝਾ' ਅਰਥਾਤ ਰਾਵੀ ਅਰ ਬਿਆਸਾ ਦੇ ਵਿਚਕਾਰਲੇ ਇਲਾਕੇ ਦਾ ਦੌਰਾ ਕੀਤਾ ਜਾਵੇ। ਪਹਿਲਾਂ ਗੁਰੂ ਜੀ ਖਡੂਰ ਅਤੇ ਗੋਇੰਦਵਾਲ ਸਾਹਿਬ ਗਏ ਅਤੇ ਫਿਰ ਪਿੰਡ ਸਰਹਾਲੀ ਗਏ। ਉਥੇ ਆਪਣੇ ਰਹਿਣ ਲਈ ਘਰ ਬਣਾਉਣ ਵਾਸਤੇ ਜ਼ਮੀਨ ਪ੍ਰਾਪਤ ਕਰਨੀ ਚਾਹੀ।

ਭੈਣੀ ਪਿੰਡ ਦੇ ਇੱਕ ਸਿੱਖ ਨੇ ਬੇਨਤੀ ਕੀਤੀ ਕਿ ਮੇਰੇ ਘਰ ਦਰਸ਼ਨ ਦਿਉ। ਗੁਰੂ ਜੀ ਨੇ ਉਸਦਾ ਪ੍ਰੇਮ ਵੇਖਕੇ ਇਹ ਗੱਲ ਮੰਨ ਲਈ। ਜਦ ਮਹਾਰਾਜ ਭੈਣੀ ਪੁਜੇ ਤਾਂ ਦੁਪਹਿਰ ਹੋ ਗਈ ਸੀ। ਉਸ ਸਿੱਖ ਦੀ ਧਰਮ ਪਤਨੀ ਨੇ ਵੇਖਿਆ ਕਿ ਗੁਰੂ ਜੀ ਨੂੰ ਭੁਖ ਲੱਗੀ ਹੋਈ ਹੈ

ਅਤੇ ਜੇ ਹੁਣ ਉਨ੍ਹਾਂ ਦੇ ਪ੍ਰਸ਼ਾਦ ਲਈ ਸਬਜ਼ੀ ਭਾਜੀ ਰਿੰਨ੍ਹੇ ਤਾਂ ਬਹੁਤ ਚਿਰ ਲੱਗ ਜਾਣਾ ਸੀ। ਇਸ ਲਈ ਉਸ ਨੇ ਮੱਖਣ ਤੇ ਮਿੱਠਾ ਪਾਕੇ ਚੂਰੀ ਦਾ ਥਾਲ ਤਿਆਰ ਕਰਕੇ ਗੁਰੂ ਜੀ ਅੱਗੇ ਲਿਆ ਰੱਖਿਆ। ਜਦੋਂ ਗੁਰੂ ਮਹਾਰਾਜ ਪ੍ਰਸ਼ਾਦ ਛੱਕ ਕੇ ਪ੍ਰਸੰਨ ਹੋਏ ਤਾਂ ਉਨ੍ਹਾਂ ਨੇ ਪੁੱਛਿਆ ਇਸ ਪਿੰਡ ਦਾ ਕੀ ਨਾਂ ਹੈ। ਮਾਈ ਨੇ ਦੱਸਿਆ ਕਿ ਇਸਦਾ ਨਾਂ 'ਭੈਣੀ' ਹੈ। ਗੁਰੂ ਜੀ ਨੇ ਬਚਨ ਕੀਤਾ 'ਇਸ ਪਿੰਡ ਦਾ ਨਾਉ ਚੋਹਲਾ[1] (ਭਾਵ ਪਿਆਰਾ ਸਵਾਦਲਾ ਭੋਜਨ) ਹੋਵੇਗਾ।' ਇੱਥੇ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਿਆ—

ਬਾਰਿ ਜਾਉ ਗੁਰ ਅਪੁਨੇ ਊਪਰਿ ਜਿਨਿ ਹਰਿ ਹਰਿ ਨਾਮੁ ਦ੍ਰਿੜ੍ਹਾਯਾ॥
ਮਹਾ ਉਦਿਆਨ ਅੰਧਕਾਰ ਮਹਿ ਜਿਨਿ ਸੀਧਾ ਮਾਰਗੁ ਦਿਖਾਯਾ ॥
ਹਮਰੇ ਪ੍ਰਾਨ ਗੁਪਾਲ ਗੋਬਿੰਦ॥
ਈਹਾ ਊਹਾ ਸਰਬ ਥੋਕ ਕੀ ਜਿਸਹਿ ਹਮਾਰੀ ਚਿੰਦ॥੧॥ ਰਹਾਉ॥
ਜਾਕੈ ਸਿਮਰਨਿ ਸਰਬ ਨਿਧਾਨਾ ਮਾਨੁ ਮਹਤੁ ਪਤਿ ਪੂਰੀ॥
ਨਾਮ ਲੈਤ ਕੋਟਿ ਅਘ ਨਾਸੇ ਭਗਤ ਬਾਛਹਿ ਸਭਿ ਧੂਰੀ॥੨॥
ਸਰਬ ਮਨੋਰਥ ਜੇ ਕੋ ਚਾਹੈ ਸੇਵੈ ਏਕੁ ਨਿਧਾਨਾ॥
ਪਾਰਬ੍ਰਹਮ ਅਪਰੰਪਰ ਸੁਆਮੀ ਸਿਮਰਤ ਪਾਰਿ ਪਰਾਨਾ॥੩॥
ਸੀਤਲ ਸਾਂਤਿ ਮਹਾ ਸੁਖੁ ਪਾਇਆ ਸੰਤ ਸੰਗਿ ਰਹਿਓ ਓਲਾ॥
ਹਰਿ ਧਨੁ ਸੰਚਨੁ ਹਰਿ ਨਾਮੁ ਭੋਜਨੁ ਇਹੁ ਨਾਨਕ ਕੀਨੋ ਚੋਲ੍ਹਾ ॥੪॥
(ਆਃ ਗ੍ਰੰਃ ਪੰਃ ੬੭੨) (ਧਨਾਸਰੀ ਮਹਲਾ ੫)

ਇਸੇ ਪ੍ਰਥਾਏ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ—

ਹਰਿ ਹਰਿ ਨਾਮੁ ਅਮੋਲਾ॥ ਓਹੁ ਸਹਿਜ ਸੁਹੇਲਾ॥੧॥ ਰਹਾਉ॥
ਸੰਗਿ ਸਹਾਈ ਛੋਡਿ ਨ ਜਾਈ ਓਹੁ ਅਗਹ ਅਤੋਲਾ॥੧॥
ਪ੍ਰੀਤਮੁ ਭਾਈ ਬਾਪੁ ਮੋਰੋ ਮਾਈ ਭਗਤਨ ਕਾ ਓਲ੍ਹਾ ॥੨॥
ਅਲਖੁ ਲਖਾਇਆ ਗੁਰ ਤੇ ਪਾਇਆ ਨਾਨਕ ਇਹੁ ਹਰਿ ਕਾ ਚੋਲ੍ਹਾ ॥
(ਆਃ ਗ੍ਰੰਃ ਪੰਃ ੪੦੭) (ਆਸਾ ਮਹਲਾ ੫)

ਉਸ ਸਮੇਂ ਦੇ ਸਰਕਾਰੀ ਦਫਤਰਾਂ ਦੇ ਕਾਗਜ਼ਾਂ ਵਿਚ 'ਭੈਣੀ ਪਿੰਡ ਦਾ ਨਾਮ ਚੋਹਲਾ ਬਦਲਿਆ ਗਿਆ।

ਚੋਹਲੇ ਪਿੰਡ ਦੇ ਵਸਨੀਕ ਇਕ ਜੱਟ ਨੇ ਗੁਰੂ ਅਰਜਨ ਦੇਵ ਜੀ ਪਾਸ ਬੇਨਤੀ ਕੀਤੀ ਕਿ ਬੂਹ ਪਿੰਡ ਦੇ ਲੋਕੀ ਆਪਣੀਆਂ ਜ਼ਮੀਨਾਂ ਵਿਚ ਮੈਨੂੰ ਡੰਗਰ ਨਹੀਂ ਚਾਰਨ ਦਿੰਦੇ, ਹਾਲਾਂ ਕਿ ਉਥੇ ਚਾਰਨ ਦਾ ਮੇਰਾ ਪੁਰਾਤਨ ਅਧਿਕਾਰ ਹੈ। ਗੁਰੂ ਜੀ ਨੇ ਬਚਨ ਕੀਤਾ 'ਬੂਹ ਜੂਹ ਹੋਵੇਗਾ' ਭਾਵ ਬੂਹ ਬੰਜਰ ਹੋ ਜਾਵੇਗਾ। ਇਹ ਭਵਿੱਖ ਬਚਨ ਮਗਰੋਂ ਪੂਰਾ ਹੋਇਆ।

1. 'ਚੋਹਲਾ' ਨਾਮ ਸਵਾਦਲੇ ਭੋਜਨ ਤੋਂ ਹੈ। ਕਿਉਂਕਿ ਮਾਈ ਨੇ ਸਵਾਦਲਾ ਭੋਜਨ ਚੂਰੀ ਲਿਆ ਕੇ ਮਹਾਰਾਜ ਨੂੰ ਦਿੱਤੀ ਸੀ, ਇਸ ਲਈ ਗੁਰੂ ਜੀ ਨੇ ਪਿੰਡ ਦਾ ਨਾਮ ਚੋਹਲਾ ਰੱਖ ਦਿੱਤਾ। ਅੱਜ ਕੱਲ ਚੋਹਲਾ ਸਾਹਿਬ ਬੜਾ ਸੁੰਦਰ ਗੁਰਦਵਾਰਾ ਹੈ।

ਭਾਈ ਹੇਮੇ ਦਾ ਪ੍ਰੇਮ

ਜਦੋਂ ਗੁਰੂ ਅਰਜਨ ਦੇਵ ਜੀ ਇਹ ਦੌਰਾ ਕਰ ਰਹੇ ਸਨ ਤਾਂ ਆਪ ਇੱਕ ਪਿੰਡ ਖਾਨਪੁਰ ਵਿੱਚ ਗਏ ਜੋ ਕਿ ਗੋਇੰਦਵਾਲ ਅਤੇ ਤਰਨ ਤਾਰਨ ਦੇ ਵਿਚਕਾਰ ਹੈ। ਮਹਾਰਾਜ ਜੀ ਦੇ ਨਾਲ ਸਣੇ ਭਾਈ ਬਿਧੀ ਚੰਦ ਜੀ ਅਤੇ ਭਾਈ ਗੁਰਦਾਸ ਜੀ ਦੇ ਪੰਜ ਸਿੱਖ ਸਨ। ਭਾਈ ਬਿਧੀ ਚੰਦ ਜੀ ਤੇ ਭਾਈ ਗੁਰਦਾਸ ਜੀ ਕਈ ਕਾਰਨਾਂ ਕਰਕੇ ਉਘੇ ਪੁਰਸ਼ ਸਨ, ਜਿਨ੍ਹਾਂ ਸੰਬੰਧੀ ਪਿਛੋਂ ਅਸੀਂ ਬਹੁਤ ਕੁਝ ਲਿਖਾਂਗੇ। ਗੁਰੂ ਮਹਾਰਾਜ ਜੀ ਸਾਰਾ ਦਿਨ ਭਗਤੀ ਵਿਚ ਲੀਨ ਰਹੇ। ਸ਼ਾਮ ਵੇਲੇ ਬੜੇ ਜ਼ੋਰ ਦੀ ਬਾਰਸ਼ ਹੋਈ ਅਤੇ ਸਿਆਲ ਦੀ ਠੰਢੀ ਹਵਾ ਵਗਣ ਲੱਗ ਪਈ।

ਭਾਈ ਬਿਧੀ ਚੰਦ ਗੁਰੂ ਜੀ ਨੂੰ ਬੇਨਤੀ ਕਰਨ ਲੱਗਾ : "ਮਹਾਰਾਜ, ਉਹ ਜਿਹੜਾ ਉੱਚਾ ਘਰ ਤੁਸੀਂ ਵੇਖਦੇ ਹੋ, ਬੜਾ ਨੇੜੇ ਹੈ, ਆਉ ਉਥੇ ਚੱਲਕੇ ਰਾਤ ਬਿਸਰਾਮ ਕਰੀਏ।" ਗੁਰੂ ਜੀ ਨਾ ਮੰਨੇ ਅਤੇ ਫੁਰਮਾਣ ਲੱਗੇ ਕਿ ਉਥੋਂ ਦੇ ਰਹਿਣ ਵਾਲੇ ਪਾਪੀ ਆਦਮੀਆਂ ਦੀ ਸੰਗਤ ਵਿਚ ਰਹਿਣ ਨਾਲੋਂ ਜਿੱਥੇ ਹੁਣ ਹਾਂ ਇਥੇ ਹੀ ਰਹਿਣਾ ਚੰਗਾ ਹੋਵੇਗਾ। ਪਰ ਭਾਈ ਬਿਧੀ ਚੰਦ ਨੇ ਅਰਜ਼ੋਈ ਕਰਕੇ ਆਗਿਆ ਲੈ ਲਈ ਕਿ ਉਹ ਉਸ ਪਿੰਡ ਵਿਚ ਜਾਕੇ ਕੋਈ ਸਿਰ ਲੁਕਾਣ ਦਾ ਟਿਕਾਣਾ ਲੱਭੇ, ਕਿਉਂਕਿ ਰਾਤ ਨੂੰ ਸਰੀਰ ਨੂੰ ਚੀਰਨ ਵਾਲੀ ਠੰਡ ਸੀ। ਭਾਈ ਬਿਧੀ ਚੰਦ ਜੀ ਨੇ ਉਨ੍ਹਾਂ ਲੋਕਾਂ ਪਾਸ ਬੇਨਤੀ ਕੀਤੀ ਕਿ ਅਸਾਂ ਸਾਰਿਆਂ ਨੂੰ ਭਾਵੇਂ ਇੱਕੋ ਕੋਠੀ ਦੇ ਦਿਉ ! ਅਸੀਂ ਸਾਰੇ ਇਕੱਠੇ ਹੀ ਸੌਂ ਰਹਾਂਗੇ ਪਰ ਪਿੰਡ ਵਾਲਿਆਂ ਨੇ ਸਗੋਂ ਬਿਧੀ ਚੰਦ ਦਾ ਮਖੌਲ ਉਡਾਇਆ ਅਤੇ ਕਿਹਾ ਕਿ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖ ਪਖੰਡੀ ਹਨ। ਭਾਈ ਬਿਧੀ ਚੰਦ ਜੀ ਨੇ ਵਾਪਸ ਆਕੇ ਗੁਰੂ ਜੀ ਨੂੰ ਸਾਰੀ ਗੱਲ ਸੁਣਾ ਦਿੱਤੀ ਜਿਵੇਂ ਉਸ ਦੀ ਆਓ-ਭਗਤ ਹੋਈ ਸੀ। ਗੁਰੂ ਜੀ ਕਹਿਣ ਲੱਗੇ : "ਇਸਦਾ ਕੋਈ ਖਿਆਲ ਨਾ ਕਰੋ, ਅਸਾਂ ਪਹਿਲਾਂ ਹੀ ਦੱਸਿਆ ਸੀ ਕਿ ਉਹ ਲੋਕ ਬੜੇ ਬਦਜ਼ਬਾਨ ਹਨ। ਜਿਸ ਦੇ ਹਿਰਦੇ ਵਿਚ ਪ੍ਰੇਮ ਹੈ, ਉਹ ਆਪ ਹੀ ਸਾਡੇ ਪਾਸ ਆਵੇਗਾ ਅਤੇ ਸਾਨੂੰ ਰਾਤ ਲਈ ਟਿਕਾਣਾ ਦੇਵੇਗਾ।"

ਗੁਰੂ ਅਰਜਨ ਦੇਵ ਜੀ ਨੇ ਜਿਹਾ ਕਿ ਪਹਿਲਾਂ ਹੀ ਖਿਆਲ ਕੀਤਾ ਸੀ, ਉਸ ਪਿੰਡ ਦਾ ਇਕ ਸਿਦਕੀ ਸਿੱਖ ਭਾਈ ਹੇਮਾ ਗੁਰੂ ਜੀ ਪਾਸ ਆਇਆ ਅਤੇ ਬੇਨਤੀ ਕਰਨ ਲੱਗਾ: "ਹੇ ਸੱਚੇ ਪਾਤਸ਼ਾਹ ਮੇਰੀ ਇਕ ਭੱਜੀ ਟੁੱਟੀ ਕੱਖਾਂ ਦੀ ਕੁੱਲੀ ਹੈ, ਉਹ ਆਪ ਦੀ ਸੇਵਾ ਲਈ ਹਾਜ਼ਰ ਹੈ। ਉਹ ਆਪ ਦੇ ਚਰਨ ਪਾਣ ਨਾਲ ਪਵਿੱਤਰ ਹੋ ਜਾਏਗੀ।" ਭਾਈ ਹੇਮੇ ਨੂੰ ਗੁਰੂ ਰਾਮਦਾਸ ਜੀ ਨੇ ਸਿੱਖ ਬਣਾਇਆ ਸੀ। ਉਹ ਪਿੰਡ ਵਾਲਿਆਂ ਦੇ ਦਾਣੇ ਪੀਹ ਕੇ ਆਪਣਾ ਨਿਰਬਾਹ ਕਰਦਾ ਸੀ। ਵੇਹਲਾ ਵੇਲਾ ਗੁਰਬਾਣੀ ਦਾ ਜਾਪੁ ਕਰਨ ਵਿਚ ਖਰਚ ਕਰਦਾ ਸੀ। ਭਾਵੇਂ ਉਹ ਅਤਿਅੰਤ ਗਰੀਬ ਸੀ ਅਤੇ ਉਸਦੇ ਕੋਲ ਤਨ ਢਕਣ ਨੂੰ ਕੇਵਲ ਇਕ ਮੋਟਾ ਖੁਰਦਰਾ ਜਿਹਾ ਭੂਰਾ ਹੀ ਸੀ, ਪਰ ਉਸ ਦੀ ਕੁਲੀ ਪ੍ਰਦੇਸੀਆਂ ਲਈ ਸਦਾ ਖੁਲ੍ਹੀ ਰਹਿੰਦੀ ਸੀ। ਗੁਰੂ ਜੀ ਨੇ ਉਸ ਦਾ ਪ੍ਰੇਮ ਵੇਖਕੇ ਪ੍ਰਸੰਨਤਾ ਨਾਲ ਉਸ ਦੀ ਪ੍ਰਾਹੁਣਚਾਰੀ ਪ੍ਰਵਾਨ ਕੀਤੀ। ਭਾਈ ਹੇਮਾ ਜੀ ਨੇ ਚੰਗੇ ਤੋਂ ਚੰਗਾ ਭੋਜਨ ਜੋ ਉਸ ਪਾਸ ਸੀ, ਆਪਣੇ ਸਨਮਾਨਯੋਗ ਪ੍ਰਾਹੁਣੇ ਅੱਗੇ ਰੱਖਿਆ। ਸੌਣ ਦੇ ਪਹਿਲਾਂ ਉਸ ਨੇ ਆਪਣਾ ਇਕੋ ਭੂਰਾ ਆਪਣੇ ਸਰੀਰ ਤੋਂ ਲਾਹਕੇ ਗੁਰੂ ਜੀ ਦੇ ਹੇਠਾਂ ਵਿਛਾ ਦਿੱਤਾ, ਤਾਂਕਿ ਗੁਰੂ ਮਹਾਰਾਜ ਮਿਠੀ ਨੀਂਦ ਸੌਂ ਸਕਣ। ਗੁਰੂ ਜੀ ਨੇ ਉਸਦਾ ਪ੍ਰੇਮ ਵੇਖਕੇ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ :—

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥
ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥੧॥ ਰਹਾਉ॥
ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ॥
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ॥੧॥
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ॥੨॥
ਨਗਨ ਫਿਰਤ ਰੰਗਾ ਏਕ ਕੈ ਓਹੁ ਸੋਭਾ ਪਾਏ॥
ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ॥੩॥
ਸਭੁ ਕਿਛੁ ਤੁਮਰੈ ਹਾਥਿ ਪ੍ਰਭ ਆਪਿ ਕਰੇ ਕਰਾਏ॥
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ॥੪॥ *(ਆ: ਗ੍ਰੰ: ਪੰ: ੭੪੫)*

(ਰਾਗੁ ਸੂਹੀ ਮਹਲਾ ੫ ਘਰੁ ੪)

ਇਸੇ ਪ੍ਰਥਾਏ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਹੋਰ ਵੀ ਉਚਾਰਨ ਕੀਤਾ :—

ਜਿਥੈ ਨਾਮੁ ਜਪੀਐ ਪ੍ਰਭ ਪਿਆਰੇ॥ ਸੇ ਅਸਥਲ ਸੋਇਨ ਚਉਬਾਰੇ॥
ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ॥੧॥
ਹਰਿ ਰੁਖੀ ਰੋਟੀ ਖਾਇ ਸਮਾਲੇ॥ ਹਰਿ ਅੰਤਰਿ ਬਾਹਰਿ ਨਦਰਿ ਨਿਹਾਲੇ॥
ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ॥੨॥
ਸੰਤਾ ਸੇਤੀ ਰੰਗੁ ਨ ਲਾਏ॥ ਸਾਕਤ ਸੰਗਿ ਵਿਕਰਮ ਕਮਾਏ॥
ਦੁਲਭ ਦੇਹ ਖੋਈ ਅਗਿਆਨੀ ਜੜ ਅਪੁਣੀ ਆਪਿ ਉਪਾੜੀ ਜੀਉ॥੩॥
ਤੇਰੀ ਸਰਣਿ ਮੇਰੇ ਦੀਨ ਦਇਆਲਾ॥ ਸੁਖ ਸਾਗਰ ਮੇਰੇ ਗੁਰ ਗੋਪਾਲਾ॥
ਕਰਿ ਕਿਰਪਾ ਨਾਨਕੁ ਗੁਣ ਗਾਵੈ ਰਾਖਹੁ ਸਰਮ ਅਸਾੜੀ ਜੀਉ॥੪॥

(ਆ: ਗ੍ਰੰ: ਪੰ: ੧੦੫) (ਮਾਝ ਮਹਲਾ ੫॥)

ਖਾਨਪੁਰ ਦਾ ਉਜੜਨਾ

ਗੁਰੂ ਜੀ ਕੁਝ ਚਿਰ ਖਾਨਪੁਰ ਹੀ ਰਹੇ। ਜਦ ਗੁਰੂ ਜੀ ਉਥੇ ਹੀ ਸਨ ਤਾਂ ਭਾਈ ਹੇਮਾ ਜੀ ਨੇ ਆਪਣੀ ਇੱਛਾ ਪੂਰਨ ਕਰ ਲਈ ਗੁਰ ਪੁਰੀ ਵਿੱਚ ਜਾ ਨਿਵਾਸ ਕੀਤਾ। ਗੁਰੂ ਜੀ ਦੇ ਚਲੇ ਜਾਣ ਮਗਰੋਂ ਉਥੋਂ ਦੇ ਬਾਦਸ਼ਾਹੀ ਨਵਾਬ[1] ਨੇ, ਜੋ ਕਿਸੇ ਕਾਰਣ ਖਾਨਪੁਰ ਦੇ ਲੋਕਾਂ ਨਾਲ ਨਰਾਜ਼ ਸੀ, ਆਪਣੀ ਸੈਨਾ ਭੇਜਕੇ ਸ਼ਹਿਰ ਨੂੰ ਢਾਹਕੇ ਮਿੱਟੀ ਨਾਲ ਮਿਲਾ ਦਿੱਤਾ ਅਤੇ ਵੱਡੇ-ਵੱਡੇ ਲੋਕਾਂ ਨੂੰ ਕਤਲ ਕਰ ਦਿੱਤਾ। ਜਿਹੜੇ ਬਚ ਗਏ ਉਨ੍ਹਾਂ ਨੂੰ ਭਗਤ ਕਬੀਰ ਜੀ ਦਾ ਇਹ ਸਲੋਕ ਚੇਤੇ ਆਉਣ ਲੱਗਾ :—

ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥
ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥ ੧੯੨॥ ਕਬੀਰ

(ਆ: ਗ੍ਰੰ: ਪੰ: ੧੩੭੪)

1. ਸੂਬੇਦਾਰ, ਜੋ ਬਾਦਸ਼ਾਹ ਨੇ ਆਪਣੀ ਥਾਂ ਨੀਯਤ ਕਰਕੇ ਭੇਜਿਆ ਹੋਇਆ ਸੀ।

ਤਰਨ ਤਾਰਨ ਦੀ ਨੀਂਹ ਰੱਖਣੀ

ਉਥੋਂ ਗੁਰੂ ਜੀ 'ਖਾਹਰੇ' ਪਿੰਡ ਗਏ, ਜਿੱਥੇ ਆਪਣੇ ਆਲੇ-ਦਵਾਲੇ ਫੁੱਲੇ ਹੋਏ ਵਣ ਅਤੇ ਉਨ੍ਹਾਂ ਵਿੱਚ ਖੁਲ੍ਹੀਆਂ ਪੱਧਰੀਆਂ ਥਾਂਵਾਂ, ਨਿਰਮਲ ਜਲ ਅਤੇ ਤਾਜ਼ੀ ਅਰ ਅਨੰਦਮਈ ਪੌਣ ਦਾ ਸੁੰਦਰ ਦ੍ਰਿਸ਼ ਵੇਖਕੇ ਬਹੁਤ ਪ੍ਰਸੰਨ ਹੋਏ। ਜਦ ਮਹਾਰਾਜ ਪਿੰਡ ਵਿਚ ਗਏ ਤਾਂ ਉਥੇ ਦੋ ਚੌਧਰੀਆਂ ਨੇ ਬੜੇ ਪਿਆਰ ਤੇ ਸਤਿਕਾਰ ਨਾਲ ਆਪਦੀ ਆਉ-ਭਗਤ ਕੀਤੀ । ਮਗਰੋਂ ਚੌਧਰੀਆਂ ਨੇ ਗੁਰੂ ਜੀ ਦੀ ਖਾਹਰੇ ਪਿੰਡ ਦੇ ਲੋਕਾਂ ਪਾਸੋਂ ਜ਼ਮੀਨ ਲੈਣ ਵਿੱਚ ਸਹਾਇਤਾ ਵੀ ਕੀਤੀ। ਇਸੇ ਜ਼ਮੀਨ ਉਤੇ ਗੁਰੂ ਜੀ ਨੇ ਤਰਨ ਤਾਰਨ ਦੀ ਨੀਂਹ ਰੱਖੀ ਜੋ ਕਿ ਅੱਜ ਕੱਲ੍ਹ ਸਿੱਖਾਂ ਦਾ ਇੱਕ ਉੱਘਾ ਸ਼ਹਿਰ ਹੈ। ਇੱਥੇ ਹੀ ਸਿੱਖਾਂ ਦੇ ਇਸ਼ਨਾਨ ਤੇ ਭਗਤੀ ਲਈ ਸਰੋਵਰ ਬਣਾਉਣਾ ਆਰੰਭ ਕੀਤਾ। ਇਹ ਸਮਾਚਾਰ ਸੰ: ੧੫੯੦ ਈ: ਦੇ ਕਹੇ ਜਾਂਦੇ ਹਨ।

'ਤਰਨਤਾਰਨ' ਨਾਮ ਦੇ ਅਰਥ ਲੋਕਾਂ ਨੂੰ ਸੰਸਾਰ ਸਾਗਰ ਤੋਂ ਪਾਰ ਉਤਾਰਨ ਵਾਲਾ ਬੇੜਾ ਹਨ। ਗੁਰੂ ਜੀ ਨੇ ਬੜਾ ਖਰਚ ਕਰਕੇ ਚੂਨੇ ਦੀਆਂ ਭੱਠੀਆਂ ਬਣਵਾਈਆਂ ਅਤੇ ਇੱਟਾਂ ਪਕਵਾਈਆਂ। ਜਦੋਂ ਇਹ ਇੱਟਾਂ ਉਥੋਂ ਦੇ ਮੁਸਲਮਾਨ ਸੂਬੇ ਨੂਰਦੀਨ ਨੇ ਵੇਖੀਆਂ ਤਾਂ ਉਹ ਉਸ ਸਰਾਂ ਦੇ ਬਨਾਉਣ ਲਈ ਜ਼ਬਰਦਸਤੀ ਖੋਹਕੇ ਲੈ ਗਿਆ ਜੋ ਕਿ ਪਾਤਸ਼ਾਹ ਦੀ ਵਿਉਂਤ ਅਨੁਸਾਰ ਲੋਕਾਂ ਲਈ ਬਣਾਈ ਜਾਣੀ ਸੀ। ਇਸ ਤਰ੍ਹਾਂ ਦੇ ਧੱਕੇ ਉਸ ਸਮੇਂ ਦੇ ਰਿਵਾਜ ਸਨ। ਇਹ ਵੇਖਕੇ ਸਿੱਖਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਬਾਦਸ਼ਾਹ ਨੂੰ ਲਿਖੋ ਕਿ ਸਰੋਵਰ ਨੂੰ ਸੰਪੂਰਨ ਹੋਣ ਦੇਵੇ ਅਤੇ ਨੂਰਦੀਨ ਨੂੰ ਤਾੜਨਾ ਕਰੇ। ਗੁਰੂ ਜੀ ਨਿਮ੍ਰਤਾ ਦੇ ਪੁੰਜ ਸਨ, ਉਨ੍ਹਾਂ ਨੇ ਇਸ ਧੱਕੇਸ਼ਾਹੀ ਦਾ ਬਦਲਾ ਲੈਣ ਤੋਂ ਨਾਂਹ ਕਰ ਦਿੱਤੀ ਅਤੇ ਕਹਿਣ ਲੱਗੇ : "ਵਾਹਿਗੁਰੂ ਦਾ ਹੁਕਮ ਅਜੇ ਸਰੋਵਰ ਸੰਪੂਰਨ ਹੋਣ ਦਾ ਨਹੀਂ। ਇਸ ਲਈ ਇਸਨੂੰ ਬਣਾਉਣਾ ਉੱਕਾ ਹੀ ਬੰਦ ਕਰ ਦੇਣਾ ਚਾਹੀਦਾ ਹੈ ।" ਗੁਰੂ ਜੀ ਨੇ ਫੁਰਮਾਇਆ ਹੈ ਕਿ "ਦਇਆ ਭਜਨ ਧਾਰਮਕ ਪੂਜਾ ਦਾ ਮੁਢ ਹੈ ਇਸ ਲਈ ਸਾਨੂੰ ਹਰ ਕਿਸੇ ਉਤੇ ਦਇਆ ਕਰਨੀ ਚਾਹੀਦੀ ਹੈ, ਜਿਸਦੇ ਹਿਰਦੇ ਵਿਚ ਦਇਆ ਨਹੀਂ ਉਸਦੇ ਸਾਰੇ ਕਰਮ ਵਿਅਰਥ ਹਨ।"

ਸੰਮਤ ੧੬੩੨ ਬਿ: ਮੁਤਾਬਕ 1575 ਈ: ਵਿਚ ਸਰਦਾਰ ਖੁਸ਼ਹਾਲ ਸਿੰਘ ਫੈਜ਼ਲਪੁਰੀਏ ਅਤੇ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਏ ਨੇ ਨੂਰਦੀਨ ਵਾਲੀ ਸਰਾਂ ਢਾਹਕੇ ਉਸਦੀਆਂ ਉਹੀ ਇੱਟਾਂ ਜਿਹੜੀਆਂ ਨੂਰਦੀਨ ਗੁਰੂ ਜੀ ਪਾਸੋਂ ਖੋਹਕੇ ਲੈ ਗਿਆ ਸੀ ਵਾਪਸ ਲਿਆਂਦੀਆਂ ਤੇ ਤਰਨ ਤਾਰਨ ਸਰੋਵਰ ਬਨਾਉਣ ਵਿਚ ਵਰਤੀਆਂ।[1]

1. ਤਰਨਤਾਰਨ ਦਾ ਸਰੋਵਰ ਅੰਮ੍ਰਿਤਸਰ ਨਾਲੋਂ ਵੱਡਾ ਹੈ। ਇਸਦੀ ਇੱਕ ਨੁੱਕਰ ਤੇ ਉੱਚਾ ਸਾਰਾ ਬੁਰਜ ਬਣਿਆ ਹੈ ਜੋ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ। ਉਨ੍ਹਾਂ ਦਾ ਇਰਾਦਾ ਚੌਹਾਂ ਨੁਕਰਾਂ ਤੇ ਏਹੋ ਜਿਹੇ ਬੁਰਜ ਬਣਾਉਣਾ ਸੀ ਪਰ ਉਹ ਪਹਿਲੇ ਹੀ ਚਲਾਣਾ ਕਰ ਗਏ। ਇਨ੍ਹਾਂ ਦੀ ਉਸਾਰੀ ਲਈ ਇਕੱਠੇ ਹੋਏ ਰੁਪਏ ਅਸਚਰਜ ਗੁਪਤ ਢੰਗ ਨਾਲ ਅਲੋਪ ਹੋ ਗਏ। ਸ੍ਰੀ ਦਰਬਾਰ ਸਾਹਿਬ ਤੱਕ ਜਾਣ ਲਈ ਰਸਤਾ ਮਗਰੋਂ ਬਣਾਇਆ ਗਿਆ ਹੈ। ਕੁਝ ਘਰ ਢਹਿ ਗਏ ਹਨ ਜਿਨ੍ਹਾਂ ਦੇ ਮਾਲਕਾਂ ਨੂੰ ਚੰਦਾ ਇਕੱਠੇ ਕਰਕੇ ਰੁਪਏ ਦਿੱਤੇ ਗਏ ਸਨ।

ਗੁਰੂ ਜੀ ਫਿਰ ਜਲੰਧਰ ਜ਼ਿਲੇ ਵਿਚ ਗਏ। ਉਥੇ ਉਨ੍ਹਾਂ ਇੱਕ ਹੋਰ ਸ਼ਹਿਰ ਕਰਤਾਰਪੁਰ ਬਣਾਉਣ ਲਈ ਜ਼ਮੀਨ ਖਰੀਦੀ। ਕਰਤਾਰ ਪੁਰ ਉਦੋਂ ਤੋਂ ਚੰਗੀ ਆਤਮਕ ਅਤੇ ਸੰਸਾਰਕ ਉਚਤਾ ਤੇ ਅਪੜ ਗਿਆ ਹੈ। ਇਸ ਸਤਲੁਜ ਅਤੇ ਬਿਆਸਾ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਵਿੱਚ ਹੈ, ਇਸ ਨੂੰ ਜਲੰਧਰ ਦੁਆਬਾ ਆਖਦੇ ਹਨ।

ਗੰਗਸਰ ਬਣਨਾ

ਗੁਰੂ ਜੀ ਨੇ ਸ਼ਹਿਰ ਦੀ ਉਸਾਰੀ ਲਈ ਪਹਿਲਾ ਟਕ ਆਪਣੇ ਪਵਿੱਤਰ ਹਸਤ ਕੰਵਲਾ ਨਾਲ ਲਾਇਆ ਤੇ ਉਥ ਦੇ ਵਸਨੀਕਾਂ ਦੀ ਪਾਣੀ ਦੀ ਲੋੜ ਪੂਰੀ ਕਰਨ ਲਈ ਨਾਲ ਹੀ ਖੂਹ ਦਾ ਟਕ ਵੀ ਲਾਇਆ। ਖੂਹ ਦਾ ਨਾਂ ਮਹਾਰਾਜ ਨੇ ਗੰਗਸਰ ਰੱਖਿਆ। ਇਸਦਾ ਕਾਰਨ ਇਹ ਸੀ ਇੱਕ ਵਸਾਖੀ ਨਾਮ ਦਾ ਆਦਮੀ ਸੀ ਜਿਹੜਾ ਹਰ ਵਰ੍ਹੇ ਗੰਗਾ ਦੀ ਯਾਤਰਾ ਨੂੰ ਜਾਇਆ ਕਰਦਾ ਸੀ, ਇੱਕ ਵਾਰ ਰਾਹ ਵਿੱਚ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ, ਗੁਰੂ ਜੀ ਨੇ ਉਸਨੂੰ ਕਿਹਾ ਕਿ ਤੂੰ ਗੰਗਾ ਤੇ ਨਾ ਜਾਹ, ਸਗੋਂ ਸਾਡੇ ਖੂਹ ਤੇ ਇਸ਼ਨਾਨ ਕਰ, ਵਾਹਿਗੁਰੂ ਦਾ ਭਜਨ ਅਤੇ ਸਤਿਨਾਮ ਦਾ ਜਾਪ ਕਰ, ਇਸ ਤਰ੍ਹਾਂ ਕਰਨ ਨਾਲ ਤੈਨੂੰ ਗੰਗਾ ਇਸ਼ਨਾਨ ਦੇ ਸਾਰੇ ਫਲ ਪ੍ਰਾਪਤ ਹੋਣਗੇ। ਵਸਾਖੀ ਨੇ ਸਤਕਾਰ ਸਹਿਤ ਬੇਨਤੀ ਕੀਤੀ ਕਿ ਮਹਾਰਾਜ, ਮੈਂ ਗੰਗਾ ਤੇ ਜਾਣ ਦਾ ਪ੍ਰਣ ਕੀਤਾ ਹੋਇਆ ਹੈ। ਇਸ ਲਈ ਮੈਨੂੰ ਉਥੇ ਜ਼ਰੂਰ ਜਾਣਾ ਚਾਹੀਦਾ ਹੈ। ਗਰੂ ਜੀ ਨੇ ਉਸਦਾ ਦ੍ਰਿੜ ਸੰਕਲਪ ਵੇਖਕੇ ਆਗਿਆ ਦਿੱਤਾ ਕਿ ਜਾਹ ਤੂੰ ਆਪਣੀ ਯਾਤਰਾ ਪੂਰੀ ਕਰ। ਜਦ ਠੀਕ ਮੁੜਨ ਸਮੇਂ ਵਸਾਖੀ ਆਪਣੇ ਭਾਂਡੇ ਨੂੰ ਗੰਗਾ ਜਲ ਨਾਲ ਭਰਨ ਲੱਗਾ ਤਾਂ ਉਹ ਉਸਦੇ ਹੱਥੋਂ ਖਿਸਕ ਗਿਆ ਅਤੇ ਪਾਣੀ ਵਿਚ ਰੁੜ੍ਹ ਗਿਆ। ਵਸਾਖੀ ਨੇ ਉਸ ਭਾਂਡੇ ਨੂੰ ਲੱਭਣ ਦਾ ਬੜਾ ਜ਼ੋਰ ਲਾਇਆ ਪਰ ਕੋਈ ਲਾਭ ਨਾ ਹੋਇਆ। ਜਦ ਉਹ (ਵਸਾਖੀ) ਗੁਰੂ ਜੀ ਪਾਸ ਮੁੜਕੇ ਆਇਆ ਅਤੇ ਉਸ ਅਚਨਚੇਤ ਵਾਪਰੀ ਘਟਨਾ ਦੀ ਵਿਥਿਆ ਦੱਸੀ, ਤਾਂ ਲਿਖਿਆ ਹੈ ਕਿ ਗੁਰੂ ਜੀ ਨੇ ਉਸਦੇ ਸਾਹਮਣੇ ਨਵੇਂ ਖੂਹ (ਗੰਗਸਰ) ਵਿਚੋਂ ਉਹੀ ਭਾਂਡਾ, ਜਿਹੜਾ ਉਸਦੇ ਹੱਥੋਂ ਗੰਗਾ ਵਿਚ ਡਿੱਗ ਪਿਆ ਸੀ ਕੱਢ ਵਿਖਾਇਆ। ਇਹ ਵੇਖਕੇ ਵਸਾਖੀ ਹੈਰਾਨ ਹੋ ਗਿਆ। ਵਸਾਖੀ ਨੂੰ ਤਦੋਂ ਨਿਸਚਾ ਹੋ ਗਿਆ ਕਿ ਮੇਰੀ ਹਰਿਦਵਾਰ ਦੀ ਤੀਰਥ ਯਾਤਰਾ ਵਿਅਰਥ ਸੀ, ਇਸੇ ਕਰਤਾਰ ਪੁਰ ਵਾਲੇ ਖੂਹ ਦਾ ਨਾਉਂ ਗੰਗਸਰ ਰਖਿਆ ਗਿਆ।

ਨੱਕੇ ਦਾ ਦੌਰਾ

ਗੁਰੂ ਜੀ ਭਾਈ ਗੁਰੀਆ, ਚੌਧਰੀ ਚੂੜ੍ਹਮਲ ਅਤੇ ਹੋਰ ਧਰਮੀ ਸਿੱਖਾਂ ਦੇ ਬੇਨਤੀ ਕਰਨ 'ਨੱਕਾ' ਇਲਾਕੇ ਨੂੰ ਗਏ। ਮਹਾਰਾਜ ਨੇ ਖੇਮਕਰਨ, ਚੂਨ੍ਹੀਆਂ ਅਤੇ ਹੋਰ ਪਿੰਡਾਂ ਵਿਚ ਚਰਨ ਪਾਏ ਅਤੇ ਬੜੀ ਸਫਲਤਾ ਨਾਲ ਪ੍ਰਚਾਰ ਕੀਤਾ। ਫਿਰ ਗੁਰੂ ਜੀ ਜੰਬਰ ਪਿੰਡ ਗਏ, ਉਥੇ ਕੁਝ ਚਿਰ ਰਹੇ ਅਤੇ ਉਸ ਸਮੇਂ ਕਿਦਾਰ, ਖੇਡਾਂ, ਸਮਦੂ, ਮੁਕੰਦਾ, ਤੁਲਸਾ, ਲਾਲੂ ਅਤੇ ਕਈ ਹੋਰਨਾਂ ਨੂੰ ਸਿੱਖ ਬਣਾਇਆ।

ਲਾਹੌਰ ਵਿਚ ਬਾਉਲੀ ਬਣਾਉਣੀ

ਲਾਹੌਰ ਦੇ ਵਸਨੀਕ ਸਿੱਖਾਂ ਦੇ ਬੇਨਤੀ ਕਰਨ ਤੇ ਉਹ ਲਾਹੌਰ ਗਏ। ਮਹਾਰਾਜ ਨੇ ਡੱਬੀ ਬਜ਼ਾਰ ਵਿਚ ਅਜੋਕੇ 'ਗੁਰੂ ਕੀ ਬਾਉਲੀ ਸਾਹਿਬ' ਵਾਲੇ ਅਸਥਾਨ ਤੇ ਟਿਕਾਣਾ

ਕੀਤਾ ਅਤੇ ਬਾਉਲੀ ਬਣਾਉਣ ਦੀ ਵਿਉਂਤ ਤਿਆਰ ਕੀਤੀ। ਸਭ ਵਰਗਾਂ ਦੇ ਲੋਕੀ ਗੁਰੂ ਜੀ ਦੀ ਮਹਿਮਾਂ ਸੁਣਕੇ ਉਨ੍ਹਾਂ ਦੇ ਦਰਸ਼ਨਾਂ ਲਈ ਆ ਜੁੜੇ ਅਤੇ ਉਨ੍ਹਾਂ ਪਾਸੋਂ ਉਪਦੇਸ਼ ਲੈਣ ਅਤੇ ਆਪਣੀ ਮੁਕਤੀ ਦੀ ਪ੍ਰਾਪਤੀ ਲਈ ਯਤਨ ਕਰਨ ਲੱਗੇ। ਉੱਥੇ ਹੀ ਗੁਰੂ ਜੀ ਪਾਸ ਜੋਗੀ ਸ਼ੰਭੂ ਨਾਥ, ਹਿੰਦੂ ਭਗਤ ਕਾਹਨਾਂ ਅਤੇ ਛਜੂ ਆਏ, ਮੁਸਲਮਾਨ ਫਕੀਰਾਂ ਸ਼ਾਹ ਹੁਸੈਨ, ਸ਼ਾਹ ਸੁਲੇਮਾਨ, ਸ਼ਾਹ ਇਨਾਇਤ ਕਸੂਰੀ, ਸ਼ੇਖ ਵਲੀਸ਼ਾਹ ਅਤੇ ਹੋਰ ਕਈ ਮਹਾਰਾਜ ਅੱਗੇ ਆ ਨਿਵੇ ਅਤੇ ਆਤਮਕ ਠੰਡ ਪਾਣ ਵਾਲੇ ਧਾਰਮਕ ਉਪਦੇਸ਼ ਲਈ ਯਾਚਨਾ ਕੀਤੀ। ਗੁਰੂ ਜੀ ਨੇ ਆਪਣੀ ਲਿਵ ਵਾਹਿਗੁਰੂ ਨਾਲ ਜੋੜਕੇ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ :—

ਮੀਰਾਂ ਦਾਨਾਂ ਦਿਲ ਸੋਚ॥ ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ॥੧॥ ਰਹਾਉ॥
ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸਕਾ ਮੋਲੁ॥
ਪਾਕ ਪਰਵਰਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ॥੧॥
ਦਸ੍ਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ॥
ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ॥ *(ਤਿਲੰਗ ਮਹਲਾ ੫)*
(ਆ: ਗ੍ਰੰ: ਪੰ: ੭੨੪)

ਇਹ ਸ਼ਬਦ ਜਦ ਲਾਹੌਰ ਦੇ ਨਵਾਬ ਨੇ ਸੁਣਿਆ ਤਾਂ ਉਸ ਉਤੇ ਬੜਾ ਅਸਰ ਹੋਇਆ। ਲਿਖਿਆ ਹੈ ਕਿ ਉਸਨੇ ਆਪਣਾ ਜੀਵਨ ਸੁਧਾਰ ਲਿਆ ਅਤੇ ਜੀਵਨ ਵਾਹਿਗੁਰੂ ਦੀ ਸੇਵਾ ਵਿਚ ਲਾ ਦਿੱਤਾ। ਨਵਾਬ ਨੇ ਗੁਰੂ ਜੀ ਨੂੰ ਬੇਨਤੀ ਕਰਕੇ ਸੱਦਾ ਭੇਜਿਆ ਅਤੇ ਕੋਈ ਸੇਵਾ ਲਈ ਕਿਹਾ। ਗੁਰੂ ਜੀ ਨੇ ਸੱਦਾ ਪਰਵਾਨ ਕੀਤਾ। ਸਿੱਟਾ ਇਹ ਨਿਕਲਿਆ ਕਿ ਬਾਉਲੀ ਨਵਾਬ ਦੇ ਖਰਚ ਤੇ ਬਣਾਈ ਗਈ।

ਡੇਰੇ ਬਾਬੇ ਨਾਨਕ ਜਾਣਾ ਤੇ ਸ੍ਰੀ ਚੰਦ ਦਾ ਮੇਲ

ਫਿਰ ਗੁਰੂ ਜੀ ਜਿਲਾ ਗੁਰਦਾਸਪੁਰ ਵਿੱਚ ਡੇਰਾ ਬਾਬਾ ਨਾਨਕ ਗੁਰੂ ਨਾਨਕ ਦੇਵ ਜੀ ਦੇ ਦੇਹੁਰੇ ਤੇ ਗਏ। ਉਥੋਂ ਉਹ ਉਸੇ ਜ਼ਿਲੇ ਵਿਚ ਪਿੰਡ ਬਾਰਠ ਵਿਚ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਸ੍ਰੀ ਚੰਦ ਜੀ ਨੂੰ ਮਿਲਣ ਲਈ ਤੁਰ ਪਏ। ਇੱਕ ਦੂਜੇ ਨੂੰ ਪਰਸਪਰ ਬੰਦਨਾ ਕਰਨ ਮਗਰੋਂ ਉਨ੍ਹਾਂ ਆਪਸ ਵਿਚ ਗੱਲਬਾਤ ਕੀਤੀ। ਸ੍ਰੀ ਚੰਦ ਜੀ ਨੇ ਗੁਰੂ ਜੀ ਪਾਸੋਂ ਪੁਛਿਆ ਕਿ ਤੁਸੀਂ ਇਧਰ ਉਧਰ ਕਿਉਂ ਰਟਨ ਕਰਦੇ ਹੋ ਅਤੇ ਅੰਮ੍ਰਿਤਸਰ ਕਿਉਂ ਨਹੀਂ ਨਿਵਾਸ ਕਰਦੇ ? ਗੁਰੂ ਜੀ ਕਹਿਣ ਲੱਗੇ ਕਿ ਸਾਡੇ ਉਥੇ ਰਹਿਣ ਵਿਚ ਪ੍ਰਿਥੀਏ ਨੂੰ ਦੁਖ ਹੁੰਦਾ ਹੈ ਇਸ ਲਈ ਅਸੀਂ ਆਪਣੇ ਧਰਮ ਦਾ ਪ੍ਰਚਾਰ ਕਰਦੇ ਫਿਰਦੇ ਹਾਂ। ਕੁਝ ਹੋਰ ਬਚਨ ਬਿਲਾਸ ਹੁੰਦੇ ਰਹੇ, ਜਿਸ ਵਿਚ ਸ੍ਰੀ ਚੰਦ ਜੀ ਨੇ ਪ੍ਰਿਥੀਏ ਦੇ ਵਤੀਰੇ ਤੇ ਫਿਟਕਾਰ ਪਾਈ ਅਤੇ ਕਿਹਾ ਕਿ ਉਹ ਉਸਦੇ ਆਪਣੇ ਨਸ਼ਟ ਹੋਣ ਦਾ ਕਾਰਨ ਹੋਵੇਗਾ। ਫਿਰ ਗੁਰੂ ਜੀ ਅੰਮ੍ਰਿਤਸਰ ਜਾਣ ਲਈ ਤੁਰ ਪਏ ਅਤੇ ਇਸ ਤਰ੍ਹਾਂ ਆਪਣੇ ਸਿੱਖਾਂ ਅਤੇ ਸ੍ਰੀ ਚੰਦ ਜੀ ਦੀ ਇੱਛਾ ਪੂਰੀ ਕੀਤਾ।

ਕਾਂਡ—46

ਫਿਰ ਅੰਮ੍ਰਿਤਸਰ ਆਉਣਾ—ਪ੍ਰਿਥੀਏ ਦੀ ਈਰਖਾ

ਗੁਰੂ ਜੀ ਦੇ ਮੁੜ ਅੰਮ੍ਰਿਤਸਰ ਆਉਣ ਮਗਰੋਂ ਵੀ ਪ੍ਰਿਥੀਆ ਉਨ੍ਹਾਂ ਨੂੰ ਪਹਿਲਾਂ ਵਾਂਗ ਹੀ ਦੁੱਖ ਦਿੰਦਾ ਰਿਹਾ। ਪ੍ਰਿਥੀਏ ਦੀ ਬਹੁਤੀ ਈਰਖਾ ਉਸਦੀ ਵਹੁਟੀ ਦੇ ਮੇਹਣਿਆਂ ਤਾਹਨਿਆਂ ਕਰਕੇ ਭੜਕੀ ਹੋਈ ਸੀ। ਉਹਨੇ ਆਪਣੇ ਪਤੀ ਨੂੰ ਕਿਹਾ : "ਮੇਰੇ ਸਵਾਮੀ ਜੀ, ਜੇਕਰ ਤੁਸੀਂ ਆਪਣੇ ਪਿਤਾ ਨੂੰ ਉਨ੍ਹਾਂ ਦੀ ਸੇਵਾ ਕਰਕੇ ਪ੍ਰਸੰਨ ਕੀਤਾ ਹੁੰਦਾ ਤਾਂ ਤੁਸੀਂ ਹੁਣ ਗੁਰੂ ਹੁੰਦੇ ਅਤੇ ਮੈਂ ਗੁਰੂ ਦੀ ਪੂਜਣਯੋਗ ਪਤਨੀ ਹੁੰਦੀ। ਵੱਡਾ ਪੁੱਤਰ ਤਾਂ ਗੱਦੀ ਤੋਂ ਵਾਂਜਿਆਂ ਰਿਹਾ ਤੇ ਸਭ ਤੋਂ ਛੋਟੇ ਪੁੱਤਰ ਨੇ ਗੁਰ-ਪਦਵੀ ਪ੍ਰਾਪਤ ਕਰ ਲਈ ਅਤੇ ਸੰਸਾਰ ਉਸਨੂੰ ਪੂਜਦਾ ਹੈ। ਸ਼ਹਿਨਸ਼ਾਹ ਅਤੇ ਬਾਦਸ਼ਾਹ ਉਸਨੂੰ ਨਮਸਕਾਰ ਕਰਦੇ ਹਨ। ਦੌਲਤ ਸਦਾ ਉਸਨੂੰ ਆਉਂਦੀ ਹੈ ਅਤੇ ਇੱਧਰ ਸਾਡੀ ਕਿਸਮਤ ਸਾਡੇ ਉਲਟ ਹੈ (ਭਾਵ ਸਾਡੇ ਮੰਦੇ ਭਾਗ ਹਨ)।" ਪ੍ਰਿਥੀਏ ਨੇ ਕਿਹਾ—'ਸਭ ਦੌਲਤਾਂ ਤੋਂ ਵੱਡੀ ਦੌਲਤ ਤੇਰੇ ਪਾਸ ਤੇਰਾ ਪੁੱਤਰ ਮਿਹਰਬਾਨ ਹੈ। ਜਦ ਉਹ ਜਵਾਨ ਹੋਵੇਗਾ ਤਾਂ ਉਸਨੂੰ ਗੁਰਿਆਈ ਮਿਲੇਗੀ। ਗੁਰੂ ਅਰਜਨ ਦੇਵ ਜੀ ਦਾ ਆਪਣਾ ਪੁੱਤਰ ਕੋਈ ਨਹੀਂ ਅਤੇ ਉਨ੍ਹਾਂ ਦਾ ਇਹ ਰੌਣਕ-ਮੇਲਾ ਕੇਵਲ ਥੋੜੇ ਦਿਨਾਂ ਲਈ ਹੀ ਹੈ।"

ਗੁਰੂ ਜੀ ਦੇ ਘਰੋਂ ਸ੍ਰੀ ਮਾਤਾ ਗੰਗਾ ਜੀ ਨੇ ਇਹ ਗੱਲ ਕਿਤਿਉਂ ਸੁਣ ਲਈ। ਉਨ੍ਹਾਂ ਨੇ ਸਾਰੀ ਗੱਲ ਗੁਰੂ ਜੀ ਨੂੰ ਦੱਸੀ। ਗੁਰੂ ਮਹਾਰਾਜ ਨੇ ਮਾਤਾ ਜੀ ਨੂੰ ਕਿਹਾ ਕਿ ਤੁਸੀਂ ਇਸ ਵੱਲ ਬਹੁਤਾ ਧਿਆਨ ਨਾ ਕਰੋ ਸਗੋਂ ਸਤਿਨਾਮ ਦਾ ਜਾਪੁ ਕਰੀ ਚਲੋ। ਗੁਰੂ ਜੀ ਨੇ ਮਾਤਾ ਜੀ ਪ੍ਰਤੀ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ—

ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾ ਕੀ ਓਟ ਗਹੀਜੈ ਰੇ॥
ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾ ਕੋ ਨਾਮੁ ਜਪੀਜੈ ਰੇ॥੧॥ ਰਹਾਉ॥
ਸਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ॥੧॥
ਕਟਿ ਪਤਤਿ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ॥
ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੈ॥੨॥
ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ॥
ਦੇਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ॥੩॥
ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ ਘਟ ਘਟ ਅੰਤਰਿ ਸੋਈ ਰੇ॥
ਨਾਨਕੁ ਦਾਸੁ ਤਾ ਕੀ ਸਰਣਾਈ ਜਾ ਤੇ ਬ੍ਰਿਥਾ ਨ ਕੋਈ ਰੇ॥ (ਆਃ ਗ੍ਰੰਃ ਪੰਃ ੨੦੫)

(ਗਉੜੀ ਮਹਲਾ ੫)

ਗੁਰੂ ਜੀ ਨੇ ਹਰੋ ਉਪਦੇਸ਼ ਕੀਤਾ—

ਮ੍ਰਿਗ ਤ੍ਰਿਸਨਾ ਗੰਧਰਬ ਨਗਰ ਦ੍ਰਮ ਛਾਯਾ ਰਚਿ ਦੁਰਮਤਿਹ॥
ਤਤਹ ਕੁਟੰਬ ਮੋਹ ਮਿਥ੍ਯਾ ਸਿਮਰੰਤਿ ਨਾਨਕ ਰਾਮ ਰਾਮ ਨਾਮਹ॥੩੦॥

(ਆਃ ਗ੍ਰੰਃ ਪੰਃ ੧੩੫੬) (ਸਲੋਕ ਸਹਸਕ੍ਰਿਤੀ ਮਹਲਾ ੫)

ਹੇ ਭਲੀਏ ਲੋਕੇ, ਜੇਕਰ ਕਰਮੇ ਦੀ ਈਰਖਾ ਅਤੇ ਅਹੰਕਾਰ ਤੈਨੂੰ ਚੰਗੇ ਨਹੀਂ ਵੀ ਲੱਗਦੇ ਤਾਂ ਵੀ ਤੂੰ ਉਹਦੇ ਵਾਂਗ ਈਰਖਾ ਅਤੇ ਅਹੰਕਾਰ ਨਾ ਕਰ। ਜੇਕਰ ਕੋਈ ਘੱਟੇ ਦੀ ਮੁੱਠੀ ਚੰਦ੍ਰਮਾ ਤੇ ਸੁੱਟੇ ਤਾਂ ਉਹ ਚੰਦ੍ਰਮਾ ਤੱਕ ਨਹੀਂ ਪਹੁੰਚੇਗੀ, ਸਗੋਂ ਸਿੱਟਣ ਵਾਲੇ ਉਤੇ ਆ ਕੇ ਪਵੇਗੀ। ਜੇਕਰ ਤੁਹਾਡੀ ਜਿਠਾਣੀ ਨੇ ਤੁਹਾਨੂੰ ਕੁਬਚਨ ਬੋਲੇ ਹਨ ਤਾਂ ਤੁਸੀਂ ਉਨ੍ਹਾਂ ਨੂੰ ਜਰੋ। ਸ਼ੇਖ ਫਰੀਦ ਜੀ ਨੇ ਕਿਹਾ ਹੈ—

'ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ ੭੮॥" *(ਆਃ ਗ੍ਰੰਃ ਪੰਃ ੧੩੮੨)*

(ਸਲੋਕ ਸ਼ੇਖ ਫਰੀਦ ਕੇ)

ਮਾਤਾ ਗੰਗਾ ਜੀ ਨੇ ਪੁਤੱਰ ਲਈ ਵਰ ਪ੍ਰਾਪਤ ਕੀਤਾ

ਮਾਤਾ ਸ੍ਰੀ ਗੰਗਾ ਜੀ ਕਹਿਣ ਲੱਗੇ : "ਭਾਵੇਂ ਆਪ ਦਾ ਉਪਦੇਸ਼ ਬਹੁਤ ਹੀ ਚੰਗਾ ਹੈ ਪਰ ਮੇਰਾ ਸੁਹਾਗ ਤਾਂ ਹੀ ਸਫਲ ਤੇ ਖੁਸ਼ੀ ਦੇਣ ਵਾਲਾ ਹੋਵੇਗਾ, ਜੇਕਰ ਆਪ ਕਿਰਪਾ ਕਰਕੇ ਪੁੱਤਰ ਦਾ ਦਾਨ ਦਿਉ। ਹੇ ਮਹਾਰਾਜ, ਜੋ ਆਪ ਦੀ ਸ਼ਰਨ ਲੈਂਦੇ ਹਨ, ਉਹ ਇਸ ਜੀਵਨ ਵਿਚ ਸੁਖ ਅਤੇ ਅਗ੍ਹਾਂ ਲਈ ਮੁਕਤੀ ਪ੍ਰਾਪਤ ਕਰਦੇ ਹਨ। ਜੇਕਰ ਆਪ ਆਪਣੀ ਦਾਸੀ ਨੂੰ ਪੁੱਤਰ ਦਾਨ ਨਾ ਕਰੋਗੇ ਤਾਂ ਇਹ ਗੱਲ ਚੰਗੀ ਨਹੀਂ ਹੈ।"

ਆਪਣੇ ਸਿੱਖਾਂ ਨੂੰ ਨਿਮ੍ਰਤਾ ਦੀ ਸਿਖਿਆ ਦੇਣ ਹਿਤ ਗੁਰੂ ਜੀ ਨੇ ਮਾਤਾ ਜੀ ਨੂੰ ਬਾਬਾ ਬੁਢਾ ਜੀ ਕੋਲ ਜਾਣ ਲਈ ਕਿਹਾ ਕਿ ਉਨ੍ਹਾਂ ਪਾਸ ਜਾਕੇ ਇਸ ਦਾਤ ਦੀ ਪ੍ਰਾਪਤੀ ਲਈ ਅਰਦਾਸ ਕਰੋ ਅਤੇ ਉਨ੍ਹਾਂ ਨੂੰ ਇਉਂ ਹੁਕਮ ਕੀਤਾ : "ਜੇ ਤੁਸੀਂ ਸੱਚ ਮੁੱਚ ਪੁੱਤਰ ਦੀ ਇੱਛਾ ਕਰਦੇ ਹੋ ਤਾਂ ਭਾਈ ਬੁਢਾ ਜੀ ਪਾਸ ਜਾਕੇ ਉਨ੍ਹਾਂ ਦੀ ਸੇਵਾ ਕਰੋ ਜਿਹੜੇ ਬਾਬਾ ਨਾਨਕਦੇਵ ਜੀ ਦੇ ਸਮੇਂ ਦੇ ਪੁਰਾਤਨ ਸਿੱਖ ਹਨ, ਉਹ ਬੀੜ ਵਿੱਚ ਰਹਿੰਦੇ ਹਨ। ਉਹ ਨਿਰਮਾਣ ਪੁਰਸ਼ ਹਨ। ਉਹ ਬਾਲਣ ਅਤੇ ਘਾਹ ਢੋਂਦੇ ਹਨ ਅਤੇ ਸਾਡੇ ਲੰਗਰ ਵਿੱਚ ਉਹ ਅੰਨ ਭੇਜਦੇ ਹਨ ਜਿਹੜਾ ਕਿ ਵਾਹਕਾਂ ਦਾ ਆਪਣਾ ਹਿੱਸਾ ਲੈਣ ਮਗਰੋਂ ਗੁਰੂ ਜੀ ਦਾ ਹੱਕ ਹੁੰਦਾ ਹੈ। ਉਹ ਸਦਾ ਹੀ ਭਜਨ ਬੰਦਗੀ ਵਿੱਚ ਲੱਗੇ ਰਹਿੰਦੇ ਹਨ ਅਤੇ ਕੇਵਲ ਉਦੋਂ ਪ੍ਰਸ਼ਾਦ ਛਕਦੇ ਹਨ ਜਦ ਗੁਰੂ ਕੇ ਲੰਗਰ ਵਿਚੋਂ ਉਨ੍ਹਾਂ ਨੂੰ ਪ੍ਰਸ਼ਾਦ ਪਹੁੰਚਦਾ ਹੈ। ਜੇਕਰ ਉਹ ਪ੍ਰਸੰਨ ਹੋਏ ਤਾਂ ਤੁਹਾਨੂੰ ਵਰ ਦੇਣਗੇ ਅਤੇ ਤੁਹਾਡੇ ਘਰ ਪੁੱਤਰ ਹੋਵੇਗਾ। ਵਾਹਿਗੁਰੂ ਆਪਣੇ ਸੰਤਾਂ ਦੇ ਕਾਰਜ ਰਾਸ ਕਰਦਾ ਹੈ।"

ਦੂਜੇ ਦਿਨ ਗੁਰੂ ਜੀ ਦੇ ਮਹਿਲ ਬੜੀ ਸਜ ਧੱਜ ਨਾਲ ਭਾਈ ਬੁਢਾ ਜੀ ਦੇ ਦਰਸ਼ਨਾਂ ਲਈ ਤੁਰ ਪਏ। ਮਾਤਾ ਜੀ ਨੇ ਅੰਮ੍ਰਿਤਸਰ ਦੇ ਚੌਧਰੀਆਂ ਦੀਆਂ ਇਸਤ੍ਰੀਆਂ ਆਪਣੀ ਸੇਵਾ ਲਈ ਨਾਲ ਲੈ ਲਈਆਂ। ਉਨ੍ਹਾਂ ਦੇ ਰਥਾਂ, ਪਾਲਕੀਆਂ ਅਤੇ ਸੁਖਪਾਲਾਂ ਵਿੱਚ ਬੈਠਕੇ ਜਾਣ ਨਾਲ ਇੱਕ ਵਧੀਆ ਜਲੂਸ ਬਣ ਗਿਆ। ਮਾਤਾ ਜੀ ਨਾਲ ਸੇਵਕ ਅਤੇ ਦਾਸੀਆਂ ਵੀ ਸਨ ਅਤੇ ਉਨ੍ਹਾਂ ਨੇ ਸੰਤ ਪੁਰਖ ਭਾਈ ਬੁਢਾ ਜੀ ਦੀ ਭੇਟਾ ਲਈ ਮਠਿਆਈ ਦੇ ਥਾਲ ਚੁੱਕੇ ਹੋਏ ਸਨ। ਉਹ ਸਾਰੇ ਲੌਂਢੇ ਵੇਲੇ ਬੀੜ ਵਿੱਚ ਭਾਈ ਬੁੱਢਾ ਜੀ ਦੇ ਸਥਾਨ ਤੇ ਪਹੁੰਚੇ,

ਜਦੋਂ ਬਾਬਾ ਨੂੰ ਭੁੱਖ ਅਤੇ ਤ੍ਰੇਹ ਲੱਗੀ ਹੋਈ ਸੀ, ਅਤੇ ਉਹ ਗੁਰੂ ਕੇ ਲੰਗਰ ਵਿਚੋਂ ਆਪਣੇ ਪ੍ਰਸ਼ਾਦ ਦੇ ਬਹੁਤ ਜਲਦੀ ਆਉਣ ਦੀ ਆਸ ਵਿੱਚ ਸਨ। ਜਦ ਭਾਈ ਬੁੱਢਾ ਜੀ ਮਾਤਾ ਜੀ ਦੇ ਨੌਕਰਾਂ ਚਾਕਰਾਂ ਦੀ ਧੂੜ ਨੂੰ ਉਡਦੇ ਅਤੇ ਰਥਾਂ, ਪਾਲਕੀਆਂ, ਸੁਖਪਾਲਾਂ, ਕਹਾਰਾਂ ਅਤੇ ਘੋੜਸਵਾਰਾਂ ਨੂੰ ਬੜੀ ਤੇਜ਼ੀ ਨਾਲ ਨੇੜੇ ਆਉਂਦਿਆਂ ਵੇਖਿਆ ਤਾਂ ਕਹਿਣ ਲੱਗੇ : "ਕੀ ਅੰਮ੍ਰਿਤਸਰ ਵਿੱਚ ਭਾਜੜ ਪੈ ਗਈ ਹੈ ਕਿ ਉਥੇ ਦੇ ਲੋਕੀ ਸ਼ਹਿਰ ਤਿਆਗ ਕੇ ਇਥੇ ਆਸਰਾ ਲੈਣ ਲਈ ਆ ਰਹੇ ਹਨ ?" ਜਦ ਮਾਤਾ ਜੀ ਨੂੰ ਭਾਈ ਬੁਢਾ ਜੀ ਦੀ ਇਸ ਹੈਰਾਨੀ ਦਾ ਪਤਾ ਲੱਗਾ ਤਾਂ ਉਹ ਬੜੇ ਵਿਆਕੁਲ ਹੋਏ ਅਤੇ ਕਹਿਣ ਲੱਗੇ ਕਿ ਉਨ੍ਹਾਂ ਦੀ ਇਹ ਯਾਤਰਾ ਨੇ ਵਰ ਦੀ ਥਾਂ ਸਗੋਂ ਸਰਾਪ ਲੈ ਦਿੱਤਾ ਹੈ। ਮਾਤਾ ਜੀ ਨੇ ਬਾਬਾ ਜੀ ਨੂੰ ਨਮਸਕਾਰ ਕਰਕੇ ਉਨ੍ਹਾਂ ਅੱਗੇ ਉਹ ਸਵਾਦਲੇ ਭੋਜਨ ਰੱਖੇ, ਜਿਹੜੇ ਲੈ ਆਏ ਸਨ ਅਤੇ ਬੇਨਤੀ ਕੀਤੀ : "ਤੁਸੀਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਹਨ, ਉਨ੍ਹਾਂ ਦੇ ਬਚਨ ਸੁਣੇ ਹਨ ਅਤੇ ਉਨ੍ਹਾਂ ਦੀ ਸੇਵਾ ਕੀਤੀ ਹੈ। ਅਸੀਂ ਆਪ ਜੀ ਦਾ ਆਦਰ ਕਰਦੇ ਹਾਂ। ਆਪ ਬੜੇ ਸਤਿਕਾਰ ਯੋਗ ਹੋ। ਗੁਰੂ ਜੀ ਨੇ ਮੈਨੂੰ ਆਪ ਦੀ ਸੇਵਾ ਵਿੱਚ ਭੇਜਿਆ ਹੈ ਕਿ ਆਪ ਦੇ ਵਰ ਨਾਲ ਮੈਨੂੰ ਇੱਕ ਪੁੱਤਰ ਦੀ ਦਾਤ ਪ੍ਰਾਪਤ ਹੋਵੇ।"

ਭਾਈ ਬੁੱਢਾ ਜੀ ਕਹਿਣ ਲੱਗੇ : "ਪੂਜਨ ਯੋਗ ਮਾਤਾ ਜੀ, ਮੈਂ ਤਾਂ ਕੇਵਲ ਇੱਕ ਘਾਹ ਕੱਟਣ ਵਾਲਾ ਆਪਦੇ ਘਰ ਦਾ ਸੇਵਕ ਹਾਂ, ਜੇਕਰ ਉਹ ਸ਼ਕਤੀ, ਜੋ ਆਪ ਖਿਆਲ ਕਰਦੇ ਹੋ, ਮੇਰੇ ਵਿੱਚ ਹੁੰਦੀ ਤਾਂ ਮੈਂ ਘਾਹ ਕਿਉਂ ਖੋਤਦਾ ਅਤੇ ਗੁਰੂ ਕੇ ਤਬੇਲੇ ਵਿੱਚ ਝਾੜੂ ਕਿਉਂ ਦਿੰਦਾ ? ਇਹ ਗੁਰੂ ਜੀ ਆਪ ਹੀ ਹਨ ਜੋ ਸਭ ਦੀਆਂ ਇੱਛਾਵਾਂ ਪੂਰਨ ਕਰਦੇ ਹਨ, ਜੋ ਅਦਭੁਤ ਸ਼ਕਤੀ ਦਾ ਸਮੁੰਦਰ ਹਨ। ਜੇਕਰ ਉਹ ਮੈਨੂੰ ਹਟਾ ਦੇਣ ਤਾਂ ਵੀ ਮੈਨੂੰ ਸੰਤੋਖ ਕਰਨਾ ਚਾਹੀਦਾ ਹੈ।"

"ਇਹ ਸਵਾਦਲੇ ਭੋਜਨ ਜੋ ਤੁਸੀਂ ਮੇਰੇ ਅੱਗੇ ਲਿਆ ਕੇ ਰੱਖੇ ਹਨ, ਮੈਂ ਇਨ੍ਹਾਂ ਦੇ ਯੋਗ ਨਹੀਂ ਹਾਂ। ਇਹ ਕੇਵਲ ਗੁਰੂ ਜੀ ਨੂੰ ਹੀ ਸੋਭਦੇ ਹਨ। ਜੇ ਆਪ ਸਮਝਦੇ ਹੋ ਕਿ ਮੈਂ ਇਨ੍ਹਾਂ ਨੂੰ ਛੱਕ ਲਵਾਂ ਤਾਂ ਮੇਰੇ ਪਾਸੋਂ ਸੇਵਾ ਦੀ ਆਸ ਨਾ ਰਖੋ। ਜੇਕਰ ਮੈਂ ਇਹ ਅਹਾਰ ਕਰਾਂ, ਤਾਂ ਮੈਨੂੰ ਮਗਰੋਂ ਘਾਹ ਖੋਤਣ ਦਾ ਖਿਆਲ ਕਿਵੇਂ ਆ ਸਕਦਾ ਹੈ ? ਜੇਕਰ ਆਪ ਮੈਥੋਂ ਮਜ਼ਦੂਰੀ ਕਰਵਾਉਣੀ ਚਾਹੁੰਦੇ ਹੋ ਤਾਂ ਮੈਂ ਆਪਦਾ ਗੋਲਾ ਹਾਂ ਪਰ ਇਹ ਸੁਆਦਲੇ ਭੋਜਨ ਲੈ ਜਾਓ।" ਮਾਤਾ ਜੀ ਨੇ ਹੋਰ ਅਰਦਾਸਾਂ ਤੇ ਬਿਨਤੀਆਂ ਕੀਤੀਆਂ, ਪਰ ਸਭ ਨਿਸਫਲ ਗਈਆਂ। ਉਨ੍ਹਾਂ ਨੂੰ ਨਿਰਾਸ ਅਤੇ ਨਿਮੋਝੂਣੇ ਹੋ ਕੇ ਗੁਰੂ ਜੀ ਪਾਸ ਮੁੜਨਾ ਪਿਆ।

ਜਦ ਗੁਰੂ ਜੀ ਨੇ ਮਾਤਾ ਜੀ ਨਾਲ ਉਥੇ ਵਰਤੀ ਗੱਲ ਬਾਤ ਸੁਣੀ ਤਾਂ ਗੁਰੂ ਅਮਰਦਾਸ ਜੀ ਦਾ ਹੇਠ ਲਿਖਿਆ ਛੰਤ ਉਚਾਰਨ ਕੀਤਾ—

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮਖਿ ਨਿਮਾਣਾ ਹੋਹੁ॥
ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ॥
ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ॥
ਆਪਣੇ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ॥
ਸਤਿਗੁਰੂ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ॥
ਇਹੁ ਕਹੈ ਨਾਨਕ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ॥੭॥

(ਆ: ਗ੍ਰੰ: ਪੰ: ੪੪੧) (ਆਸਾ ਮ: ੩ ਛੰਤ ਘਰੁ ੩)

ਗੁਰੂ ਜੀ ਹੋਰ ਉਪਦੇਸ਼ ਕਰਨ ਲੱਗੇ—

"ਸੰਤ ਅਤੇ ਸਤਿਗੁਰੂ ਵਿਖਾਵੇ ਨਾਲ ਪ੍ਰਸੰਨ ਨਹੀਂ ਹੁੰਦੇ। ਜੇਕਰ ਤੁਸੀਂ ਉਨ੍ਹਾਂ ਪਾਸੋਂ ਕਿਸੇ ਗੱਲ ਦੀ ਇੱਛਾ ਕਰਦੇ ਹੋ ਤਾਂ ਕਦੇ ਵੱਡੇ ਬਣ ਕੇ ਨਾ ਵਿਖਾਉ। ਆਉ, ਅਸੀਂ ਤੁਹਾਨੂੰ ਦੱਸੀਏ ਕਿ ਤੁਹਾਨੂੰ ਕਿਵੇਂ ਸਫਲਤਾ ਹੋਵੇਗੀ। ਪਿਆਰ ਨਾਲ ਆਟਾ ਪੀਹੋ। ਆਟੇ ਨੂੰ ਆਪ ਗੁਨ੍ਹੋ ਅਤੇ ਆਪ ਰੋਟੀਆਂ ਪਕਾਉ, ਨਾਲ ਗੰਢੇ ਰਖੋ। ਫਿਰ ਸੰਘਣੀ ਲੱਸੀ ਸਿਰ ਤੇ ਧਰਕੇ ਰੋਟੀਆਂ ਲੈਕੇ ਭਾਈ ਬੁੱਢਾ ਜੀ ਪਾਸ ਜਾਉ। ਇੱਕ ਜ਼ਿਮੀਦਾਰ ਇਸਤ੍ਰੀ ਵਾਂਗ ਬਸਤਰ ਪਾਕੇ ਇਕੱਲੇ, ਪੈਰੀਂ ਤੁਰ ਕੇ ਜਾਉ; ਇਸ ਤਰ੍ਹਾਂ ਤੁਸੀਂ ਉਨ੍ਹਾਂ ਪਾਸੋਂ ਵਰ ਪ੍ਰਾਪਤ ਕਰ ਸਕੋਗੇ !"

ਗੁਰੂ ਜੀ ਦੇ ਮਹਿਲ ਮਹਾਰਾਜ ਦੇ ਉਪਦੇਸ਼ ਅਨੁਸਾਰ ਦੂਜੇ ਦਿਨ ਬਿਨਾਂ ਟਹਿਲ ਵਾਲਿਆਂ ਦੇ ਭਾਈ ਬੁਢਾ ਪਾਸ ਗਏ। ਮਾਤਾ ਜੀ ਨੇ ਵੇਖਿਆ ਕਿ ਪਹਿਲਾਂ ਵਾਂਗ ਹੀ ਉਨ੍ਹਾਂ ਨੂੰ ਭੁੱਖ ਲੱਗੀ ਹੋਈ ਹੈ ਅਤੇ ਪ੍ਰਸ਼ਾਦੇ ਨੂੰ ਉਡੀਕ ਰਹੇ ਹਨ। ਭਾਈ ਬੁੱਢਾ ਜੀ ਮਾਤਾ ਜੀ ਨੂੰ ਵੇਖਕੇ ਮਨ ਵਿਚ ਵਿਚਾਰ ਕਰਨ ਲੱਗੇ : "ਜੇਰਕ ਮਾਂ ਪੁੱਤਰ ਦੀ ਸਾਰ ਨਾ ਲਵੇ ਤਾਂ ਹੋਰ ਕੌਣ ਲਵੇ? ਉਹ ਮੇਰੇ ਲਈ ਮੇਰਾ ਪ੍ਰਸ਼ਾਦ ਲੈ ਆਏ ਹਨ, ਮੈਨੂੰ ਪ੍ਰਸ਼ਾਦੇ ਦੀ ਡਾਢੀ ਲੋੜ ਹੈ, ਮੈਂ ਕੱਲ ਉਨ੍ਹਾਂ ਨੂੰ ਮੋੜ ਕੇ ਭੁੱਲ ਕੀਤੀ ਸੀ, ਪਰ ਉਨ੍ਹਾਂ ਮੇਰੀ ਭੁੱਲ ਨੂੰ ਬਖਸ਼ ਦਿੱਤਾ ਹੈ ਆਉ ਮਾਤਾ ਜੀ, ਜੋ ਕੁਝ ਤੁਸੀਂ ਲਿਆਂਦਾ ਹੈ ਮੈਨੂੰ ਦੇਵੋ !"

ਭਾਈ ਬੁਢਾ ਜੀ ਜਦੋਂ ਪ੍ਰਸ਼ਾਦ ਛਕ ਰਹੇ ਸਨ ਤਾਂ ਕਹਿਣ ਲੱਗੇ : "ਗੁਰੂ ਜੀ ਆਪ ਭੰਡਾਰ ਦੇ ਮਾਲਕ ਹਨ ਪਰ ਮੈਨੂੰ ਖੋਲ੍ਹਣ ਦਾ ਹੁਕਮ ਮਿਲਿਆ ਹੈ, ਜਿਸ ਤਰ੍ਹਾਂ ਤੁਸੀਂ ਮੈਨੂੰ ਮਨ ਭਾਉਂਦਾ ਪ੍ਰਸ਼ਾਦਾ ਦਿੱਤਾ ਹੈ, ਇਸੇ ਤਰ੍ਹਾਂ ਤੁਹਾਨੂੰ ਮਨ ਭਾਉਂਦਾ ਪੁੱਤਰ ਮਿਲੇਗਾ। ਉਹ ਬੜਾ ਸੁੰਦਰ ਅਤੇ ਸੂਰਮਾ ਹੋਵੇਗਾ। ਮੀਰੀ ਪੀਰੀ ਦਾ ਮਾਲਕ ਹੋਵੇਗਾ, ਬਲੀ ਸ਼ਿਕਾਰੀ ਬਣੇਗਾ, ਸ਼ਾਹੀ ਘੋੜਿਆਂ ਦੀ ਸਵਾਰੀ ਕਰੇਗਾ, ਦੋ ਤਲਵਾਰਾਂ ਧਾਰਨ ਕਰੇਗਾ, ਜੁਧ ਵਿੱਚ ਬਲੀ ਹੋਵੇਗਾ ਅਤੇ ਮੁਗਲਾਂ ਨੂੰ ਕੁਚਲੇਗਾ।" ਹਰ ਇਕ ਬੁਰਕੀ, ਜੋ ਭਾਈ ਬੁੱਢਾ ਜੀ ਛਕਦੇ ਸਨ ਦੇ ਨਾਲ ਉਹ ਮਾਤਾ ਜੀ ਦੀ ਔਲਾਦ ਨੂੰ ਵਰ ਦਿੰਦੇ ਸਨ ਅਤੇ ਆਖਦੇ ਸਨ—"ਜਿਸ ਤਰ੍ਹਾਂ ਮੈਂ ਤੁਹਾਡੇ ਲਿਆਂਦੇ ਹੋਏ ਗੰਢੇ ਤੋੜਦਾ ਹਾਂ ਇਸੇ ਤਰ੍ਹਾਂ ਤੁਹਾਡਾ ਪੁੱਤਰ ਆਪਣੇ ਵੈਰੀਆਂ ਦੇ ਸਿਰ ਤੋੜੇਗਾ। ਉਹ ਇੱਕ ਬੜਾ ਜੋਧਾ ਅਤੇ ਉਚ ਪਦਵੀ ਵਾਲਾ ਗੁਰੂ ਬਣੇਗਾ। ਉਸਦੀ ਇਕ ਪੇਂਡੂ ਗੁਰੂ ਵਾਲੀ ਨਿਮਾਣੀ ਜਹੀ ਗੱਦੀ ਨਹੀਂ ਹੋਵੇਗੀ, ਸਗੋਂ ਇਕ ਸਜ ਧਜ ਵਾਲਾ ਸ਼ਾਹੀ ਸਿੰਘਾਸਨ ਹੋਵੇਗਾ। ਜਿਸ ਤਰ੍ਹਾਂ ਮੈਂ ਹੁਣ ਤੁਹਾਡੇ ਪ੍ਰਸ਼ਾਦ ਨਾਲ ਰੱਜਕੇ ਪ੍ਰਸੰਨ ਹੋਇਆ ਹਾਂ ਇਸੇ ਤਰ੍ਹਾਂ ਤੁਹਾਡਾ ਹਿਰਦਾ ਉਸਨੂੰ ਵੇਖਕੇ ਅਨੰਦ ਨਾਲ ਭਰਪੂਰ ਹੋ ਜਾਵੇਗਾ।" ਇਕ ਬਾਲਕ ਨੇ ਠੀਕ ਹੀ ਉਨ੍ਹਾਂ ਦੇ ਗਰਭ ਵਿਚ ਪ੍ਰਵੇਸ਼ ਕੀਤਾ ਜਿਸਦਾ ਨਾਉ ਜਨਮ ਮਗਰੋਂ ਹਰਗੋਬਿੰਦ ਜੀ ਰਖਿਆ ਗਿਆ ਅਤੇ ਇਸ ਗੱਲ ਦੀ ਯਾਦ ਵਿੱਚ ਹਰ ਸਾਲ ਬੀੜ ਵਿਚ, ਜਿੱਥੇ ਭਾਈ ਬੁੱਢਾ ਜੀ ਰਹਿੰਦੇ ਸਨ, ਮੇਲਾ ਲੱਗਦਾ ਹੈ।

ਜਦ ਗੁਰੂ ਜੀ ਨੇ ਮਾਤਾ ਸ੍ਰੀ ਗੰਗਾ ਜੀ ਪਾਸੋਂ ਉਨ੍ਹਾਂ ਦੇ ਘਰ ਆਉਣ ਤੇ ਸੁਣਿਆ ਕਿ ਭਾਈ ਬੁੱਢਾ ਜੀ ਨੇ ਕ੍ਰਿਪਾਲਤਾ ਦਵਾਰਾ ਉਨ੍ਹਾਂ ਦੀ ਆਉ-ਭਗਤ ਕੀਤੀ ਹੈ ਤਾਂ ਗੁਰੂ ਮਹਾਰਾਜ ਕਹਿਣ ਲੱਗੇ "ਜੇ ਸੰਤ ਪੁਰਸ਼ ਚਾਹੁਣ ਤਾਂ ਉਹ ਕੰਗਾਲ ਨੂੰ ਰਾਜਾ ਬਣਾ ਸਕਦੇ ਹਨ, ਸੱਖਣੇ ਨੂੰ ਭਰ ਸਕਦੇ ਹਨ ਅਤੇ ਘਾਹ ਦੇ ਤੀਲੇ ਉੱਤੇ ਪਹਾੜ ਨੂੰ ਟਿਕਾ ਸਕਦੇ ਸਨ।"

ਇੱਥੇ ਉਚਿਤ ਹੋਵੇਗਾ ਕਿ ਭਾਈ ਬੁੱਢਾ ਜੀ ਦੀ ਉਹ ਉਸਤਤਿ ਜਿਹੜੀ ਇਕ ਸਿੱਖ ਜੀਵਨ ਚਰਿਤ੍ਰ ਲਿਖਣ ਵਾਲੇ ਨੇ ਆਪ ਗੁਰੂ ਅਰਜਨ ਦੇਵ ਜੀ ਵਲੋਂ ਕਰਕੇ ਲਿਖੀ ਹੈ, ਦਿੱਤੀ ਜਾਵੇ—

"ਬਾਬਾ ਬੁੱਢਾ ਜੀ ਤਪਸਿਆ ਦੇ ਅਵਤਾਰ ਹਨ ਅਤੇ ਆਤਮਕ ਗਿਆਨ ਅਤੇ ਗੁਣਾਂ ਦੀ ਖਾਨ ਹਨ।" "ਉਨ੍ਹਾਂ ਨੇ ਸਾਦਗੀ ਤੇ ਭਗਤੀ ਵਿਚ ਆਪਣੇ ਆਪ ਨੂੰ ਅਜਿਹਾ ਉਚਾ ਕਰ ਲਿਆ ਹੈ ਕਿ ਉਹ ਸੂਰਜ ਤੇ ਚੰਦ੍ਰਮਾ ਵਾਂਗ ਅਦੁੱਤੀ ਹਨ ਅਤੇ ਉਹ ਪਾਰਸ ਵਾਂਗ ਹਨ।"

ਉਨ੍ਹਾਂ ਨੇ ਕੋਈ ਧਾਰਮਕ ਭੇਸ ਨਹੀਂ ਧਾਰਨ ਕੀਤਾ, ਨਾ ਹੀ ਉਨ੍ਹਾਂ ਨੇ ਕੋਈ ਪਖੰਡ ਕੀਤਾ। ਉਨ੍ਹਾਂ ਨੇ ਸਭ ਇਛਾਵਾਂ ਤੇ ਇੰਦ੍ਰੀਆਂ ਨੂੰ ਜਿੱਤਿਆ ਹੋਇਆ ਹੈ। ਮਾਤਾ ਗੰਗਾ ਜੀ ਸੁਣੋ, ਸੰਤਾਂ ਦਾ ਬਚਨ ਅਟਲ ਹੁੰਦਾ ਹੈ ਅਤੇ ਵਾਹਿਗੁਰੂ ਸੰਤਾਂ ਦੇ ਵਸ ਵਿਚ ਹੁੰਦਾ ਹੈ। ਜਦ ਗੁਰੂ ਜੀ ਨੂੰ ਆਪਣੀ ਸੁਪਤਨੀ ਦੇ ਗਰਭਵਤੀ ਹੋਣ ਦਾ ਪਤਾ ਲੱਗਾ ਤਾਂ ਉਨ੍ਹਾਂ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ—

ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ।
ਜਿਸੁ ਜਨ ਹੋਆ ਸਾਧਸੰਗੁ ਤਿਸੁ ਭੇਟੈ ਹਰਿ ਰਾਇਆ॥੧॥
ਇਹ ਪਰਤੀਤਿ ਗੋਵਿੰਦ ਕੀ ਜਪਿ ਹਰਿ ਸੁਖੁ ਪਾਇਆ॥
ਅਨਕਿ ਬਾਤਾ ਸਭਿ ਕਰਿ ਰਹੇ ਗੁਰੁ ਘਰਿ ਲੈ ਆਇਆ॥੧॥ ਰਹਾਉ॥
ਸਰਣਿ ਪਰੇ ਕੀ ਰਾਖਤਾ ਨਾਹੀ ਸਹਸਾਇਆ॥
ਕਰਮ ਭੂਮਿ ਹਰਿ ਨਾਮੁ ਬੋਇ ਅਉਸਰੁ ਦੁਲਭਾਇਆ॥੨॥
ਅੰਤਰਜਾਮੀ ਆਪਿ ਪ੍ਰਭੁ ਸਭ ਕਰੇ ਕਰਾਇਆ॥
ਪਤਿਤ ਪੁਨੀਤ ਘਣੇ ਕਰੇ ਠਾਕੁਰ ਬਿਰਦਾਇਆ॥੩॥
ਮਤ ਭੂਲਹੁ ਮਾਨੁਖ ਜਨ ਮਾਇਆ ਭਰਮਾਇਆ॥
ਨਾਨਕ ਤਿਸੁ ਪਤਿ ਰਾਖਸੀ ਜੋ ਪ੍ਰਭਿ ਪਹਿਰਾਇਆ॥੪॥ *(ਆ: ਗ੍ਰੰ: ਪੰ: ੮੧੨)*

(ਬਿਲਾਵਲੁ ਮਹਲਾ ੫)

ਪ੍ਰਿਥੀਏ ਦਾ ਸੁਲਹੀ ਖਾਨ ਨੂੰ ਬੁਲਾਣਾ

ਜਦ ਪ੍ਰਿਥੀਏ ਦੀ ਇਸਤ੍ਰੀ ਕਰਮੋ ਨੇ ਗੁਰੂ ਜੀ ਦੇ ਘਰ ਬੱਚੇ ਦੇ ਗਰਭਵਾਸ ਬਾਰੇ ਸੁਣਿਆ, ਤਾਂ ਉਹ ਆਪਣੇ ਪਤੀ ਨਾਲ ਲੜਨ ਲੱਗੀ ਕਿ ਤੂੰ ਇਹ ਝੂਠਾ ਬਚਨ ਕੀਤਾ ਸੀ ਕਿ ਗੁਰੂ ਅਰਜਨ ਦੇਵ ਜੀ ਦੇ ਘਰ ਕੋਈ ਉਲਾਦ ਨਹੀਂ ਹੋਵੇਗੀ।

ਜਦੋਂ ਭਾਈ ਬੁੱਢਾ ਜੀ ਨੇ ਕਿਹਾ ਸੀ 'ਅੰਮ੍ਰਿਤਸਰ ਨੂੰ ਭਾਜੜ ਪਈ ਹੈ।' ਤਾਂ ਉਨ੍ਹਾਂ ਨੂੰ ਕੋਈ ਖਿਆਲ ਨਹੀਂ ਸੀ ਕਿ ਸਚਮੁਚ ਇਕ ਹੋਰ ਤਰ੍ਹਾਂ ਦੀ ਭਾਜੜ ਪਵੇਗੀ, ਜਿਸ ਦੇ ਨਾਲ ਉਨ੍ਹਾਂ ਦੇ ਬਚਨ ਅੱਖਰ-ਅੱਖਰ ਠੀਕ ਹੋਣਗੇ। ਪ੍ਰਿਥੀਏ ਨੇ ਆਪਣੇ ਮਿੱਤਰ ਸੁਲਹੀ ਖਾਨ ਨੂੰ, ਜਿਹੜਾ ਹੁਣ ਰਾਜ ਦੇ ਮਦ ਨਾਲ ਮਤਿਆ ਹੋਇਆ ਸੀ, ਵਰਗਲਾਇਆ ਕਿ ਮਾਮਲਾ ਲੈਣ ਦੇ ਬਹਾਨੇ ਤਕੜੀ ਸੈਨਾ ਨਾਲ ਲੈ ਜਾ ਕੇ ਅੰਮ੍ਰਿਤਸਰ ਨੂੰ ਲੁੱਟੇ ਅਤੇ ਗੁਰੂ ਜੀ ਨੂੰ ਭੈ-ਭੀਤ ਕਰੇ। ਗੁਰੂ ਜੀ ਨੇ ਪਹਿਲਾਂ ਹੀ ਇਹ ਵਿਚਾਰ ਕੇ ਕਿ ਸੁਲਹੀ ਖਾਨ ਲੁੱਟ ਮਾਰ ਕਰੇਗਾ ਅਥਵਾ ਇਸ ਡਰ ਕਰਕੇ ਕਿ ਉਹ ਬਿਨਾਂ ਛੇੜਿਆਂ ਹੀ ਦੁੱਖ ਦਏਗਾ। ਅੰਮ੍ਰਿਤਸਰ ਤਿਆਗ

ਕੇ ਉੱਥੋਂ ਛੇ ਸਤ ਮੀਲ ਦੇ ਫਾਸਲੇ ਤੇ ਵਡਾਲੀ ਪਿੰਡ ਜਾ ਟਿਕਾਣਾ ਲਭਣ ਦਾ ਵਿਚਾਰ ਕੀਤਾ। ਗੁਰੂ ਜੀ ਲਈ ਖਤਰਾ ਸਮਝ ਕੇ ਇੱਕ ਸਿਦਕੀ ਸਿੱਖ ਨੇ ਉਨ੍ਹਾਂ ਨੂੰ ਪ੍ਰੇਰਨਾ ਕੀਤੀ ਕਿ ਉਹ ਇੱਕ ਬੰਜਰ ਜ਼ਮੀਨ ਵਿਚ ਜਾ ਰਹਿਣ। ਉਸ ਬੰਜਰ ਥਾਂ ਨੂੰ ਸਥਾਨਕ ਬੋਲੀ ਵਿਚ 'ਰੌੜ' ਕਰਕੇ ਸਦਦੇ ਸਨ ਅਤੇ ਉਹ ਉਸ ਸਿੱਖ ਦੀ ਆਪਣੀ ਜ਼ਮੀਨ ਸੀ। ਲਿਖਿਆ ਹੈ ਕਿ ਗੁਰੂ ਜੀ ਦੇ ਉਥੇ ਜਾਣ ਮਗਰੋਂ ਉਹ ਜ਼ਮੀਨ ਹਰੀ ਭਰੀ ਹੋ ਗਈ। ਇਥੇ ਹੀ ਇਹ ਭੀ ਦੱਸ ਦਈਏ ਕਿ ਗੁਰੂ ਜੀ ਦੇ ਇਸ ਓਟ ਵਾਲੇ ਸਥਾਨ ਨੂੰ ਅਜੇ ਭੀ 'ਗੁਰ ਕੀ ਰੌੜ' ਕਰਕੇ ਸੱਦਦੇ ਹਨ ਅਤੇ ਇੱਥੇ ਸੋਹਣੀ ਥਾਂ ਉੱਤੇ ਇੱਕ ਸੁੰਦਰ ਗੁਰਦਵਾਰਾ[1] ਬਣਿਆ ਹੋਇਆ ਹੈ।

ਗੁਰੂ ਜੀ ਨੂੰ ਇਸ ਇਕਾਂਤ ਥਾਂ ਵਿੱਚ ਵੀ ਬਹੁਤਾ ਚਿਰ ਸ਼ਾਂਤੀ ਨਾਲ ਨਾ ਰਹਿਣ ਦਿੱਤਾ ਗਿਆ। ਵਡਾਲੀ, ਜਿਹੜਾ ਅਸਲ ਵਿਚ ਚੰਧੜ ਅਤੇ ਮਾਨ ਜ਼ਾਤ ਦੇ ਲੋਕਾਂ ਨੇ ਵਸਾਇਆ ਸੀ, ਇਕ ਰੌਣਕ ਵਾਲਾ ਤੇ ਖੁਸ਼ਹਾਲ ਪਿੰਡ ਹੋ ਗਿਆ ਅਤੇ ਇਸ ਕਰਕੇ ਲਾਗੇ ਦੇ ਪਿੰਡਾਂ ਦੇ ਵਸਨੀਕ ਉਨ੍ਹਾਂ ਨਾਲ ਈਰਖਾ ਕਰਦੇ ਸਨ ਤੇ ਉਨ੍ਹਾਂ ਨਾਲ ਲੜਾਈਆਂ ਕਰਦੇ ਸਨ। ਵਡਾਲੀ ਦੇ ਲੋਕੀ ਲੁੱਟ ਮਾਰ ਦੇ ਸੁਭਾ ਵਾਲੇ ਨਾ ਹੋਣ ਕਰਕੇ ਹਾਰ ਗਏ ਅਤੇ ਆਪਣੀਆਂ ਔਕੜਾਂ ਵਿੱਚ ਇਹ ਸੁਣਕੇ ਕਿ ਗੁਰੂ ਜੀ ਦਾ ਡੇਰਾ ਨੇੜੇ ਹੀ ਹੈ ਉਨ੍ਹਾਂ ਦੀ ਜਾ ਸ਼ਰਨ ਲਈ ਅਤੇ ਬੇਨਤੀ ਕੀਤੀ ਕਿ ਵਿੱਚ ਪੈ ਕੇ ਸਾਡੇ ਵੈਰੀਆਂ ਨੂੰ ਕਹੋ ਸੁਣੋ । ਗੁਰੂ ਜੀ ਨੇ ਇਹ ਗੱਲ ਪਰਵਾਨ ਕਰ ਲਈ ਅਤੇ ਵਡਾਲੀ ਦੇ ਲੋਕਾਂ ਨਾਲ ਉਨ੍ਹਾਂ ਦੇ ਪਿੰਡ ਚਲੇ ਗਏ, ਅਤੇ ਉੱਥੇ ਚੋਖਾ ਸਮਾਂ ਰਹੇ।

ਪ੍ਰਿਥੀਆ ਨਹੀਂ ਸੀ ਚਾਹੁੰਦਾ ਕਿ ਮੈਂ ਸੁਲਹੀਖਾਨ ਦੀ ਪ੍ਰਾਹੁਣਾਚਾਰੀ ਦਾ ਖਰਚ ਦੇਵਾਂ। ਇਸ ਲਈ ਇਹ ਉਸ ਨੂੰ ਅਗਾਹਾਂ ਮਿਲਣ ਲਈ ਗਿਆ। ਨਮਸਕਾਰ ਕਰਨ ਦੇ ਮਗਰੋਂ ਸੁਲਹੀਖਾਨ ਬੋਲਿਆ, 'ਪ੍ਰਿਥੀਚੰਦ, ਤੂੰ ਗੁਰੂ ਦਾ ਸਭ ਤੋਂ ਵੱਡਾ ਪੁੱਤਰ ਹੈਂ ਤੇ ਤੈਨੂੰ ਗੁਰਿਆਈ ਨਹੀਂ ਮਿਲੀ। ਤੇਰਾ ਸਭ ਤੋਂ ਛੋਟਾ ਭਰਾ, ਜਿਸਨੂੰ ਮਿਲੀ ਹੈ, ਕਿਥੇ ਹੈ ?'" ਪ੍ਰਿਥੀਆ ਕਹਿਣ ਲੱਗਾ : "ਹਜ਼ੂਰ, ਮੇਰਾ ਭਰਾ ਅਰਜਨ ਆਪਦਾ ਆਉਣਾ ਸੁਣ ਕੇ ਅੰਮ੍ਰਿਤਸਰ ਛਡਕੇ ਪਤਾ ਨਹੀਂ ਕਿਥੇ ਚਲਾ ਗਿਆ ਹੈ।" ਪ੍ਰਿਥੀਏ ਨੇ ਸੁਲਹੀਖਾਨ ਨੂੰ ਭੇਟਾ ਪੇਸ਼ ਕੀਤੀ, ਪਰ ਉਸਨੇ ਲੈਣ ਤੋਂ ਨਾਂਹ ਕਰ ਦਿੱਤੀ। ਇਹ ਕਿਹਾ ਕਿ ਗਰੂ ਪਾਸੋਂ ਭੇਟਾ ਲੈਣ ਦੀ ਥਾਂ ਮੈਨੂੰ ਦੇਣੀ ਬਣਦੀ ਹੈ। ਸੁਲਹੀ ਪ੍ਰਿਥੀਏ ਨੂੰ ਕਹਿਣ ਲੱਗਾ ਕਿ ਜਦ ਗੁਰੂ ਅਰਜਨ ਵਾਪਸ ਆਵੇ ਤਾਂ ਮੈਨੂੰ ਖਬਰ ਕਰਨੀ ਅਤੇ ਮੈਂ ਉਸਦੀਆਂ ਬੇਕਾਇਦਗੀਆਂ ਨੂੰ ਰੋਕਣ ਦਾ ਪ੍ਰਬੰਧ ਕਰਾਂਗਾ।

ਛਿਹਰਟਾ ਰਚਨਾ

ਜਦ ਗੁਰੂ ਜੀ ਨੂੰ ਪਤਾ ਲੱਗਾ ਕਿ ਵਡਾਲੀ ਵਿੱਚ ਪਾਣੀ ਦੀ ਤੰਗੀ ਹੈ ਤਾਂ ਉਨ੍ਹਾਂ ਇੱਕ ਵੱਡਾ ਖੂਹ ਪੁੱਟਣ ਅਤੇ ਉਸਤੇ ਛੇ ਹਰਟ ਚਲਾਉਣ ਦਾ ਹੁਕਮ ਕੀਤਾ। ਇਸਤੋਂ ਉਸਦਾ ਨਾਉ ਮਗਰੋਂ ਛਿਹਰਟਾ ਪੈ ਗਿਆ। ਹਾੜ ਸੁਦੀ ਪੰਚਮੀ ਨੂੰ ਤੇ ਮਾਘ ਸੁਦੀ ਪੰਜ—ਬਸੰਤ ਪੰਚਮੀ ਨੂੰ ਸਾਲ ਦੇ ਸਾਲ ਇਥੇ ਚੰਗਾ ਮੇਲਾ ਲੱਗਦਾ ਹੈ।

1. ਗੁਰੂ ਕਾ ਬਾਗ਼ ।

ਗੁਰੂ ਜੀ ਦੇ ਉਥੇ ਨਾ ਹੋਣ ਸਮੇਂ ਦੂਰ-ਦੂਰ ਦੇ ਦੇਸ਼ਾਂ ਤੋਂ ਸਿੱਖ ਅੰਮ੍ਰਿਤਸਰ ਦੀ ਯਾਤਰਾ ਨੂੰ ਆਉਂਦੇ, ਪਰ ਉਨ੍ਹਾਂ ਦੇ ਹਿਰਦੇ ਗੁਰੂ ਜੀ ਬਿਨਾਂ ਇਸ ਤਰ੍ਹਾਂ ਕੁਮਲਾ ਰਹੇ ਸਨ ਜਿਵੇਂ ਸੂਰਜ ਤੋਂ ਬਿਨਾਂ ਕੰਵਲ ਫੁੱਲ। ਪ੍ਰਿਥੀਏ ਨੇ ਉਨ੍ਹਾਂ ਨੂੰ ਨਿਸਚਾ ਕਰਾਉਣ ਲਈ ਬੜੇ ਯਤਨ ਕੀਤੇ ਕਿ ਅਸਲੀ ਗੁਰੂ ਮੈਂ ਹੀ ਹਾਂ ਪਰ ਬਗਲਾ ਪਖੰਡ ਜਾਂ ਚਿੱਟੇ ਰੰਗ ਕਰਕੇ ਹੰਸ ਨਹੀਂ ਬਣ ਸਕਦਾ। ਜਿਸਦੇ ਆਪਣੇ ਹਿਰਦੇ ਵਿਚ ਆਤਮਕ ਸ਼ਾਂਤੀ, ਧੀਰਜ, ਸੱਚਾਈ ਤੇ ਪਿਆਰ ਨਹੀਂ ਉਹ ਇਹ ਦਾਤਾਂ ਅਤੇ ਗੁਣ ਦੂਜਿਆਂ ਨੂੰ ਨਹੀਂ ਦੇ ਸਕਦਾ।

ਹਰਿ ਗੋਬਿੰਦ ਜੀ ਦਾ ਜਨਮ

ਹਰਿ ਗੋਬਿੰਦ ਸਾਹਿਬ ਜੀ ਦਾ ਜਨਮ ਹਾੜ ਮਹੀਨੇ ਦੀ ੨੧ ਤਾਰੀਕ ਸੰਮਤ ੧੬੫੨ ਬਿ: ੧੫੯੫ ਈ: ਨੂੰ ਵਡਾਲੀ ਵਿਖੇ ਪ੍ਰਕਾਸ਼ ਹੋਇਆ। ਉਨ੍ਹਾਂ ਦੇ ਪ੍ਰਕਾਸ਼ ਹੋਇਆ। ਉਨ੍ਹਾਂ ਦੇ ਪ੍ਰਕਾਸ਼ ਉੱਤੇ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ—

ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥
ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨਿ ਬਹੁਤੁ ਬਿਗਾਸੁ॥੧॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥੧॥
ਰਹਾਉ॥ ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥
ਮਿਟਿਆ ਸੋਗੁ ਮਹਾ ਅਨੰਦੁ ਥੀਆ॥ ਗੁਰਬਾਣੀ ਸਖੀ ਅਨੰਦੁ ਗਾਵੈ॥
ਸਾਚੇ ਸਾਹਿਬ ਕੈ ਮਨਿ ਭਾਵੈ॥੨॥ ਵਧੀ ਵੇਲਿ ਬਹੁ ਪੀੜੀ ਚਾਲੀ॥
ਧਰਮ ਕਲਾ ਹਰਿ ਬੰਧਿ ਬਹਾਲੀ॥ ਮਨ ਚਿੰਦਿਆ ਸਤਿਗੁਰੂ ਦਿਵਾਇਆ॥
ਭਏ ਅਚਿੰਤ ਏਕ ਲਿਵ ਲਾਇਆ॥੩॥ ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣ॥
ਬੁਲਾਇਆ ਬੋਲੈ ਗੁਰ ਕੈ ਭਾਣਿ॥ ਗੁਝੀ ਛੰਨੀ ਨਾਹੀ ਬਾਤ॥
ਗੁਰੂ ਨਾਨਕੁ ਤੁਠਾ ਕੀਨੀ ਦਾਤਿ॥੪॥੧॥ (ਆਸਾ ਮਹਲਾ ੫) (ਆ: ਗ੍ਰੰ: ਪੰ: ੩੬੬)

ਇਸ ਸਮੇਂ ਗੁਰੂ ਜੀ ਨੇ ਇਹ ਸ਼ਬਦ ਵੀ ਉਚਾਰਿਆ—

ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਹਾਰਿਆ॥
ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ॥੧॥
ਕਾਰਜੁ ਸਤਿਗੁਰਿ ਆਪਿ ਸਵਾਰਿਆ॥
ਵਡੀ ਆਰਜਾ ਹਰਿ ਗੋਬਿੰਦ ਕੀ ਮੁਖ ਮੰਗਲ ਕਲਿਆਣ ਬੀਚਾਰਿਆ॥੧॥ ਰਹਾਉ॥
ਵਣੁ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ॥
ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ॥੨॥ (ਆ: ਗ੍ਰੰ: ਪੰ: ੮੦੬)
(ਬਿਲਾਵਲੁ ਮਹਲਾ ੫)

ਕਰਮੋ ਤੇ ਪ੍ਰਿਥੀਏ ਦਾ ਸਾੜਾ

ਜਦ ਪ੍ਰਿਥੀਏ ਦੀ ਪਤਨੀ ਕਰਮੋ ਨੇ ਸੁਣਿਆ ਕਿ ਗੁਰੂ ਜੀ ਦੇ ਘਰ ਪੁੱਤਰ ਜਨਮਿਆ ਹੈ ਤਾਂ ਉਹ ਅਫਸੋਸ ਵਿੱਚ ਡੁੱਬ ਗਈ। ਉਹ ਆਪਣੇ ਪਤੀ ਨੂੰ ਆਖਣ ਲੱਗੀ : "ਵਡਾਲੀ ਵਿੱਚ ਜੋ ਖੁਸ਼ੀਆਂ ਹੋ ਰਹੀਆਂ ਹਨ ਉਨ੍ਹਾਂ ਬਾਰੇ ਵੀ ਸੁਣਿਆ ਜੇ? ਗੁਰੂ ਅਰਜਨ ਜੀ ਦਾ ਪ੍ਰਤਾਪ ਹੁਣ ਸੂਰਜ ਵਾਂਗ ਚਮਕ ਰਿਹਾ ਹੈ ਅਤੇ ਤੁਸੀਂ ਉਹਦੇ ਤੇਜ ਅੱਗੇ ਤਾਰਿਆਂ ਵਾਂਗ ਛਿਪ ਗਏ ਹੋ। ਤੁਹਾਡੀਆਂ ਸਾਰੀਆਂ ਗੱਲਾਂ ਤੇ ਫੜਾਂ ਵਿਅਰਥ ਹੀ ਨਿਕਲੀਆਂ ਹਨ।" ਪ੍ਰਿਥੀਏ ਦਾ ਹਿਰਦਾ ਵੀ ਸੜ ਭੁੱਜ ਗਿਆ ਅਤੇ ਉਹ ਢੀਠਤਾ ਨਾਲ ਕਹਿਣ ਲੱਗਾ : "ਮੇਰੇ ਬਚਨ ਸਦਾ ਸਚ ਹਨ। ਕੀ ਹੋਇਆ ਜੇ ਅਰਜਨ ਦੇ ਘਰ ਪੁੱਤਰ ਜਨਮਿਆ ਹੈ? ਕੀ ਮੈਂ ਇਹ ਦੁਖ ਸਹਾਰ ਸਕਾਂਗਾ ? ਮੈਂ ਬਾਲਕ ਨੂੰ ਜੀਉਂਦਾ ਨਹੀਂ ਰਹਿਣ ਦਿਆਂਗਾ ।" ਕਰਮੋ ਨੇ ਉਸ ਰਾਤ ਨੂੰ ਕੁਝ ਨਾ ਖਾਧਾ ਪੀਤਾ ਅਤੇ ਉਸ ਨੂੰ ਉੱਕਾ ਨੀਂਦ ਨਾ ਪਾਈ। ਇਸ ਛੋਟੇ ਗੱਦੀ ਦੇ ਮਾਲਕ ਤੇ ਜਨਮ ਦੇ ਸਿੱਖਾਂ ਨੂੰ ਉਹ ਸਮਾਂ ਚੇਤੇ ਕਰਾ ਦਿੱਤਾ ਜਦੋਂ ਅਯੁਧਿਆ ਦੇ ਸਾਰੇ ਲੋਕੀ ਰਾਮ ਚੰਦਰ ਜੀ ਦੇ ਰਾਜ-ਸੰਘਾਸਨ ਤੇ ਬੈਠਣ ਸਮੇਂ ਖੁਸ਼ੀਆਂ ਮਨਾ ਰਹੇ ਸਨ ਅਤੇ ਉਨ੍ਹਾਂ ਦੇ ਪਿਤਾ ਦੀਆਂ ਇਸਤ੍ਰੀਆਂ ਵਿਚੋਂ ਇੱਕ ਕੇਵਲ ਕੇਕਈ ਇਸ ਗੱਲ ਤੇ ਮਾਤਮ ਕਰ ਰਹੀ ਸੀ।

ਹਰਿ ਗੋਬਿੰਦ ਸਾਹਿਬ ਨੂੰ ਜ਼ਹਿਰ ਦਿਵਾਉਣ ਦਾ ਯਤਨ

ਦੂਜੇ ਦਿਨ ਸਵੇਰੇ ਕਰਮੋ ਨੇ ਆਪਣੇ ਘਰਾਣੇ ਦੀ ਇੱਕ ਬੁੱਢੀ ਦਾਈ ਨੂੰ ਬੁਲਾਇਆ ਅਤੇ ਕੁਝ ਗੱਲਾਂ ਬਾਤਾਂ ਮਗਰੋਂ ਉਸਨੂੰ ਕਿਹਾ ਕਿ ਵਡਾਲੀ ਜਾਹ ਅਤੇ ਉਤੋਂ ਆਪਣੇ ਆਪ ਗੁਰੂ ਘਰ ਦੀ ਹਿਤੂ ਪ੍ਰਗਟ ਕਰਕੇ ਉਨ੍ਹਾਂ ਦੇ ਘਰ ਨਵੇਂ ਜਨਮੇ ਪੁੱਤਰ ਨੂੰ ਜ਼ਹਿਰ ਦੇਣ ਦਾ ਮੌਕਾ ਲੱਭ। ਜੇਕਰ ਤੈਨੂੰ ਸਫਲਤਾ ਹੋਈ ਤਾਂ ਤੈਨੂੰ ਮੂੰਹ ਮੰਗਿਆ ਰੁਪਿਆ ਮਿਲੇਗਾ। ਅਜੇ ਸੌ ਰੁਪਿਆ ਲੈ ਲਉ ਅਤੇ ਜਦੋਂ ਮੇਰਾ ਪੁੱਤਰ ਮਿਹਰਬਾਨ ਗੁਰਿਆਈ ਪ੍ਰਾਪਤ ਕਰੇਗਾ ਤਾਂ ਤੈਨੂੰ ਹੋਰ ਖੁਲ੍ਹੇ ਗੱਫੇ ਮਿਲਣਗੇ। ਇੱਕ ਬਹੁਤ ਵਧੀਆ ਘਰ ਅਤੇ ਉਮਰ ਭਰ ਲਈ ਗੁਜ਼ਾਰਾ ਇਨਾਮ ਮਿਲੇਗਾ। ਦਾਈ ਕਹਿਣ ਲੱਗੀ : "ਮੈਂ ਆਪ ਦੇ ਘਰ ਕਈਆਂ ਪੀੜ੍ਹੀਆਂ ਤੋਂ ਕੰਮ ਕਰਦੀ ਆਈ ਹਾਂ ਅਤੇ ਹੁਣ ਜਦੋਂ ਮੇਰੇ ਲਈ ਕੁਝ ਪ੍ਰਾਪਤ ਕਰਨ ਦਾ ਮੌਕਾ ਆਇਆ ਹੈ ਤਾਂ ਗੁਰੂ ਜੀ ਦੀ ਸੁਪਤਨੀ ਨੇ ਇੱਕ ਹੋਰ ਦਾਈ ਨੂੰ ਲਾ ਲਿਆ ਹੈ। ਤੁਹਾਡੀ ਵਿਥਿਆ ਸੁਣਨ ਤੋਂ ਪਹਿਲਾਂ ਮੇਰਾ ਦਿਲ ਅੱਗੇ ਹੀ ਦੁਖਿਆ ਹੋਇਆ ਸੀ। ਤੁਸੀਂ ਦੇਖਣਾ ਥੋੜੇ ਦਿਨਾਂ ਮਗਰੋਂ ਮੈਂ ਆਪ ਦਾ ਕੰਮ ਸੰਵਾਰ ਦਿਆਂਗੀ।" ਕਰਮੋ ਨੇ ਉਸ ਨੂੰ ਇਕਰਾਰ ਕੀਤੀ ਹੋਈ ਰਕਮ ਅਤੇ ਇਕ ਵਧੀਆ ਦੁਸ਼ਾਲਾ ਕੰਮ ਕਰਾਉਣ ਦੀ ਉਜਰਤ ਵਜੋਂ ਅਗਾਊਂ ਦੇ ਦਿੱਤਾ।

ਉਹ ਕਪਟਣ ਦਾਈ ਘਰ ਗਈ ਅਤੇ ਜ਼ਹਿਰ ਲੈਕੇ ਕੁਝ ਥਣਾਂ ਨੂੰ ਲਾਇਆ ਤੇ ਕੁਝ ਗੁਜ਼ਤੀ ਵਿਚ ਰਲਾਇਆ। (ਗੁਜ਼ਤੀ ਪੂਰਬ ਵਿੱਚ ਉਸ ਦਵਾਈ ਨੂੰ ਕਹਿੰਦੇ ਹਨ ਜੋ ਜਨਮ ਸਮੇਂ ਬਾਲਕਾਂ ਨੂੰ ਦਿੱਤੀ ਜਾਂਦੀ ਹੈ।) ਅਤੇ ਫਿਰ ਵਡਾਲੀ ਨੂੰ ਤੁਰ ਪਈ। ਇਸ ਵੇਲੇ ਥੋੜੇ ਚਿਰ ਤੋਂ ਬਾਲਕ ਕੁਝ ਢਿੱਲਾ ਸੀ ਤੇ ਦੁੱਧ ਨਹੀਂ ਸੀ ਚੁੰਘਦਾ, ਇਸੇ ਕਰਕੇ ਸਾਰਾ ਪਰਿਵਾਰ

ਬੜੀ ਚਿੰਤਾ ਵਿੱਚ ਸੀ। ਹਰ ਸਿਆਣੀ ਬੁਢੀ ਆਪੋ ਆਪਣੀ ਦਵਾਈ ਦੱਸਦੀ ਸੀ। ਜਦ ਕਰਮੋ ਦੀ ਦਾਈ ਆਈ ਤਾਂ ਗੁਰੂ ਜੀ ਦੇ ਘਰੋਂ ਮਾਤਾ ਜੀ ਉਸ ਨੂੰ ਵੇਖ ਕੇ ਬੜੇ ਹੀ ਖੁਸ਼ ਹੋਏ ਅਤੇ ਦਾਈ ਨੇ ਵੀ ਆਪਣਾ ਭਰਿਆ ਖੜਯੰਤ੍ਰ ਪੂਰਾ ਕਰ ਲੈਣ ਦੀ ਆਸ ਵਿੱਚ ਖੁਸ਼ੀ ਮਨਾਈ। ਉਸ ਨੇ ਪਾਖੰਡ ਨਾਲ ਕਿਹਾ : "ਹੇ ਰਾਣੀ ਗੰਗਾ, ਤੁਹਾਨੂੰ ਲੱਖ-ਲੱਖ ਵਧਾਈਆਂ ਹੋਣ ! ਤੁਹਾਡਾ ਬਾਲਕ ਅਤੇ ਤੁਹਾਡੇ ਪਤੀ ਦੀਆਂ ਵੱਡੀਆਂ ਉਮਰਾਂ ! ਤੁਸਾਂ ਤਾਂ ਮੈਨੂੰ ਯਾਦ ਨਹੀਂ ਕੀਤਾ ਪਰ ਮੈਂ ਤਾਂ ਤੁਹਾਨੂੰ ਨਹੀਂ ਸਾਂ ਭੁਲ ਸਕਦੀ, ਮੈਂ ਆਪ ਹੀ ਤੁਹਾਡਾ ਸੁੱਖ ਚਾਹੁਣ ਲਈ ਆ ਗਈ ਹਾਂ।"

ਸ੍ਰੀ ਗੰਗਾ ਜੀ ਨੇ ਉਸਨੂੰ ਦਸਿਆ ਕਿ ਬਾਲਕ ਰਾਜੀ ਨਹੀਂ ਹੈ ਅਤੇ ਇਸ ਨੇ ਦੁੱਧ ਚੁੰਘਣਾ ਛੱਡਿਆ ਹੋਇਆ ਹੈ। ਦਾਈ ਬੋਲੀ : "ਬਾਲਕ ਨੂੰ ਇਧਰ ਲੈ ਆਓ, ਮੈਂ ਉਸਨੂੰ ਗੁੜਤੀ ਦੇਵਾਂਗੀ। ਮੈਂ ਬਾਲਾਂ ਦੇ ਰੋਗ ਸਮਝਦੀ ਹਾਂ ਅਤੇ ਮੈਂ ਕਈ ਬਾਲਾਂ ਦਾ ਇਲਾਜ ਕਰਦੀ ਰਹਿੰਦੀ ਹਾਂ ਜੋ ਦੂਰੋਂ-ਦੂਰੋਂ ਮੇਰੇ ਪਾਸ ਆਉਂਦੇ ਹਨ, ਮੇਰੀ ਗੁੜ੍ਹਤੀ ਦੀ ਇੱਕ ਖੁਰਾਕ ਲੈਣ ਦੇ ਮਗਰੋਂ ਉਨ੍ਹਾਂ ਨੂੰ ਫਿਰ ਹੋਰ ਲੈਣ ਦੀ ਲੋੜ ਨਹੀਂ ਰਹਿਣੀ। ਪ੍ਰਿਥੀਏ ਦੀ ਇਸਤ੍ਰੀ ਆਪਣੇ ਬਾਲਕ ਦਾ ਸਦਾ ਮੇਰੇ ਪਾਸੋਂ ਇਲਾਜ ਕਰਾਉਂਦੀ ਸੀ ਅਤੇ ਉਹ ਮਗਰੋਂ ਕਦੀ ਬੀਮਾਰ ਨਹੀਂ ਹੋਇਆ।" ਇਨ੍ਹਾਂ ਸਾਰੀਆਂ ਗੱਲਾਂ ਦਾ ਸਿੱਟਾ ਇਹ ਹੋਇਆ ਕਿ ਸ੍ਰੀ ਗੰਗਾ ਜੀ ਨੇ ਉਸ ਦੀਆਂ ਮੋਮੋਠਗਣੀਆਂ ਗੱਲਾਂ ਵਿੱਚ ਫਸ ਕੇ, ਬਾਲਕ ਉਸਨੂੰ ਦੇ ਦਿੱਤਾ। ਦਾਈ ਹਰਗੋਬਿੰਦ ਜੀ ਨੂੰ ਕੁਛੱੜ ਵਿਚ ਲੈਕੇ ਉਨ੍ਹਾਂ ਨੂੰ ਵਿਹੁ ਵਾਲੀ ਗੁੜ੍ਹਤੀ ਦੇਣ ਲੱਗੀ, ਪਰ ਉਹ ਨਾ ਪੀਣ। ਉਸ ਨੇ ਹਰਿ ਗੋਬਿੰਦ ਜੀ ਨੂੰ ਪੁਚਕਾਰ ਕੇ, ਲਾਡ ਪਿਆਰ ਕਰ ਕੇ ਗੁੜ੍ਹਤੀ ਉਨ੍ਹਾਂ ਦੇ ਮੂੰਹ ਵਿੱਚ ਪਾ ਦਿੱਤੀ, ਪਰ ਉਹ ਉਸ ਨੂੰ ਅੰਦਰ ਨਾ ਲੰਘਾਉਣ। ਫਿਰ ਉਹ ਆਪਣਾ ਸਤਨ ਕੱਢ ਕੇ ਉਨ੍ਹਾਂ ਨੂੰ ਦੇਣ ਲੱਗੀ। ਜਿਸ ਘੜੀ ਉਸ ਨੇ ਇਹ ਗੱਲ ਕੀਤੀ, ਉਸ ਵੇਲੇ ਗ਼ਸ਼ ਖਾਕੇ ਉਹ ਪਿਛਾਂਹ ਨੂੰ ਡਿੱਗ ਪਈ। ਕਈਆਂ ਨੇ ਉਸਦੇ ਮੂੰਹ ਵਿਚ ਪਾਣੀ ਪਾਇਆ ਤੇ ਉਸ ਤੇ ਗੁਲਾਬ ਦਾ ਅਰਕ ਛਿੜਕਿਆ ਤਾਂ ਜੋ ਉਸ ਨੂੰ ਹੋਸ਼ ਆ ਜਾਏ। ਜਦ ਉਸ ਨੂੰ ਸੁਰਤ ਆ ਗਈ ਉਹ ਆਪਣੇ ਆਲੇ-ਦੁਆਲੇ ਵੇਖ ਕੇ ਬੋਲੀ : "ਇਕ ਸੌ ਰੁਪਏ ਦੀ ਵਢੀ ਨੇ, ਜੋ ਪ੍ਰਿਥੀਏ ਅਤੇ ਉਸਦੀ ਇਸਤ੍ਰੀ ਨੇ ਮੈਨੂੰ ਦਿੱਤੀ ਸੀ, ਉਸ ਨੇ ਮੈਨੂੰ ਮਾਰ ਸੁੱਟਿਆ ਹੈ। ਮੈਂ ਆਪਣੇ ਥਣਾਂ ਨੂੰ ਕਿਉਂ ਵਿਹੁ ਲਾਇਆ ਅਤੇ ਬਾਲਕ ਦੇ ਮਾਰਨ ਦਾ ਕੰਮ ਕਿਉਂ ਆਪਣੇ ਜ਼ਿੰਮੇ ਲਿਆ ?"

ਬਾਲਕ ਨੂੰ ਮਰਵਾਣ ਲਈ ਪ੍ਰਿਥੀਏ ਦੀ ਇਸ ਸਾਜ਼ਸ਼ ਦੀ ਕਹਾਣੀ ਘਰ ਘਰ ਖਿਲਰ ਗਈ ਅਤੇ ਲੋਕੀ ਉਸ ਨੂੰ ਅਜਿਹੀਆਂ ਫਿਟਕਾਰਾਂ ਪਾਉਣ ਲੱਗੇ, ਜਿਨ੍ਹਾਂ ਦਾ ਉਹ ਹੱਕਦਾਰ ਸੀ। ਗੁਰੂ ਜੀ ਨੇ ਇਸ ਦੇ ਪਰਥਾਏ ਇਹ ਸ਼ਬਦ ਉਚਾਰਣ ਕੀਤਾ—

ਗੁਰ ਪੂਰੇ ਰਾਖਿਆ ਦੇ ਹਾਥ॥ ਪ੍ਰਗਟੁ ਭਇਆ ਜਨ ਕਾ ਪਰਤਾਪੁ॥੧॥
ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ॥
ਜੀਅ ਕੀ ਅਰਦਾਸਿ ਗੁਰੂ ਪਹਿ ਪਾਈ॥ ਰਹਾਉ॥
ਸਰਨਿ ਪਰੇ ਸਾਚੇ ਗੁਰਦੇਵ॥ ਪੂਰਨ ਹੋਈ ਸੇਵਕ ਸੇਵ॥
ਜੀਉ ਪਿੰਡੁ ਜੋਬਨੁ ਰਾਖੈ ਪ੍ਰਾਨ॥ ਕਹੁ ਨਾਨਕ ਗੁਰ ਕਉ ਕੁਰਬਾਨ॥੩॥੮॥੧੦੨॥

(ਆ: ਗ੍ਰੰ: ਪੰ: ੩੯੬) (ਆਸਾ ਮਹਲਾ ੫)

ਜਾਦੂ ਤੇ ਟੂਣੇ ਫਜ਼ੂਲ ਹਨ

ਹਰਿ ਗੋਬਿੰਦ ਜੀ ਦੀ ਬੀਮਾਰੀ ਸਮੇਂ ਗੁਰੂ ਜੀ ਨੂੰ ਕਿਹਾ ਗਿਆ ਕਿ ਇੱਥੇ ਇੱਕ ਜਾਦੂਗਰਨੀ ਰਹਿੰਦੀ ਹੈ, ਜਿਸਦੀ ਜਾਦੂ ਟੂਣੇ ਦੇ ਕੰਮ ਵਿੱਚ ਬੜੀ ਪ੍ਰਸਿੱਧੀ ਹੈ, ਉਸ ਕੋਲ ਜਾਣਾ ਚਾਹੀਦਾ ਹੈ, ਆਸ ਹੈ ਕਿ ਬਾਲਕ ਨੂੰ ਰਾਜ਼ੀ ਕਰਨ ਲਈ ਉਸ ਕੋਲੋਂ ਕੋਈ ਜੰਤ੍ਰ-ਮੰਤ੍ਰ ਮਿਲ ਜਾਵੇਗਾ। ਉਹ ਪਾਣੀ ਤੇ ਕੁਝ ਜੰਤ੍ਰ-ਮੰਤ੍ਰ ਪੜ੍ਹ ਕੇ ਬਾਲਕ ਦੇ ਪੀਣ ਨੂੰ ਦੇਵੇਗੀ। ਗੁਰੂ ਜੀ ਨੇ ਅਜਿਹੀਆਂ ਦੱਸੀਆਂ ਹੋਈਆਂ ਗੱਲਾਂ ਅਤੇ ਦਾਰੂ-ਦਰਮਲਾਂ ਨੂੰ ਵਿਅਰਥ ਦਸਿਆ ਅਤੇ ਇਸ ਸਮੇਂ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ—

ਨਾਮੁ ਨਿਰੰਜਨੁ ਨੀਰਿ ਨਰਾਇਣ॥ ਰਸਨਾ ਸਿਮਰਤ ਪਾਪ ਬਿਲਾਇਣ॥੧॥ ਰਹਾਉ॥
ਨਾਰਾਇਣ ਸਭ ਮਾਹਿ ਨਿਵਾਸ॥ ਨਾਰਾਇਣ ਘਟਿ ਘਟਿ ਪਰਗਾਸ॥
ਨਾਰਾਇਮ ਕਹਤੇ ਨਰਕਿ ਨ ਜਾਹਿ॥ ਨਾਰਾਇਣ ਸੇਵ ਸਗਲ ਫਲ ਪਾਹਿ॥੧॥
ਨਾਰਾਇਣ ਮਨ ਮਾਹਿ ਅਧਾਰ॥ ਨਾਰਾਇਣ ਬੋਹਿਥ ਸੰਸਾਰ॥
ਨਾਰਾਇਣ ਕਹਤ ਜਮੁ ਭਾਗਿ ਪਲਾਇਣ॥
ਨਾਰਾਇਣ ਦੰਤ ਭਾਨੇ ਡਾਇਣ॥੨॥ ਨਾਰਾਇਣ ਸਦ ਸਦ ਬਖਸਿੰਦ॥
ਨਾਰਾਇਣ ਕੀਨੇ ਸੂਖ ਅਨੰਦ॥ ਨਾਰਾਇਣ ਪ੍ਰਗਟ ਕੀਨੋ ਪਰਤਾਪ॥
ਨਾਰਾਇਣ ਸੰਤ ਕੋ ਮਾਈ ਬਾਪ॥੩॥ ਨਾਰਾਇਣ ਸਾਧਸੰਗਿ ਨਾਰਾਇਣ॥
ਬਾਰੰ ਬਾਰੰ ਨਾਰਣਿ ਗਾਇਣ॥ ਬਸਤੁ ਅਗੋਚਰ ਗੁਰ ਮਿਲਿ ਲਹੀ॥
ਨਾਰਾਇਣ ਓਟ ਨਾਨਕ ਦਾਸ ਗਹੀ ॥੪॥ (ਆ: ਗ੍ਰੰ: ਪੰ: ੮੬੮) (ਗੌਂਡ ਮਹਲਾ ੫)

ਪ੍ਰਿਥੀਏ ਦੀ ਹੋਰ ਸ਼ਰਾਰਤ

ਪ੍ਰਿਥੀਏ ਦੀ ਇਸਤ੍ਰੀ ਕਰਮੋ ਹਰ ਵੇਲੇ, ਹਰ ਘੜੀ ਪ੍ਰਿਥੀਏ ਨੂੰ ਤਾਹਨੇ ਤੇ ਬੋਲੀਆਂ ਮਾਰਦੀ ਰਹਿੰਦੀ ਸੀ ਜਿਸ ਕਰਕੇ ਪ੍ਰਿਥੀਏ ਦਾ ਦਿਲ ਬਹੁਤ ਉਦਾਸ ਹੋ ਗਿਆ ਅਤੇ ਉਹ ਅਤਿ ਨਿੰਦਕ ਸਾਜ਼ਸ਼ਾਂ ਦੀਆਂ ਯੋਜਨਾਵਾਂ ਬਣਾਉਣ ਲੱਗਾ। ਉਸਨੇ ਇੱਕ ਸਪੇਰੇ ਨੂੰ ਬੁਲਾ ਕੇ ਕੁਝ ਰਕਮ ਦਿੱਤੀ ਅਤੇ ਬਹੁਤ ਸਾਰਾ ਇਨਾਮ ਦੇਣ ਦਾ ਭਰੋਸਾ ਦੇਕੇ ਉਸਨੂੰ ਉਕਸਾਇਆ ਕਿ ਬਾਲਕ ਹਰਗੋਬਿੰਦ ਜੀ ਨੂੰ ਉਹ ਫਨੀਅਰ ਸੱਪ ਲੜਾਕੇ ਮਾਰ ਦੇਵੇ ਅਤੇ ਇਸ ਕੰਮ ਦੀ ਸਫਲਤਾ ਉੱਤੇ ਉਸਨੂੰ ਭਾਰੀ ਇਨਾਮ ਮਿਲੇਗਾ। ਜਦ ਕਿ ਮਾਤਾ ਜੀ ਦਰਵਾਜ਼ੇ ਵਿਚ ਬੈਠੇ ਹੋਏ ਆਪਣੇ ਬਾਲਕ ਨੂੰ ਵੇਖ ਵੇਖ ਕੇ ਖੁਸ਼ ਹੋ ਰਹੇ ਸਨ ਅਤੇ ਉਨ੍ਹਾਂ ਦੀਆਂ ਨਿਆਣਿਆਂ ਖੇਡਾਂ ਉੱਤੇ ਪ੍ਰਸੰਨ ਹੋ ਰਹੇ ਸਨ ਤਾਂ ਸਪੇਰੇ ਨੇ ਸ੍ਰੀ ਮਾਤਾ ਗੰਗਾ ਜੀ ਤੋਂ ਅੱਖ ਬਚਾ ਕੇ ਵਿਹੜੇ ਵਿੱਚ ਇਕ ਕਾਲਾ ਸੱਪ ਛੱਡ ਦਿੱਤਾ। ਜਦ ਉਹ ਸੱਪ ਹਰਗੋਬਿੰਦ ਜੀ ਵੱਲ ਧਾਕੇ ਆਇਆ ਤਾਂ ਉਨ੍ਹਾਂ ਨੇ ਉਸ ਸ਼ੂਕਦੇ ਨਾਗ ਨੂੰ ਹੱਥ ਵਿੱਚ ਫੜ ਲਿਆ ਅਤੇ ਝੱਟ ਮਾਰ ਦਿੱਤਾ। ਗੁਰੂ ਅਰਜਨ ਦੇਵ ਜੀ ਮਹਾਰਾਜ ਵੀ ਤੁਰਤ ਹੀ ਉਸ ਥਾਂ ਆ ਗਏ ਅਤੇ ਮਹਾਰਾਜ ਨੇ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ—

ਐਥੈ ਓਥੈ ਰਖਵਾਲਾ॥ ਪ੍ਰਭ ਸਤਿਗੁਰ ਦੀਨ ਦਇਆਲਾ॥
ਦਾਸ ਅਪਨੇ ਆਪਿ ਰਾਖੇ। ਘਟਿ ਘਟਿ ਸਬਦੁ ਸੁਭਾਖੈ॥ ੧॥
ਗੁਰ ਕੇ ਚਰਣ ਊਪਰਿ ਬਲਿ ਜਾਈ॥

ਦਿਨਸੁ ਰੈਨਿ ਸਾਸਿ ਸਾਸਿ ਸਮਾਲੀ ਪੂਰਨੁ ਸਭਨੀ ਥਾਈ ॥੧॥ ਰਹਾਉ ॥
ਆਪਿ ਸਹਾਈ ਹੋਆ ॥ ਸਚੇ ਦਾ ਸਚਾ ਢੰਆ ॥
ਤੇਰੀ ਭਗਤਿ ਵਡਿਆਈ ॥ ਪਾਈ ਨਾਨਕ ਪ੍ਰਭ ਸਰਣਾਈ ॥੨॥੧੪॥੨੬॥
(ਆ: ਗ੍ਰੰ: ਪੰ: ੧੩੨) (ਸੋਰਠਿ ਮਹਲਾ ੫)

ਗੁਰੂ ਜੀ ਦਾ ਵਾਪਸ ਅੰਮ੍ਰਿਤਸਰ ਆਉਣਾ

ਜਦ ਹਰਗੋਬਿੰਦ ਜੀ ਦੋ ਕੁ ਵਰ੍ਹਿਆਂ ਦੇ ਸਨ ਤਾਂ ਅੰਮ੍ਰਿਤਸਰ ਨਿਵਾਸੀਆਂ ਦਾ ਇਕ ਡੈਪੂਟੇਸ਼ਨ ਗੁਰੂ ਜੀ ਦੀ ਸੇਵਾ ਵਿਚ ਵਡਾਲੀ ਹਾਜ਼ਰ ਹੋਇਆ। ਉਨ੍ਹਾਂ ਨੇ ਬੇਨਤੀ ਕੀਤੀ ਕਿ "ਜਿਥੇ ਤੁਸੀਂ ਵਸਦੇ ਹੋ ਉਥੇ ਹੀ ਅਨੰਦ ਵਸਦਾ ਹੈ, ਆਪਦੇ ਦਰਸ਼ਨਾਂ ਦੇ ਲਾਹੇ ਖਾਤਰ ਅਸਾਂ ਨੇ ਆਪਣੇ ਪਿੰਡਾਂ, ਘਰਾਂ ਅਤੇ ਸਕੇ ਸੰਬੰਧੀਆਂ ਨੂੰ ਤਿਆਗਿਆ ਹੈ ਤੇ ਅੰਮ੍ਰਿਤਸਰ ਆਕੇ ਵਸੇ ਹਾਂ, ਪਰ ਆਪਨੇ ਵੱਖ ਰਹਿਣਾ ਸ਼ੁਰੂ ਕਰ ਦਿੱਤਾ ਹੈ। ਹੋਰ ਸਿੱਖ ਭੀ ਦੂਰ ਦੁਰਾਡਿਉਂ ਆਪਦੇ ਦਰਸ਼ਨ ਕਰਨ ਆਉਂਦੇ ਹਨ। ਜਦ ਉਹ ਅੰਮ੍ਰਿਤਸਰ ਆਕੇ ਆਪਦੇ ਦਰਸ਼ਨ ਨਹੀਂ ਕਰ ਸਕਦੇ ਤਾਂ ਆਪਣੇ ਘਰਾਂ ਨੂੰ ਮੁੜ ਜਾਂਦੇ ਹਨ। ਹੁਣ ਸਾਡੇ ਨਾਲ ਚਲੋ। ਆਪ ਦੇ ਉਥੇ ਰਹਿਣ ਨਾਲ ਰਾਮਦਾਸਪੁਰ ਜੁਗੋ ਜੁੱਗ ਵੱਧੇ ਫੁੱਲੇਗਾ।"

ਗੁਰੂ ਜੀ ਨੇ ਉਨ੍ਹਾਂ ਸਿੱਖਾਂ ਦੀ ਬੇਨਤੀ ਪਰਵਾਨ ਕਰ ਲਈ ਤੇ ਆਪਣੇ ਮੁੱਖ ਸਥਾਨ ਅੰਮ੍ਰਿਤਸਰ ਨੂੰ ਤੁਰ ਪਏ। ਉਥੇ ਪਹੁੰਚ ਕੇ ਗੁਰੂ ਜੀ ਨੇ ਆਪਣੀ ਸੁਪਤਨੀ, ਸਾਹਿਬਜ਼ਾਦੇ ਅਤੇ ਸੇਵਕਾਂ ਨੂੰ ਆਪਣੇ ਮਹਿਲਾਂ ਵਿੱਚ ਭੇਜ ਦਿੱਤਾ ਅਤੇ ਆਪ ਮਹਾਰਾਜ ਤੁਰ ਕੇ ਹਰਿਮੰਦਿਰ ਸਾਹਿਬ ਨੂੰ ਗਏ। ਗੁਰੂ ਜੀ ਨੇ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਮਰਿਆਦਾ ਨਾਲ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ। ਫਿਰ ਮਹਾਰਾਜ ਨੇ ਹੇਠ ਲਿਖਿਆ ਸ਼ਬਦ ਗਾਇਨ ਕੀਤਾ—

ਅਪਨਾ ਗੁਰੂ ਧਿਆਏ ॥ ਮਿਲਿ ਕੁਸਲ ਸੇਤੀ ਘਰ ਆਏ ॥
ਨਾਮੈ ਕੀ ਵਡਿਆਈ ॥ ਤਿਸੁ ਕੀਮਤਿ ਕਹਣੁ ਨ ਜਾਈ ॥੧॥
ਸੰਤਹੁ ਹਰਿ ਹਰਿ ਹਰਿ ਆਰਾਧਹੁ ॥
ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥ ਰਹਾਉ ॥
ਪ੍ਰੇਮ ਭਗਤਿ ਪ੍ਰਭ ਲਾਗੀ ॥ ਸੋ ਪਾਏ ਜਿਸੁ ਵਡਭਾਗੀ ॥
ਜਨ ਨਾਨਕ ਨਾਮੁ ਧਿਆਇਆ ਤਿਨਿ ਸਰਬ ਸੁਖਾ ਫਲ ਪਾਇਆ ॥
(ਆ: ਗ੍ਰੰ: ਪੰ: ੬੨੧) (ਸੋਰਠਿ ਮਹਲਾ ੫)

ਉਸੇ ਸਮੇਂ ਹੀ ਗੁਰੂ ਜੀ ਨੇ ਇਹ ਸ਼ਬਦ ਉਚਾਰਣ ਕੀਤਾ—

ਪ੍ਰਭੁ ਅਪੁਨ ਰਿਦੇ ਧਿਆਏ ॥ ਘਰਿ ਸਹੀ ਸਲਾਮਤਿ ਆਏ ॥
ਸੰਤੋਖੁ ਭਇਆ ਸੰਸਾਰੇ ॥ ਗੁਰਿ ਪੂਰੇ ਲੈ ਤਾਰੇ ॥੧॥
ਸੰਤਹੁ ਪ੍ਰਭੁ ਮੇਰਾ ਸਦ ਦਇਆਲਾ ॥
ਅਪਨੇ ਭਗਤ ਕੀ ਗਣਤ ਨ ਗਣਈ ਰਾਖੈ ਬਾਲ ਗੁਪਾਲਾ ॥੧॥ ਰਹਾਉ ॥

ਹਰਿ ਨਾਮੁ ਰਿਦੈ ਉਰਿ ਧਾਰੇ॥ ਤਿਨਿ ਸਭੇ ਥੋਕ ਸਵਾਰੇ॥
ਗੁਰਿ ਪੂਰੇ ਤੁਸਿ ਦੀਆ॥ ਫਿਰਿ ਨਾਨਕ ਦੂਖੁ ਨ ਥੀਆ॥੨॥੨੧॥੯੫॥

(ਆਃ ਗ੍ਰੰਃ ਪੰਃ ੬੨੯) (ਸੋਰਠਿ ਮਹਲਾ ੫)

ਗੁਰੂ ਮਹਾਰਾਜ ਪ੍ਰਿਥੀਏ ਨੂੰ ਆਪਣਾ ਵੱਡਾ ਭਰਾ ਜਾਣ ਕੇ, ਕੁਝ ਪ੍ਰਸ਼ਾਦ ਅਤੇ ਸਾਹਿਬਜ਼ਾਦੇ ਹਰਿਗੋਬਿੰਦ ਜੀ ਨੂੰ ਲੈਕੇ ਉਸ ਪਾਸ ਗਏ। ਪ੍ਰਿਥੀਆ ਗੁਰੂ ਜੀ ਅਤੇ ਉਨ੍ਹਾਂ ਦੇ ਸਪੁਤ੍ਰ ਨੂੰ ਘ੍ਰਿਣਾ ਕਰਦਾ ਸੀ ਪਰ ਉਤੋਂ ਖੁਸ਼ੀ ਦਾ ਵਿਖਾਵਾ ਕਰਕੇ ਬੋਲਿਆ :—"ਤੁਸੀਂ ਦੋਵੇਂ ਚਿਰੰਜੀਵ ਹੋਵੋ॥" ਗੁਰੂ ਜੀ ਫਿਰ ਸਾਹਿਬਜ਼ਾਦੇ ਸਣੇ ਆਪਣੇ ਦੂਜੇ ਵਡੇ ਭਰਾ ਮਹਾਂਦੇਵ ਜੀ ਨੂੰ ਮਿਲਣ ਅਤੇ ਉਨ੍ਹਾਂ ਪਾਸੋਂ ਅਸੀਸ ਲੈਣ ਗਏ।

ਪ੍ਰਿਥੀਏ ਤੇ ਕਰਮੋਂ ਦੀ ਈਰਖਾ

ਜਦੋਂ ਗੁਰੂ ਮਹਾਰਾਜ ਜੀ ਐਨੇ ਲੰਮੇ ਵਿਛੋੜੇ ਮਗਰੋਂ ਗੁਰਿਆਈ ਦੇ ਛੋਟੇ ਵਾਰਸ (ਹਰਗੋਬਿੰਦ ਜੀ) ਸਮੇਤ ਅੰਮ੍ਰਿਤਸਰ ਆਏ ਤਾਂ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ ਅਤੇ ਦੀਪਮਾਲਾ ਕੀਤੀ ਗਈ। ਕੇਵਲ ਪ੍ਰਿਥੀਆ ਅਤੇ ਉਸਦੀ ਇਸਤ੍ਰੀ ਦੋਵੇਂ ਈਰਖਾ ਨਾਲ ਸੜਦੇ ਸਨ। ਕਰਮੋਂ ਆਪਣੇ ਪਤੀ ਨੂੰ ਆਖਣ ਲੱਗੀ : "ਮੇਰੇ ਸਵਾਮੀ ਜੀ, ਤੁਸੀਂ ਆਪਣੇ ਲਈ ਗੁਰ ਗੱਦੀ ਲੈਣ ਅਤੇ ਹਰਗੋਬਿੰਦ ਨੂੰ ਮਾਰਨ ਦੇ ਬੜੇ ਯਤਨ ਕੀਤੇ ਹਨ, ਪਰ ਤੁਹਾਨੂੰ ਕੋਈ ਸਫਲਤਾ ਨਹੀਂ ਹੋਈ। ਹੁਣ ਉਹ ਸਾਡੇ ਸ਼ਰੀਕ ਸਾਡੇ ਕੋਲ ਵੱਸਦੇ ਹਨ, ਅਤੇ ਖੁਸ਼ੀਆਂ ਮਾਣਦੇ ਤੇ ਬੜੇ ਵਿਖਾਵੇ ਕਰਦੇ ਹਨ। ਜਿਨ੍ਹਾਂ ਨੂੰ ਵੇਖਕੇ ਮੇਰੀ ਛਾਤੀ ਸੜਦੀ ਹੈ, ਮੈਨੂੰ ਡਾਢਾ ਕਲੇਸ਼ ਹੁੰਦਾ ਹੈ ਅਤੇ ਮੈਂ ਉਨ੍ਹਾਂ ਦੀਆਂ ਇਨ੍ਹਾਂ ਖੁਸ਼ੀਆਂ ਨੂੰ ਸਹਾਰ ਨਹੀਂ ਸਕਦੀ। ਤੁਸੀਂ ਪਹਿਲਾਂ ਕਹਿੰਦੇ ਹੁੰਦੇ ਸੀ ਅਤੇ ਇਸ ਤਰ੍ਹਾਂ ਮੈਨੂੰ ਧੀਰਜ ਦੇਂਦੇ ਸੀ ਕਿ ਗੁਰਿਆਈ ਸਾਡੇ ਘਰ ਦੀ ਹੈ, ਅਰਜਨ (ਦੇਵ ਜੀ) ਦੇ ਜੋਤੀ ਜੋਤ ਸਮਾਉਣ ਮਗਰੋਂ ਸਾਡੇ ਪੁੱਤਰ ਮਿਹਰਬਾਨ ਨੂੰ ਗੱਦੀ ਮਿਲੇਗੀ। ਹੁਣ ਉਹ ਆਸ ਵੀ ਟੁੱਟ ਗਈ, ਕਿਉਂਕਿ (ਗੁਰੂ) ਅਰਜਨ (ਦੇਵ ਜੀ) ਦੇ ਘਰ ਛੋਟਾ ਸਾਹਿਬਜ਼ਾਦਾ ਪੈਦਾ ਹੋ ਗਿਆ ਹੈ ਇਸ ਲਈ ਤੁਸੀਂ ਕੋਈ ਉਪਾਅ ਕਰੋ, ਜਿਸ ਨਾਲ ਸਾਡੇ ਮਨ ਦੀਆਂ ਇਛਾਵਾਂ ਪੂਰੀਆਂ ਹੋ ਜਾਣ।" ਪ੍ਰਿਥੀਏ ਨੇ ਉੱਤਰ ਦਿੱਤਾ : "ਮੇਰੀ ਪ੍ਰਾਣ ਪਿਆਰੀ, ਮੇਰੀ ਗਲ ਸੁਣ, ਚਿੰਤਾ ਨਾ ਕਰ, ਤੇਰਾ ਪੁੱਤਰ ਗੁਰ ਗੱਦੀ ਤੇ ਬੈਠੇਗਾ। ਗੁਰੂ ਅਰਜਨ ਦੇਵ ਜੀ ਦਾ ਪੁੱਤਰ ਹਰਗੋਬਿੰਦ ਸੀਤਲਾ ਦਾ ਸ਼ਿਕਾਰ ਹੋ ਜਾਵੇਗਾ। ਜੇਕਰ ਉਹ ਬੱਚ ਗਿਆ, ਤਾਂ ਉਸ ਦੇ ਖਪਾਉਣ ਦੀ ਕੋਈ ਹੋਰ ਕਾਢ ਕਢਾਂਗੇ। ਉਹ ਕਦੀ ਵੀ ਜੀਉਂਦਾ ਨਹੀਂ ਰਹਿ ਸਕੇਗਾ।"

ਜਦ ਇਹ ਗੱਲ ਗੁਰੂ ਜੀ ਨੂੰ ਜਾਕੇ ਦੱਸੀ ਗਈ, ਤਾਂ ਮਹਾਰਾਜ ਨੇ ਗੁਰੂ ਰਾਮਦਾਸ ਜੀ ਦਾ ਇਹ ਸ਼ਬਦ ਪੜ੍ਹਿਆ—

ਸਾਰਾ ਦਿਨੁ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ॥
ਰਾਤੀ ਉਘੈ ਦਬਿਆ ਨਵੇ ਸੋਤ ਸਭਿ ਢਿਲਾ॥
ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ॥
ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ॥

ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ॥
ਸਤਿਗੁਰ ਆਖਿਐ ਜੋ ਚਲੈ ਸੋ ਸਤਿ ਪੁਰਖੁ ਭਲ ਭਲਾ॥
ਜੋਰਾ ਪੁਰਖ ਸਭਿ ਆਪ ਉਪਾਇਅਨੁ ਹਰਿ ਖੇਲ ਸਭ ਖਿਲਾ॥
ਸਭ ਤੇਰੀ ਬਣਤ ਬਣਾਵਣੀ ਨਾਨਕ ਭਲ ਭਲਾ ॥੨॥ *(ਆਃ ਗ੍ਰੰਃ ਪੰਃ ੩੦੪)*
(ਗਉੜੀ ਕੀ ਵਾਰ ਮਹਲਾ ੪)

ਹਰ ਗੋਬਿੰਦ ਜੀ ਨੂੰ ਸੀਤਲਾ ਨਿਕਲੀ

ਸਾਹਿਬਜ਼ਾਦੇ ਹਰਿਗੋਬਿੰਦ ਜੀ ਨੂੰ ਕੁਝ ਮਾੜੇ ਜਿਹੇ ਤਾਪ ਦੇ ਲਛਣ ਪ੍ਰਗਟ ਹੋਏ। ਉਸਦੇ ਪਿਛੋਂ ਤੀਜੇ ਦਿਨ ਉਨ੍ਹਾਂ ਦਾ ਸਰੀਰ ਸੁੱਜ ਗਿਆ ਅਤੇ ਲਾਲ ਛਾਲੇ ਨਿਕਲ ਆਏ, ਜਿਨ੍ਹਾਂ ਨੇ ਅਖੀਰ ਬੜੀ ਸੰਘਣੀ ਸ਼ਕਲ ਧਾਰਨ ਕਰ ਲਈ। ਬਾਲਕ ਦੇ ਨੇਤਰ ਮੀਟੇ ਗਏ, ਲਗਦਾ ਸੀ ਡਿਵੇਂ ਕੋਈ ਸਦਾ ਲਈ ਸੁੱਤਾ ਹੋਇਆ ਹੈ। ਇਕ ਬੜੀ ਜ਼ਹਿਰੀਲੀ ਕਿਸਮ ਦੀ ਸੀਤਲਾ ਆ ਪ੍ਰਗਟ ਹੋਈ। ਮਾਤਾ ਜੀ ਨੇ ਅਰਦਾਸ ਕੀਤੀ "ਹੇ ਸਰਬ ਸ਼ਕਤੀਮਾਨ ਵਾਹਿਗੁਰੂ, ਮੈਨੂੰ ਬੜੀਆਂ ਸਧਰਾਂ ਤੇ ਉਡੀਕਾਂ ਪਿਛੋਂ ਇੱਕ ਪੁੱਤਰ ਪ੍ਰਾਪਤ ਹੋਇਆ ਹੈ। ਕਿਰਪਾ ਕਰੋ ਉਹ ਰਾਜ਼ੀ ਖੁਸ਼ੀ ਹੋਵੇ ਤੇ ਇਸ਼ਨਾਨ ਕਰਨ ਲਾਇਕ ਹੋਵੇ।"

ਗੁਰੂ ਮਹਾਰਾਜ ਨੇ ਆਪਣੀ ਸੁਪਤਨੀ ਨੂੰ ਧੀਰਜ ਰੱਖਣ ਲਈ ਉਪਦੇਸ਼ ਦਿੱਤਾ। ਸ਼ਹਿਰ ਦੇ ਲੋਕੀ ਮਹਾਰਾਜ ਨੂੰ ਸਲਾਹ ਦੇਣ ਲੱਗੇ ਕਿ ਸੀਤਲਾ ਦੇਵੀ ਨੂੰ ਭੇਟਾ ਚੜ੍ਹਾਉ ਅਤੇ ਕਵਾਰੀ ਕੰਜਕ ਦੀ ਪੂਜਾ ਕਰਕੇ ਦੇਵੀ ਨੂੰ ਪ੍ਰਸੰਨ ਕਰੋ। ਉਹ ਆਦਮੀ ਕਹਿਣ ਲੱਗੇ : "ਦੇਵੀ ਤਾਂ ਪ੍ਰਸੰਨ ਹੁੰਦੀ ਹੈ ਜੇ ਸਤਵੰਤੀ ਕੰਵਾਰੀ ਕੰਨਿਆਂ ਨੂੰ ਭੋਜਨ ਅਤੇ ਮਾਇਆ ਦੀ ਭੇਟਾ ਦਿੱਤੀ ਜਾਵੇ ਤੇ ਉਸਦੀ ਥੋਹੜੀ ਬਹੁਤ ਹੋਰ ਵੀ ਸੇਵਾ ਕੀਤੀ ਜਾਵੇ।" ਹਿੰਦੂਆਂ ਦੇ ਸਕੰਧ ਪੁਰਾਣ ਅਨੁਸਾਰ ਸੀਤਲਾ ਦੇਵੀ ਨੂੰ ਇਉਂ ਬੇਨਤੀ ਕਰਨੀ ਚਾਹੀਦੀ ਹੈ : "ਮੈਂ ਉਸ ਸੀਤਲਾ ਨੂੰ ਨਮਸਕਾਰ ਕਰਦਾ ਹਾਂ ਜੋ ਗਧੇ ਉਪਰ ਸਵਾਰੀ ਕਰਦੀ ਹੈ, ਨਗਨ ਹੈ, ਝਾੜੂ ਦਾ ਮੁਕਟ ਪਹਿਨਦੀ ਹੈ ਤੇ ਛੱਜ ਨਾਲ ਸ਼ੋਭਤ ਜਿਸ ਦਾ ਮੱਥਾ ਸ਼ੋਭਦਾ ਹੈ।[1] ਹਿੰਦੂ ਸੀਤਲਾ ਰੋਗ ਤੋਂ ਰਾਜ਼ੀ ਹੋਣ ਦੀ ਆਸ ਵਿੱਚ ਮੰਤਰ ਪੜ੍ਹਦੇ ਹਨ। ਗੁਰੂ ਜੀ ਨੇ ਆਪਣੇ ਹਿੰਦੂ ਮਿਤਰਾਂ ਦੀ ਇਹ ਸਲਾਹ ਮੰਨਣੋਂ ਇਨਕਾਰ ਕਰ ਦਿੱਤਾ ਤੇ ਉਨ੍ਹਾਂ ਪ੍ਰਤੀ ਇਉਂ ਉਪਦੇਸ਼ ਦਿੱਤਾ—

ਏਕ ਟੇਕ ਗੋਵਿੰਦ ਕੀ ਤਿਆਗੀ ਅਨ ਆਸ॥
ਸਭ ਊਪਰਿ ਸਮਰਥ ਪ੍ਰਭ ਪੂਰਨ ਗੁਣਤਾਸ॥੧॥
ਜਨ ਕਾ ਨਾਮੁ ਅਧਾਰੁ ਹੈ ਪ੍ਰਭ ਸਰਣੀ ਪਾਹਿ ॥
ਪਰਮੇਸਰ ਕਾ ਆਸਰਾ ਸੰਤਨ ਮਨ ਮਾਹਿ॥੧॥ ਰਹਾਉ॥

1. ਸ੍ਰੀ ਸਕੰਦ ਪੁਰਾਣ ਕਾਸ਼ੀ ਖੰਡ ਸੀਤਲਾ ਅਸ਼ਟਕ ਦਾ ਛੇਵਾਂ ਸਲੋਕ—
ਨਸਾਮਿ ਸ਼ੀਤਲਾ, ਦੇਵੀਗੰ ਸਭਸਥਾਂ ਦਿਗੰਬਰਮ !
ਮਾਰਜਨੀ ਕਲਸੋਪਤਾਂ ਸੂਰਮਾਲੰ ਕ੍ਰਿਤ ਮਸ਼ਕਾਮ ॥੬॥

ਆਪਿ ਰਖੈ ਆਪਿ ਦੇਵਸੀ ਆਪੈ ਪ੍ਰਤਿਪਾਰੈ॥
ਦੀਨ ਦਇਆਲ ਕ੍ਰਿਪਾ ਨਿਧੇ ਸਾਸਿ ਸਾਸਿ ਸਮ੍ਹਾਰੈ॥
ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ॥
ਗੁਰ ਪੂਰੇ ਉਪਦੇਸਿਆ ਸੁਖੁ ਖਸਮ ਰਜਾਈ॥੩॥
ਚਿੰਤ ਅੰਦੇਸਾ ਗਣਤ ਤਜਿ ਜਨਿ ਹੁਕਮੁ ਪਛਾਤਾ॥
ਨਹ ਬਿਨਸੈ ਨਹ ਛੋਡਿ ਜਾਇ ਨਾਨਕ ਰੰਗਿ ਰਾਤਾ॥੪॥੧॥੪੮॥

(ਆਃ ਗ੍ਰੰਃ ਪੰਃ ੮੧੨) (ਬਿਲਾਵਲੁ ਮਹਲਾ ੫)

ਹੌਲੀ ਹੌਲੀ ਹਰਿਗੋਬਿੰਦ ਜੀ ਦੇ ਰਾਜੀ ਹੋਣ ਦੀਆਂ ਨਸ਼ਾਨੀਆਂ ਦਿੱਸਣ ਲੱਗੀਆਂ, ਜਿਸ ਪੁਰ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ—

ਸਦਾ ਸਦਾ ਹਰਿ ਜਾਪੇ॥ ਪ੍ਰਭ ਬਾਲਕ ਰਾਖੇ ਆਪੇ॥
ਸੀਤਲਾ ਠਾਕਿ ਰਹਾਈ॥ ਬਿਘਨ ਗਏ ਹਰਿ ਨਾਈ॥੧॥
ਮੇਰਾ ਪ੍ਰਭੁ ਹੋਆ ਸਦਾ ਦਇਆਲਾ॥
ਅਰਦਾਸਿ ਸੁਣੀ ਭਗਤ ਅਪਨੇ ਕੀ ਸਭ ਜੀਅ ਭਇਆ ਕਿਰਪਾਲਾ॥੧॥ ਰਹਾਉ॥
ਪ੍ਰਭ ਕਰਣ ਕਾਰਣ ਸਮਰਾਥਾ॥ ਹਰਿ ਸਿਮਰਤ ਸਭੁ ਦੁਖੁ ਲਾਥਾ॥

(ਆਃ ਗ੍ਰੰਃ ਪੰਃ ੬੨੭)

ਅਪਣੇ ਦਾਸ ਕੀ ਸੁਣੀ ਬੇਨੰਤੀ ਸਭ ਨਾਨਕ ਸੁਖਿ ਸਵੰਤੀ॥ (ਸੋਰਠਿ ਮਹਲਾ ੫)

ਬੀਮਾਰੀ ਦੇ ਨੌਵੇਂ ਦਿਨ ਸਾਹਿਬਜ਼ਾਦੇ ਨੇ ਨੇਤਰ ਖੋਲ੍ਹੇ ਤਾਂ ਗੁਰੂ ਜੀ ਨੇ ਇਹ ਸ਼ਬਦ ਉਚਾਰਣ ਕੀਤਾ—

ਨੇਤ੍ਰ ਪਰਗਾਸੁ ਕੀਆ ਗੁਰਦੇਵ॥ ਭਰਮ ਗਏ ਪੂਰਨ ਭਈ ਸੇਵ॥੧॥ ਰਹਾਉ॥
ਸੀਤਲਾ ਤੇ ਰਖਿਆ ਬਿਹਾਰੀ॥ ਪਰਬ੍ਰਹਮ ਪ੍ਰਭ ਕਿਰਪਾ ਧਾਰੀ॥੧॥
ਨਾਨਕ ਨਾਮੁ ਜਪੈ ਸੋ ਜੀਵੈ॥ ਸਾਧਸੰਗਿ ਹਰਿ ਅੰਮ੍ਰਿਤ ਪੀਵੈ॥ (ਆਃ ਗ੍ਰੰਃ ਪੰਃ ੨੦੦)

(ਗਉੜੀ ਮਹਲਾ ੫)

ਗੁਰੂ ਜੀ ਨੇ ਇਸਦੇ ਪਰਥਾਏ ਹੀ ਹੇਠ ਲਖਿਆ ਇੱਕ ਹੋਰ ਸ਼ਬਦ ਉਚਾਰਣ ਕੀਤਾ—

ਤਾਪ ਗਏ ਪਾਈ ਪ੍ਰਭਿ ਸਾਂਤਿ॥ ਸੀਤਲ ਭਏ ਕੀਨੀ ਪ੍ਰਭ ਦਾਤਿ॥੧॥
ਪ੍ਰਭ ਕਿਰਪਾ ਤੇ ਭਏ ਸੁਹੇਲੇ॥ ਜਨਮ ਜਨਮ ਕੇ ਬਿਛੁਰੇ ਮੇਲੇ॥੧॥ ਰਹਾਉ॥
ਸਿਮਰਤ ਸਿਮਰਤ ਪ੍ਰਭ ਕਾ ਨਾਉ॥ ਸਗਲ ਰੋਗ ਕਾ ਬਿਨਸਿਆ ਥਾਉ॥੨॥
ਸਹਿਜ ਸੁਭਾਇ ਬੋਲੈ ਹਰਿ ਬਾਣੀ॥ ਆਠ ਪਹਿਰ ਪ੍ਰਭ ਸਿਮਰਹੁ ਪ੍ਰਾਣੀ॥
ਦੂਖੁ ਦਰਦੁ ਜਮੁ ਨੇੜਿ ਨ ਆਵੈ॥ ਕਹੁ ਨਾਨਕ ਜੋ ਹਰਿ ਗੁਨ ਗਾਵੈ॥

(ਆਃ ਗ੍ਰੰਃ ਪੰਃ ੧੯੧) (ਗਉੜੀ ਮਹਲਾ ੫)

ਜਨ ਕੀ ਪੈਜ ਸਵਾਰੀ ਆਪ॥
ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ ਉਤਰਿ ਗਇਓ ਸਭੁ ਤਾਪ॥ ਰਹਾਉ॥
ਹਰਿ ਗੋਬਿੰਦ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ॥
ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ॥੫॥

ਅੰਗੀਕਾਰੁ ਕੀਓ ਮੇਰੇ ਕਰਤੈ ਗੁਰ ਪੂਰੇ ਕੀ ਵਡਿਆਈ॥
ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ॥
(ਆ: ਗ੍ਰੰ: ਪੰ: ੧੨੯੬), (ਗੂਜਰੀ ਮਹਲਾ ੫)

ਠਾਕੁਰ ਹੋਏ ਆਪਿ ਦਇਆਲ॥
ਭਈ ਕਲਿਆਣ ਅਨੰਦ ਰੂਪ ਹੋਈ ਹੈ ਉਬਰੇ ਬਾਲ ਗੁਪਾਲ॥੧॥ ਰਹਾਉ॥
ਦੁਇ ਕਰ ਜੋੜਿ ਕਰੀ ਬੇਨੰਤੀ ਪਾਰਬ੍ਰਹਮ ਮਨਿ ਧਿਆਇਆ॥
ਹਾਥੁ ਦੇਇ ਰਾਖੇ ਪਰਮੇਸੁਰਿ ਸਗਲਾ ਦੁਰਤੁ ਮਿਟਾਇਆ॥੧॥
ਵਰ ਨਾਰੀ ਮਿਲਿ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ॥
ਕਹੁ ਨਾਨਕ ਜਨ ਕਉ ਬਲਿ ਜਾਈਐ ਜੋ ਸਭਨਾ ਕਰੇ ਉਧਾਰੁ॥ (ਆ: ਗ੍ਰੰ: ਪੰ: ੫੩੨)
(ਦੇਵ ਗੰਧਾਰੀ ਮਹਲਾ ੫)

ਅੱਗੇ ਲਿਖਿਆ ਸ਼ਬਦ ਵੀ ਗੁਰੂ ਜੀ ਨੇ ਇਸੇ ਸਮੇਂ ਉਚਾਰਣ ਕੀਤਾ—

ਬਖਸਿਆ ਪਾਰਬ੍ਰਹਮ ਪਰਮੇਸਰਿ ਸਗਲ ਰੋਗ ਬਿਦਾਰੇ॥
ਗੁਰ ਪੂਰੇ ਕੀ ਸਰਣੀ ਉਬਰੇ ਕਾਰਜ ਸਗਲ ਸਵਾਰੇ॥੧॥
ਹਰਿ ਜਨਿ ਸਿਮਰਿਆ ਨਾਮ ਅਧਾਰਿ॥
ਤਾਪੁ ਉਤਾਰਿਆ ਸਤਿਗੁਰਿ ਪੂਰੇ ਅਪਣੀ ਕਿਰਪਾ ਧਾਰਿ॥ ਰਹਾਉ॥ ੧॥
ਸਦਾ ਅਨੰਦ ਕਰਹ ਮੇਰੇ ਪਿਆਰੇ ਹਰਿਗੋਵਿੰਦੁ ਗੁਰਿ ਰਾਖਿਆ॥
ਵਡੀ ਵਡਿਆਈ ਨਾਨਕ ਕਰਤੇ ਕੀ ਸਾਚੁ ਸਬਦੁ ਸਤਿ ਭਾਖਿਆ॥੨॥੧੮॥੪੬॥
(ਆ: ਗ੍ਰੰ: ਪੰ: ੬੨੦) (ਸੋਰਠਿ ਮਹਲਾ ੫)

'ਗੁਰਬਿਲਾਸ', 'ਸੂਰਜ-ਪ੍ਰਕਾਸ਼', 'ਮਹਿਮਾ ਪ੍ਰਕਾਸ਼', ਅਤੇ ਹੋਰ ਗ੍ਰੰਥਾਂ ਦੇ ਰਚਨ ਵਾਲਿਆਂ ਨੇ, ਗੁਰੂ ਜੀ ਦੇ ਸ਼ਬਦਾਂ ਵੱਲ ਧਿਆਨ ਦਿੱਤੇ ਬਿਨਾਂ ਹੀ ਆਪੋ ਆਪਣੀ ਹਿੰਦੂ ਖਿਆਲਾਂ ਵਾਲੀ ਰੁਚੀ ਅਨੁਸਾਰ, ਇਹ ਝੂਠ ਲਿਖ ਮਾਰਿਆ ਕਿ ਗੁਰੂ ਜੀ ਦੇ ਘਰੋਂ (ਸ੍ਰੀ ਮਾਤਾ ਗੰਗਾ ਜੀ) ਦੁਰਗਾ ਜੀ ਦੇ ਮੰਦਰ ਵਿਚ ਪੂਜਾ ਕਰਨ ਲਈ ਗਏ ਤੇ ਹਿੰਦੂਆਂ ਵਾਂਗ ਹੋਮ ਕੀਤਾ ਅਤੇ ਕੰਜਕਾਂ ਬਿਠਾਈਆਂ—'ਇਹ ਸਭ ਗੱਲਾਂ ਉਨ੍ਹਾਂ ਆਪਣੇ ਪੁੱਤਰ ਦੀ ਅਰੋਗਤਾ ਵਾਸਤੇ ਕੀਤੀਆਂ।' ਗੁਰੂ ਜੀ ਦੇ ਸ਼ਬਦਾਂ ਵਿੱਚ ਇਸ ਵਹਿਮਾਂ ਭਰਮਾਂ ਦੀ ਪੂਜਾ ਦਾ ਕੋਈ ਨਾਮ ਨਿਸ਼ਾਨ ਨਹੀਂ ਮਿਲਦਾ। ਸਗੋਂ ਇਸਦੇ ਉਲਟ ਉਸ ਸਮੇਂ ਕੇਵਲ ਗੁਰੂ ਅਮਰਦਾਸ ਜੀ ਦਾ ਰਚਿਆ ਹੋਇਆ 'ਅਨੰਦ ਸਾਹਿਬ' ਅਤੇ ਹੋਰ ਇੱਥੇ ਲਿਖੇ ਗਏ ਸ਼ਬਦਾਂ ਦਾ ਪਾਠ ਜਾਂ ਕੀਰਤਨ ਕੀਤਾ ਜਾਂਦਾ ਸੀ।

ਕਾਂਡ—48

ਪ੍ਰਿਥੀਏ ਵੱਲੋਂ ਜ਼ਹਿਰ ਦੇਣ ਦੀ ਹੋਰ ਸਾਜਸ਼

ਜਦੋਂ ਹਰਿਗੋਬਿੰਦ ਜੀ ਪੂਰੀ ਤਰ੍ਹਾਂ ਰਾਜ਼ੀ ਹੋ ਗਏ ਤਾਂ ਦੀਪਮਾਲਾ ਕੀਤੀ ਗਈ ਅਤੇ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ। ਪਰ ਪ੍ਰਿਥੀਏ ਦੀ ਪਤਨੀ ਨੇ ਉਸ ਦੇ ਮਨ ਦੇ ਜ਼ਖ਼ਮਾਂ ਨੂੰ ਅੱਲੇ ਕਰੀ ਰੱਖਿਆ। ਉਹ ਪ੍ਰਿਥੀਏ ਨੂੰ ਕਹਿਣ ਲੱਗੀ : "ਮੇਰੇ ਸਿਰਤਾਜ ਜੀ ਤੁਹਾਡੇ ਬਚਨ ਝੂਠੇ ਨਿਕਲੇ ਹਨ। ਤੁਹਾਡੇ ਵੈਰੀ ਦਿਨੋਂ ਦਿਨ ਚਾਨਣੇ ਪੱਖ ਦੇ ਚੰਦਰਮਾਂ ਵਾਂਗ ਵੱਧਦੇ ਜਾ ਰਹੇ ਹਨ ਪਰ ਤੁਸੀਂ ਹਨੇਰੇ ਪੱਖ ਦੇ ਚੰਨ ਵਾਂਗ ਘੱਟਦੇ ਜਾ ਰਹੇ ਹੋ ਤੇ ਮੈਂ (ਗੁਰੂ) ਅਰਜਨ (ਦੇਵ ਜੀ) ਦੀ ਵਡਿਆਈ ਸਹਾਰ ਨਹੀਂ ਸਕਦੀ, ਇਸ ਲਈ ਮੈਂ ਡੁੱਬਕੇ ਜਾਂ ਜ਼ਹਿਰ ਖਾ ਕੇ ਮਰ ਜਾਵਾਂਗੀ।

ਪ੍ਰਿਥੀਏ ਨੇ ਸਾਹਿਬਜ਼ਾਦੇ ਹਰਿਗੋਬਿੰਦ ਜੀ ਦੇ ਖਿਡਾਵੇ ਨੂੰ ਬੁਲਾਇਆ ਅਤੇ ਉਸਨੂੰ ਕਹਿਣ ਲੱਗਾ : "ਤੂੰ ਇੱਕ ਉਚੀ ਕੁਲ ਦਾ ਬ੍ਰਾਹਮਣ ਹੈਂ ਇਸ ਕਰਕੇ ਮੈਨੂੰ ਤੇਰਾ ਸਦਾ ਖਿਆਲ ਰਹਿੰਦਾ ਹੈ। ਤੈਨੂੰ ਕੀ ਮਿਲਦਾ ਹੈ ? ਤੂੰ ਨਾ ਕੋਈ ਕੰਠਾ ਤੇ ਨਾ ਹੀ ਕੜੇ ਪਾਏ ਹੋਏ ਹਨ। (ਗੁਰੂ) ਅਰਜਨ (ਦੇਵ ਜੀ) ਹੋਰਨਾਂ ਨੂੰ ਤਾਂ ਬੜਾ ਲੁਟਾਂਦੇ ਹਨ ਅਤੇ ਆਪਣੀ ਉਦਾਰਤਾ ਜਤਾਉਂਦੇ ਹਨ, ਤੈਨੂੰ ਤਾਂ ਉਦੋਂ ਵੀ ਕੁਝ ਨਾ ਮਿਲਿਆ ਜਦੋਂ ਬਾਲਕ ਹਰਿਗੋਬਿੰਦ ਜਨਮਿਆ ਸੀ। ਮੇਰੇ ਮਿੱਤਰ, ਜੇ ਤੂੰ ਮੇਰਾ ਕੰਮ ਕਰੇਂ ਤਾਂ ਮੈਂ ਤੇਰਾ ਘਰ ਦੌਲਤ ਨਾਲ ਭਰ ਦੇਵਾਂਗਾ ਅਤੇ ਤੈਨੂੰ ਗਹਿਣਿਆਂ ਦੀ ਕੋਈ ਤੋਟ ਨਹੀਂ ਰਹੇਗੀ। ਪਰ ਤੇਰਾ (ਗੁਰੂ) ਅਰਜਨ (ਦੇਵ ਜੀ) ਦੇ ਪਰਿਵਾਰ ਨਾਲ ਚੰਗਾ ਸੰਬੰਧ ਹੈ, ਇਸ ਲਈ ਮੈਂ ਉਹ ਕੰਮ, ਜੋ ਤੇਰੇ ਪਾਸੋਂ ਕਰਾਣਾ ਚਾਹੁੰਦਾ ਹਾਂ, ਤਾਂ ਦੱਸਾਂਗਾ ਜੇ ਆਪਣੇ ਜਨੇਊ ਤੇ ਹੱਥ ਧਰਕੇ ਸੁਗੰਧ ਖਾਏਂ ਕਿ ਤੂੰ ਮੇਰਾ ਭੇਦ ਆਪਣੇ ਪਾਸ ਹੀ ਰਖੇਂਗਾ।" ਜਦੋਂ ਉਸ ਟਹਿਲੀਏ ਨੇ ਇਹ ਗੱਲ ਮਨ ਲਈ ਤਾਂ ਪ੍ਰਿਥੀਆ ਕਹਿਣ ਲੱਗਾ : "ਮੇਰੇ ਪਾਸੋਂ ਪੰਜ ਸੌ ਰੁਪਏ ਲੈ ਲਓ, ਅਤੇ ਉਸ ਬਾਲਕ ਨੂੰ ਮਾਰ ਦਿਉ। ਮੈਂ ਤੈਨੂੰ ਇਹ ਵੀ ਦਸਾਂਗਾ ਕਿ ਤੂੰ ਇਹ ਕਿਵੇਂ ਕਰ, ਤੇਰੇ ਲਈ ਇਹ ਕੋਈ ਔਖੀ ਗੱਲ ਨਹੀਂ, ਕਿਉਂਕਿ ਉਹ ਬਾਲਕ ਸਾਰਾ ਦਿਨ ਤੇਰੇ ਪਾਸ ਹੁੰਦਾ ਹੈ। ਦਹੀਂ ਜਾਂ ਦੁੱਧ-ਰੋਟੀ ਵਿੱਚ ਜ਼ਹਿਰ ਪਾ ਦੇ ਅਤੇ ਮੇਰੀਆਂ ਅੱਖਾਂ ਵਿਚੋਂ ਇਹ ਕੰਡਾ ਕੱਢ ਦੇ। ਮੈਂ ਤੈਨੂੰ ਅੱਧੀ ਰਕਮ ਹੁਣ ਦੇਵਾਂਗਾ ਅਤੇ ਦੂਜੀ ਅੱਧੀ ਉਸ ਵੇਲੇ ਜਦ ਤੂੰ ਕੰਮ ਪੂਰਾ ਕਰ ਲਵੇਂਗਾ। ਤੂੰ ਰੱਤੀ ਵੀ ਨਾ ਡਰ।" ਇਉਂ ਹਰਿਗੋਬਿੰਦ ਜੀ ਨੂੰ ਜ਼ਹਿਰ ਦੇਣ ਦਾ ਇਰਾਦਾ ਕਰਨ ਲਈ ਉਸ ਬ੍ਰਾਹਮਣ ਨੂੰ ਪ੍ਰੇਰਨਾ ਕੀਤੀ ਗਈ।

ਉਸਨੇ ਬੜਾ ਤੇਜ਼ ਜ਼ਹਿਰ ਲਿਆ ਅਤੇ ਉਸ ਨੂੰ ਬਗੀਕ ਪੀਠਾ। ਦੂਜੇ ਦਿਨ ਜਦ ਬਾਲਕ ਦੀ ਮਾਤਾ ਨੇ ਇਕ ਹੋਰ ਸੇਵਕ ਹੱਥ ਉਸ ਨੂੰ ਦੁੱਧ ਘਲਿਆ, ਤਾਂ ਬ੍ਰਾਹਮਣ ਨੂੰ ਉਸ ਵਿੱਚ ਤੁਰਤ ਜ਼ਹਿਰ ਰਲਾਣ ਦਾ ਅਵਸਰ ਮਿਲ ਗਿਆ। ਬਾਲਕ ਨੇ ਉਸ ਜ਼ਹਿਰ ਵਾਲੇ ਦੁੱਧ ਨੂੰ ਪੀਣ ਤੋਂ ਮੂੰਹ ਫੇਰ ਲਿਆ ਅਤੇ ਕੁਝ ਹੋਰ ਚੀਜ਼ ਪੀਣ ਲਈ ਮੰਗੀ। ਬ੍ਰਾਹਮਣ ਬਾਲਕ ਨੂੰ ਲਾਡ ਪਿਆਰ ਕਰਨ ਲੱਗਾ ਅਤੇ ਉਸਦਾ ਸਿਰ ਪਲੋਸ ਕੇ ਕਹਿਣ ਲੱਗਾ : "ਤੈਨੂੰ ਇਹ ਜ਼ਰੂਰ ਪੀ ਲੈਣਾ ਚਾਹੀਦਾ ਹੈ। ਬਾਲਕ ਤਦੋਂ ਰੋਣ ਲੱਗ ਪਿਆ। ਗੁਰੂ ਜੀ ਨੇ ਹਰਿਗੋਬਿੰਦ ਜੀ ਨੂੰ ਰੋਂਦੇ ਸੁਣਿਆ, ਤਾਂ ਬ੍ਰਾਹਮਣ ਨੂੰ ਬੁਲਾ ਕੇ ਪੁੱਛਣ ਲੱਗੇ ਕਿ ਬਾਲਕ ਦੇ ਰੋਣ ਦਾ ਕੀ ਕਾਰਣ ਹੈ। ਬ੍ਰਾਹਮਣ ਬੋਲਿਆ ਕਿ ਮੈਂ ਬਾਲਕ ਨੂੰ ਬੜਾ ਮਿੱਠਾ ਦੁੱਧ ਦਿੱਤਾ ਸੀ, ਪਰ ਉਹ ਨਹੀਂ ਪੀਂਦਾ, ਅਤੇ ਜਦ ਮੈਂ ਪੀਣ ਵਾਸਤੇ ਜ਼ੋਰ ਦਿੱਤਾ ਤਾਂ ਉਹ ਰੋਣ ਲੱਗ ਪਿਆ ਹੈ।

ਗੁਰੂ ਜੀ ਨੇ ਬਾਲਕ ਨੂੰ ਗੋਦੀ ਵਿੱਚ ਲੈ ਲਿਆ ਅਤੇ ਉਸ ਨੂੰ ਦਿਲਾਸੇ ਨਾਲ ਕਹਿਣ ਲੱਗੇ : ਅਸੀਂ ਜੋ ਕੁਝ ਤੈਨੂੰ ਦਿੰਦੇ ਹਾਂ ਪੀ ਲੈ ਪਰ ਬਾਲਕ ਨੇ ਅਜੇ ਵੀ ਮੂੰਹ ਫੇਰ ਲਿਆ ਅਤੇ ਉਸ ਨੂੰ ਮੂੰਹ ਨਾ ਲਾਇਆ। ਤਾਂ ਗੁਰੂ ਜੀ ਨੂੰ ਹੋਰ ਨਵੀਂ ਸਾਜ਼ਸ਼ ਦਾ ਸ਼ਕ ਪੈ ਗਿਆ। ਗੁਰੂ ਜੀ ਨੇ ਉਸ ਦੁੱਧ ਵਿਚੋਂ ਕੁਝ ਲੈ ਕੇ ਇੱਕ ਕੁੱਤੇ ਨੂੰ ਪਾਇਆ। ਉਹ ਝਟ ਬੀਮਾਰ ਹੋ ਗਿਆ ਤੇ ਮਗਰੋਂ ਤੁਰਤ ਹੀ ਮਰ ਗਿਆ। ਜਦ ਬ੍ਰਾਹਮਣ ਨੇ ਕੁੱਤੇ ਦੀ ਇਹ ਹਾਲਤ ਵੇਖੀ ਤਾਂ ਉਸਨੂੰ ਸੂਲ ਪੈ ਗਿਆ ਅਤੇ ਅਤੀ ਦੁਖੀ ਹੋ ਗਿਆ। ਉਸਨੇ ਮੰਨ ਲਿਆ ਕਿ ਪ੍ਰਿਥੀਏ ਦੀ ਚੁਕ ਨਾਲ ਉਸਨੇ ਬਾਲਕ ਨੂੰ ਜ਼ਹਿਰ ਦੇਣ ਦਾ ਇਰਾਦਾ ਕਰ ਲਿਆ ਸੀ, ਫਿਰ ਉਹ ਮਰ ਗਿਆ। ਇਸ ਤੇ ਗੁਰੂ ਜੀ ਨੇ ਇਹ ਸ਼ਬਦ ਉਚਾਰਣ ਕੀਤਾ—

ਲੇਪੁ ਨ ਲਾਗੋ ਤਿਲ ਕਾ ਮੂਲਿ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥ ਪਾਪੀ ਮੂਆ ਗੁਰ ਪਰਤਾਪਿ॥੧॥ ਰਹਾਉ॥
ਅਪਣਾ ਖਸਮੁ ਜਨਿ ਆਪਿ ਧਿਆਇਆ॥ ਇਆਣਾ ਪਾਪੀ ਓਹੁ ਆਪਿ ਪਚਾਇਆ॥੨॥
ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ॥
ਨਿੰਦਕ ਦਾ ਮਾਥਾ ਈਹਾਂ ਊਹਾ ਕਾਲਾ ॥੩॥
ਜਨ ਨਾਨਕ ਕੀ ਪਰਮੇਸਿਰ ਸੁਣੀ ਅਰਦਾਸਿ॥ *(ਆ: ਗ੍ਰੰ: ਪੰ: ੧੧੩੭)*
ਮਲੇਛੁ ਪਾਪੀ ਪਚਿਆ ਭਇਆ ਨਿਰਾਸੁ॥੪॥੯॥ *(ਭੈਰਉ ਮਹਲਾ ੫)*

ਪ੍ਰਿਥੀਏ ਦਾ ਗੁਸੇ ਹੋਕੇ ਅਕਬਰ ਦੇ ਦਰਬਾਰ ਵਿਚ ਜਾਕੇ ਫਰਿਆਦੀ ਹੋਣਾ

ਗੁਰ ਅਰਜਨ ਦੇਵ ਜੀ ਨੂੰ ਪ੍ਰਿਥੀਏ ਦੇ ਉਸ ਖੂਨੀ ਮਨਸੂਬਿਆਂ ਸੰਬੰਧੀ ਝਾੜ ਪਾਣ ਦਾ ਅਵਸਰ ਮਿਲ ਗਿਆ। ਉਨ੍ਹਾਂ ਮਨਸੂਬਿਆਂ ਦੇ ਪ੍ਰਗਟ ਹੋ ਜਾਣ ਤੇ ਪ੍ਰਿਥੀਆ ਅੱਗ-ਭਭੂਕਾ ਹੋ ਗਿਆ ਅਤੇ ਉਸ ਨੇ ਗੁਰੂ ਜੀ ਦੇ ਵਿਰੁੱਧ ਅਕਬਰ ਪਾਸ ਫਰਿਆਦ ਕਰਨ ਲਈ ਆਪਣੇ ਪਰਿਵਾਰ ਸਮੇਤ ਦਿੱਲੀ ਜਾਣ ਦਾ ਪੱਕਾ ਇਰਾਦਾ ਕਰ ਲਿਆ, ਤਾਂ ਜੋ ਇਸ ਤਰ੍ਹਾਂ ਜਿਹੜੇ

ਦੂਸ਼ਣ ਗੁਰੂ ਜੀ ਮਗਰੋਂ ਉਸਦੇ ਵਿਰੁੱਧ ਲਾਉਣਗੇ ਉਨ੍ਹਾਂ ਦਾ ਅਗੇਤਰਾ ਹੀ ਪ੍ਰਬੰਧ ਕਰ ਲਏ। ਮਹਾਂਦੇਵ ਜੀ ਨੇ ਉਸਨੂੰ ਰੋਕਣ ਦਾ ਯਤਨ ਕੀਤਾ, ਉਸ ਨੂੰ ਪੁਰਾਤਨ ਲਿਖਤਾਂ ਵਿਚੋਂ ਕਈ ਵਾਕਾਂ ਦੇ ਪ੍ਰਮਾਣ ਦੇਕੇ ਸਿੱਧ ਕਰਕੇ ਦੱਸਿਆ ਗਿਆ ਕਿ ਭਰਾਵਾਂ ਨਾਲ ਮਿਲ ਜੁਲ ਕੇ ਰਹਿਣਾ ਚਾਹੀਦਾ ਹੈ ਪਰ ਪ੍ਰਿਥੀਆ ਕਿਸੇ ਸਿੱਖ-ਮਤਿ ਨੂੰ ਸੁਣ ਕੇ ਰੁੱਕ ਨਹੀਂ ਸੀ ਸਕਦਾ। ਦਿੱਲੀ ਨੂੰ ਤੁਰਨ ਤੋਂ ਪਹਿਲਾਂ ਉਸਨੇ ਹੋਰ ਪਿੰਡ ਜਾ ਕੇ ਆਪਣੇ ਮਿੱਤਰ ਸੁਲਹੀ ਨੂੰ ਮਿਲਣ ਦਾ ਇਰਾਦਾ ਕੀਤਾ। ਸੁਲਹੀ ਖਾਨ ਨੇ ਪ੍ਰਿਥੀਏ ਨੂੰ ਉਸ ਪਿੰਡ ਦੀ ਮਾਲਕੀ ਬਖਸ਼ ਦਿੱਤੀ। ਪ੍ਰਿਥੀਆ ਕੁਝ ਚਿਰ ਉਥੇ ਹੀ ਰਿਹਾ ਅਤੇ ਉਸਨੇ ਲੋਕਾਂ ਦੇ ਲਾਭ ਲਈ ਉੱਥੇ ਇੱਕ ਤਾਲ ਬਣਵਾਇਆ। ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਪ੍ਰਿਥੀਏ ਪਾਸ ਇਸ ਮੰਤਵ ਲਈ ਭੇਜਿਆ ਕਿ ਉਹ ਪ੍ਰਿਥੀਏ ਨੂੰ ਮਨਾਉਣ ਦਾ ਯਤਨ ਕਰਨ। ਭਾਈ ਗੁਰਦਾਸ ਜੀ ਨੂੰ ਗੱਲ ਬਾਤ ਵਿੱਚ ਸਫਲਤਾ ਨਾ ਹੋਈ ਸਗੋਂ ਉਸਨੇ ਅੱਗੋਂ ਕੁਬਚਨ ਬੋਲ ਕੇ ਭਾਈ ਗੁਰਦਾਸ ਜੀ ਨੂੰ ਕਿਹਾ ਕਿ ਗੁਰੂ ਜੀ ਨੂੰ ਜਾਕੇ ਦੱਸੋ। ਭਾਈ ਗੁਰਦਾਸ ਜੀ ਨੇ ਉਸ ਸਮੇਂ ਇਹ ਪਉੜੀ ਉਚਾਰਣ ਕੀਤੀ—

ਤੀਰਥ ਮੰਝਿ ਨਿਵਾਸੁ ਹੈ ਬਗੁਲਾ ਅਪਤੀਣਾ॥
ਲਵੈ ਬਬੀਹਾ ਵਰਸਦੈ ਜਲ ਜਾਇ ਨ ਪੀਣਾ॥
ਵਾਂਸੁ ਸੁਗੰਧਿ ਨ ਹੋਵਈ ਪਰਮਲ ਸੰਗਿ ਲੀਣਾ॥
ਘੁਘੂ ਸੁਝੁ ਨ ਸੁਝਈ ਕਰਮਾ ਦਾ ਹੀਣਾ॥
ਨਾਭਿ ਕਥੂਰੀ ਮਿਰਗ ਦੇ ਵਤੈ ਓਡੀਣਾ॥
ਸਤਿਗੁਰ ਸਚਾ ਪਾਤਿਸ਼ਾਹ ਮੁਹੁ ਕਾਲੈ ਮੀਣਾ॥ *(ਵਾਰ ੩੬ਵੀਂ ਪਉੜੀ ੧)*

ਇਸ ਪਉੜੀ ਦੇ ਅਰਥ ਇਹ ਪ੍ਰਤੀਤ ਹੁੰਦੇ ਹਨ ਕਿ ਜਦ ਕੋਈ ਆਦਮੀ ਸੁਖੀ ਤੇ ਚੰਗੀ ਹਾਲਤ ਵਿੱਚ ਹੋਵੇ ਤਾਂ ਉਸ ਨੂੰ ਸੋਝੀ ਨਹੀਂ ਹੁੰਦੀ। ਪ੍ਰਿਥੀਏ ਨੂੰ ਗੁਰੂ ਜੀ ਦੇ ਨੇੜੇ ਰਹਿਣ ਤੇ ਵੀ ਗੁਣਾਂ ਦੀ ਕਦਰ ਨਹੀਂ ਸੀ।

ਸਮੇਂ ਸਿਰ ਬਾਦਸ਼ਾਹ ਵਲੋਂ ਸੁਲਹੀ ਨੂੰ ਇਕ ਚਿੱਠੀ ਆਈ, ਜਿਸ ਵਿੱਚ ਬਾਦਸ਼ਾਹ ਨੇ ਉਸ ਨੂੰ ਦਿੱਲੀ ਬੁਲਾਇਆ। ਸੁਲਹੀ ਪ੍ਰਿਥੀਏ ਨੂੰ ਆਪਣੇ ਨਾਲ ਲੈ ਗਿਆ ਅਤੇ ਉਸਨੇ ਗੁਰੂ ਜੀ ਦੇ ਵਿਰੁੱਧ ਅਰਜ਼ੀ ਪੇਸ਼ ਕੀਤੀ। ਬਾਦਸ਼ਾਹ ਨੇ ਇਹ ਫ਼ੈਸਲਾ ਕੀਤਾ ਕਿ ਪਹਿਲਾਂ ਤਾਂ ਮੈਂ ਧਰਮੀ ਪੁਰਸ਼ਾਂ ਦੇ ਕੰਮਾਂ ਵਿੱਚ ਦਖਲ ਨਹੀਂ ਦਿੰਦਾ, ਅਤੇ ਦੂਜੇ ਇਹ ਅਰਜ਼ੀ ਝੂਠੀ ਹੈ। ਪ੍ਰਿਥੀਆ ਇਸ ਨਿਰਾਸਤਾ ਦਾ ਮਾਰਿਆ ਡਾਢਾ ਬੀਮਾਰ ਪੈ ਗਿਆ। ਗੁਰੂ ਜੀ ਨੇ ਪ੍ਰਿਥੀਏ ਦੀ ਕਾਰਵਾਈ ਬਾਰੇ ਸੁਣ ਕੇ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ—

ਮਹਜਰੁ ਝੂਠਾ ਕੀਤੋਨੁ ਆਪਿ॥ ਪਾਪੀ ਕਉ ਲਾਗਾ ਸੰਤਾਪੁ ॥੧॥
ਜਿਸਹਿ ਸਹਾਈ ਗੋਬਿੰਦੁ ਮੇਰਾ॥ ਤਿਸੁ ਕਉ ਜਮੁ ਨਹੀ ਆਵੈ ਨੇਰਾ॥੧॥ ਰਹਾਉ॥
ਸਾਚੀ ਦਰਗਹ ਬੋਲੈ ਕੂੜੁ॥ ਸਿਰੁ ਹਾਥ ਪਛੋੜੈ ਅੰਧਾ ਮੂੜੁ॥੨॥
ਰੋਗ ਬਿਆਪੈ ਕਰਦੇ ਪਾਪ॥ ਅਦਲੀ ਹੋਇ ਬੈਠ ਪ੍ਰਭੁ ਆਪ॥੩॥

ਅਪਨ ਕਮਾਇਐ ਆਪੇ ਬਾਧੇ॥ ਦਰਬੁ ਗਇਆ ਸਭੁ ਜੀਅ ਕੇ ਸਾਥੈ॥੪॥
ਨਾਨਕ ਸਰਨਿ ਪਰੇ ਦਰਬਾਰਿ॥ ਰਾਖੀ ਪੈਜ ਮੇਰੈ ਕਰਤਾਰਿ॥੫॥੯੯॥੧੬੮॥

(ਆ: ਗ੍ਰੰ: ਪੰ: ੧੯੯) (ਗਉੜੀ ਮਹਲਾ ੫)

ਜਦ ਹਰਿਗੋਬਿੰਦ ਜੀ ਵਿਦੀਆ ਪ੍ਰਾਪਤੀ ਦੀ ਯੋਗ ਅਵਸਥਾ ਨੂੰ ਪਹੁੰਚ ਗਏ ਤਾਂ ਗੁਰੂ ਜੀ ਨੇ ਆਪਣੇ ਭਰਾ ਮਹਾਂਦੇਵ ਜੀ ਨੂੰ ਬੇਨਤੀ ਕੀਤੀ ਕਿ ਹਰਿਗੋਬਿੰਦ ਜੀ ਨੂੰ ਆਪਣੀ ਸ਼ਰਨ ਵਿੱਚ ਲੈ ਕੇ ਉਸਨੂੰ ਵਿਦਿਆ ਪੜ੍ਹਾਓ। ਮਹਾਂਦੇਵ ਨੇ ਸਲਾਹ ਦਿੱਤੀ ਕਿ ਇਹ ਨਾਜ਼ਕ ਅਤੇ ਜ਼ਿੰਮੇਵਾਰੀ ਦਾ ਕੰਮ ਭਾਈ ਬੁੱਢਾ ਜੀ ਨੂੰ ਸੌਂਪਣਾ ਚਾਹੀਦਾ ਹੈ ਜਿਹੜੇ ਕਿ ਤਜਰਬੇਕਾਰ ਹਨ ਤੇ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਹਨ ਤੇ ਜਿਨ੍ਹਾਂ ਦੇ ਵਰ ਨਾਲ ਹਰਿਗੋਬਿੰਦ ਜੀ ਨੇ ਜਨਮ ਲਿਆ ਹੈ। ਗੁਰੂ ਜੀ ਨੇ ਮਹਾਂਦੇਵ ਜੀ ਦੀ ਸਲਾਹ ਮੰਨ ਲਈ ਅਤੇ ਭਾਈ ਬੁੱਢਾ ਜੀ ਨੂੰ ਬੁਲਾਇਆ । ਭਾਈ ਬੁਢਾ ਜੀ ਨਿਮ੍ਰਤਾ ਨਾਲ ਕਹਿਣ ਲੱਗੇ ਕਿ ਮੈਂ ਤਾਂ ਆਪ ਬਿਲਕੁਲ ਅਨਪੜ੍ਹ ਹਾਂ। ਗੁਰੂ ਜੀ ਬੋਲੇ : "ਸਭ ਸ਼ਕਤੀਆਂ ਆਪ ਵਿੱਚ ਹਨ।" ਹਰਿਗੋਬਿੰਦ ਜੀ ਦੀ ਵਿਦਿਆ ਆਰੰਭ ਕਰਨ ਲਈ ਸ੍ਰੀ ਹਰਮੰਦਰ ਸਾਹਿਬ ਵਿੱਚ ਅਰਦਾਸ ਕੀਤੀ ਗਈ। ਗੁਰੂ ਜੀ ਨੇ ਸੰਗਤ ਵਿੱਚ ਆਪਣੀ ਇੱਛਾ ਪ੍ਰਗਟ ਕੀਤੀ ਕਿ ਅਸਾਂ ਹਰਿਗੋਬਿੰਦ ਜੀ ਦੀ ਵਿਦਿਆ ਦਾ ਕੰਮ ਭਾਈ ਬੁੱਢਾ ਜੀ ਨੂੰ ਸੌਂਪ ਦਿੱਤਾ ਹੈ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਪ੍ਰਮਾਣ ਵਜੋਂ ਇਹ ਤੁਕ ਪੜ੍ਹੀ—

"ਵਿਦਿਆ ਵਿਚਾਰੀ ਤਾਂ ਪਰਉਪਕਾਰੀ॥" (ਆ: ਗ੍ਰੰ: ਪੰ:੩੫੬) (ਆਸਾ ਮਹਲਾ ੧)

ਭਾਈ ਬੁਢਾ ਜੀ ਨੇ ਪੜ੍ਹਾਉਣਾ ਆਰੰਭ ਕਰ ਦਿੱਤਾ। ਉਨ੍ਹਾਂ ਨੇ ਪਹਿਲਾਂ ਗੁਰਮੁਖੀ ਅੱਖਰਾਂ ਦੀ ਪੈਂਤੀ ਲੱਕੜੀ ਦੀ ਪੱਟੀ ਤੇ ਲਿਖ ਦਿੱਤੀ ਤੇ ਹਰਿਗੋਬਿੰਦ ਜੀ ਨੂੰ ਅੱਖਰਾਂ ਦੇ ਨਾਉਂ ਦੱਸ ਦਿੱਤੇ। ਬਾਲਕ ਨੇ ਤੁਰਤ ਹੀ ਸੱਭ ਅੱਖਰ ਮੂੰਹ-ਜ਼ਬਾਨੀ ਪੜ੍ਹ ਸੁਣਾਏ, ਜਿਵੇਂ ਉਹ ਪਹਿਲਾਂ ਹੀ ਜਾਣਦੇ ਸਨ। ਥੋੜ੍ਹੇ ਦਿਨਾਂ ਵਿੱਚ ਹੀ ਹਰਿਗੋਬਿੰਦ ਜੀ ਨੇ ਅੱਖਰਾਂ ਨਾਲ ਲਗਾਂ ਲਾਣੀਆਂ ਅਤੇ ਜੋੜ ਕਰਨੇ ਚੰਗੀ ਤਰ੍ਹਾਂ ਸਿੱਖ ਲਏ। ਫਿਰ ਗੁਰਬਾਣੀ ਪੜ੍ਹਨ ਲੱਗ ਪਏ, ਜਿਸ ਤੇ ਉਨ੍ਹਾਂ ਦੀ ਸੂਝ-ਬੂਝ ਵਿੱਚ ਵਾਧਾ ਹੋਇਆ। ਥੋੜ੍ਹੇ ਚਿਰ ਵਿੱਚ ਉਨ੍ਹਾਂ ਨੇ ਬੋਲੀ ਵਿੱਚ ਯੋਗਤਾ ਪ੍ਰਾਪਤ ਕਰ ਲਈ। ਫਿਰ ਉਨ੍ਹਾਂ ਨੂੰ ਸ਼ਸਤ੍ਰ ਚਲਾਣੇ, ਵਾਰ ਕਰਨ ਤੇ ਰੋਕਣ ਦਾ ਢੰਗ, ਸਵਾਰੀ, ਤਰਨਾ, ਰਸਾਇਣ ਵਿਦਿਆ, ਜੋਤਸ਼ ਵਿਦਿਆ, ਹਿਕਮਤ, ਖੇਤੀ ਬਾੜੀ, ਪ੍ਰਬੰਧ ਵਿਦਿਆ ਤੇ ਹੋਰ ਵਿਦਿਆ ਸਿਖਾਈਆਂ ਗਈਆਂ। ਹਰਿਗੋਬਿੰਦ ਜੀ ਦੀ ਵਿਦਿਆ ਦੀ ਸਮਾਪਤੀ ਉੱਤੇ ਗੁਰੂ ਜੀ ਉਨ੍ਹਾਂ ਨੂੰ ਹਰਿਮੰਦਰ ਸਾਹਿਬ ਲੈ ਗਏ ਵਾਹਿਗੁਰੂ ਦਾ ਧੰਨਵਾਦ ਕੀਤਾ, ਅਤੇ ਭਾਈ ਬੁਢਾ ਜੀ ਨੇ ਜਿਸ ਸਫਲਤਾ ਨਾਲ ਤੇ ਵਿਸਥਾਰ ਨਾਲ ਸਿਖਿਆ ਦਿੱਤੀ ਸੀ ਉਸ ਦੀ ਸ਼ਲਾਘਾ ਕੀਤੀ ਗਈ।

ਭਾਈ ਪੈੜੇ ਦੀ ਸਾਖੀ—ਸੰਗਲਾ ਦੀਪ ਤੋਂ ਪ੍ਰਾਣ-ਸੰਗਲੀ ਲਿਆਉਣੀ

ਭਾਈ ਪੈੜਾ ਨਾਮ ਦਾ ਇੱਕ ਸਿੱਖ ਗੁਰੂ ਅਰਜਨ ਦੇਵ ਜੀ ਪਾਸ ਰਹਿੰਦਾ ਸੀ ਅਤੇ ਉਨ੍ਹਾਂ ਦੀ ਰਾਤ ਦਿਨ ਸੇਵਾ ਕਰਦਾ ਹੁੰਦਾ ਸੀ। ਗੁਰੂ ਜੀ ਦੇ ਉਪਦੇਸ਼ਾਂ ਨੇ ਉਸ ਦੇ ਮਨ ਤੇ

ਬੜਾ ਅਸਰ ਕੀਤਾ। ਉਸ ਸਮੇਂ ਇੱਕ ਅਭਿਮਾਨੀ ਕਰਮ ਕਾਂਡੀ ਪੰਡਤ ਗੁਰੂ ਜੀ ਨਾਲ ਸ਼ਾਸਤ੍ਰਾਰਥ ਕਰਨ ਲਈ ਆਇਆ। ਆਉਣ ਮਗਰੋਂ ਦੂਜੇ ਦਿਨ ਸਵੇਰੇ ਉਸ ਨੇ ਆਪਣੇ ਮੱਥੇ ਤੇ ਤਿਲਕ ਲਾਇਆ ਅਤੇ ਜਾਕੇ ਸਰੋਵਰ ਦੇ ਕੰਢੇ ਆਸਣ ਲਾਕੇ ਬੈਠ ਗਿਆ। ਉਸ ਦੇ ਪਾਸ ਇੱਕ ਸਾਲਿਗਰਾਮ, ਇੱਕ ਟੱਲੀ ਅਤੇ ਇੱਕ ਸੰਖ ਸੀ, ਜਿਨ੍ਹਾਂ ਨੂੰ ਉਹ ਵਿਖਾਵੇ ਹਿੱਤ ਵਜਾਉਂਦਾ ਸੀ।

ਗੁਰੂ ਜੀ ਦੀ ਮਰਿਆਦਾ ਸੀ ਕਿ ਉਹ ਰੋਜ਼ ਅੰਮ੍ਰਿਤ ਵੇਲੇ ਸੁਧਾ ਸਰੋਵਰ ਵਿੱਚ ਇਸ਼ਨਾਨ ਕਰਿਆ ਕਰਦੇ ਸਨ। ਉਸ ਮਗਰੋਂ ਮਹਾਰਾਜ ਹਰਿਮੰਦਰ ਸਾਹਿਬ ਵਿੱਚ ਜਾਕੇ ਚਾਰ ਪ੍ਰਕਰਮਾਂ ਕਰਦੇ ਸਨ। ਫਿਰ ਬਾਹਰ ਜਾਕੇ ਚਾਰ ਪ੍ਰਕਰਮਾਂ ਹੋਰ ਕਰਦੇ ਸਨ। ਜਦ ਉਹ ਪਹਿਲੀ (ਬਾਹਰ ਵਾਲੀ) ਪ੍ਰਕਰਮਾਂ ਕਰਦੇ ਹੋਏ ਪੰਡਤ ਕੋਲੋਂ ਲੰਘੇ ਤਾਂ ਮਹਾਰਾਜ ਦੇ ਨਾ ਉਸ ਨੂੰ ਤੇ ਨਾ ਹੀ ਉਸ ਦੇ ਸਾਲਿਗਰਾਮ ਨੂੰ ਪ੍ਰਣਾਮ ਕੀਤੀ। ਪੰਡਤ ਕ੍ਰੋਧ ਵਿੱਚ ਆ ਗਿਆ ਅਤੇ ਕਹਿਣ ਲੱਗਾ : "ਅਫਸੋਸ ਹੈ ਕਿ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖ ਸਨਾਤਨੀ ਪੂਜਾ ਨੂੰ ਛੋੜ ਬੈਠੇ ਹਨ। ਭਾਵੇਂ ਉਹ ਆਪਣੇ ਆਪ ਨੂੰ ਗੁਰੂ ਸਦਾਉਂਦੇ ਹਨ ਅਤੇ ਉਨ੍ਹਾਂ ਦੇ ਸੇਵਕ ਤੇ ਪੂਜਕ ਭੀ ਹਨ, ਪਰ ਫਿਰ ਵੀ ਉਹ ਕੇਵਲ ਖੱਤਰੀ ਅਤੇ ਗ੍ਰਿਹਸਤੀ ਹਨ, ਪਰ ਮੈਂ ਇੱਕ ਪੱਕਾ ਸੰਜਮੀ ਬ੍ਰਾਹਮਣ ਹਾਂ, ਇਸ ਵਾਸਤੇ ਉਨ੍ਹਾਂ ਨੂੰ ਚਾਹੀਦਾ ਸੀ ਕਿ ਮੇਰੀ ਪੂਜਾ ਕਰਦੇ। ਸ੍ਰੀ ਰਾਮ ਚੰਦਰ ਜੀ ਅਤੇ ਕ੍ਰਿਸ਼ਨ ਜੀ ਮਹਾਰਾਜ ਜਿਹੜੇ ਵਾਹਿਗੁਰੂ ਦੇ ਅਵਤਾਰ ਸਨ, ਉਹ ਵੀ ਬ੍ਰਾਹਮਣਾਂ ਦਾ ਸਨਮਾਨ ਅਤੇ ਪੂਜਾ ਕਰਦੇ ਹੁੰਦੇ ਸਨ।" ਗੁਰੂ ਜੀ ਜਾਣ ਗਏ ਕਿ ਪੰਡਤ ਦੇ ਮਨ ਵਿੱਚ ਕਿਹੋ ਜਿਹੇ ਵਿਚਾਰ ਉਠ ਰਹੇ ਹਨ ਅਤੇ ਆਪ ਦੂਜੀ ਪ੍ਰਕਰਮਾਂ ਸਮੇਂ ਉਸ ਨਾਲ ਬਚਨ-ਬਿਲਾਸ ਕਰਨ ਲਈ ਠਹਿਰ ਗਏ। ਮਹਾਰਾਜ ਪੁੱਛਣ ਲੱਗੇ : "ਹੇ ਮਹਾਂ ਉਤਮ ਪੰਡਤ ਆਪ ਦੇ ਮਨ ਵਿੱਚ ਕੀ ਖਿਆਲ ਉਪਜੇ ਹਨ ਕਿ ਆਪ ਗੁੱਸੇ ਹੋ ਗਏ ਹੋ ? ਕਿਰਪਾ ਕਰਕੇ ਇਸ ਦਾ ਕਾਰਨ ਦੱਸੋ ।" ਬ੍ਰਾਹਮਣ ਨੇ ਥੋੜੇ ਸ਼ਬਦਾਂ ਵਿੱਚ ਹੀ ਕਾਰਣ ਦੱਸ ਦਿੱਤਾ। ਇਸ ਪਰਥਾਇ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ—

ਮੁਖੀਤੇ ਪੜਤਾ ਟੀਕਾ ਸਹਿਤ॥ ਹਿਰਦੈ ਰਾਮੁ ਨਹੀ ਪੂਰਨ ਰਹਤ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ॥ ਅਪਨਾ ਕਹਿਆ ਆਪਿ ਨ ਕਮਾਵੈ॥੧॥
ਪੰਡਿਤ ਬੇਦੁ ਬੀਚਾਰਿ ਪੰਡਿਤ॥ ਮਨ ਕਾ ਕ੍ਰੋਧ ਨਿਵਾਰਿ ਪੰਡਿਤ॥੧॥ ਰਹਾਉ॥
ਆਗੈ ਰਾਖਿਓ ਸਾਲ-ਗਿਰਾਮੁ॥ ਮਨੁ ਕੀਨੋ ਦਹ ਦਿਸ ਬਿਸਰਾਮੁ॥
ਤਿਲਕੁ ਚਰਾਵੈ ਪਾਈ ਪਾਇ॥ ਲੋਕ ਪਚਾਰਾ ਅੰਧੁ ਕਮਾਇ॥੨॥
ਖਟੁ ਕਰਮਾ ਅਰੁ ਆਸਣੁ ਧੋਤੀ॥ ਭਾਗਠਿ ਗ੍ਰਿਹਿ ਪੜੈ ਨਿਤ ਧੋਬੀ॥
ਮਾਲਾ ਫੇਰੈ ਮੰਗੇ ਬਿਭੂਤ॥ ਇਹ ਬਿਧਿ ਕੋਈ ਨ ਤਰਿਓ ਮੀਤ॥੩॥
ਸੋ ਪੰਡਿਤੁ ਗੁਰ ਸਬਦੁ ਕਮਾਇ॥ ਤ੍ਰੈ ਗੁਣ ਕੀ ਓਸੁ ਉਤਰੀ ਮਾਇ॥
ਚਤੁਰ ਬੇਦ ਪੂਰਨ ਹਰਿ ਨਾਇ॥ ਨਾਨਕ ਤਿਸ ਕੀ ਸਰਣੀ ਪਾਇ॥੪॥੬॥੧੭॥

(ਆ: ਗ੍ਰੰ: ਪੰ: ੬੮੭) (ਰਾਮਕਲੀ ਮਹਲਾ ੫)

ਬ੍ਰਾਹਮਣ ਬੋਲਿਆ : "ਗੁਰੂ ਜੀ, ਜੇਕਰ ਤੁਸੀਂ ਮੈਨੂੰ, ਬੰਦਨਾ ਯੋਗ ਨਹੀਂ ਸਮਝਦੇ ਸੀ, ਤਾਂ ਵੀ ਤੁਹਾਨੂੰ ਘੱਟ ਤੋਂ ਘੱਟ ਸਾਲਿਗਰਾਮ ਨੂੰ ਜ਼ਰੂਰ ਨਮਸਕਾਰ ਕਰਨੀ ਚਾਹੀਦੀ ਸੀ। ਗੁਰੂ ਜੀ ਨੇ ਤੱਦ ਪੰਡਿਤ ਦਾ ਅਭਿਮਾਨ ਕੱਢਣ ਅਤੇ ਉਸ ਨੂੰ ਝੂਠਾ ਕਰਨ ਦੇ ਭਾਵ ਨਾਲ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ—

ਆਠ ਪਹਰ ਉਦਕ ਇਸਨਾਨੀ॥ ਸਦ ਹੀ ਭੋਗੁ ਲਗਾਇ ਸੁਗਿਆਨੀ॥
ਬਿਰਥਾ ਕਾਹੂ ਛੋਡੈ ਨਾਹੀ॥ ਬਹੁਰਿ ਬਹੁਰਿ ਤਿਸੁ ਲਾਗਹ ਪਾਈ॥੧॥
ਸਾਲਗਿਰਾਮੁ ਹਮਾਰੇ ਸੇਵਾ॥ ਪੂਜਾ ਅਰਜਾ ਬੰਦਨ ਦੇਵਾ॥੧॥ ਰਹਾਉ॥
ਘੰਟਾ ਜਾਕਾ ਸੁਨੀਐ ਚਹੁ ਕੁੰਟ॥ ਆਸਨੁ ਜਾ ਕਾ ਸਦਾ ਬੈਕੁੰਠ॥
ਜਾ ਕਾ ਚਵਰੁ ਸਭ ਊਪਰਿ ਝੁਲੈ॥ ਤਾ ਕਾ ਧੂਪੁ ਸਦਾ ਪਰਫੁਲੈ ॥੨॥
ਘਟਿ ਘਟਿ ਸੰਪਟੁ ਹੇਰੈ ਜਾਂਕਾ॥ ਅਭਗ ਸਭਾ ਸੰਗਿ ਹੈ ਸਾਧਾ॥
ਆਰਤੀ ਕੀਰਤਨੁ ਸਦਾ ਅਨੰਦ॥ ਮਹਿਮਾ ਸੁੰਦਰ ਸਦਾ ਬੇਅੰਤ॥
ਜਿਸਹਿ ਪਰਾਪਤਿ ਤਿਸ ਹੀ ਲਾਹਨਾ॥ ਸੰਤ ਚਰਨ ਓਹੁ ਆਇਓ ਸਰਨਾ॥
ਹਾਥ ਚੜਿਓ ਹਰਿ ਸਾਲਗਿਰਾਮੁ॥ ਕਹੁ ਨਾਨਕ ਗੁਰਿ ਕੀਨੋ ਦਾਨੁ॥੪॥੩੯॥੯੦॥

(ਆਃ ਗ੍ਰੰਃ ਪੰਃ ੩੯੩)

ਉਸੇ ਸਮੇਂ ਗੁਰੂ ਜੀ ਨੇ ਹੇਠ ਲਿਖੀਆਂ ਤੁਕਾਂ ਵੀ ਪ੍ਰਮਾਣ ਵਜੋਂ ਉਚਾਰਨ ਕੀਤੀਆਂ—

ਬੁਰੇ ਕਾਮ ਕਉ ਊਠਿ ਖਲੋਇਆ.....
ਦ੍ਰਿਸਟਿ ਨਾਹੀ ਰੇ ਪੇਖਤ ਅੰਧੇ॥ ਛੋਡਿ ਜਾਹਿ ਝੂਠੇ ਸਭਿ ਧੰਧੇ॥੧॥ ਰਹਾਉ॥
ਕਹੁ ਨਾਨਕ ਪ੍ਰਭ ਬਖਸ ਕਰੀਜੈ॥ ਕਰਿ ਕਿਰਪਾ ਮੋਹਿ ਸਾਧਸੰਗੁ ਦੀਜੈ॥੪॥
ਤਉ ਕਿਛੁ ਪਾਈਐ ਜਉ ਹੋਈਐ ਰੇਨਾ॥ ਜਿਸਹਿ ਬੁਝਾਏ ਤਿਸੁ ਨਾਮੁ ਲੈਨਾ॥੧॥
ਰਹਾਉ॥੨॥੮॥ *(ਆਃ ਗ੍ਰੰਃ ਪੰਃ ੭੩੮) (ਸੂਹੀ ਮਹਲਾ ੫)*

(ਸ਼ਬਦ ਦੀਆਂ ਪਿਛਲੀਆਂ ੬ ਤੁਕਾਂ)

ਪੰਡਤ ਚਰਚਾ ਜਾਰੀ ਰੱਖਣਾ ਚਾਹੁੰਦਾ ਸੀ ਪਰ ਗੁਰੂ ਜੀ ਜਿਤਨਾ ਹੋ ਸਕਦਾ ਸੀ ਇਸਨੂੰ ਟਾਲਦੇ ਸਨ। ਅੰਤ ਵਿੱਚ ਗੁਰੂ ਜੀ ਨੇ ਪੰਡਤ ਦੇ ਵੇਦਾਂ ਤੇ ਉਪਨਿਸ਼ਦਾਂ ਸੰਬੰਧੀ ਕਥਨ ਸੁਣਨਾ ਪਰਵਾਨ ਕੀਤਾ । ਪੰਡਤ ਨੇ ਬ੍ਰਹਮ ਦੇ ਲਛਣਾਂ ਉਤੇ ਇੱਕ ਵਿਆਖਿਆਨ ਦਿੱਤਾ।

ਜਦ ਉਹ ਬੋਲ ਚੁਕਿਆ ਤਾਂ ਭਾਈ ਸਾਲ੍ਹੋ ਜੀ ਉਥੇ ਆ ਹਾਜ਼ਰ ਹੋਏ। ਗੁਰੂ ਜੀ ਨੇ ਭਾਈ ਜੀ ਨੂੰ ਆਪਣਾ ਪਰਮ ਪਿਆਰਾ ਅਨਿੰਨ ਭਗਤ (ਇੱਕੋ ਵਾਹਿਗੁਰੂ ਨੂੰ ਪੂਜਣ ਵਾਲਾ) ਕਹਿ ਕੇ ਜੀ ਆਇਆਂ ਨੂੰ ਕਿਹਾ। ਬ੍ਰਾਹਮਣ ਝਗੜਨ ਲੱਗਾ ਕਿ ਅਜਿਹਾ ਨਾਉਂ (ਅਨਿੰਨ ਭਗਤ) ਕੇਵਲ ਮੇਰੇ ਲਈ ਵਰਤਿਆ ਜਾਣਾ ਚਾਹੀਦਾ ਹੈ। ਗੁਰੂ ਮਹਾਰਾਜ ਨੇ ਕਿਹਾ ਕਿ ਨਹੀਂ, ਤੁਸੀਂ ਤਾਂ ਕਈ ਦੇਵਤਿਆਂ ਦੀ ਪੂਜਾ ਕਰਦੇ ਹੋ । ਇਸ ਤੇ ਬ੍ਰਾਹਮਣ ਨੇ ਸਾਰੀਆਂ ਪੁਸਤਕਾਂ, ਜਿਹੜੀਆਂ ਉਹ ਆਪਣੇ ਨਾਲ ਲੈ ਆਇਆ ਸੀ, ਕਢੀਆਂ, ਪਰ

ਗੁਰੂ ਜੀ ਨੂੰ ਕੋਈ ਤਸੱਲੀ ਨਾ ਹੋਈ। ਫਿਰ ਪੰਡਤ ਨੇ ਆਪਣੇ ਪੁੱਤਰ ਨੂੰ ਆਪਣੀਆਂ ਬਾਕੀ ਪੁਸਤਕਾਂ ਲੈਣ ਲਈ ਕਾਸ਼ੀ ਜੀ ਭੇਜਿਆ। ਜੋਤਸ਼ੀਆਂ ਨੇ ਉਸਦੇ ਪੱਤਰ ਦੇ ਤੁਰਨ ਲਈ ਸ਼ੁਭ ਮਹੂਰਤ ਕੱਢੇ, ਪਰ ਉਸਦੇ ਤੁਰਨ ਦੇ ਮਗਰੋਂ ਹੀ ਉਸ ਨੂੰ ਇਕ ਹੀਂਗਦਾ ਹੋਇਆ ਖੋਤਾ ਮਿਲਿਆ। ਇਸ ਨੂੰ ਬੁਰਾ ਜਾਣ ਕੇ ਉਹ ਮੁੜ ਆਇਆ। ਸਿੱਖਾਂ ਨੇ ਇਸ ਗੱਲ ਉੱਤੇ ਬਹੁਤ ਹਾਸੀ ਤੇ ਦਿਲ-ਲਗੀ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਧਰਮ ਦੀ ਸੱਚਾਈ ਤੇ ਵਧੇਰਾ ਨਿਸਚਾ ਹੋ ਗਿਆ।

ਗੁਰੂ ਜੀ ਨੇ ਭਾਈ ਪੈੜੇ ਨੂੰ ਬੁਲਾਇਆ ਅਤੇ ਉਸ ਨੂੰ ਦਸਿਆ ਕਿ ਜਦ ਗੁਰੂ ਨਾਨਕ ਦੇਵ ਜੀ ਸੰਗਲਾ ਦੀਪ ਗਏ ਤਾਂ ਉਨ੍ਹਾਂ ਨੇ ਪ੍ਰਾਣਸੰਗਲੀ ਰਚੀ ਸੀ ਅਤੇ ਉਸ ਨੂੰ ਇਹ ਕਹਿ ਕੇ ਉਥੇ ਹੀ ਛੱਡ ਆਏ ਸੀ ਕਿ ਸਾਡਾ ਇੱਕ ਗਦੀ-ਨਸ਼ੀਨ ਮੰਗਵਾਏਗਾ। ਗੁਰੂ ਜੀ ਨੇ ਭਾਈ ਪੈੜਾ ਜੀ ਨੂੰ ਜਾਕੇ ਪੋਥੀ ਲਿਆਉਣ ਸੰਬੰਧੀ ਹਦਾਇਤਾਂ ਕੀਤੀਆਂ। ਜਦੋਂ ਇਸ ਦੂਰ ਦੇ ਪੈਂਡੇ ਲਈ ਖਰਚ ਦੇ ਮਾਮਲੇ ਉੱਤੇ ਵਿਚਾਰ ਹੋ ਰਹੀ ਸੀ ਤਾਂ ਇਕ ਸਿੱਖ ਨੇ ਗੁਰੂ ਜੀ ਅੱਗੇ ਆਣਕੇ ਪੰਜ ਪੈਸੇ ਰੱਖੇ। ਦੁਨੀਆ ਵਿਚ ਉਸਦੇ ਪਾਸ ਇਹੋ ਕੁਝ ਦੌਲਤ ਸੀ। ਗੁਰੂ ਜੀ ਨੇ ਇਹ ਰਕਮ ਰਾਹ ਦੇ ਖਰਚ ਲਈ ਭਾਈ ਪੈੜੇ ਨੂੰ ਦਿੱਤੀ ਅਤੇ ਕਿਸੇ ਜੋਤਸ਼ੀ ਪਾਸੋਂ ਕੋਈ ਮਹੂਰਤ ਆਦਿ ਪੁਛਣ ਤੋਂ ਬਿਨਾਂ ਹੀ ਤੋਰ ਦਿੱਤਾ। ਪੰਡਤ ਨੇ ਮਹੂਰਤ ਨਾ ਕੱਢਣ ਬਾਰੇ ਚਰਚਾ ਕੀਤੀ ਜਿਸ ਤੇ ਗੁਰੂ ਜੀ ਨੇ ਭਰਮਾਂ ਦੀਆਂ ਬੁਰਾਈਆਂ ਬਾਰੇ ਉਸਨੂੰ ਉਪਦੇਸ਼ ਦਿੱਤਾ। ਭਾਈ ਗੁਰਦਾਸ ਜੀ, ਜੋ ਸਬੱਬ ਨਾਲ ਉਸ ਵੇਲੇ ਗੁਰੂ ਜੀ ਪਾਸ ਸਨ, ਇਸ ਪਰਥਾਏ ਉਨ੍ਹਾਂ ਹੇਠ ਲਿਖੇ ਕਬਿੱਤ ਲਿਖੇ—

ਬੈਸਨੋ ਅਨੰਨ ਬ੍ਰਹਮੰਨ ਸਾਲਗ੍ਰਾਮ ਸੇਵਾ, ਗੀਤਾ, ਭਾਗਵਤ ਸ੍ਰੋਤਾ ਏਕਾਕੀ ਕਹਾਵਈ॥
ਤੀਰਥ ਧਰਮ ਦੇਵ ਜਾਤ੍ਰਾ ਕਉ ਪੰਡਿਤ ਪੂਛ, ਕਰਤ ਗਵਨ ਸੋ ਮਹੂਰਤ ਸੁਧਾਵਈ॥
ਬਾਹਰ ਨਿਕਸ ਗਰਧਬ ਸ੍ਵਾਨ ਸਗਨਿ ਕੈ ਸੰਕਾ ਉਪਰਾਜਿ ਬਹੁਰਿ ਘਰਿ ਆਵਈ॥
ਪਤਿ ਬ੍ਰਤ ਗਹਿ ਗਹਿ ਸਕਤ ਨ ਏਕਾ ਟੇਕ,
ਦੁਬਿਧਾ ਅਛਤ ਨ ਪਰਮ ਪਦ ਪਾਵਈ॥ ੪੪੭॥

(ਕਬਿੱਵਤ ਸਵੱਯੇ ਭਾਈ ਗੁਰਦਾਸ)

ਗੁਰਸਿੱਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ॥
ਪੂਛਤ ਨ ਜੋਤਕ ਅਉ ਬੇਦ ਥਿਤ ਵਾਰ ਕਛੂ,
ਗ੍ਰਿਹ ਅਉ ਨਿਛਤ੍ਰ ਕੀ ਨ ਸੰਕਾ ਉਰਧਾਰੀ ਹੈ॥
ਜਾਨਤ ਨ ਸਗਨ ਲਗਨ ਆਨ ਦੇਵ ਸੇਵ,
ਸਬਦ ਸੁਰਤਿ ਲਿਵ ਨੇਹ ਨਿਰੰਕਾਰੀ ਹੈ॥
ਸਿੱਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕ ਹੁਇ,
ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ॥ ੪੪੬॥

(ਕਬਿੱਤ ਕਵੱਯੇ)

ਇਹ ਸੁਣ ਕੇ ਬ੍ਰਾਹਮਣ ਦਾ ਅਭਿਮਾਨ ਚੰਗੀ ਤਰ੍ਹਾਂ ਦੂਰ ਹੋ ਗਿਆ ਅਤੇ ਉਸਨੂੰ ਮੰਨਣਾ ਪਿਆ ਕਿ ਸਿੱਖ ਮੇਰੇ ਆਪਣੇ ਧਰਮ-ਭਾਈਆਂ ਨਾਲੋਂ ਚੰਗੇ ਹਨ। ਉਸਦੇ ਸੜਦੇ ਹੋਏ ਹਿਰਦੇ ਨੂੰ ਗੁਰੂ ਜੀ ਦੇ ਉਪਦੇਸ਼ਾਂ ਨਾਲ ਸ਼ਾਂਤੀ ਹੋਈ। ਪੰਡਤ ਨੇ ਸਾਲਿਗ੍ਰਾਮ ਸੁੱਟ ਦਿੱਤਾ, ਸਤਿਨਾਮ ਦਾ ਜਾਪ ਕਰਨ ਲੱਗਾ, ਸਿੱਖੀ ਧਾਰਨ ਕਰ ਲਈ ਤੇ ਇਸ ਤਰ੍ਹਾਂ ਮੁਕਤੀ ਪ੍ਰਾਪਤ ਕੀਤੀ। ਬਹੁਤ ਸਾਰੇ ਹੋਰ ਪੰਡਤਾਂ ਨੇ ਵੀ ਉਸਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਧਰਮ ਧਾਰਨ ਕਰ ਲਿਆ।

ਭਾਈ ਪੈੜਾ ਬੜੀ ਅੱਖਿਆਈ ਨਾਲ ਸੰਗਲਾ ਦੀਪ ਪੁੱਜਾ। ਉਸਦੇ ਰਾਹ ਲਈ ਥੋੜੀ ਜਿਹੇ ਦਿੱਤੇ ਗਏ ਖਰਚ ਨੂੰ ਖਿਆਲ ਕਰੀਏ ਤਾਂ ਇਹੋ ਹੋਣਾ ਸੀ। ਸੰਗਲਾ ਦੀਪ ਦੇ ਰਾਜੇ ਨੇ ਬੜੇ ਸਤਿਕਾਰ ਨਾਲ ਉਸਦਾ ਸੁਆਗਤ ਕੀਤਾ, ਪ੍ਰਾਹੁਣਾਚਾਰੀ ਵਾਲਾ ਵਰਤਾਓ ਕੀਤਾ ਅਤੇ ਗੁਰੂ ਜੀ ਲਈ ਕਈ ਪ੍ਰਕਾਰ ਦੀਆਂ ਭੇਟਾਂ, ਤੇ ਇੱਕ ਚਿੱਠੀ ਵੀ ਦਿੱਤੀ ਅਤੇ 'ਪ੍ਰਾਣ-ਸੰਗਲੀ' ਦੀ ਪੋਥੀ ਦੇਕੇ ਅੰਮ੍ਰਿਤਸਰ ਮੁੜ ਜਾਣ ਲਈ ਵਿਦਾ ਕੀਤਾ। ਪ੍ਰਾਣ ਸੰਗਲੀ ਨੂੰ ਪਿਛੋਂ ਇੱਕ ਪਖੰਡੀ ਸਾਧੂ ਚੁਰਾ ਕੇ ਲੈ ਗਿਆ।[1]

1. ਅੱਜ ਕਲ ਛਪੀ ਹੋਈ ਇੱਕ ਪ੍ਰਾਣ-ਸੰਗਲੀ ਜੋਗ ਵਿਦਿਆ ਸੰਬੰਧੀ ਵਿਕਦੀ ਹੈ, ਪਰ ਸਿੱਖ ਇਸਨੂੰ ਅਸਲੀ ਨਹੀਂ ਮੰਨਦੇ।

ਕਾਂਡ—49

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਦੀ ਤਿਆਰੀ

ਹੁਣ ਗੁਰੂ ਅਰਜਨ ਦੇਵ ਜੀ ਨੇ ਇਹ ਲੋੜ ਅਨੁਭਵ ਕੀਤੀ ਕਿ ਅਜਿਹੇ ਨਿਯਮ ਬਣਾਏ ਜਾਣੇ ਚਾਹੀਦੇ ਹਨ ਜਿਹੜੇ ਸਾਡੇ ਸਿੱਖਾਂ ਤੇ ਸੇਵਕਾਂ ਨੂੰ ਰੋਜ਼ ਦੇ ਧਾਰਮਕ ਕਰਮਾਂ ਨੂੰ ਪੂਰਨ ਕਰਨ ਲਈ ਅਗਵਾਈ ਕਰਨ। ਮਹਾਰਾਜ ਨੇ ਸੋਚਿਆ ਕਿ ਇਹ ਵਿਧੀ ਸਿੱਖ ਧਰਮ ਨੂੰ ਇੱਕ ਸਾਰ ਕਰ ਦੇਵੇਗੀ ਅਤੇ ਵਿਰੋਧੀ ਅਸੂਲਾਂ ਤੇ ਰਹੁ ਰੀਤਾਂ ਨੂੰ ਰੋਕੇਗੀ ਪਰ ਇਸ ਦੀ ਸਿੱਧੀ ਤਾਂ ਹੀ ਹੋ ਸਕਦੀ ਹੈ ਜਦੋਂ ਸਤਿਗੁਰਾਂ ਦੀ ਬਾਣੀ ਨੂੰ ਪੱਕੀ ਤਰ੍ਹਾਂ ਇੱਕ ਵੱਡੀ ਬੀੜ ਵਿੱਚ ਲਿਖ ਦਿੱਤਾ ਜਾਵੇ। ਗੁਰੂ ਜੀ ਦਾ ਇਹ ਵਿਚਾਰ ਹੋਰ ਵੀ ਪੱਕਾ ਹੋ ਗਿਆ ਜਦ ਕਿ ਉਨ੍ਹਾਂ ਨੂੰ ਰੋਜ਼ ਅਜਿਹੀਆਂ ਖਬਰਾਂ ਆਉਣ ਲੱਗੀਆਂ ਕਿ ਪ੍ਰਿਥੀਆ ਆਪਣੇ ਸ਼ਬਦ ਰਚ ਰਿਹਾ ਹੈ ਅਤੇ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਗੱਦੀ ਨਸ਼ੀਨਾਂ ਦੇ ਉਚਾਰਨ ਕੀਤੇ ਹੋਏ ਦੱਸਦਾ ਹੈ। ਅਣਜਾਣ ਤੇ ਸਾਧਾਰਨ ਲੋਕਾਂ ਦੀ ਇਤਨੀ ਬੁੱਧੀ ਨਹੀਂ ਕਿ ਸੱਚੀ ਤੇ ਕੱਚੀ ਬਾਣੀ ਦਾ ਨਿਖੇੜਾ ਕਰ ਸਕਣ। ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਦੀ ੨੩ਵੀਂ ਅਤੇ ੨੪ਵੀਂ ਪਉੜੀ ਵਿੱਚ ਫੈਸਲਾ ਕਰ ਦਿੱਤਾ ਹੈ ਕਿ ਕੇਵਲ ਗੁਰੂ ਜੀ ਦੀ ਸੱਚੀ ਬਾਣੀ ਹੀ ਸਿੱਖਾਂ ਨੂੰ ਪੜ੍ਹਨੀ ਚਾਹੀਦੀ ਹੈ ਅਤੇ ਉਸੇ ਦਾ ਸਨਮਾਨ ਕਰਨਾ ਚਾਹੀਦਾ ਹੈ। ਇਸ ਲਈ ਅਜਿਹੀਆਂ ਰਚਨਾਵਾਂ ਨੂੰ ਸਿੱਖਾਂ ਦੀ ਅਗਵਾਈ ਲਈ ਇਕੱਠਾ ਕਰਨਾ ਅਤੇ ਠੀਕ ਤਰਤੀਬ ਦੇਣੀ ਚਾਹੀਦੀ ਹੈ। ਜਿਹੜੇ ਸ਼ਬਦ ਪ੍ਰਿਥੀਆ ਲੋਕਾਂ ਵਿੱਚ ਪ੍ਰਚਲਤ ਕਰਨ ਦਾ ਯਤਨ ਕਰਦਾ ਸੀ, ਬੁਰਾਈ ਤੋਂ ਛੁਟ ਉਨ੍ਹਾਂ ਦਾ ਹੋਰ ਕੋਈ ਲਾਭ ਨਹੀਂ ਸੀ ਨਿਕਲ ਸਕਦਾ।

ਬਾਬਾ ਮੋਹਣ ਜੀ ਤੋਂ ਸੈਂਚੀਆਂ ਲਿਆਉਣੀਆਂ

ਗੁਰਬਾਣੀ ਤੋਂ ਬਿਨਾ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦੀ ਰਚਨਾ, ਖਾਸ ਕਰਕੇ ਵਾਰਾਂ ਦੀ ਬੜੀ ਸ਼ਲਾਘਾ ਕੀਤੀ। ਇਸ ਤਰ੍ਹਾਂ ਮਾਨ ਪ੍ਰਾਪਤ ਕਰਕੇ ਭਾਈ ਗੁਰਦਾਸ ਜੀ ਨੇ ਤੀਜੀ ਪਾਤਸ਼ਾਹੀ ਦੇ ਵੱਡੇ ਪੁੱਤਰ ਮੋਹਨ ਜੀ ਪਾਸੋਂ ਗੁਰਬਾਣੀ ਦੀਆਂ ਸੈਂਚੀਆਂ ਲੈਣ ਲਈ ਗੋਇੰਦਵਾਲ ਜਾਣ ਦੀ ਸੇਵਾ ਹਿੱਤ ਆਪਣੇ ਆਪ ਨੂੰ ਪੇਸ਼ ਕੀਤਾ। ਪਰ ਭਾਈ ਗੁਰਦਾਸ ਜੀ ਮੋਹਨ ਜੀ ਦਾ ਧਿਆਨ ਆਪਣੇ ਵਲ ਨਾ ਖਿੱਚ ਸਕੇ, ਮੋਹਨ ਜੀ ਆਪਣੇ ਘਰ ਅੰਦਰ ਦਰਵਾਜ਼ਾ ਬੰਦ ਕਰਕੇ ਬੈਠੇ ਹੋਏ ਸਨ ਅਤੇ ਪਰਮਾਤਮਾ ਦੇ ਸਿਮਰਨ ਵਿੱਚ ਲੀਨ ਦੱਸੇ ਜਾਂਦੇ ਸਨ। ਭਾਈ ਗੁਰਦਾਸ ਜੀ ਸਾਰੀ ਰਾਤ ਉਨ੍ਹਾਂ ਦਾ ਦਰਵਾਜ਼ਾ ਖੜਕਾਂਦੇ ਰਹੇ ਪਰ ਕੋਈ ਉਤਰ ਨਾ ਮਿਲਿਆ। ਭਾਈ ਸਾਹਿਬ ਵਾਪਸ ਅੰਮ੍ਰਿਤਸਰ ਆ ਗਏ ਅਤੇ ਆਪਣੀ ਅਸ਼ਫਲਤਾ ਦੀ ਵਿਥਿਆ ਗੁਰੂ ਜੀ ਨੂੰ ਆ ਦੱਸੀ।

ਫਿਰ ਭਾਈ ਬੁੱਢਾ ਜੀ ਨੇ ਜਾਣ ਦੀ ਸੇਵਾ ਹਿੱਤ ਆਪਣੇ ਆਪ ਨੂੰ ਪੇਸ਼ ਕੀਤਾ। ਜਦ ਭਾਈ ਬੁੱਢਾ ਜੀ ਗੋਇੰਦਵਾਲ ਪੁਜੇ ਤਾਂ ਉਨ੍ਹਾਂ ਨੇ ਮੋਹਨ ਜੀ ਦਾ ਧਿਆਨ ਆਪਣੇ ਵੱਲ ਖਿਚਣ ਦਾ ਯਤਨ ਕੀਤਾ ਪਰ ਉਨ੍ਹਾਂ ਨੂੰ ਵੀ ਸਫਲਤਾ ਨਾ ਹੋਈ। ਭਾਈ ਬੁੱਢਾ ਜੀ ਦਰਵਾਜ਼ਾ ਤੋੜ ਕੇ ਅੰਦਰ ਗਏ ਅਤੇ ਮੋਹਨ ਜੀ ਨੂੰ ਬੇਸੁਧੀ ਦੀ ਹਾਲਤ ਵਿੱਚ ਪਏ ਵੇਖਿਆ। ਮੋਹਨ ਜੀ ਦੇ ਛੋਟੇ ਭਰਾ ਮੋਹਰੀ ਜੀ ਇਹ ਰੌਲਾ ਸੁਣ ਕੇ ਆਏ ਅਤੇ ਭਾਈ ਬੁੱਢਾ ਜੀ ਨੂੰ ਕਿਹਾ ਕਿ ਸੁੱਤੇ ਹੋਇਆਂ ਨੂੰ ਨਾ ਜਗਾਓ। ਭਾਈ ਬੁਢਾ ਜੀ ਹੱਟ ਗਏ ਅਤੇ ਅੰਮ੍ਰਿਤਸਰ ਮੁੜ ਆਏ। ਜਦ ਗੁਰੂ ਜੀ ਨੇ ਉਨ੍ਹਾਂ ਦੀ ਅਸਫਲਤਾ ਦੀ ਗਾਥਾ ਸੁਣੀ ਤਾਂ ਉਨ੍ਹਾਂ ਨੇ ਫੈਸਲਾ ਕੀਤਾ ਕਿ ਅਸੀਂ ਆਪ ਜਾਵਾਂਗੇ। ਮੋਹਨ ਜੀ ਦੇ ਘਰ ਪਹੁੰਚ ਕੇ ਗੁਰੂ ਜੀ ਨੇ ਮੋਹਨ ਜੀ ਨੂੰ ਬੁਲਾਇਆ ਪਰ ਕੋਈ ਉੱਤਰ ਨਾ ਮਿਲਿਆ। ਗੁਰੂ ਜੀ ਨੇ ਹੇਠ ਲਿਖੀ ਪਉੜੀ ਮੋਹਨ ਜੀ ਪ੍ਰਤੀ ਉਚਾਰਨ ਕੀਤੀ, ਜਿਹੜੀ ਕੁਝ ਤਾਂ ਵਾਹਿਗੁਰੂ ਪ੍ਰਤੀ ਉਚਾਰਨ ਕੀਤੀ ਸਮਝੀ ਜਾ ਸਕਦੀ ਹੈ ਅਤੇ ਕੁਝ ਮੋਹਨ ਜੀ ਪ੍ਰਤੀ। ਮੋਹਨ ਦੇ ਅਰਥ ਹਨ ਮੋਹ ਲੈਣ ਵਾਲਾ, ਇਹ ਵੀ ਵਾਹਿਗੁਰੂ ਦੇ ਨਾਵਾਂ ਵਿਚੋਂ ਇੱਕ ਨਾਮ ਹੈ—

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ॥
ਧਰਮ ਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੈ॥
ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤਝਹਿ ਧਿਆਵਏ॥
ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ॥
ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ॥੧॥

(ਆਃ ਗ੍ਰੰਃ ਪੰਃ ੨੪੮) (ਗਉੜੀ ਛੰਤ ਮਹਲਾ ੫)

ਇਹ ਸੁਣ ਕੇ ਮੋਹਨ ਜੀ ਨੇ ਦਰਵਾਜ਼ਾ ਖੋਲ੍ਹਿਆ ਅਤੇ ਵੇਖਿਆ ਕਿ ਗੁਰੂ ਜੀ ਆਪ ਮੈਨੂੰ ਮਿਲਣ ਲਈ ਆਏ ਹਨ। ਜਿਹੜੀਆਂ ਤੁਕਾਂ ਉਨ੍ਹਾਂ ਨੇ ਸੁਣੀਆਂ ਸਨ ਉਨ੍ਹਾਂ ਨਾਲ ਉਨ੍ਹਾਂ ਦਾ ਗੁੱਸਾ ਦੂਰ ਨਾ ਹੋਇਆ ਅਤੇ ਉਨ੍ਹਾਂ ਨੇ ਗੁਰੂ ਜੀ ਨੂੰ ਮੇਹਣੇ ਤਾਹਨੇ ਦੇਣੇ ਸ਼ੁਰੂ ਕਰ ਦਿੱਤੇ ਕਿ ਅੱਗੇ ਤੁਸੀਂ ਸਾਡੇ ਘਰੋਂ ਗੁਰਿਆਈ ਲੈ ਗਏ ਹੋ, ਅਤੇ ਹੁਣ ਤੁਸੀਂ ਆਪਣੇ ਤੋਂ ਪਹਿਲਾਂ ਹੋਏ ਗੁਰੂਆਂ ਦੀਆਂ ਧਾਰਮਕ ਅਤੇ ਵਿਦਿਅਕ ਯਾਦਗਾਰਾਂ ਨੂੰ ਲੈਣ ਆਏ ਹੋ। ਗੁਰੂ ਜੀ ਨੇ ਮੋਹਨ ਜੀ ਦੇ ਖਹੁਰੇ ਬੋਲਣ ਦੀ ਕੋਈ ਪ੍ਰਵਾਹ ਨਾ ਕੀਤੀ ਅਤੇ ਉਨ੍ਹਾਂ ਪ੍ਰਤੀ ਦੂਜੀ ਪਉੜੀ ਉਚਾਰਨੀ ਸ਼ੁਰੂ ਕੀਤੀ—

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ॥
ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ॥
ਮਾਨਹਿ ਤੇ ਏਕੁ ਅਨੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ॥
ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ॥
ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ॥
ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ॥੨॥

(ਆਃ ਗ੍ਰੰਃ ਪੰਃ ੨੪੮) (ਗਉੜੀ ਛੰਤ ਮਹਲਾ ੫)

ਮੋਹਨ ਜੀ ਇਹ ਸੁਣਕੇ ਕੁਝ ਨਰਮ ਹੋ ਗਏ ਅਤੇ ਚੁਬਾਰੇ ਤੋਂ ਜਿਸ ਵਿੱਚ ਉਹ ਬੈਠੇ ਸਨ, ਆਪਣੇ ਸਨਮਾਨ ਯੋਗ ਪ੍ਰਾਹੁਣੇ ਦੀ ਆਉ ਭਗਤ ਲਈ ਹੇਠ ਉਤਰ ਆਏ।

ਗੁਰੂ ਜੀ ਨੇ ਮੋਹਨ ਜੀ ਪ੍ਰਤੀ ਬਾਣੀ ਦੁਆਰਾ ਉਸੇ ਲੜੀ ਵਿਚ ਤੀਜੀ ਪਉੜੀ ਉਚਾਰਣ ਕੀਤੀ—

ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ॥
ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ॥
ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ॥
ਮਨਿ ਬਚਨਿ ਕਰਮਿ ਜਿ ਦੁਧੁ ਅਰਾਧਹਿ ਸੇ ਸਭੇ ਫਲ ਪਾਵਹੇ॥
ਮਲ ਮੂਤ ਮੂੜ੍ਹ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ॥
ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ॥੩॥

(ਆ: ਗ੍ਰੰ: ਪੰ: ੨੪੮) (ਗਉੜੀ ਛੰਤ ਮਹਲਾ ੫)

ਜਦ ਮੋਹਨ ਜੀ ਨੇ ਗੁਰੂ ਜੀ ਦੇ ਦਰਸ਼ਨ ਕੀਤੇ, ਤਾਂ ਉਸ ਉੱਤੇ ਅਜੇਹਾ ਅਲਾਹੀ ਪ੍ਰਕਾਸ਼ ਵੇਖਿਆ ਕਿ ਉਨ੍ਹਾਂ ਨੂੰ ਉਹ ਸਾਰੇ ਸਤਿਗੁਰਾਂ ਦੀ ਜੋਤ ਪ੍ਰਤੀਤ ਹੋਈ। ਉਨ੍ਹਾਂ ਨੇ ਆਪਣੇ ਸਾਮ੍ਹਣੇ ਖਲੋਤੇ ਗੁਰੂ ਜੀ ਨੂੰ ਪਵਿੱਤਰ ਸਤਿਗੁਰੂ ਜਾਣ ਕੇ ਸੈਂਚੀਆਂ ਦੇ ਦਿੱਤੀਆਂ ਤੇ ਆਪ ਜੀ ਨੂੰ ਹੀ ਸੈਂਚੀਆਂ ਦਾ ਸੱਚਾ ਸੰਭਾਲਨ ਵਾਲਾ ਸਮਝਿਆ। ਗੁਰੂ ਮਹਾਰਾਜ ਨੇ ਇਸ ਉੱਤੇ ਚੌਥੀ ਪਉੜੀ ਦਾ ਉਚਾਰਨ ਕਰਕੇ ਸ਼ਬਦ ਸੰਪੂਰਨ ਕੀਤਾ—

ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ॥
ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ॥
ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ॥
ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ॥
ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ॥
ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ॥੪॥

(ਆ: ਗ੍ਰੰ: ਪੰ: ੨੪੮) (ਗਉੜੀ ਛੰਤ ਮਹਲਾ ੫)

ਗੁਰੂ ਜੀ ਨੇ ਇਸ ਸਮੇਂ ਹੇਠ ਲਿਖਿਆ ਸ਼ਬਦ ਵੀ ਉਚਾਰਨ ਕੀਤਾ—

ਹਮ ਧਨਵੰਤ ਭਾਗਠ ਸਚ ਨਾਇ॥ ਹਰਿ ਗੁਣ ਗਾਵਹ ਸਹਜਿ ਸੁਭਾਇ॥੧॥ ਰਹਾਉ॥
ਪੀਊ ਦਾਦੇ ਦਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥੧॥
ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੂਟ ਅਤੋਲ॥੨॥
ਖਾਵਹਿ ਖਰਚਹਿ ਰਲਿ ਮਿਲ ਭਾਈ॥ ਤੋਟਿ ਨ ਆਵੈ ਵਧਦੋ ਜਾਈ॥੩॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥ ਸੁ ਏਤੁ ਖਜਾਨੈ ਲਇਆ ਰਲਾਇ॥੪॥

(ਆ: ਗ੍ਰੰ: ਪੰ: ੧੮੫-੬) (ਗਉੜੀ ਗੁਆਰੇਰੀ ਮਹਲਾ ੫)

ਇਸਦੇ ਉਪਰੰਤ ਗੁਰੂ ਜੀ ਅਤੇ ਮੋਹਨ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਸਤਿਗੁਰਾਂ ਸੰਬੰਧੀ ਬਹੁਤ ਚਿਰ ਬਚਨ ਬਿਲਾਸ ਕੀਤੇ। ਮੋਹਨ ਜੀ ਇਸ ਮੁਲਾਕਾਤ ਤੇ ਇਤਨੇ ਪ੍ਰਸੰਨ ਹੋਏ ਕਿ ਉਹ ਗੁਰੂ ਜੀ ਅੱਗੇ ਬੇਨਤੀ ਕਰਨ ਲੱਗੇ ਕਿ ਤੁਸੀਂ ਮੇਰੇ ਪਾ

ਠਹਿਰੋ। ਗੁਰੂ ਜੀ ਨੇ ਆਪਣੇ ਤੋਂ ਪਹਿਲਾਂ ਹੋਏ ਸਤਿਗੁਰਾਂ ਦੀ ਬਾਣੀ ਨੂੰ ਇਕੱਤਰ ਕਰਨ ਦਾ ਕਾਰਜ ਅਰੰਭ ਕੀਤਾ ਹੋਇਆ ਸੀ, ਇਸ ਕਾਰਨ ਉਥੇ ਠਹਿਰਣ ਤੋਂ ਖਿਮਾ ਮੰਗੀ। ਮਹਾਰਾਜ ਉਥੋਂ ਫਿਰ ਤੁਰ ਪਏ ਅਤੇ ਮੋਹਨ ਜੀ ਨਾਲ ਇਹ ਇਕਰਾਰ ਕੀਤਾ ਕਿ ਆਪ ਫਿਰ ਜਦ ਸਾਨੂੰ ਸੱਦਾ ਭੇਜਣ ਦੀ ਕਿਰਪਾਲਤਾ ਕਰੋਗੇ ਤਾਂ ਅਸੀਂ ਆਪਦੇ ਫਿਰ ਦਰਸ਼ਨ ਕਰਾਂਗੇ।

ਖੰਡੂਰ ਸਾਹਿਬ ਵਿੱਚ ਦਾਤੂ ਜੀ ਤੇ ਦਾਸੂ ਜੀ ਨਾਲ ਮੁਲਾਕਾਤ

ਸ੍ਰੀ ਅੰਮ੍ਰਿਤਸਰ ਨੂੰ ਵਾਪਸ ਮੁੜਦਿਆਂ ਗੁਰੂ ਜੀ ਰਾਹ ਵਿੱਚ ਖਡੂਰ ਸਾਹਿਬ ਠਹਿਰੇ। ਗੁਰੂ ਅੰਗਦ ਦੇਵ ਜੀ ਦਾ ਪੁੱਤਰ ਦਾਤੂ ਜੀ ਜਿਸਨੇ ਗੁਰੂ ਅਮਰਦਾਸ ਜੀ ਨੂੰ ਲੱਤ ਮਾਰ ਕੇ ਸੰਘਾਸਨ ਤੋਂ ਡੇਗ ਦਿੱਤਾ ਸੀ, ਮਹਾਰਾਜ ਨੂੰ ਮਿਲਣ ਆਇਆ ਅਤੇ ਆਪਣੀ ਨਿਰਮਾਣਤਾ ਦੱਸਣ ਲਈ ਅਤੇ ਪਛਤਾਵੇ ਦੇ ਤੌਰ ਤੇ ਆਪਣੇ ਆਪ ਗੁਰੂ ਜੀ ਦੀ ਹਜੂਰੀ ਵਿੱਚ ਹੇਠ ਲਿਖੇ ਪ੍ਰਸ਼ਨ ਕੀਤੇ—

"ਗੁਣਾਂ ਤੋਂ ਬਿਨਾਂ ਪੂਜਾ ਕਿਸ ਤਰ੍ਹਾਂ ਹੋ ਸਕਦੀ ਹੈ ? ਵਿਦਿਆ ਤੋਂ ਬਿਨਾਂ ਮਾਨ ਕਿਵੇਂ ਮਿਲ ਸਕਦਾ ਹੈ? ਵੀਰਤਾ ਤੋਂ ਬਿਨਾਂ ਫਤਹਿ ਕਿਸ ਤਰ੍ਹਾਂ ਪ੍ਰਾਪਤ ਹੋ ਸਕਦੀ ਹੈ ? ਮਨ ਦੀ ਸ਼ਾਂਤੀ ਤੋਂ ਬਿਨਾਂ ਧਿਆਨ ਕਿਸ ਤਰ੍ਹਾਂ ਲੱਗ ਸਕਦਾ ਹੈ? ਸੰਤੋਖ ਤੋਂ ਬਿਨਾਂ ਮਨ ਨੂੰ ਸ਼ਾਂਤੀ ਕਿਸ ਤਰ੍ਹਾਂ ਆ ਸਕਦੀ ਹੈ? ਸ਼ਲਾਘਾ ਯੋਗ ਕਾਰਜ ਕਰਨ ਤੋਂ ਬਿਨਾਂ ਪਾਤਸ਼ਾਹੀ ਕਿਵੇਂ ਪ੍ਰਾਪਤ ਹੋ ਸਕਦੀ ਹੈ ? ਸੱਚੇ ਸਤਿਗੁਰੂ ਤੋਂ ਬਿਨਾਂ ਬ੍ਰਹਮ ਗਿਆਨ ਕਿਸ ਤਰ੍ਹਾਂ ਪ੍ਰਾਪਤ ਹੋ ਸਕਦਾ ਹੈ ? ਗੁਣਾਂ ਤੋਂ ਬਿਨਾਂ ਆਦਰ ਤੇ ਮਾਨ ਕਿਵੇਂ ਪ੍ਰਾਪਤ ਹੋ ਸਕਦਾ ਹੈ ? ਇਹ ਜੀਵਨ ਜਦ ਇੱਕ ਅਥਾਹ ਸਾਗਰ ਹੈ ਤਾਂ ਕੋਈ ਆਦਮੀ ਜਹਾਜ਼ ਤੋਂ ਬਿਨਾਂ ਕਿਵੇਂ ਪਾਰ ਹੋ ਸਕਦਾ ਹੈ ? ਵਾਹਿਗੁਰੂ ਦੇ ਚਰਨ ਕੰਵਲ ਨਾਲ ਪ੍ਰੀਤ ਕਰਨ ਤੋਂ ਬਿਨਾਂ ਭਗਤੀ ਕਿਸ ਤਰ੍ਹਾਂ ਹੋ ਸਕਦੀ ਹੈ ? ਵਾਹਿਗੁਰੂ ਤੋਂ ਬਿਨਾਂ ਮੁਕਤੀ ਕਿਸ ਤਰ੍ਹਾਂ ਪ੍ਰਾਪਤ ਹੋ ਸਕਦੀ ਹੈ ? ਸੁਰ ਤੋਂ ਬਿਨਾਂ ਗਾਣਾ ਕਿਵੇਂ ਹੋ ਸਕਦਾ ਹੈ ? ਕਵਿਤਾ ਤੋਂ ਬਿਨਾਂ ਜੱਸ ਅਤੇ ਦਾਨ ਦੇਣ ਤੋਂ ਬਿਨਾਂ ਉਸਤਤੀ ਕੋਈ ਕਿਵੇਂ ਪ੍ਰਾਪਤ ਕਰ ਸਕਦਾ ਹੈ ? ਸੰਸਾਰ ਸਾਗਰ ਬੜਾ ਵਿਸ਼ਾਲ ਹੈ, ਸਿੱਖ ਧਰਮ ਤੋਂ ਬਿਨਾਂ ਕੋਈ ਕਿਸ ਤਰ੍ਹਾਂ ਪਾਰ ਹੋ ਸਕਦਾ ਹੈ ? ਸੂਰਜ ਤੋਂ ਬਿਨਾਂ ਦਿਨ ਕਿਸ ਤਰ੍ਹਾਂ ਚੜ੍ਹ ਸਕਦਾ ਹੈ ? ਮੇਰੇ ਵਿਚ ਚੰਗਿਆਈਆਂ ਜਾਂ ਸ਼ੁਭ ਗੁਣ ਨਹੀਂ ਸਨ, ਮੈਂ ਕਿਵੇਂ ਗੁਰੂ ਹੋ ਸਕਦਾ ਸੀ ? ਇਹੋ ਜਿਹੇ ਵਿਚਾਰ ਮੈਨੂੰ ਆਉਂਦੇ ਹਨ।"

ਦਾਤੂ ਜੀ ਨੇ ਫਿਰ ਆਪਣਾ ਸਾਰਾ ਅਯੋਗ ਵਤੀਰਾ ਵਰਣਨ ਕੀਤਾ ਅਤੇ ਉਸ ਤੋਂ ਜੋ ਸਿੱਟਾ ਨਿਕਲਿਆ ਉਹ ਵੀ ਦੱਸਿਆ। ਉਹ ਕਹਿਣ ਲੱਗੇ ਕਿ ਮੇਰੇ ਪੈਰ ਵਿੱਚ ਅਜੇ ਤੱਕ ਪੀੜ ਹੁੰਦੀ ਹੈ। ਜਿਸ ਨੂੰ ਡਾਕੂਆਂ ਹੱਥੋਂ ਸਟ ਲੱਗੀ ਸੀ। ਮੈਂ ਗੁਰੂ ਅਮਰਦਾਸ ਜੀ ਪਾਸ ਉਨ੍ਹਾਂ ਦੇ ਅੰਤ ਸਮੇਂ ਦਰਸ਼ਨ ਕਰਨ ਗਿਆ ਸਾਂ ਅਤੇ ਆਪਣੀ ਧੀਂਗਾ-ਜੋਰੀ ਬਾਬਤ ਮੁਆਫੀ ਮੰਗੀ। ਗੁਰੂ ਅਮਰਦਾਸ ਜੀ ਨੇ ਫੁਰਮਾਇਆ ਸੀ ਕਿ ਤੈਨੂੰ ਪੰਜਵੇਂ ਗੁਰੂ ਰਾਜ਼ੀ ਕਰਨਗੇ। ਗੁਰੂ ਅਰਜਨ ਦੇਵ ਜੀ ਨੇ ਦਾਤੂ ਜੀ ਨੂੰ ਗੁਰੂ ਅੰਸ਼ ਖਿਆਲ ਕਰਕੇ ਉਸਦੇ ਪੀੜਤ ਅੰਗ ਉੱਤੇ ਹੱਥ ਰੱਖਿਆ ਅਤੇ ਬਿਲਕੁਲ ਰਾਜ਼ੀ ਕਰ ਦਿੱਤਾ। ਗੁਰੂ ਜੀ ਫਿਰ ਦਾਤੂ ਜੀ ਨਾਲ

ਪਿਛਲੇ ਗੁਰੂ ਸਾਹਿਬਾਂ ਦੇ ਸੰਬੰਧ ਵਿਚ ਬਚਨ-ਬਿਲਾਸ ਕਰਦੇ ਰਹੇ ਅਤੇ ਮਗਰੋਂ ਉਸ ਦੇ ਭਰਾ ਦਾਸੂ ਜੀ ਨੂੰ ਮਿਲਕੇ ਅੰਮ੍ਰਿਤਸਰ ਨੂੰ ਚੱਲ ਪਏ।

ਰਾਮਸਰ ਰਚਨਾ ਤੇ ਉਥੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨਾ

ਜਦੋਂ ਮਹਾਰਾਜ ਅੰਮ੍ਰਿਤਸਰ ਪੁਜੇ ਤਾਂ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਿਖਾਣ ਬਾਰੇ ਸੋਚਿਆ। ਇਸ ਮਨੋਰਥ ਲਈ ਗੁਰੂ ਜੀ ਨੇ ਇਕ ਇਕਾਂਤ ਥਾਂ ਚੁਣੀ, ਜਿਥੇ ਜੰਡ, ਬੇਰੀ, ਬੋਜ਼ੂ, ਅੰਜੀਰ ਅਤੇ ਪਿੱਪਲ ਦੇ ਬ੍ਰਿਛਾਂ ਦੀ ਸੁਹਾਣੀ ਛਾਂ ਸੀ ਅਤੇ ਨਾਲ ਹੀ ਬਨਾਸਪਤੀ ਦੀ ਹਰਿਆਲੀ ਅੱਖਾਂ ਨੂੰ ਠੰਡਕ ਦੇਂਦੀ ਸੀ ਤੇ ਪੈਰਾਂ ਲਈ ਇੱਕ ਮਨੋਹਰ ਦਰੀ ਦਾ ਕੰਮ ਦੇਂਦੀ ਸੀ। ਗੁਰੂ ਜੀ, ਉਨ੍ਹਾਂ ਦੇ ਭੱਟਾਂ ਅਤੇ ਰਾਗੀਆਂ ਦੇ ਰਹਿਣ ਲਈ ਤੰਬੂ ਲਾਏ ਗਏ। ਗੁਰੂ ਜੀ ਨੇ ਉਥੇ ਹੀ ਇੱਕ ਸਰੋਵਰ ਬਣਾਉਣ ਦਾ ਫੈਸਲਾ ਕੀਤਾ ਅਤੇ ਉਸਦੀ ਖੁਦਾਈ ਆਰੰਭ ਕਰ ਦਿੱਤੀ।

ਸਰੋਵਰ ਦੇ ਸੰਪੂਰਨ ਹੋਣ ਤੇ ਅਤੇ ਉਸਦਾ ਨਾਉਂ 'ਰਾਮਸਰ' ਰੱਖਣ ਸਮੇਂ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ, ਜਿਸਦੇ ਸ਼ਬਦੀ ਜਾਂ ਪ੍ਰਮਾਰਥਕ ਭਾਵ ਲਏ ਜਾ ਸਕਦੇ ਹਨ—

ਨਿਤਪ੍ਰਤਿ ਨਾਵਣੁ ਰਾਮ ਸਰਿ ਕੀਜੈ॥ ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ॥੧॥ ਰਹਾਉ॥
ਨਿਰਮਲ ਉਦਕੁ ਗੋਵਿੰਦ ਕਾ ਨਾਮ॥ ਮਜਨੁ ਕਰਤ ਪੂਰਨ ਸਭਿ ਕਾਮ॥੧॥
ਸੰਤ ਸੰਗਿ ਤਹ ਗੋਸਟਿ ਹੋਇ॥ ਕੋਟਿ ਜਨਮ ਕੇ ਕਿਲਵਿਖ ਧੋਇ॥੨॥
ਸਿਮਰਹਿ ਸਾਧ ਕਰਹਿ ਆਨੰਦੁ॥ ਮਨਿ ਤਨਿ ਰਵਿਆ ਪਰਮਾਨੰਦੁ॥੩॥
ਜਿਸਹਿ ਪਰਾਪਤਿ ਹਰਿ ਚਰਣ ਨਿਧਾਨ। ਨਾਨਕ ਦਾਸ ਤਿਸਹਿ ਕੁਰਬਾਨ॥੪॥

(ਆ: ਗ੍ਰੰ: ਪੰ: ੧੯੮) (ਗਉੜੀ ਮਹਲਾ ੫)

ਜਦੋਂ ਗੁਰੂ ਜੀ ਰਾਮਸਰ ਦੇ ਨੇੜੇ ਆਪਣਾ ਨਿਵਾਸ ਕਰਨ ਲੱਗੇ ਤਾਂ ਬਹੁਤ ਸਾਰੀ ਸਿੱਖ ਸੰਗਤ ਉਨ੍ਹਾਂ ਦੇ ਨਾਲ ਗਈ। ਮਹਾਰਾਜ ਹੁਣ ਗੁਰੂ ਗ੍ਰੰਥ ਸਾਹਿਬ ਤਿਆਰ ਕਰਨ ਲਈ ਹੋਰ ਮਸਾਲਾ ਇਕੱਠਾ ਕਰਨ ਵਿੱਚ ਜੁੱਟ ਗਏ ਅਤੇ ਆਪਣੀ ਬਾਣੀ ਵੀ ਉਚਾਰਨ ਲੱਗ ਪਏ। ਇਸ ਕਰਕੇ ਗੁਰੂ ਜੀ ਨੇ ਭਾਈ ਬੁੱਢਾ ਜੀ ਨੂੰ ਹੁਕਮ ਕੀਤਾ ਕਿ ਉਹ ਹਰਿਮੰਦਰ ਸਾਹਿਬ ਦੀ ਸੇਵਾ ਤੇ ਲੱਗ ਜਾਣ ਅਤੇ ਉਨ੍ਹਾਂ ਦੀ ਥਾਂ ਸਭਨਾਂ ਨੂੰ ਧਰਮ ਦਾ ਉਪਦੇਸ਼ ਦੇਣ। ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਬੁਲਾ ਘਲਿਆ ਅਤੇ ਉਨ੍ਹਾਂ ਦੇ ਜ਼ਿੰਮੇ ਇਹ ਕੰਮ ਲਾਇਆ ਕਿ ਗੁਰੂ ਜੀ ਜੋ ਬਾਣੀ ਉਚਾਰਨ ਉਹ ਲਿਖਦੇ ਜਾਣ। ਗੁਰੂ ਜੀ ਨੇ ਹੁਕਮ ਕੀਤਾ ਕਿ ਮਗਰੋਂ ਵਿਦਵਾਨ ਆਦਮੀ ਗੁਰਬਾਣੀ ਨੂੰ ਹਿੰਦੁਸਤਾਨੀ ਅਤੇ ਹੋਰ ਬਦੇਸ਼ੀ ਭਾਸ਼ਾ ਵਿੱਚ ਟੀਕੇ ਕਰਨ ਤਾਂ ਜੋ ਇਹ ਇਸ ਤਰ੍ਹਾਂ ਸਾਰੇ ਸੰਸਾਰ ਉਪਰ ਪਸਰੇ, ਜਿਵੇਂ ਪਾਣੀ ਤੇ ਤੇਲ ਫੈਲਦਾ ਹੈ।[1]

1. ਸਹਸਕ੍ਰਿਤ ਅਰ ਤੁਰਕਨ ਭਾਖਾ॥ ਇਹ ਮਹਿ ਲਿਖ ਲੈ ਹੈ ਬੁਧ ਰਾਸਾ॥ ਸਭ ਊਪਰ ਪਸਰਹਿ ਇਹੁ ਧਾਈ॥ ਜਿਮ ਜਲ ਪਰ ਸੁਚਿਕਨਤਾ ਪਾਈ॥ (ਸੂਰਜ ਪ੍ਰਕਸ਼ ਰਾਸ ੩ ਅੰਸੂ ੪੧)

ਗੁਰੂ ਜੀ ਨੇ ਭਗਤ ਜੈਦੇਵ ਜੀ ਦੇ ਸਮੇਂ ਤੋਂ ਲੈਕੇ ਭਾਰਤ ਦੇ ਵੱਡੇ-ਵੱਡੇ ਸੰਤਾਂ ਭਗਤਾਂ ਦੇ ਉਪਾਸ਼ਕਾਂ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਬੁਲਾਇਆ ਕਿ ਉਹ ਆਕੇ ਪਵਿੱਤਰ ਬੀੜ ਵਿੱਚ ਚੜ੍ਹਾਉਣ ਲਈ ਯੋਗ ਬਾਣੀ ਸੁਣਾਉਣ। ਉਨ੍ਹਾਂ ਨੇ ਆਪੋ ਆਪਣੇ ਮਤ ਦੀ ਬਾਣੀ ਸੁਣਾਈ ਅਤੇ ਅਜਿਹੀ ਬਾਣੀ, ਜਿਹੜੀ ਉਸ ਸਮੇਂ ਦੇ ਪ੍ਰਚਲਤ ਸੁਧਾਰਵਾਦੀ ਆਸ਼ੇ ਦੇ ਅਨੁਕੂਲ ਸੀ ਜਾਂ ਜੋ ਗੁਰੂ ਜੀ ਦੀ ਸਿੱਖਿਆ ਦੇ ਵਿਪ੍ਰੀਤ ਨਹੀਂ ਸੀ, ਪਰਵਾਣ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਚੜ੍ਹਾਈ। ਇੱਥੇ ਇਹ ਮੰਨਣਾ ਪੈਂਦਾ ਹੈ ਕਿ ਉਸ ਬਾਣੀ ਵਿੱਚ ਭਗਤਾਂ ਕੋਲੋਂ, ਉਨ੍ਹਾਂ ਦੇ ਉਪਾਸ਼ਕਾਂ ਪਾਸ ਆਉਣ ਕਰਕੇ (ਜਿਹੜੇ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਸਨ) ਕੁਝ ਅਦਲਾ ਬਦਲੀ ਵੀ ਹੋ ਗਈ ਸੀ ਅਤੇ ਇਸ ਗੱਲ ਬਾਰੇ ਪਤਾ ਲੱਗਦਾ ਹੈ ਕਿ ਭਗਤ ਬਾਣੀ ਵਿੱਚ ਇਤਨੇ ਪੰਜਾਬੀ ਪਦ ਕਿਉਂ ਮਿਲਦੇ ਹਨ ਅਤੇ ਇਸ ਬਾਣੀ ਦੇ ਭਗਤਾਂ ਦੀਆਂ ਹੋਰ ਰਚਨਾਵਾਂ ਵਿੱਚ, ਜਿਹੜੀਆਂ ਭਾਰਤ ਦੇ ਹੋਰ ਹਿੱਸਿਆਂ ਵਿੱਚ ਸੰਭਾਲ ਕੇ ਰੱਖੀਆਂ ਹੋਈਆਂ ਹਨ, ਕਿਉਂ ਫਰਕ ਹੈ ? ਹਿੰਦੂਆਂ ਦੇ ਮਤ ਅਨੁਸਾਰ ਸ਼ੂਦਰਾਂ ਦੀ ਸਿੱਖਿਆ ਦਾ ਤਾਂ ਕਹਿਣਾ ਹੀ ਕੀ ਹੈ, ਮੁਸਲਮਾਨਾਂ ਦੀ ਸਿੱਖਿਆ ਵਲ ਧਿਆਨ ਦੇਣਾ ਵੀ ਪਾਪ ਸਮਝਿਆ ਜਾਂਦਾ ਸੀ। ਗੁਰੂ ਜੀ ਦੇ ਮਨ ਵਿੱਚ ਇਹ ਗੱਲ ਵੀ ਸੀ ਕਿ ਦੁਨੀਆਂ ਨੂੰ ਦੱਸਿਆ ਜਾਵੇ ਕਿ ਸਿੱਖ ਧਰਮ ਵਿੱਚ ਅਜਿਹੇ ਕੋਈ ਭਰਮ ਨਹੀਂ, ਅਤੇ ਹਰ ਨੇਕ ਪੁਰਸ਼, ਭਾਵੇਂ ਉਹ ਕਿਸੇ ਜਾਤ ਅਤੇ ਮਤ ਦਾ ਹੋਵੇ, ਵਡਿਆਈ ਅਤੇ ਸਤਿਕਾਰ ਯੋਗ ਹੈ।

ਬਾਣੀ ਦੀ ਤਰਤੀਬ

ਬਾਣੀ ਦੀ ਤਰਤੀਬ ਰਾਗਾਂ ਅਨੁਸਾਰ ਕੀਤੀ ਗਈ ਹੈ। ਪਹਿਲੇ ਮਹਲਾ ੧ ਦੇ ਸ਼ਬਦ ਪਹਲਾਂ ਆਉਂਦੇ ਹਨ। ਫਿਰ ਦੂਜੇ ਮਹਲਾ ੨ ਦੇ ਸ਼ਬਦ ਅਤੇ ਇਸੇ ਤਰ੍ਹਾਂ ਹੋਰ ਗੁਰੂ ਸਾਹਿਬਾਨ ਦੇ ਸ਼ਬਦ ਆਉਂਦੇ ਹਨ। ਗੁਰਬਾਣੀ ਪਿਛੋਂ ਭਗਤਾਂ ਤੇ ਸੰਤਾਂ ਦੀ ਬਾਣੀ ਨੂੰ ਚੜ੍ਹਾਇਆ ਗਿਆ ਹੈ। ਇਨ੍ਹਾਂ ਦੀ ਬਾਣੀ ਚੜ੍ਹਾਉਣ ਵਿੱਚ ਅਜਿਹੀ ਤਰਤੀਬ ਨਹੀਂ ਰੱਖੀ ਗਈ ਕਿ ਪਹਿਲਾਂ ਹੋਏ ਭਗਤਾਂ ਦੀ ਬਾਣੀ ਪਹਿਲਾਂ ਆਵੇ ਤੇ ਮਗਰੋਂ ਹੋਇਆਂ ਦੀ ਪਿਛੋਂ। ਸੱਤਾ ਰਬਾਬੀ ਵੀ ਗੁਰੂ ਜੀ ਪਾਸ ਆਇਆ ਜਿਸ ਨੇ ਗੁਰੂ ਰਾਮਦਾਸ ਜੀ ਦੇ ਆਕੇ ਦਰਸ਼ਨ ਕੀਤੇ ਸਨ ਅਤੇ ਬਲਵੰਡ ਦੀ ਆਰੰਭ ਕੀਤੀ ਹੋਈ ਲੰਮੀ ਵਾਰ ਨੂੰ ਉਸਨੇ ਗੁਰੂ ਅਰਜਨ ਦੇਵ ਜੀ ਦੀ ਉਸਤਤ ਵਿਚ ਹੇਠ ਲਿਖੀ ਪਉੜੀ ਉਚਾਰਕੇ ਸੰਪੂਰਨ ਕੀਤਾ—

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥
ਆਪੀਨੈ ਆਪ ਸਾਜਿਓਨੁ ਆਪੇ ਹੀ ਥੰਮ੍ਹਿ ਖਲੋਆ॥
ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ॥
ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ॥
ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੇਆ॥
ਉਗਵਣਹੁ ਤੇ ਆਥਵਣਹੁ ਚਹੁ ਚਕੀ ਕੀਅਨੁ ਲੋਆ॥
ਜਿਨੀ ਗੁਰੂ ਨ ਸੇਵਿਓ ਮਨਮੁਖਾ ਪਇਆ ਮੋਆ॥
ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ॥

ਚਾਰੇ ਜਾਗੇ ਜਹੁ ਜੁਗੀ ਪੰਚਾਇਣੁ ਆਪੇ ਹੋਆ ॥੮॥ *(ਆਃ ਗ੍ਰੰਃ ਪੰਃ ੯੬੮)*

(ਰਾਮਕਲੀ ਟਿਕੇ ਦੀ ਵਾਰ ਪਉੜੀ ੮)

ਕਾਹਨਾ, ਛੱਜੂ ਭਗਤ, ਸ਼ਾਹ ਹੁਸੈਨ ਅਤੇ ਪੀਲੂ ਚਾਰੇ ਲਾਹੌਰ ਦੇ ਧਰਮੀ ਪੁਰਸ਼ ਵੀ ਗੁਰੂ ਜੀ ਪਾਸ ਆਏ ਅਤੇ ਬੇਨਤੀ ਕਰਨ ਲੱਗੇ ਕਿ ਸਾਡੀ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਨ ਦੇਵੋ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਆਪਣੀਆਂ ਰਚਨਾਵਾਂ ਦੀ ਵੰਨਗੀ ਸੁਣਾਉ। ਕਾਹਨੇ ਨੇ ਪਹਿਲਾਂ ਆਪਣੀ ਰਚਨਾ ਪੜ੍ਹੀ :—

ਉਹੀ ਰੇ ਮੈਂ ਉਹੀ ਰੇ॥

ਜਾਕਉ ਬੇਦ ਪੁਰਾਨ ਸਭ ਗਾਵੈ ਖੋਜਤ ਖੋਜ ਨ ਕੋਈ ਰੇ॥

ਕਾਹਨੇ ਦਾ ਆਪਣੇ ਆਪ ਨੂੰ ਬ੍ਰਹਮ ਦਸਣਾ, ਗੁਰੂ ਜੀ ਨੇ ਇੱਕ ਵੱਡਾ ਕੁਫਰ ਜਾਣਕੇ, ਇਸ ਸ਼ਬਦ ਨੂੰ ਝੱਟ ਰੱਦ ਕਰ ਦਿੱਤਾ। ਛੱਜੂ ਭਗਤ ਦੀ ਰਚਨਾ ਇਸ ਤਰ੍ਹਾਂ ਸੀ:—

ਛੱਜੂ ਵਾਰ :—

"ਕਾਗਦ ਸੰਦੀ ਪੁਤਲੀ ਤਊ ਨ ਤ੍ਰਿਯਾ ਨਿਹਾਰ॥

ਯੌਂ ਹੀ ਮਾਰ ਲਿਜਾਵਹੀ ਜਥਾ ਬਿਲੋਚਨ ਧਾੜ।"

ਇਸ ਵਿੱਚ ਇਸਤ੍ਰੀ ਜਾਤੀ ਦੀ ਬਹੁਤ ਨਿਖੇਧੀ ਹੋਣ ਕਰਕੇ ਗੁਰੂ ਜੀ ਨੇ ਇਸ ਨੂੰ ਪ੍ਰਵਾਨ ਨਾ ਕੀਤਾ। ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ ਗ੍ਰਿਹਸਤ ਮਾਰਗ ਸਭ ਤੋਂ ਚੰਗਾ ਹੈ ਅਤੇ ਗੁਰੂ ਜੀ ਨਹੀਂ ਸੀ ਚਾਹੁੰਦੇ ਕਿ ਇਸਤ੍ਰੀਆਂ ਦੀ ਕਦਰ ਨੂੰ ਘਟਾਇਆ ਜਾਏ।

ਇਸ ਮਗਰੋਂ ਸ਼ਾਹ ਹੁਸੈਨ ਦੀ ਵਾਰੀ ਆਈ, ਉਸਦੀ ਰਚਨਾ ਇਸ ਪ੍ਰਕਾਰ ਸੀ :—

"ਚੁਪ ਵੇ ਅੜਿਆ ਚੁਪ ਵੇ ਅੜਿਆ॥

ਬੋਲਣ ਦੀ ਨਹੀਂ ਜਾਇ ਵੇ ਅੜਿਆ॥੧॥ ਰਹਾਉ॥

ਸਜਣਾ ਬੋਲਣ ਦੀ ਜਾਇ ਨਾਂਹੀ॥

ਅੰਦਰਿ ਬਾਹਰਿ ਇਕਾ ਸਾਂਈ ਕਿਸ ਨੂੰ ਆਖ ਸੁਣਾਈ॥

ਇਕੋ ਦਿਲਬਰ ਸਭ ਘਟ ਰਵਿਆ ਦੂਜੀ ਨਹੀਂ ਕਦਾਈਂ॥

ਕਹੈ ਹੁਸੈਨ ਫਕੀਰ ਨਿਮਾਣਾ ਸਤਿਗੁਰ ਥੋਂ ਬਲਿ ਜਾਈਂ॥"

ਗੁਰੂ ਅਰਜਨ ਦੇਵ ਜੀ ਨੇ ਇਹ ਇਸ ਕਾਰਨ ਪ੍ਰਵਾਨ ਨਾ ਕੀਤੀ ਕਿ ਮਹਾਰਾਜ ਧਰਮੀ ਪੁਰਸ਼ਾਂ ਦਾ ਇਹ ਧਰਮ ਨਹੀਂ ਸੀ ਸਮਝਦੇ ਕਿ ਉਹ ਉਸ ਸੰਦੇਸ਼ ਨੂੰ ਲੁਕਾਈ ਰੱਖਣ, ਜਿਸ ਨੂੰ ਦੇਣ ਲਈ ਸੰਸਾਰ ਵਿੱਚ ਵਾਹਿਗੁਰੂ ਨੇ ਉਨ੍ਹਾਂ ਨੂੰ ਭੇਜਿਆ ਹੈ।

ਪੀਲੂ, ਜਿਸ ਨੇ ਸਭ ਤੋਂ ਪਿੱਛੇ ਗੁਰੂ ਗ੍ਰੰਥ ਸਾਹਿਬ ਵਿੱਚ ਅਮਰ ਹੋਣ ਦਾ ਮਾਨ ਪ੍ਰਾਪਤ ਕਰਨਾ ਚਾਹਿਆ, ਇਉਂ ਬੋਲਿਆ :—

"ਪੀਲੋ ਅਸਾਂ ਨਾਲੋਂ ਸੇ ਭਲੇ ਜੰਮਦਿਆਂ ਹੀ ਮੁਏ॥

ਉਨ੍ਹਾਂ ਚਿਕੜ ਪਾਵ ਨ ਬੋੜਿਆ ਨਾ ਆਲੂਦ ਭਏ॥"

ਇਹ ਭੀ ਗੁਰੂ ਜੀ ਨੇ ਇਸ ਕਾਰਨ ਅਪ੍ਰਵਾਨ ਕੀਤੀ ਕਿ ਉਹ ਆਦਮੀ ਜਿਹੜਾ ਆਪਣੇ ਜੀਵਨ ਨੂੰ ਸਫਨ ਕਰਨ ਲਈ ਦੁਨੀਆਂ ਦੇ ਨਾਲ ਟਾਕਰਾ ਕਰਦਾ ਹੈ, ਉਸ ਆਦਮੀ ਕੋਲੋਂ ਚੰਗਾ ਹੈ, ਜਿਹੜਾ ਅਰੰਭ ਵਿੱਚ ਹੀ ਇਸ ਸੰਸਾਰਕ ਦ੍ਰਿਸ਼ ਨੂੰ ਛੱਡ ਦੇਂਦਾ ਹੈ।

ਕਾਂਸ਼ੀ ਦੇ ਦੋ ਵਿਦਵਾਨਾਂ ਨੂੰ ਉਪਦੇਸ਼

ਕਾਂਸ਼ੀ ਦੇ ਦੋ ਬਿਰਧ ਵਿਦਵਾਨ ਪੰਡਤ ਕ੍ਰਿਸ਼ਨ ਲਾਲ ਅਤੇ ਹਰ ਲਾਲ, ਗੁਰੂ ਜੀ ਦੇ ਦਰਸ਼ਨ ਕਰਨ ਆਏ। ਉਹ ਮਹਾਰਾਜ ਨੂੰ ਕਹਿਣ ਲੱਗੇ ਕਿ ਗੁਰੂ ਨਾਨਕ ਦੇਵ ਜੀ ਨੇ ਸਾਡੇ ਪਵਿੱਤਰ ਸ਼ਹਿਰ ਵਿੱਚ ਆਉਣ ਸਮੇਂ ਸਾਨੂੰ ਬਹੁਤ ਉਪਦੇਸ਼ ਕੀਤਾ ਸੀ। ਉਹ ਉਪਦੇਸ਼ ਹੁਣ ਆਸਾ ਦੀ ਵਾਰ ਵਿੱਚ ਆ ਚੁੱਕਾ ਹੈ। ਅਤੇ ਲੋਕਾਂ ਦੀ ਸਾਂਝੀ ਸੰਪਤੀ ਬਣ ਚੁੱਕੀ ਹੈ। ਪਰ ਅਸੀਂ ਆਪ ਪਾਸ ਹਾਜ਼ਰ ਹੋਏ ਹਾਂ ਕਿ ਸਾਨੂੰ ਖਾਸ ਉਪਦੇਸ਼ ਦੇਵੋ, ਜਿਹੜਾ ਸਾਡੀ ਆਪਣੀ ਨਿਜ ਦੀ ਹਾਲਤ ਲਈ ਠੀਕ ਹੋਵੇ। ਗੁਰੂ ਜੀ ਨੇ ਉਨ੍ਹਾਂ ਦੇ ਸੁਧਾਰ ਲਈ "ਸਹਸਕ੍ਰਿਤੀ ਸਲੋਕ" ਉਚਾਰਣ ਕੀਤੇ। ਇਹ ਸਲੋਕ ਇਕ ਪ੍ਰਕਾਰ ਦੀ ਪ੍ਰਾਕਿਰਤ (ਬੋਲੀ) ਵਿਚ ਲਿਖੇ ਗਏ ਹਨ। ਇਨ੍ਹਾਂ ਸਲੋਕਾਂ ਨਾਲ ਮਹਾਰਾਜ ਨੇ ਪਿਛੋਂ ਗਾਥਾ ਮਿਲਾਈ, ਜਿਹੜੀ ਹੁਣ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿੱਚ ਮਿਲਦੀ ਹੈ।

ਗੁਰੂ ਜੀ ਭਾਈ ਗੁਰਦਾਸ ਦੀ ਬਾਣੀ ਨੂੰ ਬੜਾ ਸਲਾਹੁੰਦੇ ਸਨ ਅਤੇ ਸ਼ਾਇਦ ਆਪਣੇ ਵਿਦਵਾਨ ਤੇ ਗੁਣਵਾਨ ਲਿਖਾਰੀ ਦੀ ਪ੍ਰੀਖਿਆ ਕਰਨ ਲਈ ਉਨ੍ਹਾਂ ਨੂੰ ਕਿਹਾ ਕਿ ਆਪ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਚੜ੍ਹਾਇਆ ਜਾਵੇ, ਪਰ ਭਾਈ ਗੁਰਦਾਸ ਜੀ ਕਹਿਣ ਲੱਗੇ ਕਿ ਉਹ ਅਜਿਹੇ ਮਾਣ ਦੇ ਯੋਗ ਨਹੀਂ ਹਨ। ਗੁਰੂ ਜੀ ਨੇ ਭਾਈ ਜੀ ਦੀ ਨਿਮਰਤਾ ਅਤੇ ਗੁਣਾਂ ਦੀ ਸ਼ਲਾਘਾ ਕੀਤੀ ਅਤੇ ਫੁਰਮਾਇਆ ਕਿ ਜੋ ਕੋਈ ਆਪਦੀ ਬਾਣੀ ਪੜ੍ਹੇਗਾ ਉਹ ਆਤਮਕ ਲਾਭ ਅਤੇ ਸਤਿਗੁਰਾਂ ਦੀ ਪਵਿੱਤਰ ਸਿੱਖਿਆ ਪ੍ਰਾਪਤ ਕਰੇਗਾ ਤੇ ਉਸਨੂੰ ਸਿੱਖੀ ਸਿਦਕ ਪ੍ਰਾਪਤ ਹੋਵੇਗਾ।

ਕਈ ਭੱਟ, ਜਿਨ੍ਹਾਂ ਨੇ ਸਿੱਖੀ ਧਰਮ ਧਾਰਨ ਕੀਤਾ ਹੋਇਆ ਸੀ, ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਮਹਾਰਾਜ ਦੀ ਤੇ ਪਹਿਲੇ ਸਤਿਗੁਰਾਂ ਦੀ ਉਸਤਤ ਵਿੱਚ ਸਵੱਈਏ ਪੇਸ਼ ਕੀਤੇ। ਗੁਰੂ ਜੀ ਨੇ ਕ੍ਰਿਪਾ ਕਰਕੇ ਅਜੇਹੀਆਂ ਰਚਨਾਵਾਂ ਨੂੰ ਪਵਿੱਤਰ ਬੀੜ ਵਿੱਚ ਜਗ੍ਹਾ ਦਿੱਤੀ।

ਜਦ (ਗ੍ਰੰਥ ਸਾਹਿਬ ਵਿੱਚ) ਸਾਰੀ ਚੜ੍ਹਾਉਣ ਵਾਲੀ ਬਾਣੀ ਦਾ ਫੈਸਲਾ ਕਰ ਲਿਆ, ਤਾਂ ਗੁਰੂ ਜੀ ਆਪਣੇ ਤੰਬੂ ਅੰਦਰ ਬੈਠ ਗਏ ਅਤੇ ਭਾਈ ਗੁਰਦਾਸ ਜੀ ਪਾਸੋਂ ਬਾਣੀ ਲਿਖਵਾਈ। ਬਹੁਤ ਸਮੇਂ ਅਤੇ ਮਿਹਨਤ ਪਿਛੋਂ ਭਾਦਰੋਂ ਸੁਧੀ ਪਹਿਲੀ ਸੰਮਤ ੧੬੬੧ ਬਿ: ਮੁਤਾਬਕ ੧੬੦੪ ਈ: ਨੂੰ ਬੀੜ ਸੰਪੂਰਣ ਹੋਈ। ਫਿਰ ਗੁਰੂ ਜੀ ਨੇ ਅੰਤ ਵਿੱਚ ਮੁੰਦਾਵਣੀ ਲਿਖ ਕੇ ਆਪਣੀ ਮੋਹਰ ਲਾਈ। ਇਹ ਮੁੰਦਾਵਣੀ ਹੇਠਾਂ ਲਿਖੀ ਜਾਂਦੀ ਹੈ—

ਥਾਲ ਵਿਚਿ ਤਿੰਨਿ ਵਸਤੂ ਪਈਓ ਸੰਤੁ ਸੰਤੋਖੁ ਵੀਚਾਰ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥
ਇਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥੧॥

(ਆ: ਗ੍ਰੰ: ਪੰ: ੧੪੨੯) (ਮੁੰਦਾਵਣੀ ਮਹਲਾ ੫)

ਇਸਦੇ ਪਿਛੋਂ ਗੁਰੂ ਜੀ ਨੇ ਆਪਣੀ ਨਿਮਰਤਾ ਪ੍ਰਗਟ ਕਰਦੇ ਹੋਇਆਂ ਹੇਠ ਲਿਖਿਆ ਸਲੋਕ ਚੜ੍ਹਾਇਆ—

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥
ਮੈ ਨਿਰਗੁਣਿਆਰੇ ਕੋ ਗੁਣੁ ਨਹੀ ਆਪੈ ਤਰਸੁ ਪਇਓਈ॥
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੇ ਹਰਿਆ॥੧॥ (ਸਲੋਕ ਮਹਲਾ ੫)
(ਆਃ ਗ੍ਰੰਃ ਪੰਃ ੧੪੨੯)

ਰਾਗਮਾਲਾ

ਇਕ ਆਲਮ ਨਾਮੇ ਮੁਸਲਮਾਨ ਕਵੀ ਨੂੰ ੯੯੧ ਹਿਜ਼ਰੀ, ਮੁਤਾਬਕ ੧੫੮੩ ਈਃ 'ਮਾਧਵਾ ਨਲ ਸੰਗੀਤ' ਨਾਮੇ ਪੁਸਤਕ ੩੫੩ ਛੰਦਾਂ ਦੀ ਲਿਖੀ, ਜਿਸਦਾ ਆਮ ਤੌਰ ਤੇ ਹਰ ਇਕ ਛੰਦ ਚਾਰ ਤੋਂ ਲੈਕੇ ਛੇ ਸਤਰਾਂ ਦਾ ਹੈ।

ਇਸ ਪੁਸਤਕ ਦਾ ਭਾਵ ਇਹ ਹੈ ਕਿ ਇਸ ਵਿਚ ਮਾਧਵਾ ਨਲ ਅਤੇ ਇਕ ਇਸਤ੍ਰੀ ਕਾਮਕੰਦਲਾ ਦੇ ਪਿਆਰ ਦਾ ਸਮਾਚਾਰ ਹੈ।[1] ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿੱਚ ਰਾਗਮਾਲਾ ਲਿਖੀ ਹੋਈ ਹੈ ਅਤੇ ਇਸ ਵਿੱਚ ਰਾਗਾਂ, ਰਾਗਨੀਆਂ ਤੇ ਉਨ੍ਹਾਂ ਦੀਆਂ ਅੱਗੋਂ ਹੋਰ ਵੰਡਾਂ ਦੀ ਸੂਚੀ ਦਿੱਤੀ ਹੈ। ਇਹ ਰਾਗ ਮਾਲਾ ਆਲਮ ਦੀ ਲਿਖੀ ਪੁਸਤਕ ਦਾ ਇਕ ਹਿੱਸਾ ਹੈ ਜੋ ਉਸਦੇ ੬੩ ਤੋਂ ਲੈਕੇ ੭੨ ਛੰਦ ਤੱਕ ਹੈ।

ਇਹ ਸਮਝ ਨਹੀਂ ਆਉਂਦੀ ਕਿ ਇਹ (ਰਾਗਮਾਲਾ) ਪਵਿੱਤਰ ਬੀੜ ਵਿੱਚ ਕਿਵੇਂ ਚੜ੍ਹਾਈ ਗਈ। ਰਾਗਮਾਲਾ ਵਿੱਚ ਲਿਖੇ ਰਾਗ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਨਾਲ ਨਹੀਂ ਮਿਲਦੇ।

ਹਰਮੰਦਰ ਸਾਹਿਬ ਵਿਚ ਬੀੜ ਅਸਥਾਪਨ ਕਰਨੀ

ਗੁਰੂ ਜੀ ਨੇ ਆਪਣੇ ਸਭ ਸਿੱਖਾਂ ਨੂੰ ਸੱਦਾ ਦਿੱਤਾ ਕਿ ਇਸ ਵਡਮੁਲੀ ਬੀੜ ਦੇ, ਜਿਹੜੀ ਇਤਨੀ ਔਖੀ ਤੇ ਕਰੜੀ ਮਿਹਨਤ ਦਾ ਫਲ ਸੀ ਆਕੇ ਦਰਸ਼ਨ ਕਰਨ ਅਤੇ ਆਪਣੀ ਘਾਲ ਪੂਰਾ ਹੋਣ ਉੱਤੇ ਵਾਹਿਗੁਰੂ ਦੇ ਧੰਨਵਾਦ ਵਿੱਚ ਉਨ੍ਹਾਂ ਨੂੰ ਕੜਾਹ ਪ੍ਰਸ਼ਾਦ ਵੰਡਿਆ। ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਭਾਈ ਬੁਢਾ ਅਤੇ ਭਾਈ ਗੁਰਦਾਸ ਜੀ ਦੀ ਸਲਾਹ ਨਾਲ ਹਰਮੰਦਰ ਸਾਹਿਬ ਵਿੱਚ ਪ੍ਰਕਾਸ਼ ਕੀਤਾ ਗਿਆ।

ਆਪਣੇ ਕੰਮ ਦੇ ਸਮਾਪਤ ਹੋਣ ਤੇ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਜੀ ਸਤਿਗੁਰਾਂ ਦਾ ਸਰੂਪ ਹਨ ਅਤੇ ਇਸ ਲਈ ਇਨ੍ਹਾਂ ਦਾ ਬਹੁਤ ਸਨਮਾਨ ਕਰਨਾ ਚਾਹੀਦਾ ਹੈ। ਫਿਰ ਗੁਰੂ ਜੀ ਵਿਚਾਰ ਕਰਨ ਲੱਗੇ ਕਿ ਇਹ ਪਵਿੱਤਰ ਬੀੜ ਕਿਸ ਨੂੰ ਸੌਂਪੀ ਜਾਏ।

ਗੁਰੂ ਜੀ ਨੇ ਸੋਚਿਆ ਕਿ ਬੇਦੀ, ਤ੍ਰੇਹਣ, ਭੱਲੇ ਤੇ ਸੋਢੀ ਜੋ ਕਿ ਗੁਰੂਆਂ ਦੀਆਂ ਜਾਤਾਂ ਵਿਚੋਂ ਸਨ ਜੇ ਇਨ੍ਹਾਂ ਨੂੰ ਸੌਂਪੀਏ ਤਾਂ ਉਹ ਅਭਿਮਾਨੀ ਹੋ ਜਾਣਗੇ ਅਤੇ ਆਪਣੇ ਨਾਲ

1. ਇਨ੍ਹਾਂ ਹੀ ਦੋ ਪ੍ਰੀਤਵਾਨਾਂ ਦਾ ਹਾਲ ੯੧ ਚਰਿੱਤਰ ਵਿੱਚ ਦਸਮ ਗ੍ਰੰਥ ਵਿੱਚ ਲਿਖਿਆ ਹੈ।

ਦਿਆਂ ਕੋਲੋਂ ਆਪਣੇ ਆਪਨੂੰ ਬਹੁਤ ਉੱਚਾ ਸਮਝਣ ਲੱਗ ਪੈਣਗੇ, ਜਾਂ ਉਹ ਸ਼ਾਇਦ, ਆਪਸ ਦੀ ਈਰਖਾ ਅਤੇ ਝਗੜਿਆਂ ਦੇ ਕਾਰਨ, ਗੁਰੂ ਗ੍ਰੰਥ ਸਾਹਿਬ ਜੀ ਦਾ ਅਪਮਾਨ ਕਰਨ। ਇਸ ਲਈ ਮਹਾਰਾਜ ਨੇ ਫੈਸਲਾ ਕੀਤਾ ਕਿ ਭਾਈ ਬੁਢਾ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਹਨ ਜਿਨ੍ਹਾਂ ਦੇ ਪ੍ਰੇਮ ਦੀ ਕਈ ਵਾਰ ਪ੍ਰੀਖਿਆ ਕੀਤੀ ਜਾ ਚੁੱਕੀ ਹੈ ਅਤੇ ਜਿਹੜੇ ਇਸ ਕੰਮ ਨੂੰ ਸਨਮਾਨ ਅਤੇ ਪਿਆਰ ਨਾਲ ਨਿਭਾਣਗੇ, ਬੀੜ ਇਨ੍ਹਾਂ ਨੂੰ ਸੌਂਪੀ ਜਾਵੇ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਿੱਤੇ ਉਪਦੇਸ਼ਾਂ ਨਾਲ ਹੀ ਗੁਰੂ ਜੀ ਨੇ ਸਿੱਖਾਂ ਦੇ, ਦੇਹਾਂਤ ਸਮੇਂ ਅਤੇ ਮੰਗਲਾਚਾਰ ਸਮੇਂ ਕਰਨ ਵਾਲੀਆਂ ਗੀਤਾਂ ਬਧੀਆਂ।

ਜਦ ਭਾਈ ਬੁੱਢਾ ਜੀ ਨੇ ਹਰਮੰਦਰ ਸਾਹਿਬ ਵਿੱਚ ਪਹਿਲੀ ਵਾਰ ਵਾਕ ਲੈਣ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਤਾਂ ਉਨ੍ਹਾਂ ਦੀ ਨਿਗ੍ਹਾ ਉਸ ਸ਼ਬਦ ਉਪਰ ਪਈ, ਜਿਹੜਾ ਇਉਂ ਅਰੰਭ ਹੁੰਦਾ ਹੈ : **"ਵਿਚਿ ਕਰਤਾ ਪੁਰਖੁ ਖਲੋਆ।"** ਭਾਈ ਬੁਢਾ ਜੀ ਨੇ ਇਸ ਸ਼ਬਦ ਨੂੰ ਸ਼ੁਭ ਅਤੇ ਬੀੜ ਬੰਨ੍ਹਣ ਤੇ ਠੀਕ ਢੁਕਣ ਵਾਲਾ ਖਿਆਲ ਕੀਤਾ।

ਭਾਈ ਬੰਨੋ ਜੀ

ਭਾਈ ਬੰਨੋ ਪੰਜਾਬ ਦੇ ਜ਼ਿਲਾ ਗੁਜਰਾਤ ਵਿਚ ਮਾਂਗਟ ਨਾਮ ਪਿੰਡ ਦਾ ਰਹਿਣ ਵਾਲਾ ਸੀ ਅਤੇ ਇਸ ਕੰਮ ਵਿਚ ਬੜੀ ਦਿਲਚਸਪੀ ਲੈਂਦਾ ਸੀ। ਉਹ ਬਹੁਤ ਸਾਰੀ ਸੰਗਤ ਨਾਲ ਲੈਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਆਇਆ। ਇਸ ਨੂੰ ਵੇਖ ਕੇ ਭਾਈ ਬੰਨੋ ਦੇ ਮਨ ਵਿੱਚ ਤੀਬਰ ਇੱਛਾ ਉਪਜੀ ਅਤੇ ਸੋਚਣ ਲੱਗਾ ਕਿ ਕਿਸ ਤਰ੍ਹਾਂ ਇਸ ਵਡਮੁੱਲੀ ਬੀੜ ਨੂੰ ਪ੍ਰਾਪਤ ਕਰਾਂ। ਉਹ ਗੁਰੂ ਜੀ ਅੱਗੇ ਬੇਨਤੀ ਕਰਨ ਲੱਗਾ ਕਿ ਮੈਨੂੰ ਕੁਝ ਚਿਰ ਲਈ ਬੀੜ ਬਖਸ਼ੋ ਤਾਂ ਕਿ ਮੈਂ ਆਪ ਦੀਆਂ ਸੰਗਤਾਂ ਨੂੰ ਦਰਸ਼ਨ ਕਰਾਵਾਂ। ਗੁਰੂ ਜੀ ਪ੍ਰਤਖ ਕਾਰਣਾਂ ਕਰਕੇ ਉੱਕਾ ਹੀ ਬੀੜ ਨਹੀਂ ਦੇਣੀ ਚਾਹੁੰਦੇ ਸਨ, ਪਰ ਅੰਤ ਵਿਚ ਬੇਨਤੀਆਂ ਕਰਨ ਪਰ ਮੰਨ ਗਏ। ਗੁਰੂ ਜੀ ਨੇ ਭਾਈ ਬੰਨੋ ਨੂੰ ਹੁਕਮ ਕੀਤਾ ਕਿ ਤੁਸੀਂ ਰਾਹ ਵਿੱਚ ਸਿੱਖਾਂ ਲਈ ਪਾਠ ਕਰ ਸਕਦੇ ਹੋ, ਪਰ ਇੱਕ ਰਾਤ ਤੋਂ ਵਧੀਕ ਸਮੇਂ ਲਈ ਆਪਣੇ ਪਿੰਡ ਨਹੀਂ ਰੱਖ ਸਕਦੇ। ਭਾਈ ਨੇ ਆਪਣਾ ਪੈਂਡਾ ਛੇਤੀ ਕਰਨ ਦੀ ਥਾਂ, ਹੌਲੀ ਕਰ ਦਿੱਤਾ ਤੇ ਨਿੱਕੀਆਂ-ਨਿੱਕੀਆਂ ਮੰਜ਼ਲਾਂ ਕੀਤੀਆਂ। ਇਸ ਤਰ੍ਹਾਂ ਵਾਪਸ ਦੇਣ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਾ ਉਤਾਰਾ ਪ੍ਰਾਪਤ ਕਰਨ ਦਾ ਉਪਾ ਕਰ ਲਿਆ। ਆਪਣੇ ਉਤਾਰੇ ਵਿਚ ਭਾਈ ਬੰਨੋ ਨੇ ਕੁਝ ਸ਼ਬਦ ਪਾ ਲਏ, ਜਿਹੜੇ ਗੁਰੂ ਜੀ ਨੇ ਛਡ ਦਿੱਤੇ ਸਨ। ਗੁਰੂ ਜੀ ਨੇ ਇਸ ਬਾਰੇ ਸੁਣ ਕੇ ਭਾਈ ਬੰਨੇ ਨੂੰ ਫੁਰਮਾਇਆ ਕਿ ਇਹ ਬੀੜ ਇਦਾਂ ਹੀ ਰਹੇ ਜਿਦਾਂ ਤੁਸੀਂ ਬਣਾਈ ਹੈ। ਇਕ ਹੋਰ ਸਾਖੀ ਇਉਂ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਭਾਈ ਬੰਨੇ ਨੂੰ ਲਾਹੌਰ ਤੋਂ ਜਿਲਦ ਬਨ੍ਹਾਉਣ ਲਈ ਦਿੱਤੇ ਗਏ, ਅਤੇ ਉੱਥੇ ਲੈ ਜਾਣ ਸਮੇਂ ਉਸਨੇ ਬਿਨਾਂ ਆਗਿਆ ਹੀ ਉਤਾਰਾ ਤਿਆਰ ਕਰਾ ਲਿਆ।

ਕਾਂਡ—50

ਭਾਈ ਮਾਧੋ ਜੀ ਨੂੰ ਕਸ਼ਮੀਰ ਭੇਜਿਆ

ਕਸ਼ਮੀਰ ਤੋਂ ਕੁਝ ਮੁਖੀ ਸਿੱਖਾਂ ਦਾ ਡੈਪੂਟੇਸ਼ਨ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਬੇਨਤੀ ਕੀਤੀ ਕਿ ਉਥੋਂ ਦੇ ਪੰਡਤ ਸਾਨੂੰ ਕਹਿੰਦੇ ਹਨ ਕਿ ਗੁਰਬਾਣੀ ਨੂੰ ਪੜ੍ਹਨਾ ਛਡ ਦਿਓ ਅਤੇ ਪਵਿੱਤਰ ਬਾਣੀ ਸੰਸਕ੍ਰਿਤ ਪੜ੍ਹੋ ਤੇ ਹਿੰਦੂ ਪੂਜਾ ਪਾਠ ਵੱਲ ਆਪਣਾ ਧਿਆਨ ਲਾਓ, ਨਹੀਂ ਤਾਂ ਅਸੀਂ ਤੁਹਾਡੇ ਨਾਲ ਕੋਈ ਵਰਤੋਂ ਨਹੀਂ ਰਖਾਂਗੇ। ਇਸ ਲਈ ਸਾਡੇ ਬੇਨਤੀ ਹੈ ਕਿ ਪੰਡਤਾਂ ਨੂੰ ਚੁਪ ਕਰਾਉਣ ਲਈ ਆਪਣਾ ਕੋਈ ਸਿੱਖ ਕਸ਼ਮੀਰ ਭੇਜੋ ਅਤੇ ਉਸ ਪਾਸੇ ਗੁਰਮਤਿ ਦਾ ਪ੍ਰਚਾਰ ਕਰੋ। ਇਹ ਸੁਣ ਕੇ ਗੁਰੂ ਜੀ ਨੇ ਭਾਈ ਮਾਧੋ ਨੂੰ ਇਸ ਜ਼ਰੂਰੀ ਕਾਰਜ ਲਈ ਭੇਜਿਆ ਅਤੇ ਉਸਨੂੰ ਹੁਕਮ ਕੀਤਾ ਕਿ ਕਸ਼ਮੀਰੀਆਂ ਨੂੰ ਜਾਕੇ ਇਸ ਤਰ੍ਹਾਂ ਉਪਦੇਸ਼ ਕਰੋ ਕਿ "ਅੰਮ੍ਰਿਤ ਵੇਲੇ ਉਠੋ, ਇਸ਼ਨਾਨ ਪਾਣੀ ਕਰੋ, ਗੁਰਬਾਣੀ ਦਾ ਪਾਠ ਕਰੋ ਅਤੇ ਕੀਰਤਨ ਕਰੋ, ਸਤਿਸੰਗ ਕਰੋ, ਗੁਰਪੁਰਬ ਮਨਾਓ, ਕੜਾਹ ਪ੍ਰਸ਼ਾਦ ਵਰਤਾਓ; ਸਿੱਖ ਧਰਮ ਦੇ ਕਾਰਜਾਂ ਲਈ ਆਪਣੀ ਕਮਾਈ ਵਿਚੋਂ ਦਸਵੰਧ ਕਢੋ, ਵੰਡ ਛਕੋ, ਮਿੱਠਾ ਬੋਲੋ, ਨਿਵ ਚਲੋ ਅਤੇ ਹੋਰ ਸਿੱਖੀ ਰੀਤਾਂ ਤੇ ਨਿਯਮਾਂ ਨੂੰ ਧਾਰਨ ਕਰੋ !"

ਭਾਈ ਤਿਲੋਕਾ ਜੀ

ਸੂਰਜ ਪ੍ਰਕਾਸ਼ ਦੇ ਕਰਤਾ ਨੇ ਗੁਰੂ ਜੀ ਦੇ ਉਪਦੇਸ਼ ਅਤੇ ਕਰਾਮਾਤੀ ਸ਼ਕਤੀ ਦਰਸਾਉਣ ਲਈ ਅਣਗਿਣਤ ਪ੍ਰਸੰਗ ਵਰਣਨ ਕੀਤੇ ਹਨ। ਇਕ ਤਿਲੋਕਾ ਨਾਮ ਦੇ ਸਿੱਖ ਨੇ, ਜਿਹੜਾ ਕਿ ਕਾਬਲ ਦੀ ਫੌਜ ਵਿੱਚ ਸਰਦਾਰ ਸੀ ਸਹਿਜ ਸੁਭਾ ਉਸ ਪਾਸੋਂ ਇਕ ਹਰਨੀ ਮਾਰੀ ਗਈ। ਹਰਨੀ ਨੂੰ ਚੀਰਣ ਉਤੇ ਉਸ ਦੇ ਪੇਟ ਵਿਚੋਂ ਦੋ ਬੱਚੇ ਨਿਕਲੇ। ਇਸ ਬੇਤਰਸੀ ਨਾਲ ਹਰਨੀ ਨੂੰ ਮਾਰਨ ਤੇ ਤਿਲੋਕਾ ਬੜਾ ਦੁਖੀ ਹੋਇਆ ਅਤੇ ਉਸ ਨੇ ਪ੍ਰਣ ਕੀਤਾ ਕਿ ਫਿਰ ਕਦੀ ਸ਼ਿਕਾਰ ਨਹੀਂ ਖੇਲਾਂਗਾ। ਇਸ ਆਪਣੇ ਅਹਿੰਸਾ ਦੇ ਪ੍ਰਣ ਨੂੰ ਨਿਭਾਉਣ ਹਿਤ ਭਾਈ ਤਿਲੋਕੇ ਨੇ ਫੈਸਲਾ ਕੀਤਾ ਕਿ ਅੱਗੇ ਨੂੰ ਲਕੜ ਦੀ ਤਲਵਾਰ ਪਹਿਨਿਆ ਕਰਾਂਗਾ। ਜਦ ਬਾਦਸ਼ਾਹ ਨੇ ਇਹ ਗੱਲ ਸੁਣੀ ਤਾਂ ਉਸ ਨੇ ਅਫ਼ਸਰਾਂ ਦੇ ਸ਼ਸਤ੍ਰ ਵੇਖਣ ਦੇ ਮਨੋਰਥ ਨਾਲ ਪਰੇਡ ਵੇਖਣ ਦਾ ਹੁਕਮ ਦਿੱਤਾ। ਭਾਈ ਤਿਲੋਕੇ ਨੇ ਆਪਣੀ ਸਹਾਇਤਾ ਲਈ ਗੁਰੂ ਜੀ ਦਾ ਸਿਮਰਨ ਕੀਤਾ, ਉਸਦੀ ਕਿਰਪਾਨ ਲਿਸ਼ਕਦੀ ਹੋਈ ਫੌਲਾਦ ਦੀ ਬਣ ਗਈ ਅਤੇ ਇਸ ਤਰ੍ਹਾਂ ਉਹ ਉਸ ਕਸੂਰ ਦੇ ਡੰਡ ਤੋਂ ਬਚ ਗਿਆ, ਜਿਹੜਾ ਫੌਜੀ ਨਿਯਮਾਂ ਅਨੁਸਾਰ ਘੋਰ ਅਪਰਾਧ ਗਿਣਿਆ ਜਾਣਾ ਸੀ।

ਭਾਈ ਕਟਾਰੂ

ਇਕ ਕਟਾਰੂ ਨਾਮ ਦਾ ਸਿੱਖ ਜਿਹੜਾ ਕਾਬਲ ਦੇ ਬਾਦਸ਼ਾਹ ਦਾ ਧੜਵਾਈ ਸੀ, ਗੁਰੂ ਜੀ ਦੀ ਹਜ਼ੂਰੀ ਵਿਚ ਆਇਆ। ਜਦ ਉਸ ਨੇ ਗੁਰੂ ਜੀ ਨੂੰ ਉਪਦੇਸ਼ ਦੇਣ ਲਈ ਬੇਨਤੀ ਕੀਤੀ ਤਾਂ ਮਹਾਰਾਜ ਨੇ ਫੁਰਮਾਇਆ ਕਿ ਤੂੰ ਪੂਰਾ ਤੋਲਿਆ ਕਰ ਅਤੇ ਆਪਣਾ ਕੰਮ ਇਮਾਨਦਾਰੀ ਨਾਲ ਕਰਿਆ ਕਰ। ਜਦ ਉਹ ਕਾਬਲ ਵਿੱਚ ਆਪਣੇ ਕੰਮ ਤੇ ਵਾਪਸ ਆਇਆ ਤਾਂ ਇਕ ਬਾਣੀਏ ਜਾਂ ਮਾਮੂਲੀ ਹਟਵਾਣੀਏ ਨੇ ਬੁਰੇ ਇਰਾਦੇ ਤੇ ਵੈਰ ਭਾਵ ਨਾਲ ਉਸਦੀ ਹੱਟੀ ਵਿੱਚ ਘੱਟ ਤੋਲ ਦਾ ਵੱਟਾ ਰੱਖ ਦਿੱਤਾ। ਭਾਈ ਕਟਾਰੂ ਅਣਜਾਣ-ਪੁਣੇ ਵਿਚ ਉਸ ਨੂੰ ਵਰਤਦਾ ਰਿਹਾ। ਉਹ ਬਨੀਆ ਕਟਾਰੂ ਦੇ ਵਿਰੁਧ ਬਾਦਸ਼ਾਹ ਪਾਸ ਚੁਗਲੀ ਕਰਨ ਲਈ ਗਿਆ। ਬਾਦਸ਼ਾਹ ਨੇ ਤੋਲਣ ਵਾਲੇ ਵੱਟਿਆਂ ਦੀ ਪ੍ਰੀਖਿਆ ਕਰਨ ਦੀ ਸਲਾਹ ਕੀਤੀ ਅਤੇ ਜਦ ਭਾਈ ਕਟਾਰੂ ਨੇ ਇਹ ਸੁਣਿਆ ਤਾਂ ਉਸਨੇ ਗੁਰੂ ਜੀ ਅੱਗੇ ਅਰਦਾਸ ਕੀਤੀ ਕਿ ਮੇਰੀ ਰਖਿਆ ਕਰੋ। ਗੁਰੂ ਜੀ ਅੰਮ੍ਰਿਤਸਰ ਸਨ, ਉਨ੍ਹਾਂ ਨੇ ਆਪਣੀ ਅੰਤਰਯਾਮਤਾ ਦੁਆਰਾ ਉਸਦੇ ਦੁਖ ਦਾ ਅਨੁਭਵ ਕੀਤਾ। ਉਸ ਵੇਲੇ ਇਕ ਗਰੀਬ ਸਿੱਖ ਪੰਜ ਪੈਸਿਆਂ ਦੀ ਤੁਛ ਭੇਟਾ ਲੈਕੇ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ। ਉਸ ਸਮੇਂ ਕਾਬਲ ਵਿਚ ਬਾਦਸ਼ਾਹ ਕਟਾਰੂ ਦੇ ਤੋਲਾਂ ਦੀ ਪ੍ਰੀਖਿਆ ਕਰ ਰਿਹਾ ਸੀ। ਗੁਰੂ ਜੀ ਨੇ ਉਹ ਪੈਸੇ ਚੁਕ ਲਏ ਤੇ ਪੰਜ ਪੈਸੇ ਲੈਕੇ ਪਹਿਲਾਂ ਇਕ ਹੱਥ ਤੇ ਰੱਖੇ, ਫੇਰ ਦੂਜੇ ਤੇ। (ਕਾਬਲ ਵਿਚ) ਜਦ ਬਾਦਸ਼ਾਹ ਨੇ ਦੋਹਾਂ ਪਲੜਿਆਂ ਤੇ ਵੱਟਿਆਂ ਨੂੰ ਰੱਖਕੇ ਵੇਖਿਆ ਤਾਂ ਵੱਟੇ ਪੂਰੇ ਨਿਕਲੇ। ਇਕ ਸਿੱਖ ਦੇ ਪੁੱਛਣ ਤੇ ਗੁਰੂ ਜੀ ਨੇ ਇਸ ਤਰ੍ਹਾਂ ਕਰਨ ਦਾ ਭਾਵ ਸਮਝਾ ਦਿੱਤਾ। ਕਾਬਲ ਦੇ ਬਾਦਸ਼ਾਹ ਨੂੰ ਆਪਣੀ ਪ੍ਰੀਖਿਆ ਨਾਲ ਪੂਰੀ ਤਸੱਲੀ ਹੋ ਗਈ। ਭਾਈ ਕਟਾਰੂ ਜਦ ਦੂਜੀ ਵਾਰ ਅੰਮ੍ਰਿਤਸਰ ਦਰਸ਼ਨਾਂ ਨੂੰ ਆਇਆ ਤਾਂ ਉਸਨੇ ਗੁਰੂ ਜੀ ਦੇ ਬਚਨ ਨੂੰ ਹਰ ਤਰ੍ਹਾਂ ਨਾਲ ਠੀਕ ਦੱਸਿਆ।

ਭਾਈ ਚੂਹੜ ਦੀ ਸਾਖੀ

ਇਕ ਚੂਹੜ ਨਾਮ ਦਾ ਚੌਧਰੀ ਧਰਮ ਉਪਦੇਸ਼ ਲੈਣ ਲਈ ਗੁਰੂ ਜੀ ਪਾਸ ਆਇਆ। ਗੁਰੂ ਜੀ ਨੇ ਉਸ ਨੂੰ ਹੁਕਮ ਕੀਤਾ ਕਿ ਸਦਾ ਸੱਚ ਬੋਲਿਆ ਕਰ। ਚੌਧਰੀ ਕਹਿਣ ਲੱਗਾ ਕਿ ਮੇਰੇ ਵਰਗੀ ਹਾਲਤ ਵਿਚ ਰਹਿ ਕੇ ਕਿਸੇ ਆਦਮੀ ਲਈ ਵੀ ਝੂਠ ਦਾ ਤਿਆਗ ਅਸੰਭਵ ਹੈ। ਗੁਰੂ ਜੀ ਨੇ ਉਸਨੂੰ ਹੁਕਮ ਕੀਤਾ ਕਿ ਜਾਉ ਅਤੇ ਜਿਤਨੇ ਝੂਠ ਕਮਾਓ, ਜਾਂ ਭਲੇ ਕੰਮ ਕਰੋ, ਉਨ੍ਹਾਂ ਦਾ ਹਿਸਾਬ ਰੱਖੋ ਅਤੇ ਹਰ ਮਹੀਨੇ ਦੇ ਅਖੀਰ ਇਹ ਹਿਸਾਬ ਸਾਡੇ ਪਾਸ ਲੈ ਆਉ। ਪਹਿਲੇ ਮਹੀਨੇ ਵਿੱਚ ਭਲਾ ਕੰਮ ਕੋਈ ਨਹੀਂ ਸੀ ਅਤੇ ਝੂਠ ਬਹੁਤ ਸਾਰੇ ਸਨ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਆਪਣਾ ਹਿਸਾਬ ਖੁਲ੍ਹੇ ਦਰਬਾਰ ਵਿਚ ਪੜ੍ਹ ਅਤੇ ਸਭਨਾਂ ਵਿਚ ਆਪਣੇ ਪਾਪ ਮੰਨ। ਇਸ ਤੇ ਉਹ ਬੜਾ ਸ਼ਰਮਿੰਦਾ ਹੋਇਆ। ਦੂਜੇ ਮਹੀਨੇ ਵਿਚ ਉਸਦੇ ਝੂਠ ਅਤੇ ਭਲੇ ਕੰਮਾਂ ਦਾ ਹਿਸਾਬ ਚੰਗਾ ਸੀ, ਇਸ ਮਗਰੋਂ ਲਗਾਤਾਰ ਹਰ ਮਹੀਨੇ ਗੁਣਾਂ ਦਾ ਵਾਧਾ ਹੁੰਦਾ ਗਿਆ। ਆਖਰ ਅੱਠਵੇਂ ਮਹੀਨੇ ਕੋਈ ਵੀ ਝੂਠ ਨਾ ਨਿਕਲਿਆ ਅਤੇ

ਝੂਠ ਦਾ ਖਾਨਾ ਬਿਲਕੁਲ ਸਾਫ ਸੀ। ਤਾਂ ਗੁਰੂ ਜੀ ਨੇ ਉਸਦੇ ਪਾਪ ਨਵਿਰਤ ਕਰ ਦਿੱਤੇ ਤੇ ਉਸਨੂੰ ਚੌਰਾਸੀ ਤੋਂ ਮੁਕਤੀ ਬਖਸ਼ੀ।

ਤਿੰਨ ਹੋਰ ਸਿੱਖਾਂ ਦਾ ਨਿਸਤਾਰਾ

ਭਾਈ ਲਾਲੂ, ਬਾਲੂ ਅਤੇ ਹਰੀਦਾਸ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਸਾਡਾ ਨਿਸਤਾਰਾ ਕਿਸ ਤਰ੍ਹਾਂ ਹੋਵੇ ! ਗੁਰੂ ਮਹਾਰਾਜ ਨੇ ਫੁਰਮਾਇਆ : ਹੰਕਾਰ, ਮੋਹ ਅਤੇ ਈਰਖਾ ਨੂੰ ਤਿਆਗੋ, ਤੁਸੀਂ ਕਿਸੇ ਦਾ ਬੁਰਾ ਨਾ ਮੰਗੋ, ਇਸ ਤਰ੍ਹਾਂ ਤੁਹਾਡਾ ਬੁਰਾ ਵੀ ਕੋਈ ਨਹੀਂ ਮੰਗੇਗਾ। ਗੁਰੂ ਦੇ ਸਿੱਖਾਂ ਨੂੰ ਖਿੜੇ ਮੱਥੇ ਮਿਲੋ ਅਤੇ ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕਰੋ, ਨਿਵ ਚਲੋ, ਸਭਨਾਂ ਨੂੰ ਮਿੱਠਾ ਬੋਲੋ, ਵੰਡ ਛਕੋ, ਧਰਮ ਦੀ ਕਿਰਤ ਕਰਕੇ ਨਿਰਬਾਹ ਕਰੋ। ਇਸ ਉਪਦੇਸ਼ ਤੇ ਚਲਣ ਨਾਲ ਤੁਹਾਨੂੰ ਸੁਖ ਪ੍ਰਾਪਤ ਹੋਵੇਗਾ।

ਇਕ ਸਿਪਾਹੀ ਨੂੰ ਉਪਦੇਸ਼

ਇਕ ਸੂਰਮਾ ਸਿਪਾਹੀ ਗੁਰੂ ਜੀ ਪਾਸ ਆਤਮਕ ਸਿੱਖਿਆ ਲੈਣ ਲਈ ਆਇਆ। ਗੁਰੂ ਮਹਾਰਾਜ ਨੇ ਉਸਨੂੰ ਹੇਠ ਲਿਖਿਆ ਉਪਦੇਸ਼ ਦਿੱਤਾ : "ਜਿਸਨੇ ਬੀਰਤਾ ਦਾ ਧਰਮ ਧਾਰਨ ਕੀਤਾ ਹੈ ਉਸਨੂੰ ਸੰਗ੍ਰਾਮ ਵਿਚ ਨਿਰਭੈ ਹੋਣਾ ਚਾਹੀਦਾ ਹੈ। ਜਿਸਨੇ ਇਹ ਸੰਕਲਪ ਕੀਤਾ ਹੋਇਆ ਹੈ ਕਿ ਮੈਂ ਜਿੱਤਾਂਗਾ ਜਾਂ ਲੜਦਾ-ਲੜਦਾ ਮਰ ਜਾਵਾਂਗਾ ਅਤੇ ਜਿਹੜਾ ਮਰਨ ਸਮੇਂ ਸਤਿਨਾਮ ਹਿਰਦੇ ਵਿੱਚ ਧਾਰਨ ਕਰਦਾ ਹੈ, ਉਹ ਕਈ ਜਨਮਾਂ ਦੇ ਪਾਪ ਧੋ ਦੇਂਦਾ ਹੈ ਅਤੇ ਮੁਕਤੀ ਪ੍ਰਾਪਤ ਕਰਦਾ ਹੈ। ਵਾਹਿਗੁਰੂ ਦੇ ਸਿਮਰਨ ਤੋਂ ਬਿਨਾਂ ਕਿਸੇ ਨੂੰ ਸੂਰਮਿਆਂ ਦੀ ਪੁਰੀ ਵਿੱਚ ਜਗ੍ਹਾ ਨਹੀਂ ਮਿਲਦੀ। ਜਿਹੜਾ ਨਿਰਭੈਤਾ ਨਾਲ ਦੁਸ਼ਮਨ ਨੂੰ ਲੜਾਈ ਲਈ ਵੰਗਾਰਦਾ ਹੈ ਅਤੇ ਸ਼ਸਤਰਾਂ ਦੇ ਘਮਸਾਨ ਵਿਚ ਪ੍ਰਾਣ ਤਿਆਗ ਦਿੰਦਾ ਹੈ ਉਹ ਉਸ ਅਨੰਦ ਨੂੰ ਮਾਣਦਾ ਹੈ, ਜਿਸ ਲਈ ਜੋਗੀ ਤਰਸਦੇ ਹਨ ਅਤੇ ਸਦੀਵੀ ਸੁਖ ਵਾਲੀ ਥਾਂ (ਸਚ ਖੰਡ) ਵਿਚ ਪਹੁੰਚਦਾ ਹੈ। ਜਦ ਉਹ ਸੂਰਮਿਆਂ ਦੇ ਮੰਡਲ ਵਿਚ ਰਹਿੰਦਾ ਹੈ ਤਾਂ ਉਸਨੂੰ ਬਹੁਤ ਸਾਰੇ ਸੁੱਖ ਮਿਲਦੇ ਹਨ। ਸ਼ਸਤਰਧਾਰੀ ਦਾ ਸਭ ਤੋਂ ਵੱਡਾ ਧਰਮ ਇਹ ਹੈ ਕਿ ਦੁਸ਼ਮਨ ਨੂੰ ਪਿੱਠ ਨਾ ਵਿਖਾਵੇ। ਬਹਾਦਰ ਆਦਮੀ ਆਪਣੀਆਂ ਬਾਹਾਂ ਦੇ ਜ਼ੋਰ ਨਾਲ ਇੱਥੇ ਅਤੇ ਅਗਾਂਹ ਲਈ ਸੁੱਖ ਪ੍ਰਾਪਤ ਕਰਦਾ ਹੈ। ਜੇਕਰ ਉਹ ਜਿੱਤੇ ਤਾਂ ਪ੍ਰਿਥਵੀ ਦਾ ਰਾਜ ਪਾਉਂਦਾ ਹੈ ਅਤੇ ਜੇਕਰ ਮਰ ਜਾਏ ਤਾਂ ਸੁਰਗ ਦੇ ਸੁਖ ਲੈਂਦਾ ਹੈ। ਜਿਸਦਾ ਤੂੰ ਲੂਣ ਖਾਂਦਾ ਹੈਂ ਉਸ ਲਈ ਲੜ। ਆਪਣੇ ਸ਼ਹਿਨਸ਼ਾਹ ਲਈ ਆਪਣੀ ਜਾਨ ਦੇ ਦੇ ਅਤੇ ਦੋਹਾਂ ਜਹਾਨਾਂ ਵਿਚ ਤੇਰਾ ਬੜਾ ਜਸ ਹੋਵੇਗਾ।

ਦੋ ਹੋਰ ਸਿੱਖਾਂ ਨੂੰ ਉਪਦੇਸ਼

ਭਾਈ ਲਾਲੂ ਅਤੇ ਨਿਹਾਲੂ ਗੁਰਮਤਿ ਦੇ ਮੰਨੇ ਪ੍ਰਮੰਨੇ ਪਰਚਾਰਕ ਅਤੇ ਕਥਾ ਵਾਚਕ ਹਨ। ਜਦ ਉਨ੍ਹਾਂ ਨੇ ਗੁਰੂ ਜੀ ਪਾਸੋਂ ਪੁਛਿਆ ਕਿ ਇਹ ਫੱਲ ਕਿਸ ਤਰ੍ਹਾਂ ਪ੍ਰਾਪਤ ਕਰ ਸਕੀਦਾ ਹੈ ? ਇਸਦੇ ਉੱਤਰ ਵਿੱਚ ਮਹਾਰਾਜ ਨੇ ਇਉਂ ਫੁਰਮਾਇਆ : ਜਦ ਉਪਦੇਸ਼ ਕਰਨ ਵਾਲਾ ਜੋ ਕਹਿੰਦਾ ਹੈ ਉਸਨੂੰ ਕਮਾਂਦਾ ਹੈ ਤਾਂ ਉਸਦੇ ਕਥਨਾਂ ਤਾ ਸਭ ਉੱਪਰ ਅਸਰ

ਪੈਂਦਾ ਹੈ। ਲੋਕੀ ਉਸਦੇ ਕਥਨ ਨੂੰ ਆਪਣੇ ਹਿਰਦੇ ਵਿੱਚ ਵਸਾਉਂਦੇ ਹਨ ਅਤੇ ਇਸ ਤਰ੍ਹਾਂ ਮੁਕਤੀ ਪ੍ਰਾਪਤ ਕਰਦੇ ਹਨ, ਬ੍ਰਿਛ ਪਹਿਲਾਂ ਆਪਣੀਆਂ ਜੜ੍ਹਾਂ ਧਰਤੀ ਵਿੱਚ ਗੱਡਦਾ ਹੈ ਤੇ ਫਿਰ ਰਾਹੀਆਂ ਤੇ ਮੁਸਾਫਰਾਂ ਉਪਰ ਛਾਉਂ ਕਰ ਸਕਦਾ ਹੈ। ਜਿਹੜਾ ਪੜ੍ਹਕੇ ਉਪਦੇਸ਼ ਕਰਦਾ ਹੈ ਅਤੇ ਆਪ ਸ਼ੁਭ ਕਰਮ ਨਹੀਂ ਕਮਾਉਂਦਾ ਉਸਦਾ ਅਸਰ ਦੂਜਿਆਂ ਉਪਰ ਨਹੀਂ ਪੈਂਦਾ। ਲੋਕੀ ਭਾਵੇਂ ਉਸਦੇ ਕਥਨ ਸੁਣਨ ਪਰ ਉਨ੍ਹਾਂ ਨੂੰ ਕਦੀ ਨਹੀਂ ਕਮਾਉਂਦੇ।"

ਨਾਨੂ ਤੇ ਕਾਲੂ ਨੂੰ ਉਪਦੇਸ਼

ਗੁਰੂ ਅਰਜਨ ਦੇਵ ਜੀ ਨੇ ਹੇਠ ਲਿਖਿਆ ਉਪਦੇਸ਼ ਭਾਈ ਨਾਨੂ ਅਤੇ ਕਾਲੂ ਨੂੰ ਕੀਤਾ : "ਜਿਹੜਾ ਮਾਨਵ ਧਰਮ ਦੀ ਕਿਰਤ ਕਰਕੇ ਨਿਰਬਾਹ ਕਰਦਾ ਹੈ, ਸ਼ੁਭ ਭਾਵਨਾ ਨਾਲ ਗੁਰਬਾਣੀ ਨੂੰ ਪੜ੍ਹਦਾ ਅਤੇ ਸੁਣਦਾ ਹੈ, ਅਰਥਾਂ ਨੂੰ ਵਿਚਾਰਦਾ ਹੈ, ਦੁਰਮਤ ਨੂੰ ਤਿਆਗਦਾ ਹੈ ਅਤੇ ਲਿਵ ਜੋੜਕੇ ਸਤਿਨਾਮ ਦਾ ਸਿਮਰਨ ਕਰਦਾ ਹੈ, ਉਸਦਾ ਜਨਮ ਮਰਨ ਮਿੱਟ ਜਾਂਦਾ ਹੈ ਅਤੇ ਉਹ ਸਚਖੰਡ ਨਿਵਾਸੀ ਬਣਦਾ ਹੈ। ਪਰ ਜਿਹੜਾ ਸਵਾਰਥ ਹਿਤ ਪੜ੍ਹਦਾ ਹੈ ਉਹ ਕੁਕਰਮ ਕਰਦਾ ਹੈ ਤੇ ਉਸਨੂੰ ਮਾਨ ਪ੍ਰਾਪਤ ਨਹੀਂ ਹੋਵੇਗਾ। ਜਦ ਸੱਪ ਆਪਣੇ ਸਿਰ ਵਿੱਚ ਮਣੀ ਦੇ ਪ੍ਰਕਾਸ਼ ਨੂੰ ਪ੍ਰਾਪਤ ਕਰਦਾ ਹੈ ਤਾਂ ਉਹ ਇਸ ਤੋਂ ਇਹ ਲਾਭ ਲੈਂਦਾ ਹੈ ਕਿ ਰਾਤ ਨੂੰ ਕੀੜੇ ਚੁਣ ਚੁਣ ਖਾਂਦਾ ਹੈ। ਜੋ ਆਦਮੀ ਪਵਿੱਤਰ ਗੁਰਬਾਣੀ ਨੂੰ ਸਵਾਰਥ ਹਿਤ ਪੜ੍ਹਦਾ ਹੈ ਉਹ ਵੀ ਇਸੇ ਤਰ੍ਹਾਂ ਦਾ ਹੈ। ਉਹ ਕੁਕਰਮ ਕਰਦਾ ਹੈ। ਜੋ ਪਰ-ਇਸਤ੍ਰੀਆਂ ਨਾਲ ਵਿਭਚਾਰ ਕਰਦਾ ਹੈ ਅਤੇ ਸਰੇਸ਼ਟ ਸਤਿਨਾਮ ਦਾ ਸਿਮਰਨ ਨਹੀਂ ਕਰਦਾ, ਸਤਿਗੁਰੂ ਉਸਨੂੰ ਸਹਾਈ ਨਹੀਂ ਹੋਵੇਗਾ ਅਤੇ ਉਹ ਨਰਕ ਨੂੰ ਜਾਵੇਗਾ ਅਤੇ ਉਸਨੂੰ ਪਾਪੀਆਂ ਵਾਲੀ ਸਜ਼ਾ ਮਿਲੇਗੀ।

ਪਿਤਰਾਂ ਲਈ ਸਰਾਧ

ਪੰਜਾਬ ਦੇ ਜ਼ਿਲਾ ਝੰਗ ਵਿੱਚ ਚਨਿਓਟ ਦੇ ਰਹਿਣ ਵਾਲੇ ਭਾਈ ਸੇਠਾ, ਗੋਬਿੰਦਾ ਅਤੇ ਭਾਗਾ, ਦੁਧੀ ਹਿਰਦੇ ਨਾਲ ਗੁਰੂ ਜੀ ਪਾਸ ਆਏ ਤੇ ਬੇਨਤੀ ਕਰਨ ਲੱਗੇ ਕਿ ਮਹਾਰਾਜ ਕੀ ਉਹ ਅੰਨ ਜਿਹੜਾ ਅਸੀਂ ਆਪਣੇ ਪਿਤਰਾਂ ਦੀ ਆਤਮ-ਸ਼ਾਂਤੀ ਨਮਿਤ ਦਾਨ ਕਰਦੇ ਹਾਂ ਕਦੇ ਉਨ੍ਹਾਂ ਨੂੰ ਪਹੁੰਚਦਾ ਹੈ ਜਾਂ ਨਹੀਂ ? ਗੁਰੂ ਜੀ ਨੇ ਕਿਹਾ : "ਨਹੀਂ। ਅਤੇ ਆਪਣੇ ਫੈਸਲੇ ਦੀ ਪੁਸ਼ਟੀ ਵਿੱਚ ਆਸਾ ਦੀ ਵਾਰ ਦੇ ਸਤਾਰ੍ਹਵੇਂ ਸਲੋਕ ਦਾ ਪ੍ਰਮਾਣ ਦਿੱਤਾ ਅਤੇ ਨਾਲ ਹੀ ਗੁਰੂ ਜੀ ਨੇ ਫੁਰਮਾਇਆ ਕਿ ਜਦ ਤੁਹਾਨੂੰ ਇਹ ਪਤਾ ਨਹੀਂ ਕਿ ਤੁਹਾਡੇ ਪਿਤਰ ਸ੍ਵਰਗ ਵਿੱਚ ਹਨ ਜਾਂ ਨਰਕ ਵਿਚ, ਤੁਹਾਡਾ ਉਨ੍ਹਾਂ ਨਮਿਤ ਕੁਝ ਦੇਣਾ ਬੇਅਰਥ ਹੈ।"

ਭਾਈ ਪੈੜਾ ਤੇ ਜੇਠਾ

ਇਕ ਦਿਨ ਭਾਈ ਪੈੜਾ ਅਤੇ ਜੇਠਾ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ ਅਤੇ ਕਹਿਣ ਲੱਗੇ ਕਿ ਸਾਡੀ ਰੀਤ ਹੈ ਕਿ ਅਸੀਂ ਕੁਝ ਪੱਕਾ ਹੋਇਆ ਭੋਜਨ ਆਪਣੇ ਖਾਣ ਤੋਂ ਪਹਿਲਾਂ ਅਗਨੀ ਦੀ ਭੇਟਾ ਕਰਦੇ ਹਾਂ। ਗੁਰੂ ਜੀ ਨੇ ਫੁਰਮਾਇਆ ਕਿ ਅੱਗ ਵਿੱਚ ਭੋਜਨ ਸੁੱਟਣ ਦੀ ਕੋਈ ਲੋੜ ਨਹੀਂ। ਆਦਮੀਆਂ ਨੂੰ ਕੇਵਲ ਪਰਮਾਤਮਾ ਦਾ ਨਾਮ 'ਵਾਹਿਗੁਰੂ ! ਵਾਹਿਗੁਰੂ' ਹੀ ਜਪਣਾ ਚਾਹੀਦਾ ਹੈ।

ਚੰਦੂ ਦੀ ਲੜਕੀ ਦਾ ਨਾਤਾ

ਗੁਰੂ ਅਰਜਨ ਦੇਵ ਜੀ ਦੇ ਸਮੇਂ ਪੰਜਾਬ, ਹਿੰਦੁਸਤਾਨ ਅਤੇ ਹੋਰ ਸਭ ਨਾਲ ਦਿਆਂ ਦੇਸ਼ਾਂ ਵਿੱਚ ਬੇਅੰਤ ਲੋਕੀ ਸਿੱਖੀ ਮੱਤ ਵਿੱਚ ਲਿਆਂਦੇ ਗਏ ਸਨ। ਲਿਖਿਆ ਹੈ ਕਿ ਕੁਲੂ, ਸਕੇਤ, ਹਰੀਪੁਰ ਅਤੇ ਚੰਬੇ ਦੇ ਪਹਾੜੀ ਰਾਜੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ ਅਤੇ ਜਿਸ ਤਰ੍ਹਾਂ ਪਹਿਲਾਂ ਮੰਡੀ ਦਾ ਰਾਜਾ ਗੁਰੂ ਜੀ ਦਾ ਸ਼ਰਧਾਲੂ ਸਿੱਖ ਬਣ ਗਿਆ ਸੀ ਇਸੇ ਤਰ੍ਹਾਂ ਉਹ ਵੀ ਗੁਰੂ ਜੀ ਦੇ ਸੇਵਕ ਬਣ ਗਏ।

ਉਸ ਸਮੇਂ ਚੰਦੂ ਬਾਦਸ਼ਾਹ ਦਾ ਦੀਵਾਨ ਅਰਥਾਤ ਵਿੱਤ ਮੰਤਰੀ ਸੀ। ਚੰਦੂ ਪੰਜਾਬ ਦਾ ਰਹਿਣ ਵਾਲਾ ਸੀ ਪਰ ਨੌਕਰੀ ਕਰਕੇ ਉਸਨੂੰ ਦਿੱਲੀ ਰਹਿਣਾ ਪੈਂਦਾ ਸੀ। ਉਸ ਪਾਸ ਧੰਨ, ਵਿਦਿਆ ਅਤੇ ਹੋਰ ਕਈ ਗੁਣ ਸਨ ਜਿਵੇਂ ਜਵਾਨੀ, ਉੱਚੀ ਕੁਲ ਅਤੇ ਸਭ ਤੋਂ ਵੱਧ ਦੇਸ਼ ਵਿੱਚ ਹਕੂਮਤ ਦੀ ਤਾਕਤ। ਚੰਦੂ ਦੀ ਇੱਕ ਸਦਾ ਕੌਰ ਨਾਮ ਦੀ ਸੱਤ ਸਾਲਾਂ ਦੀ ਛੋਟੀ ਲੜਕੀ ਸੀ। ਵਾਹਿਗੁਰੂ ਨੇ ਉਸ ਲੜਕੀ ਨੂੰ ਹੱਦੋਂ ਵੱਧ ਸੁੰਦਰਤਾ ਤਾਂ ਬਖਸ਼ੀ ਸੀ, ਪਰ ਚੰਗੇ ਭਾਗ ਨਹੀਂ ਸੀ ਦਿੱਤੇ, ਜੋ (ਚੰਗੇ ਭਾਗ) ਬਹੁਤ ਕਰਕੇ ਉਨ੍ਹਾਂ ਲੋਕਾਂ ਦੇ ਹਿੱਸੇ ਆਉਂਦੇ ਹਨ, ਜਿਨ੍ਹਾਂ ਨੂੰ (ਸੁੰਦਰਤਾ ਤੋਂ) ਘਟੀਆ ਕੁਦਰਤੀ ਦਾਤਾਂ ਪ੍ਰਾਪਤ ਹੁੰਦੀਆਂ ਹਨ। ਇਕ ਦਿਨ ਜਦ ਸਦਾ ਕੌਰ ਦੀ ਮਾਂ ਨੇ ਉਸਨੂੰ ਖੇਡਦੇ ਵੇਖਿਆ ਤਾਂ ਚੰਦੂ ਨੂੰ ਕਹਿਣ ਲੱਗੀ : "ਸਾਡੀ ਧੀ ਜਵਾਨ ਹੁੰਦੀ ਜਾਂਦੀ ਹੈ। ਸਾਨੂੰ ਇਸ ਲਈ ਕੋਈ ਵਰ ਘਰ ਲੱਭਣਾ ਚਾਹੀਦਾ ਹੈ। ਮੁਸਲਮਾਨਾਂ ਦਾ ਅੱਜਕੱਲ੍ਹ ਰਾਜ ਹੈ, ਉਹ ਧੱਕੇ ਤੇ ਘੋਰ ਪਾਪ ਕਰਦੇ ਹਨ, ਜਿਨ੍ਹਾਂ ਵਿਚੋਂ ਹਿੰਦੂਆਂ ਦੀਆਂ ਕਵਾਰੀਆਂ ਕੰਨਿਆਂ ਦਾ ਜ਼ੋਰੀ ਕੱਢਕੇ ਲੈ ਜਾਣਾ ਵੀ ਇੱਕ ਹੈ। ਇਸ ਲਈ ਹਿੰਦੂਆਂ ਵਿੱਚ ਇਹ ਗੱਲ ਪ੍ਰਚਲਤ ਹੋ ਗਈ ਹੈ ਕਿ ਉਹ ਆਪਣੀਆਂ ਲੜਕੀਆਂ ਨੂੰ ਬਹੁਤ ਨਿਕਿਆਂ ਹੀ ਵਿਆਹ ਦਿੰਦੇ ਹਨ ਤਾਂ ਸਾਡਾ ਵੀ ਧਰਮ ਹੈ ਕਿ ਸਦਾ ਕੌਰ ਲਈ ਕੋਈ ਅਹਾਰ ਕਰੀਏ ਅਤੇ ਪਤਵੰਤੇ ਘਰਾਣੇ ਨਾਲ ਰਿਸ਼ਤਾ ਕਰ ਦਈਏ।"

ਚੰਦੂ ਦੀ ਵੀ ਇਹੋ ਰਾਇ ਸੀ। ਉਸਨੇ ਆਪਣੇ ਖਾਨਦਾਨੀ ਪ੍ਰੋਹਤ ਅਤੇ ਨਾਈ[1] ਨੂੰ ਬੁਲਾ ਘਲਿਆ ਅਤੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਮੇਰੀ ਲੜਕੀ ਲਈ ਯੋਗ ਵਰ ਲੱਭੋ। ਜੋ ਗੱਲਾਂ ਇਹੋ ਜਿਹੇ ਸਮੇਂ ਤੇ ਆਮ ਤੌਰ ਤੇ ਵਿਸਤਾਰ ਸਹਿਤ ਦੱਸੀਆਂ ਜਾਂਦੀਆਂ ਹਨ ਉਹ ਠੀਕ ਤਰ੍ਹਾਂ ਉਸ ਨੂੰ ਸਮਝਾਈਆਂ ਗਈਆਂ । ਪ੍ਰੋਹਤ ਅਤੇ ਨਾਈ ਨੇ ਪੇਸ਼ਾਵਰ ਤੱਕ ਹਰ ਇੱਕ ਸ਼ਹਿਰ ਫੋਲ ਮਾਰਿਆ ਪਰ ਸਦਾ ਕੌਰ ਲਈ ਕੋਈ ਯੋਗ ਵਰ ਨਾ ਮਿਲ ਸਕਿਆ। ਫਿਰ ਉਹ ਮੁੜ ਆਏ ਅਤੇ ਆਪਣੇ ਜਜਮਾਨ ਨੂੰ ਅਸਫਲਤਾ ਦੀ ਸਾਰੀ ਵਿਆਖਿਆ ਦੱਸੀ। ਇਹ ਮਾਮਲਾ ਕੁਝ ਚਿਰ ਲਈ ਖਟੇ ਪਿਆ ਰਿਹਾ। ਪੂਰਬੀ ਦੁਨੀਆਂ ਦੀ ਇਸਤਰੀ ਲਈ ਇੱਕ ਵੱਡੀ ਚਿੰਤਾ ਵਾਲੀ ਗੱਲ ਹੁੰਦੀ ਹੈ ਕਿ ਆਪਣੀ ਸੰਤਾਨ ਦੇ ਵਿਆਹ ਦਾ ਪ੍ਰਬੰਧ ਕਰੇ। ਉਹ ਤਕਰੀਬਨ ਸੰਤਾਨ ਦੇ ਜੰਮਣ ਸਮੇਂ ਤੋਂ ਲੈਕੇ ਹੀ ਵਿਆਹ ਸੰਬੰਧੀ ਸੋਚਾਂ ਕਰਨ

1. ਹਿੰਦੁਸਤਾਨ ਵਿਚ ਇਹੋ ਰਵਾਜ ਹੈ ਕਿ ਬ੍ਰਾਹਮਣ ਜਾਂ ਨਾਈ ਨੂੰ ਘਰ ਲੱਭਣ ਲਈ ਭੇਜਦੇ ਹਨ।

ਲੱਗ ਪੈਂਦੀ ਹੈ ਅਤੇ ਇਸ ਦੇ ਸੁਪਨੇ ਉਸਨੂੰ ਆਉਂਦੇ ਰਹਿੰਦੇ ਹਨ। ਚੰਦੂ ਦੀ ਇਸਤ੍ਰੀ ਫਿਰ ਉਸਨੂੰ ਕਹਿਣ ਲੱਗੀ : "ਸਾਨੂੰ ਆਪਣੀ ਧੀ ਨੂੰ ਹੁਣ ਹੋਰ ਵਧੇਰੇ ਚਿਰ ਘਰ ਨਹੀਂ ਰਖਣਾ ਚਾਹੀਦਾ। ਤੁਸੀਂ ਸਾਰਾ ਦਿਨ ਸਰਕਾਰੀ ਕੰਮਾਂ ਵਿੱਚ ਰੁਝੇ ਰਹਿੰਦੇ ਹੋ, ਮੈਂ ਕਿਤੇ ਜਾ ਨਹੀਂ ਸਕਦੀ, ਘਰ ਬੈਠੀ ਆਪਣੀ ਧੀ ਦੇ ਅੱਗੇ ਦੀਆਂ ਸੋਚਾਂ ਸੋਚਦੀ ਰਹਿੰਦੀ ਹਾਂ। ਜਿਉਂ ਜਿਉਂ ਉਸਨੂੰ ਵੇਖਦੀ ਹਾਂ, ਤਿਉਂ-ਤਿਉਂ ਚਿੰਤਾ ਦੇ ਟੋਏ ਵਿੱਚ ਗਰਕ ਹੁੰਦੀ ਜਾਂਦੀ ਹਾਂ।" ਚੰਦੂ ਕਹਿਣ ਲੱਗਾ : "ਜੋ ਮੇਰੇ ਵਸ ਸੀ ਮੈਂ ਤਾਂ ਪਹਿਲਾਂ ਹੀ ਕੀਤਾ ਹੈ, ਪਰ ਕੁਝ ਨਹੀਂ ਬਣਿਆ। ਜਿੱਥੇ ਯੋਗ ਉਮਰ ਦਾ ਬਾਲਕ ਮਿਲਦਾ ਸੀ, ਉਥੇ ਉਸਦਾ ਘਰਾਣਾ ਚੰਗਾ ਨਹੀਂ ਸੀ; ਜਿੱਥੇ ਘਰਾਣਾ ਚੰਗਾ ਸੀ ਉਥੇ ਯੋਗ ਉਮਰ ਦਾ ਬਾਲਕ ਨਹੀਂ ਸੀ। ਮੈਨੂੰ ਪਤਾ ਹੈ ਕਿ ਮੇਰੀ ਧੀ ਮੇਰੀ ਵੱਖੀ ਵਿੱਚ ਇੱਕ ਕੰਡਾ ਹੈ। ਪਰ ਉਹ ਹੁਣ ਇਤਨੀ ਵੱਡੀ ਹੋ ਗਈ ਹੈ ਕਿ ਮਾਰੀ[1] ਵੀ ਨਹੀਂ ਜਾ ਸਕਦੀ। ਨਾਲ ਹੀ ਸਾਨੂੰ ਆਪਣੇ ਬਰਾਬਰ ਦਾ ਘਰ ਵੀ ਨਹੀਂ ਮਿਲਦਾ।" ਉਸਦੀ ਇਸਤ੍ਰੀ ਬੋਲੀ : "ਰੱਬ ਦਾ ਨਾਉਂ ਲਉ ! ਆਪਣੀ ਧੀ ਨਾ ਮਾਰੋ। ਇਹੋ ਜਿਹਾ ਘੋਰ ਪਾਪ ਲੁਕ ਨਹੀਂ ਸਕਦਾ। ਸਾਨੂੰ ਨੀਵੇਂ ਹੋਣਾ ਚਾਹੀਦਾ ਹੈ ਕਿਉਂ ਜੋ ਇਹ ਸਾਧਾਰਣ ਰੀਤੀ ਹੈ ਕਿ ਲੜਕੀ ਦਾ ਪਿਤਾ ਲੜਕੇ ਦੇ ਪਿਤਾ ਅੱਗੇ ਨਿਵੇ।"

ਚੰਦੂ ਨੇ ਫਿਰ ਆਪਣੇ ਘਰਾਣੇ ਦੇ ਪ੍ਰੋਹਤ ਅਤੇ ਨਾਈ ਨੂੰ ਅੱਗੇ ਵਾਂਗ ਸਮਝਾ ਕੇ ਫਿਰ ਘਲਿਆ। ਉਹ ਲਾਹੌਰ ਤਾਈਂ ਫਿਰੇ, ਪਰ ਕੋਈ ਯੋਗ ਵਰ ਨਾ ਲੱਭਾ। ਉਥੇ ਉਨ੍ਹਾਂ ਨੇ ਅੰਮ੍ਰਿਤਸਰ ਵਿੱਚ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਦੀ ਵਡਿਆਈ ਸੁਣੀ ਅਤੇ ਉਹ ਇਧਰ ਨੂੰ ਤੁਰ ਪਏ। ਜਦ ਪੁਜੇ ਤਾਂ ਉਹ ਗੁਰੂ ਜੀ ਦਾ ਸ਼ਾਹੀ ਠਾਠ-ਬਾਠ ਅਤੇ ਸਿੱਖ ਸੇਵਕ ਵੇਖਕੇ ਅਸਚਰਜ ਰਹਿ ਗਏ। ਜਿਨ੍ਹਾਂ ਬਾਬਤ ਕਿ ਮਥਰਾ ਭਟ ਨੇ ਉਸਤਤੀ ਵਿੱਚ ਇਹ ਸਵੱਈਆ ਉਚਾਰਨ ਕੀਤਾ ਸੀ—

"ਜਗ ਅਉਰੁ ਨ ਯਾਹਿ ਮਹਾਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ॥
ਤਿਨਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ ਅੰਮ੍ਰਿਤ ਨਾਮੁ ਪੀਅਉ॥
ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ॥
ਪਰਤਛਿ ਰਿਦੈ ਗੁਰ ਅਰਜੁਨ ਕੇ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥੫॥
ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥
ਕਲਿ ਘੋਰ ਸਮੁਦ੍ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ॥

1. ਪਿਛਲੇ ਸਮਿਆਂ ਵਿੱਚ ਉਚੇ ਘਰਾਣਿਆਂ ਵਾਲੇ ਭਾਰਤੀ ਆਪਣੀਆਂ ਧੀਆਂ ਨੂੰ ਆਮ ਤੌਰ ਤੇ ਮਾਰ ਦੇਂਦੇ ਸਨ ਤਾਂ ਕਿ ਕਿਸੇ ਨੀਵੀਂ ਕੁਲ ਦੇ ਆਦਮੀ ਨਾਲ ਵਿਆਹ ਨਾ ਕਰਨਾ ਪਵੇ। ਸਿੱਖ ਗੁਰੂਆਂ ਨੇ ਇਸ ਬੁਰੇ ਰਿਵਾਜ਼ ਨੂੰ ਜ਼ੋਰ ਨਾਲ ਰੋਕਣਾ ਸ਼ੁਰੂ ਕੀਤਾ। ਅੰਮ੍ਰਿਤ ਦੀ ਮਰਿਯਾਦਾ ਸਮੇਂ ਸਿੱਖ ਨੂੰ ਕਿਹਾ ਜਾਂਦਾ ਹੈ ਕਿ ਤੂੰ ਕੁੜੀ ਨਹੀਂ ਮਾਰਨੀ ਤੇ ਕੁੜੀ-ਮਾਰ ਨਾਲ ਨਹੀਂ ਵਰਤਨਾ।

ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ॥
ਜਪ੍ਯਉ ਜਿਨ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥੬॥
(ਆ: ਗ੍ਰੰ: ਪੰ: ੧੪੦੯) (ਸਵਈਏ ਮਹਲੇ ਪੰਜਵੇ ਕੇ)

ਸਾਹਿਬਜ਼ਾਦਾ ਹਰਗੋਬਿੰਦ ਜੀ ਦੇ ਦੀਦਾਰ ਕਰਕੇ ਅਤੇ ਲੋਕਾਂ ਵਲੋਂ ਉਨ੍ਹਾਂ ਅਤੇ ਉਨ੍ਹਾਂ ਦੇ ਪਿਤਾ ਗੁਰੂ ਅਰਜਨ ਦੇਵ ਜੀ ਦਾ ਸਤਿਕਾਰ ਹੋਂਦਾ ਵੇਖ ਕੇ ਲਾਗੀਆਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਉਨ੍ਹਾਂ ਨੇ ਸੋਚਿਆ ਕਿ ਅਸੀਂ ਆਪਣੇ ਆਪ ਹੀ ਗੁਰੂ ਅਰਜਨ ਦੇਵ ਜੀ ਨੂੰ ਨਾਤੇ ਬਾਰੇ ਕਹਿ ਦਈਏ, ਪਰ ਫਿਰ ਵਿਚਾਰ ਕੇ ਫੈਸਲਾ ਕੀਤਾ ਕਿ ਪਹਿਲਾਂ ਚੰਦੂ ਨੂੰ ਪੁਛ ਲਈਏ।

ਪਰੋਹਤ ਅਤੇ ਨਾਈ ਨੇ ਚੰਦੂ ਨੂੰ ਜਾਕੇ ਦਸਿਆ ਕਿ ਅਸਾਂ ਨਵੇਂ ਸ਼ਹਿਰ ਅੰਮ੍ਰਿਤਸਰ ਵਿੱਚ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਨੂੰ ਵੇਖਿਆ ਹੈ ਅਤੇ ਸਾਡੇ ਖਿਆਲ ਵਿੱਚ ਉਹ ਸਦਾ ਕੌਰ ਲਈ ਯੋਗ ਵਰ ਹੈ। ਉਨ੍ਹਾਂ ਨੇ ਚੰਦੂ ਅੱਗੇ ਸਾਹਿਬਜ਼ਾਦਾ ਹਰਗੋਬਿੰਦ ਜੀ ਦੇ ਗੁਣਾਂ ਨੂੰ ਵਿਸਤਾਰ ਸਹਿਤ ਵਰਣਨ ਕੀਤਾ ਅਤੇ ਉਨ੍ਹਾਂ ਦੀ ਬੰਸਾਵਲੀ ਦੱਸੀ। ਨਾਲ ਹੀ ਲੋਕਾਂ ਵਲੋਂ ਗੁਰੂ ਜੀ ਲਈ ਮਹਾਨ ਸਤਿਕਾਰ ਅਤੇ ਗੁਰਪੁਰੀ ਦੀ ਸ਼ਾਨਦਾਰ ਰੌਣਕ ਜੋ ਉਨ੍ਹਾਂ ਨੇ ਵੇਖੀ ਖੋਹਲ ਕੇ ਬਿਆਨ ਕੀਤੀ। ਗੁਰੂ ਜੀ ਦੀ ਉਸਤਤ ਸੁਣਕੇ ਚੰਦੂ ਦੁਖੀ ਹੋਇਆ ਅਤੇ ਕਹਿਣ ਲੱਗਾ : "ਕੀ ਤੁਸੀਂ ਗੁਰੂ ਜੀ ਨੂੰ ਮੇਰੇ ਤੁਲ ਸਮਝਦੇ ਹੋ ? ਕੀ ਹੋਇਆ, ਜੇਕਰ ਉਸਦੇ ਬਹੁਤ ਸਾਰੇ ਸਿੱਖ ਸੇਵਕ ਹਨ ? ਉਹ ਪੂਜਾ ਦੇ ਧਾਨ ਤੇ ਆਪਣਾ ਗੁਜ਼ਾਰਾ ਕਰਦਾ ਹੈ ਜਿਹੜਾ ਕਿ ਬੇਇਜ਼ਤੀ ਦਾ ਨਿਰਬਾਹ ਹੈ। ਜੇ ਪੂਜਾ ਆਉਂਦੀ ਰਵ੍ਹੇ ਤਾਂ ਠੂਠਾ ਸਿੱਧਾ ਟਿਕਿਆ ਰਹਿੰਦਾ ਹੈ, ਜੇ ਨਹੀਂ ਤਾਂ ਮੂਧਾ। ਉਹ ਬੈਠ ਕੇ (ਪੂਜਾ ਲਈ) ਤੱਕਦਾ ਰਹਿੰਦਾ ਹੈ ਅਤੇ ਜੇ ਧੰਨ ਆ ਵੀ ਜਾਵੇ, ਤਾਂ ਮੁਸ਼ਕਲ ਨਾਲ ਉਸਦੇ ਲੰਗਰ ਦਾ ਨਿਰਬਾਹ ਹੁੰਦਾ ਹੈ। ਉਸ ਦੇ ਪੱਲੇ ਕੋਈ ਧੰਨ ਨਹੀਂ ਹੈ। ਅਜਿਹਾ ਧੰਨ ਇੱਕ ਪਹਾੜੀ ਨਦੀ ਵਾਂਗ ਹੈ। ਵੇਖਣ ਵਿੱਚ ਉਸ ਪਾਸ ਕੁਝ ਵੀ ਹੋਵੇ, ਅਸਲੋਂ ਉਹ ਇੱਕ ਮੰਗਤਾ (ਫਕੀਰ) ਹੀ ਹੈ, ਪਰ ਮੈਂ ਬਾਦਸ਼ਾਹ ਦਾ ਵਜ਼ੀਰ ਹਾਂ, ਲੱਖਾਂ ਰੁਪਏ ਮੈਂ ਇਕੱਠੇ ਕਰਦਾ ਹਾਂ, ਅਤੇ ਲੱਖਾਂ ਹੀ ਮੁਕੱਦਮਿਆਂ ਦੇ ਫੈਸਲੇ ਮੈਂ ਕਰਦਾ ਹਾਂ। ਉਸਦਾ ਕੀ ਪ੍ਰਤਾਪ ਹੈ ? ਅਤੇ ਇਧਰ, ਮੇਰਾ ਹੁਕਮ ਕੋਈ ਉਲਟ ਨਹੀਂ ਸਕਦਾ। ਨਾਲ ਹੀ ਗੁਰੂ ਦੀ ਜ਼ਾਤ ਮੇਰੇ ਕੋਲੋਂ ਨੀਵੀਂ ਹੈ। ਹੇ ਪ੍ਰੋਹਤ, ਮੈਂ ਇਸ ਮਾਮਲੇ ਵਿੱਚ ਤੇਰੀ ਸਿਆਣਪ ਅਤੇ ਬੁੱਧੀ ਪਰਖ ਲਈ ਹੈ। ਤੂੰ ਚੁਬਾਰੇ ਦੀ ਸ਼ਿੰਗਾਰੀ ਹੋਈ ਇੱਟ ਮੋਰੀ ਨੂੰ ਲਾਉਣੀ ਚਾਹੁੰਦਾ ਹੈਂ। ਕਿੱਥੇ ਮੈਂ ਬਾਦਸ਼ਾਹ ਦਾ ਦੀਵਾਨ ? ਕਿੱਥੇ ਉਹ ਗੁਰੂ ! ਭਾਵੇਂ ਉਹ ਆਪਣੇ ਸੇਵਕਾਂ ਲਈ ਸਨਮਾਨ ਯੋਗ ਹੋਵੇ। ਮੇਰਾ ਖਿਆਲ ਹੈ ਉਸ ਨੂੰ ਜ਼ਰੂਰ ਤੁਹਾਡੇ ਪੇਟ ਮਠਿਆਈ ਨਾਲ ਭਰੇ ਹੋਣਗੇ, ਤਦੇ ਤੁਸੀਂ ਮੈਨੂੰ ਉਸ ਘਰਾਣੇ ਨਾਲ ਰਿਸ਼ਤਾ ਕਰਨ ਲਈ ਆਖਦੇ ਹੋ।"

ਚੰਦੂ ਦੀ ਇਸਤਰੀ ਜਿਹੜੀ ਸੁਣ ਰਹੀ ਸੀ, ਕਹਿਣ ਲੱਗੀ : "ਮੇਰੇ ਸਵਾਮੀ ਜੀ, ਅਸੀਂ, ਆਪਣੀ ਧੀ ਦੇ ਵਰ ਲਈ ਦੋ ਸਾਲ ਤੋਂ ਤਲਾਸ਼ ਕਰ ਰਹੇ ਹਾਂ, ਕੋਈ ਘਰਾਣਾ ਵੀ ਤੁਹਾਡੇ ਪਸੰਦ ਨਹੀਂ ਆਇਆ। ਜਿਹੜੇ ਲੜਕੇ ਤੁਸਾਂ ਵੇਖੇ ਹਨ, ਉਨ੍ਹਾਂ ਵਿਚੋਂ ਕੋਈ ਵੀ ਅਜਿਹਾ

ਨਹੀਂ ਰਿਹਾ ਜਿਸ ਦੀ ਕੁੜਮਾਈ ਨਾ ਹੋ ਗਈ ਹੋਵੇ ਜਾਂ ਵਿਆਹਿਆ ਨਾ ਗਿਆ ਹੋਵੇ। ਅੰਤ ਨੂੰ ਕਿਤੇ ਨਾ ਕਿਤੇ ਤਾਂ ਅਸੀਂ ਆਪਣੀ ਧੀ ਵਿਆਹੁਣੀ ਹੀ ਹੈ। ਸਦਾ ਲਈ ਉਹ ਸਾਡੇ ਪਾਸ ਤਾਂ ਰਹਿ ਨਹੀਂ ਸਕਦੀ। ਜਿੱਥੇ ਕਿਤੇ ਵੀ ਉਹ ਵਿਆਹੀ ਗਈ, ਉਹ ਘਰ ਸਾਡੇ ਪਾਸੋਂ ਨੀਵਾਂ (ਘਟੀਆ) ਹੀ ਹੋਣਾ ਹੈ। ਤੁਸੀਂ ਇਸ ਰਾਜ ਵਿੱਚ ਸਭ ਤੋਂ ਵੱਡੇ ਵਜ਼ੀਰ ਹੋ। ਜਿਵੇਂ ਹਰ ਕੋਈ ਤੁਹਾਡੇ ਅੱਗੇ ਨਿਵਦਾ ਹੈ, ਇਸੇ ਤਰ੍ਹਾਂ ਹੀ ਹਰ ਕੋਈ ਗੁਰੂ ਜੀ ਅੱਗੇ ਨਮਸਕਾਰ ਕਰਦਾ ਹੈ। ਇਸ ਲਈ ਇਸ ਮਾਮਲੇ ਨੂੰ ਹੁਣ ਮੁਕਾਉ। ਜੇਕਰ ਸਾਡੀ ਧੀ ਭੀ ਗੁਰੂ ਦੇ ਘਰ ਜਾਏਗੀ ਤਾਂ ਲੋਕੀ ਉਸ ਨੂੰ ਸਤਿਕਾਰ ਸਹਿਤ "ਗੁਰੂ ਦੇ ਮਹਿਲ" ਕਰਕੇ ਸਦਣਗੇ ਅਤੇ ਉਹ ਉਸ ਸੁਖ ਨੂੰ ਪ੍ਰਾਪਤ ਕਰੇਗੀ ਜੋ ਵਾਹਿਗੁਰੂ ਨੇ ਉਸ ਦੇ ਭਾਗਾਂ ਵਿੱਚ ਲਿਖਿਆ ਹੈ।"

ਚੰਦੂ ਅਜੇ ਵੀ ਆਪਣੇ ਇਤਰਾਜ਼ਾਂ ਉਤੇ ਅੜਿਆ ਰਿਹਾ, ਅਤੇ ਕਹਿਣ ਲਗਾ : "ਗੁਰੂ ਖਤ੍ਰੀਆਂ ਦੀਆਂ ਰੀਤਾਂ ਅਨੁਸਾਰ ਵਿਆਹ ਨਹੀਂ ਕਰਦਾ, ਉਹ ਕੇਸ ਨਹੀਂ ਕਟਾਂਦਾ, ਉਹ ਖਤ੍ਰੀਆਂ ਬ੍ਰਾਹਮਣਾਂ ਬਿਨਾਂ ਹੋਰਨਾਂ ਜ਼ਾਤਾਂ ਦੇ ਹੱਥਾਂ ਦਾ ਵੀ ਖਾ ਲੈਂਦਾ ਹੈ, ਅਤੇ ਉਸ ਨਵੀਂ ਤਰ੍ਹਾਂ ਦਾ ਮਤ ਧਾਰਨ ਕੀਤਾ ਹੋਇਆ ਹੈ।" ਪਤੀ-ਪਤਨੀ ਦੇ ਸਾਰੀ ਰਾਤ ਇਸ ਮਾਮਲੇ ਤੇ ਝਗੜਨ ਉਪਰੰਤ ਇਹ ਫੈਸਲਾ ਹੋਇਆ ਕਿ ਸਦਾ ਕੌਰ ਸਾਹਿਬਜ਼ਾਦੇ ਹਰਿਗੋਬਿੰਦ ਜੀ ਨਾਲ ਵਿਆਹੀ ਜਾਵੇ ਅਤੇ ਵਿਆਹ ਦਾ ਸ਼ਗਨ ਮਰਿਆਦਾ ਪੂਰਵਕ ਅੰਮ੍ਰਿਤਸਰ ਨੂੰ ਭੇਜਿਆ ਗਿਆ।

ਦਿੱਲੀ ਦੇ ਸਿੱਖਾਂ ਦੇ ਕੰਨੀਂ ਇਹ ਗੱਲ ਪੈ ਗਈ ਕਿ ਚੰਦੂ ਨੇ ਗੁਰੂ ਜੀ ਬਾਰੇ ਕੁਬਚਨ ਬੋਲੇ ਹਨ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਉਹ ਦਿਲੋਂ ਇਹ ਰਿਸ਼ਤਾ ਨਹੀਂ ਕਰਨਾ ਚਾਹੁੰਦਾ, ਪਰ ਉਹ ਕੇਵਲ ਇਸ ਲਈ ਮੰਨਿਆ ਹੈ ਕਿ ਇਸਤਰੀ ਦੇ ਤੰਗ ਕਰਨ ਤੋਂ ਬੱਚ ਜਾਵੇ। ਇਸ ਮਾਮਲੇ ਤੇ ਵਿਚਾਰ ਕਰਨ ਲਈ ਸਿੱਖ ਸੰਗਤ ਇਕੱਠੀ ਹੋਈ ਅਤੇ ਇਹ ਫੈਸਲਾ ਹੋਇਆ ਕਿ ਚੰਦੂ ਦੇ ਕੁਬਚਨਾਂ ਦੀ ਗੁਰੂ ਜੀ ਨੂੰ ਖਬਰ ਕੀਤੀ ਜਾਵੇ। ਤਾਂ ਤੇ ਹੇਠ ਲਿਖੀ ਪਤੱਰਕਾ ਗੁਰੂ ਜੀ ਨੂੰ ਭੇਜੀ ਗਈ : "ਹੇ ਸਤਿਗੁਰੂ ਮਹਾਰਾਜ, ਚੰਦੂ ਬੜਾ ਅਹੰਕਾਰੀ ਹੈ। ਉਸ ਨੇ ਆਪਣੇ ਘਰ ਨੂੰ ਤਾਂ ਚੁਬਾਰਾ ਕਰਕੇ ਦੱਸਿਆ ਹੈ ਅਤੇ ਗੁਰੂ ਘਰ ਨੂੰ ਮੋਰੀ ਨਾਲ ਮਿਲਾਇਆ ਹੈ। ਉਸਨੇ ਆਪਣੇ ਆਪ ਨੂੰ ਸਿਰ ਅਤੇ ਤੁਹਾਨੂੰ ਪੈਰ ਕਰਕੇ ਸੋਂਦਿਆ ਹੈ। ਉਹ ਆਪਣੇ ਆਪ ਨੂੰ ਤਾਂ ਵੱਡਾ ਦੀਵਾਨ ਅਤੇ ਤੁਹਾਨੂੰ ਮੰਗਤਾ (ਫਕੀਰ) ਕਹਿੰਦਾ ਹੈ। ਜਦ ਉਹ ਪਹਿਲਾਂ ਹੀ ਅਜਿਹੇ ਅਹੰਕਾਰ ਭਰੇ ਸ਼ਬਦ ਬੋਲਦਾ ਹੈ ਤਾਂ ਉਹ ਅਗਾਂਹ ਕੀ ਕਰੇਗਾ ? ਉਸ ਦੇ ਕੁਬਚਨ ਕੇਵਲ ਆਪ ਦੀ ਹੀ ਨਿੰਦਾ ਨਹੀਂ, ਸਗੋਂ ਗੁਰੂ ਨਾਨਕ ਦੇਵ ਜੀ ਦੀ ਵੀ ਨਿੰਦਾ ਹਨ ਜਿਨ੍ਹਾਂ ਦੀ ਗੱਦੀ ਤੇ ਆਪ ਬਿਰਾਜਮਾਨ ਹੋ। ਜੇਕਰ ਉਹ ਧਨੀ ਦੀਵਾਨ ਵੀ ਹੋਵੇ ਤਾਂ ਤੁਹਾਨੂੰ ਉਸ ਦੀ ਕੀ ਪਰਵਾਹ ਹੈ ? ਗੁਰੂ ਘਰ ਵਿੱਚ ਅਮੀਰ ਗਰੀਬ ਇੱਕੋ ਜਿਹੇ ਹਨ। ਸਿੱਖ ਅਜੇਹੇ ਅਪਮਾਨ ਭਰੇ ਕੁਬਚਨ ਨਹੀਂ ਸਹਾਰ ਸਕਦੇ। ਗੁਰੂ ਅਮਰਦਾਸ ਜੀ ਨੇ ਫੁਰਮਾਇਆ ਹੈ :—

"ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ॥"

(ਆਃ ਗ੍ਰੰਃ ਪੰਃ ੩੧੬) (ਬਿਹਾਗੜਾ ਵਾਰ ਮਃ ੩)

ਜੇਕਰ ਆਪ ਨੇ ਅਜਿਹੇ ਅਹੰਕਾਰੀ ਆਦਮੀ ਨਾਲ ਸੰਬੰਧ ਕਰਨਾ ਪਰਵਾਨ ਕਰ ਲਿਆ, ਤਾਂ ਤੁਸੀਂ ਆਪਣੇ ਲਈ ਸਦਾ ਵਾਸਤੇ ਦੁਖ ਸਹੇੜ ਲਵੋਗੇ। ਤੁਹਾਨੂੰ ਕਿਸੇ ਚੀਜ਼ ਦੀ ਤੋਟ ਨਹੀਂ। ਤੁਸੀਂ ਸ਼ਾਹਾਂ ਦੇ ਸ਼ਾਹ ਹੋ। ਸਾਡੀ ਬੇਨਤੀ ਇਹ ਹੈ ਕਿ ਆਪ ਦੀਵਾਨ ਦੀ ਕੋਈ ਪ੍ਰਵਾਹ ਨਾ ਕਰੋ, ਅਤੇ ਉਸਦਾ ਨਾਤਾ ਮੋੜ ਦੇਵੋ।"

ਜਿਸ ਅਰਦਾਸੀਏ ਨੂੰ ਇਹ ਪੜ੍ਹੱਕਾ ਦਿੱਤੀ ਗਈ, ਉਸ ਨੂੰ ਹੁਕਮ ਕੀਤਾ ਗਿਆ ਕਿ ਉਹ ਰਾਤ ਦਿਨ ਇੱਕ ਕਰਕੇ ਛੇਤੀ ਜਾਵੇ ਤਾਂ ਜੋ ਚੰਦੂ ਦੇ ਪ੍ਰੋਹਤ ਅਤੇ ਨਾਈ ਵਲੋਂ ਕੁੜਮਾਈ ਦੀ ਰਸਮ ਪੂਰੀ ਕਰਨ ਤੋਂ ਪਹਿਲਾਂ ਪਹੁੰਚ ਸਕੇ। ਅਰਦਾਸੀਏ ਨੂੰ ਇਉਂ ਕਰਨ ਵਿੱਚ ਸਫਲਤਾ ਹੋਈ। ਗੁਰੂ ਜੀ ਜਾਣੀ ਜਾਨ ਸਨ। ਉਹ ਜਾਣ ਗਏ ਸਨ ਕਿ ਇਹ ਪੜ੍ਹੱਕਾ ਝਗੜੇ ਦਾ ਬੀਜ ਬੀਜਣ ਵਾਲੀ ਹੈ ਅਤੇ ਬਿਨਾਂ ਵਿਚਾਰੇ ਜੋਸ਼ ਵਿੱਚ ਆਣ ਕੇ ਸਾਨੂੰ ਭੇਜੀ ਗਈ ਹੈ; ਪਰ ਨਾਲ ਹੀ ਉਨ੍ਹਾਂ ਨੇ ਜ਼ਰੂਰੀ ਸਮਝਿਆ ਕਿ ਦਿੱਲੀ ਦੀ ਸੰਗਤ ਦੀ ਸਲਾਹ ਨੂੰ ਮੰਨਣਾ ਚਾਹੀਦਾ ਹੈ। ਸੋ ਗੁਰੂ ਮਹਾਰਾਜ ਨੇ ਵਿਆਹ ਦਾ ਸ਼ਗਨ ਮੋੜ ਦਿੱਤਾ, ਅਤੇ ਪ੍ਰੋਹਤ ਤੇ ਨਾਈ ਨੂੰ ਕਿਹਾ ਕਿ ਚੁਬਾਰੇ ਦੀ ਸੋਭਨੀਕ ਇੱਟ ਨੂੰ ਮੋਰੀ ਵਿੱਚ ਨਹੀਂ ਲਾਉਣਾ ਚਾਹੀਦਾ। ਜਦ ਲਾਗੀਆਂ ਨੇ ਇਹ ਸ਼ਬਦ ਗੁਰੂ ਜੀ ਦੇ ਮੁਖੋਂ ਸੁਣੇ ਤਾਂ ਉਹ ਹੈਰਾਨ ਰਹਿ ਗਏ। ਉਨ੍ਹਾਂ ਨੇ ਆਪਣੇ ਮਾਲਕ ਦਾ ਪੱਖ ਪਾਲਿਆ ਅਤੇ ਆਪਣੀ ਵਿੱਤ ਅਨੁਸਾਰ ਇਸ ਗੱਲ ਦੇ ਵਿਰੁੱਧ ਦਲੀਲਾਂ ਦਿੱਤੀਆਂ ਪਰ ਕੁਝ ਨਾ ਬਣਿਆ। ਜੋ ਕੁਝ ਦਿੱਲੀ ਦੀ ਸੰਗਤ ਨੇ ਲਿਖਿਆ ਸੀ, ਗੁਰੂ ਜੀ ਨੇ ਉਨ੍ਹਾਂ ਨੂੰ ਸੁਣਾ ਦਿੱਤਾ ਅਤੇ ਕਹਿਣ ਲੱਗੇ : "ਸਾਨੂੰ ਆਪਣੀ ਗਰੀਬੀ ਵਿੱਚ ਸੰਤੋਖ ਹੈ ਅਤੇ ਵੱਡਿਆਂ ਨਾਲ ਸੰਬੰਧ ਕਰਨ ਦੀ ਕੋਈ ਇੱਛਾ ਨਹੀਂ। ਜੇਕਰ ਕਿਸੇ ਆਦਮੀ ਦਾ ਪੈਰ ਉੱਚੇ ਬੁਰਜ ਦੇ ਕੰਢੇ ਤੋਂ ਤਿਲਕ ਪਵੇ ਤਾਂ ਉਹ ਜ਼ਮੀਨ ਤੇ ਡਿਗਦਿਆਂ ਹੀ ਚੂਰ-ਚੂਰ ਹੋ ਜਾਂਦਾ ਹੈ ਪਰ ਜੇ ਆਦਮੀ ਫੂਹੜੀ ਤੋਂ ਤਿਲਕ ਪਵੇ ਤਾਂ ਉਸ ਨੂੰ ਕੋਈ ਸੱਟ ਨਹੀਂ ਲੱਗਦੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸੰਬੰਧੀ ਫਰੁਮਾਇਆ ਹੈ:—

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ *(ਆ: ਗ੍ਰੰ: ਪੰ: ੧੫)*
(ਸਿਰੀ ਰਾਗੁ ਮਹਲਾ 1)

ਗੁਰੂ ਜੀ ਨੇ ਆਪਣੀ ਬਾਣੀ ਦੇ ਇੱਕ ਸ਼ਬਦ ਵਿੱਚੋਂ ਵੀ ਪ੍ਰਮਾਣ ਦਿੱਤਾ :

"ਊਚਾ ਚੜੈ ਸੁ ਪਵੈ ਪਇਆਲਾ॥
ਧਰਨਿ ਪੜੈ ਤਿਸੁ ਲਗੈ ਨ ਕਾਲਾ॥ *(ਆ: ਗ੍ਰੰ: ਪੰ: ੩੭੪) (ਆਸਾ ਮਹਲਾ ੫)*

ਜਿਸ ਵੇਲੇ ਪ੍ਰੋਹਤ ਅਤੇ ਨਾਈ ਆਪਣੇ ਪੱਖ ਵਿੱਚ ਹੋਰ ਦਲੀਲਾਂ ਦੇ ਰਹੇ ਸਨ, ਤਾਂ ਇੱਕ ਸਿੱਖ ਵਿੱਚੋਂ ਉਠਕੇ ਗੁਰੂ ਜੀ ਨੂੰ ਕਹਿਣ ਲੱਗਾ : "ਮਹਾਰਾਜ, ਦੁੱਧ ਵਿੱਚ ਕਾਂਜੀ ਨਾ ਮਿਲਾਉ। ਉਸ ਕੁੱਤੇ ਕਰਾੜ ਨਾਲ ਸੰਬੰਧ ਕਰਨ ਨੂੰ ਲੱਤ ਮਾਰੋ, ਉਸਨੂੰ ਆਪਣਾ ਸਿਰ ਆਪਣੇ ਚੁਬਾਰੇ ਨਾਲ ਮਾਰਨ ਦੇਵੋ। ਉਹ ਮਲੇਛਾਂ ਦਾ ਧਨ ਖਾਣ ਵਾਲਾ, ਜੋ ਤੁਹਾਨੂੰ ਕੁਬਚਨ ਬੋਲਦਾ ਹੈ, ਪਾਗਲ ਹੋ ਗਿਆ ਹੈ। ਆਪਣੇ ਆਪ ਨੂੰ ਕਿਉਂ ਨੀਵਾਂ ਕਰੋ ? ਤੁਸੀਂ ਸ਼ਾਹਾਂ ਦੇ ਸ਼ਾਹ ਹੋ। ਤੁਹਾਨੂੰ ਅਜਿਹੇ ਰਿਸ਼ਤੇ ਦੀ ਕੀ ਲੋੜ ਹੈ ?"

ਗੁਰੂ ਜੀ ਨੇ ਉਸ ਸਿੱਖ ਨੂੰ ਅਜਿਹੇ ਬਚਨ ਬੋਲਣ ਤੇ ਝਾੜ ਪਾਈ ਅਤੇ ਆਸਾ ਦੀ ਵਾਰ ਦੇ ਵੀਹਵੇਂ ਸਲੋਕ ਵਿਚੋਂ ਪ੍ਰਮਾਣ ਦੇਕੇ ਫੁਰਮਾਇਆ :—

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥ *(ਆਃ ਗ੍ਰੰਃ ਪੰਃ ੪੭੩)*
ਫਿਖਾ ਮੂਰਖੁ ਆਖੀਐ ਪਾਣਾ ਲਹੈ ਸਜਾਇ। *(ਆਸਾ ਦੀ ਵਾਰ ਮਹਲਾ ੧)*

ਗੁਰੂ ਜੀ ਫੁਰਮਾਣ ਲੱਗੇ : 'ਸਿੱਖਾਂ ਲਈ ਫਿਕਾ ਬੋਲਣਾ ਚੰਗਾ ਨਹੀਂ ਹੈ। ਸਾਨੂੰ ਅਭਿਮਾਨ ਨਹੀਂ ਹੈ। ਅਹੰਕਾਰੀ ਵਾਹਿਗੁਰੂ ਨੂੰ ਨਹੀਂ ਭਾਉਂਦੇ, ਮੈਂ ਵਾਹਿਗੁਰੂ ਦਾ ਦਾਸ ਹਾਂ, ਸਾਨੂੰ ਮਾਣ, ਤਾਣ, ਆਸ ਓਟ ਕਰਤਾਰ ਦੀ ਹੈ, ਸਦਾ ਉਸ ਤੋਂ ਡਰੋ।"

ਤਾਂ ਡੱਲ੍ਹੇ ਪਿੰਡ ਦੇ ਨਿਵਾਸੀ ਗੁਰੂ ਅਮਰਦਾਸ ਜੀ ਦੇ, ਇੱਕੋ ਸਿੱਖ ਭਾਈ ਪਾਰੋ ਜੀ ਦਾ ਪੋਤਰਾ ਨਰਾਇਣ ਦਾਸ ਭਰੇ ਦੀਵਾਨ ਵਿੱਚ ਉਠ ਖੜੋਤਾ ਅਤੇ ਗੱਲ ਵਿੱਚ ਪੱਲਾ ਪਾਕੇ ਨਿਰਮਾਣ ਹੋਕੇ ਅਰਦਾਸ ਕਰਨ ਲੱਗਾ : "ਸੱਚੇ ਪਾਤਸ਼ਾਹ ਮੈਂ ਆਪਦੇ ਚਰਨਾਂ ਦਾ ਦਾਸ ਹਾਂ, ਮੇਰੀ ਇੱਕ ਪੁੱਤਰੀ ਹੈ, ਮੈਂ ਤੇ ਮੇਰੀ ਪਤਨੀ ਨੇ ਉਹ ਪੁੱਤਰੀ ਆਪ ਦੇ ਸਾਹਿਬਜ਼ਾਦੇ ਨੂੰ ਦੇਣ ਦਾ ਪ੍ਰਣ ਕੀਤਾ ਹੋਇਆ ਹੈ। ਜੇਕਰ ਆਪ ਉਸਨੂੰ ਵੀ ਆਪਣੇ ਚੇਰਨਾਂ ਦੀ ਦਾਸੀ ਬਣਾ ਲਵੋ ਤਾਂ ਮੈਂ ਭਾਗਾਂ ਵਾਲਾ ਹੋਵਾਂਗਾ। ਮੈਂ ਇਕ ਗਰੀਬ ਨਿਮਾਣਾ ਸਿੱਖ ਹਾਂ। ਆਪ ਨਿਮਾਣਿਆਂ ਦੇ ਮਾਣ ਹੋ, ਆਪਣੇ ਸੇਵਕ ਨੂੰ ਨਿਹਾਲ ਕਰੋ ਅਤੇ ਮੈਨੂੰ ਨਿਰਾਸ ਕਰਕੇ ਨਾ ਭੇਜੋ। ਗੁਰੂ ਜੀ ਕਹਿਣ ਲੱਗੇ : ਜੇ ਤੇਰੇ ਮਨ ਵਿੱਚ ਪ੍ਰੇਮ ਹੈ ਤਾਂ ਤੇਰੀ ਤਜਵੀਜ਼ ਸਾਨੂੰ ਪ੍ਰਵਾਨ ਹੈ। ਮੱਘਰ ਸ਼ੁਦੀ ਸਪਤਮੀ ਦਾ ਦਿਨ ਸ਼ੁਭ ਜਾਣ ਕੇ, ਚੰਦੂ ਨੇ ਵਿਆਹ ਦਾ ਸਗਨ ਭੇਜਣ ਲਈ ਨੀਯਤ ਕੀਤਾ ਸੀ, ਐਵੇਂ ਨਹੀਂ ਗਿਆ। ਫਿਰ ਨਾਰਾਇਨ ਦਾਸ ਨੇ ਉਸੇ ਵੇਲੇ ਜਾਕੇ ਸ਼ਹਿਰ ਵਿਚੋਂ ਸ਼ਗਨ ਦਾ ਸਮਾਨ ਖਰੀਦ ਲਿਆਂਦਾ, ਸਾਹਿਬਜ਼ਾਦੇ ਹਰਿਗੋਬਿੰਦ ਜੀ ਦੀ ਝੋਲੀ ਵਿੱਚ ਪਾਇਆ ਗਿਆ ਤੇ ਕੁੜਮਾਈ ਹੋਣ ਦੀ ਨਿਸ਼ਾਨੀ ਕੇਸਰ ਦਾ ਤਿਲਕ ਉਨ੍ਹਾਂ ਦੇ ਮਸਤਕ ਤੇ ਲਾਇਆ ਗਿਆ।

ਫਿਰ ਹਰੀ ਚੰਦ ਇੱਕ ਹੋਰ ਸਿੱਖ ਉਠ ਖੜੋਤਾ ਅਤੇ ਬੇਨਤੀ ਕਰਨ ਲੱਗਾ : "ਮਹਾਰਾਜ ਮੈਂ ਵੀ ਆਪਣੀ ਪੁੱਤਰੀ ਆਪਦੇ ਸਾਹਿਬਜ਼ਾਦੇ ਨੂੰ ਦੇਣ ਦਾ ਦਿਲ ਵਿੱਚ ਪ੍ਰਣ ਕੀਤਾ ਹੋਇਆ ਹੈ। ਜੇ ਮੇਰੀ ਬੇਨਤੀ ਆਪ ਨੂੰ ਚੰਗੀ ਲੱਗੇ ਤਾਂ ਮੈਂ ਆਪਣੀ ਪੁੱਤਰੀ ਨੂੰ ਸ੍ਰੀ ਹਰਿਗੋਬਿੰਦ ਜੀ ਦੀ ਦਾਸੀ ਬਣਾਵਾਂਗਾ ਅਤੇ ਆਪਦੇ ਜਸ ਦਾ ਸਤਾਰਾ ਵਧੇਰੇ ਚਮਕੇਗਾ ਕਿ ਆਪ ਗਰੀਬਾਂ ਦੀ ਪਾਲਨਾ ਕਰਦੇ ਹੋ।"

ਗੁਰੂ ਅਰਜਨ ਦੇਵ ਜੀ ਭਾਵੇਂ ਪਹਿਲਾਂ ਆਪਣੇ ਸਪੁੱਤਰ ਦਾ ਦੂਜਾ ਵਿਆਹ ਪਰਵਾਨ ਨਹੀਂ ਸੀ ਕਰਨਾ ਚਾਹੁੰਦੇ ਪਰ ਇੱਕ ਸਿਦਕੀ ਸਿੱਖ ਦੀ ਬੇਨਤੀ ਨੂੰ ਮੋੜ ਵੀ ਨਹੀਂ ਸੀ ਸਕਦੇ, ਇਸ ਲਈ ਸ੍ਰੀ ਹਰਗੋਬਿੰਦ ਜੀ ਨਾਲ ਉਸਦੀ ਪੁੱਤਰੀ ਦੀ ਸ਼ਾਦੀ ਵੀ ਪਰਵਾਨ ਕਰ ਲਈ ਗਈ। ਇਸਦੇ ਨਾਲ ਹੀ ਹਰੀ ਚੰਦ ਨੇ ਆਪਣੀ ਲੜਕੀ ਦੇ ਹੋਰ

ਨਾਤੇ ਮੋੜ ਕੇ ਉਸਨੂੰ ਕੇਵਲ ਸ੍ਰੀ ਹਰਗੋਬਿੰਦ ਜੀ ਨਾਲ ਵਿਆਹੁਣ ਦਾ ਪ੍ਰਣ ਕੀਤਾ ਹੋਇਆ ਸੀ।[1] ਹਰੀਚੰਦ ਨੇ ਤੁਰਤ ਜਾ ਕੇ ਵਿਆਹ ਦੇ ਸ਼ਗਨ ਦਾ ਸਮਾਨ ਲੈ ਆਂਦਾ, ਅਤੇ ਹਰਗੋਬਿੰਦ ਸਾਹਿਬ ਜੀ ਦੀ ਝੋਲੀ ਵਿੱਚ ਪਾਕੇ ਅੱਗੇ ਵਾਂਗ ਤਿਲਕ ਲਾ ਦਿੱਤਾ। ਇਹ ਸਭ ਕੁਝ ਚੰਦੂ ਦੇ ਪ੍ਰੋਹਤ ਅਤੇ ਨਾਈ ਦੇ ਸਾਹਮਣੇ ਹੋਇਆ। ਉਹ ਨਿਰਾਸ ਹੋਕੇ ਤੇ ਝੁਰਦੇ ਹੋਏ ਆਪਣੇ ਮਾਲਕ ਚੰਦੂ ਪਾਸ ਚਲੇ ਗਏ।

ਵਿਆਹ ਦੀ ਤਿਆਰੀ

ਹਰਿਗੋਬਿੰਦ ਜੀ ਦਾ ਵਿਆਹ ਮਾਘ ਸੁਦੀ ਸਪਤਮੀ ਸੰਮਤ ੧੬੬੧ ਬਿ: ਨੂੰ ਨਰਾਇਨ ਦਾਸ ਦੀ ਲੜਕੀ ਨਾਲ ਨੀਅਤ ਹੋਇਆ। ਨਾਰਾਇਣ ਦਾਸ ਨੇ ਆਪਣੇ ਪਿੰਡ ਜਾਕੇ ਵਿਆਹ ਦੀਆਂ ਤਿਆਰੀਆਂ ਕੀਤੀਆਂ ਨਾਰਾਇਣ ਦਾਸ ਦੇ ਘਰ ਇਸਤ੍ਰੀਆਂ ਅਜਿਹੇ ਗੀਤ ਗਾਂਦੀਆਂ ਸਨ ਜਿਨ੍ਹਾਂ ਵਿੱਚ ਚਾਹ ਪ੍ਰਗਟ ਹੁੰਦੀ ਸੀ ਕਿ ਲਾੜਾ ਵਹੁਟੀ ਪਾਸੋਂ ਵਧੇਰਾ ਚਿਰ ਜੀਵੇ। ਉਸ ਸਮੇਂ ਹੇਠ ਲਿਖਿਆ ਸ਼ਬਦ ਵੀ ਗਾਂਵਿਆ ਗਿਆ, ਜਿਸ ਵਿੱਚ ਇਸਤ੍ਰੀ ਦੀ ਨਿਮ੍ਰਤਾ ਅਤੇ ਉਸਦਾ ਆਪਣੇ ਪਤੀ ਨਾਲ ਸੱਚਾ ਪ੍ਰੇਮ-ਭਾਵ ਦੱਸਿਆ ਹੋਇਆ ਹੈ—

ੴ ਸਤਿਗੁਰਪ੍ਰਸਾਦਿ॥ ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ॥
ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ॥
ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਂਈ॥
ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ॥
ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ॥
ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੇਰੀ ਰਾਮ॥੧॥
ਤੁਮ ਗਉਹਰ ਅਤਿ ਗਹਿਰ ਗੰਭੀਰਾ ਤੁਮ ਪਿਰ ਹਮ ਬਹੁਰੀਆ ਰਾਮ॥
ਤੁਮ ਵਡੇ ਵਡੇ ਵਡ ਊਚੇ ਹਉ ਇਤਨੀਕ ਲਹੁਰੀਆ ਰਾਮ॥
ਹਉ ਕਿਛੁ ਨਾਹੀ ਏਕੋ ਤੂਹੇ ਆਪੇ ਆਪਿ ਸੁਜਾਨਾ॥
ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ ਸਰਬ ਰੰਗ ਰਸ ਮਾਨਾ॥

1. ਗੁਰੂ ਅਰਜਨ ਜੀ ਦੇ ਸਮੇਂ ਤੱਕ ਗੁਰੂਆਂ ਤੇ ਇਤਨਾ ਭਰੋਸਾ ਹੋ ਗਿਆ ਸੀ ਤੇ ਉਨ੍ਹਾਂ ਦਾ ਇਤਨਾ ਆਦਰ ਸਤਿਕਾਰ ਵੱਧ ਗਿਆ ਸੀ ਕਿ ਧਾਰਮਕ ਆਦਮੀ ਆਪਣਾ ਫਰਜ਼ ਸਮਝਦੇ ਸਨ ਕਿ ਆਪਣੀਆਂ ਜਾਨਾਂ, ਸੰਤਾਨ ਅਤੇ ਜਾਇਦਾਦ ਗੁਰੂ ਨੂੰ ਅਰਪਣ ਦਾ ਪ੍ਰਣ ਕਰ ਦਿੰਦੇ ਸਨ। ਕਈ ਸਿੱਖ ਲੜਕੀਆਂ ਦੇ ਪੈਦਾ ਹੋਣ ਦੇ ਸਮੇਂ ਤੋਂ ਹੀ ਪ੍ਰਣ ਕਰ ਲੈਂਦੇ ਕਿ ਇਸਨੂੰ ਗੁਰੂ ਜੀ ਦੇ ਘਰ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਨਾਲ ਵਿਆਹਿਆ ਜਾਵੇਗਾ। ਅਜਿਹੀਆਂ ਅਰਪਣ ਕੀਤੀਆਂ ਹੋਈਆਂ ਲੜਕੀਆਂ ਨੂੰ ਸਿੱਖ 'ਮਾਤਾ' ਵੀ ਕਹਿੰਦੇ ਸਨ ਅਤੇ ਉਨ੍ਹਾਂ ਨੂੰ ਸਿਵਾਏ ਉਨ੍ਹਾਂ ਦੇ ਕੋਈ ਨਹੀਂ ਵਿਆਹ ਸਕਦਾ ਸੀ ਜਿਨ੍ਹਾਂ ਨਾਲ ਉਨ੍ਹਾਂ ਨੂੰ ਮੰਗਿਆ ਜਾਂਦਾ ਸੀ, ਇਸ ਕਰਕੇ ਗੁਰੂ ਜੀ ਸਿੱਖ ਦੀ ਖਾਹਸ਼ ਨੂੰ ਪੂਰੀ ਕਰਨ ਲਈ ਮਜਬੂਰ ਸਨ ਕਿ ਜਿਸਨੇ ਵਾਹਿਗੁਰੂ ਦੇ ਹਜ਼ੂਰ ਪ੍ਰਣ ਕੀਤਾ ਹੋਇਆ ਹੈ। ਕੁਝ ਗੁਰੂਆਂ ਦੇ ਇੱਕ ਤੋਂ ਵਧੇਰੇ ਵਿਆਹਾਂ ਦਾ ਕਾਰਨ ਵੀ ਇਹੋ ਹੀ ਹੈ।

ਚਰਣਹ ਸਰਨੀ ਦਾਸਹ ਦਾਸੀ ਮਨਿ ਮਉਲੈ ਤਨੁ ਹਰੀਆ ॥
ਨਾਨਕ ਠਾਕੁਰੁ ਸਰਬ ਸਮਾਣਾ ਆਪਨ ਭਾਵਨ ਕਰੀਆ ॥੨॥
ਤੁਝੁ ਊਪਰਿ ਮੇਰਾ ਹੈ ਮਾਣਾ ਤੂਹੇ ਮੇਰਾ ਤਾਣਾ ਰਾਮ ॥
ਸੁਰਤਿ ਮਤਿ ਚਤੁਰਾਈ ਤੇਰੀ ਤੂ ਜਾਣਾਇਹੀ ਜਾਣਾ ਰਾਮ ॥
ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿਰੰਦੇ ॥
ਮਨਮੁਖਿ ਭੂਲੀ ਬਹੁਤੀ ਰਾਈ ਫਾਥੀ ਮਾਇਆ ਫੰਦੇ ॥
ਠਾਕਰ ਭਾਣੀ ਸਾ ਗੁਣਵੰਤੀ ਤਿਨਹੀ ਸਭ ਰੰਗਿ ਮਾਣਾ ॥
ਨਾਨਕ ਕੀ ਧਰ ਤੂਹੇ ਠਾਕੁਰ ਤੂ ਨਾਨਕ ਕਾ ਮਾਣਾ ॥੩॥
ਹਉ ਵਾਰੀ ਵੰਞਾ, ਘੋਲੀ ਵੰਞਾ ਤੂੰ ਪਰਬਤੁ ਮੇਰਾ ਓਲਾ ਰਾਮ ॥
ਹਉ ਬਲਿ ਜਾਈ ਲਖ ਲਖ ਬਰੀਆ ਜਿਨਿ ਭ੍ਰਮੁ ਪਰਦਾ ਖੋਲਾ ਰਾਮ ॥
ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ ॥
ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ ॥
ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰ ਖੋਲ੍ਹਾ ॥
ਕਹੁ ਨਾਨਕ ਹਉ ਨਿਰਭਉ ਹੋਈ ਸੋ ਪ੍ਰਭੁ ਮੇਰਾ ਓਲ੍ਹਾ ॥੪॥੧॥੪॥

(ਆਃ ਗ੍ਰੰਃ ਪੰਃ ੭੭੯) (ਰਾਗ ਸੂਹੀ ਛੰਤ ਮਹਲਾ ੫ ਘਰੁ ੩)

ਕਾਂਡ—51

ਚੰਦੂ ਦੀ ਨਾਰਾਜ਼ਗੀ ਤੇ ਵੈਰ

ਜਦੋਂ ਪ੍ਰੋਹਤ ਅਤੇ ਨਾਈ ਦਿੱਲੀ ਨੂੰ ਵਾਪਸ ਗਏ ਤਾਂ ਉਨ੍ਹਾਂ ਨੇ ਜੋ ਕੁਝ ਅੰਮ੍ਰਿਤਸਰ ਵਿੱਚ ਸੁਣਿਆ ਵੇਖਿਆ ਸੀ ਸਭ ਕੁਝ ਚੰਦੂ ਨੂੰ ਜਾ ਦੱਸਿਆ। ਗੁਰੂ ਜੀ ਵੱਲੋਂ ਨਾਤਾ ਲੈਣ ਤੋਂ ਇਨਕਾਰ ਕਰਨਾ, ਉਸ ਦਾ ਕਾਰਨ ਦਰਬਾਰ ਵਿੱਚ ਚੰਦੂ ਪ੍ਰਤੀ ਇੱਕ ਸਿੱਖ ਦੇ ਬੁਰੇ ਸ਼ਬਦ ਬੋਲਣੇ, ਹਰਗੋਬਿੰਦ ਸਾਹਿਬ ਜੀ ਦੀ ਮੰਗਣੀ ਹੋਣੀ ਅਤੇ ਉਨ੍ਹਾਂ ਦੇ ਵਿਆਹ ਦੀ ਮਿਤੀ ਨੀਯਤ ਹੋਣੀ ਆਦਿ। ਚੰਦੂ ਨੂੰ ਬੜਾ ਹੀ ਕ੍ਰੋਧ ਆਇਆ ਪਰ ਉਸਨੇ ਗੁਰੂ ਜੀ ਨੂੰ ਇੱਕ ਚਿੱਠੀ ਲਿਖੀ, ਜਿਸ ਵਿੱਚ ਨੀਤੀ ਨੂੰ ਮੁਖ ਰੱਖ ਕੇ ਆਪਣੇ ਗੁੱਸੇ ਨੂੰ ਲੁਕਾ ਰੱਖਿਆ। ਉਸ ਨੇ ਚਿੱਠੀ ਦੇ ਅਰੰਭ ਵਿੱਚ ਗੁਰੂ ਜੀ ਨੂੰ ਵਡਿਆਇਆ ਅਤੇ ਆਪਣੇ ਆਪ ਨੂੰ ਨੀਵਾਂ ਪ੍ਰਗਟ ਕੀਤਾ, ਅਤੇ ਫਿਰ ਇਉਂ ਲਿਖਿਆ : ਇਹ ਬਿਲਕੁਲ ਸੱਚ ਹੈ, ਕਿ ਮੈਂ ਕਿਹਾ ਸੀ ਕਿ ਆਪ ਦੀ ਜ਼ਾਤ ਮੇਰੇ ਤੋਂ ਛੋਟੀ ਹੈ। ਇਹ ਗੱਲ ਸਾਧਾਰਨ ਤੌਰ ਤੇ ਹੀ ਮੇਰੇ ਮੂੰਹੋਂ ਨਿਕਲ ਗਈ ਸੀ ਅਤੇ ਕਿਸੇ ਨੇ ਇਸ ਨੂੰ ਬਹੁਤ ਵਧਾ ਕੇ ਲਿਖ ਦਿੱਤਾ ਹੈ ਤੇ ਤੁਹਾਨੂੰ ਮੇਰੇ ਨਾਲ ਨਰਾਜ਼ ਕਰ ਦਿੱਤਾ ਹੈ। ਤੁਸੀਂ ਇਸ ਵੇਲੇ ਜਗਤ ਵਿੱਚ ਬੜੇ ਪੂਜਨੀਕ ਗੁਰੂ ਹੋ, ਤੁਸੀਂ ਹਰ ਇੱਕ ਗੱਲ ਸੋਚੋ, ਤੁਹਾਡੇ ਲਈ ਇਹ ਯੋਗ ਨਹੀਂ ਕਿ ਪਾਗਲ ਅਤੇ ਕਮੀਨੇ ਲੋਕਾਂ ਦੇ ਕਹੇ ਲੱਗ ਕੇ ਮੇਰੇ ਨਾਲ ਵਿਗਾੜ ਪਾ ਲਵੋ। ਜੇਕਰ ਮੈਂ ਆਪ ਵਾਸਤੇ ਬਾਦਸ਼ਾਹ ਨੂੰ ਕਹਾਂ, ਤਾਂ ਉਹ ਵੀ ਆਪ ਦੀ ਸੇਵਾ ਵਿੱਚ ਹਾਜ਼ਰ ਹੋ ਸਕਦਾ ਹੈ। ਮੈਂ ਆਪਣੀ ਧੀ ਨੂੰ ਬਹੁਤ ਦਾਜ ਦੇਵਾਂਗਾ। ਆਪ ਆਪਣੇ ਸਾਹਿਬਜ਼ਾਦੇ ਲਈ ਹੋਰ ਲੜਕੀਆਂ ਜਿਨ੍ਹਾਂ ਨਾਲ ਤੁਸੀਂ ਸਾਕ ਕੀਤੇ ਹਨ ਬੇਸ਼ਕ ਰੱਖੋ ਅਤੇ ਮੇਰੀ ਵੀ ਲੜਕੀ ਪ੍ਰਵਾਨ ਕਰੋ। ਵੱਡੇ ਲੋਕ ਕਈ ਵਿਆਹ ਕਰਦੇ ਹਨ। ਜੇ ਆਪ ਮੈਨੂੰ ਇਹ ਕਹਿੰਦੇ ਹੋ ਕਿ ਮੈਂ ਅਹੰਕਾਰ ਭਰੇ ਬਚਨ ਕਹੇ ਹਨ ਪਰ ਮੈਂ ਖਵਰੇ ਕਹੇ ਹਨ ਜਾਂ ਨਹੀਂ, ਪਰ ਇਹ ਗੱਲਾਂ ਮੈਂ ਆਪਣੇ ਘਰ ਕੀਤੀਆਂ ਸਨ ਅਤੇ ਦੂਜਿਆਂ ਦੇ ਸੁਣਨ ਲਈ ਨਹੀਂ ਸਨ। ਤੁਹਾਡੇ ਸਿੱਖਾਂ ਨੇ ਭਰੇ ਦੀਵਾਨ ਵਿੱਚ ਮੈਨੂੰ ਕੁੱਤਾ ਆਖਿਆ ਹੈ। ਚੰਗਾ ਜੋ ਹੋ ਗਿਆ ਸੋ ਹੋ ਗਿਆ, ਇਸਨੂੰ ਹੁਣ ਜਾਣ ਦਿਉ, ਮੈਂ ਬਾਦਸ਼ਾਹ ਪਾਸੋਂ ਆਪਨੂੰ ਬਹੁਤ ਕੁਝ ਬਖਸ਼ਸ਼ਾਂ ਦਿਵਾਵਾਂਗਾ। ਤੁਹਾਡਾ ਅੱਗੇ ਆਪਣੇ ਭਰਾ ਪ੍ਰਿਥੀਏ ਨਾਲ ਵਿਗਾੜ ਹੈ। ਤੁਹਾਨੂੰ ਚਾਹੀਦਾ ਹੈ ਕਿ ਮੈਨੂੰ ਆਪਣਾ ਸਾਥੀ ਬਣਾ ਲਵੋ। ਜੇ ਤੁਸੀਂ ਮੇਰੇ ਨਾਲ ਵੀ ਵਿਗਾੜ ਲਈ ਤਾਂ ਤੁਹਾਨੂੰ ਕਿਤੇ ਰਹਿਣ ਨੂੰ ਥਾਂ ਨਹੀਂ ਮਿਲੇਗਾ। ਅਜੇ ਤਾਂ ਚੰਗਿਆੜੇ ਹੀ ਉਡ ਰਹੇ ਹਨ, ਜੇ ਇਹ ਵੱਧ ਗਏ, ਤਾਂ ਅੱਗ ਭੜਕ ਪਏਗੀ, ਜਿਹੜੀ ਬੁਝਣੀ ਔਖੀ ਹੋ ਜਾਏਗੀ। ਤੁਹਾਨੂੰ ਫਿਰ ਇਹ ਅਵਸਰ ਨਹੀਂ ਮਿਲਣਾ। ਜੇਕਰ ਤਸੀਂ ਮੈਨੂੰ ਕੁੱਤਾ ਆਖਿਆ ਹੈ ਤਾਂ ਮੈਂ ਸ਼ਾਇਦ ਹਲਕਿਆ ਹੋ ਜਾਵਾਂ ਤੇ ਆਪਣੀ ਸਿਆਣਪ ਨੂੰ ਛੱਡ ਤੁਹਾਡਾ ਨੁਕਸਾਨ ਕਰ ਦਿਆਂ।"

ਚੰਦੂ ਨੇ ਇਹ ਚਿੱਠੀ ਉਸੇ ਪ੍ਰੋਹਤ ਹੱਥ ਗੁਰੂ ਜੀ ਨੂੰ ਭੇਜੀ। ਗੁਰੂ ਜੀ ਨੇ ਪੜ੍ਹ ਕੇ ਕਿਹਾ: "ਇਹ ਅਹੰਕਾਰ ਹੀ ਹੈ ਜੋ ਲੋਕਾਂ ਨੂੰ ਬਰਬਾਦ ਕਰਦਾ ਹੈ। ਧਨ ਦਾ ਅਹੰਕਾਰ ਸਭ ਬੁਰਾਈਆਂ ਦਾ ਮੂਲ ਹੈ। ਮਨੁੱਖ ਆਪਣੇ ਕਰਮਾਂ ਦਾ ਫਲ ਜ਼ਰੂਰ ਭੁਗਤਦਾ ਹੈ। ਹੁਣ ਇਹ ਜਾਣ ਲਵੋ ਕਿ ਚੰਦੂ ਨਾਲ ਸਾਡਾ ਸੰਬੰਧ ਕਦੀ ਨਹੀਂ ਹੋਵੇਗਾ। ਕਰਤਾਰ ਦੇ ਜੋੜੇ ਹੋਏ ਜੁੜਦੇ ਹਨ ਪਰ ਆਦਮੀ ਦੇ ਜੋੜੇ ਹੋਏ ਨਹੀਂ ਜੁੜਦੇ। ਇਹ ਗੁਰੂ ਦਾ ਨਿਯਮ ਹੈ ਕਿ "ਸੰਗਤਾਂ ਦੀਆਂ ਇਛਾਵਾਂ ਅਨੁਸਾਰ ਕੰਮ ਕਰੋ।" ਸੰਗਤ ਦੇ ਬਚਨ ਅਟੱਲ ਹਨ। ਜਿਸ ਨੂੰ ਉਹ ਇੱਕ ਵਾਰ ਨਾਂਹ ਕਰ ਦੇਵੇ, ਉਸ ਨੂੰ ਫਿਰ ਸਵੀਕਾਰ ਕਰਨਾ ਠੀਕ ਨਹੀਂ। ਜੇਕਰ ਮੈਂ ਚੰਦੂ ਦਾ ਰਿਸ਼ਤਾ ਲੈ ਵੀ ਲਵਾਂ ਤਾਂ ਇਸ ਵਿਚੋਂ ਕੋਈ ਲਾਭ ਨਹੀਂ ਹੋਣਾ। ਉਹ ਮੈਨੂੰ ਲਾਭ ਦਾ ਲਾਲਚ ਦਿੰਦਾ ਹੈ, ਪਰ ਇਸ ਦੇ ਬਦਲੇ ਆਪਣੀ ਆਤਮਾ ਕੌਣ ਗਵਾਵੇ ? ਅਤੇ ਜਿਹੜੀਆਂ ਧਮਕੀਆਂ ਉਸਨੇ ਮੈਨੂੰ ਦਿੱਤੀਆਂ ਹਨ, ਉਨ੍ਹਾਂ ਦਾ ਮੈਨੂੰ ਰੱਤੀ ਵੀ ਡਰ ਨਹੀਂ। ਕੇਵਲ ਵਾਹਿਗੁਰੂ ਹੀ ਸਭ ਦਾ ਰਾਖਾ ਹੈ।"

ਜਦ ਪ੍ਰੋਹਤ ਗੁਰੂ ਜੀ ਨੂੰ ਆਪਣਾ ਦ੍ਰਿੜ ਫੈਸਲਾ ਬਦਲਣ ਲਈ ਮਨਾ ਨਾ ਸਕਿਆ ਤਾਂ ਉਨ੍ਹਾਂ ਦਾ ਇਹ ਸਨੇਹਾ ਲੈਕੇ ਵਾਪਸ ਚਲਾ ਗਿਆ।

ਹਰਿਗੋਬਿੰਦ ਜੀ ਦਾ ਵਿਆਹ

ਗੁਰੂ ਜੀ ਨੇ ਫਿਰ ਨਾਰਾਇਣ ਦਾਸ ਦੀ ਸੁਪੁਤ੍ਰੀ ਨਾਲ ਸਾਹਿਬਜ਼ਾਦੇ ਦੇ ਵਿਆਹ ਦੀਆਂ ਤਿਆਰੀਆਂ ਕੀਤੀਆਂ ਤੇ ਪ੍ਰਾਹੁਣਿਆਂ ਨੂੰ ਸੱਦੇ ਘੱਲ ਦਿੱਤੇ। ਗੁਰੂ ਮਹਾਰਾਜ ਨੇ ਆਪਣੇ ਭਰਾ ਪ੍ਰਿਥੀਏ ਨੂੰ ਵੀ ਸੱਦਿਆ, ਪਰ ਉਸ ਨੇ ਆਉਣ ਤੋਂ ਨਾਂਹ ਕਰ ਦਿੱਤੀ। ਵਿਆਹ ਗੁਰੂ ਮਰਿਆਦਾ ਅਨੁਸਾਰ ਅਤੇ ਖੁਸ਼ੀਆਂ ਨਾਲ ਠੀਕ ਤਰ੍ਹਾਂ ਕੀਤਾ ਗਿਆ।

ਵਿਆਹ ਸਮੇਂ ਨਾਰਾਇਣ ਦਾਸ ਦੇ ਘਰ ਦੀਆਂ ਇਸਤ੍ਰੀਆਂ ਨੇ ਹੇਠ ਲਿਖਿਆ ਗੁਰੂ ਅਰਜਨ ਦੇਵ ਜੀ ਦਾ ਸ਼ਬਦ ਗਾਇਆ—

ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ॥
ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ॥
ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੇ॥
ਸਹਜੇ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ ਮਤੇ॥
ਦਿਨੁ ਰੈਣਿ ਠਾਂਢੀ ਕਰਉ ਸੇਵਾ ਪ੍ਰਭੁ ਕਵਨ ਜੁਗਤੀ ਪਾਇਆ॥
ਬਿਨਵੰਤਿ ਨਾਨਕ ਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ॥

(ਆ: ਗ੍ਰੰ: ਪੰ: ੮੪੫) (ਬਿਲਾਵਲ ਮ: ੫ ਛੰਤ)

ਅਕਬਰ ਬਾਦਸ਼ਾਹ ਪਾਸ ਪੰਡਤਾਂ ਤੇ ਕਾਜ਼ੀਆਂ ਦੀ ਸ਼ਿਕਾਇਤ

ਪ੍ਰਿਥੀਏ ਨੇ ਕਾਜ਼ੀਆਂ ਤੇ ਪੰਡਤਾਂ ਨੂੰ, ਜਿਹੜੇ ਗੁਰੂ ਜੀ ਨਾਲ ਗੁਰੂ ਗ੍ਰੰਥ ਸਾਹਿਬ ਦੇ ਰਚਨ ਕਾਰਣ ਵੈਰੀ ਬਣ ਗਏ ਸਨ, ਸੱਦਾ ਭੇਜਿਆ ਅਤੇ ਉਨ੍ਹਾਂ ਨੂੰ ਉਕਸਾਇਆ ਕਿ

ਤੁਸੀਂ ਅਕਬਰ ਪਾਸ ਜਾਕੇ ਇਹ ਫਰਿਆਦ ਕਰੋ ਕਿ ਗੁਰੂ ਅਰਜਨ ਦੇਵ ਜੀ ਨੇ ਇਕ ਗ੍ਰੰਥ ਰਚਿਆ ਹੈ ਜਿਸ ਵਿੱਚ ਮੁਸਲਮਾਨ ਪੀਰਾਂ, ਪੈਗੰਬਰਾਂ, ਆਗੂਆਂ ਅਤੇ ਹਿੰਦੂ ਅਵਤਾਰਾਂ ਤੇ ਦੇਵਤਿਆਂ ਦੀ ਨਿੰਦਾ ਕੀਤੀ ਹੈ। ਅਕਬਰ ਉਸ ਸਮੇਂ ਪੰਜਾਬ ਵਿੱਚ ਦੌਰੇ ਤੇ ਸੀ ਅਤੇ ਪੰਡਤਾਂ ਦੀ ਫਰਿਆਦ ਉਸ ਅੱਗੇ ਪੇਸ਼ ਕੀਤੀ। ਇਹ ਕਹਿ ਕੇ ਚੰਦੂ ਨੇ ਇਸ ਅਰਜ਼ੀ ਦੀ ਪੁਸ਼ਟੀ ਕੀਤੀ ਕਿ ਮੈਂ ਜਾਣਦਾ ਹਾਂ ਕਿ ਇਹ ਦੋਸ਼ ਠੀਕ ਹਨ।

ਬਾਦਸ਼ਾਹ ਨੇ ਕਿਹਾ ਕਿ ਗੁਰੂ ਅਰਜਨ ਦੇਵ ਜੀ ਨੂੰ ਸੱਦ ਭੇਜੋ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਕੇ ਮੇਰੇ ਪਾਸ ਆਉਣ। ਗੁਰੂ ਜੀ ਆਪ ਤਾਂ ਨਾ ਆਏ ਪਰ ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਗੁਰੂ ਗ੍ਰੰਥ ਸਾਹਿਬ ਪੜ੍ਹਕੇ ਸੁਣਾਉਣ ਲਈ ਭੇਜ ਦਿੱਤਾ। ਹੇਠ ਲਿਖਿਆ ਪਹਿਲਾ ਸ਼ਬਦ ਅਕਬਰ ਬਾਦਸ਼ਾਹ ਦੀ ਨਜ਼ਰੀਂ ਪਿਆ, ਉਹ ਫਾਰਸੀ ਬੋਲੀ ਵਿੱਚ ਗੁਰੂ ਅਰਜਨ ਦੇਵ ਜੀ ਦੀ ਆਪਣੀ ਬਾਣੀ ਵਿਚੋਂ ਸੀ—

ਖਾਕ ਨੂਰ ਕਰਦੰ ਆਲੇਮ ਦੁਨੀਆਇ॥
ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ॥੧॥
ਬੰਦੇ ਚਸਮ ਦੀਦੰ ਫਨਾਇ॥
ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ॥੨॥ ਰਹਾਉ॥
ਗੈਬਾਨ ਹੈਵਾਨ ਹਰਾਮ ਕਸਤਨੀ ਮੁਰਦਾਰ ਬਖੋਰਾਇ॥
ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ॥੨॥
ਵਲੀ ਨਿਆਮਤਿ ਬਸਤਨੀ ਤਬ ਚਿ ਕਾਰੇ ਬਿਦਾਇ॥੩॥
ਹਵਾਲ ਮਾਲੂਮੁ ਕਰਦੰ ਪਾਕ ਅਲਾਹ॥
ਬੁਗੋ ਨਾਨਕ ਅਰਦਾਸਿ ਪੇਸ ਦਰਵੇਸ ਬੰਦਾਹ॥੪॥੧॥ *(ਆ: ਗ੍ਰੰ: ਪੰ: ੭੨੩)*

(ਰਾਗ ਤਿਲੰਗ ਮ: ੫ ਘਰੁ ੧)

ਬਾਦਸ਼ਾਹ ਇਹ ਸੁਣ ਕੇ ਆਖਣ ਲੱਗਾ ਕਿ ਇਹ ਤਾਂ ਬਿਲਕੁਲ ਠੀਕ ਸ਼ਬਦ ਹੈ। ਕਾਜ਼ੀ ਤੇ ਪੰਡਤ ਨੇ ਬੇਨਤੀ ਕੀਤੀ ਕਿ ਇਹ ਤੁਹਾਨੂੰ ਸੁਣਾਉਣ ਲਈ ਖਾਸ ਚੁਣਿਆ ਸ਼ਬਦ ਹੋਇਆ ਹੈ। ਸਾਡੀ ਬੇਨਤੀ ਹੈ ਕਿ ਕੋਈ ਹੋਰ ਆਦਮੀ ਮੰਗਾਉ, ਜਿਹੜਾ ਤੁਹਾਨੂੰ ਗੁਰੂ ਗ੍ਰੰਥ ਸਾਹਿਬ ਪੜ੍ਹ ਕੇ ਸੁਣਾਵੇ, ਸਾਡੇ ਵਿਚੋਂ ਕੋਈ ਗੁਰਮੁਖੀ ਨਹੀਂ ਜਾਣਦਾ ਜਿਸ ਵਿੱਚ ਕਿ ਪਵਿੱਤਰ ਗ੍ਰੰਥ ਸਾਹਿਬ ਲਿਖਿਆ ਹੋਇਆ ਹੈ। ਬਾਦਸ਼ਾਹ ਨੇ ਆਪ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨੇ ਉਲਟਾਏ ਅਤੇ ਖਾਸ ਥਾਂ ਦੱਸਕੇ ਭਾਈ ਗੁਰਦਾਸ ਜੀ ਨੂੰ ਆਖਿਆ ਕਿ ਇਥੋਂ ਪੜ੍ਹੋ ਤਾਂ ਇਹ ਸ਼ਬਦ ਸੀ ਜੋ ਕਿ ਪਿੱਛੇ ਲਿਖਿਆ ਜਾ ਚੁੱਕਾ ਹੈ। ਇਹ ਇਸ ਤਰ੍ਹਾਂ ਅਰੰਭ ਹੁੰਦਾ ਹੈ 'ਅਲਹ ਅਗਮ ਖੁਦਾਈ ਬੰਦੇ' ਬਾਦਸ਼ਾਹ ਨੂੰ ਪੜ੍ਹ ਕੇ ਸੁਣਾਇਆ ਗਿਆ।

ਬਾਦਸ਼ਾਹ ਇਹ ਸੁਣ ਕੇ ਬੜਾ ਪ੍ਰਸੰਨ ਹੋਇਆ। ਪਰ ਚੰਦੂ ਅਜੇ ਕਦੋਂ ਟਲਣ ਵਾਲਾ ਸੀ। ਉਹ ਕਹਿਣ ਲੱਗਾ ਕਿ ਭਾਈ ਗੁਰਦਾਸ ਜੀ ਨੇ ਆਪਣੇ ਪਾਸੋਂ ਮੂੰਹ ਜ਼ਬਾਨੀ ਪੜ੍ਹਕੇ ਇਹ ਸ਼ਬਦ ਸੁਣਾਇਆ ਹੈ। ਬਾਦਸ਼ਾਹ ਸਲਾਮਤ ਨੂੰ ਚਾਹੀਦਾ ਹੈ ਕਿ ਗ੍ਰੰਥ ਸਾਹਿਬ ਕਿਸੇ ਹੋਰ ਪਾਸੋਂ ਸੁਣਨ, ਜਿਹੜਾ ਗੁਰਮੁਖੀ ਜਾਣਦਾ ਹੋਵੇ। ਚੰਦੂ ਨੇ ਇਕ ਸਾਹਿਬ ਦਿਆਲ

ਸਿੰਘ ਨਾਮ ਦਾ ਆਦਮੀ ਲੱਭਿਆ ਜਿਸਨੂੰ ਗੁਜ਼ਾਰੇ ਜੋਗੀ ਗੁਰਮੁਖੀ ਆਉਂਦੀ ਸੀ। ਚੰਦੂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਪੱਤਰੇ ਉਲਟੇ ਅਤੇ ਉਸਨੂੰ ਦੱਸਕੇ ਕਹਿਣ ਲੱਗਾ ਕਿ ਇਹ ਸ਼ਬਦ ਪੜ੍ਹ। ਸ਼ਬਦ ਹੇਠ ਲਿਖਿਆ ਸੀ :—

ਘਰ ਮਹਿ ਠਾਕੁਰੁ ਨਦਰਿ ਨ ਆਵੈ॥ ਗਲ ਮਹਿ ਪਾਹਣੁ ਲੈ ਲਟਕਾਵੈ॥੧॥
ਭਰਮੇ ਭੂਲਾ ਸਾਕਤੁ ਫਿਰਤਾ॥ ਨੀਰੁ ਬਿਰੋਲੈ ਖਪਿ ਖਪਿ ਮਰਤਾ॥੧॥ ਰਹਾਉ॥
ਜਿਸੁ ਪਾਹਣ ਕਉ ਠਾਕੁਰੁ ਕਹਤਾ॥ ਓਹੁ ਪਾਹਣੁ ਲੈ ਉਸ ਕਉ ਡੁਬਤਾ॥੨॥
ਗੁਨਹਗਾਰ ਲੂਣ ਹਰਾਮੀ॥ ਪਾਹਣ ਨਾਵ ਨ ਪਰਿਗਿਰਾਮੀ॥੩॥
ਗੁਰ ਮਿਲਿ ਨਾਨਕ ਠਾਕੁਰੁ ਜਾਤਾ॥ ਜਲਿ ਥਲਿ ਮਹੀਅਲਿ ਪੂਰਨ ਬਿਧਾਤਾ॥
॥੪॥੩॥੯॥ (ਆ: ਗ੍ਰੰ: ਪੰ: ੭੩੫) (ਸਹੀ ਮ: ੫)

ਬਾਦਸ਼ਾਹ ਨੇ ਜਦੋਂ ਇਹ ਸ਼ਬਦ ਸੁਣਿਆ ਤਾਂ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਨਾਲ ਵਧੇਰੇ ਪ੍ਰਸੰਨ ਹੋਇਆ ਅਤੇ ਗੁਰੂ ਜੀ ਦੇ ਨਿੰਦਕਾਂ ਅਤੇ ਵੈਰੀਆਂ ਉੱਤੇ ਨਰਾਜ਼ ਹੋਇਆ ਅਤੇ ਬਾਦਸ਼ਾਹ ਨੇ ਆਪਣਾ ਫੈਸਲਾ ਦਿੱਤਾ : "ਵਾਹਿਗੁਰੂ ਦੀ ਪ੍ਰੀਤੀ ਅਤੇ ਭਗਤੀ ਤੋਂ ਛੁਟ ਮੈਨੂੰ ਹੁਣ ਤਾਈਂ ਗੁਰੂ ਗ੍ਰੰਥ ਸਾਹਿਬ ਵਿੱਚ ਨਾ ਹੀ ਕਿਸੇ ਦੀ ਉਸਤਤੀ ਤੇ ਨਾ ਹੀ ਨਿੰਦਾ ਮਿਲੀ ਹੈ। ਇਹ ਗ੍ਰੰਥ ਆਦਰ ਤੇ ਸਨਮਾਨ ਯੋਗ ਹੈ।" ਫਿਰ ਬਾਦਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਇਕਵੰਜਾ ਸੋਨੇ ਦੀਆਂ ਮੋਹਰਾਂ ਚੜ੍ਹਾਈਆਂ, ਅਤੇ ਦੋ ਸਿਰੋਪਾ ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਦਿੱਤੇ ਅਤੇ ਤੀਜਾ ਗੁਰੂ ਜੀ ਵਾਸਤੇ ਭੇਟਾ ਕੀਤਾ। ਬਾਦਸ਼ਾਹ ਨੇ ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਕਿਹਾ ਕਿ ਮੇਰੇ ਵੱਲੋਂ ਗੁਰੂ ਜੀ ਨੂੰ ਸਤਿਕਾਰ ਸਹਿਤ ਨਮਸਕਾਰ ਕਰਨੀ ਅਤੇ ਕਹਿ ਦੇਣਾ ਕਿ ਮੈਂ ਹੁਣ ਲਾਹੌਰ ਜਾ ਰਿਹਾ ਹਾਂ ਉਥੋਂ ਮੁੜਦੀ ਵਾਰ ਗੁਰੂ ਜੀ ਦੇ ਦਰਸ਼ਨਾਂ ਲਈ ਸੇਵਾ ਵਿੱਚ ਹਾਜ਼ਰ ਹੋਵਾਂਗਾ।

ਜਦ ਚੰਦੂ ਅਤੇ ਉਸਦੇ ਸਾਥੀਆਂ ਨੇ ਬਾਦਸ਼ਾਹ ਦਾ ਫੈਸਲਾ ਅਤੇ ਗੁਰੂ ਜੀ ਲਈ ਦਿੱਤਾ ਸੰਦੇਸ਼ ਸੁਣਿਆ ਤਾਂ ਉਨ੍ਹਾਂ ਦੇ ਮੂੰਹ ਪੀਲੇ ਭੂਕ ਹੋ ਗਏ ਅਤੇ ਸ਼ਰਮ ਦੇ ਮਾਰੇ ਉਨ੍ਹਾਂ ਆਪਣੇ ਸਿਰ ਨੀਵੇਂ ਕਰ ਲਏ। ਸਾਰੇ ਭਲੇ ਲੋਕ ਚੰਦੂ ਨੂੰ ਫਿਟਕਾਰਾਂ ਪਾਉਣ ਲੱਗੇ ਅਤੇ ਘਰ-ਘਰ ਵਿੱਚ ਉਸਦੀ ਭੰਡੀ ਹੋਣ ਲੱਗੀ।

ਬਾਦਸ਼ਾਹ ਦਾ ਸ੍ਰੀ ਅੰਮ੍ਰਿਤਸਰ ਆਉਣਾ

ਬਾਦਸ਼ਾਹ ਆਪਣੇ ਬਚਨ ਅਨੁਸਾਰ ਦਿੱਲੀ ਮੁੜਦਿਆਂ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਅਤੇ ਗੁਰੂ ਜੀ ਦੀ ਮਹਾਂ ਪੁਰਸ਼ਾਂ ਵਾਲੀ ਰਹਿਣੀ-ਬਹਿਣੀ ਵੇਖਕੇ ਮੋਹਿਤ ਹੋ ਗਿਆ। ਉਹ ਗੁਰੂ ਜੀ ਦੇ ਬਣਾਏ ਹੋਏ ਮਨੋਹਰ ਅਤੇ ਅਤਿਅੰਤ ਸੁੰਦਰ ਹਰਿਮੰਦਰ ਨੂੰ ਵੇਖਕੇ ਅਤੇ ਉਨ੍ਹਾਂ ਸੁਰੀਲੀਆਂ ਸੁਰਾਂ ਨੂੰ ਸੁਣਕੇ, ਜਿਨ੍ਹਾਂ ਵਿੱਚ ਗੁਰਬਾਣੀ ਗਾਇਨ ਕੀਤੀ ਗਈ ਸੀ, ਇਤਨਾ ਪ੍ਰਸੰਨ ਹੋਇਆ ਕਿ ਆਪਣੀ ਖੁਸ਼ੀ ਦੱਸ ਨਹੀਂ ਸੀ ਸਕਦਾ। ਉਹ ਗੁਰੂ ਜੀ ਨੂੰ ਕਹਿਣ ਲੱਗਾ ਕਿ ਮੈਂ ਆਪ ਦਾ ਦਾਸ ਹਾਂ ਅਤੇ ਮੈਨੂੰ ਉਪਦੇਸ਼ ਦਿਓ ਜਿਸ ਨਾਲ ਮੈਂ ਸੁਖੀ ਹੋਵਾਂ ਅਤੇ ਮੇਰੀ ਆਤਮਾ ਨੂੰ ਸ਼ਾਂਤੀ ਮਿਲੇ। ਗੁਰੂ ਜੀ ਨੇ ਬਾਦਸ਼ਾਹ ਲਈ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ :—

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ਕੋਈ ਸੇਵੈ ਗੁਸਈਆ ਕੋਈ ਅਲਾਹਿ॥੧॥
ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ॥੧॥ ਰਹਾਉ॥
ਕੋਈ ਨਾਵੈ ਤੀਰਥ ਕੋਈ ਹਜ ਜਾਇ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥੨॥
ਕੋਈ ਪੜੈ ਬੇਦ ਕੋਈ ਕਤੇਬ॥ ਕੋਈ ਓਢੈ ਨੀਲ ਕੋਈ ਸੁਪੇਦ॥੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥ ਕੋਈ ਬਾਛੈ ਭਿਸਤੁ ਕੋਈ ਸੁਰਗਿਦੂ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥੫॥
(ਆ: ਗ੍ਰੰ: ਪੰ: ੮੮੫) (ਰਾਮਕਲੀ ਮ: ੫)

ਬਾਦਸ਼ਾਹ ਨੇ ਗੁਰੂ ਜੀ ਦੀ ਪ੍ਰਾਹੁਣਚਾਰੀ ਵਿਚੋਂ ਹਿਸਾ ਲਿਆ ਅਤੇ ਬੇਨਤੀ ਕੀਤੀ ਕਿ ਮੈਨੂੰ ਆਗਿਆ ਦਿਉ ਆਪਦੇ ਵੱਡੇ ਖਰਚਾਂ ਵਿੱਚ ਮੈਂ ਕੁਝ ਹਿੱਸਾ ਪਾਵਾਂ ਜਿਸ ਨਾਲ ਮੈਨੂੰ ਆਤਮਕ ਅਤੇ ਵਿਵਹਾਰਕ ਸੁਖ ਤੇ ਆਨੰਦ ਪ੍ਰਾਪਤ ਹੋਵੇ। ਗੁਰੂ ਜੀ ਨੇ ਫੁਰਮਾਇਆ : "ਬਾਦਸ਼ਾਹਾਂ ਦੇ ਸੁਖ ਅਨੰਦ ਆਪਣੀ ਪਰਜਾ ਦੀ ਪਾਲਨਾ ਅਤੇ ਨਿਆਂ ਕਰਨ ਤੇ ਆਧਾਰਿਤ ਹੈ, ਜਿਸ ਬਾਸ਼ਾਹ ਦੀ ਪਰਜਾ ਸੁਖੀ ਹੈ ਉਹ ਆਪ ਵੀ ਇਸ ਸੰਸਾਰ ਵਿੱਚ ਖੁਸ਼ੀ ਹੁੰਦਾ ਹੈ ਅਤੇ ਅਗਾਂਹ ਲਈ ਜੱਸ ਵਡਿਆਈ ਅਤੇ ਮਾਨ ਪ੍ਰਾਪਤ ਕਰਦਾ ਹੈ।"

ਜਦੋਂ ਗੁਰੂ ਜੀ ਨੇ ਦਸਿਆ ਕਿ ਦੇਸ ਵਿੱਚ ਡਾਢਾ ਕਾਲ ਪਿਆ ਹੋਇਆ ਹੈ ਅਤੇ ਜ਼ਿਮੀਦਾਰਾਂ ਦੀ ਹਾਲਤ ਮੰਗ ਕਰਦੀ ਹੈ ਕਿ ਉਨ੍ਹਾਂ ਦਾ ਖਿਆਲ ਕਰੋ ਤਾਂ ਪਾਤਸ਼ਾਹ ਨੇ ਗੁਰੂ ਮਹਾਰਾਜ ਦੇ ਸਤਿਕਾਰ ਵਜੋਂ ਉਨ੍ਹਾਂ ਦੇ ਕਹਿਣ ਤੇ ਉਸ ਸਾਲ ਲਈ ਪੰਜਾਬ ਦਾ ਮਾਮਲਾ ਮਾਫ ਕਰ ਦਿੱਤਾ। ਬਾਦਸ਼ਾਹ ਵੱਲੋਂ ਗੁਰੂ ਜੀ ਦਾ ਆਦਰ ਹੋਣ ਕਰਕੇ ਉਨ੍ਹਾਂ ਦਾ ਜੱਸ ਅਤੇ ਪ੍ਰਤਾਪ ਬਹੁਤ ਵੱਧ ਗਿਆ। ਇਤਹਾਸਕਾਰ ਦੇ ਕਥਨ ਅਨੁਸਾਰ, ਇਸੇ ਕਾਰਨ ਪ੍ਰਿਥੀਏ ਨੂੰ ਅਜਿਹਾ ਸਖਤ ਦੁੱਖ ਲੱਗਾ, ਜਿਹੜਾ ਉਸਦੀ ਜਾਨ ਨੂੰ ਲੈ ਕੇ ਹੀ ਖਤਮ ਹੋਇਆ। ਬਦੌਨੀ ਲਿਖਦਾ ਹੈ ਕਿ ਇਕ ਹਰ਼ੇ ਸਮੇਂ, ਅਰਥਾਤ ਅਜ਼ਰ (ਜਮਾਦੀ-ਉਲਸਾਨੀ) ਮਹੀਨੇ ਦੀ ਤੇਰ੍ਹਵੀਂ ਨੂੰ ਅਕਬਰ ਬਾਦਸ਼ਾਹ ਫੌਜਾਂ ਦੀ ਧੂਮਧਾਮ ਤੇ ਸ਼ਾਹੀ ਠਾਠ-ਬਾਠ ਨਾਲ ਬਿਆਸਾ ਦਰਿਆ ਪਾਰ ਕਰਕੇ ਗੋਇੰਦ ਵਾਲ ਗੁਰੂ ਅਰਜਨ ਦੇਵ ਜੀ ਨੂੰ ਮਿਲਣ ਗਿਆ ਜਿਨ੍ਹਾਂ ਦੀ ਸਿਖਿਆ ਅਤੇ ਆਚਰਨ ਨੂੰ ਉਹ ਸਲਾਹੁੰਦਾ ਹੁੰਦਾ ਸੀ। ਬਦੌਨੀ ਇਹ ਵੀ ਲਿਖਦਾ ਹੈ ਕਿ ਲੋਕੀ ਇੱਕ ਦੂਜੇ ਮਗਰੋਂ ਗਦੀ ਨਸ਼ੀਨ ਹੋਣ ਵਾਲੇ ਸਤਿਗੁਰਾਂ ਨੂੰ ਆਤਮਕ ਆਗੂ ਜਾਣ ਕੇ ਸਨਮਾਨ ਕਰਦੇ ਸਨ ਅਤੇ ਉਨ੍ਹਾਂ ਪਾਸੋਂ ਵਰ ਪ੍ਰਾਪਤ ਕਰਦੇ ਸਨ।

ਅਕਬਰ ਦੀ ਮੌਤ ਅਤੇ ਜਹਾਂਗੀਰ ਦੀ ਗੱਦੀ ਨਸ਼ੀਨੀ

ਗੁਰੂ ਜੀ ਲਈ ਇਹ ਚੰਗਾ ਨਾ ਹੋਇਆ। ਸਬਰ ਸ਼ੁਕਰ ਵਾਲਾ ਅਕਬਰ ਬਾਦਸ਼ਾਹ ਛੇਤੀ ਹੀ ਮਰ ਗਿਆ ਅਤੇ ਉਸ ਦਾ ਪੁੱਤਰ ਜਹਾਂਗੀਰ ਉਸ ਦੀ ਗੱਦੀ ਤੇ ਬੈਠਾ। ਜਹਾਂਗੀਰ ਦੇ ਪੁੱਤਰ ਖੁਸਰੋ ਨੇ, ਜਿਸ ਨੂੰ ਅਕਬਰ ਨੇ ਜਹਾਂਗੀਰ ਨੂੰ ਛੱਡ ਕੇ ਆਪਣੀ ਥਾਂ ਤਖਤ ਤੇ ਬਹਾਲਣਾ ਨਿਯਤ ਕੀਤਾ ਹੋਇਆ ਸੀ, ਪੰਜਾਬ ਤੇ ਅਫਗਾਨਿਸਤਾਨ ਦੀ ਮੰਗ ਕੀਤੀ ਪਰ ਉਸ ਦਾ ਪਿਉ ਉਸ ਨੂੰ ਇਹ ਨਹੀਂ ਸੀ ਦੇਣਾ ਚਾਹੁੰਦਾ ਅਤੇ ਜਹਾਂਗੀਰ ਖੁਸਰੋ ਨੂੰ ਕੈਦ ਕਰਨਾ ਚਾਹੁੰਦਾ ਸੀ। ਖੁਸਰੋ ਆਗਰੇ ਤੋਂ ਸ਼ਾਹੀ ਫੌਜ ਦੇ ਪਿੱਛਾ ਕਰਦਿਆਂ ਹੋਇਆਂ ਵੀ

ਬੱਚਕੇ ਨਿਕਲ ਆਇਆ ਤੇ ਅਫਗਾਨਿਸਤਾਨ ਵੱਲ ਭੱਜਿਆ। ਰਾਹ ਵਿੱਚ ਉਹ ਗੁਰੂ ਜੀ ਨੂੰ ਤਰਨ-ਤਾਰਨ ਮਿਲਿਆ ਅਤੇ ਮਾਇਕ ਸਹਾਇਤਾ ਲਈ ਬੇਨਤੀ ਕੀਤੀ। ਗੁਰੂ ਜੀ ਕਹਿਣ ਲੱਗੇ ਕਿ ਸਾਡੇ ਪਾਸ ਗਰੀਬਾਂ ਲਈ ਮਾਇਆ ਹੈ ਨਾਕਿ ਸ਼ਾਹਜ਼ਾਦਿਆਂ ਲਈ। ਖੁਸਰੋ ਨੇ ਬੜੀ ਨਿੰਮ੍ਰਤਾ ਸਹਿਤ ਬੇਨਤੀ ਕੀਤੀ ਕਿ ਮੈਂ ਆਪ ਹੁਣ ਬਹੁਤ ਗਰੀਬ, ਲੋੜਵੰਦ ਅਤੇ ਨਿਆਸਰਾ ਹਾਂ ਅਤੇ ਮੇਰੇ ਪਾਸ ਰਾਹ ਦਾ ਖਰਚ ਵੀ ਨਹੀਂ।

ਗੁਰੂ ਅਰਜਨ ਦੇਵ ਨੇ ਸ਼ਾਹਜ਼ਾਦੇ ਦੀ ਭੈੜੀ ਦਸ਼ਾ ਅਤੇ ਨਿਮਰਤਾ ਨੂੰ ਵੇਖਿਆ ਤੇ ਉਸ ਤੇ ਤਰਸ ਆ ਗਿਆ। ਨਾਲ ਹੀ ਮਹਾਰਾਜ ਨੇ ਸ਼ਾਹਜ਼ਾਦੇ ਨਾਲ ਮਿੱਤ੍ਰਤਾ ਮਹਿਸੂਸ ਕੀਤੀ ਕਿਉਂਕਿ ਸ਼ਾਹਜ਼ਾਦਾ ਅਕਬਰ ਬਾਦਸ਼ਾਹ ਨਾਲ ਉਨ੍ਹਾਂ ਨੂੰ ਦੋ-ਤਿੰਨ ਵਾਰ ਮਿਲਣ ਵੀ ਆਇਆ ਸੀ ਅਤੇ ਗੁਰੂ ਜੀ ਪਿਛਲੇ ਬਾਦਸ਼ਾਹ (ਅਕਬਰ) ਦੇ ਅਹਿਸਾਨ ਵੀ ਮੰਨਦੇ ਸਨ। ਇਸ ਲਈ ਉਨ੍ਹਾਂ ਨੇ ਉਸਨੂੰ ਕਾਬਲ ਤੱਕ ਖਰਚ ਲਈ ਪੰਜ ਹਜ਼ਾਰ ਰੁਪਿਆ ਦਿੱਤਾ। ਪਰ ਜਦੋਂ ਉਹ ਜੇਹਲਮ ਦਰਿਆ ਤੋਂ ਪਾਰ ਲੰਘ ਰਿਹਾ ਸੀ ਤਾਂ ਸ਼ਾਹੀ ਲਸ਼ਕਰ ਨੇ ਖੁਸਰੋ ਨੂੰ ਪਕੜ ਲਿਆ ਅਤੇ ਹਥਕੜੀਆਂ ਲਾ ਕੇ ਉਸ ਦੇ ਪਿਉ ਪਾਉ ਪਾਸ ਲੈ ਆਂਦਾ। ਪ੍ਰਿਥੀਏ ਨੇ ਗੁਰੂ ਜੀ ਨੂੰ ਮਿਟਾ ਦੇਣ ਲਈ ਸੁਲਹੀ ਖਾਨ ਨੂੰ ਆਪਣਾ ਸਹਾਇਕ ਅਤੇ ਮਦਦਗਾਰ ਬਣਾਈ ਰੱਖਿਆ।

ਸੁਲਹੀ ਖਾਨ ਨੇ ਪੰਜਾਬ ਵਿਚੋਂ ਮਾਮਲਾ ਉਗਰਾਹੁਣ ਦੇ ਬਹਾਨੇ, ਬਾਦਸ਼ਾਹ ਪਾਸੋਂ ਉਧਰ ਜਾਣ ਲਈ ਆਗਿਆ ਪ੍ਰਾਪਤ ਕਰ ਲਈ। ਰਾਹ ਵਿੱਚ ਉਹ ਪ੍ਰਿਥੀਏ ਨੂੰ ਉਸਦੇ ਕੋਠੇ ਪਿੰਡ ਵਿੱਚ ਆ ਕੇ ਮਿਲਿਆ ਤੇ ਸ਼ਿਕਾਰ ਦੇ ਬਹਾਨੇ ਉਨ੍ਹਾਂ ਨੇ ਆਪਣਾ ਸਮਾਂ ਗੁਰੂ ਜੀ ਨੂੰ ਮਿਟਾ ਦੇਣ ਲਈ ਗੋਂਦਾ ਗੁੰਦਣ ਵਿੱਚ ਬਤੀਤ ਕੀਤਾ।

ਜਦੋਂ ਗੁਰੂ ਜੀ ਨੇ ਆਪਣੇ ਵੈਰੀਆਂ ਦੇ ਹੋਰ ਮਨਸੂਬਿਆਂ ਬਾਰੇ ਸੁਣਿਆ ਤਾਂ ਉਨ੍ਹਾਂ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ—

ਮਿਰਤੁ ਹਸੈ ਸਿਰ ਉਪਰੇ ਪਸੂਆ ਨਹੀ ਬੂਝੈ॥
ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ॥੧॥
ਸਤਿਗੁਰੁ ਸੇਵਹੁ ਆਪਨਾ ਕਾਹਿ ਫਿਰਹੁ ਅਭਾਗੇ॥
ਦੇਖਿ ਕੁਸੰਭਾ ਰੰਗੁਲਾ ਕਾਹੇ ਭੂਲਿ ਲਾਗੈ॥੧॥ ਰਹਾਉ॥
ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ॥
ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ॥੨॥
ਜਾ ਕੈ ਕੀਐ ਸੁਮੁ ਕਰੈ ਤੇ ਬੈਰ ਬਿਰੋਧੀ॥
ਅੰਤ ਕਾਲਿ ਭਜਿ ਜਾਹਿਗੇ ਕਾਹੇ ਜਲਹੁ ਕਰੋਧੀ॥੩॥
ਦਾਸ ਰੇਨੁ ਸੋਈ ਹੋਆ ਜਿਸੁ ਮਸਤਕਿ ਕਰਮਾ॥ (ਆ: ਗ੍ਰੰ: ਪੰ: ੮੦੯)
ਕਹੁ ਨਾਨਕ ਬੰਧਨ ਛੂਟੇ ਸਤਿਗੁਰ ਕੀ ਸਰਨਾ॥ ੪॥੬॥੩੬॥ (ਬਿਲਾਵਲ ਮ: ੫)

ਇਕ ਦਿਨ ਪ੍ਰਿਥੀਆ ਸੁਲਹੀ ਨੂੰ ਇੱਟਾਂ ਦੇ ਕੁਝ ਭਠਿਆਂ ਦੀ ਸ਼ਲਾਘਾ ਕਰਨ ਲਈ ਲੈ ਗਿਆ ਜਿਹੜੇ ਕਿ ਉਸਨੇ ਬਣਵਾਏ ਸਨ। ਜਦ ਉਹ ਉਥੇ ਪੁਜੇ ਤਾਂ ਸੁਲਹੀ ਦਾ ਘੋੜਾ ਆਪਣੇ ਪੈਰਾਂ ਵਿੱਚੋਂ ਇੱਕ ਪੰਖੇਰੂ ਦੇ ਅਚਣਚੇਤ ਉੱਡਣ ਕਰਕੇ ਤ੍ਰਬੱਕ ਪਿਆ ਅਤੇ

ਆਪਣੇ ਸ਼ਵਾਰ (ਸੁਲਹੀ) ਨੂੰ ਲੈਕੇ ਸਿੱਧਾ ਪੂਰੇ ਜ਼ੋਰ ਨਾਲ ਭਖਦੇ ਭਠੇ ਵਿੱਚ ਦੌੜ ਕੇ ਜਾ ਡਿੱਗਾ। ਥੋੜ੍ਹਿਆਂ ਮਿੰਟਾਂ ਵਿੱਚ ਹੀ ਘੋੜਾ ਅਤੇ ਸਵਾਰ ਅੰਗਾਰਾਂ ਦਾ ਢੇਰ ਬਣ ਗਏ। ਜਿਸ ਘਟਨਾ ਬਾਬਤ ਸੁਣਕੇ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ—

ਗਰੀਬਾ ਉਪਰਿ ਜਿ ਖਿੰਜੈ ਦਾੜੀ॥ ਪਾਰਬ੍ਰਹਮ ਸਾ ਅਗਨਿ ਮਹਿ ਸਾੜੀ॥੧॥
ਪੂਰਾ ਨਿਆਉ ਕਰੇ ਕਰਤਾਰੁ॥ ਅਪੁਨੇ ਦਾਸ ਕਉ ਰਾਖਨਹਾਰੁ॥੧॥ ਰਹਾਉ॥
ਆਦਿ ਜੁਗਾਦਿ ਪ੍ਰਗਟਿ ਪਰਤਾਪੁ॥ ਨਿਦੰਕੁ ਮੁਆ ਉਪਜਿ ਵਡ ਤਾਪੁ॥੨॥
ਤਿਨਿ ਮਾਰਿਆ ਜਿ ਰਖੈ ਨ ਕੋਇ॥ ਆਗੈ ਪਾਛੈ ਮੰਦੀ ਸੋਇ॥
ਅਪੁਨੇ ਦਾਸ ਰਾਖੈ ਕੰਠਿ ਲਾਇ॥ *(ਆਃ ਗ੍ਰੰਃ ਪੰਃ ੧੯੯)*
ਸਰਣਿ ਨਾਨਕ ਹਰਿ ਨਾਮੁ ਧਿਆਇ ॥੪॥ ੯੬॥੧੬॥ *(ਗਉੜੀ ਮਃ ੫)*

ਗੁਰੂ ਜੀ ਨੇ ਇਸ ਬਾਰੇ ਹੇਠ ਲਿਖਿਆ ਸ਼ਬਦ ਵੀ ਉਚਾਰਣ ਕੀਤਾ—

ਸੁਲਹੀ ਤੇ ਨਾਰਾਇਣ ਰਾਖੁ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ॥੧॥ ਰਹਾਉ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ॥
ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ॥੧॥
ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ॥
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨਕਾ ਕੀਨੋ ਪੂਰਨ ਵਾਕੁ॥
(ਆਃ ਗ੍ਰੰਃ ਪੰਃ ੮੨੫)

ਉਸੇ ਸਮੇਂ ਗੁਰੂ ਜੀ ਨੇ ਇਹ ਸ਼ਬਦ ਭੀ ਉਚਾਰਣ ਕੀਤਾ—

ਨਿੰਦਕੁ ਗੁਰ ਕਿਰਪਾ ਤੇ ਹਾਟਿਓ॥
ਪਾਰਬ੍ਰਹਮ ਪ੍ਰਭ ਭਏ ਦਇਆਲਾ ਸਿਵ ਕੈ ਬਾਣਿ ਸਿਰੁ ਕਾਟਿਓ॥੧॥ ਰਹਾਉ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਬਾਟਿਓ॥
ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ॥੧॥
ਭਸਮਾ ਭੂਤ ਹੋਆ ਖਿਨ ਭੀਤਰਿ ਅਪਨਾ ਕੀਆ ਪਾਇਆ ਆਗਮ ਨਿਗਮੁ ਕਹੈ।
ਜਨੁ ਨਾਨਕੁ ਸਭੁ ਦੇਖੈ ਲੋਕ ਸਬਾਇਆ॥੨॥੭॥ *(ਟੋਡੀ ਮਹਲਾ ੫)*
(ਆਃ ਗ੍ਰੰਃ ਪੰਃ ੧੨੪)

ਚੰਦੂ ਤੇ ਪ੍ਰਿਥੀਏ ਦੀਆਂ ਗੁਰੂ ਜੀ ਵਿਰੁਧ ਗੋਂਦਾ

ਕੁਦਰਤੀ ਤੌਰ ਤੇ ਬਿਪਤਾ ਸਮੇਂ ਪ੍ਰਿਥੀਏ ਨੂੰ ਆਪਣੇ ਅੰਗਪਾਲ ਸਾਥੀ ਦੀ ਮੌਤ ਤੇ ਬੜਾ ਦੁਖ ਹੋਇਆ। ਇਸ ਸਮੇਂ ਇਧਰ ਚੰਦੂ ਵੀ ਸੋਚ ਰਿਹਾ ਸੀ ਕਿ ਹਰਿਗੋਬਿੰਦ ਜੀ ਨਾਲ ਮੇਰੀ ਧੀ ਦਾ ਵਿਆਹ ਕਿਵੇਂ ਹੋ ਸਕੇ, ਨਹੀਂ ਤਾਂ ਮੈਂ ਗੁਰੂ ਜੀ ਪਾਸੋਂ ਬਦਲਾ ਲਵਾਂ। ਇਸ ਲਈ ਉਸਨੇ ਪ੍ਰਿਥੀਏ ਨੂੰ ਚਿੱਠੀ ਲਿਖ ਕੇ ਇਹ ਬੇਨਤੀ ਕੀਤੀ ਕਿ ਆਪਣਾ ਸਾਰਾ ਜ਼ੋਰ ਲਾਕੇ ਵਿਆਹ ਕਰਵਾਦੇ ਅਤੇ ਧਮਕੀ ਵੀ ਦਿੱਤੀ ਕਿ ਜੇਕਰ ਤੂੰ ਇਹ ਨਾ ਕੀਤਾ, ਤਾਂ ਤੇਰੀ ਉਹ ਜਾਗੀਰ ਜ਼ਬਤ ਕੀਤੀ ਜਾਏਗੀ ਜਿਹੜੀ ਬਾਦਸ਼ਾਹ ਪਾਸੋਂ ਤੂੰ ਹੁਣੇ ਹੀ ਪ੍ਰਾਪਤ

ਕੀਤੀ ਹੈ। ਪਰ ਪ੍ਰਿਥੀਏ ਨੂੰ ਧਮਕੀਆਂ ਦੀ ਕੀ ਲੋੜ ਸੀ। ਉਹ ਤਾਂ ਪਹਿਲਾਂ ਹੀ ਚੰਦੂ ਨੂੰ ਉਸਦੇ ਕਪਟ ਭਰੇ ਮਨਸੂਬਿਆਂ ਵਿੱਚ ਵੱਧ ਤੋਂ ਵੱਧ ਸਹਾਇਤਾ ਦੇਣ ਲਈ ਤਿਆਰ ਸੀ। ਪ੍ਰਿਥੀਏ ਨੇ ਉੱਤਰ ਵਿੱਚ ਲਿਖਿਆ ਕਿ ਗੁਰੂ ਅਰਜਨ ਦੇਵ ਤਾਂ ਅੱਗੇ ਮੇਰਾ ਵੈਰੀ ਹੈ ਕਿਉਂਕਿ ਉਸਨੇ ਮੈਨੂੰ ਆਪਣੇ ਹੱਕਾਂ ਤੋਂ ਵਾਂਜਿਆਂ ਕੀਤਾ ਹੈ ਅਤੇ ਉਸਨੂੰ ਚੰਗੀ ਤਰ੍ਹਾਂ ਦੰਡ ਦਿਵਾਉਣ ਵਿੱਚ ਸਹਾਇਤਾ ਕਰਨ ਲਈ ਮੈਨੂੰ ਬੜੀ ਖੁਸ਼ੀ ਹੋਵੇਗੀ। ਪ੍ਰਿਥੀਏ ਨੇ ਚੰਦੂ ਪਾਸ ਬੇਨਤੀ ਕੀਤੀ ਕਿ ਆਪਣਾ ਸਾਰਾ ਬਲ ਲਾ ਕੇ ਬਾਦਸ਼ਾਹ ਪਾਸੋਂ ਗੁਰੂ ਜੀ ਨੂੰ ਦੰਡ ਦਿਵਾਉ। ਜਦ ਚੰਦੂ ਨੂੰ ਇਹ ਪੱਤਰ ਮਿਲਿਆ ਤਾਂ ਉਸਨੇ ਪ੍ਰਿਥੀਏ ਨੂੰ ਦਿੱਲੀ ਬੁਲਾ ਘਲਿਆ। ਉਥੇ ਉਨ੍ਹਾਂ ਦੋਹਾਂ ਨੇ ਇਹ ਗੋਂਦ ਗੁੰਦੀ ਕਿ ਬਾਦਸ਼ਾਹ ਨੂੰ ਕਿਸੇ ਤਰ੍ਹਾਂ ਪ੍ਰੇਰੀਏ ਕਿ ਉਹ ਪੰਜਾਬ ਚਲੇ ਅਤੇ ਉੱਥੇ ਸਾਨੂੰ ਗੁਰੂ ਜੀ ਦੇ ਵਿਰੁੱਧ ਕੋਈ ਨਾ ਕੋਈ ਮਨਸੂਬਾ ਬੰਨ੍ਹਣ ਦਾ ਅਵਸਰ ਮਿਲ ਜਾਵੇਗਾ। ਚੰਦੂ ਨੇ ਬਾਦਸ਼ਾਹ ਨੂੰ ਕਿਹਾ ਕਿ ਲਾਹੌਰ ਜ਼ਿਲੇ ਵਿੱਚ ਬੜਾ ਸ਼ਿਕਾਰ ਹੈ। ਉਸਦੇ ਨਾਲ ਹੀ ਇਹ ਵੀ ਦਸਿਆ ਕਿ ਕਸ਼ਮੀਰ ਦੀ ਸੁੰਦਰਤਾ, ਸੁਹਾਵਣੇ ਨਜ਼ਾਰਿਆਂ ਤੇ ਅਰੋਗ ਪੌਣ ਪਾਣੀ ਕਰਕੇ ਆਪ ਨੂੰ ਗਰਮੀਆਂ ਉਥੇ ਕੱਟਣੀਆਂ ਚਾਹੀਦੀਆਂ ਹਨ ਅਤੇ ਜਲਵਾਯੂ ਚੰਗਾ ਹੋਣ ਕਰਕੇ ਰਾਹ ਵਿੱਚ ਆਰਾਮ ਨਾਲ ਠਹਿਰਣ ਲਈ ਯੋਗ ਸਥਾਨ ਲਾਹੌਰ ਹੀ ਹੋਵੇਗਾ। ਇਸ ਮਗਰੋਂ ਪ੍ਰਿਥੀਆ ਘਰ ਨੂੰ ਮੁੜ ਆਇਆ।

ਜਹਾਂਗੀਰ ਬਾਦਸ਼ਾਹ ਦਾ ਪੰਜਾਬ ਵੱਲ ਆਉਣਾ

ਚੰਦੂ ਦੀ ਚਾਲ ਸਫਲ ਹੋਈ, ਥੋੜੇ ਚਿਰ ਮਗਰੋਂ ਬਾਦਸ਼ਾਹ ਪੰਜਾਬ ਵਲ ਤੁਰ ਪਿਆ। ਬਿਆਸਾ ਦਰਿਆ ਦੇ ਕੰਢੇ ਪਹੁੰਚ ਕੇ ਬਾਦਸ਼ਾਹ ਨੇ ਡੇਰਾ ਲਾਇਆ ਅਤੇ ਸ਼ਿਕਾਰ ਖੇਡਣ ਗਿਆ। ਉਸ ਨਾਲ ਗੱਲ ਬਾਤ ਕਰਦਿਆਂ ਚੰਦੂ ਨੇ ਦਸਿਆ ਕਿ ਇਧਰ ਕਈ ਚੋਰ ਰਹਿੰਦੇ ਹਨ, ਜਿਨ੍ਹਾਂ ਨੇ ਰਾਤ ਸਮੇਂ ਬਾਦਸ਼ਾਹ ਦਾ ਕੁਝ ਮਾਲ ਚੁਰਾ ਲਿਆ ਹੈ। ਬਾਦਸ਼ਾਹ ਪੁੱਛਣ ਲੱਗਾ ਕਿ ਮੇਰੀ ਬਾਦਸ਼ਾਹੀ ਵਿੱਚ ਚੋਰ ਕਿਵੇਂ ਰਹਿ ਸਕਦੇ ਹਨ। ਚੰਦੂ ਕਹਿਣ ਲੱਗਾ ਕਿ ਪੰਜਾਬ ਵਿੱਚ ਬਾਦਸ਼ਾਹ ਦੀ ਬਰਾਬਰੀ ਕਰਨ ਵਾਲਾ, ਅਰਥਾਤ ਇੱਕ ਗੁਰੂ ਅਰਜਨ ਦੇਵ ਹੈ, ਜਿਸ ਨੇ ਚੋਰ ਰੱਖੇ ਹੋਏ ਹਨ ਅਤੇ ਆਪਣਾ ਸੁਤੰਤਰ ਹੁਕਮ ਚਲਾਂਦਾ ਹੈ। ਇਸ ਤੇ ਬਾਦਸ਼ਾਹ ਨੇ ਮਰ ਚੁੱਕੇ ਸੁਲਹੀ ਖਾਨ ਦੇ ਭਤੀਜੇ ਸੁਲਬੀ ਰਾਹੀਂ, ਗੁਰੂ ਜੀ ਦੇ ਨਾਮ ਹੁਕਮ ਕੱਢਿਆ ਕਿ ਅਜਿਹੇ ਕੰਮਾਂ ਨੂੰ ਛੱਡ ਦਿਉ ਅਤੇ ਲਿਖਿਆ ਕਿ ਗੁਰੂ ਦਾ ਕੰਮ ਹੈ ਦੂਜਿਆਂ ਨੂੰ ਬਦੀ ਤੋਂ ਰੋਕਣਾ, ਉਨ੍ਹਾਂ ਲਈ ਇਹ ਯੋਗ ਨਹੀਂ ਕਿ ਆਪ ਬੁਰਾਈ ਕਰਨ। ਚੰਦੂ ਨੇ ਆਪਣੇ ਵਲੋਂ ਸੁਲਬੀ ਖਾਨ ਨੂੰ ਲਿਖਿਆ ਕਿ ਗੁਰੂ ਜੀ ਨੂੰ ਇਸ ਗੱਲ ਦੀ ਪ੍ਰੇਰਨਾ ਕਰਨ ਦਾ ਯਤਨ ਕਰੇ, ਕਿ ਉਹ ਰਿਸ਼ਤਾ ਲੈਣਾ ਮੰਨ ਲੈਣ ਅਤੇ ਨਾਲ ਹੀ ਪ੍ਰਿਥੀਏ ਨੂੰ ਪਹਿਲਾਂ ਹੋਏ ਫੈਸਲਾ ਨਾਲੋਂ ਵਧੀਕ ਉਦਾਰਤਾ ਨਾਲ ਜਾਇਦਾਦ ਅਤੇ ਚੜ੍ਹਾਵਾ ਵੰਡ ਕੇ ਦੇਣ। ਸੁਲਬੀ ਖਾਨ ਇਨ੍ਹਾਂ ਗੱਲਾਂ ਨੂੰ ਸਿਰ ਚਾੜ੍ਹਨ ਦਾ ਯਤਨ ਹਿਤ ਅੰਮ੍ਰਿਤਸਰ ਗਿਆ।

ਜਦ ਸੁਲਬੀ ਖਾਨ ਦੇ ਮਨੋਰਥ ਦਾ ਸਿੱਖਾਂ ਨੂੰ ਪਤਾ ਲੱਗਾ, ਤਾਂ ਉਹ ਕਹਿਣ ਲੱਗੇ ਕਿ ਸਾਨੂੰ ਉਸਨੂੰ ਮਾਰਨ ਦੀ ਆਗਿਆ ਮਿਲਣੀ ਚਾਹੀਦੀ ਹੈ ਪਰ ਗੁਰੂ ਜੀ ਨੇ ਉਨ੍ਹਾਂ ਨੂੰ ਰੋਕ ਦਿੱਤਾ। ਗੁਰੂ ਜੀ ਕਹਿਣ ਲੱਗੇ ਕਿ ਅਸੀਂ ਅੱਗੇ ਹੀ ਚੰਗੀ ਤਰ੍ਹਾਂ ਅਜਿਹੇ ਸ਼ਸਤਰ ਧਾਰੀ ਤੇ ਸੁਰਖਿਅਤ ਹਾਂ ਕਿ ਵੈਰੀ ਸਾਡਾ ਕੁਝ ਨਹੀਂ ਵਿਗਾੜ ਸਕਦਾ।

ਉਸ ਸਮੇਂ ਮਹਾਰਾਜ ਨੇ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ—

ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥
ਇਸੁ ਆਗੈ ਕੋ ਨ ਟਿਕੈ ਵੇਕਾਰੀ॥ ਗੁਰ ਪੂਰੇ ਏਹ ਗਲ ਸਾਰੀ॥੧॥
ਹਰਿ ਹਰਿ ਨਾਮੁ ਸੰਤਨ ਕੀ ਓਟਾ॥
ਜ ਸਿਮਰੈ ਤਿਸ ਕੀ ਗਤਿ ਹੋਵੈ ਉਧਰਹਿ ਸਗਲੇ ਕੋਟਾ॥੧॥ ਰਹਾਉ॥
ਸੰਤਸੰਗਿ ਜਸੁ ਗਾਇਆ॥ ਇਹੁ ਪੂਰਨ ਹਰਿ ਧਨੁ ਪਾਇਆ॥
ਕਹ ਨਾਨਕ ਆਪੁ ਮਿਟਾਇਆ॥ ਸਭੁ ਪਾਰਬ੍ਰਹਮੁ ਨਦਰੀ ਆਇਆ॥੨॥੧੬॥੬੦॥

(ਆ: ਗ੍ਰੰ: ਪੰ: ੬੨੬) (ਸੋਰਠਿ ਮਹਲਾ ੫)

ਸੁਲਬੀ ਦੀ ਮੌਤ ਅਤੇ ਚੰਦੂ ਵਲੋਂ ਗੁਰੂ ਜੀ ਦੇ ਵਿਰੁੱਧ ਝੂਠੀਆਂ ਸ਼ਕਾਇਤਾਂ

ਰਾਹ ਵਿੱਚ ਇੱਕ ਸੱਯਦ ਮਿਲਿਆ, ਜਿਸ ਨਾਲ ਬਹੁਤ ਸਾਰੇ ਪਠਾਣ ਸਨ। ਸੁਲਬੀ ਖਾਨ ਨੂੰ ਸੱਯਦ ਕਹਿਣ ਲੱਗਾ ਕਿ ਇਹ ਪਠਾਣ ਤੇਰੇ ਚਾਚੇ ਸੁਹਲੀ ਖਾਨ ਦੇ ਨੌਕਰ ਸਨ ਅਤੇ ਇਨ੍ਹਾਂ ਨੇ ਇੱਕ ਸਾਲ ਦੀ ਤਨਖਾਹ ਲੈਣੀ ਹੈ। ਸੁਲਬੀ ਨੇ ਬਹਾਨਿਆਂ ਨਾਲ ਉਨ੍ਹਾਂ ਨੂੰ ਟਾਲਣਾ ਚਾਹਿਆ, ਜਿਸ ਕਾਰਨ ਲੜਾਈ ਹੋ ਪਈ। ਸੁਲਬੀ ਦੀ ਸੈਨਾ ਸੱਯਦ ਨੂੰ ਹਜ਼ਰਤ ਮੁਹੰਮਦ ਸਾਹਿਬ ਦੀ ਸੰਤਾਨ ਜਾਣ ਕੇ ਉਸ ਦਾ ਸਨਮਾਨ ਕਰਦੀ ਸੀ। ਫੌਜ ਨੇ ਆਪਣੇ ਮਾਲਕ ਦੀ ਪੂਰੀ ਤਰ੍ਹਾਂ ਰੱਖਿਆ ਨਾ ਕੀਤੀ ਅਤੇ ਸੁਲਬੀ ਖਾਨ ਮਾਰਿਆ ਗਿਆ। ਜਦ ਚੰਦੂ ਨੇ ਸੁਲਬੀ ਖਾਨ ਦੀ ਮੌਤ ਬਾਰੇ ਸੁਣਿਆ ਤਾਂ ਉਸ ਨੇ ਬਾਦਸ਼ਾਹ ਨੂੰ ਇਸ ਤਰ੍ਹਾਂ ਦੱਸਿਆ ਕਿ ਇਹ ਗੁਰੂ ਜੀ ਦੀਆਂ ਖੋਟੀਆਂ ਰੀਂਦਾ ਕਰਕੇ ਹੋਈ ਹੈ। ਉਹ ਨਾਲ ਇਹ ਵੀ ਕਹਿਣ ਲੱਗਾ ਕਿ ਗੁਰੂ ਨੇ ਹੋਰ ਵੀ ਕਈ ਕੁਕਰਮ ਕੀਤੇ ਹਨ। ਦ੍ਰਿਸ਼ਟਾਂਤ ਵਜੋਂ ਉਸਨੇ ਆਪਣੇ ਵੱਡੇ ਭਰਾ ਪ੍ਰਿਥੀਏ ਪਾਸੋਂ ਗੁਰਿਆਈ ਖੋਹ ਲਈ ਹੈ ਅਤੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਧਰਮ ਛਡਾਉਣ ਦਾ ਯਤਨ ਕੀਤਾ ਹੈ। ਪ੍ਰਿਥੀਏ ਨੇ ਆਪ ਹਾਜ਼ਰ ਹੋ ਕੇ ਪਿਛਲੇ ਬਾਦਸ਼ਾਹ ਪਾਸ ਪੁਕਾਰ ਕੀਤੀ ਸੀ ਅਤੇ ਬਾਦਸ਼ਾਹ ਨੇ ਭਰੋਸਾ ਦਿੱਤਾ ਸੀ ਕਿ ਜਦ ਮੈਂ ਪੰਜਾਬ ਵਿੱਚ ਆਵਾਂਗਾ ਤਾਂ ਗੁਰੂ ਨੂੰ ਸੱਦ ਘੱਲਾਂਗਾ। ਜਦੋਂ ਬਾਦਸ਼ਾਹ ਪੰਜਾਬ ਆਇਆ ਤਾਂ ਉਸਨੂੰ ਗੁਰੂ ਤੇ ਲਾਏ ਗਏ ਅਪਰਾਧਾਂ ਦੀ ਯੋਗ ਪੜਤਾਲ ਕਰਨ ਦਾ ਸਮਾਂ ਨਹੀਂ ਮਿਲਿਆ। ਪਰ ਹੁਣ ਸਮਾਂ ਹੈ ਕਿ ਪੜਤਾਲ ਕੀਤੀ ਜਾਵੇ, ਦੇਰੀ ਹੋਣ ਕਰਕੇ ਤੇ ਗੁਰੂ ਜੀ ਨੂੰ ਕੁਝ ਨ ਕਹਿਣ ਕਰਕੇ ਉਹ ਵਧੇਰੇ ਦਲੇਰ ਹੁੰਦਾ ਜਾਂਦਾ ਹੈ। ਇਸ ਬਾਦਸ਼ਾਹ ਨੇ ਚੰਦੂ ਨੂੰ ਹੁਕਮ ਦਿੱਤਾ ਕਿ ਉਹ ਪ੍ਰਿਥੀਏ ਨੂੰ ਬੁਲਾ ਭੇਜੇ ਸੁ ਚੰਦੂ ਨੇ ਪ੍ਰਿਥੀਏ ਨੂੰ ਸਦ ਭੇਜਿਆ।

ਪ੍ਰਿਥੀਏ ਦੀ ਮੌਤ

ਪ੍ਰਿਥੀਏ ਨੂੰ ਜਦ ਇਹ ਸੱਦਾ ਪਹੁੰਚਿਆ, ਉਹ ਬੜਾ ਹੀ ਖੁਸ਼ ਹੋਇਆ। ਰਾਹ ਜਾਂਦਿਆਂ ਆਪਣੇ ਕੰਮ ਲਈ ਉਹ ਤਰਨਤਾਰਨ ਗਿਆ, ਉੱਥੇ ਸਿੱਖਾਂ ਨੇ ਕਿਹਾ ਕਿ ਇਸ਼ਨਾਨ ਕਰ ਲਉ। ਗੁਰੂ ਦਾ ਇਹ ਤਾਲ ਇੱਕ ਮਾਮੂਲੀ ਛੱਪੜ ਹੀ ਹੈ ਅਤੇ ਮੈਂ ਆਪਣੇ ਹੇਹਰਾਂ ਵਾਲੇ

ਤਾਲ ਵਿੱਚ ਇਸ਼ਨਾਨ ਕਰਾਂਗਾ। ਸੁ ਪ੍ਰਿਥੀਆ ਹੇਹਰਾਂ ਵਲ ਤੁਰ ਗਿਆ। ਉਥੇ ਉਸਨੇ ਆਪਣੇ ਤਾਲ ਵਿੱਚ ਇਸ਼ਨਾਨ ਕੀਤਾ ਮਗਰੋਂ ਭੋਜਨ ਜ਼ਿਆਦਾ ਖਾ ਜਾਣ ਕਰਕੇ ਉਸਨੂੰ ਪੇਟ ਵਿੱਚ ਸੂਲ ਹੋ ਗਿਆ ਅਤੇ ਉਹ ਉਸੇ ਰਾਤ ਮਰ ਗਿਆ।

ਮਿਹਰਵਾਨ ਦੀ ਵਿਰੋਧਤਾ

ਮਿਹਰਵਾਨ ਪ੍ਰਿਥੀਏ ਦਾ ਪੁੱਤਰ ਸੀ। ਉਸਨੂੰ ਗੁਰੂ ਜੀ ਦੇ ਖੁਸਰੋ ਨੂੰ ਰੁਪਿਆ ਦੇਣ ਦੀ ਗੱਲ ਕਰਕੇ ਮਹਾਰਾਜ ਦੇ ਵਿਰੁੱਧ ਬਾਦਸ਼ਾਹ ਦਾ ਗੁੱਸਾ ਭੜਕਾਉਣ ਲਈ ਸੋਹਣਾ ਅਵਸਰ ਲਭਿਆ। ਮਿਹਰਵਾਨ ਨੇ ਇਹ ਗੱਲ ਚੰਦੂ ਨੂੰ ਦੱਸੀ ਅਤੇ ਚੰਦੂ ਨੇ ਬਾਦਸ਼ਾਹ ਨੂੰ ਦੱਸਿਆ ਅਤੇ ਨਾਲ ਇਹ ਵੀ ਕਿਹਾ ਕਿ ਗੁਰੂ ਜੀ ਨੇ ਖੁਸਰੋ ਨੂੰ ਵਰ ਦਿੱਤਾ ਹੈ. ਅਤੇ ਬਚਨ ਕੀਤਾ ਹੈ ਕਿ ਤੂੰ ਬਾਦਸ਼ਾਹ ਬਣੇਂਗਾ। ਚੰਦੂ ਨੇ ਬਾਦਸ਼ਾਹ ਅੱਗੇ ਇਹ ਵੀ ਅਰਜ਼ ਕੀਤੀ ਕਿ ਜੇਕਰ ਬਾਦਸ਼ਾਹ ਸਲਾਮਤ ਨੇ ਛੇਤੀ ਕੁਸਰੋ ਨੂੰ ਗ੍ਰਿਫਤਾਰ ਨਾ ਕਰਾਇਆ ਤਾਂ ਗੱਦੀ ਦੇ ਝੂਠੇ ਦਾਵੇਦਾਰ ਅਰਥਾਤ ਖੁਸਰੋ ਨੂੰ ਗੁਰੂ ਜੀ ਦੇ ਸਿੱਖ ਸੇਵਕਾਂ ਪਾਸੋਂ ਤਕੜੀ ਫੌਜੀ ਸਹਾਇਤਾ ਮਿਲੇਗੀ। ਉਹ ਕਹਿਣ ਲੱਗਾ ਕਿ ਪੰਜਾਬ ਦੇ ਲੋਕੀ ਸਾਰੇ ਹੀ ਵੱਡੇ ਲੁਟੇਰੇ ਹਨ। ਪੰਡਤਾਂ ਅਤੇ ਕਾਜ਼ੀਆਂ ਨੇ ਵੀ ਸੋਚਿਆ ਕਿ ਇਹ ਬਹੁਤ ਚੰਗਾ ਅਵਸਰ ਹੈ ਕਿ ਗੁਰੂ ਜੀ ਦੇ ਵਿਰੁੱਧ ਉਨ੍ਹਾਂ ਪੁਰਾਣੇ ਅਪਰਾਧਾਂ ਦੇ ਅਧਾਰ ਤੇ ਨਵੇਂ ਸਿਰੇ ਮੁਕੱਦਮਾ ਚਲਾਇਆ ਜਾਵੇ ਕਿ ਗੁਰੂ ਜੀ ਨੇ ਗੁਰੂ ਗ੍ਰੰਥ ਰਚਿਆ ਹੈ ਜਿਸ ਵਿੱਚ ਉਨ੍ਹਾਂ ਨੇ ਹਿੰਦੂਆਂ ਦੇ ਪੂਜਾ ਪਾਠ ਅਤੇ ਮੁਸਲਮਾਨਾਂ ਦੀਆਂ ਨਮਾਜ਼ਾਂ ਰੋਜ਼ਿਆਂ ਦੀ ਨਿੰਦਿਆ ਕੀਤੀ ਹੈ। ਇਹੋ ਜਿਹੇ ਦੂਸ਼ਣ ਲਾਕੇ ਚੰਦੂ ਨੇ ਬਾਦਸ਼ਾਹ ਨੂੰ ਗੁਰੂ ਅਰਜਨ ਦੇਵ ਜੀ ਦੇ ਸਦ ਘੱਲਣ ਲਈ ਪ੍ਰੇਰਿਆ, ਚੰਦੂ ਦਾ ਹਿਰਦਾ ਹੁਣ ਬੜਾ ਪ੍ਰਸੰਨ ਹੋਇਆ । ਉਹ ਜਾਣਦਾ ਸੀ ਕਿ ਮੈਂ ਅੰਤ ਵਿੱਚ ਆਪਣਾ ਬਦਲਾ ਲੈ ਹੀ ਲਿਆ ਹੈ।

ਕਾਂਡ—52

ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਦਾ ਤਿਲਕ

ਗੁਰੂ ਜੀ ਨੇ ਸਮਝ ਲਿਆ ਸੀ ਕਿ ਹੁਣ ਸਾਡੇ ਵੈਰੀ ਜਿੱਤ ਗਏ ਹਨ ਅਤੇ ਸਾਡਾ ਅੰਤ ਸਮਾਂ ਹੁਣ ਨੇੜੇ ਹੈ ਪਰ ਨਾਲ ਹੀ ਉਨ੍ਹਾਂ ਨੂੰ ਇਹ ਵੀ ਨਿਸਚਾ ਸੀ ਕਿ ਵਾਹਿਗੁਰੂ ਦਾ ਕਹਿਰ ਉਨ੍ਹਾਂ ਦੇ ਸਿਰ ਤੇ ਜ਼ਰੂਰ ਟੁੱਟੇਗਾ। ਲਾਹੌਰ ਤੁਰਨ ਤੋਂ ਪਹਿਲਾਂ ਗੁਰੂ ਮਹਾਰਾਜ ਨੇ ਆਪਣੇ ਸਪੁੱਤਰ ਹਰਿਗੋਬਿੰਦ ਸਾਹਿਬ ਨੂੰ ਸਭ ਪੁਰਾਤਨ ਮਰਿਆਦਾ ਅਨੁਸਾਰ ਆਪਣੀ ਗੱਦੀ ਤੇ ਬਿਠਾਇਆ ਅਤੇ ਸਮੇਂ ਅਨੁਕੂਲ ਉਨ੍ਹਾਂ ਨੂੰ ਉਪਦੇਸ਼ ਦਿੱਤਾ। ਗੁਰੂ ਜੀ ਨੇ ਫਿਰ ਆਪਣੀ ਸੁਪਤਨੀ ਸ੍ਰੀ ਗੰਗਾ ਜੀ ਨੂੰ ਕਿਹਾ : "ਇਹ ਦੇਹ ਸਦਾ ਨਹੀਂ ਰਹਿਣੀ, ਇਸ ਲਈ ਸਿਆਣੇ ਵਿਅਕਤੀ ਨੂੰ ਇਸ ਨਾਲ ਪਿਆਰ ਨਹੀਂ ਕਰਨਾ ਚਾਹੀਦਾ। ਜੋ ਉਪਜਿਆ ਹੈ ਸੋ ਬਿਨਸ ਜਾਏਗਾ। ਜੋ ਉੱਚਾ ਹੈ ਸੋ ਕਿਸੇ ਨਾ ਕਿਸੇ ਸਮੇਂ ਜਰੂਰ ਡਿੱਗੇਗਾ। ਇਹ ਕੁਦਰਤ ਦਾ ਕਾਨੂੰਨ ਹੈ। ਦੇਹੀ ਨਾਲ਼ ਪ੍ਰੀਤ ਕਰਨੀ ਮਹਾਨ ਭੁੱਲ ਹੈ। ਸਭ ਸਰੀਰ ਹੌਲੀ-ਹੌਲੀ ਬੁੱਢੇ ਹੁੰਦੇ ਜਾਂਦੇ ਹਨ; ਉਨ੍ਹਾਂ ਦਾ ਪਹਿਲਾ ਬਲ ਕਾਇਮ ਨਹੀਂ ਰਹਿੰਦਾ। ਮਨੁੱਖ ਬਾਲਕ ਤੋਂ ਵੱਡਾ ਹੋ ਕੇ ਆਦਮੀ ਬਣਦਾ ਹੈ ਅਤੇ ਫਿਰ ਬੁਢਾਪਾ ਆ ਜਾਂਦਾ ਹੈ, ਜਿਹੜਾ ਦੇਹ ਦਾ ਨਾਸ ਕਰਦਾ ਰਹਿੰਦਾ ਹੈ, ਇਥੋਂ ਤੱਕ ਕਿ ਉਹ ਸਦੀਵੀ ਨੀਂਦੇ ਸੌਂ ਜਾਂਦਾ ਹੈ। ਤੁਸੀਂ ਸਾਡੇ ਪਿਛੋਂ ਰਹੋ, ਸਾਡੇ ਲਈ ਸ਼ੋਕ ਨਹੀਂ ਕਰਨਾ ਅਤੇ ਆਪਣੇ ਸਰੀਰ ਨਾਲੋਂ ਆਪਣੀ ਆਤਮਾ ਨੂੰ ਵਿਛੋੜਨ ਦਾ ਆਪ ਯਤਨ ਨਹੀਂ ਕਰਨਾ, ਇਸ ਛੇਕੜਲੇ ਹੁਕਮ ਤੋਂ ਭਾਵ ਇਹ ਸੀ ਕਿ ਸਾਡੇ ਚਲਾਣੇ ਦੇ ਮਗਰੋਂ ਸਤੀ ਨਹੀਂ ਹੋਣਾ।

ਗੁਰੂ ਅਰਜਨ ਦੇਵ ਜੀ ਲਾਹੌਰ ਜਹਾਂਗੀਰ ਬਾਦਸ਼ਾਹ ਪਾਸ ਗਏ

ਗੁਰੂ ਜੀ ਆਪਣੇ ਨਾਲ ਭਾਈ ਬਿਧੀ ਚੰਦ, ਭਾਈ ਲੰਗਾਹਾ, ਭਾਈ ਪੈੜਾ, ਭਾਈ ਜੇਠਾ ਅਤੇ ਭਾਈ ਪਿਰਾਣਾ ਜੀ ਨੂੰ ਲੈ ਗਏ। ਬਾਦਸ਼ਾਹ ਜਹਾਂਗੀਰ ਪਹਿਲਾਂ ਤਾਂ ਗੁਰੂ ਜੀ ਨਾਲ ਆਦਰ ਵਾਲਾ ਵਰਤਾ ਕਰਨ ਲਈ ਵਧਿਆ, ਪਰ ਚੰਦੂ ਨੇ ਉਸਨੂੰ ਗੁਰੂ ਜੀ ਵਲੋਂ ਖੁਸਰੋ ਨੂੰ ਮਾਲੀ ਸਹਾਇਤਾ ਦੇਣ ਬਾਰੇ ਚੇਤਾ ਕਰਵਾ ਦਿੱਤਾ ਅਤੇ ਬਾਦਸ਼ਾਹ ਫਿਰ ਮਹਾਰਾਜ ਨੂੰ ਕਹਿਣ ਲੱਗਾ : "ਤੁਸੀਂ ਇਕ ਸੰਤ, ਵੱਡੇ ਗੁਰੂ ਅਤੇ ਪਵਿੱਤਰ ਮਹਾਂ ਪੁਰਸ਼ ਹੋ, ਤੁਸੀਂ ਸਭ ਅਮੀਰ ਗਰੀਬ ਨੂੰ ਇੱਕ ਨਜ਼ਰ ਨਾਲ ਵੇਖਦੇ ਹੋ। ਇਸ ਲਈ ਤੁਹਾਡੇ ਲਈ ਯੋਗ ਨਹੀਂ ਸੀ ਕਿ ਤੁਸੀਂ ਮੇਰੇ ਵੈਰੀ ਖੁਸਰੋ ਨੂੰ ਰੁਪਿਆ ਦਿੰਦੇ।" ਗੁਰੂ ਜੀ ਨੇ ਉੱਤਰ ਦਿੱਤਾ : "ਅਸੀਂ ਸਾਰਿਆਂ ਲੋਕਾਂ ਦਾ ਬਿਨਾ ਮੋਹ ਜਾਂ ਨਫਰਤ ਦੇ ਸਨਮਾਨ ਕਰਦੇ ਹਾਂ, ਭਾਵੇਂ ਉਹ

ਹਿੰਦੂ ਹੋਣ ਜਾਂ ਮੁਸਲਮਾਨ, ਅਮੀਰ ਹੋਣ ਜਾਂ ਗਰੀਬ, ਸੱਜਣ ਹੋਣ ਜਾਂ ਦੁਸ਼ਮਣ, ਇਸੇ ਕਰਕੇ ਅਸੀਂ ਤੁਹਾਡੇ ਪੁੱਤਰ ਨੂੰ ਉਸ ਦੇ ਰਾਹ ਖਰਚ ਲਈ ਕੁਝ ਰੁਪਿਆ ਦਿੱਤਾ ਸੀ, ਨਾ ਕਿ ਇਸ ਵਾਸਤੇ ਕਿ ਉਹ ਤੁਹਾਡਾ ਵਿਰੋਧੀ ਸੀ। ਜੇਕਰ ਅਸੀਂ ਖੁਸਰੋ ਦੀ ਅਜਿਹੀ ਦੁੱਖ ਭਰੀ ਦਸ਼ਾ ਵਿੱਚ ਉਸਦੀ ਸਹਾਇਤਾ ਨਾ ਕਰਦੇ ਅਤੇ ਆਪ ਦੇ ਪਿਤਾ ਬਾਦਸ਼ਾਹ ਅਕਬਰ ਨੇ ਸਾਡੇ ਨਾਲ ਜੋ ਮੇਹਰਬਾਨੀਆਂ ਕੀਤੀਆਂ ਸਨ ਤੇ ਇਸ ਤਰ੍ਹਾਂ ਆਦਰ ਭਾ ਵਿਖਾ ਕੇ ਉਨ੍ਹਾਂ ਦਾ ਬਦਲਾ ਨਾ ਦੇਂਦੇ ਤਾਂ ਸਾਰੇ ਲੋਕੀ ਨਾਸ਼ੁਕਰ ਗੁਜ਼ਾਰੀ ਤੇ ਪੱਥਰ ਦਿਲੀ ਦੇ ਕਾਰਨ ਸਾਡੇ ਤੋਂ ਘਿਰਣਾ ਕਰਦੇ ਜਾਂ ਉਹ ਕਹਿੰਦੇ ਕਿ ਮੈਂ ਤੁਹਾਡੇ ਪਾਸੋਂ ਡਰਦਾ ਹਾਂ। ਇਹ ਗੁਰੂ ਨਾਨਕ ਦੇਵ ਜੀ ਦੇ ਪੂਰਨਿਆਂ ਤੇ ਚਲਣ ਵਾਲੇ ਲਈ ਨਹੀਂ ਸੀ ਸੋਭਦਾ।"

ਇਸ ਕਥਨ ਦਾ ਅੰਤਲਾ ਹਿੱਸਾ ਬਾਦਸ਼ਾਹ ਦੇ ਹਿਰਦੇ ਨੂੰ ਸ਼ਾਂਤ ਕਰਨ ਵਾਲਾ ਨਹੀਂ ਸੀ। ਉਸ ਨੇ ਗੁਰੂ ਜੀ ਨੂੰ ਦੋ ਲੱਖ ਰੁਪਿਆ ਦੰਡ ਭਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਿੰਦੂ ਮੁਸਲਮਾਨਾਂ ਦੇ ਮਤ ਦੀ ਵਿਰੋਧਤਾ ਵਾਲੇ ਸ਼ਬਦ ਕੱਢ ਦੇਣ ਲਈ ਕਿਹਾ। ਗੁਰੂ ਜੀ ਨੇ ਫੁਰਮਾਇਆ : 'ਜੋ ਧੰਨ ਸਾਡੇ ਪਾਸ ਹੈ, ਉਹ ਗਰੀਬਾਂ, ਅਨਾਥਾਂ ਅਤੇ ਨਿਥਾਵਿਆਂ ਲਈ ਹੈ। ਤੁਸੀਂ ਜੋ ਵੀ ਮੰਗਦੇ ਹੋ ਤਾਂ ਜਿੰਨਾ ਸਾਡੇ ਪਾਸ ਹੈ ਉਹ ਲੈ ਸਕਦੇ ਹੋ ਪਰ ਜੇ ਤੁਸੀਂ ਦੰਡ ਵਜੋਂ ਮੰਗੋ ਤਾਂ ਅਸੀਂ ਇੱਕ ਕੌਡੀ ਵੀ ਨਹੀਂ ਦੇਵਾਂਗੇ, ਕਿਉਂਕਿ ਦੰਡ ਕੁਕਰਮੀ ਸੰਸਾਰੀ ਪੁਰਸ਼ਾਂ ਨੂੰ ਲਾਇਆ ਜਾਂਦਾ ਹੈ ਨਾ ਕਿ ਫਕੀਰਾਂ ਅਤੇ ਤਿਆਗੀਆਂ ਨੂੰ ਅਤੇ ਜੋ ਤੁਸੀਂ ਗੁਰੂ ਗ੍ਰੰਥ ਸਾਹਿਬ ਵਿਚੋਂ ਸ਼ਬਦਾਂ ਨੂੰ ਕਢ ਦੇਣ ਸੰਬੰਧੀ ਕਿਹਾ ਹੈ ਇਸ ਵਿਚੋਂ ਮੈਂ ਇਕ ਲਗ ਮਾਤਰ ਵੀ ਘੱਟ ਜਾਂ ਵੱਧ ਨਹੀਂ ਕਰ ਸਕਦਾ, ਮੈਂ ਇੱਕ ਅਕਾਲਪੁਰਖ ਵਾਹਿਗੁਰੂ, ਜਗਤ ਦੇ ਪਰਮਾਤਮਾਂ ਨੂੰ ਪੂਜਣ ਵਾਲਾ ਹਾਂ ਮੇਰੇ ਲਈ ਉਸ ਤੋਂ ਬਿਨਾਂ ਹੋਰ ਕੋਈ ਬਾਦਸ਼ਾਹ ਨਹੀਂ ਅਤੇ ਜੋ ਕੁਝ ਉਸ ਅਕਾਲ ਪੁਰਖ ਵਲੋਂ ਗੁਰੂਆਂ ਨੂੰ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਰਾਮਦਾਸ ਜੀ ਤੱਕ ਅਤੇ ਫਿਰ ਮੈਨੂੰ ਹੁਕਮ ਹੋਇਆ ਉਹੋ ਕੁਝ ਪਵਿੱਤਰ ਗੁਰੂ ਗ੍ਰੰਥ ਸਾਹਿਬ ਵਿੱਚ ਲਿਖਿਆ ਗਿਆ ਹੈ। ਜਿਹੜੀ ਬਾਣੀ ਇਸ ਵਿੱਚ ਚੜ੍ਹਾਈ ਗਈ ਹੈ ਉਹ ਕਿਸੇ ਹਿੰਦੂ ਅਵਤਾਰ ਜਾਂ ਮੁਸਲਮਾਨ ਪੈਗੰਬਰ ਦੀ ਨਿਰਾਦਰੀ ਨਹੀਂ ਕਰਦੀ। ਇਹ ਠੀਕ ਹੈ ਕਿ ਇਸ ਵਿੱਚ ਲਿਖਿਆ ਹੈ ਕਿ ਪੀਰ ਪੈਗੰਬਰ ਅਤੇ ਅਵਤਾਰ ਅਕਾਲ ਪੁਰਖ ਵਾਹਿਗੁਰੂ ਦੇ ਬਣਾਏ ਹੋਏ ਹਨ ਅਤੇ ਉਸਦਾ ਕੋਈ ਅੰਤ ਨਹੀਂ ਪਾ ਸਕਦਾ। ਸਾਡਾ ਮੂਲ ਮੰਤਵ ਸਚ ਦਾ ਪ੍ਰਕਾਸ਼ ਕਰਨਾ ਅਤੇ ਝੂਠ ਦਾ ਨਾਸ ਕਰਨਾ ਹੈ ਅਤੇ ਜੇਕਰ ਇਸ ਮਨੋਰਥ ਨੂੰ ਪੂਰਾ ਕਰਦਿਆਂ ਹੋਇਆਂ ਨਾਸਵੰਤ ਸਰੀਰ ਜਾਂਦਾ ਹੈ ਤਾਂ ਅਸੀਂ ਇਸ ਵਿੱਚ ਆਪਣੇ ਬੜੇ ਚੰਗੇ ਭਾਗ ਸਮਝਾਂਗੇ।"

ਸਿੱਖਾਂ ਵਲੋਂ ਜੁਰਮਾਨਾ ਭਰਨ ਦਾ ਯਤਨ

ਬਾਦਸ਼ਾਹ ਨੇ ਕੋਈ ਉੱਤਰ ਨਾ ਦਿੱਤਾ ਅਤੇ ਦਰਬਾਰ ਵਿਚੋਂ ਉਠਕੇ ਚਲਾ ਗਿਆ। ਇਸ ਪਿਛੋਂ ਇੱਕ ਹਾਕਮ ਨੇ ਗੁਰੂ ਜੀ ਨੂੰ ਆਕੇ ਸੁਣਾਇਆ ਕਿ ਜਾਂ ਤਾਂ ਦੰਡ ਭਰੋ ਨਹੀਂ ਤਾਂ ਕੈਦ ਕੀਤੇ ਜਾਉਗੇ। ਜਦ ਲਾਹੌਰ ਦੇ ਸਿੱਖਾਂ ਨੇ ਇਹ ਫੈਸਲਾ ਸੁਣਿਆ ਤਾਂ ਉਨ੍ਹਾਂ ਸਲਾਹ ਕੀਤੀ ਕਿ ਇਕੱਠੇ ਹੋ ਕੇ ਉਗਰਾਹੀ ਕਰੀਏ ਅਤੇ ਗੁਰੂ ਜੀ ਦਾ ਜੁਰਮਾਨਾ ਭਰ ਕੇ ਉਨ੍ਹਾਂ ਨੂੰ ਛੁਡਾ ਲਈਏ। ਪਰ ਗੁਰੂ ਜੀ ਨਾ ਮੰਨੇ ਅਤੇ ਉਨ੍ਹਾਂ ਨੂੰ ਕਹਿ ਭੇਜਿਆ ਕਿ ਜੋ ਕੋਈ

ਸਾਡੇ ਉੱਤੇ ਲਾਏ ਹੋਏ ਦੰਡ ਦੇ ਦੇਣ ਲਈ ਚੰਦਾ ਦੇਵੇਗਾ, ਉਹ ਬੇਮੁਖ ਸਮਝਿਆ ਜਾਏਗਾ ਅਤੇ ਘੜੀ ਪਲ ਦੀ ਖੁਸ਼ੀ ਲਈ ਉਹ ਆਪਣੀ ਅਗਾਂਹ ਦੀ ਮੁਕਤੀ ਨੂੰ ਖਤਰੇ ਵਿੱਚ ਪਾਏਗਾ। ਗੁਰੂ ਜੀ ਨੇ ਇਹ ਵੀ ਕਿਹਾ ਕਿ ਜਿਨ੍ਹਾਂ ਨੇ ਆਪਣਾ ਜੀਵਨ ਧਰਮ ਲਈ ਅਰਪਣ ਕੀਤਾ ਹੋਇਆ ਹੈ ਉਹ ਕਦੇ ਵੀ ਦੰਡ ਨਹੀਂ ਭਰਦੇ। ਦੰਡ ਚੋਰਾਂ, ਵਿਭਚਾਰੀਆਂ, ਨਿੰਦਕਾਂ ਅਤੇ ਲੁਟੇਰਿਆਂ ਲਈ ਹੁੰਦੇ ਹਨ। ਕਿਉਂਕਿ ਗੁਰੂ ਜੀ ਦੰਡ ਭਰਨ ਦੀ ਆਗਿਆ ਨਹੀਂ ਸੀ ਦਿੰਦੇ ਇਸ ਲਈ ਉਨ੍ਹਾਂ ਨੂੰ ਚੰਦੂ ਦੀ ਨਿਗਰਾਨੀ ਵਿੱਚ ਰੱਖਿਆ ਗਿਆ।

ਕਾਜੀਆਂ ਤੇ ਬ੍ਰਾਹਮਣਾਂ ਦੀ ਮੰਗ

ਕਾਜੀਆਂ ਅਤੇ ਬ੍ਰਾਹਮਣਾਂ ਨੇ ਗੁਰੂ ਜੀ ਨੂੰ ਕਿਹਾ ਕਿ ਜਾਂ ਤਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਉਹ ਸ਼ਬਦ ਕੱਢ ਦੇਵੋ ਜਿਹੜੇ ਅਯੋਗ ਦਸੇ ਜਾਂਦੇ ਹਨ ਜਾਂ ਹਿੰਦੂ ਦੇਵਤਿਆਂ ਅਤੇ ਹਜ਼ਰਤ ਮੁਹੰਮਦ ਸਾਹਿਬ ਦੀ ਉਸਤਤ ਲਿਖ ਦੇਵੋ ਨਹੀਂ ਤਾਂ ਮੌਤ ਕਬੂਲੋ।

ਗੁਰੂ ਜੀ ਬੋਲੇ : "ਗੁਰੂ ਗ੍ਰੰਥ ਸਾਹਿਬ ਜੀ ਲੋਕਾਂ ਨੂੰ ਇਸ ਸੰਸਾਰ ਵਿੱਚ ਅਤੇ ਅਗਾਂਹ ਲਈ ਸੁੱਖ ਦੇਣ ਵਾਸਤੇ ਰਚੇ ਗਏ ਹਨ ਨਾ ਕਿ ਦੁਖ ਦੇਣ ਵਾਸਤੇ। ਇਹ ਅਸੰਭਵ ਹੈ ਕਿ ਗੁਰੂ ਗ੍ਰੰਥ ਸਾਹਿਬ ਮੁੜਕੇ ਨਵਾਂ ਲਿਖਿਆ ਜਾਵੇ ਅਤੇ ਜਿਸ ਤਰ੍ਹਾਂ ਤੁਸੀਂ ਚਾਹੁੰਦੇ ਹੋ ਉਸ ਵਿੱਚ ਕਟ-ਵੱਢ ਕੀਤੀ ਜਾਵੇ।"

ਗੁਰੂ ਜੀ ਨੂੰ ਤਸੀਹੇ ਦਿੱਤੇ ਗਏ

ਜਦ ਗੁਰੂ ਜੀ ਦੇ ਵੈਰੀਆਂ ਨੇ ਇਹ ਸੁਣਿਆ ਤਾਂ ਉਹ ਇਸ ਸਿੱਟੇ ਤੇ ਪੁਜੇ ਕਿ ਮਾਮੂਲੀ ਧਮਕੀਆਂ ਨਾਲ ਗੁਰੂ ਜੀ ਨੇ ਨਹੀਂ ਮੰਨਣਾ ਇਸ ਲਈ ਉਨ੍ਹਾਂ ਨੇ ਮਹਾਰਾਜ ਨੂੰ ਬੇੜੀਆਂ ਲਾ ਦਿੱਤੀਆਂ ਅਤੇ ਉਨ੍ਹਾਂ ਨੂੰ ਕੋਈ ਪ੍ਰਕਾਰ ਦੇ ਕਸ਼ਟ ਦੇਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਮਹਾਰਾਜ ਤੇ ਤੱਤੀ ਰੇਤ ਪਾਈ, ਉਨ੍ਹਾਂ ਨੂੰ ਤੱਤੀਆਂ ਦੇਗਾਂ ਵਿੱਚ ਬਿਠਾਇਆ ਅਤੇ ਉਬਲਦੇ ਪਾਣੀ ਵਿੱਚ ਨੁਹਾਇਆ। ਗੁਰੂ ਜੀ ਇਹ ਸਭ ਕਸ਼ਟ ਬਿਲਕੁਲ ਅਡੋਲ ਝੱਲਦੇ ਰਹੇ ਅਤੇ ਮੁਖੋਂ ਸੀ ਜਾਂ ਹਾਇ ਤੱਕ ਵੀ ਨਾ ਉਚਾਰੀ। ਗੁਰੂ ਮਹਾਰਾਜ ਦੇ ਵੈਰੀਆਂ ਨੇ ਇੱਕ ਵਾਰ ਹੋਰ ਕਿਹਾ ਕਿ ਆਪਣੀ ਕਹੀ ਹੋਈ ਗੱਲ ਤੋਂ ਮੁੜ ਜਾਓ ਅਤੇ ਸਾਡੀਆਂ ਗੱਲਾਂ ਨੂੰ ਮੰਨ ਲਉ। ਗੁਰੂ ਜੀ ਨੇ ਉੱਤਰ ਦਿੱਤਾ—"ਹੇ ਮੂਰਖੋ, ਮੈਂ ਤੁਹਾਡੇ ਇਸ ਵਰਤਾਉ ਤੋਂ ਕਦੀ ਨਹੀਂ ਡਰਾਂਗਾ, ਇਹ ਸਭ ਕੁਝ ਵਾਹਿਗੁਰੂ ਦੇ ਭਾਣੇ ਅਨੁਸਾਰ ਹੈ। ਇਸ ਲਈ ਇਹ ਕਸ਼ਟ ਮੈਨੂੰ ਸਗੋਂ ਅਨੰਦ ਦਿੰਦੇ ਹਨ।" ਇਸ ਸਮੇਂ ਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ—

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥੧॥
ਆਵਣ ਜਾਣੁ ਰਹਿਓ॥
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥੧॥ ਰਹਾਉ॥
ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ॥
ਜਿਸ ਕੀ ਅਟਕ ਤਿਸਤੇ ਛੁਟੀ ਤਉ ਕਹਾ ਕਰੈ ਕੋਟਵਾਰ॥੨॥
ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ॥

ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥
ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥੫॥੧੪॥ (ਆ: ਗ੍ਰੰ: ਪੰ: ੧੦੦੨)
(ਮਾਰੂ ਮਹਲਾ ੫)

ਜਦ ਚੰਦੂ ਨੇ ਮਹਾਰਾਜ ਨੂੰ ਹੋਰ ਕਸ਼ਟ ਦੇਣ ਦੀ ਧਮਕੀ ਦਿੱਤੀ ਤਾਂ ਗੁਰੂ ਜੀ ਨੇ ਉਸ ਪ੍ਰਤੀ ਇਉਂ ਕਿਹਾ—

ਡਰਪੈ ਧਰਤਿ ਅਕਾਸੁ ਨਬਤ੍ਰਾ ਸਿਰ ਊਪਰਿ ਅਮਰੁ ਕਰਾਰਾ ॥
ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ ਬਿਚਾਰਾ ॥੧॥
ਏਕਾ ਨਿਰਭਉ ਬਾਤ ਸੁਨੀ ॥
ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ ॥੧॥ ਰਹਾਉ ॥
ਦੇਹਧਾਰ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ ॥
ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰਿ ਫਿਰਿ ਜੋਨੀ ਜੋਇਆ ॥੨॥
ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ ॥
ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮ ਰਾਇਆ ॥੩॥
ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥
ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ ॥੪॥੧॥
(ਆ: ਗ੍ਰੰ: ਪੰ: ੯੯੮) (ਮਾਰੂ ਮਹਲਾ ੫ ਘਰੁ ੨)

ਕਈ ਜੋਗੀ ਅਤੇ ਧਾਰਮਕ ਆਦਮੀ ਜਿਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ ਅਤੇ ਉਨ੍ਹਾਂ ਦੀ ਸੱਚਾਈ ਅਤੇ ਉਪਦੇਸ਼ਾਂ ਨੂੰ ਸਲਾਹੁੰਦੇ ਸਨ, ਗੁਰੂ ਮਹਾਰਾਜ ਪਾਸ ਗਏ ਤੇ ਉਨ੍ਹਾਂ ਦੇ ਦੁਖਾਂ ਨੂੰ ਵੇਖ ਕੇ ਦੁਖੀ ਹੋਏ।

ਸਾਂਈ ਮੀਆਂ ਮੀਰ ਦੇ ਹੰਝੂ

ਲਾਹੌਰ ਦੇ ਮੁਸਲਮਾਨ ਫਕੀਰ ਮੀਆਂ ਮੀਰ ਜੀ ਵੀ ਗੁਰੂ ਜੀ ਪਾਸ ਗਏ ਅਤੇ ਜਾਕੇ ਆਪਣੇ ਦਰਦ ਭਰੇ ਅੱਥਰੂ ਵਹਾਏ। ਮੀਆਂ ਮੀਰ ਜੀ ਨੇ ਗੁਰੂ ਜੀ ਦਾ ਸਾਰਾ ਸਰੀਰ ਛਾਲੇ-ਛਾਲੇ ਹੋਇਆ ਅਤੇ ਪਾਕ ਪਈ ਹੋਈ ਵੇਖਿਆ। ਮਹਾਰਾਜ ਅੱਗੇ ਬੇਨਤੀ ਕੀਤੀ ਕਿ ਜੇ ਆਗਿਆ ਦੇਵੋਂ ਤਾਂ ਮੈਂ ਆਪ ਨੂੰ ਛੁਡਾਉਣ ਅਤੇ ਆਪਦੇ ਕਸ਼ਟ ਦੇਣ ਵਾਲਿਆਂ ਨੂੰ ਦੰਡ ਦਿਵਾਣ ਲਈ ਬਾਦਸ਼ਾਹ ਨੂੰ ਆਖਾਂ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਆਪਣੇ ਨੇਤਰ ਆਕਾਸ਼ ਵਲ ਕਰੋ। ਲਿਖਿਆ ਹੈ ਕਿ ਜਦ ਮੀਆਂ ਮੀਰ ਜੀ ਨੇ ਆਪਣੇ ਨੇਤਰ ਆਕਾਸ਼ ਵੱਲ ਕੀਤੇ ਤਾਂ ਉਨ੍ਹਾਂ ਨੂੰ ਫਰਿਸ਼ਤੇ ਨਜ਼ਰ ਆਏ, ਜਿਹੜੇ ਗੁਰੂ ਜੀ ਨੂੰ ਇਹ ਬੇਨਤੀ ਕਰ ਰਹੇ ਸਨ ਕਿ ਜੇ ਹੁਕਮ ਹੋਵੇ ਤਾਂ ਦੁਸ਼ਟਾਂ, ਹੰਕਾਰੀਆਂ ਅਤੇ ਮਨਮੁਖਾਂ ਦਾ ਨਾਸ਼ ਕਰ ਦਈਏ। ਮੀਆਂ ਮੀਰ ਜੀ ਇਹ ਅਦਭੁਤ ਨਜ਼ਾਰਾ ਵੇਖ ਕੇ ਗੁਰੂ ਜੀ ਅੱਗੇ ਬੇਨਤੀ ਕਰਨ ਲੱਗੇ ਕਿ ਜਦ ਆਪ ਪਾਸ ਅਲੌਕਿਕ ਸ਼ਕਤੀ ਹੈ ਤਾਂ ਆਪ ਅਜਿਹੇ ਨੀਚ ਪਾਪੀਆਂ ਦੇ ਹੱਥੋਂ ਦੁਖ ਕਿਉਂ ਝਲਦੇ ਹੋ ? ਗੁਰੂ ਜੀ ਨੇ ਫੁਰਮਾਇਆ : ਅਸੀਂ ਇਹ ਸਾਰੇ ਕਸ਼ਟ ਵਾਹਿਗੁਰੂ

ਦੇ ਸੱਚੇ ਨਾਮ ਦੇ ਪ੍ਰਚਾਰ ਕਰਨ ਵਾਲਿਆਂ ਲਈ ਆਦਰਸ਼ ਕਾਇਮ ਰੱਖਣ ਲਈ ਝੱਲਦੇ ਹਾਂ ਕਿ ਜਦ ਉਨ੍ਹਾਂ ਤੇ ਅਜਿਹਾ ਕਸ਼ਟ ਦਾ ਸਮਾਂ ਆਵੇ ਤਾਂ ਡੋਲ ਨਾ ਜਾਣ, ਜਾਂ ਵਾਹਿਗੁਰੂ ਨੂੰ ਬੁਰਾ ਭਲਾ ਨਾ ਆਖਣ। ਨਿਸਚੇ ਦੀ ਸੱਚੀ ਪ੍ਰੀਖਿਆ ਦੁੱਖ ਦੀ ਘੜੀ ਹੀ ਹੈ, ਜਦ ਆਮ ਆਦਮੀਆਂ ਦੀ ਅਗਵਾਈ ਲਈ ਉੱਚੇ ਆਦਰਸ਼ ਨਾ ਹੋਣ ਤਾਂ ਉਨ੍ਹਾਂ ਦੇ ਮਨ ਦੁਖ ਵਿੱਚ ਡੋਲ ਜਾਂਦੇ ਹਨ। ਦੂਜੀ ਗੱਲ ਇਹ ਹੈ ਕਿ ਜਿਹੜਾ ਆਦਮੀ ਬਲ ਹੁੰਦੇ ਹੋਏ ਖੁਲ੍ਹੀ ਤਰ੍ਹਾਂ ਮੰਨ ਕੇ ਕਿ ਇਹ ਮੇਰਾ ਧਰਮ ਹੈ, ਉਸਦੀ ਰੱਖਿਆ ਨਹੀਂ ਕਰਦਾ ਤਾਂ ਉਹ ਆਦਮੀ, ਜਿਸ ਵਿੱਚ ਅਜਿਹੀ ਹਿੰਮਤ ਨਹੀਂ, ਜਦ ਉਸ ਨੂੰ ਕਸ਼ਟ ਮਿਲੇਗਾ, ਆਪਣੇ ਧਰਮ ਤੋਂ ਮੁਕਰ ਜਾਏਗਾ, ਉਸਦੇ ਸਿਰ ਤੇ ਪਾਪ ਚੜ੍ਹੇਗਾ। ਜਿਹੜਾ ਹਿੰਮਤ ਵਾਲਾ ਹੈ ਪਰ ਉਸ ਨੂੰ ਦੱਸਦਾ ਨਹੀਂ, ਵਾਹਿਗੁਰੂ ਉਸਨੂੰ ਧਰਮ ਦਾ ਵੈਰੀ ਸਮਝੇਗਾ। ਤੀਜੀ ਗੱਲ ਹੈ ਕਿ ਸਰੀਰ ਸੁਭਾਵਕ ਤੌਰ ਤੇ ਦੁਖ ਸੁਖ ਦੇ ਅਧੀਨ ਹੈ ਪਰ ਆਤਮਾ ਨਹੀਂ। ਸਰੀਰ ਨਾਸਵੰਤ ਹੈ, ਪਰ ਆਤਮਾ ਅਮਰ ਹੈ। ਅਦਭੁਤ ਸ਼ਕਤੀ ਨੂੰ ਵਰਤ ਕੇ ਕੁਦਰਤ ਦੇ ਨਿਯਮਾਂ ਨੂੰ, ਜਿਨ੍ਹਾਂ ਦੇ ਅਧੀਨ ਕਿ ਸਭ ਨਾਸ਼ਵੰਤ ਰਚਨਾ ਹੈ, ਉਲਟਾ ਦੇਣਾ ਅਤੇ ਇਸ ਦੁਆਰਾ ਆਪਣੇ ਮਨ ਵਿੱਚ ਹੰਕਾਰ ਉਤਪੰਨ ਕਰ ਲੈਣਾ ਮਹਾਂ ਮੂਰਖਤਾ ਹੈ।" ਮੀਆਂ ਮੀਰ ਇਹ ਸੁਣਕੇ ਗੁਰੂ ਜੀ ਦੇ ਹੌਸਲੇ ਦੀ ਸ਼ਲਾਘਾ ਕਰਦੇ ਹੋਏ ਅਤੇ ਉਨ੍ਹਾਂ ਦੀ ਉਸਤਤਿ ਗਾਉਂਦੇ ਹੋਏ ਉਨ੍ਹਾਂ ਪਾਸੋਂ ਚਲੇ ਗਏ।

ਹੋਰ ਤਸੀਹੇ

ਇਸ ਦੇ ਮਗਰੋਂ ਗੁਰੂ ਜੀ ਦੇ ਵਿਰੋਧੀ ਉਨ੍ਹਾਂ ਨੂੰ ਫਿਰ ਕਸ਼ਟ ਦੇਣ ਲੱਗ ਪਏ। ਉਨ੍ਹਾਂ ਨੇ ਮਹਾਰਾਜ ਨੂੰ ਤਿੰਨ ਘੰਟੇ ਦੇਗ ਵਿੱਚ ਬਿਠਾਈ ਰੱਖਿਆ ਜਿਸ ਹੇਠਾਂ ਲਟ-ਲਟ ਅੱਗ ਬਲ ਰਹੀ ਸੀ। ਗੁਰੂ ਜੀ ਦੀ ਜੀਵਨ-ਸ਼ਕਤੀ ਖਤਮ ਹੋਣ ਵਾਲੀ ਸੀ (ਭਾਵ ਉਹ ਦੇਹ ਤਿਆਗਣ ਵਾਲੇ ਸਨ) ਪਰ ਉਹ ਚੰਦੂ ਦੀ ਇਸ ਸ਼ਰਤ ਨੂੰ ਵੀ ਨਹੀਂ ਸਨ ਮੰਨਦੇ ਕਿ ਆਪਣੇ ਸਪੁੱਤਰ ਹਰਗੋਬਿੰਦ ਜੀ ਨੂੰ ਚੰਦੂ ਦੀ ਲੜਕੀ ਨਾਲ ਸ਼ਾਦੀ ਕਰਨ ਦੀ ਆਗਿਆ ਦੇਣ। ਜਿਸ ਸਮੇਂ ਉਨ੍ਹਾਂ ਨੂੰ ਤਸੀਹੇ ਮਿਲ ਰਹੇ ਸਨ। ਗੁਰੂ ਜੀ ਨੇ ਇਹ ਸ਼ਬਦ ਵੀ ਉਚਾਰਨ ਕੀਤਾ—

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥
ਚਿਤਿ ਆਵੈ ਓਸੁ ਪਾਰ ਬ੍ਰਹਮੁ ਲਗੈ ਨ ਤਤੀ ਵਾਉ॥੧॥
ਸਾਹਿਬੁ ਨਿਤਾਣਿਆ ਕਾ ਤਾਣੁ॥
ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ ॥੧॥ਰਹਾਉ॥
ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥
ਦਮੜਾ ਪਲੈ ਨ ਪਵੈ ਨਾ ਕੋ ਦੇਵੈ ਧੀਰ॥
ਸੁਆਰਥੁ ਸੁਆਉ ਨ ਕੋ ਕਰੇ ਨ ਕਿਛੁ ਹੋਵੈ ਕਾਜ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ॥੨॥
ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ॥

ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥
ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ ॥੩॥
ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ ॥
ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ ॥
ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ ਸਿਮਰਤ ਤਰਿਆ ॥੪॥
ਸਾਸਤ ਸਿੰਮ੍ਰਿਤ ਬੇਦ ਚਾਰਿ ਮੁਖਾਗਰ ਬਿਚਰੇ ॥
ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ ॥
ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ ॥
ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ ॥੫॥
ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ ॥
ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ ॥
ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ ॥
ਚਿਤਿ ਨ ਆਇਓ ਪਾਰਬ੍ਰਹਮੁ ਤਾ ਸਰਪ ਕੀ ਜੂਨਿ ਗਇਆ ॥੬॥
ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ ॥
ਮਾਤ ਪਿਤਾ ਸੁਤ ਭਾਈਆ ਸਾਜਨ ਸੰਗਿ ਪਰੀਤਿ ॥
ਲਸਕਰ ਤਰਕਸ ਬੰਦ-ਬੰਦ ਜੀਉ ਜੀਉ ਸਗਲੀ ਕੀਤ ॥
ਚਿਤਿ ਨ ਆਇਓ ਪਾਰਬ੍ਰਹਮੁ ਤਾ ਖੜਿ ਰਸਾਤਲਿ ਦੀਤ ॥੭॥
ਕਾਇਆ ਰੋਗੁ ਨ ਛਿਦ੍ਰ ਕਿਛੁ ਨਾ ਕਿਛੁ ਕਾੜਾ ਸੋਗੁ ॥
ਮਿਰਤੁ ਨ ਆਵੀ ਚਿਤਿ ਤਿਸੁ ਅਹਿਨਿਸਿ ਭੋਗੈ ਭੋਗੁ ॥
ਸਭ ਕਿਛੁ ਕੀਤੋਨੁ ਆਪਣਾ ਜੀਇ ਨ ਸੰਕ ਧਰਿਆ ॥
ਚਿਤਿ ਨ ਆਇਓ ਪਾਰਬ੍ਰਹਮੁ ਜਮਕੰਕਰ ਵਸਿ ਪਰਿਆ ॥੮॥
ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥
ਦੁਹਾ ਸਿਰਿਆ ਕਾ ਖਸਮੁ ਆਪਿ ਅਵਰੁ ਨ ਦੂਜਾ ਥਾਉ ॥
ਸਤਿਗੁਰ ਤੁਠੈ ਪਾਇਆ ਨਾਨਕ ਸਚਾ ਨਾਉ ॥੯॥੧॥੨੬॥ (ਆ: ਗ੍ਰੰ: ਪੰ: ੭੦)
(ਸ੍ਰੀ ਰਾਗ ਮਹਲਾ ੫)

ਚੰਦੂ ਦੀ ਨੂੰਹ ਦੀ ਵਿਆਕਲਤਾ

ਚੰਦੂ ਦੀ ਇਕ ਨੂੰਹ ਸੀ, ਜਿਹੜੀ ਇੱਕ ਧਰਮੀ ਸਿੱਖ ਦੀ ਪੁੱਤਰੀ ਸੀ। ਉਸ ਨੂੰ ਗੁਰੂ ਜੀ ਨੂੰ ਦਿੱਤੇ ਜਾ ਰਹੇ ਕਸ਼ਟਾਂ ਦਾ ਪਤਾ ਲੱਗਾ ਅਤੇ ਉਹ ਮਨ ਵਿੱਚ ਸੋਚਣ ਲੱਗੀ ਕਿ ਮੈਂ ਗੁਰੂ ਜੀ ਦੇ ਬਚਾਉਣ ਲਈ ਕੀ ਕਰ ਸਕਦੀ ਹਾਂ, ਜਿਨ੍ਹਾਂ ਦਾ ਮੇਰੇ ਪਿਤਾ ਜੀ ਸਦਾ

ਸਨਮਾਨ ਕਰਦੇ ਹਨ ਅਤੇ ਜਿਨ੍ਹਾਂ ਪਾਸੋਂ ਉਹ ਸਦਾ ਆਪਣੀਆਂ ਇਛਾਵਾਂ ਤੇ ਮਨੋਰਥ ਪੂਰੇ ਕਰਦੇ ਹਨ। ਉਹ ਆਪਣੇ ਮਨ ਵਿੱਚ ਕਹਿਣ ਲੱਗੀ : "ਗੁਰੂ ਜੀ ਨੇ ਕਈ ਦਿਨਾਂ ਤੋਂ ਨਾ ਕੁਝ ਖਾਧਾ ਹੈ, ਨਾ ਹੀ ਪੀਤਾ ਹੈ, ਤੇ ਨਾ ਹੀ ਸੁੱਤੇ ਹਨ। ਇਸ ਘਰ ਵਿੱਚ ਮੇਰੇ ਜੀਵਨ ਨੂੰ ਧਿਕਾਰ ਹੈ ਕਿ ਮੈਂ ਗੁਰੂ ਜੀ ਦੇ ਦੁਖ ਸੁਣਦੀ ਹੋਈ ਵੀ ਅਜੇ ਜੀਉਂਦੀ ਹਾਂ।" ਉਸਨੇ ਕੁਝ ਸਰਬਤ ਤਿਆਰ ਕੀਤਾ ਅਤੇ ਅੱਧੀ ਰਾਤ ਵੇਲੇ ਚੋਰੀ-ਚੋਰੀ ਗੁਰੂ ਜੀ ਦੇ ਕੋਲ ਕੈਦਖਾਨੇ ਵਿੱਚ ਲੈ ਲਈ। ਜਦ ਪਹਿਰੇ ਵਾਲੇ ਸਿਪਾਹੀ ਨੇ ਉਸ ਨੂੰ ਰੋਕਿਆ ਤਾਂ ਉਸ ਨੂੰ ਇੱਕ ਜ਼ੇਵਰ ਕੱਢ ਕੇ ਦੇ ਦਿੱਤਾ। ਸਿਪਾਹੀ ਨੇ ਉਸ ਨੂੰ ਇਹ ਪੱਕੀ ਕਰਕੇ ਜਾਣ ਦੀ ਆਗਿਆ ਦੇ ਦਿੱਤੀ ਕਿ ਉਹ ਛੇਤੀ ਮੁੜ ਆਵੇ। ਉਸ ਨੇ ਗੁਰੂ ਜੀ ਨੂੰ ਦੱਸਿਆ ਕਿ ਮੈਂ ਕੌਣ ਹਾਂ ਤੇ ਕਿਉਂ ਆਈ ਹਾਂ ਅਤੇ ਕਹਿਣ ਲੱਗੀ : "ਮੈਨੂੰ ਆਪਣੇ ਇੱਕ ਸਿੱਖ ਦੀ ਲੜਕੀ ਸਮਝੋ। ਮੈਂ ਪਾਪੀ ਚੰਦੂ ਦੇ ਪੁੱਤਰ ਨਾਲ ਵਿਆਹੀ ਹੋਈ ਹਾਂ ਪਰ ਮੇਰਾ ਵਿਆਹ ਉਸ ਨਾਲ ਨਹੀਂ ਸੀ ਹੋਣਾ ਚਾਹੀਦਾ। ਪਿਛਲੇ ਜਨਮ ਵਿੱਚ ਜ਼ਰੂਰ ਮੈਂ ਕੋਈ ਵਡਾ ਪਾਪ ਕੀਤਾ ਹੈ ਅਤੇ ਉਸ ਦਾ ਇਹ ਫਲ ਮਿਲਿਆ ਹੈ। ਇਸ ਲਈ ਮੈਨੂੰ ਹੁਣ ਹੋਰ ਜੀਵਨ ਦੀ ਇੱਛਾ ਨਹੀਂ ਰਹੀ। ਇਹ ਸ਼ਰਬਤ ਛਕੋ ਅਤੇ ਕੁਝ ਆਹਰ ਵੀ ਕਰੋ। ਮੈਨੂੰ ਆਪਣੀ ਦਾਸੀ ਸਮਝ ਕੇ ਮੇਰੇ ਤੇ ਤਰਸ ਕਰੋ।"

ਗੁਰੂ ਜੀ ਨੇ ਫੁਰਮਾਇਆ : "ਤੂੰ ਧੰਨ ਹੈਂ ਜਿਸ ਜਿਸ ਵਿੱਚ ਇਤਨਾ ਪ੍ਰੇਮ ਭਾਵ ਹੈ। ਤੂੰ ਹੁਣ ਕੇਵਲ ਥੋੜੇ ਹੀ ਦਿਨ ਜੀਵਣਾ ਹੈ ਅਤੇ ਸਾਡੇ ਨਾਲ ਹੀ ਚਲੇ ਚਲਣਾ ਹੈ। ਆਪਣਾ ਭੇਤ ਆਪਣੇ ਪਾਸ ਹੀ ਰੱਖਣਾ। ਅਸੀਂ ਚੰਦੂ ਦੇ ਘਰ ਦਾ ਖਾਨ-ਪਾਨ ਨਹੀਂ ਕਰ ਸਕਦੇ।" ਇਹ ਸੁਣਕੇ ਉਸ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਮੈਨੂੰ ਪਰਲੋਕ ਵਿੱਚ ਆਪਣੇ ਸੰਗ ਲੈ ਚਲਣਾ।

ਹੋਰ ਤਸੀਹੇ ਤੇ ਰਾਵੀ ਤੇ ਜਾਕੇ ਜੋਤੀ ਜੋਤ ਸਮਾਣਾ

ਚੰਦੂ ਸਾਰੀ ਰਾਤ ਗੁਰੂ ਜੀ ਨੂੰ ਹੋਰ ਕਸ਼ਟ ਦੇਣ ਲਈ ਸੋਚਦਾ ਰਿਹਾ। ਉਹ ਆਪਣੇ ਮਨ ਵਿੱਚ ਕਹਿਣ ਲੱਗਾ : "ਗੁਰੂ ਸਾਧਾਰਨ ਦੁਖ ਨਾਲ ਕੋਈ ਪੀੜਾ ਅਨੁਭਵ ਨਹੀਂ ਕਰਦਾ। ਇਸ ਲਈ ਮੈਂ ਇਸ ਨੂੰ ਹੋਰ ਤਸੀਹੇ ਦੇਵਾਂਗਾ।" ਪਰ ਕਈ ਤਰ੍ਹਾਂ ਦੇ ਕਸ਼ਟ ਦੇਣ ਤੇ ਵੀ ਗੁਰੂ ਜੀ ਆਪਣੇ ਦ੍ਰਿੜ੍ਹ ਸੰਕਲਪ ਤੋਂ ਰੰਚਕ ਮਾਤ੍ ਨਾ ਹਟੇ।

ਪੰਜ ਦਿਨ ਹੋਰ ਗੁਰੂ ਜੀ ਕਸ਼ਟ ਸਹਿੰਦੇ ਰਹੇ ਅਤੇ ਫਿਰ ਰਾਵੀ ਦਰਿਆ ਤੇ ਆਪਣੇ ਪੰਜ ਸਿੱਖਾਂ ਸਮੇਤ ਇਸ਼ਨਾਨ ਕਰਨ ਲਈ ਚੰਦੂ ਨੂੰ ਪੁਛਿਆ ਅਤੇ ਕਿਹਾ ਕਿ ਪਿਛੋਂ ਜਿਵੇਂ ਤੇਰੀ ਮਰਜ਼ੀ ਹੈ ਕਰ ਲਈਂ। ਚੰਦੂ ਗੁਰੂ ਜੀ ਦੇ ਇਸ ਕਹਿਣ ਤੇ ਬੜਾ ਪ੍ਰਸੰਨ ਹੋਇਆ ਅਤੇ ਕਹਿਣ ਲੱਗਾ : "ਜਦ ਗੁਰੂ ਜੀ ਦਾ ਸਰੀਰ ਨੁਹਾਉਣ ਪਿਛੋਂ ਸੀਤਲ ਹੋ ਜਾਏਗਾ, ਤਾਂ ਉਹ ਜ਼ਰੂਰ ਮੇਰੀ ਲੜਕੀ ਦਾ ਨਾਤਾ ਆਪਣੇ ਪੁੱਤਰ ਨਾਲ ਕਰਨਾ ਮੰਨ ਜਾਣਗੇ।" ਇਸ ਲਈ ਉਸਨੇ ਗੁਰੂ ਜੀ ਦਾ ਕਿਹਾ ਮੰਨ ਲਿਆ ਅਤੇ ਆਖਣ ਲੱਗਾ : "ਜੇ ਤੁਸੀਂ ਮੇਰੀ ਸੁਣੋਗੇ ਤੇ ਤੁਹਾਡੀ ਜਾਨ ਬਚ ਜਾਏਗੀ।"

ਚੰਦੂ ਨੇ ਗੁਰੂ ਜੀ ਨਾਲ ਇਕ ਸਿਪਾਹੀਆਂ ਦੀ ਗਾਰਤ ਤਲਵਾਰਾਂ ਅਤੇ ਤੋੜੇਦਾਰ ਬੰਦੂਕਾਂ ਨਾਲ ਸਨਧ-ਬਦ ਕਰਕੇ ਘਲੀ। ਚੰਦੂ ਨੇ ਉਨ੍ਹਾਂ ਨੂੰ ਹੁਕਮ ਕੀਤਾ : "ਗੁਰੂ ਜੀ ਦੀ

ਚੰਗੀ ਤਰ੍ਹਾਂ ਰਾਖੀ ਰੱਖਣੀ, ਰਾਹ ਵਿੱਚ ਕਿਸੇ ਨਾਲ ਗੱਲ ਨਹੀਂ ਕਰਨੀ, ਮਤਾਂ ਤੁਸੀਂ ਗੁਰੂ ਜੀ ਦੇ ਦੁਖ ਪ੍ਰਗਟ ਕਰ ਦਿਉ। ਉਨ੍ਹਾਂ ਨੂੰ ਇਧਰ ਉਧਰ ਦੂਰ ਨਹੀਂ ਜਾਣ ਦੇਣਾ। ਪਰ ਸਿੱਧੇ ਤੁਰੇ ਜਾਣਾ, ਦਰਿਆ ਦੇ ਕੰਢੇ ਪੁਜਣ ਤੋਂ ਪਹਿਲਾਂ ਖਲੋਣਾ ਨਹੀਂ। ਜਦ ਗੁਰੂ ਜੀ ਨਹਾਉਣ ਅਤੇ ਮਗਰੋਂ ਬੈਠ ਕੇ ਪਿੰਡਾ ਸੁਕਾਉਣ ਤਾਂ ਨਾ ਉਨ੍ਹਾਂ ਨੂੰ ਬੁਲਾਉਣਾ ਉਟਕਾਉਣਾ ਤੇ ਨਾ ਹੀ ਕੋਈ ਦਖਲ ਦੇਣਾ। ਫਿਰ ਗੁਰੂ ਜੀ ਨੂੰ ਨਾਲ ਲੈਕੇ ਮੁੜ ਆਉਣਾ ਅਤੇ ਉਨ੍ਹਾਂ ਨੂੰ ਅਤੇ ਸਿੱਖਾਂ ਨੂੰ ਅੱਗੇ-ਅੱਗੇ ਰੱਖਣਾ, ਤਾਂ ਕਿ ਕਿਤੇ ਚਲੇ ਨਾ ਜਾਣ।"

ਗੁਰੂ ਜੀ ਲੰਮੀ ਚਾਦਰ ਵਿੱਚ ਸਰੀਰ ਕੱਜ ਕੇ ਤੁਰ ਪਏ। ਉਨ੍ਹਾਂ ਦੇ ਸਾਰੇ ਸਰੀਰ ਤੇ ਫਲੂਹੇ ਪਏ ਹੋਏ ਸਨ ਅਤੇ ਹੇਠੋਂ ਪੈਰ ਜ਼ਖਮੀ ਹੋਏ ਤੇ ਗਲੇ ਹੋਏ ਸਨ। ਗੁਰੂ ਜੀ ਅਜਿਹੀ ਥਾਂ ਵੇਖ-ਵੇਖ ਕੇ ਤੁਰਨ ਜਿਸ ਨਾਲ ਪੀੜ ਘਟ ਹੋਵੇ। ਆਪਣੇ ਸੇਵਕ ਭਾਈ ਪਿਰਾਣੇ ਨੂੰ ਨੇੜੇ ਵੇਖ ਕੇ ਗੁਰੂ ਜੀ ਉਸਦੇ ਮੋਢੇ ਦਾ ਆਸਰਾ ਲੈਕੇ ਚਲੇ ਅਤੇ ਸ਼ਹਿਰ ਵਿਚੋਂ ਇੱਕ ਮੋਰੀ ਥਾਣੀਂ, ਜਿਹੜੀ ਦਰਿਆ ਵਲ ਜਾਂਦੀ ਸੀ, ਨਿਕਲੇ। ਜਦ ਮਹਾਰਾਜ ਜਾ ਰਹੇ ਸਨ ਤਾਂ ਕਈ ਲੋਕ ਉਨ੍ਹਾਂ ਨੂੰ ਨਮਸਕਾਰ ਕਰਦੇ ਸਨ। ਗੁਰੂ ਜੀ ਨੂੰ ਭੁਖ ਅਤੇ ਕਸ਼ਟਾਂ ਕਾਰਨ ਨਿਰਬਲ ਹੋਇਆ ਵੇਖ ਕੇ ਲੋਕੀ ਹੈਰਾਨ ਰਹਿ ਗਏ ਅਤੇ ਕਹਿਣ ਲੱਗੇ, "ਗੁਰੂ ਜੀ ਕਿਸ ਦਸ਼ਾ ਵਿੱਚ ਜਾ ਰਹੇ ਹਨ !" ਪ੍ਰੰਤੂ, ਗੁਰੂ ਜੀ ਦੇ ਚਿਤ ਦੀ ਬ੍ਰਿਤੀ ਵਾਹਿਗੁਰੂ ਦੇ ਧਿਆਨ ਵਿੱਚ ਇੱਕ ਰਸ ਉਸੇ ਤਰ੍ਹਾਂ ਲੱਗੀ ਹੋਈ ਸੀ ਜਿਵੇਂ ਪਹਿਲਾਂ ਸੁਖ ਦੇ ਦਿਨਾਂ ਵਿੱਚ ਸੀ। ਉਨ੍ਹਾਂ ਦੀ ਅਚਲ ਪਰਬਤ ਵਰਗੀ ਬਿਰਤੀ ਉੱਤੇ ਸਰੀਰਕ ਪੀੜਾ ਦਾ ਕੋਈ ਅਸਰ ਨਹੀਂ ਸੀ ਪਿਆ।

ਜਦ ਗੁਰੂ ਜੀ ਹੌਲੀ-ਹੌਲੀ ਅਤੇ ਮੁਸ਼ਕਲ ਨਾਲ ਤੁਰਕੇ ਰਾਵੀ ਉੱਤੇ ਪੁਜੇ ਤਾਂ ਉਨ੍ਹਾਂ ਨੇ ਦਰਿਆ ਵਿਚੋਂ ਕੁਝ ਠੰਡਾ ਜਲ ਲਿਆ, ਜਿਹੜਾ ਕਿ ਹੁਣੇ ਬਰਫਾਨੀ ਹਿਮਾਲਿਆਂ ਤੋਂ ਢਲਕੇ ਆ ਰਿਹਾ ਸੀ ਅਤੇ ਇਸ ਨਾਲ ਹੱਥ ਪੈਰ ਧੋਤੇ। ਫਿਰ ਪਾਣੀ ਵਿੱਚ ਜਾਕੇ ਉਨ੍ਹਾਂ ਨੇ ਇਸ਼ਨਾਨ ਕੀਤਾ ਨਾਲ ਹੀ ਬੜੇ ਪ੍ਰੇਮ ਨਾਲ ਸਿੱਖਾਂ ਨੂੰ ਮੁਕਤੀ ਦੇਣ ਵਾਲੀ ਜਪੁਜੀ ਸਾਹਿਬ ਦਾ ਪਾਠ ਕੀਤਾ। ਸਿੱਖਾਂ ਨੇ ਵੀ, ਜਿਹੜੇ ਗੁਰੂ ਜੀ ਦੇ ਦਵਾਲੇ (ਚੰਦ ਦੇ) ਪਰਵਾਰ ਵਾਂਗ ਸਨ, ਉਸੇ ਤਰ੍ਹਾਂ ਇਸ਼ਨਾਨ ਕੀਤਾ ਤੇ ਪਾਠ ਕੀਤਾ।

ਗੁਰੂ ਜੀ ਦੇ ਅੰਤਮ ਉਪਦੇਸ਼

ਗੁਰੂ ਜੀ ਨੇ ਭੋਗ ਪਾ ਕੇ ਸੀਸ ਨਿਵਾਇਆ ਅਤੇ ਸਿੱਖਾਂ ਨੂੰ ਇਉਂ ਉਪਦੇਸ਼ ਕੀਤਾ: "ਸਾਨੂੰ ਆਪਣੇ ਜੀਵਨ ਮਨੋਰਥ ਦੀ ਸਿੱਧੀ ਵਿੱਚ ਸਫਲਤਾ ਹੋਈ ਹੈ। ਸਾਡੇ ਸਪੁੱਤਰ ਸ੍ਰੀ ਹਰਗੋਬਿੰਦ ਪਾਸ ਜਾਉ ਅਤੇ ਸਾਡੇ ਵਲੋਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਧੀਰਜ ਦਿਉ। ਉਨ੍ਹਾਂ ਨੂੰ ਕਹਿਣਾ ਕਿ ਸ਼ੋਕ ਨਾ ਕਰਨ ਤੇ ਨਾ ਹੀ ਕਮਜ਼ੋਰਾਂ ਵਾਂਗ ਰੋਣ ਪਿੱਟਣ ਵਿੱਚ ਪੈਣ, ਸਗੋਂ ਅਕਾਲ ਪੁਰਖ ਦੇ ਗੁਣ ਗਾਉਣ। ਉਨ੍ਹਾਂ ਨੂੰ ਕਹਿਣਾ ਕਿ ਹੋਰ ਸਾਰੇ ਪਰਿਵਾਰ ਤੇ ਸੰਬੰਧੀਆਂ ਨੂੰ ਵੀ ਸ਼ੋਕ ਕਰਨੋ ਰੋਕਣ। ਸ੍ਰੀ ਹਰਗੋਬਿੰਦ ਜੀ ਪੂਰੀ ਤਰ੍ਹਾਂ ਸਨੱਧਬਧ ਹੋਕੇ ਤਖਤ ਪਰ ਬੈਠਣ ਅਤੇ ਪੂਰੇ ਬਲ ਨਾਲ ਆਪਣੀ ਸੈਨਾ ਰੱਖਣ। ਮਰਿਯਾਦਾ ਅਨੁਸਾਰ ਆਪਣੇ

ਮਸਤਕ ਤੇ ਗੁਰਿਆਈ ਦਾ ਟਿੱਕਾ ਲਾਉਣ ਅਤੇ ਸਦਾ ਆਪਣੇ ਸਿੱਖਾਂ ਨਾਲ ਪ੍ਰੇਮ ਤੇ ਸਤਿਕਾਰ ਨਾਲ ਵਰਤਾਓ ਕਰਨ। ਭਾਈ ਬੁੱਢਾ ਜੀ ਦਾ ਸਨਮਾਨ ਕਰਨ ਅਤੇ ਸ਼ਸਤਰ ਧਾਰਨ ਕਰਨ ਦੇ ਨਵੇਂ ਹੁਕਮ ਤੋਂ ਛੁਟ ਹਰ ਪ੍ਰਕਾਰ ਪਹਿਲੇ ਗੁਰਾਂ ਦੀ ਰੀਤ ਅਨੁਸਾਰ ਹੀ ਚੱਲਣ। ਸਾਡੀ ਦੇਹ ਦਾ ਸਸਕਾਰ ਨਹੀਂ ਕਰਨਾ, ਸਗੋਂ ਇਸ ਦਰਿਆ ਵਿੱਚ ਹੀ ਜਲ-ਪਰਵਾਹ ਹੋਣ ਦੇਣਾ।''

ਇਸ ਤਰ੍ਹਾਂ ਬਚਨ ਕਰਨ ਦੇ ਉਪਰੰਤ ਗੁਰੂ ਜੀ ਨੇ ਇੱਕ ਰਬਾਬੀ ਨੂੰ ਦੁਤਾਰਾ ਲਈ ਆਉਂਦੇ ਵੇਖਿਆ ਅਤੇ ਉਸ ਨੂੰ ਹੁਕਮ ਕੀਤਾ ਕਿ ਦਰਿਆ ਦੇ ਲਾਗੇ ਸੁਹਾਵਣੇ ਥਾਂ ਤੇ ਬੈਠ ਕੇ ਆਪਣੇ ਸਾਜ ਨਾਲ ਗੁਰਬਾਣੀ ਦਾ ਕੀਰਤਨ ਕਰ। ਹੁਕਮ ਮੰਨ ਕੇ ਰਬਾਬੀ ਬੜੇ ਰਸ-ਭਿੰਨੇ ਸ਼ਬਦ ਗਾਉਣ ਲੱਗਾ, ਜਿਸ ਰਾਗ ਦੇ ਸੁਣਨ ਲਈ, ਗੁਰੂ ਮਹਾਰਾਜ ਦੀ ਅਖੰਡ ਤਿਆਗੀ ਨੂੰ ਵੇਖਣ ਲਈ ਅਤੇ ਉਨ੍ਹਾਂ ਨੂੰ ਜ਼ੁਲਮ ਤੇ ਕਸ਼ਟਾਂ ਤੇ ਜਿੱਤ ਪ੍ਰਾਪਤ ਕਰਨ ਦੀ ਵਧਾਈ ਦੇਣ ਲਈ ਦੇਵਤੇ ਇਕੱਠੇ ਹੋਏ। ਕਈ ਤਾਂ ਗੁਰੂ ਜੀ ਦੇ ਚਰਿੱਤਰ ਨੂੰ ਵਰਣਨ ਕਰਦੇ ਸਨ, ਉਹ ਨਿਸਚਿੰਤ ਹੋਕੇ ਕਹਿੰਦੇ ਸਨ ਕਿ ਗੁਰੂ ਜੀ ਵਰਗਾ ਧੀਰਜ ਧਰਤੀ ਵਿੱਚ ਵੀ ਨਹੀਂ ਹੈ, ਸੰਸਾਰ ਦਾ ਕੋਈ ਜੀਵ ਜਾਂ ਨਿਰਜੀਵ ਵੀ ਗੁਰੂ ਜੀ ਦੀ ਬਰਾਬਰੀ ਨਹੀਂ ਕਰ ਸਕਦਾ।

ਗੁਰੂ ਜੀ ਨੇ ਹਦੋਂ ਵੱਧ ਧੀਰਜ ਅਤੇ ਸਹਿਣ-ਸ਼ੀਲਤਾ ਵਿਖਾਈ ਹੈ, ਜੇਕਰ ਉਹ ਚਾਹੁੰਦੇ ਤਾਂ ਕਰਾਮਾਤ ਨਾਲ ਆਪਣੇ ਵਿਰੋਧੀਆਂ ਪਾਸੋਂ ਬਦਲਾ ਲੈ ਸਕਦੇ ਸਨ ਪਰ ਗੁਰੂ ਜੀ ਨੇ ਕਦੇ ਬਦਲਾ ਲੈਣ ਦਾ ਸੰਕਲਪ ਨਹੀਂ ਕੀਤਾ। ਗੁਰੂ ਜੀ ਦੀ ਉਪਮਾ ਕੇਵਲ ਇਨ੍ਹਾਂ ਨੂੰ ਹੀ ਬਣਦੀ ਹੈ ਕਿਉਂ ਜੋ ਐਡੇ ਦੁਖਾਂ ਨੂੰ ਝਲਕੇ ਵੀ ਉਨ੍ਹਾਂ ਨੇ ਮਨ ਵਿੱਚ ਨਹੀਂ ਲਿਆਂਦਾ। ਹੁਣ ਆਪਣੇ ਸੰਸਕਾਰ ਦੁਖਾਂ ਦੇ ਪਿਛੋਂ ਸਾਡੇ ਪਾਸ ਵਡਿਆਈ ਅਤੇ ਅਨੰਦ ਨਾਲ ਰਹਿਣ ਲਈ ਆਉਂਦੇ ਹਨ।

ਜੋਤੀ ਜੋਤਿ ਸਮਾਉਣਾ

ਗੁਰੂ ਜੀ ਜੇਠ ਸੁਦੀ ਚੌਥ ਸੰਮਤ ੧੬੬੩ ਬਿਕ੍ਰਮੀ ਮੁਤਾਬਕ ਜੂਨ ੧੬੦੬ ਈਸਵੀ ਨੂੰ ਜੋਤੀ ਜੋਤ ਸਮਾਏ।

ਜਦ ਚੰਦੂ ਦੀ ਨੂੰਹ ਨੇ ਗੁਰੂ ਜੀ ਦਾ ਜੋਤੀ ਜੋਤ ਸਮਾਉਣਾ ਸੁਣਿਆ ਤਾਂ ਉਸਨੇ ਵੀ ਆਪਣੀ ਦੇਹ ਇਸ ਤਰ੍ਹਾਂ ਤਿਆਗ ਦਿੱਤੀ ਜਿਸ ਤਰ੍ਹਾਂ ਕਿ ਨਿਕੰਮੇ ਘਾਹ ਦਾ ਤੀਲਾ ਟੁੱਟ ਜਾਂਦਾ ਹੈ; ਉਸ ਦੀ ਦੇਹੀ ਉਸ ਦੀ ਕੋਠੜੀ ਵਿੱਚ ਹੀ ਲੁਕੀ ਪਈ ਰਹੀ ਅਤੇ ਕਿਸੇ ਨੂੰ ਪਤਾ ਨਹੀਂ ਸੀ ਕਿ ਉਸਦੀ ਆਤਮਾ ਗੁਰੂ ਜੀ ਦੀ ਆਤਮਾ ਨਾਲ ਸੱਚਖੰਡ ਨੂੰ ਪਧਾਰ ਗਈ ਹੈ।

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਆਪਣੀ ਪਵਿੱਤਰਤਾ, ਹਿੰਦੂ ਅਤੇ ਮੁਸਲਮਾਨਾਂ ਨੂੰ ਸਿੱਖ ਬਣਾਉਣ, ਗੁਰੂ ਗ੍ਰੰਥ ਸਾਹਿਬ ਜੀ ਨੂੰ ਬਚਾਣ ਅਤੇ ਆਪਣੇ ਪਹਿਲੇ ਉਪਕਾਰੀ

(ਅਕਬਰ ਬਾਦਸ਼ਾਹ) ਦੇ ਪੋਤਰੇ (ਖੁਸਰੋ) ਨੂੰ ਸਹਾਇਤਾ ਦੇਣ ਬਦਲੇ ਮੁਸਲਮਾਨ ਬਾਦਸ਼ਾਹ ਦੀ ਨਿਰਦੈਤਾ ਅਤੇ ਪਖਪਾਤ ਦਾ ਸ਼ਿਕਾਰ ਬਣੇ।[1]

ਲਾਹੌਰ ਵਿਚ, ਜਿਹੜਾ ਗੁਰਦਵਾਰਾ (ਡੇਹਰਾ ਸਾਹਿਬ) ਗੁਰੂ ਜੀ ਦੇ ਨਮਿੱਤ ਬਣਿਆ ਹੋਇਆ ਹੈ, ਉਸ ਤੇ ਗੁਰੂ ਜੀ ਦੀ ਆਪਣੀ ਰਚਨਾ ਵਿਚੋਂ ਹੇਠ ਲਿਖਿਆ ਸ਼ਬਦ ਉਕਰਿਆ ਹੋਇਆ ਹੈ।

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ।
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥੧॥
ਪ੍ਰਭ ਬਾਣੀ ਸਬਦੁ ਸੁਭਾਖਿਆ ॥
ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੇ ਤੂ ਰਾਖਿਆ ॥ ਰਹਾਉ ॥
ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ ॥
ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ ॥੨॥
ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ ॥
ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ॥੩॥
ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ।
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥੪॥੧੧॥
(ਆ: ਗ੍ਰੰ: ਪੰ: ੬੧੧) (ਸੋਰਠਿ ਮਹਲਾ ੫)

1. ਦੁਬਿਸਤਾਨ ਇ-ਮਜ਼ਾਹਬ ਦੇ ਲੇਖਕ ਨੇ ਗੁਰੂ ਅਰਜਨ ਦੇਵ ਜੀ ਸੰਬੰਧੀ ਇਉਂ ਲਿਖਿਆ ਹੈ—ਗੁਰੂ ਅਰਜਨ ਨੇ ਪਾਤਸ਼ਾਹ ਦੇ ਪੁੱਤਰ ਖੁਸਰੋ ਨੂੰ ਵਰ ਦਿੱਤਾ ਸੀ ਜਿਸਨੇ ਆਪਣੇ ਪਿਉ ਦੇ ਵਿਰੁੱਧ ਬਗਾਵਤ ਕੀਤੀ ਸੀ। ਜਦ ਖੁਸਰੋ ਫੜਿਆ ਗਿਆ ਤਾਂ ਬਾਦਸ਼ਾਹ ਨੇ ਗੁਰੂ ਅਰਜਨ ਨੂੰ ਵੀ ਸਜ਼ਾ ਦੇਣ ਤੇ ਜੁਰਮਾਨਾ ਕਰਨ ਦਾ ਹੁਕਮ ਦਿੱਤਾ। ਗੁਰੂ ਜੀ ਇਹ ਜੁਰਮਾਨਾ ਭਰਨ ਤੋਂ ਅਸਮਰਥ ਸਨ। ਇਸ ਕਰਕੇ ਉਹ ਲਾਹੌਰ ਦੇ ਰੇਤਲੇ ਦੇਸ ਵਿੱਚ ਕੈਦ ਕੀਤੇ ਗਏ ਜਿੱਥੇ ਕਿ ਸਖਤ ਗਰਮੀ ਤੇ ਤਸੀਹਿਆਂ ਦੇ ਅਸਰ ਨਾਲ ਚਲਾਣਾ ਕਰ ਗਏ। ਇਹ ਤਸੀਹੇ ਇਨ੍ਹਾਂ ਨੂੰ ਜੁਰਮਾਨਾ ਵਸੂਲ ਕਰਨ ਵਾਲਿਆਂ ਨੇ ਦਿੱਤੇ ਸਨ।

ISBN: 81-7647-100-3